# ਨੈਤਿਕ ਸਿੱਖਿਆ

www.ggssc.net

ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ

Scanned with CamScanner

Scanned with CamScanner

੧ੴ

ਸ਼ੁਭ ਕਰਮਨ ਤੇ ਕਬਹੂੰ ਨ ਟਰੋਂ ।।

# ਨੈਤਿਕ ਸਿੱਖਿਆ

ਵਿਰਸਾ ਪਬਲੀਕੇਸ਼ਨਜ਼ (ਐਡਮਿਨ ਕੌਂਸਲ)
ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ
ਮਾਡਲ ਟਾਊਨ ਐਕਸਟੈਨਸ਼ਨ, ਲੁਧਿਆਣਾ-141002
ਸੰਪਰਕ : 0161-2450352, 98884-88900

Scanned with CamScanner

# ਨੈਤਿਕ ਸਿੱਖਿਆ

**Naitik Sikhya**

ਸੰਪਾਦਕ :
ਸ੍ਰ: ਪਿਰਥੀ ਸਿੰਘ
Email : info@ggssc.net

© ਸਭ ਹੱਕ ਰਾਖਵੇਂ ਹਨ

31 ਛਾਪਾਂ ਵਿਚ 3,00,000 ਕਾਪੀਆਂ
ਬੱਤੀਵੀਂ ਛਾਪ - ਮਈ 2016 (15000)

ਭੇਟਾ : 30/- ਰੁਪਏ

ਛਾਪਕ : ਬਰਾਈਟ ਪ੍ਰਿੰਟਰਜ਼, ਜਲੰਧਰ

*Published by :*
**Virsa Publications (Admin Council)**
**Guru Gobind Singh Study Circle**
Model Town Extension, Ludhiana-141002
Ph : 0161-2450352
Email : info@ggssc.net

Scanned with CamScanner

# ਦੋ ਸ਼ਬਦ

ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਮੁੱਢਲੇ ਤੌਰ ਤੇ ਵਿਦਿਆਰਥੀਆਂ ਦੀ ਜਥੇਬੰਦੀ ਹੈ। ਵਿਦਿਆਰਥੀ ਜੀਵਨ ਵਿਚ ਚੰਗੀ ਚਿਣਗ ਲੱਗ ਜਾਵੇ ਤਾਂ ਸਾਰੇ ਜੀਵਨ ਦਾ ਅੰਗ ਬਣ ਜਾਂਦੀ ਹੈ। ਜਿਸ ਚਿਣਗ ਦੇ ਤੱਤ ਹਰੇਕ ਧਰਮ ਵਿਚ ਮੌਜੂਦ ਹਨ। ਧਰਮ ਵਿਸ਼ਵਾਸ ਅਤੇ ਗਿਆਨ ਦਾ ਸੋਮਾ ਹੈ। ਧਰਮ ਮਨੁੱਖ ਦੀ ਜੀਵਨ ਜਾਚ ਹੈ। ਨੈਤਿਕ ਗੁਣ ਧਰਮ ਦਾ ਅੰਗ ਹਨ। ਦੁਨੀਆਂ ਦੇ ਜ਼ਿਆਦਾਤਰ ਧਰਮ ਇੱਕ ਪਰਮਾਤਮਾ ਦੀ ਹੋਂਦ ਵਿਚ ਵਿਸ਼ਵਾਸ ਰੱਖਦੇ ਹਨ। ਧਰਮ ਨੂੰ ਮੰਨਣ ਵਾਲਾ ਵਿਅਕਤੀ ਸੰਸਾਰ ਦੇ ਸਾਰੇ ਲੋਕਾਂ ਨੂੰ ਆਪਣੇ ਭੈਣ/ਭਰਾ ਮੰਨਦਾ ਹੈ ਤੇ ਪਿਆਰਦਾ ਹੈ। ਭਰਾਤਾ ਭਾਵ ਨਾਲ ਭਰੇ ਮਨੁੱਖ ਦੇ ਮਨ ਅੰਦਰ ਕਿਸੇ ਪ੍ਰਤੀ ਨਫ਼ਰਤ ਪੈਦਾ ਨਹੀਂ ਹੋ ਸਕਦੀ। ਇਸ ਭਾਵਨਾ ਸਦਕਾ ਬੰਦਾ ਬੰਦੇ ਦੀ ਦੁਆ ਤੇ ਦਵਾ ਬਣ ਜਾਂਦਾ ਹੈ। ਇਹੋ ਭਾਵਨਾ ਨਫ਼ਰਤ ਅਤੇ ਸਾੜੇ ਨੂੰ ਸਾੜ ਕੇ ਦੁੱਖਾਂ ਅਤੇ ਲੜਾਈਆਂ ਤੋਂ ਬਚਾਉਣ ਦਾ ਰਾਹ ਹੈ। ਗੁਰੂ ਸਾਹਿਬਾਨ ਅਤੇ ਪੁਰਾਤਨ ਗੁਰਸਿੱਖਾਂ ਨੇ ਅਜਿਹਾ ਸੁਖਾਵਾਂ ਜੀਵਨ ਜੀਊ ਕੇ ਦਿਖਾਇਆ ਹੈ।

ਸਟੱਡੀ ਸਰਕਲ ਵਲੋਂ ਵਿਦਿਆਰਥੀਆਂ ਦੇ ਵਿਦਿਅਕ ਅਤੇ ਮਾਨਸਿਕ ਪੱਧਰ ਨੂੰ ਧਿਆਨ ਵਿਚ ਰੱਖ ਕੇ ਉਨ੍ਹਾਂ ਦਾ ਬੌਧਿਕ ਵਿਕਾਸ ਕਰਨ ਲਈ ਗੁਰਬਾਣੀ, ਗੁਰਮਤਿ, ਸਿੱਖ ਇਤਿਹਾਸ ਅਤੇ ਹੋਰਨਾਂ ਧਰਮਾਂ ਦੇ ਗਿਆਨ-ਸੋਮੇ ਵਿਚੋਂ ਚੋਣਵੇਂ ਮੋਤੀ ਲੱਭ ਕੇ ਇਸ ਪੁਸਤਕ ਵਿਚ ਪਰੋਏ ਹਨ। ਬੌਧਿਕ ਵਿਕਾਸ ਤੋਂ ਬਾਅਦ ਹੀ ਅਮਲੀ ਜੀਵਨ ਵਿਚ ਤਬਦੀਲੀ ਸੰਭਵ ਹੈ।

ਸਮਾਜ ਨੂੰ ਨੈਤਿਕ ਗੁਣ ਭਰਪੂਰ ਬਣਾਉਣ ਲਈ ਵਿਦਿਆਰਥੀ ਉਮਰ ਅਤੇ ਸਮਾਂ ਢੁੱਕਵਾਂ ਹੈ। ਇਸੇ ਭਾਵਨਾ ਅਧੀਨ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵਲੋਂ ਪਹਿਲੀ ਜਮਾਤ ਤੋਂ ਲੈਕੇ ਕਾਲਜ/ਯੂਨੀਵਰਸਿਟੀ ਪੱਧਰ ਦੀ ਪੜ੍ਹਾਈ ਕਰ ਰਹੇ ਵਿਦਿਆਰਥੀਆਂ ਲਈ ਨੈਤਿਕ ਸਿੱਖਿਆ ਇਮਤਿਹਾਨ ਲਿਆ ਜਾਂਦਾ ਹੈ। ਇਸ ਇਮਤਿਹਾਨ ਦੀ ਤਿਆਰੀ ਲਈ ਵਿਦਿਆਰਥੀ-ਉਮਰ ਅਤੇ ਪੱਧਰ ਦੇ ਹਿਸਾਬ ਨਾਲ ਵੱਖ-ਵੱਖ ਪੁਸਤਕਾਂ ਤਿਆਰ ਕੀਤੀਆਂ ਗਈਆਂ ਹਨ।

ਆਸ ਕਰਦਾ ਹਾਂ ਕਿ ਹੱਥਲੀ 'ਨੈਤਿਕ ਸਿੱਖਿਆ' ਪੁਸਤਕ ਦੀ ਸਹਾਇਤਾ ਨਾਲ ਜਿਥੇ ਨੌਵੀਂ ਤੋਂ +2 ਜਮਾਤ ਵਿਚ ਪੜ੍ਹਦੇ ਵਿਦਿਆਰਥੀ ਇਸ ਇਮਤਿਹਾਨ ਦੀ ਵਧੀਆ ਤਿਆਰੀ ਕਰ ਸਕਣਗੇ ਉਸ ਦੇ ਨਾਲ-ਨਾਲ ਇਹ ਪੁਸਤਕ ਆਮ ਸੰਗਤਾਂ ਦੀਆਂ ਧਾਰਮਿਕ ਨੈਤਿਕ ਗਿਆਨ ਦੀਆਂ ਲੋੜਾਂ ਦੀ ਵੀ ਪੂਰਤੀ ਕਰੇਗੀ। ਚੰਗੇ ਨੂੰ ਹੋਰ ਚੰਗਾ ਬਣਾਉਣ ਲਈ ਚੰਗੇ ਸੁਝਾਵਾਂ ਨੂੰ ਸਦਾ ਹੀ ਜੀ ਆਇਆਂ। ਇਸ ਪ੍ਰਕਾਸ਼ਨਾ ਲਈ ਸ਼ੁਭ ਕਾਮਨਾ ਕਰਦਾ ਹਾਂ।

**ਪਿਰਥੀ ਸਿੰਘ**

*ਚੀਫ਼ ਸਕੱਤਰ*

*ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ*

Scanned with CamScanner

# ਪ੍ਰਕਾਸ਼ਨ ਮਨੋਰਥ

ਆਮ ਕਰਕੇ ਕਿਹਾ ਜਾਂਦਾ ਹੈ ਕਿ ਨਰੋਏ ਤੇ ਸੁਖੀ ਸਮਾਜ ਦੀ ਸਿਰਜਣਾ ਲਈ ਸਮਾਜ ਦੀ ਬਾਲ ਫੁਲਵਾੜੀ ਨੂੰ ਨੈਤਿਕ ਗੁਣਾਂ ਨਾਲ ਭਰਪੂਰ ਬਨਾਉਣ ਲਈ ਉਚੇਚੇ ਯਤਨ ਕੀਤੇ ਜਾਣੇ ਚਾਹੀਦੇ ਹਨ ਕਿਉਂਕਿ ਇਸ ਬਾਲ ਫੁਲਵਾੜੀ 'ਚ ਪ੍ਰਫੁੱਲਤ ਹੋ ਰਹੇ ਬੱਚਿਆਂ ਨੇ ਹੀ ਆਉਣ ਵਾਲੇ ਸਮੇਂ 'ਚ ਸਮਾਜ ਦੀ ਵਾਗਡੋਰ ਸੰਭਾਲਣੀ ਹੁੰਦੀ ਹੈ।

ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੀ ਅਕਾਦਮਿਕ ਕੌਂਸਲ ਵਲੋਂ ਹਮੇਸ਼ਾਂ ਤੋਂ ਹੀ ਇਹ ਯਤਨ ਕੀਤੇ ਜਾਂਦੇ ਰਹੇ ਹਨ ਕਿ ਸਾਡੇ ਸਮਾਜ ਦੀ ਬਾਲ ਫੁਲਵਾੜੀ 'ਚ ਪ੍ਰਫੁੱਲਤ ਹੋ ਰਹੇ ਬੱਚੇ ਨੈਤਿਕ ਗੁਣਾਂ ਨਾਲ ਭਰਪੂਰ ਹੋਣ ਤਾਂ ਕਿ ਉਹ ਵੱਡੇ ਹੋ ਕੇ ਨਰੋਏ ਸਮਾਜ ਦੀ ਸਿਰਜਣਾ ਕਰਨ ਦੇ ਸਮਰੱਥ ਹੋ ਸਕਣ। ਇਸ ਦਿਸ਼ਾ 'ਚ ਕਾਰਜ ਕਰਦਿਆਂ ਇਸ ਕੌਂਸਲ ਵਲੋਂ ਵਿਦਿਆਰਥੀਆਂ ਵਿਚ ਵੱਖ-ਵੱਖ ਸਰਗਰਮੀਆਂ ਕੀਤੀਆਂ ਜਾਂਦੀਆਂ ਹਨ।

ਹੱਥਲੀ ਪੁਸਤਕ 'ਨੈਤਿਕ ਸਿੱਖਿਆ' ਸੈਕੰਡਰੀ ਪੱਧਰ ਦੇ ਵਿਦਿਆਰਥੀਆਂ ਦੇ ਨੈਤਿਕ ਸਿੱਖਿਆ ਇਮਤਿਹਾਨ ਨੂੰ ਮੁੱਖ ਰੱਖ ਕੇ ਤਿਆਰ ਕੀਤੀ ਗਈ ਹੈ। ਇਹ ਪੁਸਤਕ ਬਾਲਾਂ ਦਾ ਸਖਾ-ਸਖਾਈ ਬਣ ਕੇ ਉਨ੍ਹਾਂ ਨੂੰ ਗੁਰ ਇਤਿਹਾਸ, ਗੁਰਬਾਣੀ ਅਤੇ ਸਿੱਖ ਇਤਿਹਾਸ ਦੇ ਵੇਰਵਿਆਂ ਨਾਲ ਸਰਲ ਰੂਪ ਵਿਚ ਜੋੜੇਗੀ।

ਵਿਰਸਾ ਪਬਲੀਕੇਸ਼ਨਜ਼ ਇਸ ਪੁਸਤਕ ਨੂੰ ਛਾਪਣ ਦੀ ਖੁਸ਼ੀ ਲੈ ਰਿਹਾ ਹੈ। ਆਸ ਹੈ ਪਾਠਕਜਨ ਵਿਸ਼ੇਸ਼ ਕਰਕੇ ਵਿਦਿਆਰਥੀ ਪਹਿਲਾਂ ਦੀ ਤਰ੍ਹਾਂ ਇਸ ਪੁਸਤਕ ਨੂੰ ਉਤਸ਼ਾਹ ਭਰਪੂਰ ਹੁੰਗਾਰਾ ਦੇਣਗੇ।

ਪੁਸਤਕ ਦੀ ਬੇਹਤਰੀ ਲਈ ਪ੍ਰਾਪਤ ਹੋਣ ਵਾਲੇ ਸੁਝਾਵਾਂ ਦਾ ਹਮੇਸ਼ਾਂ ਹੀ ਸਵਾਗਤ ਹੈ।

ਸ਼ੁੱਭ ਕਾਮਨਾਵਾਂ ਸਹਿਤ,

**ਗੁਰਮੀਤ ਸਿੰਘ**
*ਚੀਫ ਐਡਮਨਿਸਟ੍ਰੇਟਰ*
*ਐਡਮਿਨ ਕੌਂਸਲ*
*ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ*

Scanned with CamScanner

# ਤਤਕਰਾ

*ਭਾਗ (ੳ) ਧਰਮ ਅਧਿਐਨ*

ਧਰਮ ਅਤੇ ਵਿਗਿਆਨ 9

ਪ੍ਰਮੁੱਖ ਧਰਮ ਅਤੇ ਉਨ੍ਹਾਂ ਦੇ ਮੁੱਖ ਉਪਦੇਸ਼ ਤੇ ਸਿਧਾਂਤ 13

*ਭਾਗ (ਅ) ਸਾਡਾ ਇਤਿਹਾਸ*

ਸੰਖੇਪ ਇਤਿਹਾਸ ਦਸ ਗੁਰੂ ਸਾਹਿਬਾਨ 27

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ-ਕੁਝ ਤੱਥ 102

ਚੋਣਵੇਂ ਭਗਤ ਜਨ 111

ਸਿੱਖ ਬੀਬੀਆਂ 120

ਸਿੱਖ ਸ਼ਹੀਦ 129

ਪੁਰਾਤਨ ਗੁਰਸਿੱਖ 148

ਪੰਜ ਤਖ਼ਤ 152

ਸ੍ਰੀ ਹਰਿਮੰਦਰ ਸਾਹਿਬ (ਅੰਮ੍ਰਿਤਸਰ) 154

ਵੱਡਾ ਘੱਲੂਘਾਰਾ 158

ਛੋਟਾ ਘੱਲੂਘਾਰਾ 158

ਪੰਜ ਪਿਆਰੇ 158

*ਭਾਗ (ੲ) ਸਾਡਾ ਸਭਿਆਚਾਰ*

ਗੁਰੂ ਪੰਥ 163

ਪੰਜ ਕਕਾਰ 163

ਜੈਕਾਰਾ 164

ਫਤਹਿ 165

ਬੱਜਰ ਕੁਰਹਿਤਾਂ 166

ਗੁਰਮਤਿ ਦੀ ਰਹਿਣੀ 167

ਪ੍ਰਮੁੱਖ ਸੰਸਕਾਰ 169

ਸਰੋਵਰ : ਸੰਕਲਪ ਅਤੇ ਮਹੱਤਵ 173

ਅੰਮ੍ਰਿਤ ਦੀ ਮਹਾਨਤਾ 174

ਸੰਗਤ ਤੇ ਪੰਗਤ 175

ਆਧੁਨਿਕ ਸੰਚਾਰ ਸਾਧਨਾਂ ਦਾ ਪ੍ਰਭਾਵ 176

ਫੈਸ਼ਨ ਪ੍ਰਸਤੀ 177

ਨਿਸ਼ਾਨ ਸਾਹਿਬ 178

ਦਸਤਾਰ 179

Scanned with CamScanner

ਸਿੱਖ ਧਰਮ ਨਾਲ ਸੰਬੰਧਤ ਤਿਉਹਾਰ 180
ਨਸ਼ਾ ਮੁਕਤ ਸਮਾਜ ਸਿਰਜਨਾ 181

*ਭਾਗ (ਸ) ਸਿੱਖ ਸਿਧਾਂਤ ਤੇ ਸੰਕਲਪ*

ਸਿੱਖ ਕੌਣ ਹੈ ? 187
ਮੂਲ ਮੰਤਰ 187
ਨਾਮ ਸਿਮਰਨ 188
ਜੀਵਨ ਮਨੋਰਥ 189
ਅਕਾਲ ਪੁਰਖ ਦੀ ਹੋਂਦ 191
ਸ੍ਰਿਸ਼ਟੀ ਰਚਨਾ 192
ਗੁਰੂ ਦੀ ਲੋੜ ਅਤੇ ਪਛਾਣ 194
ਕੀਰਤਨੁ ਨਿਰਮੋਲਕ ਹੀਰਾ 195
ਨਾਮ 196
ਸੇਵਾ 197
ਵਹਿਮ ਭਰਮ 199
ਨਿੰਦਾ 199
ਵਿੱਦਿਆ ਪ੍ਰਤੀ ਕਰਤੱਵ 201
ਗ੍ਰਹਿਸਥ ਧਰਮ 202
ਦੁੱਖ-ਸੁੱਖ 203
ਦਸਵੰਧ 204
ਦੇਗ ਤੇਗ ਫਤਹਿ 206
ਸਾਂਝੀਵਾਲਤਾ ਅਤੇ ਸਰਬੱਤ ਦਾ ਭਲਾ 207
ਇਸਤਰੀ ਦੀ ਸਮਾਜਿਕ ਪਦਵੀ 210
ਸ਼ੁੱਭ ਕਰਮ ਕੀ ਹਨ ? 213
ਪੰਜ ਵਿਸ਼ੇ ਵਿਕਾਰ 214

*ਭਾਗ (ਹ) ਆਮ ਜਾਣਕਾਰੀ*

ਕੁਝ ਚੋਣਵੀਆਂ ਪੁਸਤਕਾਂ ਅਤੇ ਲੇਖਕ 221
ਚੜ੍ਹਦੀ ਕਲਾ ਦੇ ਪ੍ਰਤੀਕ-ਖਾਲਸਈ ਬੋਲੇ 226
ਚੋਣਵੇਂ ਧਾਰਮਿਕ ਸਥਾਨ 231

*ਭਾਗ (ਕ) ਗੁਰਬਾਣੀ*

ਜਪੁ-ਸੁਆਲ-ਜੁਆਬ 239
*ਨਮੂਨਾ ਪ੍ਰਸ਼ਨ-ਪੱਤਰ* 248

Scanned with CamScanner

ਭਾਗ ੳ

# ਧਰਮ ਅਧਿਐਨ



Scanned with CamScanner

Scanned with CamScanner

# ਧਰਮ ਅਤੇ ਵਿਗਿਆਨ

ਸੰਸਾਰ ਦੇ ਵੱਖ-ਵੱਖ ਧਰਮਾਂ ਅਤੇ ਧਰਮ ਤੇ ਵਿਗਿਆਨ ਸਬੰਧੀ ਜਾਣਨ ਤੋਂ ਪਹਿਲਾਂ *ਧਰਮ ਕੀ ਹੈ*, ਬਾਰੇ ਜਾਣ ਲੈਣਾ ਠੀਕ ਹੋਵੇਗਾ। ਇਹ ਇੱਕ ਸੱਚਾਈ ਹੈ ਕਿ ਜਦ ਤੋਂ ਮਨੁੱਖ ਬਣਿਆ ਹੈ, ਉਦੋਂ ਤੋਂ ਹੀ ਧਰਮ ਜਾਂ ਮਜ਼ਬ ਵੀ ਚਲਿਆ ਆ ਰਿਹਾ ਹੈ। ਧਰਮ ਇੱਕ ਮੂਲ ਤੱਤ ਅਤੇ ਸਚਾਈ ਹੈ, ਜਿਸ ਦੇ ਸਹਾਰੇ ਸੰਸਾਰ ਕਾਇਮ ਹੈ। ਕਈਂ ਮਨੁੱਖ ਕਹਿੰਦੇ ਹਨ ਕਿ ਜੇ ਧਰਮ ਇੱਕ ਆਦੀ ਅਤੇ ਅਟੱਲ ਸਚਾਈ ਹੈ ਤਾਂ ਫਿਰ ਦੁਨੀਆਂ ਵਿਚ ਵੱਖ-ਵੱਖ ਮਜ਼ਬ ਕਿਉਂ ਹਨ। ਇਸ ਦਾ ਉਤਰ ਇਹ ਹੈ ਕਿ ਜਿਸ ਤਰ੍ਹਾਂ ਵਿਗਿਆਨਕ ਦੁਨੀਆਂ ਵਿਚ ਇੱਕੋ ਵਸਤੂ ਸਬੰਧੀ ਵੱਖ-ਵੱਖ ਵਿਗਿਆਨੀਆਂ ਦੇ ਤਜ਼ਰਬੇ ਤੇ ਅਨੁਭਵ ਵੱਖਰੇ-ਵੱਖਰੇ ਹੁੰਦੇ ਹਨ, ਇਸੇ ਤਰ੍ਹਾਂ ਧਰਮ ਦੇ ਅਨੇਕ ਅੰਗਾਂ ਵਿਚੋਂ ਜਿਸ-ਜਿਸ ਵਿਅਕਤੀ ਨੇ ਕਿਸੇ ਵਿਸ਼ੇਸ਼ ਅੰਗ ਜਾਂ ਕਿਸੇ ਇੱਕ ਸੱਚਾਈ ਨੂੰ ਵਧੇਰੇ ਅਪਣਾਇਆ ਹੈ, ਉਸਨੇ ਉਸੇ ਰੌਸ਼ਨੀ ਵਿਚ ਧਰਮ ਨੂੰ ਕਥਨ ਕੀਤਾ ਹੁੰਦਾ ਹੈ। ਉਦਾਹਰਣ ਦੇ ਤੌਰ ਤੇ ਵੱਖੋ-ਵੱਖ ਰੰਗਾਂ ਦੀਆਂ ਐਨਕਾਂ ਲਾਕੇ ਇੱਕ ਹੀ ਚੀਜ਼ ਨੂੰ ਕਈ ਰੰਗਾਂ ਵਿਚ ਵੇਖਿਆ ਅਤੇ ਕਥਿਆ ਜਾਂਦਾ ਹੈ। ਇਸੇ ਤਰ੍ਹਾਂ ਭਿੰਨ-ਭਿੰਨ ਮਹਾਂ ਪੁਰਸ਼ਾਂ ਨੇ ਧਰਮ ਦੇ ਰੂਪਾਂ ਨੂੰ ਵੇਖਿਆ ਤੇ ਕਥਨ ਕੀਤਾ ਹੈ।

ਧਰਮ ਇੱਕ ਆਦਰਸ਼ ਹੈ, ਜਿਸ ਦੀ ਨੀਂਹ ਸਾਡੇ ਜੀਵਨ ਦੇ ਉਨ੍ਹਾਂ ਉਚੇਰੇ ਤੇ ਸੂਖਮ ਭਾਵਾਂ ਉਤੇ ਹੈ, ਜੋ ਅਸੀਂ ਵਰਤਮਾਨ ਤੇ ਭਵਿੱਖਤ, ਭਾਵ ਇਸ ਦੁਨੀਆਂ ਅਤੇ ਅਗਲੀ ਦੁਨੀਆਂ ਵਿਚ ਸੁੱਖ ਅਤੇ ਸ਼ਾਂਤੀ ਪ੍ਰਾਪਤ ਕਰਨ ਲਈ ਰੱਖਦੇ ਹਾਂ। ਮਨੁੱਖਾ ਜੀਵਨ ਨੂੰ ਕਿਸ ਤਰ੍ਹਾਂ ਬਿਤਾਇਆ ਜਾਵੇ? ਇਸ ਦਾ ਉਤਰ ਧਰਮ ਵਿਚੋਂ ਲੱਭਦਾ ਹੈ। ਧਰਮ ਦਾ ਸਬੰਧ ਮਨੁੱਖ ਦੇ ਅੰਦਰੂਨੀ ਜੀਵਨ ਨਾਲ ਹੈ। ਧਾਰਮਿਕ ਮਨੁੱਖ ਆਪਣੀ ਬੁੱਧੀ ਅਤੇ ਵਿਵੇਕ ਦੀ ਸਹਾਇਤਾ ਨਾਲ ਪਰਮਾਤਮਾ ਦੀ ਭਾਲ ਕਰਦਾ ਹੈ, ਉਸ ਨੂੰ ਅਨੁਭਵ ਕਰਦਾ ਹੈ ਅਤੇ ਆਪਣੇ ਤਜ਼ਰਬਿਆਂ ਅਤੇ ਅਨੁਭਵਾਂ ਨੂੰ ਬਾਹਰੀ ਕਿਰਿਆਵਾਂ ਰਾਹੀਂ ਪ੍ਰਗਟ ਕਰਦਾ ਹੈ। ਧਰਮ ਨੇ ਮਨੁੱਖ ਨੂੰ ਬਾਕੀ ਜੀਵ ਜੰਤੂਆਂ ਨਾਲੋਂ ਵਖਰਿਆਇਆ ਹੀ ਨਹੀਂ ਸਗੋਂ ਸ੍ਰੇਸ਼ਟਤਾ ਬਖਸ਼ੀ ਹੈ। ਧਰਮ ਵਿਚ ਵਿਸ਼ਵਾਸ ਰੱਖਣਾ ਮਨੁੱਖ ਦੀ ਬਿਲਕੁੱਲ ਨਿੱਜੀ ਵਿਸ਼ੇਸ਼ਤਾ ਹੈ ਅਤੇ ਕਿਹਾ ਜਾ ਸਕਦਾ ਹੈ ਕਿ ਮਨੁੱਖ ਅਤੇ ਪਸ਼ੂ ਵਿਚ ਅਨੇਕ ਸਮਾਨਤਾਵਾਂ ਦੇ ਬਾਵਜੂਦ ਮੂਲ ਅੰਤਰ ਇਹ ਹੈ ਕਿ ਮਨੁੱਖ ਧਾਰਮਿਕ ਹੁੰਦਾ ਹੈ ਜਦ ਕਿ ਪਸ਼ੂ ਧਰਮ ਦੀ ਭਾਵਨਾ ਤੋਂ ਸੱਖਣਾ ਹੁੰਦਾ ਹੈ।

ਵੱਖ-ਵੱਖ ਵਿਦਵਾਨਾਂ ਵਲੋਂ ਵੱਖ-ਵੱਖ ਕੋਸ਼ਾਂ ਵਿਚ ਧਰਮ ਦੇ ਕਈ ਅਰਥ



Scanned with CamScanner

ਕੀਤੇ ਗਏ ਹਨ। ਕੁਝ ਅਰਥ ਇਉਂ ਹਨ: ਅਕੀਦਾ, ਅੰਤਿਮ ਸਚਾਈ ਬਾਰੇ ਮਨੁੱਖ ਦੀ ਰੁਚੀ, ਪਰਮਾਤਮਾ ਦੀ ਹੋਂਦ ਬਾਰੇ ਨਿੱਜੀ ਤਜਰਬਾ, ਅਧਿਆਤਮਕ ਅਸਲੀਅਤ ਵਿਚ ਵਿਸ਼ਵਾਸ, ਪਰਮਾਤਮਾ ਦੀ ਪੂਜਾ ਜਾਂ ਪੂਜਾ ਦੇ ਮੰਤਵ ਨਾਲ ਥਾਪੇ ਕਿਸੇ ਦੇਵਤੇ ਦੀ ਉਪਾਸ਼ਨਾ ਅਤੇ ਪਿਆਰ, ਦਇਆ ਤੇ ਹਲੀਮੀ ਦਾ ਨਾਮ ਧਰਮ ਹੈ। ਧਰਮ ਦਾ ਜਨਮ ਦਇਆ ਤੋਂ ਹੈ। ਇਸ ਲਈ ਦਇਆ ਧਰਮ ਦੀ ਜਨਨੀ ਹੈ।

ਧੌਲ ਧਰਮੁ ਦਇਆ ਕਾ ਪੂਤੁ।।
ਸੰਤੋਖ ਥਾਪਿ ਰਖਿਆ ਜਿਨਿ ਸੂਤਿ।। (ਜਪੁ ਜੀ ਸਾਹਿਬ)

ਪ੍ਰਿੰ: ਤੇਜਾ ਸਿੰਘ ਅਨੁਸਾਰ- "ਜੀਵਨ ਦੇ ਸਭ ਤੋਂ ਚੰਗੇ ਤਰੀਕੇ ਨੂੰ ਧਰਮ ਕਹਿੰਦੇ ਹਨ। ਇਸ ਦਾ ਮਨੋਰਥ ਕੁਝ ਪ੍ਰਾਪਤ ਕਰਨਾ ਨਹੀਂ ਸਗੋਂ ਕੁਝ ਬਣਨਾ ਹੈ, ਕੁਝ ਹੋਣਾ ਹੈ। ਧਰਮ ਨਿਰੇ ਗਿਆਨ ਜਾਂ ਕੁਝ ਕੁ ਅਸੂਲਾਂ ਦਾ ਨਾਂ ਨਹੀਂ। ਧਰਮ ਇਕ ਨਮੂਨੇ ਦੀ ਜ਼ਿੰਦਗੀ ਬਨਾਉਣ ਦਾ ਢੰਗ ਹੈ।"

ਪ੍ਰਿੰ: ਸੁਰਜੀਤ ਸਿੰਘ ਅਨੁਸਾਰ ਧਰਮ ਮਨੁੱਖੀ ਮਨ ਨੂੰ ਇਕ ਖਾਸ ਦਿਸ਼ਾ ਵਿਚ ਸੇਧ ਦਿੰਦਾ ਹੈ। ਇਸ ਨੂੰ ਇਕ ਖਾਸ ਸਾਂਚੇ ਵਿਚ ਢਾਲਦਾ ਹੈ। ਇਸ ਨੂੰ ਇਕ ਖਾਸ ਨਜ਼ਰਈਆ ਤੇ ਰਵੱਈਆ ਦਿੰਦਾ ਹੈ, ਜਿਸ ਨਾਲ ਉਹ ਜੀਵਨ ਦੇ ਪਹਿਲੂਆਂ ਨੂੰ ਇਸ ਦਿਸ਼ਾ ਸੇਧ ਅਨੁਸਾਰ ਜੋਖਣ ਲੱਗ ਪੈਂਦਾ ਹੈ।

ਧਰਮ ਵਿਚ ਕੁਝ ਮਨੁੱਖੀ ਵਿਚਾਰ, ਆਦਰਸ਼, ਰਹੁ-ਰੀਤੀਆਂ ਤੇ ਸੰਸਥਾਵਾਂ ਵੀ ਸ਼ਾਮਲ ਹਨ। ਪਰਮਾਤਮਾ ਦੀ ਭਗਤੀ, ਅਰਾਧਨਾ ਤੇ ਮਨੁੱਖ ਜਾਤੀ ਦੀ ਸੇਵਾ ਵਰਗੇ ਫ਼ਰਜ਼ ਮਿਲ ਕੇ ਧਰਮ ਅਖਵਾਂਦੇ ਹਨ। ਸ਼ਾਬਦਿਕ ਤੌਰ ਤੇ ਧਰਮ ਦਾ ਅਰਥ ਹੈ ਕਿਸੇ ਨੂੰ ਆਸਰਾ ਦੇਣਾ, ਸਹਾਰਾ ਦੇਣਾ। ਧਰਮ ਕਿਸੇ ਚੀਜ਼ (ਅਸੂਲ) ਨੂੰ ਥੰਮ੍ਹਦਾ, ਬਣਾਈ ਰੱਖਦਾ ਜਾਂ ਕਾਇਮ ਰੱਖਦਾ ਹੈ। ਜੁਗੋ ਜੁਗ ਅਟੱਲ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਟੱਲ ਧਰਮ ਦੀ ਪਰਿਭਾਸ਼ਾ ਇਹ ਵਰਣਨ ਕਰਦੇ ਹਨ:-

ਤਜਿ ਸਭਿ ਭਰਮ ਭਜਿਓ ਪਾਰਬ੍ਰਹਮੁ।।
ਕਹੁ ਨਾਨਕ ਅਟਲ ਇਹੁ ਧਰਮੁ।।

ਭਾਵ ਹਰ ਤਰ੍ਹਾਂ ਦੇ ਵਹਿਮ ਭਰਮ ਦਾ ਤਿਆਗ ਕਰਨਾ ਅਤੇ ਪ੍ਰਭੂ ਦਾ ਸਿਮਰਨ ਕਰਨਾ ਹੀ ਸਦੀਵਤਾ ਵਾਲਾ ਧਰਮ ਹੈ।

ਦੁਨੀਆਂ ਵਿਚ ਵੱਖ-ਵੱਖ ਸਮਿਆਂ ਤੇ ਵੱਖ-ਵੱਖ ਪੈਗੰਬਰ ਆਏ, ਜਿਨ੍ਹਾਂ ਨੇ ਜੋ ਉਪਦੇਸ਼ ਕੀਤੇ ਉਹ ਸਹਿਜੇ-ਸਹਿਜੇ ਵੱਖ-ਵੱਖ ਧਰਮਾਂ ਦਾ ਰੂਪ ਲੈ ਗਏ।



Scanned with CamScanner

ਸਾਰੇ ਧਰਮ ਕੁਝ ਅਜਿਹੇ ਨੇਮ ਤੇ ਅਸੂਲ ਦੱਸਦੇ ਹਨ ਜਿਨ੍ਹਾਂ ਦਾ ਨਿੱਜੀ ਤੇ ਸਮਾਜਿਕ ਜੀਵਨ ਵਿਚ ਪਾਲਣ ਕਰਨਾ ਬਹੁਤ ਜ਼ਰੂਰੀ ਹੈ। ਹਰ ਧਰਮ ਦੇ ਸ਼ਖਸੀ ਅਤੇ ਸਮਾਜਿਕ ਪੱਖ ਹਨ। ?

ਸੰਸਾਰ ਦੇ ਚੋਟੀ ਦੇ ਸੱਤ ਧਰਮ-ਹਿੰਦੂ, ਜੈਨ, ਬੁੱਧ, ਯਹੂਦੀ, ਈਸਾਈ, ਇਸਲਾਮ ਅਤੇ ਸਿੱਖ ਧਰਮ ਹਨ। ਇਨ੍ਹਾਂ ਵਿਚੋਂ ਸਭ ਤੋਂ ਚੰਗਾ ਤੇ ਸ੍ਰੇਸ਼ਠ ਧਰਮ ਕਿਹੜਾ ਹੈ ? ਇਸ ਦਾ ਜਵਾਬ ''ਸੁਖਮਨੀ ਸਾਹਿਬ'' ਵਿਚ ਮਿਲਦਾ ਹੈ :

ਸਰਬ ਧਰਮ ਮਹਿ ਸ੍ਰੇਸਟ ਧਰਮੁ ॥<br>
ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥

ਭਾਵ ਸਾਰੇ ਧਰਮਾਂ ਵਿਚ ਸ੍ਰੇਸ਼ਠ ਧਰਮ ਹਰੀ ਦਾ ਨਾਮ ਜਪਣਾ ਅਤੇ ਨਿਰਮਲ ਕੰਮ ਕਰਨਾ ਹੀ ਹੈ । ਇਹ ''ਧਰਮ'' ਦਾ ਤੱਤ ਸਾਰ ਹੈ।

ਆਮ ਤੌਰ ਤੇ ਇਹ ਖਿਆਲ ਕੀਤਾ ਜਾਂਦਾ ਹੈ ਕਿ ਧਰਮ ਤੇ ਵਿਗਿਆਨ ਦਾ ਆਪਸ ਵਿਚ ਵਿਰੋਧ ਹੈ, ਪ੍ਰੰਤੂ ਇਹ ਧਾਰਨਾ ਠੀਕ ਨਹੀਂ ਹੈ। ਧਰਮ ਤੇ ਵਿਗਿਆਨ ਦੋਵੇਂ ਸੱਚ ਦੀ ਖੋਜ ਵਿਚ ਲੱਗੇ ਰਹਿੰਦੇ ਹਨ। ਵਿਗਿਆਨ ਦੀ ਖੋਜ ਦਾ ਸਬੰਧ ਪਦਾਰਥ ਨਾਲ ਹੈ, ਧਰਮ ਦੀ ਖੋਜ ਦਾ ਸਬੰਧ ਪਰਮਾਰਥ ਨਾਲ ਹੈ। ਦੋਵੇਂ ਹੀ ਇਨਸਾਨੀ ਜੀਵਨ ਨੂੰ ਬੇਹਤਰ ਬਣਾਉਣ ਲਈ ਲੋੜੀਂਦੇ ਹਨ। ਵਿਗਿਆਨ ਦੀ ਖੋਜ ਨਾਲ ਸਾਡਾ ਲੋਕ ਸੁਖੀਆ ਹੁੰਦਾ ਹੈ। ਧਰਮ ਦੀ ਖੋਜ ਨਾਲ ਸਾਡਾ ਪਰਲੋਕ ਸੁਹੇਲਾ ਹੁੰਦਾ ਹੈ। ਧਰਮ ਤੇ ਵਿਗਿਆਨ ਦੋਹਾਂ ਦਾ ਮਨੋਰਥ ਸੱਚ ਦੀ ਤਲਾਸ਼ ਹੈ। ਵਿਗਿਆਨ ਤੇ ਧਰਮ ਦਾ ਟਕਰਾਵ ਉਪਰੀ ਪੱਧਰ ਤੱਕ ਹੀ ਹੁੰਦਾ ਹੈ ਅਤੇ ਅਣਜਾਨ ਹੱਥਾਂ ਵਿਚ ਇਹ ਟਕਰਾਅ ਹੋਰ ਤੀਖਣ ਹੋ ਜਾਂਦਾ ਹੈ ਪ੍ਰੰਤੂ ਅਸਲੀਅਤ ਦੀ ਤਹਿ ਤੱਕ ਘੋਖ ਕੀਤਿਆਂ ਪਤਾ ਲੱਗਦਾ ਹੈ ਕਿ ਵਿਗਿਆਨ ਸਾਡੀਆਂ ਸਰੀਰਕ ਲੋੜਾਂ ਪੂਰੀਆਂ ਕਰਦਾ ਹੈ। ਸਾਵਾਂ ਪੱਧਰਾ ਜੀਵਨ ਬਤੀਤ ਕਰਨ ਲਈ ਸਰੀਰਕ ਅਤੇ ਆਤਮਿਕ ਦੋਵੇਂ ਕਿਸਮ ਦੀਆਂ ਲੋੜਾਂ ਦੀ ਪੂਰਤੀ ਜ਼ਰੂਰੀ ਹੈ, ਇਸ ਲਈ ਧਰਮ ਤੇ ਵਿਗਿਆਨ ਜੀਵ ਨੂੰ ਬਾਹਰੋਂ ਅਤੇ ਅੰਦਰੋਂ ਰੌਸ਼ਨੀ ਪ੍ਰਦਾਨ ਕਰਦੇ ਹਨ ਅਤੇ ਜੀਵਨ ਨੂੰ ਸੇਧ ਦਿੰਦੇ ਹਨ। ਧਰਮ ਤੇ ਵਿਗਿਆਨ ਦੋਵੇਂ ਹੀ ਮਨੁੱਖ ਲਈ ਅਤਿਅੰਤ ਜ਼ਰੂਰੀ ਹਨ। ਵਿਗਿਆਨ ਦੀਆਂ ਕਾਢਾਂ ਨੇ ਮਨੁੱਖ ਦੇ ਜੀਵਨ ਵਿਚ ਬਹੁਤ ਵੱਡੀ ਤਬਦੀਲੀ ਲਿਆਂਦੀ ਹੈ ਅਤੇ ਉਸਦੀ ਸ਼ਕਤੀ ਨੂੰ ਵਧਾਇਆ ਹੈ। ਧਰਮ ਇਸ ਸ਼ਕਤੀ ਦੀ ਯੋਗ ਵਰਤੋਂ ਕਰਨ ਲਈ ਮਨੁੱਖ ਨੂੰ ਅਗਵਾਈ ਦਿੰਦਾ ਹੈ। ਸਾਡਾ ਸਰੀਰ ਇਕ ਗੱਡੀ ਹੈ ਜਿਸ ਰਾਹੀਂ ਰੂਹ ਨੇ ਮਾਤ ਲੋਕ ਦਾ ਸਫ਼ਰ ਕਰਨਾ ਹੈ। ਇਸ ਗੱਡੀ ਦੀ ਸੁਚੱਜੀ ਸੰਭਾਲ ਕਰਨਾ ਸਾਡਾ ਧਰਮ ਹੈ। ਵਿਗਿਆਨ ਸਾਡੀ ਇਸ ਸੰਭਾਲ ਵਿਚ ਬਹੁਤ ਮੱਦਦ



Scanned with CamScanner

ਕਰਦਾ ਹੈ। ਬਾਈਬਲ ਦਾ ਕਥਨ ਹੈ, "Man does not live by bread alone" ਭਾਵ ਮਨੁੱਖ ਕੇਵਲ ਭੋਜਨ ਕਰਕੇ ਹੀ ਨਹੀਂ ਜਿਉਂਦਾ। ਭੋਜਨ ਤਾਂ ਕੇਵਲ ਸਰੀਰਕ ਲੋੜ ਹੈ। ਉਸ ਨੂੰ ਭਜਨ ਦੀ ਵੀ ਲੋੜ ਹੈ ਜੋ ਉਸ ਲਈ ਆਤਮਿਕ ਖੁਰਾਕ ਹੈ। ਇਹ ਖੁਰਾਕ ਕੇਵਲ ਧਰਮ ਤੋਂ ਹੀ ਪ੍ਰਾਪਤ ਕੀਤੀ ਜਾ ਸਕਦੀ ਹੈ।

ਸੋ ਵਿਗਿਆਨ ਅਤੇ ਧਰਮ ਦੋਹਾਂ ਦੀ ਮਨੁੱਖੀ ਜੀਵਨ ਵਿਚ ਬਹੁਤ ਅਹਿਮੀਅਤ ਹੈ। ਇਨ੍ਹਾਂ ਵਿਚ ਕੋਈ ਟਕਰਾਉ ਨਹੀਂ। ਜੇ ਟਕਰਾਉ ਨਜ਼ਰ ਆਉਂਦਾ ਹੈ ਤਾਂ ਇਹ ਸਾਡੀ ਅਧੂਰੀ ਸੋਚ ਦਾ ਸਿੱਟਾ ਹੋ ਸਕਦਾ ਹੈ। ਜੇ ਟਕਰਾਉ ਖੜ੍ਹਾ ਕੀਤਾ ਜਾਂਦਾ ਹੈ ਤਾਂ ਇਸ ਪਿਛੇ ਕੋਈ ਹੋਰ ਛੁਪਿਆ ਮਨੋਰਥ ਹੋ ਸਕਦਾ ਹੈ। ਧਰਮ ਸੱਚ ਦਾ ਸੂਰਜ ਹੈ। ਵਿਗਿਆਨ ਇਕ ਟਾਰਚ ਹੈ। ਦੋਹਾਂ ਦਾ ਮਨੋਰਥ ਰਾਹ ਰੁਸ਼ਨਾਉਣਾ ਹੈ।

Scanned with CamScanner

# ਪ੍ਰਮੁੱਖ ਧਰਮ ਅਤੇ ਉਨ੍ਹਾਂ ਦੇ ਮੁੱਖ ਉਪਦੇਸ਼ ਤੇ ਸਿਧਾਂਤ

## ਹਿੰਦੂ ਧਰਮ

ਇਹ ਭਾਰਤ ਦਾ ਮਹੱਤਵ ਪੂਰਨ ਧਰਮ ਹੈ। ਇਸ ਦੇ ਕਿਸੇ ਇੱਕ ਮੋਢੀ ਬਾਰੇ ਨਹੀਂ ਕਿਹਾ ਜਾ ਸਕਦਾ। ਵੱਖ-ਵੱਖ ਯੁੱਗਾਂ ਵਿਚ ਬਹੁਤ ਸਾਰੇ ਅਵਤਾਰ ਅਤੇ ਮਹਾਂਪੁਰਖ ਆਏ। ਸਾਰਿਆਂ ਨੂੰ ਸਮੁੱਚੇ ਜਾਂ ਵੱਖ-ਵੱਖ ਰੂਪ ਵਿਚ ਵਿਭਿੰਨ ਲੋਕਾਂ ਵਲੋਂ ਪੂਜਿਆ ਜਾਂਦਾ ਹੈ। ਇਨ੍ਹਾਂ ਵਿਚ ਸ੍ਰੀ ਰਾਮ ਚੰਦਰ ਜੀ, ਸ੍ਰੀ ਕ੍ਰਿਸ਼ਨ ਜੀ, ਰਿਸ਼ੀ ਵੇਦ ਵਿਆਸ ਜੀ ਅਤੇ ਮਨੂੰ ਜੀ ਆਦਿ ਸ਼ਾਮਲ ਹਨ। ਇਨ੍ਹਾਂ ਤੋਂ ਇਲਾਵਾ ਕਈ ਦੇਵੀ-ਦੇਵਤੇ ਪੂਜੇ ਜਾਂਦੇ ਹਨ ਜਿਨ੍ਹਾਂ ਵਿਚ ਸ਼ਿਵ ਜੀ, ਇੰਦਰ, ਬ੍ਰਹਮਾ, ਵਿਸ਼ਨੂੰ, ਦੁਰਗਾ ਆਦਿ ਮੁੱਖ ਹਨ।

ਇਸ ਦੇ ਆਰੰਭ ਦਾ ਸਮਾਂ ਅਤਿਅੰਤ ਪੁਰਾਣਾ ਹੈ। ਇਸ ਦੇ ਕੁੱਝ ਤੱਤ ਹੜੱਪਾ ਸੰਸਕ੍ਰਿਤੀ (2500-1500 ਪੂਰਵ ਈਸਵੀ) ਵਿਚ ਦੇਖੇ ਗਏ ਹਨ। ਇਸ ਧਰਮ ਦੀਆਂ ਪੁਸਤਕਾਂ ਇਸ ਪ੍ਰਕਾਰ ਹਨ :

ਵੇਦ : ਰਿਗਵੇਦ, ਸਾਮ ਵੇਦ, ਯਜੁਰ ਵੇਦ ਅਤੇ ਅਥਰਵ ਵੇਦ ਨਾਮ ਦੇ ਚਾਰ ਵੇਦ ਹਨ। ਬ੍ਰਾਹਮਣ ਧਰਮ ਦਾ ਆਰੰਭ ਇਨ੍ਹਾਂ ਵੇਦਾਂ ਤੋਂ ਹੀ ਮੰਨਿਆ ਜਾਂਦਾ ਹੈ। ਇਨ੍ਹਾਂ ਵਿਚ ਮੰਤਰ ਅਤੇ ਪ੍ਰਾਰਥਨਾਵਾਂ ਸ਼ਾਮਲ ਹਨ। ਇਹ ਰਿਸ਼ੀਆਂ ਮੁਨੀਆਂ ਦੁਆਰਾ ਰਚੇ ਗਏ ਹਨ।

ਉਪਨਿਸ਼ਦ : ਉਪਨਿਸ਼ਦ ਦਾ ਅਰਥ ਗੁਰੂ ਦੇ ਨੇੜੇ ਬੈਠਣਾ ਜਾਂ ਪਵਿੱਤਰ ਤੇ ਗੰਭੀਰ ਸਿੱਖਿਆ। ਇਨ੍ਹਾਂ ਦੀ ਗਿਣਤੀ 108 ਤੋਂ ਵੀ ਵੱਧ ਹੈ। ਇਨ੍ਹਾਂ ਦਾ ਵਿਸ਼ਾ ਬ੍ਰਹਮ ਵਿਦਿਆ ਹੈ। ਇਨ੍ਹਾਂ ਵਿਚ ਪੁਰਾਣੇ ਵੈਦਿਕ ਧਰਮ ਅਤੇ ਯੱਗ ਦੀ ਕਠੋਰ ਆਲੋਚਨਾ ਕੀਤੀ ਗਈ ਹੈ। ਇਨ੍ਹਾਂ ਨੂੰ ਵੇਦਾਂਤ ਕਿਹਾ ਜਾਂਦਾ ਹੈ।

ਸਿਮ੍ਰਤੀਆਂ : ਇਨ੍ਹਾਂ ਦੀ ਗਿਣਤੀ 27 ਹੈ। ਸਭ ਤੋਂ ਪ੍ਰਚੱਲਤ ਮਨੂੰ ਦੀ ਰਚਨਾ, ਮਨੂੰ ਸਿਮ੍ਰਤੀ ਹੈ।

ਮਹਾਂ ਭਾਰਤ : ਇਸ ਵਿਚ ਇੱਕ ਲੱਖ ਤੋਂ ਵੱਧ ਸ਼ਲੋਕ ਹਨ। ਵਿਸ਼ਾ ਕੌਰਵਾਂ ਅਤੇ ਪਾਂਡਵਾਂ ਦਾ ਯੁੱਧ ਹੈ। ਇਸ ਵਿਚ ਸ੍ਰੀ ਕ੍ਰਿਸ਼ਨ ਜੀ, ਅਰਜਨ ਨੂੰ ਸਿੱਖਿਆ ਦਿੰਦੇ ਹਨ। ਇਹੋ ਸਿੱਖਿਆ ਹੀ ਗੀਤਾ ਦਾ ਮੁੱਖ ਵਿਸ਼ਾ ਹੈ। ਇਹ ਮੁਨੀ ਵੇਦ ਵਿਆਸ ਜੀ ਦੀ ਰਚਨਾ ਹੈ।



Scanned with CamScanner

ਭਗਵਤ ਗੀਤਾ : ਗੀਤਾ ਮਹਾਂਭਾਰਤ ਦਾ ਇੱਕ ਭਾਗ ਹੈ। ਭਗਵਾਨ ਕ੍ਰਿਸ਼ਨ ਇਸ ਮਹਾਂਕਾਵਿ ਦੇ ਅਵਤਾਰ (ਨਾਇਕ) ਹਨ। ਇਸ ਵਿਚ ਸ੍ਰੀ ਕ੍ਰਿਸ਼ਨ ਜੀ ਦੁਆਰਾ ਅਰਜੁਨ ਨੂੰ ਕੁਰਕਸ਼ੇਤਰ ਦੇ ਮੈਦਾਨ ਵਿਚ ਕੌਰਵਾਂ-ਪਾਂਡਵਾਂ ਦੇ ਯੁੱਧ ਦੌਰਾਨ ਦਿੱਤਾ ਗਿਆ ਉਪਦੇਸ਼ ਸ਼ਾਮਲ ਹੈ।

ਰਾਮਾਇਣ : ਸ੍ਰੀ ਰਾਮ ਚੰਦਰ ਜੀ ਦਾ ਜੀਵਨ ਬਿਓਰਾ ਅਤੇ ਕਥਾ ਦੀ ਪਵਿੱਤਰ ਪੁਸਤਕ ਹੈ। ਨੇਕੀ ਅਤੇ ਬਦੀ ਦੀ ਲੜਾਈ ਦੇ ਰੂਪ ਵਿਚ ਸ੍ਰੀ ਰਾਮ ਚੰਦਰ ਦੀ ਸੈਨਾ ਤੇ ਰਾਵਣ ਦੀ ਸੈਨਾ ਵਿਚਕਾਰ ਹੋਏ ਯੁੱਧ ਦੇ ਸਿੱਟੇ ਵਜੋਂ ਬਦੀ (ਰਾਵਣ) ਦੀ ਹਾਰ ਇਸ ਮਹਾਂਕਾਵਿ ਦਾ ਵਿਸ਼ਾ ਹੈ। ਰਾਮ ਲੀਲਾ ਦੀਆਂ ਝਾਕੀਆਂ ਰਾਮਾਇਣ ਉਤੇ ਹੀ ਆਧਾਰਤ ਹੁੰਦੀਆਂ ਹਨ। ਬਾਲਮੀਕ ਰਿਸ਼ੀ ਅਤੇ ਸ੍ਰੀ ਤੁਲਸੀ ਦਾਸ ਦੁਆਰਾ ਵੱਖ-ਵੱਖ ਰਚੀ ਗਈ ਮੰਨੀ ਜਾਂਦੀ ਹੈ।

ਇਨ੍ਹਾਂ ਤੋਂ ਇਲਾਵਾ ਛੇ ਸ਼ਾਸ਼ਤਰ ਅਤੇ 18 ਪੁਰਾਣ ਹਨ। ਪੁਸਤਕਾਂ ਦੀ ਭਾਸ਼ਾ ਮੁੱਖ ਤੌਰ ਤੇ ਸੰਸਕ੍ਰਿਤ ਹੈ।

ਮਹਾਨ ਕੋਸ਼ ਅਨੁਸਾਰ ਹਿੰਦੂ ਦਾ ਲੱਛਣ ਇਹ ਮੰਨਿਆ ਗਿਆ ਹੈ ਕਿ ਜੋ ਚਾਰ ਵਰਣ ਦੀ ਮਰਯਾਦਾ ਰੱਖਦਾ ਹੋਵੇ, ਵੇਦਾਂ ਨੂੰ ਧਰਮ ਪੁਸਤਕਾਂ ਮੰਨਦਾ ਹੈ ਅਤੇ ਗਊ ਦਾ ਮਾਸ ਨਹੀਂ ਖਾਂਦਾ। ਹਿੰਦੂ ਅਵਤਾਰਾਂ ਅਤੇ ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਬਣਾ ਕੇ ਉਨ੍ਹਾਂ ਦੀ ਪੂਜਾ ਕਰਨ ਵਾਲਾ, ਤੀਰਥ ਅਸਥਾਨਾਂ ਅਤੇ ਮੱਠਾਂ ਦੀ ਯਾਤਰਾ ਕਰਨ ਵਾਲਾ, ਅਵਤਾਰਾਂ ਤੇ ਮਹਾਂਪੁਰਖਾਂ ਦੀ ਜੀਵਨ ਗਾਥਾ ਤੋਂ ਉਪਦੇਸ਼ ਲੈ ਕੇ ਆਪਣੇ ਜੀਵਨ ਵਿਚ ਧਾਰਨ ਕਰਨ ਵਾਲਾ ਮਨੁੱਖ ਹਿੰਦੂ ਮੰਨਿਆ ਗਿਆ ਹੈ। ਵਿਚਾਰਵਾਨ ਬ੍ਰਾਹਮਣ ਹਿੰਦੂ ਵੇਦਵਾਣੀ, ਉਪਨਿਸ਼ਦਾਂ, ਭਗਵਤ ਗੀਤਾ ਅਤੇ ਹੋਰ ਧਾਰਮਕ ਪੁਸਤਕਾਂ ਦਾ ਅਧਿਐਨ ਵੀ ਕਰਦੇ ਹਨ। ਅਜਿਹੇ ਵਿਦਵਾਨਾਂ ਨੂੰ ਪੰਡਿਤ ਕਿਹਾ ਜਾਂਦਾ ਹੈ।

## ਮੁੱਖ ਉਪਦੇਸ਼ ਤੇ ਸਿਧਾਂਤ

1. ਚਾਰ ਵਰਨ ਆਸ਼ਰਮ : ਬ੍ਰਾਹਮਣ, ਖੱਤਰੀ, ਵੈਸ਼ ਤੇ ਸ਼ੂਦਰ।
2. ਵੱਖ-ਵੱਖ ਦੇਵੀ-ਦੇਵਤਿਆਂ ਦੀ ਪੂਜਾ : ਬ੍ਰਹਮਾ, ਵਿਸ਼ਨੂੰ, ਮਹੇਸ਼, ਲੱਛਮੀ, ਸਰਸਵਤੀ, ਦੁਰਗਾ, ਹਨੂੰਮਾਨ ਆਦਿਕ।
3. ਚਾਰ ਪੁਰਸ਼ਾਅਰਥ : ਧਰਮ, ਅਰਥ, ਕਾਮ ਤੇ ਮੋਕਸ਼।
4. ਕਰਮ ਕਰਨ ਵਿਚ ਵਿਸ਼ਵਾਸ ਰੱਖੋ। ਫੱਲ ਦੀ ਇੱਛਾ ਨਾ ਕਰੋ। ਮਹਾਂਭਾਰਤ ਦੇ ਉਪਦੇਸ਼ ਕਾਂਡ "ਗੀਤਾ" ਦਾ ਇਹ ਸਾਰ ਸੰਦੇਸ਼ ਹੈ।



Scanned with CamScanner

5. ਜਦ ਧਰਮ ਦਾ ਉਲੰਘਣ ਹੁੰਦਾ ਹੋਵੇ ਤਾਂ ਤਬਾਹੀ ਹੁੰਦੀ ਹੈ ਤੇ ਜਦ ਧਰਮ ਦਾ ਪਾਲਣ ਹੁੰਦਾ ਹੈ ਤਾਂ ਸੰਸਾਰ ਦਾ ਪਾਲਣ ਹੁੰਦਾ ਹੈ।

6. ਵੇਦਾਂ ਦਾ ਅਧਿਐਨ, ਤਪੱਸਿਆ, ਗਿਆਨ ਦੀ ਪ੍ਰਾਪਤੀ, ਆਪਣੀਆਂ ਇੰਦ੍ਰੀਆਂ ਨੂੰ ਵਸ ਕਰਨਾ, ਹਿੰਸਾ ਤੋਂ ਬਚਣਾ ਤੇ ਗੁਰੂ ਦੀ ਸੇਵਾ ਕਰਨੀ ਆਦਿ ਪਰਮ ਅਨੰਦ ਦੀ ਪ੍ਰਾਪਤੀ ਦੇ ਸਭ ਤੋਂ ਚੰਗੇ ਸਾਧਨ ਹਨ।

7. ਕੇਵਲ ਨਿਸ਼ਚੇ ਤੇ ਸ਼ਰਧਾ ਵਾਲਾ ਪੁਰਸ਼ ਹੀ ਤੱਤ ਗਿਆਨ ਪ੍ਰਾਪਤ ਕਰ ਸਕਦਾ ਹੈ।

## ਜੈਨ ਧਰਮ

ਬਾਨੀ : ਜੈਨ ਧਰਮ ਦੇ ਮੁਖੀਏ 24 ਮੰਨੇ ਜਾਂਦੇ ਹਨ। ਪਹਿਲੇ ਤੀਰਥੰਕਰ ਰਿਸ਼ਭ ਨਾਥ ਸਨ ਅਤੇ ਤੇਈਵੇਂ ਤੀਰਥੰਕਰ ਪਾਰਸਨਾਥ ਸਨ। ਭਗਵਾਨ ਮਹਾਂਵੀਰ ਜਿਨ੍ਹਾਂ ਨੂੰ ਵਰਧਮਾਨ ਵੀ ਕਿਹਾ ਜਾਂਦਾ ਹੈ, ਇਸ ਦੇ ਚੌਵੀਵੇਂ ਅਤੇ ਆਖਰੀ ਤੀਰਥੰਕਰ ਸਨ। ਤੀਰਥੰਕਰ ਦਾ ਅੱਖਰੀ ਅਰਥ ਹੈ ਪੁਲ ਬਣਾਉਣ ਵਾਲਾ। ਸੰਸਾਰ ਦੇ ਭਵ ਸਾਗਰ ਨੂੰ ਪਾਰ ਕਰਨ ਲਈ, ਤੀਰਥ, ਲੋਕਾਂ ਵਾਸਤੇ ਇੱਕ ਪਵਿੱਤਰ ਪੁਲ ਹੈ।

ਆਰੰਭ ਹੋਣ ਦਾ ਸਮਾਂ : ਪਾਰਸਨਾਥ ਜਿਹੜੇ ਕਿ ਤੇਈਵੇਂ ਤੀਰਥੰਕਰ ਸਨ, 750 ਪੂਰਵ ਈਸਵੀ ਅਤੇ ਭਗਵਾਨ ਮਹਾਂਵੀਰ ਜੀ 559-527 ਪੂਰਵ ਈਸਵੀ ਹੋਏ ਹਨ।

ਪਵਿੱਤਰ ਪੁਸਤਕਾਂ : ਇਨ੍ਹਾਂ ਦੀਆਂ ਪਵਿੱਤਰ ਪੁਸਤਕਾਂ ਨੂੰ ਅੰਗ ਕਿਹਾ ਜਾਂਦਾ ਹੈ। ਇਸ ਦੇ 11 ਅੰਗ ਮੰਨੇ ਜਾਂਦੇ ਹਨ ਜਿਨ੍ਹਾਂ ਦਾ ਸੰਚਾਲਨ ਵਿਦਵਾਨ ਜੈਨ ਦੇਵਾਰਧੀ ਨੇ ਕੀਤਾ। ਇਹ ਪੁਸਤਕਾਂ ਮੁੱਖ ਤੌਰ ਤੇ ਪ੍ਰਾਕ੍ਰਿਤ ਭਾਸ਼ਾ ਵਿਚ ਹਨ ਜਿਵੇਂ:

ਆਚਾਰੰਗ ਸੂਤ੍ਰ : 11 ਅੰਗਾਂ ਵਿਚੋਂ ਸਭ ਤੋਂ ਪਹਿਲਾ ਹੈ। ਇਸ ਨੂੰ ਸਾਮਾਇਕ ਵੀ ਕਹਿੰਦੇ ਹਨ।

ਕਲਪ ਸੂਤ੍ਰ : ਇਸ ਵਿਚ ਸ੍ਰੀ ਮਹਾਂਵੀਰ ਤੇ ਹੋਰ ਤੀਰਥੰਕਰਾਂ ਦੀਆਂ ਜੀਵਨੀਆਂ ਦਰਜ਼ ਹਨ।

ਉਤਰਾ ਧਿਆਨ ਸੂਤ੍ਰ : ਇਸ ਵਿਚ ਨਵਯੁਵਕ ਭਿਕਸ਼ੂ ਦੇ ਜੀਵਨ



Scanned with CamScanner

ਦੇ ਨਿਯਮਾਂ ਦਾ ਵਰਣਨ ਹੈ।

ਸੂਤ੍ਰ ਕ੍ਰਿਤਾਂਗ : ਇਸ ਦਾ ਵਿਸ਼ਾ ਜੈਨ ਭਿਕਸ਼ੂਆਂ ਨੂੰ ਦੂਜੇ ਧਰਮ ਦਰਸ਼ਨ ਦੇ ਪ੍ਰਭਾਵ ਤੋਂ ਬਚਾਉਣਾ ਹੈ।

## ਮੁੱਖ ਉਪਦੇਸ਼ ਤੇ ਸਿਧਾਂਤ

(1) ਜੈਨ ਧਰਮ ਦੇ ਨੈਤਿਕ ਸਿਧਾਂਤਾਂ ਨੂੰ ਪੰਜ ਮਹਾਂਵਰਤ ਕਿਹਾ ਜਾਂਦਾ ਹੈ। ਇਹ ਹਨ :

ੳ) ਹਿੰਸਾ ਨਾ ਕਰਨਾ - ਅਹਿੰਸਾ

ਅ) ਝੂਠ ਨਾ ਬੋਲਣਾ - ਸਤਯ

ੲ) ਚੋਰੀ ਨਾ ਕਰਨਾ - ਅਧੇਤਯ

ਸ) ਵਿਭਚਾਰ ਨਾ ਕਰਨਾ - ਬ੍ਰਹਮਚਾਰਯ

ਹ) ਸੰਗ੍ਰਹਿ ਨਾ ਕਰਨਾ - ਅਪਰਿਗ੍ਰਹ

(2) ਅਹਿੰਸਾ : ਜੈਨ ਧਰਮ ਸਭ ਤੋਂ ਵੱਧ ਅਹਿੰਸਾ ਤੇ ਜ਼ੋਰ ਦਿੰਦਾ ਹੈ। ਬਹੁਤ ਘੱਟ ਜੈਨੀ ਫ਼ੌਜ ਵਿਚ ਭਰਤੀ ਹੁੰਦੇ ਹਨ। ਜੈਨੀ ਲੋਕ ਖੇਤੀ ਵੀ ਘੱਟ ਹੀ ਕਰਦੇ ਹਨ, ਕਿਉਂਕਿ ਉਹ ਮੰਨਦੇ ਹਨ ਕਿ ਖੇਤੀ ਕਰਨ ਨਾਲ ਧਰਤੀ ਵਿਚਲੇ ਕੀੜੇ-ਮਕੌੜਿਆਂ ਦੀ ਹੱਤਿਆ ਹੋ ਜਾਵੇਗੀ। ਜੈਨੀ ਲੋਕ ਬੜੇ ਸੁੰਦਰ ਮੰਦਰ ਉਸਾਰਦੇ ਹਨ ਤੇ ਆਰਥਕ ਤੌਰ 'ਤੇ ਖ਼ੁਸ਼ਹਾਲ ਹਨ।

(3) ਤ੍ਰਿਰਤਨ : ਜੈਨ ਧਰਮ ਦੇ ਤ੍ਰਿਰਤਨ ਇਹ ਹਨ:-

(1) ਸਮਯਕ ਦਰਸ਼ਨ (Right Faith)

(2) ਸਮਯਕ ਗਿਆਨ (Right Knowledge)

(3) ਸਮਯਕ ਆਚਾਰ (Right Conduct)।

(4) ਜੈਨ ਧਰਮ ਪ੍ਰਭੂ ਅਤੇ ਪ੍ਰਭੂ-ਭਗਤੀ ਵਿਚ ਸਪਸ਼ਟ ਰੂਪ ਵਿਚ ਵਿਸ਼ਵਾਸ ਨਹੀਂ ਕਰਦਾ। ਇਹ ਨਾਸਤਕ ਧਰਮ ਹੈ। ਇਹ ਮੁਕਤ ਆਤਮਾ ਨੂੰ ਹੀ ਈਸ਼ਵਰ ਆਖਦੇ ਹਨ।

## ਬੁੱਧ ਧਰਮ

ਬਾਨੀ : ਬੁੱਧ ਧਰਮ ਦਾ ਆਰੰਭ ਭਗਵਾਨ ਗੌਤਮ ਬੁੱਧ ਦੇ ਉਪਦੇਸ਼ਾਂ ਨਾਲ ਮੰਨਿਆ ਜਾਦਾ ਹੈ। ਸਿਧਾਰਥ ਨਾਮ ਦੇ ਰਾਜਕੁਮਾਰ ਨੂੰ ਜਦੋਂ ਸੰਸਾਰ ਦੇ



Scanned with CamScanner

ਦੁੱਖਾਂ ਨੂੰ ਦੇਖ ਕੇ ਉਦਾਸੀ ਹੋਈ ਤਾਂ ਗਯਾ (ਬਿਹਾਰ) ਵਿਚ ਇਨ੍ਹਾਂ ਨੇ ਇੱਕ ਪਿੱਪਲ ਦੇ ਦਰਖਤ ਹੇਠ ਭਗਤੀ ਕਰਨੀ ਸ਼ੁਰੂ ਕਰ ਦਿੱਤੀ। ਇੱਥੇ ਹੀ ਇਨ੍ਹਾਂ ਨੂੰ ਗਿਆਨ ਹੋਇਆ। ਰਾਜਭਾਗ ਛੱਡ ਕੇ ਆਪ ਸੰਸਾਰ ਦੇ ਕਲਿਆਣ ਲਈ ਚੱਲ ਪਏ। ਇਹ ਗੌਤਮ ਬੁੱਧ ਦੇ ਨਾਮ ਨਾਲ ਪ੍ਰਸਿੱਧ ਹੋਏ।

**ਆਰੰਭ ਹੋਣ ਦਾ ਸਮਾਂ :** ਇਸ ਦੇ ਆਰੰਭ ਦਾ ਸਮਾਂ 627-544 ਪੂਰਵ ਈਸਵੀ ਮੰਨਿਆ ਜਾਂਦਾ ਹੈ। ਇਹ ਮਹਾਤਮਾ ਬੁੱਧ ਜੀ ਦਾ ਜੀਵਨ ਕਾਲ ਹੈ।

**ਪਵਿੱਤਰ ਪੁਸਤਕਾਂ :** ਬੁੱਧ ਧਰਮ ਦੇ ਅਨੇਕਾਂ ਗਰੰਥ ਮਿਲਦੇ ਹਨ। ਸਭ ਤੋਂ ਪੁਰਾਤਨ ਹਨ ਤ੍ਰਿਪਿਟਕ ਭਾਵ ਤਿੰਨ ਪਿਟਾਰੇ। ਪਿਟਾਰੇ ਦਾ ਅਰਥ ਹੈ ਪੁਸਤਕ ਸੰਗ੍ਰਹਿ। ਇਸ ਵਿਚ ਇਹ ਪੁਸਤਕਾਂ ਹਨ :

(1) ਵਿਨਯਪਿਟਕ : ਸ਼ਾਸਨ ਸਬੰਧੀ ਨਿਯਮਾਂ/ਉਪਦੇਸ਼ਾਂ ਦਾ ਸੰਗ੍ਰਹਿ ਹੈ।

(2) ਸੂਤ੍ਰਪਿਟਕ : ਧਾਰਮਿਕ ਸਿਖਿਆਵਾਂ ਦਾ ਸੰਗ੍ਰਹਿ ਹੈ।

(3) ਅਭਿਧਾਮਾ ਪਿਟਕ : ਧਰਮ ਸਬੰਧੀ ਸਿਧਾਂਤਾਂ ਦੀ ਵਿਆਖਿਆ ਹੈ।

ਇਨ੍ਹਾਂ ਤੋਂ ਇਲਾਵਾ ਪੰਜ ਨਿਕਾਯ ਹਨ ਜਿਵੇਂ ਦੀਰਘ ਨਿਕਾਯ, ਮਧਿੱਮ ਨਿਕਾਯ, ਸੰਯੁੱਤ ਨਿਕਾਯ, ਅੰਗੁੱਤਰਾ ਨਿਕਾਯ ਅਤੇ ਖੁਦਕ ਨਿਕਾਯ। ਇਨ੍ਹਾਂ ਵਿਚ ਮਹਾਤਮਾ ਬੁੱਧ ਦੀ ਬਾਣੀ ਵਾਰਤਕ ਅਤੇ ਕਵਿਤਾ ਰੂਪ ਵਿਚ ਦਰਜ਼ ਹੈ। ਬੁੱਧ ਧਰਮ ਦੀਆਂ ਪੁਸਤਕਾਂ ਦੀ ਭਾਸ਼ਾ ਮੁੱਖ ਤੌਰ ਤੇ ਪਾਲੀ ਅਤੇ ਸੰਸਕ੍ਰਿਤ ਹੈ।

ਇਨ੍ਹਾਂ ਪੁਸਤਕਾਂ ਦੇ ਰਚਨ ਵਾਲਿਆਂ ਦਾ ਕੋਈ ਸਪਸ਼ਟ ਬਿਉਰਾ ਨਹੀਂ ਮਿਲਦਾ। ਆਰੰਭਕ ਕਾਲ ਦੇ ਬੋਧੀ ਭਿਕਸ਼ੂ ਆਗੂ ਹੀ ਇਨ੍ਹਾਂ ਦੇ ਕਰਤਾ ਹਨ।

## ਮੁੱਖ ਉਪਦੇਸ਼ ਤੇ ਸਿਧਾਂਤ

(1) ਤ੍ਰਿਸ਼ਰਨ ਨਾਮ ਦੇ ਤਿੰਨ ਸਿਧਾਂਤ ਹਨ -

(ੳ) ਬੁੱਧ (ਅ) ਧਰਮ (ੲ) ਸੰਘ

(2) ਬੁੱਧ ਧਰਮ ਅਸ਼ਟਾਂਗ ਮਾਰਗ ਵਿਚ ਵਿਸ਼ਵਾਸ ਰੱਖਦਾ ਹੈ।



Scanned with CamScanner

ਇਹ ਹਨ :

(1) ਸਹੀ ਦ੍ਰਿਸ਼ਟੀ (Right View)

(2) ਸਹੀ ਸੰਕਲਪ (Right Intention)

(3) ਸਹੀ ਵਾਕ (Right Speech)

(4) ਸਹੀ ਕਰਮ (Right Action)

(5) ਸਹੀ ਨਿਰਬਾਹ (Right Livelihood)

(6) ਸਹੀ ਉੱਦਮ (Right Effort)

(7) ਸਹੀ ਧਿਆਨ (Right Mindfulness)

(8) ਸਹੀ ਸਮਾਧੀ (ਇਕਾਗਰਤਾ) (Right Concentration)

(3) ਜੈਨ ਧਰਮ ਵਾਂਗ ਬੁੱਧ ਧਰਮ ਦਾ ਵੀ ਮੁੱਖ ਧੁਰਾ ਅਹਿੰਸਾ ਹੈ ਪਰ ਇਸ ਵਿਚ ਸ਼ੁੱਧ ਨੈਤਿਕ ਜੀਵਨ ਉਤੇ ਵਧੇਰੇ ਬਲ ਦਿੱਤਾ ਗਿਆ ਹੈ। ਬੁੱਧ ਧਰਮ ਨੇ ਜਾਤ-ਪਾਤ ਤੇ ਆਧਾਰਤ ਧਰਮ ਤੋਂ ਵੱਖਰਾ ਧਰਮ ਦਰਸ਼ਨ ਦਿੱਤਾ।

(4) ਬੁੱਧ ਧਰਮ ਦੇ ਪੰਜ ਮੁੱਖ ਨੈਤਿਕ ਜਾਂ ਧਾਰਮਿਕ ਆਚਾਰ ਦੇ ਸਿਧਾਂਤ ਹਨ। ਇਹਨਾਂ ਨੂੰ ਪੰਚਸ਼ੀਲ ਕਿਹਾ ਜਾਂਦਾ ਹੈ। ਇਹ ਵਰਜਿਤ ਕਰਮ ਹਨ :-

(ੳ) ਹਿੰਸਾ (ਅ) ਚੋਰੀ

(ੲ) ਅਬ੍ਰਹਮਚਰੀਆ (ਸ) ਝੂਠ

(ਹ) ਸ਼ਰਾਬ ਤੇ ਨਸ਼ੀਲੀਆਂ ਚੀਜ਼ਾਂ ਦੀ ਵਰਤੋਂ

ਬੁੱਧ ਧਰਮ ਨੂੰ ਸਮਰਾਟ ਅਸ਼ੋਕ ਨੇ ਮੁੱਖ ਤੌਰ 'ਤੇ ਫੈਲਾਇਆ। ਹੁਣ ਇਸ ਦੇ ਮੰਨਣ ਵਾਲੇ ਕਰੋੜਾਂ ਦੀ ਗਿਣਤੀ ਵਿਚ ਜਾਪਾਨ, ਚੀਨ, ਥਾਈਲੈਂਡ, ਭੂਟਾਨ, ਭਾਰਤ ਅਤੇ ਹੋਰ ਦੇਸ਼ਾਂ ਵਿਚ ਫੈਲੇ ਹੋਏ ਹਨ।

## ਯਹੂਦੀ ਧਰਮ

ਬਾਨੀ : ਯੂਰਪ ਦਾ ਪੁਰਾਤਨ ਧਰਮ, ਦੋ ਹਜ਼ਾਰ ਸਾਲ ਤੋਂ ਵੀ ਬਹੁਤ ਪੁਰਾਣਾ ਹੈ। ਈਸਾਈ ਅਤੇ ਇਸਲਾਮ ਧਰਮ ਇਸੇ ਧਰਮ ਪਰੰਪਰਾ ਵਿਚੋਂ ਹੀ ਜਨਮੇ ਹੋਏ ਹਨ ਪਰ ਅੱਜ ਤਿੰਨੇ ਹੀ ਸੰਸਾਰ ਪ੍ਰਸਿੱਧ ਸੁਤੰਤਰ ਧਰਮ ਹਨ। ਇਸ ਦੇ ਬਾਨੀ ਹਜ਼ਰਤ ਮੂਸਾ (ਮੌਜੇਜ) ਜੀ ਹੋਏ ਹਨ।

ਪਵਿੱਤਰ ਪੁਸਤਕ : ਬਾਈਬਲ (ਓਲਡ ਟੈਸਟਾਮੈਂਟ)। ਇਸ ਦੀ



Scanned with CamScanner

ਭਾਸ਼ਾ ਹਿਬਰੂ ਹੈ। ਇਹ ਅਨੇਕ ਗਰੰਥਾਂ ਦਾ ਸੰਗ੍ਰਹਿ ਹੈ, ਜਿਹੜੇ ਵੱਖ-ਵੱਖ ਅਨੁਯਾਈਆਂ ਨੇ ਲਿਖੇ ਹਨ। ਇਸ ਵਿਚ ਹਜ਼ਰਤ ਮੂਸਾ ਦੇ ਹੇਠ ਲਿਖੇ ਪੰਜ ਗਰੰਥ ਹਨ :-

1) ਜੈਨੇਸਿਸ (Genesis) : ਇਸ ਵਿਚ ਸ੍ਰਿਸ਼ਟੀ ਰਚਨਾ ਦਾ ਵਰਨਣ ਹੈ।
2) ਇਕਸੋਡਸ (Exodus): ਇਸ ਵਿਚ ਦਸ ਆਦੇਸ਼ ਹਨ।
3) ਲੇਵੀਟਿਕਸ (Levitics)
4) ਨੰਬਰਜ਼ (Numbers)
5) ਡਿਊਟੇਰੋਨਾਮੀ (Deuteronomy)

## ਮੁੱਖ ਉਪਦੇਸ਼ ਤੇ ਸਿਧਾਂਤ

(1) ਇਕਸੋਡਸ ਵਿਚ ਦਰਜ ਆਦੇਸ਼ ਹਰ ਯਹੂਦੀ ਲਈ ਮੰਨਣੇ ਜ਼ਰੂਰੀ ਹਨ। ਇਹਨਾਂ ਵਿਚ ਹੇਠ ਲਿਖੇ ਕੁਝ ਹੁਕਮ ਦਰਜ਼ ਹਨ :-

(ੳ) ਕਿਸੇ ਨੂੰ ਜਾਨ ਤੋਂ ਨਾ ਮਾਰੋ।
(ਅ) ਵਿਭਚਾਰ ਨਾ ਕਰੋ।
(ੲ) ਕਿਸੇ ਵਿਰੁੱਧ ਝੂਠੀ ਗਵਾਹੀ ਨਾ ਦਿਓ।
(ਸ) ਆਪਣੇ ਗਵਾਂਢੀ ਦੇ ਘਰ-ਮਾਲ ਨੂੰ ਲਾਲਚ ਦੀ ਦ੍ਰਿਸ਼ਟੀ ਨਾਲ ਨਾ ਵੇਖੋ।
(ਹ) ਗਵਾਂਢੀ ਦੀ ਇਸਤਰੀ ਵੱਲ ਮਾੜੀ ਅੱਖ ਨਾ ਕਰੋ।
(ਕ) ਆਪਣੇ ਮਾਤਾ-ਪਿਤਾ ਦਾ ਸਤਿਕਾਰ ਕਰੋ।
(ਖ) ਚੋਰੀ ਨਾ ਕਰੋ।
(ਗ) ਕਿਸੇ ਬੁੱਤ ਅੱਗੇ ਨਹੀਂ ਝੁਕਣਾ ਤੇ ਕਿਸੇ ਦੇਵਤੇ ਨੂੰ ਨਹੀਂ ਮੰਨਣਾ।

(2) ਪਰਮਾਤਮਾ ਛੇ ਚੀਜ਼ਾਂ ਤੋਂ ਬੜੀ ਨਫ਼ਰਤ ਕਰਦਾ ਹੈ :

(1) ਹੰਕਾਰ ਭਰੀਆਂ ਅੱਖਾਂ।
(2) ਝੂਠ ਬੋਲਣ ਵਾਲੀ ਜ਼ੁਬਾਨ।
(3) ਬੇਗੁਨਾਹਾਂ ਦਾ ਖ਼ੂਨ ਡੋਲਣ ਵਾਲੇ ਹੱਥ।



Scanned with CamScanner

(4) ਦੂਜਿਆਂ ਲਈ ਭੈੜੀਆਂ ਵਿਉਂਤਾਂ ਸੋਚਣ ਵਾਲਾ।

(5) ਬੁਰਾਈ ਵੱਲ ਤੇਜ਼ੀ ਨਾਲ ਵੱਧਣ ਵਾਲੇ ਕਦਮ।

(6) ਉਹ ਪੁਰਸ਼ ਜਿਹੜਾ ਭਰਾਵਾਂ ਵਿਚ ਵੈਰ ਪਾਉਂਦਾ ਹੈ।

(3) ਸੱਬਾਬ : ਯਹੂਦੀਆਂ ਦਾ ਪਵਿੱਤਰ ਤੇ ਆਰਾਮ ਦਾ ਦਿਨ ਹੈ। ਇਹਨਾਂ ਨੂੰ ਹੁਕਮ ਹੈ ਕਿ ਸੱਬਾਬ ਦਾ ਦਿਨ ਯਾਦ ਰੱਖੋ ਤੇ ਉਸਦੀ ਪਵਿੱਤਰਤਾ ਨੂੰ ਕਾਇਮ ਰੱਖੋ।

## ਇਸਲਾਮ ਧਰਮ

ਬਾਨੀ : ਹਜ਼ਰਤ ਮੁਹੰਮਦ ਸਾਹਿਬ ਇਸਲਾਮ ਧਰਮ ਦੇ ਬਾਨੀ ਹੋਏ ਹਨ। ਇਸ ਧਰਮ ਦੇ ਆਰੰਭ ਹੋਣ ਦਾ ਸਮਾਂ ਹਜ਼ਰਤ ਮੁਹੰਮਦ ਸਾਹਿਬ ਦੇ ਜਨਮ ਭਾਵ 570 ਈਸਵੀ ਨੂੰ ਮੰਨਿਆ ਗਿਆ ਹੈ। ਇਨ੍ਹਾਂ ਦੀਆਂ ਸਿੱਖਿਆਵਾਂ ਪਵਿੱਤਰ ਕੁਰਾਨ ਵਿਚ ਦਰਜ਼ ਹਨ। ਇਹ ਅਰਬੀ ਭਾਸ਼ਾ ਵਿਚ ਲਿਖੀ ਹੋਈ ਹੈ।

ਪੁਸਤਕ ਬਿਓਰਾ : ਚਾਲੀ ਸਾਲ ਦੀ ਉਮਰ ਵਿਚ ਹਜ਼ਰਤ ਮੁਹੰਮਦ ਸਾਹਿਬ ਨੇ ਐਲਾਨ ਕੀਤਾ ਕਿ ਖ਼ੁਦਾ ਇੱਕ ਫਰਿਸ਼ਤੇ ਰਾਹੀਂ ਆਪਣਾ ਕਲਾਮ ਉਨ੍ਹਾਂ ਤੇ ਉਤਾਰ ਰਿਹਾ ਹੈ। ਸਮੇਂ-ਸਮੇਂ ਸਿਰ ਵੀਹ ਸਾਲਾਂ ਵਿਚ ਪ੍ਰਾਪਤ ਹੋਇਆ ਖ਼ੁਦਾਈ ਕਲਾਮ, ਕੁਰਾਨ ਦੀ ਸ਼ਕਲ ਵਿਚ ਇਕੱਠਾ ਕੀਤਾ ਗਿਆ। ਕੁਰਾਨ ਵਿਚ ਇਸਲਾਮ ਦੇ ਮਸਲੇ, ਮਨੁੱਖਾਂ ਦੇ ਕਿਰਦਾਰ, ਸਵਰਗਾਂ ਤੇ ਨਰਕਾਂ ਦੇ ਵਿਸ਼ੇ ਆਦਿ ਸ਼ਾਮਲ ਹਨ। ਇਹ ਇਸਲਾਮੀ ਸਿੱਖਿਆ ਦਾ ਮੁੱਖ ਸੋਮਾ ਹੈ।

### ਮੁੱਖ ਉਪਦੇਸ਼ ਤੇ ਸਿਧਾਂਤ

(1) ਸਭ ਤੋਂ ਵੱਡੀ ਸਿੱਖਿਆ ਹੈ : ਇਕ ਅੱਲਾਹ ਤੇ ਯਕੀਨ ਰੱਖਣਾ ਜੋ ਸਾਰੀ ਸ੍ਰਿਸ਼ਟੀ ਪੈਦਾ ਕਰਨ ਵਾਲਾ, ਤਬਾਹ ਕਰਨ ਵਾਲਾ ਤੇ ਪ੍ਰਤਿਪਾਲਕ ਹੈ।

(2) ਅੱਲਾਹ ਵੱਲ ਆਪਣੇ ਫ਼ਰਜ਼ਾਂ ਨੂੰ ਸੁਚੇਤ ਹੋ ਕੇ ਪੂਰਾ ਕਰੋ। ਅਲਾਹ ਤੁਹਾਡੇ ਸਭ ਕਰਤੱਵ ਵੇਖ ਰਿਹਾ ਹੈ।

(3) ਕਿਸੇ ਦੀ ਚੀਜ਼ ਉਸਦੇ ਮਾਲਕ ਨੂੰ ਵਾਪਸ ਕਰੋ। ਠੀਕ ਇਨਸਾਫ਼ ਕਰੋ।

(4) ਜਿਹੜਾ ਭਲਾ ਕਰਮ ਕਰਦਾ ਹੈ ਉਸ ਨੂੰ ਉਸ ਦਾ ਦਸ ਗੁਣਾ ਫਲ ਮਿਲੇਗਾ ਤੇ ਮਾੜਾ ਕਰਨ ਵਾਲੇ ਨੂੰ ਉਸੇ ਵਰਗਾ ਫਲ ਮਿਲੇਗਾ।



Scanned with CamScanner

(5) ਕਿਆਮਤ (ਪਰਲੋ) ਦੇ ਦਿਨ ਪੈਗੰਬਰ ਆਵੇਗਾ ਜੋ ਸਭ ਨਾਲ ਇਨਸਾਫ਼ ਕਰੇਗਾ।

(6) ਮਾਪਿਆਂ ਦੀ ਸੇਵਾ ਕਰੋ। ਉਨ੍ਹਾਂ ਨੂੰ ਓਏ ਕਰਕੇ ਵੀ ਨਾ ਬੋਲੋ।

(7) ਹਜ਼ਰਤ ਮੁਹੰਮਦ ਤੋਂ ਸਿਵਾ ਹੋਰ ਕੋਈ ਪੈਗੰਬਰ ਨਹੀਂ ਹੈ। ਇਸ ਲਈ ਅੱਲਾਹ ਦੇ ਪੈਗੰਬਰ ਕੇਵਲ ਮੁਹੰਮਦ ਸਾਹਿਬ ਹਨ।

ਮੁਹੰਮਦ ਸਾਹਿਬ ਦੇ ਨਾਲ-ਨਾਲ ਹੋਰ ਮਹਾਂਪੁਰਸ਼ਾਂ ਨੂੰ ਵੀ ਮੰਨਣ ਵਾਲੇ ਕਈ ਫਿਰਕੇ ਇਸਲਾਮ ਵਿੱਚ ਚੱਲਦੇ ਹਨ। ਇਨ੍ਹਾਂ ਵਿਚ ਸ਼ੀਆ, ਅਹਿਮਦੀ ਆਦਿ ਪ੍ਰਸਿੱਧ ਹਨ ਪਰ ਸ਼ੁੱਧ ਰੂਪ ਵਿਚ ਸੁੰਨੀ ਮੁਸਲਮਾਨ ਹੀ ਮੁੱਖ ਧਾਰਾ ਦਾ ਇਸਲਾਮ ਧਰਮ ਅਪਣਾਉਂਦੇ ਮੰਨੇ ਜਾਂਦੇ ਹਨ।

ਇਸਲਾਮ ਧਰਮ ਨੂੰ ਮੰਨਣ ਵਾਲੇ ਮੁਸਲਮਾਨ ਅਰਬਾਂ ਦੀ ਗਿਣਤੀ ਵਿਚ ਸੰਸਾਰ ਭਰ ਵਿਚ ਫੈਲੇ ਹੋਏ ਹਨ। ਚਾਲੀ ਤੋਂ ਵੱਧ ਦੇਸ਼ਾਂ ਵਿਚ ਇਸਲਾਮ, ਲੋਕਾਂ ਦਾ ਮੁੱਖ ਧਰਮ ਹੈ।

## ਈਸਾਈ ਧਰਮ

ਬਾਨੀ : ਹਜ਼ਰਤ ਈਸਾ ਮਸੀਹ (Jesus Christ) ਇਸ ਧਰਮ ਦੇ ਬਾਨੀ ਹਨ। ਇਸ ਦਾ ਜਨਮ ਈਸਵੀ ਸੰਨ ਦੇ ਸ਼ੁਰੂ ਵਿਚ ਭਾਵ ਅੱਜ ਤੋਂ 2000 ਸਾਲ ਪਹਿਲਾਂ ਹੋਇਆ।

ਪਵਿੱਤਰ ਪੁਸਤਕ : ਬਾਈਬਲ (ਨਿਊ ਟੈਸਟਾਮੈਂਟ) ਇਸ ਦੀ ਧਾਰਮਿਕ ਤੇ ਪਵਿੱਤਰ ਪੁਸਤਕ ਹੈ। ਇਹ ਕਈ ਗ੍ਰੰਥਾਂ ਦਾ ਸੰਗ੍ਰਹਿ ਹੈ ਜਿਹੜੇ ਵੱਖ-ਵੱਖ ਵਿਅਕਤੀਆਂ ਵਲੋਂ ਲਿਖੇ ਗਏ ਹਨ। ਇਨ੍ਹਾਂ ਵਿਚੋਂ ਕੁਝ ਪੁਸਤਕਾਂ ਇਹ ਹਨ :-

ਮੈਥਿਊ : ਇਹ ਸੰਗ੍ਰਹਿ ਈਸਾ ਦੇ ਮੈਥਿਊ ਨਾਮ ਦੇ ਸ਼ਿਸ਼ ਨੇ ਸੰਨ 90 ਈਸਵੀ ਵਿਚ ਲਿਖੀ।

ਮਾਰਕ ਦਾ ਗਾਸਪਲ : ਇਹ ਈਸਾ ਦੇ ਮਾਰਕ ਨਾਮ ਦੇ ਸ਼ਿਸ਼ ਨੇ ਲਿਖੀ।

ਲਿਊਕ ਦਾ ਗਾਸਪਲ : ਇਹ ਲਿਊਕ ਨੇ ਲਿਖੀ।

ਜੌਨ ਦਾ ਗਾਸਪਲ : ਇਹ ਈਸਾਈ ਬਾਈਬਲ ਦਾ ਚੌਥਾ ਗਾਸਪਲ ਹੈ ਜਿਹੜਾ ਈਸਾ ਮਸੀਹ ਦੇ ਚੇਲੇ ਜੌਨ ਨੇ 200 ਈਸਵੀ ਵਿਚ ਲਿਖਿਆ।



Scanned with CamScanner

## ਮੁੱਖ ਉਪਦੇਸ਼ ਤੇ ਸਿਧਾਂਤ

1. ਪ੍ਰੇਮ ਈਸਾਈ ਧਰਮ ਦਾ ਮੁੱਖ ਉਪਦੇਸ਼ ਹੈ। ਉਹ ਮੰਨਦੇ ਹਨ ਕਿ ਪਰਮਾਤਮਾ ਦਾ ਮਨੁੱਖ ਵਾਸਤੇ ਪ੍ਰੇਮ ਇੱਕ ਸੱਚਾਈ ਹੈ। ਪਰਮਾਤਮਾ ਮਨੁੱਖ ਦੀ ਮੁਕਤੀ ਵਾਸਤੇ ਆਪਣਾ ਪੁੱਤਰ ਭੇਜਦਾ ਹੈ ਤੇ ਉਸਦਾ ਬਲੀਦਾਨ ਕਰਦਾ ਹੈ। ਇਸ ਲਈ ਮਨੁੱਖ ਨੂੰ ਪਰਮਾਤਮਾ ਦੇ ਨਾਲ ਪ੍ਰੇਮ ਕਰਨਾ ਚਾਹੀਦਾ ਹੈ ਤੇ ਫਿਰ ਉਸਦੇ ਬਣਾਏ ਸਾਰੇ ਮਨੁੱਖਾਂ ਨਾਲ ਵੀ ਪ੍ਰੇਮ ਕਰਨਾ ਚਾਹੀਦਾ ਹੈ। ਈਸਾ ਮਸੀਹ ਦਾ ਹੁਕਮ ਹੈ ਕਿ ਆਪਣੇ ਦੁਸ਼ਮਣਾਂ ਨਾਲ ਵੀ ਪ੍ਰੇਮ ਕਰੋ।

2. ਦੂਜਾ ਮਹਾਨ ਉਪਦੇਸ਼ ਸੇਵਾ ਦਾ ਹੈ। ਜੇਕਰ ਕੋਈ ਪਰਮਾਤਮਾ ਦੇ ਕੋਲ ਪਹਿਲਾ ਦਰਜਾ ਪ੍ਰਾਪਤ ਕਰਨਾ ਚਾਹੁੰਦਾ ਹੈ ਤਾਂ ਉਹ ਆਪਣੇ ਆਪ ਨੂੰ ਸਭ ਤੋਂ ਨੀਵਾਂ ਸਮਝੇ ਅਤੇ ਸਭ ਦਾ ਸੇਵਾਦਾਰ ਬਣੇ। ਈਸਾਈ ਮਿਸ਼ਨ ਦੁਨੀਆਂ ਵਿਚ ਚੈਰੀਟੇਬਲ ਹਸਪਤਾਲਾਂ ਦੇ ਰੂਪ ਵਿਚ ਸੇਵਾ ਤੇ ਵਿਦਿਆ ਕੇਂਦਰਾਂ ਨੂੰ ਚਲਾਉਣ ਲਈ ਪ੍ਰਸਿੱਧ ਹੈ।

3. ਦੂਜਿਆਂ ਨਾਲ ਅਜਿਹਾ ਵਰਤਾਓ ਕਰੋ ਜਿਸ ਤਰ੍ਹਾਂ ਦਾ ਤੁਸੀਂ ਉਨ੍ਹਾਂ ਤੋਂ ਆਪਣੇ ਨਾਲ ਚਾਹੁੰਦੇ ਹੋ।

4. ਜੇਕਰ ਕੋਈ ਪੁਰਸ਼ ਕਿਸੇ ਇਸਤਰੀ ਨੂੰ ਭੈੜੀ ਅੱਖ ਨਾਲ ਵੇਖਦਾ ਹੈ ਤਾਂ ਉਸਨੇ ਆਪਣੇ ਦਿਲ ਵਿਚ ਵੀ ਵਿਭਚਾਰ ਦਾ ਕੁਕਰਮ ਕਰ ਲਿਆ ਹੈ।

**ਇਸ ਧਰਮ ਨੂੰ ਮੰਨਣ ਵਾਲੇ ਲੋਕ ਸਾਰੇ ਸੰਸਾਰ ਵਿਚ ਅਰਬਾਂ ਦੀ ਗਿਣਤੀ ਵਿਚ ਹਨ ਅਤੇ ਇਨ੍ਹਾਂ ਦੇ ਰੋਮਨ ਕੈਥੋਲਿਕ ਅਤੇ ਪ੍ਰੋਟੈਸਟੈਂਟ ਦੋ ਮੁੱਖ ਭਾਗ ਹਨ। ਪੋਪ ਇਨ੍ਹਾਂ ਦਾ ਧਾਰਮਿਕ ਨੇਤਾ ਹੈ ਜਿਹੜਾ ਵੈਟੀਕਨ ਸਿਟੀ (ਰੋਮ) ਵਿਚ ਰਹਿੰਦਾ ਹੈ।**

## ਸਿੱਖ ਧਰਮ

ਬਾਨੀ : ਸ੍ਰੀ ਗੁਰੂ ਨਾਨਕ ਦੇਵ ਜੀ ਸਿੱਖ ਧਰਮ ਦੇ ਬਾਨੀ ਹੋਏ ਹਨ। ਇਨ੍ਹਾਂ ਤੋਂ ਬਾਅਦ ਹੋਰ ਨੌਂ ਗੁਰੂ ਹੋਏ ਹਨ। ਸਿੱਖ ਧਰਮ ਦਾ ਆਰੰਭ ਸੰਨ 1469 ਈਸਵੀ ਵਿਚ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਹੋਣ ਨਾਲ ਹੋਇਆ। ਦਸਵੇਂ ਗੁਰੂ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਜੋਤੀ ਜੋਤ ਸਮਾਉਣ ਤੋਂ



Scanned with CamScanner

ਪਹਿਲਾਂ ਗੁਰਗੱਦੀ, ਸ੍ਰੀ ਗੁਰੂ ਗਰੰਥ ਸਾਹਿਬ ਜੀ ਨੂੰ ਸਦਾ-ਸਦਾ ਲਈ ਸੌਂਪ ਦਿੱਤੀ।

ਗਰੰਥ : ਦਸਾਂ ਗੁਰੂਆਂ ਦੇ ਆਤਮਿਕ ਸਰੂਪ ਵਿਚ ਸ੍ਰੀ ਗੁਰੂ ਗਰੰਥ ਸਾਹਿਬ ਜੀ ਸਿੱਖਾਂ ਦੇ ਗੁਰੂ ਹਨ। ਸ੍ਰੀ ਗੁਰੂ ਗਰੰਥ ਸਾਹਿਬ ਵਿਚ ਦਰਜ਼ ਬਾਣੀ ਤੋਂ ਇਲਾਵਾ, ਸਿੱਖਾਂ ਵਲੋਂ ਭਾਈ ਗੁਰਦਾਸ ਜੀ ਪਹਿਲੇ ਦੀਆਂ ਵਾਰਾਂ, ਕਬਿੱਤ, ਸਵੈਯੇ ਅਤੇ ਭਾਈ ਨੰਦ ਲਾਲ ਗੋਯਾ ਜੀ ਦੀਆਂ ਰਚਨਾਵਾਂ ਨੂੰ ਗੁਰਬਾਣੀ ਰੂਪ ਮੰਨਦੇ ਹੋਏ ਪੂਰਾ-ਪੂਰਾ ਸਤਿਕਾਰ ਦਿੱਤਾ ਜਾਂਦਾ ਹੈ। ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਬਾਣੀ ਮੁੱਖ ਤੌਰ ਤੇ ਸੰਤ ਭਾਸ਼ਾ ਵਿਚ ਹੈ। ਇਸ ਵਿਚ ਪੰਜਾਬੀ, ਸੰਸਕ੍ਰਿਤ, ਬ੍ਰਿਜ, ਲਹਿੰਦੀ, ਮਰਾਠੀ, ਅਰਬੀ ਅਤੇ ਫਾਰਸੀ ਆਦਿ ਭਾਸ਼ਾਵਾਂ ਦੇ ਸ਼ਬਦ ਗੁਰਮੁਖੀ ਲਿੱਪੀ ਵਿਚ ਲਿਖੇ ਮਿਲਦੇ ਹਨ।

ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਸੰਪਾਦਨਾ ਪੰਜਵੇਂ ਗੁਰੂ, ਸ੍ਰੀ ਗੁਰੂ ਅਰਜਨ ਦੇਵ ਜੀ ਨੇ 1601 ਤੋਂ 1604 ਈਸਵੀ ਤੱਕ ਮੁਕੰਮਲ ਕੀਤੀ। ਇਸ ਵਿਚ ਉਨ੍ਹਾਂ ਵਲੋਂ 5 ਗੁਰੂ ਸਾਹਿਬਾਨ, 15 ਭਗਤਾਂ, 11 ਭੱਟਾਂ ਅਤੇ 4 ਗੁਰਸਿੱਖਾਂ ਦੀ ਬਾਣੀ ਸ਼ਾਮਲ ਕੀਤੀ ਗਈ। ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦਮਦਮਾ ਸਾਹਿਬ, ਤਲਵੰਡੀ ਸਾਬੋ, ਜ਼ਿਲ੍ਹਾ ਬਠਿੰਡਾ ਵਿਖੇ ਇਸ ਨੂੰ ਆਪਣੇ ਕੰਠ ਤੋਂ ਮੁੜ ਉਚਾਰਿਆ ਅਤੇ ਇਸ ਵਿਚ ਨੌਵੇਂ ਗੁਰੂ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਵੀ ਸ਼ਾਮਲ ਕੀਤੀ। ਹੁਣ ਇਸ ਵਿਚ ਕੁੱਲ 36 ਮਹਾਂ ਪੁਰਖਾਂ ਦੀ ਬਾਣੀ ਦਰਜ਼ ਹੈ।

## ਮੁੱਖ ਉਪਦੇਸ਼ ਅਤੇ ਸਿਧਾਂਤ

ਮੁੱਖ ਉਪਦੇਸ਼ ਤੇ ਸਿਧਾਂਤ ਹੇਠਾਂ ਦਰਜ਼ ਹਨ -

(1) ਸੇਵਾ ਤੇ ਸਿਮਰਨ ਸਿੱਖੀ ਦੇ ਦੋ ਥੰਮ੍ਹ ਹਨ। ਕੇਵਲ ਇਕ ਪਰਮਾਤਮਾ ਦਾ ਸਿਮਰਨ ਕਰਨਾ ਅਤੇ ਉਸ ਦੁਆਰਾ ਰਚੀ ਮਨੁੱਖਤਾ ਦੀ ਸੇਵਾ ਕਰਨੀ।

(2) ਨਾਮ ਜਪੋ, ਕਿਰਤ ਕਰੋ ਅਤੇ ਵੰਡ ਛਕੋ ਮੁੱਖ ਸਿਧਾਂਤ ਹਨ।

(3) ਪੂਜਾ ਅਕਾਲ ਕੀ, ਪਰਚਾ ਸ਼ਬਦ ਕਾ, ਦੀਦਾਰ ਖਾਲਸੇ ਕਾ, ਭਾਵ ਇਕ ਅਕਾਲ ਪੁਰਖ ਦੀ ਪੂਜਾ ਕਰਨੀ, ਸ਼ਬਦ ਗੁਰੂ ਦੀ ਓਟ ਰੱਖਣੀ ਅਤੇ ਖਾਲਸੇ ਦੀ ਸੰਗਤ ਕਰਨੀ।

(4) ਪੰਜ ਕਕਾਰ ਧਾਰਨ ਕਰਨੇ ਅਤੇ ਲੋੜ ਪੇਣ ਤੇ ਸ਼ਸਤਰ ਰਾਹੀਂ ਗਰੀਬ



Scanned with CamScanner

ਦੀ ਰੱਖਿਆ ਤੇ ਜਰਵਾਣੇ (ਜ਼ਾਲਮ) ਦੀ ਭੱਖਿਆ ਕਰਨੀ।

(5) ਕਿਸੇ ਪ੍ਰਕਾਰ ਦੀ ਜ਼ਾਤਪਾਤ ਤੇ ਨਸਲ ਦਾ ਭੇਦ ਭਾਵ ਨਹੀਂ ਕਰਨਾ।

(6) ਚਾਰ ਬੱਜਰ ਕੁਰਹਿਤਾਂ ਤੋਂ ਬਚਣਾ ਅਤੇ ਸੱਚ ਉਤੇ ਪਹਿਰਾ ਦੇਣਾ।

(7) ਸਰਬੱਤ ਦਾ ਭਲਾ ਚਿਤਵਣਾ, ਸਮਾਜ ਵਿਚੋਂ ਵੈਰ-ਵਿਰੋਧ, ਦਵੈਸ਼ ਤੇ ਹੋਛਾਪਣ ਖ਼ਤਮ ਕਰਨ ਲਈ ਉੱਚ ਆਚਰਣ ਵਾਲਾ ਵਿਸਮਾਦੀ ਮਨੁੱਖੀ ਜੀਵਨ ਸਿਰਜਨਾ।

Scanned with CamScanner

## ਭਾਗ ਅ

# ਸਾਡਾ ਇਤਿਹਾਸ



Scanned with CamScanner

Scanned with CamScanner

## ਸ੍ਰੀ ਗੁਰੂ ਨਾਨਕ ਦੇਵ ਜੀ
(1469-1539 ਈ:)

**ਜਨਮ (ਪ੍ਰਕਾਸ਼) :** ਆਪ ਜੀ ਦਾ ਜਨਮ ਮਿਤੀ 15 ਅਪ੍ਰੈਲ, ਸੰਨ 1469 ਈਸਵੀ ਦਿਨ ਸਨਿੱਚਰਵਾਰ ਨੂੰ ਰਾਇ ਭੋਇੰ ਦੀ ਤਲਵੰਡੀ (ਹੁਣ ਨਨਕਾਣਾ ਸਾਹਿਬ) ਜ਼ਿਲ੍ਹਾ-ਸ਼ੇਖੂਪੁਰਾ, ਪਾਕਿਸਤਾਨ ਵਿਖੇ ਹੋਇਆ। ਆਪ ਦੇ ਪਿਤਾ ਮਹਿਤਾ ਕਲਿਆਣ ਦਾਸ ਜੀ (ਮਹਿਤਾ ਕਾਲੂ ਜੀ) ਅਤੇ ਮਾਤਾ ਤ੍ਰਿਪਤਾ ਜੀ ਸਨ। ਆਪ ਦੇ ਪਿਤਾ ਜੀ ਪਟਵਾਰੀ ਸਨ। ਆਪ ਜੀ ਛੋਟੀ ਉਮਰ ਤੋਂ ਹੀ ਸੁਭਾਅ ਕਰਕੇ ਦੂਜੇ ਬੱਚਿਆਂ ਨਾਲੋਂ ਵੱਖਰੇ ਸਨ। ਆਪ ਜੀ ਦੀ ਵੱਡੀ ਭੈਣ ਨਾਨਕੀ ਜੀ ਆਪ ਤੋਂ ਪੰਜ ਸਾਲ ਵੱਡੇ ਸਨ ਜਿਨ੍ਹਾਂ ਨੂੰ ਸਤਿਕਾਰ ਵਜੋਂ ਆਪ ਜੀ ਬੇਬੇ ਨਾਨਕੀ ਜੀ ਕਹਿੰਦੇ ਸਨ। ਬੇਬੇ ਨਾਨਕੀ ਜੀ ਦਾ ਵਿਆਹ ਜੈ ਰਾਮ ਜੀ ਸੁਲਤਾਨਪੁਰ ਵਾਲਿਆਂ ਨਾਲ ਹੋਇਆ ਸੀ। ਜੈ ਰਾਮ ਜੀ, ਦੌਲਤ ਖਾਨ ਲੋਧੀ ਦੇ ਖਾਸ ਕਾਰਦਾਰਾਂ ਵਿਚੋਂ ਸਨ ਅਤੇ ਉਨ੍ਹਾਂ ਨੂੰ ਦੀਵਾਨ ਦੀ ਪਦਵੀ ਮਿਲੀ ਹੋਈ ਸੀ।

**ਜੰਞੂ :** ਛੋਟੀ ਉਮਰ ਤੋਂ ਹੀ ਆਪ ਜੀ ਨੂੰ ਆਤਮਕ ਗਿਆਨ ਸੀ। ਘਰ ਦੀ ਰੀਤ ਅਤੇ ਮਿਥੀ ਮਰਯਾਦਾ ਅਨੁਸਾਰ 9 ਸਾਲ ਦੀ ਉਮਰ ਵਿਚ ਜਦ ਆਪ ਜੀ ਨੂੰ ਜੰਞੂ ਪਾਉਣ ਲੱਗੇ ਤਾਂ ਗੁਰੂ ਜੀ ਨੇ ਪੰਡਤ ਹਰਿਦਿਆਲ ਨੂੰ ਜੰਞੂ ਦੇ ਫੋਕੇ ਹੋਣ ਬਾਰੇ ਸਮਝਾਇਆ। ਜਨੇਊ ਪਹਿਨਣ ਬਾਰੇ ਕਾਫੀ ਚਰਚਾ ਹੋਈ। ਗੁਰੂ ਨਾਨਕ ਦੇਵ ਜੀ ਨੇ ਕਿਹਾ ਕਿ ਇਹ ਧਾਗੇ ਦਾ ਜਨੇਊ ਤਾਂ ਮੈਲਾ ਹੋਣ ਤੇ ਫਿਰ ਨਵਾਂ ਲੈਣਾ ਪੈਂਦਾ ਹੈ। ਜਦ ਮਨੁੱਖ ਮਰ ਜਾਂਦਾ ਹੈ ਤਾਂ ਇਹ ਨਾਲ ਹੀ ਸੜ ਜਾਂਦਾ ਹੈ। ਇਸ ਲਈ ਮਨੁੱਖ ਨੂੰ ਅਜਿਹਾ ਆਤਮਿਕ ਜਨੇਊ ਪਾਉਣਾ ਚਾਹੀਦਾ ਹੈ ਜਿਹੜਾ ਨਾ ਟੁੱਟੇ, ਨਾ ਉਸ ਨੂੰ ਮੈਲ ਲੱਗੇ, ਨਾ ਜਲੇ, ਨਾ ਹੀ ਖਤਮ ਹੋਵੇ ਅਤੇ ਨਾ ਹੀ ਨਵਾਂ ਲੈਣਾ ਪਵੇ। ਉਨ੍ਹਾਂ ਨੇ ਸਮਝਾਇਆ ਕਿ ਦਇਆ ਰੂਪੀ ਕਪਾਹ, ਸੰਤੋਖ ਰੂਪੀ ਸੂਤ, ਆਚਰਨ ਰੂਪੀ ਗੰਢ ਤੇ ਵੱਟ ਵਾਲਾ ਅਮਲੀ ਜਨੇਊ ਪਾਓ। ਇਹ ਹਮੇਸ਼ਾਂ ਸਾਥ ਨਿਭਾਵੇਗਾ।

**ਮੱਝਾਂ ਚਾਰਨਾ :** ਆਪ ਜੀ ਕਈ ਵਾਰੀ ਜਦ ਪਾਲੀ ਘਰ ਨਹੀਂ ਸਨ ਹੁੰਦੇ ਤਾਂ ਮੱਝੀਆਂ ਆਦਿ ਚਾਰ ਲਿਆਉਂਦੇ ਸਨ। ਇਸ ਤਰ੍ਹਾਂ ਕੰਮ ਕਰਦੇ ਹੋਏ ਵੀ ਆਪ ਜੀ ਦੀ ਸੁਰਤਿ ਪ੍ਰਭੂ ਚਰਨਾਂ ਵਿਚ ਜੁੜੀ ਰਹਿੰਦੀ ਸੀ। ਰਾਇ ਬੁਲਾਰ



Scanned with CamScanner

ਇਨ੍ਹਾਂ ਦੀ ਸ਼ਖਸੀਅਤ ਤੋਂ ਬਹੁਤ ਹੀ ਪ੍ਰਭਾਵਤ ਹੋਇਆ ਅਤੇ ਪਿਆਰ ਤੇ ਸਤਿਕਾਰ ਕਰਨ ਲੱਗ ਪਿਆ।

**ਸ਼ਾਦੀ ਅਤੇ ਪੁੱਤਰਾਂ ਦੇ ਜਨਮ :** ਜਦੋਂ ਆਪ ਜੀ 15 ਸਾਲ ਦੀ ਉਮਰ ਦੇ ਹੋਏ ਤਾਂ ਵਟਾਲੇ ਤੋਂ ਬਾਬਾ ਮੂਲਾ ਚੋਣੇ ਨੇ ਕੁੜਮਾਈ ਭੇਜੀ। ਵਿਆਹ ਵੀ ਉਸੇ ਸਾਲ ਕਰ ਦਿੱਤਾ ਗਿਆ। ਉਨ੍ਹਾਂ ਦੀ ਸੁਪਤਨੀ ਦਾ ਨਾਂ ਸੁਲੱਖਣੀ ਸੀ। ਮਾਤਾ ਸੁਲੱਖਣੀ ਜੀ ਨੇ ਘਰ ਦੀ ਸਾਰੀ ਜ਼ਿੰਮੇਵਾਰੀ ਸਾਂਭੀ। ਮੇਹਰਬਾਨ ਸੋਢੀ ਨੇ ਇਹ ਲਿਖਿਆ ਹੈ ਕਿ ਵਿਆਹ ਵੇਲੇ ਵੈਦਿਕ ਰਸਮਾਂ ਨਹੀਂ ਹੋਈਆਂ। ਨਿਰੋਲ ਕੀਰਤਨ ਹੀ ਕੀਤਾ ਗਿਆ। ਗੁਰੂ ਨਾਨਕ ਦੇਵ ਜੀ ਦੇ ਘਰ ਦੋ ਪੁੱਤਰ ਪੈਦਾ ਹੋਏ ਜਿਨ੍ਹਾਂ ਦਾ ਨਾਮ ਸ੍ਰੀ ਚੰਦ ਅਤੇ ਲਖਮੀ ਚੰਦ ਰੱਖਿਆ ਗਿਆ।

**ਸੱਚਾ ਸੌਦਾ :** ਆਪ ਜੀ ਦੇ ਪਿਤਾ ਜੀ ਕੋਲ ਆਪਣੀ ਜ਼ਮੀਨ ਸੀ। ਆਪ ਕਦੀ-ਕਦੀ ਵਾਹੀ ਵੀ ਕਰਦੇ ਸਨ ਅਤੇ ਵਿਉਪਾਰ ਵੱਲ ਵੀ ਧਿਆਨ ਦਿੰਦੇ ਸਨ। ਉਨ੍ਹਾਂ ਦਿਨਾਂ ਵਿਚ ਵਣਜ ਵਿਉਪਾਰ ਕਰਨ ਲਈ ਸਿਰਫ ਤਿੰਨ ਨਗਰ (ਸੈਂਟਰ) ਚੂਹੜਕਾਣਾ, ਸੈਦਪੁਰ ਤੇ ਲਾਹੌਰ ਪ੍ਰਸਿੱਧ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਕਈ ਵਾਰ ਵਿਉਪਾਰ ਕਰਦੇ ਸਮੇਂ ਚੂਹੜਕਾਣੇ ਅਤੇ ਕਈ ਵਾਰੀ ਸੈਦਪੁਰ ਵੀ ਜਾਇਆ ਕਰਦੇ ਸਨ। ਸੈਦਪੁਰ ਦਾ ਹੁਣ ਦਾ ਨਾਮ ਐਮਨਾਬਾਦ ਹੈ। ਇਕ ਵਾਰੀ ਆਪ ਜੀ ਦੇ ਪਿਤਾ ਨੇ 20 ਰੁਪਏ ਦੇ ਕੇ ਚੰਗਾ ਵਿਉਪਾਰ ਕਰਨ ਲਈ ਕਿਹਾ। ਗੁਰੂ ਨਾਨਕ ਦੇਵ ਜੀ ਦੀ ਨਜ਼ਰ ਵਿਚ ਸਭ ਤੋਂ ਵੱਡਾ ਵਿਉਪਾਰ ਲੋੜਵੰਦਾਂ ਦੀ ਸੇਵਾ ਕਰਨਾ ਸੀ। ਉਹਨਾਂ ਨੂੰ ਰਸਤੇ ਵਿਚ ਅਬਦਾਲਾਂ ਦਾ ਇੱਕ ਕਾਫਲਾ ਮਿਲਿਆ। 'ਅਬਦਾਲ' ਅੱਲਾਹ ਦੇ ਕੀਰਤਨ ਵਿਚ ਜੁੜਨ ਵਾਲਾ ਇਕ ਸੂਫੀ ਤਬਕਾ ਹੈ। ਆਪ ਜੀ ਨੇ ਇਨ੍ਹਾਂ 20 ਰੁਪਿਆਂ ਦੀਆਂ ਵਸਤਾਂ ਨਾਲ ਉਨ੍ਹਾਂ ਸੂਫੀ ਸਾਧੂਆਂ ਨੂੰ ਭੋਜਨ ਬਣਾ ਕੇ ਖਵਾ ਦਿੱਤਾ। ਪਿਤਾ ਜੀ ਕਾਫੀ ਨਾਰਾਜ਼ ਹੋਏ ਅਤੇ ਲਾਪ੍ਰਵਾਹੀ ਕਰਨ ਤੋਂ ਵਰਜਿਆ ਤਾਂ ਆਪ ਜੀ ਨੇ ਇਹ ਹੀ ਕਿਹਾ ਕਿ ਇਸ ਤੋਂ ਵਧੀਆ ਹੋਰ ਕੋਈ ਸੱਚਾ ਸੌਦਾ ਨਹੀਂ ਹੋ ਸਕਦਾ। ਅਸਲ ਗੱਲ ਇਹ ਸੀ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਧਨ ਜੋੜਨ ਦੀ ਚਾਹ ਨਹੀਂ ਸੀ।

**ਸੁਲਤਾਨਪੁਰ ਵਿਚ :** ਭਾਵੇਂ ਗੁਰੂ ਨਾਨਕ ਦੇਵ ਜੀ ਵਿਉਪਾਰ ਤਾਂ ਕਰਦੇ ਸਨ ਪਰ ਉਹਨਾਂ ਦੇ ਪਿਤਾ ਮਹਿਤਾ ਕਾਲੂ ਜੀ ਆਪਣੇ ਇਸ ਹੋਣਹਾਰ ਬੇਟੇ ਨੂੰ ਦੁਨੀਆਂ ਵਿਚ ਆਰਥਕ ਤੌਰ ਤੇ ਬਹੁਤ ਕਾਮਯਾਬ ਦੇਖਣਾ ਚਾਹੁੰਦੇ ਸਨ। ਭਾਈ ਜੈ ਰਾਮ ਜੀ ਨੇ ਚਿੱਠੀ ਭੇਜੀ ਕਿ ਗੁਰੂ ਨਾਨਕ ਦੇਵ ਜੀ ਨੂੰ ਸੁਲਤਾਨਪੁਰ ਭੇਜ ਦਿੱਤਾ ਜਾਏ। ਉਥੇ ਦੌਲਤ ਖਾਨ ਲੋਧੀ ਦਾ ਰਾਜ ਸੀ। ਆਪ ਜੀ ਜੈ ਰਾਮ ਪਾਸ ਚਲੇ ਗਏ। ਪਹਿਲਾਂ ਆਪ ਗਏ, ਪਿਛੋਂ ਟੱਬਰ ਵੀ ਨਾਲ ਲੈ ਗਏ। ਭਾਈ



Scanned with CamScanner

ਮਰਦਾਨਾ ਜੀ ਵੀ ਨਾਲ ਹੀ ਸਨ।

ਭਾਈ ਜੈ ਰਾਮ ਜੀ ਦੇ ਅਸਰ ਰਸੂਖ ਨਾਲ ਗੁਰੂ ਨਾਨਕ ਦੇਵ ਜੀ ਨਵਾਬ ਦੌਲਤ ਖਾਨ ਲੋਧੀ ਦੇ ਮੋਦੀ ਬਣੇ। ਇਸ ਤੋਂ ਪਹਿਲਾਂ ਮੋਦੀ ਦੇ ਕੰਮ ਵਿਚ ਹੇਰ ਫੇਰ ਬਹੁਤ ਹੁੰਦਾ ਸੀ। ਰਿਸ਼ਵਤ ਆਮ ਚਲਦੀ ਸੀ ਪਰ ਪੁਰਾਤਨ ਜਨਮ ਸਾਖੀ ਵਾਲਾ ਲਿਖਦਾ ਹੈ : "ਗੁਰੂ ਨਾਨਕ ਜੀ ਕਿਸੀ ਕੀ ਦਮੜੀ ਨ ਰਾਖੇ। ਬੜੀ ਸੋਭਾ ਹੋਈ ਜਿਤਨੀ ਰਈਅਤ ਸਭ ਦੁਆਈ ਲੱਗੀ ਦੇਵਣ।"

ਸੰਗਤ ਦੀ ਨੀਂਹ : ਸੰਗਤਿ ਦੀ ਨੀਂਹ ਵੀ ਉਥੇ ਸੁਲਤਾਨਪੁਰ ਹੀ ਰੱਖ ਦਿੱਤੀ ਗਈ। ਦੂਰ ਨੇੜਿਓਂ ਸੰਗਤਾਂ ਜੁੜਨ ਲੱਗ ਪਈਆਂ। ਦੇਸ਼ ਵਿਚ ਧੁੰਮ ਪੈ ਗਈ। ਰਾਤ ਦਿਨ ਸਤਿਗੁਰੂ ਜੀ ਪਾਸ ਮੇਲਾ ਤੇ ਲੰਗਰ ਲੱਗਾ ਰਹੇ। ਮੜ੍ਹੀ, ਮਸਾਣੀ ਅਤੇ ਮੂਰਤੀ ਮੰਨਣ ਤੋਂ ਹਟਾ ਕੇ ਲੋਕਾਂ ਨੂੰ ਪਰਮੇਸ਼ਰ ਵੱਲ ਪਰੇਰਦੇ ਅਤੇ ਭੇਖਾਂ ਦੀ ਨਿਖੇਧੀ ਕਰਦੇ। ਸਵੇਰੇ ਸ਼ਾਮ ਸੰਗਤਿ ਜੁੜਦੀ।

ਦੌਲਤ ਖਾਨ ਗੁਰੂ ਨਾਨਕ ਦੇਵ ਜੀ ਨੂੰ *ਬਰਕਤ ਕਾ ਮੂਲ* ਕਹਿੰਦਾ ਸੀ। ਪੁੱਤਰ ਦੀ ਸ਼ੋਭਾ ਸੁਣ ਕੇ ਪਿਤਾ ਕਾਲੂ ਜੀ ਸੁਲਤਾਨਪੁਰ ਆਏ। ਉਨਾਂ ਦਾ ਖ਼ਿਆਲ ਸੀ ਕਿ ਗੁਰੂ ਨਾਨਕ ਦੇਵ ਜੀ ਨੇ ਕਾਫੀ ਕੁਝ ਖੱਟਿਆ ਹੋਵੇਗਾ। ਪਰ ਪੁੱਛਣ ਉਤੇ ਗੁਰੂ ਜੀ ਨੇ ਦੱਸਿਆ ਕਿ ਜੋ ਕਮਾਉਂਦਾ ਹਾਂ, ਲੋੜਵੰਦਾਂ ਨਾਲ ਵੰਡ ਕੇ ਵਰਤ ਲੈਂਦਾ ਹਾਂ। ਪਿਤਾ ਜੀ ਹੈਰਾਨ ਹੀ ਰਹਿ ਗਏ।

ਤੇਰਾ ਤੇਰਾ : ਮੋਦੀ ਖਾਨੇ ਦੀ ਨੌਕਰੀ ਕਰਦੇ ਸਮੇਂ ਸ੍ਰੀ ਗੁਰੂ ਨਾਨਕ ਦੇਵ ਜੀ ਕਟੌਤੀ ਦਾ ਅਨਾਜ ਘਰ ਨਹੀਂ ਲਿਜਾਂਦੇ ਸਨ ਸਗੋਂ ਮੋਦੀ ਖਾਨੇ ਵਿਚ ਹੀ ਰੱਖਦੇ ਸਨ। ਲਾਲਚੀ ਅਹਿਲਕਾਰਾਂ ਤੇ ਲੋਕਾਂ ਨੂੰ ਇਹ ਗੱਲ ਚੰਗੀ ਨਹੀਂ ਲੱਗਦੀ ਸੀ। ਇਕ ਵਾਰੀ ਕੋਈ ਵਿਅਕਤੀ ਜਿਨਸ ਖਰੀਦਣ ਆਇਆ। ਗੁਰੂ ਜੀ ਤੋਲਦੇ ਹੋਏ ਜਦ 13 ਦੀ ਧਾਰਨਾ ਉਤੇ ਪੁੱਜੇ ਤਾਂ ਰਸਨਾ 'ਤੇਰਾ, ਤੇਰਾ, ਤੇਰਾ' ਪੁਕਾਰਣ ਲੱਗ ਪਈ। ਕਿਤਨੀਆਂ ਹੀ ਧਾਰਨਾ ਤੋਲ ਦਿੱਤੀਆਂ, ਸ਼ਿਕਾਇਤੀ ਲੋਕਾਂ ਨੂੰ ਚੰਗਾ ਮੌਕਾ ਮਿਲ ਗਿਆ। ਉਨ੍ਹਾਂ ਦੌਲਤ ਖਾਨ ਕੋਲ ਗੁਰੂ ਜੀ ਦੇ ਵਿਰੁੱਧ ਬੋਲਿਆ। ਮੁਨਸ਼ੀ ਨੇ ਹਿਸਾਬ ਕੀਤਾ। ਸਭ ਕੁਝ ਪੂਰਾ ਹੀ ਨਹੀਂ ਨਿਕਲਿਆ ਸਗੋਂ ਗੁਰੂ ਨਾਨਕ ਦੇਵ ਜੀ ਦੇ ਲੋਧੀ ਦੇ ਖਜ਼ਾਨੇ ਵਿਚ 321 ਰੁਪਏ ਵੱਧ ਨਿਕਲੇ। ਸ਼ਿਕਾਇਤ ਕਰਨ ਵਾਲਿਆਂ ਨੂੰ ਬਹੁਤ ਹੈਰਾਨੀ ਹੋਈ। ਜਦ ਵਧੇ ਰੁਪਏ ਗੁਰੂ ਨਾਨਕ ਦੇਵ ਜੀ ਨੂੰ ਦੇਣ ਲੱਗੇ ਤਾਂ ਆਪ ਜੀ ਨੇ ਸਭ ਖੈਰਾਤ ਵਿਚ ਵੰਡ ਦਿੱਤੇ ਤੇ ਕਿਹਾ, 'ਜਿਥੇ ਮਿਹਨਤ ਦੀ ਇਤਨੀ ਬੇਕਦਰੀ ਹੋਵੇ, ਉਥੇ ਮੇਰਾ ਕੰਮ ਕਰਨਾ ਔਖਾ ਹੈ।' ਇਸ ਘਟਨਾ ਨੇ ਗੁਰੂ ਨਾਨਕ ਦੇਵ ਜੀ ਨੂੰ ਅਗਲਾ ਪ੍ਰੋਗਰਾਮ ਬਨਾਉਣ ਵੱਲ ਪ੍ਰੇਰਿਆ।



Scanned with CamScanner

ਵੇਈਂ ਉਪਦੇਸ਼ : ਇੱਕ ਦਿਨ ਨਿੱਤ ਨੇਮ ਮੁਜਬ ਵੱਡੇ ਤੜਕੇ ਵੇਈਂ ਨਦੀ ਵਿਚ ਇਸ਼ਨਾਨ ਕਰਨ ਗਏ। ਤਿੰਨ ਦਿਨਾਂ ਬਾਅਦ ਸ਼ਹਿਰ ਆਏ। ਗੁਰੂ ਜੀ ਨੇ ਧਿਆਨ ਨਾਲ ਦੇਖਿਆ ਕਿ ਸਾਰੀ ਪ੍ਰਿਥਵੀ ਉਤੇ ਹਾਹਾਕਾਰ ਮਚੀ ਹੋਈ ਹੈ। ਗੁਰੂ ਨਾਨਕ ਜੀ ਨੇ ਉਹ ਗੱਲ ਸਮਝ ਲਈ ਸੀ ਕਿ ਧਰਮ ਉਹ ਹੀ ਜ਼ਿੰਦਾ ਰਹਿ ਸਕਦਾ ਹੈ ਜਿਹੜਾ ਦੂਜਿਆਂ ਨਾਲ ਵਰਤੋਂ ਸਿਖਾਵੇ। ਭਾਵ ਦੁਨੀਆਂ ਵਿਚ ਚੰਗੀ ਤਰ੍ਹਾਂ ਰਹਿਣ ਅਤੇ ਬਦੀਆਂ ਦਾ ਟਾਕਰਾ ਕਰਕੇ ਕਾਮਯਾਬ ਹੋਣਾ ਸਿਖਾਵੇ।

ਆਪ ਜੀ ਨੇ ਸ਼ਹਿਰੋਂ ਬਾਹਰ ਡੇਰਾ ਕੀਤਾ ਤੇ ਇਸਲਾਮੀ ਕੇਂਦਰ ਵਿਚ *ਨ ਕੋ ਹਿੰਦੂ ਨ ਮੁਸਲਮਾਨ* ਦਾ ਪਹਿਲਾ ਨਾਅਰਾ ਲਾਇਆ। ਇਹ ਨਾਅਰਾ ਸਿਰ ਤੇ ਕੱਫ਼ਨ ਰੱਖ ਕੇ ਕਹਿਣ ਵਾਲੀ ਗੱਲ ਸੀ। ਕਾਜ਼ੀ ਪਾਸ ਸ਼ਿਕਾਇਤ ਹੋਈ ਕਿ ਗੁਰੂ ਨਾਨਕ ਕੋਲੋਂ ਪੁੱਛਿਆ ਜਾਏ ਕਿ ਕਿਉਂ ਕੋਈ ਮੁਸਲਮਾਨ ਨਹੀਂ? ਗੁਰੂ ਨਾਨਕ ਜੀ ਨੇ ਦੱਸਿਆ ਕਿ ਸਿਰਫ਼ ਗੱਲੀਂ ਬਾਤੀਂ ਹੀ ਮੁਸਲਮਾਨ ਨਹੀਂ ਬਣਿਆ ਜਾ ਸਕਦਾ। ਗੁਰੂ ਜੀ ਨੇ ਨਮਾਜ਼ ਪੜ੍ਹਨ ਵੇਲੇ ਕਾਜ਼ੀ ਤੇ ਮੁੱਲਾਂ ਦੇ ਘਰਾਂ ਤੇ ਵਪਾਰਾਂ ਵਿਚ ਦੌੜੇ ਫਿਰਦੇ ਮਨ ਦੇ ਪਾਜ ਖੋਲ੍ਹੇ। ਗੁਰੂ ਜੀ ਨੇ ਫਰਮਾਇਆ ਕਿ ਖ਼ੁਦਾ ਨਾ ਹਿੰਦੂ ਹੈ ਨਾ ਮੁਸਲਮਾਨ। ਅਸਾਡੀ ਨਜ਼ਰ ਵਿਚ ਵੀ ਕੋਈ ਹਿੰਦੂ ਜਾਂ ਮੁਸਲਮਾਨ ਨਹੀਂ।

**ਉਦਾਸੀਆਂ (ਪ੍ਰਚਾਰਕ ਦੌਰੇ)** : ਜਦੋਂ ਗੁਰੂ ਨਾਨਕ ਸਾਹਿਬ ਜੀ ਨੇ ਸਮਾਜ ਦੀ ਦਿਨ ਪ੍ਰਤੀ ਦਿਨ ਵੱਧ ਰਹੀ ਦੁਰਗਤੀ ਨੂੰ ਤੱਕਿਆ ਤਾਂ ਪਾਖੰਡ ਦੇ ਨਾਮ ਹੇਠ ਧਰਮ ਦੀ ਲੀਰੋ ਲੀਰ ਹੋ ਰਹੀ ਪਾਕਿ ਚਾਦਰ ਦੀ ਇਹ ਨਿਰਾਦਰੀ ਉਹਨਾਂ ਤੋਂ ਬਰਦਾਸ਼ਤ ਨਾ ਹੋਈ। ਆਪਣੇ ਨਿੱਜੀ ਸੁੱਖ ਆਰਾਮ ਨੂੰ ਤਿਆਗ ਕੇ ਉਹਨਾਂ ਜਗਤ ਜਲੰਦੇ ਨੂੰ ਠਾਰਨ ਲਈ ਜਗਤ ਫੇਰੀਆਂ (ਉਦਾਸੀਆਂ) ਤੇ ਜਾਣ ਦਾ ਫੈਸਲਾ ਕੀਤਾ। ਭਾਈ ਗੁਰਦਾਸ ਜੀ ਲਿਖਦੇ ਹਨ :

ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤਿ ਚਲਾਈ।।
ਚੜ੍ਹਿਆ ਸੋਧਣ ਧਰਤਿ ਲੁਕਾਈ।।੨੪।।੧।।

ਸਿੱਖ ਇਤਿਹਾਸ ਦੇ ਕੁਝ ਪ੍ਰਸ਼ਨ ਅਜਿਹੇ ਹਨ ਜਿਨ੍ਹਾਂ ਬਾਰੇ ਸਾਰੇ ਇਤਿਹਾਸਕਾਰ ਇੱਕ-ਮੱਤ ਨਹੀਂ ਹਨ। ਗੁਰੂ ਨਾਨਕ ਦੇਵ ਜੀ ਦੁਆਰਾ ਕੀਤੀਆਂ ਗਈਆਂ ਉਦਾਸੀਆਂ ਬਾਰੇ ਵੀ ਸੰਮਤੀ-ਭੇਦ ਹੈ। ਗੁਰੂ ਜੀ ਕਿਹੜੇ-ਕਿਹੜੇ ਸਥਾਨਾਂ 'ਤੇ ਗਏ, ਇਸ ਬਾਰੇ ਕੋਈ ਭੇਦ ਨਹੀਂ। ਮਾਮੂਲੀ ਅੰਤਰ ਇਹ ਹੈ ਕਿ ਇਹ ਉਦਾਸੀਆਂ ਤਿੰਨ ਸਨ ਜਾਂ ਚਾਰ। ਜ਼ਿਆਦਾਤਰ ਇਤਿਹਾਸਕਾਰਾਂ ਨੇ ਚਾਰ ਉਦਾਸੀਆਂ ਮੰਨੀਆਂ ਹਨ ਜਦੋਂ ਕਿ ਪ੍ਰੋਫੈਸਰ ਸਾਹਿਬ ਸਿੰਘ ਜੀ ਵਲੋਂ ਲਿਖੇ



Scanned with CamScanner

ਗਏ ਇਤਿਹਾਸ ਵਿਚ ਗੁਰੂ ਨਾਨਕ ਦੇਵ ਜੀ ਦੁਆਰਾ ਤਿੰਨ ਉਦਾਸੀਆਂ ਦਾ ਜ਼ਿਕਰ ਕੀਤਾ ਗਿਆ ਹੈ। ਧਿਆਨ ਨਾਲ ਵੇਖਣ ਤੇ ਇਹ ਭੇਦ ਸਾਹਮਣੇ ਆਉਂਦਾ ਹੈ ਕਿ ਪ੍ਰੋਫੈਸਰ ਸਾਹਿਬ ਸਿੰਘ ਦੁਆਰਾ ਪਹਿਲੀ ਉਦਾਸੀ 1507 ਈਸਵੀ ਤੋਂ 1515 ਈਸਵੀ ਤੱਕ ਮੰਨੀ ਗਈ ਹੈ ਜਦੋਂ ਕਿ ਜ਼ਿਆਦਾਤਰ ਇਤਿਹਾਸਕਾਰ ਪਹਿਲੀ ਉਦਾਸੀ 1497 ਈਸਵੀ ਤੋਂ 1508 ਈਸਵੀ ਤੱਕ ਅਤੇ ਦੂਜੀ ਉਦਾਸੀ ਸੰਨ 1510 ਈ: ਤੋਂ 1515 ਈ. ਤੱਕ ਦੱਖਣ ਵੱਲ ਮੰਨਦੇ ਹਨ।

*ਨੋਟ : ਇਸ ਪੁਸਤਕ ਵਿਚ ਚਾਰ ਉਦਾਸੀਆਂ ਵਾਲੇ ਵਿਚਾਰਾਂ ਅਨੁਸਾਰ ਇਤਿਹਾਸ ਲਿਆ ਗਿਆ ਹੈ। ਇਤਿਹਾਸ ਦੇ ਵਿਦਿਆਰਥੀ ਅਤੇ ਵਿਦਵਾਨ, ਪਾਠਕ ਜਨ ਸਿੱਖ ਇਤਿਹਾਸ ਦੀਆਂ ਅਜਿਹੀਆਂ ਪਰਤਾਂ ਸਪਸ਼ਟ ਕਰਨ ਲਈ ਖੋਜ ਕਾਰਜ ਕਰਕੇ ਸੇਵਾ ਵਿੱਚ ਨਿੱਗਰ ਹਿੱਸਾ ਪਾ ਸਕਦੇ ਹਨ।*

## ਪਹਿਲੀ ਉਦਾਸੀ (ਪੂਰਬ ਦੀ)

ਪਹਿਲੀ ਉਦਾਸੀ ਬਾਰੇ ਭਾਈ ਗੁਰਦਾਸ ਜੀ ਲਿਖਦੇ ਹਨ: 'ਬਾਬਾ ਆਇਆ ਤੀਰਥੀਂ ਤੀਰਥ ਪੁਰਬ ਸਭੇ ਫਿਰ ਦੇਖੇ।।' ਆਪ ਜੀ ਨੇ ਤੀਰਥਾਂ ਉਤੇ ਜਾ ਕੇ ਸਮਝਾਇਆ ਕਿ 'ਭੇਖੀ ਪ੍ਰਭੂ ਨ ਪਾਈਐ', ਨਿਵ ਚੱਲਣ ਤੇ ਗਰੀਬਾਂ ਨਾਲ ਪਿਆਰ ਕਰਨ ਨਾਲ ਉਸ ਪਰਮਾਤਮਾ ਦਾ ਦਰ ਮਿਲ ਜਾਂਦਾ ਹੈ। ਸੰਨ 1497 ਈ: ਤੋਂ 1508 ਈ: ਤੱਕ ਪੂਰਬ ਦਿਸ਼ਾ ਦੇ ਵੱਖ-ਵੱਖ ਸਥਾਨਾਂ ਵੱਲ ਗਏ।

ਕੁਰਕਸ਼ੇਤਰ : ਆਪ ਪ੍ਰਸਿੱਧ ਹਿੰਦੂ ਤੀਰਥਾਂ 'ਤੇ ਗਏ, ਕਿਉਂਕਿ ਆਪ ਲੋਕਾਂ ਨੂੰ ਭਰਮਾਂ-ਵਹਿਮਾਂ ਅਤੇ ਫੋਕੀਆਂ ਰਸਮਾਂ-ਰੀਤਾਂ ਵਿਚੋਂ ਕੱਢ ਕੇ ਗਿਆਨ ਦਾ ਚਾਨਣ ਦਿਖਾਉਣਾ ਚਾਹੁੰਦੇ ਸਨ। ਇਥੇ ਸੂਰਜ ਗ੍ਰਹਿਣ ਕਾਰਨ ਹਿੰਦੁਸਤਾਨ ਭਰ ਵਿਚੋਂ ਲੋਕ ਆਏ ਹੋਏ ਸਨ। ਗ੍ਰਹਿਣ ਸਮੇਂ ਇਹ ਵਹਿਮ ਕੀਤਾ ਜਾਂਦਾ ਹੈ ਕਿ ਕੋਈ ਚੁੱਲ੍ਹੇ ਅੱਗ ਨਾ ਬਾਲੇ ਅਤੇ ਨਾ ਕੁਝ ਪਕਾਵੇ। ਗੁਰੂ ਜੀ ਨੇ ਸਭਨਾਂ ਦੇ ਸਾਹਮਣੇ ਅੱਗ ਬਾਲ ਕੇ ਭਰਮ ਦੂਰ ਕੀਤਾ। ਲੋਕਾਂ ਅਤੇ ਸਾਰੇ ਪੰਡਤਾਂ ਦੇ ਮੋਹਰੀ ਪੰਡਤ ਨਾਨੂੰ ਨੂੰ ਸਮਝਾਇਆ ਕਿ ਮਾਸ ਜਾਂ ਸਾਗ ਖਾਣ ਦੇ ਝਗੜਿਆਂ ਤੋਂ ਉਪਰ ਉਠ ਕੇ ਕੇਵਲ ਜੀਊਣ ਦੀ ਖਾਤਰ ਖਾਣਾ ਸਿੱਖੋ, ਖਾਣ ਵਾਸਤੇ ਜੀਊਣਾ ਨਹੀ। ਲੋਕਾਂ ਵਿਚ ਕੇਵਲ ਖਾਣ-ਪੀਣ ਦੀਆਂ ਮਨਾਹੀਆਂ ਤੇ ਵਿਵਾਦ ਖੜ੍ਹੇ ਨਾ ਕਰੋ। ਉਹ ਕੁਝ ਖਾਓ-ਪੀਓ ਜਿਸ ਨਾਲ ਤਨ ਵਿਚ ਪੀੜ, ਰੋਗ ਜਾਂ ਖਰਾਬੀ ਪੈਦਾ ਨਾ ਹੋਵੇ। ਇੱਥੇ ਬਹੁਤ ਸਾਰੇ ਲੋਕ ਗੁਰੂ ਜੀ ਦੇ ਸਿੱਖ ਬਣ ਗਏ।



Scanned with CamScanner

ਹਰਿਦੁਆਰ : ਆਪ ਜੀ ਕੁਰਕਸ਼ੇਤਰ ਤੋਂ ਪਾਣੀਪਤ ਅਤੇ ਦਿੱਲੀ ਹੁੰਦੇ ਹੋਏ ਹਰਦੁਆਰ ਪੁੱਜੇ ਜਿਥੇ ਗੰਗਾ ਵਿਚ ਇਸ਼ਨਾਨ ਕਰਨ ਆਏ ਲੋਕਾਂ ਦੁਆਰਾ ਚੜ੍ਹਦੇ ਪਾਸੇ ਮੂੰਹ ਕਰਕੇ ਸੂਰਜ ਵੱਲ ਪਾਣੀ ਸੁਟਿਆ ਜਾ ਰਿਹਾ ਸੀ। ਆਪ ਨੇ ਲਹਿੰਦੇ ਵੱਲ ਪਾਣੀ ਦੇਣਾ ਸ਼ੁਰੂ ਕਰ ਦਿੱਤਾ ਅਤੇ ਪੁੱਛਣ ਤੇ ਦਲੀਲ ਦਿੱਤੀ ਕਿ ਉਹ ਤਲਵੰਡੀ ਵਿਖੇ ਆਪਣੀ ਪੈਲੀ ਨੂੰ ਪਾਣੀ ਦੇ ਰਹੇ ਹਨ। ਜਦੋਂ ਲੋਕੀਂ ਹੱਸੇ ਕਿ ਐਡੀ ਦੂਰ ਪਾਣੀ ਕਿਵੇਂ ਪਹੁੰਚ ਸਕਦਾ ਹੈ ਤਾਂ ਗੁਰੂ ਜੀ ਨੇ ਕਿਹਾ ਕਿ ਜੇਕਰ ਮੇਰੇ ਦੁਆਰਾ ਦਿੱਤਾ ਜਾ ਰਿਹਾ ਪਾਣੀ, ਧਰਤੀ ਉਤੇ ਹੀ ਕੇਵਲ ਡੇਢ-ਦੋ ਸੌ ਮੀਲ ਦੂਰ ਨਹੀਂ ਪੁੱਜ ਸਕਦਾ ਤਾਂ ਤੁਹਾਡੇ ਦੁਆਰਾ ਸੂਰਜ ਵੱਲ ਨੂੰ ਪਿੱਤਰ ਲੋਕ ਵਿਚ ਸੁਟਿਆ ਜਾ ਰਿਹਾ ਪਾਣੀ, ਕਿਵੇਂ ਪੁੱਜ ਸਕਦਾ ਹੈ, ਜਿਸ ਦੀ ਦੂਰੀ ਦਾ ਹੀ ਪਤਾ ਨਹੀਂ। ਲੋਕਾਂ ਦੀਆਂ ਅੱਖਾਂ ਖੁੱਲ੍ਹ ਗਈਆਂ ਤੇ ਬਹੁਤ ਨੇ ਸਿੱਖੀ ਧਾਰਨ ਕੀਤੀ।

ਕਾਮਰੂਪ (ਆਸਾਮ) : ਆਪ ਜੀ ਹਰਦੁਆਰ ਤੋਂ ਅਗਾਂਹ ਪੀਲੀ-ਭੀਤ, ਗੋਰਖ ਮਤਾ (ਹੁਣ ਨਾਨਕ ਮਤਾ), ਮਥੁਰਾ , ਕਾਂਸ਼ੀ (ਬਨਾਰਸ) ਅਤੇ ਗਯਾ ਆਦਿ ਵਿਖੇ ਹੁੰਦੇ ਹੋਏ ਪਟਨੇ ਪੁੱਜੇ। ਉਥੇ ਸਾਲਿਸ ਰਾਏ ਜੌਹਰੀ ਨੂੰ ਸਿੱਖ ਬਣਾ ਕੇ ਅਤੇ ਪ੍ਰਚਾਰਕ ਥਾਪ ਕੇ, ਅੱਗੇ ਕਾਮਰੂਪ (ਆਸਾਮ) ਪੁੱਜੇ। ਉਥੇ ਨੂਰ ਸ਼ਾਹ, ਜਿਹੜੀ ਟੂਣਿਆਂ ਅਤੇ ਆਪਣੀ ਸੁੰਦਰਤਾ ਨਾਲ ਲੋਕਾਂ ਨੂੰ ਠੱਗ ਰਹੀ ਸੀ, ਨੂੰ ਬੇਟੀ ਕਹਿ ਕੇ ਛਲਾਵੇ ਵਿਚੋਂ ਕੱਢਿਆ ਅਤੇ ਅਗਾਂਹ ਢਾਕੇ ਵੱਲ ਚਲੇ ਗਏ।

ਜਗਨਨਾਥ ਪੁਰੀ : ਇਥੇ ਮੰਦਰ ਦੇ ਪੁਜਾਰੀ ਮੋਤੀਆਂ ਜੜੇ ਥਾਲ ਵਿਚ ਬਲਦੇ ਦੀਵੇ, ਧੁਖਦੀ ਧੂਪ, ਫੁੱਲ ਆਦਿ ਰੱਖਕੇ ਦੇਵਤਿਆਂ ਦੀ ਆਰਤੀ ਕਰ ਰਹੇ ਸਨ। ਗੁਰੂ ਜੀ ਨਾਲ ਖੜ੍ਹੇ ਰਹੇ। ਆਰਤੀ ਵਿਚ ਸ਼ਾਮਲ ਨਾ ਹੋਏ। ਪੰਡਿਤਾਂ ਅਤੇ ਉਥੋਂ ਦੇ ਹੋਰ ਵਿਦਵਾਨਾਂ ਨੇ ਕਾਰਨ ਪੁੱਛਿਆ ਤਾਂ ਗੁਰੂ ਜੀ ਨੇ ਪਰਮਾਤਮਾ ਦੀ ਅਸਲੀ ਆਰਤੀ ਗਾਈ: 'ਗਗਨ ਮੈ ਥਾਲੁ ਰਵਿ ਚੰਦ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ।।' ਭਾਵ ਆਕਾਸ਼ ਥਾਲ ਹੈ, ਸੂਰਜ ਤੇ ਚੰਦ ਇਸ ਵਿਚ ਦੀਵੇ ਹਨ ਅਤੇ ਅਣਗਿਣਤ ਤਾਰੇ ਉਸ ਵਿਚ ਮੋਤੀ ਹਨ, ਸੁੰਗਧੀ ਵਾਲੇ ਫੱਲ ਤੇ ਰੁੱਖ ਸਭ ਧੂਪ ਹਨ, ਹਵਾ ਚੌਰ ਕਰ ਰਹੀ ਹੈ। ਇਸ ਤਰ੍ਹਾਂ ਕੁਦਰਤ ਵਿਚ ਪਰਮਾਤਮਾ ਦੀ ਆਰਤੀ ਦਿਨ ਰਾਤ ਆਪੇ ਹੀ ਹੋ ਰਹੀ ਹੈ। ਇਸ ਵਡਿਆਈ ਵਿਚ ਸ਼ਾਮਲ ਹੋਣ ਦੀ ਲੋੜ ਹੈ। ਕੁਦਰਤ ਵਿਚ ਉਸ ਪਰਮਾਤਮਾ ਦੀ ਲੀਲਾ ਨੂੰ ਪਛਾਣੋ ਅਤੇ ਅਨੰਦਤ ਹੋਵੋ।

ਗੁਰੂ ਜੀ ਜਗਨ ਨਾਥ ਪੁਰੀ ਤੋਂ ਵਾਪਸ ਪੰਜਾਬ ਵੱਲ ਨੂੰ ਮੁੜੇ। ਉੜੀਸਾ,



Scanned with CamScanner

ਰੁਹੇਲ ਖੰਡ ਦਾ ਚੱਕਰ ਲਾਕੇ, ਸੱਚ-ਧਰਮ ਦਾ ਉਪਦੇਸ਼ ਦਿੰਦੇ ਹੋਏ ਸੁਲਤਾਨਪੁਰ ਪਹੁੰਚ ਗਏ। ਇਹ ਉਦਾਸੀ 12 ਕੁ ਸਾਲਾਂ ਦੀ ਸੀ।

## ਦੂਸਰੀ ਉਦਾਸੀ (ਦੱਖਣ ਦੀ)

ਦੂਜੀ ਉਦਾਸੀ ਦਾ ਸਮਾਂ 1510 ਈਸਵੀ ਤੋਂ 1515 ਈਸਵੀ ਤੱਕ ਦਾ ਮੰਨਿਆ ਜਾਂਦਾ ਹੈ। ਇਸ ਦੌਰਾਨ ਬੀਕਾਨੇਰ, ਅਜਮੇਰ, ਰਾਜਪੂਤਾਨਾ ਅਤੇ ਸਿੰਗਲਾਦੀਪ ਆਦਿ ਸਥਾਨਾਂ 'ਤੇ ਗਏ। ਗੁਰੂ ਜੀ ਨੇ ਕੌਡਾ ਰਾਖ਼ਸ਼ ਵਰਗੇ ਮਾਣਸ ਖਾਣਿਆਂ ਨੂੰ ਮਨੁੱਖਤਾ ਦਾ ਰਸਤਾ ਦਰਸਾ ਕੇ ਲੋਕ ਸੇਵਾ ਦੇ ਰਸਤੇ ਤੇ ਤੋਰਿਆ। ਵੇਰਵਾ ਹੇਠਾਂ ਦਿੱਤਾ ਜਾਂਦਾ ਹੈ।

ਸਰਸੇ ਦੇ ਫਕੀਰਾਂ ਨੂੰ ਸਮਝਾਉਣਾ : ਪਹਿਲੀ ਉਦਾਸੀ ਤੋਂ ਬਾਅਦ ਕੁਝ ਸਮਾਂ ਕਰਤਾਰਪੁਰ ਸਾਹਿਬ ਵਿਖੇ ਰਹਿ ਕੇ, ਆਪ ਜੀ ਦੱਖਣ ਦਿਸ਼ਾ ਵੱਲ ਤੁਰੇ। ਕਰਤਾਰਪੁਰ ਤੋਂ ਧਰਮਕੋਟ, ਭਟਨੇਰ, ਬਠਿੰਡੇ ਆਦਿ ਹੁੰਦੇ ਹੋਏ ਸਰਸੇ ਪੁੱਜੇ। ਇਥੇ ਮੁਸਲਮਾਨ ਸੂਫੀ ਫਕੀਰਾਂ ਦੇ ਪ੍ਰਚਾਰ ਦਾ ਅੱਡਾ ਸੀ। ਇਹ ਲੋਕ ਕਰਾਮਾਤਾਂ ਅਤੇ ਜਾਦੂ-ਟੂਣਿਆਂ ਨਾਲ ਲੋਕਾਂ ਦੀਆਂ ਮੁਰਾਦਾਂ ਪੂਰੀਆਂ ਕਰਨ ਦੇ ਢੌਂਗ ਰਚਾ ਕੇ ਆਪਣੇ ਮਗਰ ਲਾਉਂਦੇ ਸਨ। ਹਿੰਦੂ ਲੋਕ ਵੀ ਧੜਾਧੜ ਮੁਸਲਮਾਨ ਬਣ ਰਹੇ ਸਨ। ਆਪ ਨੇ ਉਨ੍ਹਾਂ ਸਾਧੂਆਂ ਨੂੰ ਸਮਝਾਇਆ ਕਿ ਉਹ ਅਜਿਹੇ ਲੁੱਟਣ ਦੇ ਧੰਦੇ ਛੱਡ ਕੇ ਲੋੜਵੰਦਾਂ ਦੀ ਸਹਾਇਤਾ ਤੇ ਸੇਵਾ ਲਈ ਅੱਗੇ ਆਉਣ। ਮਾਇਆ ਵਿਚ ਨਾ ਫਸਣ ਬਲਕਿ ਧਰਮ ਦੀ ਕਿਰਤ ਕਰਨ, ਇਸ ਨਾਲ ਹੀ ਰੱਬ ਖੁਸ਼ ਹੋ ਸਕਦਾ ਹੈ।

ਬੀਕਾਨੇਰ : ਇਥੋਂ ਆਪ ਜੀ ਬੀਕਾਨੇਰ ਪੁੱਜੇ, ਜਿਥੇ ਜੈਨੀਆਂ ਦਾ ਬੜਾ ਜ਼ੋਰ ਸੀ। ਇਹ ਲੋਕ ਵਹਿਮ ਦੀ ਹੱਦ ਤੱਕ ਜੀਵਾਂ ਨੂੰ ਨਾ ਮਾਰਨ ਅਤੇ ਲੱਗਦੀ ਵਾਹ ਉਨ੍ਹਾਂ ਦੀ ਰੱਖਿਆ ਕਰਨਾ ਆਪਣਾ ਫਰਜ਼ ਸਮਝਦੇ ਸਨ। ਉਹ ਇਸ਼ਨਾਨ ਨਹੀਂ ਕਰਦੇ ਸਨ ਇਸ ਕਰਕੇ ਜੂਆਂ ਪੈ ਜਾਂਦੀਆਂ ਪਰ ਜੂਆਂ ਨੂੰ ਵੀ ਨਾ ਮਾਰਦੇ ਕਿਉਂਕਿ ਜੀਵ-ਹੱਤਿਆ ਹੋ ਜਾਂਦੀ ਸੀ। ਪਾਣੀ ਵੀ ਪੁਣ-ਪੁਣ ਕੇ ਪੀਂਦੇ ਸਨ। ਸਾਹ ਲੈਣ ਲਈ ਮੂੰਹ ਤੇ ਪੱਟੀਆਂ ਬੰਨ੍ਹ ਕੇ ਰੱਖਦੇ ਹਨ। ਇਥੋਂ ਤੱਕ ਕਿ ਆਪਣੀ ਗੰਦਗੀ (ਟੱਟੀ) ਕਰਨੋਂ ਪਿਛੋਂ ਇਸਨੂੰ ਫਰੋਲ ਕੇ ਖਿਲਾਰ ਦੇਂਦੇ ਸਨ ਤਾਂ ਜੋ ਇਸ ਵਿਚ ਕੀੜੇ ਪੈਦਾ ਹੋਕੇ ਨਾ ਮਰਨ। ਆਪ ਜੀ ਨੇ ਗੁਰਬਾਣੀ ਵਿਚ ਵੀ ਲਿਖਿਆ ਹੈ :

ਫੋਲਿ ਫਦੀਹਤ ਮੁਹਿ ਲੈਨ ਭੜਾਸਾ ਪਾਣੀ ਦੇਖ ਸਗਾਹੀ।।

ਗੁਰੂ ਜੀ ਨੇ ਕਿਹਾ ਕਿ ਗੰਦੇ ਰਹਿਣਾ ਧਰਮ ਨਹੀਂ ਹੈ। ਉਨ੍ਹਾਂ ਨੇ ਤਨ ਤੇ



Scanned with CamScanner

ਮਨ ਦੀ ਸਫਾਈ ਨਾਲ ਪਰਮਾਤਮਾ ਨੂੰ ਖੁਸ਼ ਕਰਨ ਦਾ ਰਾਹ ਦੱਸਿਆ। ਸਿਆਣਪ-ਹੀਣ ਕੰਮਾਂ ਤੋਂ ਵਰਜ ਕੇ, ਤਿਆਗ ਦੀ ਪਰੇਰਨਾ ਦਿੱਤੀ ਤੇ ਸੱਚੇ ਧਰਮ ਦੇ ਰਾਹ ਤੇ ਪਾਇਆ।

**ਅਜਮੇਰ :** ਅਜਮੇਰ ਜੋਗੀਆਂ ਅਤੇ ਮੁਸਲਮਾਨ ਸੂਫੀ ਫਕੀਰਾਂ ਦਾ ਗੜ੍ਹ ਸੀ। ਗੁਰੂ ਜੀ ਨੇ ਉਨ੍ਹਾਂ ਨੂੰ ਸੱਚੇ ਮੁਸਲਮਾਨ ਬਣਨ ਦਾ ਉਪਦੇਸ਼ ਦਿੱਤਾ। ਸਭ ਇਨਸਾਨਾਂ ਨੂੰ ਇੱਕ ਪਿਤਾ ਦੀ ਔਲਾਦ ਜਾਣ ਕੇ ਆਪਸ ਵਿਚ ਭੈਣ-ਭਰਾ ਅਤੇ ਸਭ ਨੂੰ ਬਰਾਬਰ ਸਮਝਣਾ ਅਤੇ ਨੇਕ ਕੰਮ ਕਰਕੇ, ਖੁਦਾ ਦੀ ਬੰਦਗੀ ਕਰਨ ਦਾ ਰਾਹ ਦੱਸਿਆ।

**ਕੌਡਾ ਰਾਖਸ਼ :** ਰਾਜਪੂਤਾਨੇ ਦਾ ਚੱਕਰ ਲਾ ਕੇ ਗੁਰੂ ਜੀ ਇੰਦੌਰ ਪੁੱਜੇ। ਇੱਥੋਂ ਜੰਗਲਾਂ ਪਹਾੜਾਂ ਵਿਚੋਂ ਲੰਘਦਿਆਂ ਪਤਾ ਲੱਗਾ ਕਿ ਇੱਕ ਬੰਦੇ-ਖਾਣੀ ਰਾਖਸ਼-ਕੌਮ ਹੈ। ਇਨ੍ਹਾਂ ਦਾ ਸਰਦਾਰ ਕੌਡਾ ਹੈ। ਉਹ ਵੀ ਇੱਥੇ ਰਾਹੀ ਮੁਸਾਫਰਾਂ ਨੂੰ ਫੜ ਕੇ ਖਾ ਜਾਂਦਾ ਹੈ। ਖਤਰੇ ਨੂੰ ਮੁੱਲ ਲੈ ਕੇ ਆਪ ਜੀ ਕੌਡੇ ਰਾਖਸ਼ ਦੇ ਟਿਕਾਣੇ ਤੇ ਜਾ ਪੁੱਜੇ। ਆਪ ਜੀ ਦਾ ਵਿਸ਼ਵਾਸ ਸੀ ਕਿ ਜੇਕਰ ਕੌਡਾ ਸੁਧਰ ਜਾਵੇਗਾ ਤਾਂ ਬਾਕੀ ਕੌਮ ਉਸ ਦੇ ਕਦਮਾਂ ਤੇ ਚੱਲ ਕੇ ਆਪੇ ਠੀਕ ਹੋ ਜਾਵੇਗੀ। ਕੌਡੇ ਨੇ ਵੇਖਦੇ ਸਾਰ ਗੁਰੂ ਸਾਹਿਬ ਤੇ ਸਾਥੀਆਂ ਨੂੰ ਤੇਲ ਦੇ ਗਰਮ ਕੜਾਹੇ ਵਿਚ ਪਾਉਣ ਲਈ ਅੱਗੇ ਵਧਣ ਦੀ ਸੋਚੀ। ਸਤਿਗੁਰੂ ਜੀ ਦੇ ਚਿਹਰੇ ਦੇ ਜਲਾਲ ਅਤੇ ਰੱਬੀ ਨੂਰ ਵੱਲ ਵੇਖਦਿਆਂ ਹੀ ਉਸਦਾ ਪੱਥਰ ਦਿਲ, ਮੋਮ ਵਰਗਾ ਹੋ ਗਿਆ। ਸਤਿਗੁਰੂ ਜੀ ਦੇ ਚਰਨੀਂ ਡਿੱਗਾ। ਗੁਰੂ ਜੀ ਨੇ ਬੰਦੇ ਖਾਣ ਤੋਂ ਰੋਕ ਕੇ ਕਿਰਤ ਕਰਨ, ਨਾਮ ਜਪਣ-ਜਪਾਉਣ, ਵੰਡ ਕੇ ਛਕਣ ਅਤੇ ਹਰ ਕਿਸੇ ਦੀ ਸੇਵਾ ਕਰਨ ਦਾ ਪ੍ਰਣ ਕਰਵਾਇਆ। ਉਹ ਇੱਕ ਸੱਚਾ ਇਨਸਾਨ ਬਣ ਗਿਆ।

**ਸੰਗਲਾਦੀਪ :** ਇਸ ਬੰਦੇ ਖਾਣੀ ਕੌਮ ਨੂੰ ਸੋਧ ਕੇ ਆਪ ਅਗਾਂਹ ਦੱਖਣ ਵੱਲ ਹੈਦਰਾਬਾਦ, ਗੋਲਕੁੰਡਾ, ਮਦਰਾਸ, ਪਾਂਡੀਚਰੀ, ਤੰਜੌਰ ਆਦਿ ਤੋਂ ਹੁੰਦੇ ਹੋਏ ਸੰਗਲਾਦੀਪ (ਲੰਕਾ) ਜਾ ਪੁੱਜੇ। ਇਥੇ ਦਾ ਰਾਜਾ ਸ਼ਿਵਨਾਭ ਸੀ। ਉਹ ਭਾਈ ਮਨਸੁਖ ਤੋਂ ਗੁਰੂ ਜੀ ਬਾਰੇ ਸੁਣ ਚੁੱਕਾ ਸੀ ਅਤੇ ਆਪਣੇ ਮਨ ਵਿਚ ਗੁਰੂ ਜੀ ਦੇ ਦਰਸ਼ਨਾਂ ਦੀ ਤਾਂਘ ਰੱਖਦਾ ਸੀ। ਉਸ ਦੀ ਗੁਰੂ ਪ੍ਰਤੀ ਸ਼ਰਧਾ ਨੂੰ ਜਾਣਦਿਆਂ ਬਹੁਤ ਸਾਰੇ ਸਾਧੂ ਉਸ ਨੂੰ ਆਪਣਾ ਚੇਲਾ ਬਨਾਉਣ ਲਈ ਆਉਂਦੇ। ਉਹ ਪਰਖ ਵਜੋਂ ਵਧੀਆ ਖਾਣ ਪਹਿਨਣ, ਸੇਵਾ ਅਤੇ ਸੁੰਦਰ ਇਸਤਰੀਆਂ, ਧਨ ਆਦਿ ਉਨ੍ਹਾਂ ਦੀ ਸੇਵਾ ਵਿਚ ਭੇਟ ਕਰਦਾ ਅਤੇ ਆਪਣੇ ਬਾਗ ਵਿੱਚ ਡੇਰਾ ਕਰਵਾ ਦਿੰਦਾ। ਕੱਚੇ, ਕੱਚ ਹੀ ਦਿਖਾਉਂਦੇ। ਉਹ ਰਸਾਂ ਕਸਾਂ ਵਿਚ ਫਸ ਜਾਂਦੇ ਤੇ ਮੌਜਾਂ



Scanned with CamScanner

ਮਾਣਦੇ ਨਾਲੇ ਧਨ ਇਕੱਠਾ ਕਰਦੇ। ਇਸ ਤਰ੍ਹਾਂ ਰਾਜਾ ਉਨ੍ਹਾਂ ਦੇ ਪਾਖੰਡ ਨੂੰ ਸਮਝ ਜਾਂਦਾ। ਸੰਗਲਾਦੀਪ ਪਹੁੰਚ ਕੇ, ਗੁਰੂ ਜੀ ਨੇ ਆਪ ਹੀ ਰਾਜੇ ਦੇ ਬਾਗ ਵਿਚ ਡੇਰਾ ਲਾ ਲਿਆ। ਰਾਜਾ ਸ਼ਿਵਨਾਭ ਨੇ ਗੁਰੂ ਜੀ ਲਈ ਵੀ ਉਹੀ ਲਾਲਚ ਵਗੈਰਾ ਦਿੱਤੇ, ਪਰ ਸਾਹਿਬ ਨੇ ਰਾਜੇ ਦੁਆਰਾ ਭੇਜੀਆਂ ਸੁੰਦਰ ਲੜਕੀਆਂ ਨੂੰ ਸੰਬੋਧਨ ਕੀਤਾ: ਗਾਛਹੁ ਪੁਤਰੀ ਰਾਜ ਕੁਆਰਿ। ਨਾਮੁ ਭਣਹੁ ਸਚੁ ਦੋਤੁ ਸੁਆਰਿ। । ਭਾਵ *ਜਾਓ ਬੱਚੀਓ, ਕਰਤਾਰ ਚਿੱਤ ਆਵੇ। ਰੱਬ ਦਾ ਨਾਂ ਲਵੋ ਅਤੇ ਸੱਚੇ ਸ਼ਿੰਗਾਰ ਵਾਲੀਆਂ ਬਣੋ।* ਰਾਜਾ ਸੁੰਦਰੀਆਂ ਤੋਂ ਇਹ ਵਾਰਤਾ ਸੁਣਕੇ ਗੁਰੂ ਜੀ ਦੇ ਚਰਨੀਂ ਢਹਿ ਪਿਆ ਅਤੇ ਦਰਸ਼ਨ ਕਰਕੇ ਬਹੁਤ ਪ੍ਰਸੰਨ ਹੋਇਆ। ਰਾਜੇ ਅਤੇ ਉਸ ਦੀ ਬਹੁਤ ਪ੍ਰਜਾ ਨੇ ਗੁਰੂ ਜੀ ਤੋਂ ਸਿੱਖੀ ਧਾਰਨ ਕੀਤੀ। ਕਾਫੀ ਸਮਾਂ ਗੁਰੂ ਜੀ ਉਥੇ ਪਰਚਾਰ ਕਰਦੇ ਰਹੇ। ਰਾਜਾ ਸ਼ਿਵਨਾਭ ਨੂੰ ਪਰਚਾਰ ਦਾ ਕੰਮ ਸੌਂਪ ਕੇ ਵਾਪਸ ਪਰਤਣਾ ਸ਼ੁਰੂ ਕੀਤਾ।

ਕਜਲੀ-ਬਨ : ਸੰਗਲਾਦੀਪ ਤੋਂ ਵਾਪਸੀ ਤੇ ਆਪ ਜੀ ਕਜਲੀ-ਬਨ ਪਹੁੰਚੇ ਜਿਥੇ ਸਿੱਧ ਅਤੇ ਜੋਗੀ ਲੋਕ ਸਿੱਧੀਆਂ ਅਤੇ ਕਰਾਮਾਤਾਂ ਨਾਲ ਲੋਕਾਂ ਪਾਸੋਂ ਭੇਟਾਵਾਂ ਉਗਰਾਹੁੰਦੇ ਸਨ ਅਤੇ ਆਪਣੀ ਮਾਨਤਾ ਕਰਵਾਉਂਦੇ ਸਨ। ਆਪ ਉਹ ਸ਼ਰਾਬਾਂ ਵਿਚ ਫਸੇ ਹੋਏ, ਰੱਬ ਦਾ ਜੋਗ ਕਮਾਉਣ ਦਾ ਭਰਮ ਪਾਲ ਰਹੇ ਸਨ। ਗੁਰੂ ਜੀ ਨੇ ਉਨ੍ਹਾਂ ਨੂੰ ਮਨ ਕਰਤਾਰ ਵੱਲ ਤੇ ਹੱਥ ਕਾਰ ਵਿਚ ਲਾ ਕੇ ਮਾਇਆ ਜਾਲ ਵਿਚੋਂ ਬਚਣ ਦਾ ਉਪਦੇਸ਼ ਦਿੱਤਾ। ਸਿੱਧ ਲੋਕਾਂ ਨੇ ਸਿਰ ਨਿਵਾਏ ਤੇ ਗੁਰੂ ਜੀ ਦੁਆਰਾ ਦੱਸੇ ਮਾਰਗ ਤੇ ਚੱਲਣ ਦਾ ਪ੍ਰਣ ਕੀਤਾ। ਇਥੋਂ ਆਪ ਜੀ ਕਰਤਾਰਪੁਰ ਸਾਹਿਬ ਵਾਪਸ ਆ ਗਏ।

## ਤੀਜੀ ਉਦਾਸੀ (ਉੱਤਰ ਦੀ)

ਦੂਜੀ ਉਦਾਸੀ ਕਰਕੇ ਵਾਪਸ ਪਰਤਿਆਂ ਹਾਲਾਂ ਇੱਕ ਸਾਲ ਵੀ ਪੂਰਾ ਨਹੀਂ ਹੋਇਆ ਸੀ ਕਿ ਆਪ ਨੇ ਕਰਤਾਰ ਵਲੋਂ ਲਗਾਈ ਸੇਵਾ ਨੂੰ ਅੱਗੇ ਤੋਰਦਿਆਂ ਤੀਜੀ ਉਦਾਸੀ ਉਤਰ ਪਾਸੇ (ਪਹਾੜ ਵੱਲ) ਦੀ ਸੰਨ 1516 ਈਸਵੀ ਵਿਚ ਸ਼ੁਰੂ ਕੀਤੀ।

ਮਟਨ : ਕਰਤਾਰਪੁਰ ਸਾਹਿਬ ਤੋਂ ਆਪ ਤੁਰ ਕੇ ਜੰਮੂ ਦੇ ਰਾਹ ਕਸ਼ਮੀਰ ਅਤੇ ਫਿਰ ਮਟਨ ਪੁੱਜੇ, ਜਿਥੇ ਮਾਰਤੰਡ ਚਸ਼ਮੇ ਤੇ ਡੇਰਾ ਕਰ ਲਿਆ। ਇਥੇ ਬ੍ਰਹਮ ਦਾਸ ਨਾਮ ਦਾ ਬਹੁਤ ਵਿਦਵਾਨ ਪੰਡਿਤ ਬੜੇ ਅਹੰਕਾਰ ਵਿਚ ਸੀ। ਉਹ ਸਾਧੂਆਂ ਨੂੰ ਆਪਣੀ ਵਿਚਾਰ ਚਰਚਾ ਵਿਚ ਹਰਾ ਕੇ ਬੜਾ ਖੁਸ਼ ਹੁੰਦਾ। ਗੁਰੂ ਜੀ ਦਾ ਆਉਣਾ ਸੁਣ ਕੇ, ਉਹ ਆਪਣੇ ਗਰੰਥਾਂ ਸਮੇਤ ਉਨ੍ਹਾਂ ਕੋਲ ਆ



Scanned with CamScanner

ਗਿਆ ਅਤੇ ਲੱਗਾ ਵਿਦਵਤਾ ਘੋਟਣ। ਸਤਿਗੁਰੂ ਜੀ ਅੱਗੇ ਉਸਦੀ ਪੇਸ਼ ਨਾ ਗਈ। ਚਰਨਾਂ ਤੇ ਮੱਥਾ ਟੇਕਿਆ। ਸਿੱਖੀ ਧਾਰਨ ਕੀਤੀ ਅਤੇ ਅੱਗੋਂ ਤੋਂ ਆਪ ਕਿਰਤ ਕਰਨ ਅਤੇ ਲੋਕਾਂ ਨੂੰ ਵੀ ਕਿਰਤ ਕਰਕੇ ਵੰਡ ਛਕਣ ਤੇ ਨਾਮ ਜਪਣ ਵੱਲ ਲਾਉਣ ਦਾ ਪ੍ਰਣ ਕੀਤਾ। ਇਥੇ ਹੀ ਮੁਸਲਮਾਨ ਫਕੀਰ ਕਮਾਲ ਨੂੰ ਗੁਰੂ ਜੀ ਨੇ ਸਿੱਖ ਬਣਾਇਆ ਅਤੇ ਕੁਰਮ ਘਾਟੀ ਵਿਚ ਪ੍ਰਚਾਰ ਦਾ ਕੰਮ ਸੰਭਾਲਿਆ।

**ਕੈਲਾਸ਼ ਪਰਬਤ (ਸੁਮੇਰ ਤੇ ਪੁੱਜਣਾ) :** ਗੁਰੂ ਜੀ ਹੁਣ ਸ਼ਿਵਾਲਿਕ ਦੀਆਂ ਪਹਾੜੀਆਂ ਵੱਲ ਹੋ ਤੁਰੇ। ਪੀਰ ਬੁੱਢਣ ਸ਼ਾਹ ਨੂੰ, ਹੁਣ ਦੇ ਕੀਰਤਪੁਰ ਸਾਹਿਬ ਵਿਖੇ ਮਿਲੇ ਅਤੇ ਉਪਦੇਸ਼ ਦੇ ਕੇ ਨਿਹਾਲ ਕੀਤਾ। ਇਥੋਂ ਸਿਰਮੌਰ, ਗੜ੍ਹਵਾਲ, ਨੇਪਾਲ, ਪੱਛਮੀ ਤਿੱਬਤ ਹੁੰਦੇ ਹੋਏ ਸੁਮੇਰ ਪਰਬਤ ਤੇ ਜਾ ਪਹੁੰਚੇ ਅਤੇ ਮਾਨ ਸਰੋਵਰ ਝੀਲ ਤੇ ਟਿਕਾਣਾ ਕਰ ਲਿਆ।

**ਸਿੱਧਾਂ ਨਾਲ ਚਰਚਾ :** ਇਤਨੀ ਉੱਚਾਈ (19000 ਫੁੱਟ) 'ਤੇ ਗੁਰੂ ਨਾਨਕ ਦੇਵ ਜੀ ਨੂੰ ਆਪਣੇ ਸਾਥੀਆਂ ਸਮੇਤ ਦੇਖ ਪਹਿਲਾਂ ਸਿੱਧ ਹੈਰਾਨ ਹੋਏ। ਇਨ੍ਹਾਂ ਵਿਚ ਗੋਰਖ ਨਾਥ, ਲੋਹਾਰੀਪਾ, ਮਛੰਦਰ ਨਾਥ, ਭੰਗਰ ਨਾਥ ਤੇ ਹਨੀਫਾ ਆਦਿ ਸਨ। ਜਦ ਗੋਪੀ ਚੰਦੀ ਨੇ ਪੁੱਛਿਆ ਕਿ ਤੁਹਾਡਾ ਸੁਮੇਰ ਤੇ ਆਉਣ ਦਾ ਕੀ ਮੰਤਵ ਹੈ ਅਤੇ ਮਾਤ ਲੋਕ ਵਿਚ ਕੀ ਵਰਤ ਰਿਹਾ ਹੈ ਤਾਂ ਗੁਰੂ ਨਾਨਕ ਦੇਵ ਜੀ ਨੇ ਕਿਹਾ ਕਿ *'ਨਿਰੋਲ ਮੰਤਵ ਤੁਹਾਨੂੰ, ਲੋਕਾਂ ਦੇ ਦੁੱਖਾਂ ਵਿਚ ਸ਼ਾਮਲ ਕਰਨਾ ਹੈ। ਮਾਤ ਲੋਕ ਦੀ ਗੱਲ ਪੁੱਛਦੇ ਹੋ, ਉਥੇ ਤਾਂ ਸੱਚ ਰੂਪ ਚੰਦਰਮਾ ਦਿਖਾਈ ਨਹੀਂ ਦੇ ਰਿਹਾ ਹਰ ਥਾਂ ਤੇ ਕੂੜ ਦਾ ਅੰਧਿਆਰਾ ਹੈ।'*

ਸਿੱਧਾਂ ਨੇ ਗੁਰੂ ਨਾਨਕ ਦੇਵ ਨੂੰ ਆਪਣੇ ਚੁੰਗਲ ਵਿਚ ਫਸਾਉਣ ਲਈ ਬੜੇ ਅਡੰਬਰ ਕੀਤੇ ਪਰ ਆਪ ਜੀ ਦੇ ਵਿਚਾਰਾਂ ਨੇ ਜੋਗੀਆਂ ਤੇ ਸਿੱਧਾਂ ਵਿਚ ਹਲਚਲ ਮਚਾ ਦਿੱਤੀ। ਆਪ ਨੇ ਉਨ੍ਹਾਂ ਨੂੰ ਸਮਝਾਇਆ ਕਿ ਤੁਸੀਂ ਅਸਲੀ ਧਰਮ ਗੁਆ ਬੈਠੇ ਹੋ ਅਤੇ ਹੋਰ ਹੀ ਰਾਹ ਅਪਣਾ ਬੈਠੇ ਹੋ। ਕਿਰਤ ਵਿਰਤ ਛੱਡ ਬੈਠੇ ਹੋ। ਪਰਉਪਕਾਰ ਤੁਸੀਂ ਨਹੀਂ ਕਰ ਰਹੇ। ਰਿੱਧੀਆਂ ਸਿੱਧੀਆਂ ਵਿਚ ਰੱਬ ਦੀ ਪ੍ਰਾਪਤੀ ਨਹੀਂ ਹੈ। ਇਨ੍ਹਾਂ ਵਿਚ ਨਾ ਆਤਮਕ ਸੁੱਖ ਹੈ ਅਤੇ ਜੀਵਨ ਮੁਕਤੀ। ਜੋਗੀਆਂ ਨੂੰ ਆਪ ਜੀ ਦਾ ਗਿਆਨ ਸਿੱਧੇ ਰਸਤੇ ਪਾਉਣ ਵਿਚ ਸਫਲ ਹੋਇਆ। ਉਹ ਮੰਨ ਗਏ ਕਿ ਗੁਰੂ ਜੀ ਦੇ ਖਿਆਲ ਅਤੇ ਸਿਧਾਂਤ ਠੀਕ ਹਨ। ਕਈ ਸਿੱਧ ਗੁਰੂ ਜੀ ਦੇ ਸਿੱਖ ਬਣ ਗਏ ਇਨ੍ਹਾਂ ਵਿਚੋਂ ਭਰਥਰੀ ਸਭ ਤੋਂ ਉਚਾ ਜੋਗੀ ਵੀ ਇੱਕ ਸੀ।

ਇੱਥੋਂ ਆਪ ਜੀ ਚੀਨ, ਲੱਦਾਖ, ਸ੍ਰੀਨਗਰ, ਜੰਮੂ ਅਤੇ ਸਿਆਲਕੋਟ ਦੇ ਰਾਹ ਮੁੜ ਕਰਤਾਰਪੁਰ ਵਿਖੇ ਆ ਗਏ।



Scanned with CamScanner

ਬੇਬੇ ਨਾਨਕੀ ਦਾ ਅਕਾਲ ਚਲਾਣਾ : ਬੇਬੇ ਨਾਨਕੀ ਜੀ ਸੰਨ 1518 ਈਸਵੀ ਵਿਚ ਅਕਾਲ ਚਲਾਣਾ ਕਰ ਗਏ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਹੱਥੀਂ ਸਸਕਾਰ ਕੀਤਾ। ਬੇਬੇ ਨਾਨਕੀ ਇਕ ਉਹ ਪਾਵਨ ਸ਼ਖ਼ਸੀਅਤ ਸੀ, ਜਿਸ ਨੇ ਬਚਪਨ ਤੋਂ ਗੁਰੂ ਨਾਨਕ ਜੀ ਦੀ ਵਡਿਆਈ ਜਾਣ ਲਈ ਸੀ। ਰਬਾਬ ਜਦ ਨਵੀਂ ਬਣਵਾਈ ਸੀ ਤਾਂ ਵੀ ਭੈਣ ਨਾਨਕੀ ਕੋਲੋਂ ਹੀ ਰੁਪਿਆ ਲਿਆ ਸੀ। ਬੇਬੇ ਨਾਨਕੀ ਦੇ ਅਕਾਲ ਚਲਾਣੇ ਦੇ ਤਿੰਨਾਂ ਦਿਨਾਂ ਪਿਛੋਂ ਭਾਈ ਜੈ ਰਾਮ ਜੀ ਵੀ ਚੜ੍ਹਾਈ ਕਰ ਗਏ।

## ਚੌਥੀ ਉਦਾਸੀ (ਪੱਛਮ ਦੀ)
## (1518-1521 ਈ:)

ਕੁਝ ਮਹੀਨੇ ਕਰਤਾਰਪੁਰ ਟਿਕੇ ਤੇ ਚੌਥੀ ਉਦਾਸੀ ਗੁਰੂ ਜੀ ਨੇ ਪੱਛਮ ਦੇਸ਼ ਭਾਵ ਇਸਲਾਮੀ ਅਸਥਾਨਾਂ ਵੱਲ ਕੀਤੀ। ਭਾਈ ਗੁਰਦਾਸ ਜੀ ਇਸ ਉਦਾਸੀ ਬਾਰੇ ਇਸ ਤਰ੍ਹਾਂ ਲਿਖਦੇ ਹਨ :

''ਬਾਬਾ ਫਿਰਿ ਮਕੇ ਗਇਆ ਨੀਲ ਬਸਤ੍ਰ ਧਾਰ ਬਨਵਾਰੀ।''

ਮੱਕਾ ਸ਼ਰੀਫ : ਆਪ ਜੀ ਨੇ ਹਾਜੀਆਂ ਵਾਲਾ ਬਾਣਾ ਧਾਰਨ ਕੀਤਾ। ਉਨ੍ਹਾਂ ਨਾਲ ਕੇਵਲ ਰਬਾਬੀ ਮਰਦਾਨਾ ਸੀ। ਆਪ ਤਲਵੰਡੀ, ਰੋਹਤਾਸ, ਗਾਜ਼ੀ ਖਾਂ ਆਦਿ ਥਾਵਾਂ ਤੋਂ ਹੁੰਦੇ ਹੋਏ ਸਿੰਧ ਗਏ ਅਤੇ ਹਾਜੀਆਂ ਨਾਲ ਰਲ ਕੇ ਮੱਕੇ ਸ਼ਰੀਫ ਜਾ ਪੁੱਜੇ। ਆਪ, ਉਨ੍ਹਾਂ ਦਾ ਇਹ ਵਹਿਮ ਕਿ ਅੱਲਾਹ ਕੇਵਲ ਪੱਛਮ ਵੱਲ ਹੈ, ਦੂਰ ਕਰਨ ਲਈ, ਕਾਹਬੇ ਵੱਲ ਨੂੰ ਪੈਰ ਪਸਾਰ ਕੇ ਸੌਂ ਗਏ। ਹਾਜੀ ਲੋਕ ਰੌਲਾ ਪਾਉਣ ਲੱਗੇ। ਜੀਵਣ ਨਾਮੀ ਪੰਜਾਬੀ ਹਾਜੀ ਨੇ ਗੁੱਸੇ ਵਿਚ ਗੁਰੂ ਜੀ ਨੂੰ ਠੁੱਡ ਮਾਰਿਆ। ਕਹਿਣ ਲੱਗਾ ਕਾਫਰਾ, ਖ਼ੁਦਾ ਦੇ ਘਰ ਵੱਲ ਪੈਰ ਪਸਾਰੀ ਪਿਆ ਹੈਂ। ਗੁਰੂ ਜੀ ਕਹਿਣ ਲੱਗੇ ਮਿੱਤਰਾ, ਮੈਂ ਤਾਂ ਪਰਦੇਸੀ ਹਾਂ ਤੇ ਥੱਕਿਆ ਹੋਇਆਂ ਹਾਂ। ਜਿੱਧਰ ਰੱਬ ਨਹੀਂ, ਮੇਰੀਆਂ ਲੱਤਾਂ ਉਧਰ ਕਰ ਦੇਹ। ਜੀਵਣ ਨੇ ਲੱਤਾਂ ਤੋਂ ਫੜ ਕੇ ਚਾਰੇ ਪਾਸੇ ਘੁਮਾ-ਘੁਮਾ ਵੇਖਿਆ। ਜਿੱਧਰ ਨੂੰ ਉਹ ਪੈਰ ਕਰੇ, ਉਸੇ ਪਾਸੇ ਕਾਹਬਾ ਦੇਖਿਆ ਕਰੇ। ਸਾਰੇ ਹਾਜੀ ਤੇ ਜੀਵਣ ਹੈਰਾਨ ਸੀ। ਗੁਰੂ ਜੀ ਨੇ ਕਿਹਾ ਕਿ ਭਾਈ ਜਿੱਧਰ ਵੀ ਤੁਸੀਂ ਮੂੰਹ ਕਰੋ ਉੱਧਰ ਹੀ ਅੱਲ੍ਹਾ ਦਾ ਮੂੰਹ ਹੈ।

ਇੱਥੇ ਹੀ ਮਖਦੂਮ ਰੁਕਨਦੀਨ ਜਿਹੜਾ ਕਿ ਮੁਖੀ ਹਾਜੀ ਸੀ, ਦੀ ਤਸੱਲੀ ਕਰਾਈ ਕਿ ਜੋ ਕੁਝ ਇਨਸਾਨ ਇਸ ਸੰਸਾਰ ਵਿਚ ਕਰਦਾ ਹੈ, ਉਸ ਮੁਤਾਬਿਕ ਹੀ ਉਹ ਚੰਗੇ ਜਾਂ ਮੰਦੇ ਫਲ ਭੋਗਦਾ ਹੈ। ਮ੍ਰਿਤਕਾਂ ਨੂੰ ਕਬਰਾਂ ਵਿਚ ਦੱਬਣ ਜਾਂ ਸਸਕਾਰ ਕਰਨ ਵਿਚ ਕੋਈ ਅੰਤਰ ਨਾ ਹੋਣ ਦਾ ਉਪਦੇਸ਼ ਵੀ ਇੱਥੇ



Scanned with CamScanner

ਹੀ ਦ੍ਰਿੜ੍ਹ ਕਰਵਾਇਆ ਕਿ ਮੰਦੇ ਕਰਮ ਕਰਨ ਵਾਲਾ ਮੁਸਲਮਾਨ, ਕਬਰ ਵਿਚ ਦੱਬੇ ਜਾਣ ਕਰਕੇ ਸਵਰਗ (ਬਹਿਸ਼ਤ) ਨਹੀਂ ਪ੍ਰਾਪਤ ਕਰ ਸਕਦਾ ਅਤੇ ਹਿੰਦੂ ਸਸਕਾਰ ਕਰਕੇ ਆਪਣੇ ਮਾੜੇ ਕੰਮਾਂ ਦੇ ਨਤੀਜਿਆਂ ਤੋਂ ਬਚ ਨਹੀਂ ਸਕਦਾ ਤੇ ਚੰਗੇ ਕੰਮਾਂ ਕਰਕੇ ਬਹਿਸ਼ਤ ਵਿਚੋਂ ਕੱਢਿਆ ਨਹੀਂ ਜਾ ਸਕਦਾ। ਗੁਰੂ ਜੀ ਨੇ ਦੱਸਿਆ: 'ਸ਼ੁਭ ਅਮਲਾਂ ਬਾਝੋਂ ਦੋਨੋਂ ਰੋਈ।' ਰੁਕਨਦੀਨ ਨੇ ਗੁਰੂ ਜੀ ਨੂੰ ਆਪਣਾ ਮਾਰਗ ਦਰਸ਼ਨ ਮੰਨਿਆ।

ਸੱਜਣ ਠੱਗ : ਜਦੋਂ ਪਾਕਪਟਨ ਤੋਂ ਤੁਲੰਬੇ ਪੁੱਜੇ, ਉਥੇ ਇਕ ਸੱਜਣ ਨਾਮ ਦਾ ਪੁਰਸ਼ ਸਾਧਾਂ ਦੇ ਰੂਪ ਵਿਚ ਠੱਗੀਆਂ ਕਰਦਾ ਸੀ। ਦੇਖਣ ਨੂੰ ਭੋਲਾ ਭਾਲਾ, ਮੂੰਹ ਦਾ ਮਿੱਠਾ ਸੀ। ਕਈਆਂ ਦੀ ਇੱਜ਼ਤ ਤੇ ਮਾਲ ਉਸ ਨੇ ਲੁੱਟਿਆ ਸੀ। ਗੁਰੂ ਜੀ ਆਪ ਉਸ ਪਾਸ ਗਏ ਤੇ ਸ਼ਬਦ ਦੀ ਚੋਟ ਮਾਰ ਸਮਝਾਇਆ। ਸੱਜਣ ਨੂੰ ਉਸ ਦੀ ਕਮਜ਼ੋਰੀ ਤੇ ਠੱਗੀ ਗੁਰੂ ਜੀ ਨੇ ਦਿਖਾ ਦਿੱਤੀ। ਸੱਜਣ ਨੇ ਠੱਗੀ ਛੱਡੀ ਤੇ ਸਿੱਖ ਬਣ ਗਿਆ, ਇਕ ਗੁਰਦੁਆਰਾ ਵੀ ਬਣਵਾਇਆ।

ਤੁਰਕੀ : ਮੱਕੇ ਤੋਂ ਆਪ ਜੀ ਮਿਸਰ, ਸੂਡਾਨ ਹੁੰਦੇ ਹੋਏ ਤੁਰਕੀ ਜਾ ਪੁੱਜੇ। ਉਥੋਂ ਦੇ ਜ਼ਾਲਮ ਤੇ ਜਾਬਰ ਬਾਦਸ਼ਾਹ ਨੂੰ ਬੜੀ ਨਿਰਭੈਤਾ ਨਾਲ ਮਿਲੇ ਅਤੇ ਪਰਜਾ ਉਤੇ ਜ਼ੁਲਮ ਨਾ ਕਰਨ ਅਤੇ ਦਇਆ ਤੇ ਨਿਆਂ ਕਰਨ ਦਾ ਉਪਦੇਸ਼ ਦਿੱਤਾ।

ਬਗ਼ਦਾਦ ਵਿਚ : ਮੱਕੇ ਤੋਂ ਮਦੀਨੇ ਅਤੇ ਮਦੀਨੇ ਤੋਂ ਬਗ਼ਦਾਦ ਗਏ। ਬਗਦਾਦ ਇਸਲਾਮ ਦਾ ਵੱਡਾ ਕੇਂਦਰ ਸੀ। ਬਗ਼ਦਾਦ ਸ਼ਹਿਰ ਤੋਂ ਬਾਹਰ ਟਿਕਾਣਾ ਕੀਤਾ ਅਤੇ ਅੰਮ੍ਰਿਤ ਵੇਲੇ ਸਤਿ ਕਰਤਾਰ ਦੀ ਸੁਰੀਲੀ ਅਤੇ ਦਿਲ ਖਿੱਚਵੀਂ ਧੁਨਿ ਅਲਾਪੀ। ਕਈ ਉਨ੍ਹਾਂ ਦੁਆਲੇ ਪੱਥਰ ਵੱਟੇ ਲੈ ਤੁਰੇ ਕਿਉਂਕਿ ਇਸਲਾਮ ਵਿਚ ਰਾਗ ਦੀ ਆਗਿਆ ਨਹੀਂ। ਪਰ ਕੌਣ ਨਿਰੰਕਾਰ ਦੀ ਝਾਲ ਝੱਲ ਸਕਦਾ ਸੀ। ਰੱਬੀ ਬਾਣੀ ਸੁਣਕੇ ਉਨ੍ਹਾਂ ਤੇ ਅਜਿਹਾ ਪ੍ਰਭਾਵ ਪਿਆ ਕਿ ਸਾਰੀ ਨਗਰੀ ਸ਼ਾਂਤ ਹੋ ਗਈ। ਗੁਰੂ ਜੀ ਨੇ ਲੱਖਾਂ ਪਾਤਾਲ ਤੇ ਲੱਖਾਂ ਹੀ ਅਸਮਾਨ ਦੱਸੇ। ਇਹ ਇਸਲਾਮ ਦੇ ਸੱਤ ਅਸਮਾਨਾਂ ਵਾਲੇ ਧਾਰਮਿਕ ਆਸ਼ੇ ਉੱਤੇ ਕਰਾਰੀ ਚੋਟ ਸੀ। ਉਹਨਾਂ ਦੇ ਪੀਰ ਦਸਤਗੀਰੀ ਨੇ ਸੰਗ ਸਾਰ (ਪੱਥਰਾਂ ਨਾਲ ਮਾਰਨ) ਦਾ ਹੁਕਮ ਦਿੱਤਾ। ਪਰ ਲੋਕਾਂ ਉਤੇ ਸਤਿਗੁਰੂ ਜੀ ਦੀ ਪਵਿੱਤਰ ਸ਼ਖ਼ਸੀਅਤ ਦਾ ਅਜਿਹਾ ਪ੍ਰਭਾਵ ਪਿਆ ਕਿ ਸਾਰਿਆਂ ਦੇ ਹੱਥ ਰੁਕ ਗਏ। ਗੁਰੂ ਜੀ ਨੇ ਲੱਖਾਂ ਪਤਾਲਾਂ ਤੇ ਲੱਖਾਂ ਅਸਮਾਨਾਂ ਦੀਆਂ ਗੱਲਾਂ ਸਮਝਾਈਆਂ।

ਇਥੇ ਇੱਕ ਫਕੀਰ ਸ਼ਾਹ ਬਹਿਲੋਲ ਵੀ ਮਿਲਿਆ। ਇੱਥੇ ਇੱਕ ਥੜ੍ਹੇ ਉਤੇ ਇੱਕ ਇਬਾਰਤ ਉਕਰੀ ਹੋਈ ਹੈ ਜਿਸ ਤੋਂ ਪਤਾ ਲੱਗਦਾ ਹੈ ਕਿ ਗੁਰੂ ਜੀ



Scanned with CamScanner

ਉਥੇ ਸੰਨ ਹਿਜਰੀ 927 ਮੁਤਾਬਿਕ ਸੰਨ 1520-21 ਈਸਵੀ ਵਿਚ ਬਿਰਾਜੇ ਸਨ।

ਪੰਜਾ ਸਾਹਿਬ : ਬਗ਼ਦਾਦ ਤੋਂ ਆਪ ਬਲਖ਼, ਬੁਖਾਰਾ, ਸਮਰਕੰਦ, ਕਾਬਲ ਅਤੇ ਪੇਸ਼ਾਵਰ ਤੋਂ ਹੁੰਦੇ ਹੋਏ ਹਸਨ ਅਬਦਾਲ (ਪੰਜਾ ਸਾਹਿਬ) ਪੁੱਜੇ। ਕੰਧਾਰੀ ਨਾਮ ਦਾ ਵਲੀ ਰੱਬ ਦੀ ਦਾਤ ਪਾਣੀ, ਸਾਂਭੀ ਬੈਠਾ ਸੀ। ਵਲੀ ਕੰਧਾਰੀ ਨੇ ਨਗਰ ਵਾਲਿਆਂ ਦਾ ਪਾਣੀ ਬੰਦ ਕਰ ਦਿੱਤਾ। ਮਿੰਨਤਾਂ ਕਰਨ ਤੇ ਵੀ ਪਾਣੀ ਨਾ ਖੋਲ੍ਹਿਆ। ਲੋਕੀਂ ਅਤੇ ਮਾਲ ਡੰਗਰ ਸਭ ਬੜੇ ਦੁਖੀ ਸਨ। ਕੰਧਾਰੀ ਨੇ ਭਾਈ ਮਰਦਾਨਾ ਜੀ ਨੂੰ ਵੀ ਪਾਣੀ ਦੇਣੋਂ ਵਾਰ-ਵਾਰ ਨਾਂਹ ਕਰ ਦਿੱਤੀ। ਸਤਿਗੁਰੂ ਜੀ ਨੇ ਸਤਿ ਕਰਤਾਰ ਕਹਿ ਆਪਣੇ ਨੇੜਿਓਂ ਇੱਕ ਪੱਥਰ ਉਖੇੜਿਆ। ਉਥੋਂ ਹੀ ਸਾਫ, ਠੰਡੇ, ਮਿੱਠੇ ਪਾਣੀ ਦਾ ਚਸ਼ਮਾ ਵਗ ਤੁਰਿਆ। ਸਭ ਨਿਹਾਲ ਹੋ ਗਏ। ਉਧਰ ਵਲੀ ਕੰਧਾਰੀ ਦਾ ਚਸ਼ਮਾ ਸੁੱਕ ਗਿਆ। ਉਸ ਨੂੰ ਕਰੋਧ ਚੜ੍ਹਿਆ। ਉਸ ਨੇ ਪਹਾੜ ਦਾ ਇੱਕ ਵੱਡਾ ਸਾਰਾ ਟੁਕੜਾ ਸਿੱਧਾ ਹੇਠਾਂ ਨੂੰ ਗੁਰੂ ਜੀ ਵੱਲ ਰੇੜ੍ਹਿਆ। ਗੁਰੂ ਜੀ ਅਡੋਲ ਬੈਠੇ ਰਹੇ। ਜਦੋਂ ਹੀ ਉਹ ਚੱਟਾਨ ਨੇੜੇ ਆਈ, ਗੁਰੂ ਜੀ ਨੇ ਅੱਗੇ ਹੱਥ ਕਰ ਦਿੱਤਾ। ਚੱਟਾਨ ਰੁਕ ਗਈ ਤੇ ਗੁਰੂ ਜੀ ਦਾ ਪੰਜਾ ਉਸ ਵਿਚ ਲੱਗ ਗਿਆ। ਵਲੀ ਕੰਧਾਰੀ ਦਾ ਹੰਕਾਰ ਦੂਰ ਹੋ ਗਿਆ। ਉਹ ਗੁਰੂ ਜੀ ਪਾਸ ਆਇਆ ਤੇ ਉਪਦੇਸ਼ ਲੈ ਕੇ ਸ਼ਾਂਤ ਚਿੱਤ ਹੋਇਆ ਅਤੇ ਸਾਊ ਮਨੁੱਖਾਂ ਵਾਲਾ ਵਤੀਰਾ ਅਪਣਾਉਣ ਦਾ ਪ੍ਰਣ ਕੀਤਾ।

ਸੈਦਪੁਰ (ਐਮਨਾਬਾਦ) ਵਿਚ : ਸੰਨ 1521 ਈਸਵੀ ਨੂੰ ਗੁਰੂ ਜੀ ਐਮਨਾਬਾਦ ਪੁੱਜੇ। ਬਾਬਰ ਨੇ ਵੀ ਪਹਿਲਾ ਹਮਲਾ ਕੀਤਾ ਹੋਇਆ ਸੀ। ਬਾਬਰ ਦੇ ਹੁਕਮ ਨਾਲ ਕਤਲੇਆਮ ਹੋ ਰਹੀ ਸੀ। ਗੁਰੂ ਜੀ ਨੇ ਹਜ਼ਾਰਾਂ ਲੋਕਾਂ ਨੂੰ ਮਰਦਿਆਂ ਅਤੇ ਕਤਲ ਹੁੰਦੇ ਆਪਣੇ ਅੱਖੀਂ ਡਿੱਠਾ। ਆਪ ਦਾ ਮਨੁੱਖੀ ਪਿਆਰ ਨਾਲ ਭਰਿਆ ਦਿਲ ਉਛਾਲੇ ਖਾਣ ਲੱਗਾ। ਉਨ੍ਹਾਂ ਦੇਖਿਆ ਕਿ ਸਭ ਅਤਿਆਚਾਰ ਗ਼ਰੀਬਾਂ ਉੱਤੇ ਹੀ ਹੋ ਰਹੇ ਸਨ। ਇਕ ਦਰਦ ਭਰੀ ਆਵਾਜ਼ ਨਾਲ ਵਾਹਿਗੁਰੂ ਨੂੰ ਪੁਕਾਰਿਆ ਤੇ ਵਕਤ ਦੀ ਹਕੂਮਤ ਦੀ ਨਿਖੇਧੀ ਕਰਦਿਆਂ ਉਚਾਰਿਆ -

ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ।।

ਉਥੇ ਹੀ ਭਾਈ ਲਾਲੋ ਨੂੰ ਸੰਬੋਧਨ ਕਰਕੇ ਗੁਰੂ ਜੀ ਨੇ 'ਖ਼ੂਨ ਕੇ ਸੋਹਿਲੇ ਗਾਏ'। ਲਾਸ਼ਾਂ ਦੇ ਢੇਰ ਵਿਚ ਗੁਰੂ ਜੀ ਨੇ ਸੱਚੀ ਗੱਲ ਆਖੀ। ਉਹ ਬਾਬਰ ਨੂੰ ਮਿਲੇ ਅਤੇ ਉਸਨੂੰ 'ਜਾਬਰ' ਆਖਿਆ। ਗੁਰੂ ਜੀ ਨੂੰ ਜੇਲ੍ਹ ਵਿਚ ਪਾਇਆ ਗਿਆ। ਆਖ਼ਰ ਬਾਬਰ ਨੇ ਸਿਰ ਝੁਕਾਇਆ। ਗੁਰੂ ਜੀ ਦੇ ਕਹਿਣ ਉਤੇ ਉਸ ਨੇ ਕਤਲੇਆਮ ਬੰਦ ਕੀਤੀ ਅਤੇ ਕਿਹਾ ਕਿ ਨਾਨਕ ਵਿਚੋਂ ਖ਼ੁਦਾ ਦਾ ਦੀਦਾਰ



Scanned with CamScanner

ਹੁੰਦਾ ਹੈ। ਸਾਰੇ ਬੰਦੀ ਵੀ ਬਾਬਰ ਨੇ ਛੱਡ ਦਿੱਤੇ ਤੇ ਉਥੇ ਹੀ ਨਵਾਂ ਨਗਰ ਐਮਨਾਬਾਦ ਵਸਾਇਆ ਗਿਆ।

ਕੁਝ ਸਮਾਂ ਹੋਰ ਆਪ ਜੀ ਐਮਨਾਬਾਦ ਰਹੇ ਅਤੇ ਫਿਰ ਉਦਾਸੀਆਂ ਦਾ ਕਾਰਜ ਸੰਪੂਰਨ ਕਰ ਆਪ ਕਰਤਾਰਪੁਰ ਪੁੱਜੇ ਤੇ ਸਫ਼ਰੀ (ਉਦਾਸੀ) ਲਿਬਾਸ ਉਤਾਰਿਆ ਤੇ ਘਰ ਦੇ ਕੰਮ ਕਾਜ ਸੰਭਾਲੇ। ਬਾਬਾ ਬੁੱਢਾ ਜੀ ਵੀ ਉਥੇ ਹੀ ਕੋਲ਼ ਆਕੇ ਰਹਿਣ ਲੱਗੇ।

ਕਰਤਾਰਪੁਰ ਵਿਚ ਟਿਕਾਣਾ : ਆਪ ਜੀ ਸਵੇਰੇ ਕੀਰਤਨ ਵਿਚ ਜੁੜਦੇ, ਫਿਰ ਕਿਰਤ ਕਾਰ ਵਿਚ ਜੁਟ ਜਾਂਦੇ ਤੇ ਸ਼ਾਮ ਨੂੰ ਸੋਦਰ ਅਤੇ ਕੀਰਤਨ ਵਿਚ ਜੁੜ ਰਾਤ ਨੂੰ ਸੋਹਿਲਾ ਪੜ੍ਹ ਅਰਾਮ ਕਰਦੇ। ਗੁਰੂ ਨਾਨਕ ਜੀ ਨੇ ਕੁਲ 19 ਰਾਗਾਂ ਵਿਚ ਬਾਣੀ ਉਚਾਰੀ ਹੈ। ਜੇ ਉਨ੍ਹਾਂ ਰਾਗਾਂ ਦਾ ਸਮੇਂ ਅਨੁਸਾਰ ਵਿਸ਼ਲੇਸ਼ਨ ਕੀਤਾ ਜਾਏ ਤਾਂ ਇਕ ਗੱਲ ਸਪੱਸ਼ਟ ਦਿੱਸ ਪਏਗੀ ਕਿ ਅੱਠ ਰਾਗ ਸਵੇਰ ਦੇ ਹਨ। ਪੰਜ ਰਾਗ ਸ਼ਾਮ ਦੇ ਹਨ ਤੇ ਪੰਜ ਰਾਗ ਰਾਤ ਦੇ ਹਨ। ਦੁਪਹਿਰ ਦਾ ਇਕੋ ਸਾਰੰਗ ਹੈ। ਇਸ ਤੋਂ ਇਹ ਪ੍ਰਤੀਤ ਹੁੰਦਾ ਹੈ ਕਿ ਗੁਰੂ ਜੀ ਕੀਰਤੀ ਅਤੇ ਕਿਰਤ ਦੋਨਾਂ ਨੂੰ ਜੋੜ ਦੱਸ ਰਹੇ ਸਨ। ਨਿਰੀ ਜ਼ਿੰਦਗੀ ਕਿਰਤ ਵਿਚ ਜੋੜਨੀ ਵੀ ਵਿਅਰਥ ਹੈ ਤੇ ਕੀਰਤੀ ਵਿਚ ਜੋੜ ਕਿਰਤ ਭੁਲਾ ਦੇਣਾ ਵੀ ਬਾਬੇ ਦਾ ਆਦਰਸ਼ ਨਹੀਂ।

ਭਾਈ ਲਹਿਣਾ ਜੀ ਅਕਤੂਬਰ ਸੰਨ 1532 ਈਸਵੀ ਵਿਚ ਸ਼ਰਨ ਆਏ। ਉਨ੍ਹਾਂ ਨੇ ਨਿਸ਼ਕਾਮ ਹੋ ਕੇ ਸੇਵਾ ਕੀਤੀ, ਗੁਰੂ ਜੀ ਦੀ ਕਸਵੱਟੀ ਉੱਤੇ ਪੂਰੇ ਉਤਰੇ ਤੇ ਬਾਅਦ ਵਿਚ ਗੁਰੂ ਅੰਗਦ ਬਣੇ। ਕਰਤਾਰਪੁਰ ਵਿਚ ਹੀ ਗੁਰੂ ਜੀ ਨੇ ਵੱਡੀਆਂ ਵੱਡੀਆਂ ਬਾਣੀਆਂ ਉਚਾਰੀਆਂ। ਆਸਾ ਦੀ ਵਾਰ, ਜਪੁ ਜੀ, ਤੁਖਾਰੀ ਰਾਗ ਦਾ ਬਾਰਹ ਮਾਹ, ਸਿਧ ਗੋਸ਼ਟ ਆਦਿ ਉਥੇ ਹੀ ਲਿਖੀਆਂ।

**ਅਚਲ ਵਟਾਲਾ :** ਆਪਣੀ ਜ਼ਿੰਦਗੀ ਦੇ ਆਖ਼ਰੀ ਸਾਲ (ਫਰਵਰੀ 1539) ਅਚਲ ਵਟਾਲੇ ਜੋ ਬਟਾਲਾ ਸ਼ਹਿਰ ਤੋਂ ਤਿੰਨ ਕੁ ਮੀਲ ਪੱਛਮ ਵੱਲ ਹੈ, ਸਿੱਧਾਂ ਦੇ ਮੇਲੇ ਉੱਤੇ ਗਏ। ਗੁਰੂ ਜੀ ਦਾ ਪ੍ਰਭਾਵ ਬਹੁਤ ਵੱਧ ਚੁੱਕਾ ਸੀ। ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ ਮੇਲੇ ਉੱਤੇ ਆਈ ਸਾਰੀ ਲੋਕਾਈ ਗੁਰੂ ਜੀ ਦੇ ਦਰਸ਼ਨਾਂ ਨੂੰ ਢੁੱਕ ਪਈ। ਗੁਰੂ ਨਾਨਕ ਜੀ ਦੀ ਤੇ ਸਿੱਧਾਂ ਦੇ ਆਗੂਆਂ ਵਿਚਕਾਰ ਚੰਗੀ ਬਹਿਸ ਹੋਈ। ਜੋਗੀ, ਸਿੱਧ ਸੰਸਾਰ ਨੂੰ ਛੱਡ ਜਾਣਾ ਹੀ ਸਭ ਤੋਂ ਉੱਤਮ ਰਸਤਾ ਦੱਸਦੇ ਹਨ, ਗੁਰੂ ਜੀ ਨੇ ਇਤਨਾ ਕਹਿ ਕੇ ਚੁੱਪ ਕਰਾ ਦਿੱਤਾ 'ਹੋਇ ਅਤੀਤ ਗ੍ਰਿਹਸਤ ਤਜ ਫਿਰ ਉਨਹੂੰ ਕੇ ਘਰ ਮੰਗਨ ਜਾਈ।' ਸਿੱਧਾਂ ਪੁੱਛਿਆ ਕਿ ਇਹ ਸਾਰੀ ਸ਼ਕਤੀ ਤੁਹਾਡੇ ਵਿਚ ਕਿਥੋਂ ਆਈ ਤਾਂ ਗੁਰੂ ਜੀ ਨੇ



Scanned with CamScanner

ਆਖਿਆ 'ਗੁਰ ਸੰਗਤ ਤੇ ਬਾਣੀ' ਹੀ ਇਹ ਤਾਕਤਾਂ ਬਖ਼ਸ਼ਦੀਆਂ ਹਨ।

ਮੁਲਤਾਨ ਵਿਚ : ਗੁਰੂ ਜੀ ਅੱਚਲ ਵਟਾਲੇ ਤੋਂ ਵਾਪਸ ਕਰਤਾਰਪੁਰ ਨਾ ਆਏ ਸਗੋਂ ਮੁਲਤਾਨ ਚਲੇ ਗਏ। ਮੁਲਤਾਨ ਉਸ ਵੇਲੇ ਪੀਰਾਂ, ਫ਼ਕੀਰਾਂ ਦਾ ਗੜ੍ਹ ਸੀ। ਉਹਨਾਂ ਸਾਰਿਆਂ ਵਿਚ ਘਬਰਾਹਟ ਪੈ ਗਈ। ਦੁੱਧ ਦਾ ਭਰਿਆ ਹੋਇਆ ਪਿਆਲਾ ਭੇਜਿਆ। ਗੁਰੂ ਜੀ ਨੇ ਚੰਬੇਲੀ ਦਾ ਫੁੱਲ ਦੁੱਧ ਉੱਤੇ ਰੱਖ ਅਤੇ ਵਿਚ ਕੇਸਰ ਰਲਾ ਕੇ ਵਾਪਸ ਭੇਜ ਦਿੱਤਾ। ਸਾਖੀਕਾਰਾਂ ਅਨੁਸਾਰ 'ਪਤਾਸੇ ਪਾ ਉਪਰ ਫੁੱਲ ਰੱਖ ਮੋੜ ਭੇਜਿਆ।' ਪੀਰਾਂ ਦਾ ਭਾਵ ਸੀ ਕਿ ਮੁਲਤਾਨ ਵਿਚ ਅੱਗੇ ਹੀ ਫ਼ਕੀਰ ਬਹੁਤੇ ਹਨ ਤੇ ਗੁਰੂ ਜੀ ਨੇ ਉੱਤਰ ਵਜੋਂ ਕਿਹਾ ਕਿ ਤਿੰਨ ਚੀਜ਼ਾਂ ਤੁਹਾਡੇ ਕੋਲ ਨਹੀਂ, 'ਸੁਗੰਧੀ, ਮਿਠਾਸ ਤੇ ਪ੍ਰਚਾਰ'। ਦੂਜੇ ਮੈਂ ਇਸ ਤਰ੍ਹਾਂ ਰਵ੍ਹਾਂਗਾ ਜਿਵੇਂ ਫੁੱਲ ਦੁੱਧ ਉਤੇ। ਜਦ ਪੀਰਾਂ ਨੇ ਕੁਛ ਮੰਗ ਮੰਗਣ ਲਈ ਆਖਿਆ ਤਾਂ ਆਪ ਜੀ ਨੇ ਗ਼ਰੀਬੀ ਹੀ ਮੰਗੀ। ਪੀਰ ਮਖਦੂਮ ਨੂੰ ਜੀਵਨ-ਰਾਹ ਦੱਸਿਆ।

ਜੋਤੀ ਜੋਤ ਸਮਾਏ : ਸ੍ਰੀ ਗੁਰੂ ਨਾਨਕ ਦੇਵ ਜੀ ਕਰਤਾਰਪੁਰ ਵਿਚ ਹੀ ਅੱਸੂ ਸੁਦੀ 10, ਸੰਮਤ 1596 (5 ਸਤੰਬਰ, ਸੰਨ 1539 ਈਸਵੀ) ਨੂੰ ਜੋਤੀ ਜੋਤ ਸਮਾ ਗਏ।

## ਗੁਰੂ ਅੰਗਦ ਦੇਵ ਜੀ
## (1504-1552 ਈ:)

ਪਿਤਾ ਤੇ ਜਨਮ-ਭੂਮੀ : ਆਪ ਜੀ ਦਾ ਪਹਿਲਾ ਨਾਂ ਭਾਈ ਲਹਿਣਾ ਜੀ ਸੀ। ਆਪ ਜੀ ਦਾ ਜਨਮ 31 ਮਾਰਚ, ਸੰਨ 1504 ਈ: ਨੂੰ ਮੱਤੇ ਦੀ ਸਰਾਂ (ਹੁਣ ਸਰਾਏ ਨਾਗਾ), ਜ਼ਿਲ੍ਹਾ ਮੁਕਤਸਰ (ਪੰਜਾਬ) ਵਿਖੇ ਬਾਬਾ ਫੇਰੂ ਜੀ ਦੇ ਘਰ, ਮਾਤਾ ਸਭਰਾਈ ਜੀ ਦੀ ਕੁੱਖੋਂ ਹੋਇਆ। ਬਾਬਾ ਫੇਰੂ ਜੀ ਚੰਗੇ ਪੜ੍ਹੇ-ਲਿਖੇ ਸਨ ਅਤੇ ਫਿਰੋਜ਼ਪੁਰ ਦੇ ਚੌਧਰੀ ਤਖ਼ਤ ਮੱਲ ਕੋਲ ਮੁਨਸ਼ੀ ਦਾ ਕੰਮ ਕਰਦੇ ਸਨ। ਸੰਨ 1517 ਈਸਵੀ ਵਿਚ ਹਰੀਕੇ ਪੱਤਣ ਹੱਟੀ ਪਾ ਲਈ ਪਰ ਜਲਦੀ ਹੀ ਉਥੋਂ ਪਿੰਡ ਸੰਘਰ ਚਲੇ ਗਏ ਅਤੇ ਦੁਕਾਨ ਕਰ ਲਈ। ਆਪ ਜੀ ਦੇ ਪਿਤਾ ਜੀ ਚੜ੍ਹਾਈ ਕਰ ਗਏ। ਘਰ ਦਾ ਸਾਰਾ ਕੰਮ ਕਾਜ ਹੁਣ ਲਹਿਣਾ ਜੀ ਦੇ ਸਿਰ ਉੱਤੇ ਆ ਪਿਆ। ਫੇਰੂ ਜੀ ਦੇਵੀ-ਭਗਤ ਸਨ। ਹਰ ਸਾਲ ਪਹਾੜਾਂ ਵਾਲੀ ਦੇਵੀ ਦੇ ਦਰਸ਼ਨਾਂ ਨੂੰ ਜੱਥੇ ਲੈ ਜਾਂਦੇ ਸਨ ਤੇ ਜਥੇਦਾਰ ਵੀ ਸਨ। ਇਹ ਕੰਮ ਵੀ ਹੁਣ ਭਾਈ ਲਹਿਣਾ ਜੀ ਦੇ ਸਪੁਰਦ ਹੋ ਗਿਆ। ਆਪ ਜੀ ਦੇ ਘਰ ਦੋ ਸਪੁੱਤਰਾਂ ਬਾਬਾ ਦਾਸੂ ਤੇ ਦਾਤੂ ਜੀ ਅਤੇ ਦੋ ਸਪੁੱਤਰੀਆਂ ਬੀਬੀ ਅਮਰੋ ਤੇ ਅਨੋਖੀ ਜੀ ਨੇ ਜਨਮ ਲਿਆ।



Scanned with CamScanner

**ਬਾਣੀ ਦਾ ਅਸਰ :** ਇਕ ਵਾਰੀ ਆਪ ਜੀ ਖਡੂਰ ਸਾਹਿਬ ਵਿਖੇ ਆਏ ਹੋਏ ਸਨ। ਇੱਥੇ ਇਨ੍ਹਾਂ ਦੀ ਧਰਮ ਭੂਆ ਵਿਰਾਈ ਜੀ ਰਹਿੰਦੇ ਸਨ। ਸਵੇਰੇ ਭਾਈ ਜੋਧ ਦੇ ਮੂੰਹ ਤੋਂ ਬਾਣੀ ਸੁਣੀ। ਭਾਈ ਲਹਿਣਾ ਜੀ ਬਹੁਤ ਪ੍ਰਭਾਵਤ ਹੋਏ। ਉਹਨਾਂ ਨੂੰ ਬਾਣੀ ਦੇ ਰਚਨਹਾਰੇ ਗੁਰੂ ਜੀ ਦੇ ਦਰਸ਼ਨਾਂ ਦੀ ਤਾਂਘ ਲੱਗ ਗਈ। ਉਸ ਸਾਲ ਦੇਵੀ ਦੇ ਦਰਸ਼ਨਾਂ ਨੂੰ ਜੰਮੂ ਜਾਂਦਿਆਂ ਆਪ ਸੰਗਤ ਨੂੰ ਛੱਡ ਕੇ ਕਰਤਾਰਪੁਰ ਦਰਸ਼ਨ ਲਈ ਆਏ। ਦਰਸ਼ਨ ਕਰ ਕੇ ਮਨ ਨੂੰ ਸ਼ਾਂਤੀ ਮਿਲੀ। ਉਥੇ ਹੀ ਰਹਿਣ ਦਾ ਵਿਚਾਰ ਪ੍ਰਗਟ ਕੀਤਾ ਅਤੇ ਸੰਗ ਨੂੰ ਕਹਿ ਭੇਜਿਆ ਕਿ ਜਿਸਦੇ ਦਰਸ਼ਨਾਂ ਨੂੰ ਲੋਚਦਾ ਸਾਂ, ਉਹ ਹੋ ਗਏ ਹਨ। ਇਹ ਘਟਨਾ ਸੰਨ 1532 ਈ: ਦੀ ਹੈ ਅਤੇ ਇਨ੍ਹਾਂ ਦੇ ਘਰ ਬਾਬਾ ਦਾਸੂ ਜੀ ਤੇ ਬੀਬੀ ਅਮਰੋ ਜੀ ਦਾ ਜਨਮ ਹੋ ਚੁੱਕਿਆ ਸੀ। ਕੁਝ ਦਿਨਾਂ ਬਾਅਦ ਭਾਈ ਲਹਿਣਾ ਜੀ ਖਡੂਰ ਆਏ ਅਤੇ ਸਾਰਾ ਕੰਮ ਕਾਜ ਭਣੇਵੇਂ ਨੂੰ ਸੌਂਪ ਕੇ ਵਾਪਸ ਕਰਤਾਰਪੁਰ ਚਲੇ ਗਏ ।

**ਸੇਵਾ ਕਮਾਈ :** ਜਦੋਂ ਆਪ ਜੀ ਕਰਤਾਰਪੁਰ ਲਈ ਘਰੋਂ ਤੁਰੇ ਆਪ ਜੀ ਨੇ ਚਿੱਟੇ ਕੀਮਤੀ ਬਸਤਰ ਪਹਿਨੇ ਹੋਏ ਸਨ। ਘਰੋਂ ਲੰਗਰ ਦੀ ਸੇਵਾ ਲਈ ਨਮਕ ਦੀ ਸਿੱਲੀ ਲੈ ਗਏ ਸਨ। ਇੱਥੇ ਗੁਰੂ ਨਾਨਕ ਦੇਵ ਜੀ ਘਰ ਨਹੀਂ ਸਨ ਸਗੋਂ ਖੇਤਾਂ ਵਿਚ ਘਾਹ ਪੁੱਟ ਰਹੇ ਸਨ। ਆਪ ਜੀ ਵੀ ਘਾਹ ਕੱਢਣ ਲੱਗ ਪਏ। ਖੇਤੀ ਕਦੇ ਕੀਤੀ ਨਹੀਂ ਸੀ, ਸੋ ਘਾਹ ਨਾਲ ਧਾਨ ਵੀ ਪੁੱਟੀ ਜਾਣ। ਮਹਾਰਾਜ ਸ੍ਰੀ ਗੁਰੂ ਨਾਨਕ ਦੇਵ ਜੀ ਮੁਸਕਰਾਉਂਦੇ ਰਹੇ। ਘਾਹ ਦੀਆਂ ਦੋ ਪੰਡਾਂ ਤਿਆਰ ਹੋ ਗਈਆਂ। ਇਕ ਗੁਰੂ ਨਾਨਕ ਜੀ ਨੇ ਚੁੱਕ ਲਈ ਤੇ ਦੂਜੀ ਭਾਈ ਲਹਿਣਾ ਜੀ ਨੇ। ਆਪ ਜੀ ਨੇ ਕੀਮਤੀ ਬਸਤਰਾਂ ਦੀ ਪ੍ਰਵਾਹ ਨਾ ਕੀਤੀ। ਜਦ ਮਾਤਾ ਸੁਲੱਖਣੀ ਨੇ ਕਿਹਾ ਕਿ ਇਹਨਾਂ ਨੂੰ ਕਿਉਂ ਘਾਹ ਚੁਕਵਾਇਆ ਹੈ ਤਾਂ ਸਤਿਗੁਰੂ ਨਾਨਕ ਦੇਵ ਜੀ ਨੇ ਬਚਨ ਕੀਤਾ : ''ਇਹਨਾਂ ਦੇ ਸਿਰ ਘਾਹ ਦੀ ਪੰਡ ਨਹੀਂ, ਦੀਨ ਦੁਨੀਆਂ ਦਾ ਛੱਤਰ ਦਿੱਤਾ ਹੈ। ਉਪਰ ਚਿੱਕੜ ਨਹੀਂ ਕੇਸਰ ਹੈ, ਇਹ ਵੱਡਾ ਭਗਵਾਨ ਪੁਰਖ ਹੈ।''

**ਹੁਕਮ ਮੰਨਣਾ :** ਬਾਬਾ ਲਹਿਣਾ ਜੀ ਨੇ ਕਰਤਾਰਪੁਰ ਵਿਚ ਸੱਤ ਸਾਲ ਸਤਿਗੁਰੂ, ਗੁਰੂ ਨਾਨਕ ਦੇਵ ਜੀ ਦੀ ਨਿਗਰਾਨੀ ਵਿਚ ਉਨ੍ਹਾਂ ਦੇ ਦੱਸੇ ਰਾਹ ਉੱਤੇ ਤੁਰਨ ਦੀ ਮਿਹਨਤ ਕੀਤੀ ਅਤੇ ਕਈ ਇਮਤਿਹਾਨ ਪਾਸ ਕੀਤੇ। ਸਿਆਲ ਵਿਚ ਧਰਮਸਾਲ ਦੀ ਡਿੱਗੀ (ਢੱਠੀ) ਕੰਧ ਨੂੰ ਬਣਾਉਣ ਲਈ ਆਖਿਆ। ਭਾਈ ਲਹਿਣਾ ਜੀ ਉਸ ਠੰਡ ਵਿਚ ਰਾਜ ਵਾਲਾ ਕੰਮ ਕਰਦੇ ਰਹੇ। ਸਿਆਲੇ, ਅੱਧੀ ਰਾਤ ਨੂੰ ਦਰਿਆ ਰਾਵੀ ਉੱਤੇ ਜਾ ਕੇ ਕੱਪੜੇ ਧੋ ਲਿਆਉਣ ਦਾ ਹੁਕਮ ਕੀਤਾ। ਭਾਈ ਲਹਿਣਾ ਜੀ ਨੇ ਰਾਵੀ ਉੱਤੇ ਜਾ ਕੇ ਕੱਪੜੇ ਧੋ ਲਿਆਂਦੇ ਅਤੇ ਧੋਬੀਆਂ ਵਾਲੇ ਕੰਮ ਕਰਕੇ ਇਹ ਸਾਬਤ ਕੀਤਾ ਕਿ ਉਨ੍ਹਾਂ ਨੂੰ ਸਭਨਾਂ ਨਾਲ ਪਿਆਰ ਹੈ।



Scanned with CamScanner

ਕਿੱਤੇ ਕਰਕੇ ਕੋਈ ਨੀਵੇਂ ਨਹੀਂ ਬਣ ਜਾਈਦਾ।

ਸ੍ਰੀ ਗੁਰੂ ਨਾਨਕ ਦੇਵ ਜੀ ਇਹ ਦੇਖ ਰਹੇ ਸਨ ਕਿ ਭਾਈ ਲਹਿਣਾ ਜੀ, ਜਿਨ੍ਹਾਂ ਦੇ ਜ਼ਿੰਮੇ ਸਮੁੱਚੀ ਮਨੁੱਖਤਾ ਦਾ ਕਲਿਆਣ ਕਰਨ ਦਾ ਕੰਮ ਸੌਂਪਣਾ ਹੈ, ਮਾਣਸ ਖਾਣਿਆਂ ਨਾਲ ਤਾਂ ਨਫ਼ਰਤ ਨਹੀਂ ਕਰਦੇ। ਆਖਰੀ ਪ੍ਰੀਖਿਆ ਵਿਚ ਇੱਕ ਮੁਰਦਾ ਖਾਣ ਦਾ ਹੁਕਮ ਕੀਤਾ। ਭਾਈ ਲਹਿਣਾ ਜੀ ਨੇ ਮੁਰਦੇ ਕੋਲ ਜਾ ਕੇ ਗੁਰੂ ਜੀ ਤੋਂ ਪੁੱਛਿਆ ਕਿ ਪਾਤਸ਼ਾਹ ਜੀ ਪਹਿਲਾਂ ਸਿਰ ਪਾਸਿਓਂ ਖਾਣਾ ਸ਼ੁਰੂ ਕਰਾਂ ਜਾਂ ਕਿ ਪੈਰਾਂ ਪਾਸਿਓਂ। ਵਾਹ ਜੀ ਵਾਹ। ਨਿਰੰਕਾਰ ਸਾਰੇ ਸੰਸਾਰ ਦਾ ਹੈ। ਉਹ ਸਭ ਦੀ ਸੰਭਾਲ ਤੇ ਪਾਲਣ ਪੋਸ਼ਣ ਕਰਦਾ ਹੈ। ਨਿਰੰਕਾਰ ਦਾ ਢਾਢੀ ਵੀ ਤਾਂ ਨਿਰੰਕਾਰ ਵਰਗਾ ਸਭਨਾਂ ਨੂੰ ਇੱਕ ਰਸ ਪਿਆਰ ਕਰਨ ਵਾਲਾ ਹੋਣਾ ਚਾਹੀਦਾ ਸੀ। ਕਿਸੇ ਪ੍ਰਤੀ ਵੀ ਨਫ਼ਰਤ ਮਨ ਵਿਚ ਨਹੀਂ ਹੋਣੀ ਚਾਹੀਦੀ ਸੀ। ਭਾਈ ਲਹਿਣਾ ਜੀ ਇਸ ਪ੍ਰੀਖਿਆ ਵਿਚੋਂ ਵੀ ਪਾਸ ਹੋ ਗਏ।

ਗੁਰਤਾ ਗੱਦੀ : 2 ਸਤੰਬਰ, ਸੰਨ 1539 ਈਸਵੀ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗੁਰਤਾ ਗੱਦੀ ਭਾਈ ਲਹਿਣਾ ਜੀ ਨੂੰ ਸੌਂਪ ਦਿੱਤੀ। ਆਪ ਜੀ ਦਾ ਨਾਮ ਅੰਗਦ ਦੇਵ ਜੀ ਪਿਆ। ਆਪ ਨੂੰ ਖਡੂਰ ਸਾਹਿਬ ਵਿਖੇ ਜਾਣ ਲਈ ਹੁਕਮ ਕੀਤਾ। ਗੁਰੂ ਅੰਗਦ ਦੇਵ ਜੀ ਨੇ ਕਰਤਾਰਪੁਰ ਛੱਡ ਦਿੱਤਾ ਅਤੇ ਖਡੂਰ ਸਾਹਿਬ ਚਲੇ ਗਏ। ਉਥੇ ਲੋਕਾਂ ਨੂੰ ਨਾਮ ਬਾਣੀ ਵੱਲ ਲਗਾਉਣਾ ਸ਼ੁਰੂ ਕੀਤਾ।

ਕਿਰਤ ਲਈ ਪ੍ਰੇਰਨਾ : ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ ਕਿ 'ਹਰ ਵੇਲੇ ਗੁਰੂ ਅੰਗਦ ਪਾਸ ਸਤਿਸੰਗ ਦਾ ਪਰਚਾ, ਲੰਗਰ ਦਾ ਖਰਚਾ ਤੇ ਹਰੀ ਦਾ ਚਰਚਾ ਬਣੇ ਰਹਿੰਦੇ ਸਨ, ਦੂਜੇ ਪਾਸੇ ਆਪ ਜੀ ਲਈ ਖਾਣਾ ਘਰੋਂ ਮਾਤਾ ਖੀਵੀ ਜੀ ਹੀ ਪਕਾ ਕੇ ਭੇਜਦੇ ਸਨ। ਭੇਟਾ ਨੂੰ ਨਿੱਜ ਲਈ ਨਹੀਂ ਸਨ ਵਰਤਦੇ। ਉਨ੍ਹਾਂ ਨੇ ਆਪਣੇ *ਬੇਟੋਂ ਕੋ ਹੁਕਮ ਦੇ ਰੱਖਾ ਥਾ ਕਿ ਤੁਮ ਆਪਣੀ ਮੁਆਸ਼ (ਗੁਜ਼ਾਰਾ) ਦੁਕਾਨਦਾਰੀ ਜਾਂ ਕਾਸ਼ਤਕਾਰੀ ਸੇ ਹਾਸਲ ਕਰੋ, ਯਹਿ ਪੂਜਾ ਕਾ ਮਾਲ ਤੁਮਾਰੇ ਲਈ ਜ਼ਹਿਰ ਕਾਤਿਲ ਹੈ।*

ਲੰਗਰ ਦੀ ਪ੍ਰਥਾ : ਸ੍ਰੀ ਗੁਰੂ ਨਾਨਕ ਦੇਵ ਜੀ ਨੇ ਡੱਟ ਕੇ ਜਾਤ-ਪਾਤ ਦੀ ਵਿਰੋਧਤਾ ਕੀਤੀ ਸੀ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਰੱਜ ਕੇ ਨੀਵੀਆਂ ਜਾਤਾਂ ਨਾਲ ਪਿਆਰ ਕੀਤਾ। ਨੀਵੀਆਂ ਤੇ ਉਚੀਆਂ ਜਾਤਾਂ ਨੂੰ ਇਕ ਥਾਵੇਂ ਬਿਠਾ ਕੇ 'ਚੌਂਕੇ' ਦਾ ਭਰਮ ਭੇਦ ਮਿਟਾਇਆ। ਇਕ 'ਪੰਗਤ' ਵਿਚ ਬੈਠਣ ਦੀ ਮਰਯਾਦਾ ਬੰਨ੍ਹੀ। 'ਸੰਗਤ' ਨਾਲ 'ਪੰਗਤ' ਨੇ ਵੀ ਜਨਮ ਲਿਆ। ਲੰਗਰ ਨੇ ਇਕ ਹੋਰ ਕੰਮ ਵੰਡ-ਛੱਕਣ ਦਾ ਵੀ ਕੀਤਾ। ਲੋਕਾਂ ਦੀ ਰੁਚੀ 'ਦਾਨ ਦੇਣ, ਵੰਡਣ' ਵੱਲ ਕੀਤੀ। ਆਪਣੀ ਕਮਾਈ ਵਿਚੋਂ ਸਿੱਖ, ਗੁਰ-ਖ਼ਜ਼ਾਨੇ-ਲੰਗਰ



Scanned with CamScanner

ਵਿਚ ਹਿੱਸਾ ਪਾਣ ਲੱਗੇ। ਮਾਤਾ ਖੀਵੀ ਜੀ ਤਾਂ ਹਰ ਵੇਲੇ ਲੰਗਰ ਵਿਚ ਜੁੱਟੇ ਰਹਿੰਦੇ ਸਨ। ਸੱਤਾ ਤੇ ਬਲਵੰਡ ਨੇ ਮਾਤਾ ਖੀਵੀ ਜੀ ਦੀ ਘਾਲਣਾ ਦਾ ਜ਼ਿਕਰ ਬਹੁਤ ਸੁਹਣੇ ਸ਼ਬਦਾਂ ਵਿਚ ਕੀਤਾ ਹੈ:

ਬਲਵੰਡ ਖੀਵੀ ਨੇਕ ਜਨ ਜਿਸ ਬਹੁਤੀ ਛਾਉ ਪਤ੍ਰਾਲੀ।।
ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰ ਘਿਆਲੀ।।
(ਅੰਗ : ੯੬੭)

ਦੂਰ ਨੇੜਿਉਂ ਲੋਕੀਂ ਇਹ ਖੇਡ ਦੇਖਣ ਆਉਂਦੇ ਸਨ ਤੇ ਲੰਗਰ ਛੱਕ ਕੇ 'ਸ਼ੁਕਰ- ਸ਼ੁਕਰ' ਕਰਦੇ ਜਾਂਦੇ ਸਨ।

**ਮੱਲ-ਅਖਾੜੇ :** ਨਰੋਏ ਮਨ ਲਈ ਨਰੋਏ ਸਰੀਰ ਦੀ ਲੋੜ ਹੈ। ਸਰੀਰਕ ਰੋਗਾਂ ਨੂੰ ਦੂਰ ਰੱਖਣ ਲਈ ਸਰੀਰਕ ਕਸਰਤ ਅਹਿਮ ਭੂਮਿਕਾ ਨਿਭਾਉਂਦੀ ਹੈ। ਇਸ ਲਈ ਗੁਰੂ ਸਾਹਿਬ ਨੇ ਮੱਲ-ਅਖਾੜੇ ਚਲਾਏ ਤਾਂ ਜੋ ਮਨੁੱਖਾ ਸਰੀਰ ਮਨ ਕਰਕੇ ਪਰਮਾਤਮਾ ਨਾਲ ਜੁੜ ਸਕੇ ਅਤੇ ਤਨ ਕਰਕੇ ਜ਼ਾਲਮ ਨਾਲ ਜੂਝ ਸਕੇ।

**ਗੁਰਮੁਖੀ ਲਿੱਪੀ ਦੀ ਦੇਣ ਅਤੇ ਬਾਣੀ ਦੀ ਸੰਭਾਲ :** ਬਾਣੀ ਨੂੰ ਸਹੀ ਢੰਗ ਨਾਲ ਸੰਭਾਲਣ ਲਈ ਇੱਕ ਸਪਸ਼ਟ ਲਿੱਪੀ ਦੀ ਲੋੜ ਸੀ। ਇਸ ਲਈ ਗੁਰੂ ਅੰਗਦ ਦੇਵ ਜੀ ਨੇ ਪੰਜਾਬੀ ਭਾਸ਼ਾ ਨੂੰ ਸ਼ੁੱਧ ਰੂਪ ਵਿਚ ਲਿਖਣ ਲਈ ਇਸ ਦੇ ਅੱਖਰਾਂ ਨੂੰ ਸੰਵਾਰਿਆ ਅਤੇ ਤਰਤੀਬ ਦਿੱਤੀ। ਇਸ ਕਰਕੇ ਪੰਜਾਬੀ ਦੀ ਮੌਜੂਦਾ ਲਿੱਪੀ, ਗੁਰਮੁਖੀ ਲਿੱਪੀ ਅਖਵਾਈ। ਗੁਰੂ ਜੀ ਨੇ ਪਹਿਲੇ ਗੁਰੂ, ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਉਚਾਰੀ ਗਈ ਬਾਣੀ, ਜਿਹੜੀ ਉਨ੍ਹਾਂ ਨੂੰ ਗੁਰਗੱਦੀ ਸਮੇਂ ਸੌਂਪੀ ਗਈ ਸੀ, ਨੂੰ ਇਕੱਠਾ ਕੀਤਾ ਅਤੇ ਆਪਣੇ ਪਾਸ ਸੰਭਾਲ ਕੇ ਰੱਖਿਆ।

**ਹਮਾਯੂੰ ਦਾ ਹੰਕਾਰ ਤੋੜਨਾ :** ਸ਼ੇਰ ਸ਼ਾਹ ਸੂਰੀ ਤੋਂ ਹਾਰ ਖਾ ਕੇ ਹਮਾਯੂੰ ਲਾਹੌਰ ਨੂੰ ਨੱਠਿਆ। ਜਦ ਬਿਆਸ ਦੇ ਕਿਨਾਰੇ ਸੁਲਤਾਨਪੁਰ ਅੱਪੜਿਆ ਤਾਂ ਖਿਆਲ ਆਇਆ ਕਿ ਪੰਜਾਬ ਵਿਚ ਉੱਚ ਪਾਏ ਦੇ ਇੱਕ ਦਰਵੇਸ਼ ਹਨ, ਉਨ੍ਹਾਂ ਨੂੰ ਮਿਲਦਾ ਅਤੇ ਅਸੀਸ ਲੈਂਦਾ ਜਾਵਾਂ। ਉਸਨੂੰ ਪਤਾ ਲੱਗਾ ਕਿ ਬਿਆਸਾ ਪਾਰ ਜਰਨੈਲੀ ਸੜਕ ਤੋਂ ਕੁਝ ਕੁ ਦੂਰ ਖਡੂਰ ਨਾਮ ਦਾ ਪਿੰਡ ਹੈ, ਉਥੇ ਹੀ ਗੁਰੂ ਜੀ ਬੈਠੇ ਹਨ। ਜਦੋਂ ਉਹ ਆਪਣੇ ਕੁਝ ਸਿਪਾਹੀਆਂ ਸਮੇਤ ਖਡੂਰ ਸਾਹਿਬ ਵਿਖੇ ਆਇਆ, ਉਸ ਸਮੇਂ ਗੁਰੂ ਜੀ ਮੱਲ-ਅਖਾੜੇ ਵਿਚ ਬੱਚਿਆਂ ਦੀਆਂ ਕੁਸ਼ਤੀਆਂ ਵੇਖ ਰਹੇ ਸਨ। ਉਨ੍ਹਾਂ ਨੇ ਹਮਾਯੂੰ ਵੱਲ ਕੋਈ ਧਿਆਨ ਨਾ ਦਿੱਤਾ। ਇਸ ਗੱਲ ਨੂੰ ਆਪਣਾ ਅਪਮਾਨ ਸਮਝਦੇ ਹੋਏ, ਗੁੱਸੇ ਵਿਚ ਹਮਾਯੂੰ ਨੇ ਆਪਣੀ ਤਲਵਾਰ ਨੂੰ ਹੱਥ ਪਾਇਆ। ਗੁਰੂ ਅੰਗਦ ਦੇਵ ਜੀ ਨੇ ਕਿਹਾ ਕਿ ਇਹ ਤਲਵਾਰ ਸ਼ੇਰ ਸ਼ਾਹ



Scanned with CamScanner

ਸੂਰੀ ਤੇ ਉਠਾਉਣੀ ਚਾਹੀਦੀ ਸੀ। ਇਹ ਸੁਣ ਕੇ ਉਹ ਸ਼ਰਮਿੰਦਾ ਹੋਇਆ ਅਤੇ ਉਸ ਦਾ ਹੰਕਾਰ ਟੁੱਟ ਗਿਆ। ਇਹ ਘਟਨਾ ਸੰਨ 1540 ਈ: ਦੀ ਹੈ। ਸਾਵਨ ਦਾ ਮਹੀਨਾ ਸੀ।

ਬਲਵੰਡ ਜੀ ਨੂੰ ਸਿੱਖਿਆ : ਇਕ ਦਿਨ ਬਾਬਾ ਬੁੱਢਾ ਜੀ ਨੇ ਬਲਵੰਡ ਜੀ ਨੂੰ ਕੀਰਤਨ ਸੁਨਾਉਣ ਲਈ ਕਿਹਾ ਤਾਂ ਉਨ੍ਹਾਂ ਬਹੁਤੇ ਹੀ ਕਠੋਰ ਬਚਨ ਬੋਲੇ। ਗੁਰੂ ਜੀ ਨੂੰ ਇਹ ਚੰਗਾ ਨਾ ਲੱਗਾ। ਜਦ ਅਗਲੇ ਦਿਨ ਸੰਗਤਿ ਵਿਚ ਕੀਰਤਨ ਕਰਨ ਲੱਗੇ ਤਾਂ ਗੁਰੂ ਅੰਗਦ ਦੇਵ ਜੀ ਨੇ ਪਿੱਠ ਕਰ ਲਈ। ਬਲਵੰਡ ਨੇ ਉਸੇ ਹੰਕਾਰ ਵਿੱਚ ਕਿਹਾ ਕਿ ਜਿਥੇ ਰਬਾਬ ਵਜਾਵਾਂਗਾ ਰੋਟੀ ਮਿਲ ਜਾਏਗੀ। ਉਹ ਗੁਰੂ ਘਰ ਵਿਚੋਂ ਚਲਾ ਗਿਆ। ਬਾਹਰ ਕਿਸੇ ਨੇ ਉਸਨੂੰ ਮੱਥੇ ਨ ਲਗਾਇਆ। ਜਦ ਅੰਨ ਨ ਮਿਲਣ ਕਰਕੇ ਭੁੱਖ ਨੇ ਤੰਗ ਕੀਤਾ ਤਾਂ ਗੁਰੂ ਦੀ ਸ਼ਰਨ ਆਇਆ। ਗੁਰੂ ਜੀ ਨੇ ਸਮਝਾਉਂਦੇ ਹੋਏ ਕਿਹਾ ਕਿ ਕਿਸੇ ਸਿੱਖ ਦਾ ਮਨ ਨਾ ਤੋੜਨਾ। ਸਿੱਖ ਦੇ ਮਨ ਵਿਚ ਮੈਂ ਹੀ ਹੁੰਦਾ ਹਾਂ।

ਉਪਦੇਸ਼ : ਗੁਰੂ ਜੀ ਬਹੁਤਾ ਜ਼ੋਰ ਗੁਰ-ਸ਼ਬਦ ਦੀ ਲੋੜ ਉੱਤੇ ਹੀ ਦਿੰਦੇ ਸਨ, ਕਿਉਂਕਿ ਉਹ ਆਪਣੇ ਜੀਵਨ ਤਜਰਬੇ ਤੋਂ ਜਾਣੂ ਸਨ ਕਿ ਕਿਵੇਂ ਗੁਰੂ-ਸ਼ਬਦ ਤੋਂ ਬਗੈਰ ਉਹ ਭਟਕਦੇ ਰਹੇ ਸਨ। ਉਹਨਾਂ ਦਾ ਜੀਵਨ ਵੀ ਗੁਰੂ-ਸ਼ਬਦ ਨੇ ਹੀ ਬਦਲਾਇਆ ਸੀ।

(ਗੁਰੂ) ਅਮਰਦਾਸ ਜੀ ਮਿਲੇ : ਬੀਬੀ ਅਮਰੋ ਜੀ ਜਿਹੜੇ ਕਿ ਰਿਸ਼ਤੇ ਵਿਚ (ਗੁਰੂ) ਅਮਰਦਾਸ ਜੀ ਦੀ ਨੂੰਹ ਲੱਗਦੇ ਸਨ, ਦੇ ਮੂਹੋਂ ਗੁਰਬਾਣੀ ਦਾ ਪਾਠ ਸੁਣਕੇ (ਗੁਰੂ) ਭਾਈ ਅਮਰਦਾਸ ਜੀ ਦਾ ਮਨ ਸ਼ਾਂਤ ਹੋਇਆ ਅਤੇ ਉਨ੍ਹਾਂ ਦੇ ਰਾਹੀਂ ਹੀ ਗੁਰੂ ਅੰਗਦ ਦੇਵ ਜੀ ਦੀ ਸ਼ਰਨ ਵਿਚ ਆਏ। ਆਪ ਜੀ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਪਾਸ ਰਹਿ ਕੇ ਗੁਰੂ ਘਰ ਦੀ ਅਜਿਹੀ ਘਾਲ ਘਾਲੀ ਕਿ ਗੁਰੂ ਅੰਗਦ ਦੇਵ ਜੀ ਦਾ ਸਰੂਪ ਹੀ ਬਣ ਗਏ।

ਜੋਤੀ ਜੋਤ ਸਮਾਉਣਾ : ਗੁਰੂ ਅੰਗਦ ਦੇਵ ਜੀ ਨੇ 13 ਸਾਲ ਗੁਰੂ ਘਰ ਦੀ ਜ਼ਿੰਮੇਵਾਰੀ ਸੰਭਾਲਣ ਉਪਰੰਤ ਗੱਦੀ ਗੁਰੂ ਅਮਰ ਦਾਸ ਜੀ ਨੂੰ ਦਿੱਤੀ। ਆਪ ਜੀ 29 ਮਾਰਚ, ਸੰਨ 1552 ਈ: ਨੂੰ 48 ਸਾਲ ਦੀ ਉਮਰ ਵਿਚ ਜੋਤੀ ਜੋਤ ਸਮਾਏ।

ਗੁਰੂ ਨਾਨਕ ਦੇਵ ਜੀ ਵਾਂਗੂੰ ਗੁਰ-ਗੱਦੀ ਯੋਗ ਹੱਥਾਂ ਵਿਚ ਦਿੱਤੀ : ਆਪ ਜੀ ਨੇ ਪੁੱਤਰਾਂ ਦਾ ਕੋਈ ਲਿਹਾਜ਼ ਨਾ ਕੀਤਾ ਤੇ (ਗੁਰੂ) ਅਮਰਦਾਸ ਜੀ ਦੀ ਅਣਥੱਕ ਸੇਵਾ ਨੂੰ ਮੁੱਖ ਰੱਖਦਿਆਂ ਜੋ ਯੋਗ ਹੈ ਉਸ ਦੇ ਹਵਾਲੇ ਗੁਰਗੱਦੀ ਕੀਤੀ।



Scanned with CamScanner

## ਗੁਰੂ ਅਮਰਦਾਸ ਜੀ
## (1479-1574 ਈ:)

ਮੁੱਢਲਾ ਜੀਵਨ : ਆਪ ਜੀ ਦਾ ਜਨਮ 5 ਮਈ, ਸੰਨ 1479 ਈ: ਨੂੰ ਬਾਸਰਕੇ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ। ਆਪ ਜੀ ਦੇ ਪਿਤਾ ਜੀ ਦਾ ਨਾਮ ਸ੍ਰੀ ਤੇਜ ਭਾਨ ਜੀ ਅਤੇ ਮਾਤਾ ਜੀ ਦਾ ਨਾਮ ਸੁਲੱਖਣੀ ਜੀ ਸੀ। ਆਪ ਦੀ ਸੁਪਤਨੀ ਮਾਤਾ ਰਾਮ ਕੌਰ ਜੀ ਸਨ। ਆਪ ਜੀ ਦੇ ਘਰ ਦੋ ਸਪੁੱਤਰਾਂ ਬਾਬਾ ਮੋਹਨ ਜੀ ਤੇ ਮੋਹਰੀ ਜੀ ਅਤੇ ਦੋ ਸਪੁੱਤਰੀਆਂ ਬੀਬੀ ਦਾਨੀ ਜੀ ਤੇ ਭਾਨੀ ਜੀ ਨੇ ਜਨਮ ਲਿਆ।

ਗੁਰੂ ਅੰਗਦ ਦੇਵ ਜੀ ਦੀ ਸ਼ਰਨ ਵਿਚ ਜਾਣਾ : ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਆਪ ਜੀ ਗੰਗਾ ਤੇ ਹਰੇਕ ਸਾਲ ਇਸ਼ਨਾਨ ਕਰਨ ਜਾਇਆ ਕਰਦੇ ਸਨ। ਗੰਗਾ ਤੋਂ ਵਾਪਸ ਪਰਤਦਿਆਂ ਇੱਕ ਵਾਰ ਆਪ ਦਾ ਮੇਲ ਇੱਕ ਬ੍ਰਹਮਚਾਰੀ ਨਾਲ ਹੋਇਆ। ਰਸਤੇ ਵਿਚ ਕਾਫੀ ਸਮਾਂ ਇਕੱਠੇ ਰਹੇ। ਬੜੀਆਂ ਵਿਚਾਰ-ਚਰਚਾਵਾਂ ਵੀ ਕੀਤੀਆਂ। ਕਾਫੀ ਸਮੇਂ ਬਾਅਦ ਬ੍ਰਹਮਚਾਰੀ ਨੇ ਪੁਛਿਆ ਕਿ ਆਪ ਦਾ ਗੁਰੂ ਕੌਣ ਹੈ। ਪਰ ਆਪ ਨੇ ਗੁਰੂ ਤਾਂ ਹਾਲਾਂ ਤੱਕ ਧਾਰਿਆ ਹੀ ਨਹੀਂ ਸੀ। ਆਪ ਨੇ ਕਹਿ ਦਿੱਤਾ ਕਿ ਮੇਰਾ ਕੋਈ ਗੁਰੂ ਨਹੀਂ ਹੈ। ਬ੍ਰਹਮਚਾਰੀ ਨੇ ਕਿਹਾ ਕਿ ਤੂੰ ਮੇਰਾ ਸਾਰਾ ਜੀਵਨ ਭ੍ਰਸ਼ਟ ਕਰ ਦਿੱਤਾ ਹੈ। ਮੈਂ ਨਿਗੁਰੇ ਦਾ ਸੰਗ ਕੀਤਾ ਹੈ। ਆਪ ਦੇ ਮਨ ਨੂੰ ਬੜੀ ਗਹਿਰੀ ਸੱਟ ਵੱਜੀ। ਆਪ ਉਪਰਾਮ ਰਹਿਣ ਲੱਗੇ। ਇੱਕ ਦਿਨ ਆਪ ਜੀ ਨੇ ਰਿਸ਼ਤੇ ਵਿਚ ਨੂੰਹ ਲੱਗਦੀ ਬੀਬੀ ਅਮਰੋ ਜੀ ਦੇ ਕੰਠ ਤੋਂ ਗੁਰੂ ਨਾਨਕ ਦੇਵ ਜੀ ਦੀ ਬਾਣੀ ਦੀ ਆਵਾਜ਼ ਸੁਣੀ। ਬੀਬੀ ਜੀ ਉਸ ਸਮੇਂ ਦੁੱਧ ਰਿੜਕ ਰਹੇ ਸਨ ਅਤੇ ਬਾਣੀ ਗਾ ਕੇ ਪੜ੍ਹ ਰਹੇ ਸਨ। ਆਪ ਦਾ ਮਨ ਸ਼ਾਂਤੀ ਮਹਿਸੂਸ ਕਰਨ ਲੱਗਾ। ਆਪ ਨੇ ਬੀਬੀ ਜੀ ਤੋਂ ਪੁਛਿਆ ਕਿ ਉਹ ਕੀ ਗਾ ਰਹੀ ਸੀ। ਬੀਬੀ ਜੀ ਨੇ ਦੱਸਿਆ ਕਿ ਉਹ ਗੁਰੂ ਨਾਨਕ ਦੇਵ ਜੀ ਦੀ ਬਾਣੀ ਗਾ ਰਹੀ ਸੀ ਜਿਸ ਗੱਦੀ 'ਤੇ ਉਨ੍ਹਾਂ ਦੇ ਪਿਤਾ ਜੀ ਖਡੂਰ ਸਾਹਿਬ ਵਿਖੇ ਬਿਰਾਜਮਾਨ ਹਨ। ਆਪ ਨੇ ਰਿਸ਼ਤੇਦਾਰੀ ਦੀ ਵਡਿਆਈ ਨੂੰ ਭੁਲਾ ਕੇ ਇੱਕ ਨਿਮਾਣੇ ਅਤੇ ਨਿਆਸਰੇ ਵਜੋਂ ਗੁਰੂ ਅੰਗਦ ਦੇਵ ਜੀ ਦੀ ਸ਼ਰਨ ਪਕੜ ਲਈ। ਅਣਥੱਕ ਸੇਵਾ ਕੀਤੀ। ਆਪਾ ਮਿਟਾ ਦਿੱਤਾ। ਲੋਕਾਂ ਦੇ ਤਾਅਨੇ ਅਤੇ ਮੇਹਣੇ ਸੁਣਕੇ ਵੀ ਅਣਸੁਣੇ ਕਰ ਦਿੱਤੇ। ਇਸ ਸਮੇਂ ਆਪ ਜੀ ਦੀ ਉਮਰ ਲੱਗ ਭੱਗ 62 ਸਾਲ ਦੀ ਸੀ। ਹਰੇਕ ਪ੍ਰਕਾਰ ਦੀ ਰੁੱਤ ਭਾਵੇਂ ਗਰਮੀ, ਸਰਦੀ, ਮੀਂਹ ਜਾਂ ਹਨੇਰੀ ਕੁਝ ਵੀ ਹੁੰਦਾ, ਲਗਾਤਾਰ 11 ਸਾਲ ਬਿਆਸ



Scanned with CamScanner

ਦਰਿਆ ਵਿਚੋਂ ਪਾਣੀ ਦੀ ਗਾਗਰ ਭਰ ਕੇ ਲਿਆਉਂਦੇ ਅਤੇ ਗੁਰੂ ਅੰਗਦ ਦੇਵ ਜੀ ਦਾ ਇਸ਼ਨਾਨ ਕਰਵਾਉਂਦੇ। ਧੰਨ ਆਪ ਜੀ ਦੀ ਕਮਾਈ।

ਗੁਰੂ ਕਾਲ : 29 ਮਾਰਚ, ਸੰਨ 1552 ਈਸਵੀ ਨੂੰ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਆਪ ਜੀ ਨੂੰ ਗੁਰਗੱਦੀ ਸੌਂਪ ਦਿੱਤੀ। ਆਪ ਜੀ ਨੇ ਲੱਗਭੱਗ ਸਾਢੇ 22 ਸਾਲ ਗੋਇੰਦਵਾਲ ਸਾਹਿਬ ਵਿਖੇ ਟਿੱਕ ਕੇ ਗੁਰਗੱਦੀ ਦੀ ਜ਼ਿੰਮੇਵਾਰੀ ਸੰਭਾਲੀ। ਆਪ ਜੀ 1 ਸਤੰਬਰ ਸੰਨ 1574 ਈ: ਤੱਕ ਗੁਰਗੱਦੀ ਤੇ ਬਿਰਾਜਮਾਨ ਰਹੇ।

ਦਾਤੂ ਜੀ ਦਾ ਗੁੱਸਾ : ਆਪ ਜੀ ਨੂੰ ਗੁਰ ਗੱਦੀ ਮਿਲਣ ਤੇ, ਗੁਰੂ ਅੰਗਦ ਦੇਵ ਜੀ ਦੇ ਪੁੱਤਰ ਦਾਤੂ ਜੀ ਤੇ ਦਾਸੂ ਜੀ ਨੇ ਬੜਾ ਰੋਸ ਮਨਾਇਆ। ਦਾਸੂ ਜੀ ਤਾਂ ਮਾਤਾ ਖੀਵੀ ਜੀ ਦੇ ਕਹਿਣ ਬਾਅਦ ਚੁੱਪ ਹੋ ਗਏ ਪਰ ਦਾਤੂ ਜੀ ਨੇ ਆਪਣਾ ਰੋਸ ਜਾਰੀ ਰੱਖਿਆ। ਇਕ ਦਿਨ ਤਾਂ ਗੁੱਸੇ ਵਿਚ ਆ ਕੇ ਗੁਰੂ ਅਮਰਦਾਸ ਜੀ ਨੂੰ, ਜਦੋਂ ਉਹ ਗੱਦੀ ਉੱਤੇ ਬੈਠੇ ਸਨ, ਸੰਗਤ ਸਾਹਮਣੇ ਲੱਤ ਕੱਢ ਮਾਰੀ। ਨਿਮਰਤਾ ਦੇ ਪੁੰਜ ਗੁਰੂ ਅਮਰ ਦਾਸ ਜੀ ਨੇ ਪੈਰ ਪਕੜ ਲਏ ਤੇ ਫ਼ੁਰਮਾਇਆ ਮੇਰੀਆਂ ਹੱਡੀਆਂ ਸਖ਼ਤ ਹਨ, ਆਪ ਜੀ ਦੇ ਪੈਰ ਬਹੁਤ ਨਰਮ (ਕੂਲੇ) ਹਨ, ਚੋਟ ਤਾਂ ਨਹੀਂ ਲੱਗੀ? ਗੁਰੂ ਜੀ ਨੇ ਕੁਝ ਚਿਰ ਲਈ ਗੋਇੰਦਵਾਲ ਛੱਡ ਵੀ ਦਿੱਤਾ ਪਰ ਸਿੱਖਾਂ ਦੇ ਪਿਆਰ ਤੇ ਭਾਈ ਬੁੱਢਾ ਜੀ ਦੀ ਭਾਲ ਨੇ ਗੁਰੂ ਜੀ ਨੂੰ ਮੋੜ ਲਿਆਂਦਾ।

ਗੋਇੰਦਵਾਲ ਸ਼ਹਿਰ ਵਸਾਉਣਾ : ਭਾਈ ਗੋਂਦੇ ਦੀ ਬੇਨਤੀ ਨੂੰ ਪ੍ਰਵਾਨ ਕਰਕੇ ਗੁਰੂ ਅੰਗਦ ਦੇਵ ਜੀ ਨੇ ਆਪ ਨੂੰ ਸ਼ਹਿਰ ਵਸਾਉਣ ਦਾ ਹੁਕਮ ਦਿੱਤਾ। ਆਪ ਨੇ ਗੋਂਦੇ ਦੀ ਜ਼ਮੀਨ ਵਿਚ ਨਗਰ ਵਸਾ ਕੇ, ਉਸ ਦਾ ਨਾਮ ਗੋਇੰਦਵਾਲ ਰੱਖਿਆ। ਗੋਇੰਦਵਾਲ ਵਿਚ ਵੀ ਖਡੂਰ ਸਾਹਿਬ ਵਾਂਗੂੰ ਰੌਣਕਾਂ ਲੱਗ ਗਈਆਂ। ਆਪ ਜੀ ਨੇ ਲੰਗਰ ਦੀ ਮਹੱਤਤਾ ਨਾ ਕੇਵਲ ਉਸੇ ਤਰ੍ਹਾਂ ਹੀ ਜਾਰੀ ਰੱਖੀ ਬਲਕਿ ਜਾਤ-ਪਾਤ ਦਾ ਭੇਦ ਉੱਕਾ ਹੀ ਮਿਟਾਣ ਲਈ ਇਹ ਹੁਕਮ ਦਿੱਤਾ, "ਜਿਸ ਕਿਸੇ ਨੇ ਮੇਰੇ ਦਰਸ਼ਨਾਂ ਨੂੰ ਆਉਣਾ ਹੈ, ਪਹਿਲਾਂ ਪੰਗਤ ਵਿਚ ਪ੍ਰਸ਼ਾਦ ਛਕ ਕੇ ਆਏ।"

ਸਾਂਝਾ ਇਸ਼ਨਾਨ : ਗੁਰੂ ਅਮਰਦਾਸ ਜੀ ਜਿੱਥੇ ਧਾਰਮਿਕ ਤੇ ਆਤਮਕ ਉੱਨਤੀ ਲਈ ਉਪਰਾਲਾ ਕਰ ਰਹੇ ਸਨ, ਉਥੇ ਸਮਾਜਿਕ ਬੁਰਾਈਆਂ ਨੂੰ ਦੂਰ ਕਰਕੇ ਸਹੂਲਤਾਂ ਵੀ ਪ੍ਰਦਾਨ ਕਰ ਰਹੇ ਸਨ। ਜੋ ਕੋਈ ਆਉਂਦਾ ਨਾਮ ਦਾਨ ਲੈ ਕੇ ਜਾਂਦਾ ਸੀ। ਵਿਰੋਧੀਆਂ ਨੇ ਸਿੱਖਾਂ ਨੂੰ ਖੂਹ ਤੋਂ ਪਾਣੀ ਭਰਨ ਦੀ ਮਨਾਹੀ ਕਰ ਦਿੱਤੀ ਅਤੇ ਕਈ ਵਾਰ ਬਰਤਨ ਆਦਿ ਵੀ ਤੋੜ ਦਿੱਤੇ। ਦੂਜੇ, ਨਦੀ ਦਾ



Scanned with CamScanner

ਪਾਣੀ ਗੰਧਲਾ ਸੀ ਅਤੇ ਪੀਣ ਯੋਗ ਨਹੀਂ ਸੀ। ਗੁਰੂ ਜੀ ਨੇ ਵਿਚਾਰ ਕੀਤੀ ਕਿ ਵੱਡਾ ਖੂਹ ਲਵਾਇਆ ਜਾਏ, ਜਿਸ ਦਾ ਜਲ ਅਟੁੱਟ ਹੋਵੇ। ਹਰਟ ਵੀ ਚੱਲਣ, ਲੋਕੀਂ ਖੁੱਲ੍ਹਾ ਇਸ਼ਨਾਨ ਵੀ ਕਰ ਸਕਣ। ਮਾਲ ਡੰਗਰ ਨੂੰ ਵੀ ਪਾਣੀ ਮਿਲ ਸਕੇ ਤੇ ਪਾਠ ਪੂਜਾ ਕਰਨ ਵਾਲਿਆਂ ਲਈ ਸੁਹਾਉਣੀ ਥਾਂ ਵੀ ਬਣ ਜਾਏ।

ਗੁਰੂ ਜੀ ਨੇ ਇਕ ਵੱਡੇ ਪੈਮਾਨੇ ਦੀ ਬਾਉਲੀ ਬਣਾਉਣ ਦਾ ਉਦਮ ਅਰੰਭ ਕਰ ਦਿੱਤਾ। ਇਕ ਪਾਸੇ ਖੂਹ ਸੀ ਜਿੱਥੇ ਹਰਟ ਚੱਲਦੇ। ਮਨੁੱਖਾਂ ਤੇ ਡੰਗਰਾਂ ਵਾਸਤੇ ਅਲੱਗ-ਅਲੱਗ ਪਾਣੀ ਤੇ ਇਸ਼ਨਾਨ ਦਾ ਪ੍ਰਬੰਧ ਕੀਤਾ। ਦੂਜੇ ਪਾਸੇ ਖੁੱਲ੍ਹੀਆਂ ਪਉੜੀਆਂ ਸਨ ਤੇ ਹਰ ਮਨੁੱਖ ਜਲ ਤੱਕ ਪੁੱਜ ਸਕਦਾ ਸੀ। ਭਾਈ ਪਾਰੋ ਅਤੇ ਗੁਰੂ ਜੀ ਨੇ ਆਪ ਖ਼ਾਸ ਧਿਆਨ ਨਾਲ ਇਸ ਕੰਮ ਨੂੰ ਸਿਰੇ ਚੜ੍ਹਾਇਆ। ਜਾਤੀ ਭੇਦ-ਭਾਵ ਅਤੇ ਸੁੱਚ-ਭਿੱਟ ਦੇ ਵਹਿਮਾਂ-ਭਰਮਾਂ ਨੂੰ ਹੋਰ ਸੱਟ ਮਾਰਨ ਲਈ ਸਾਂਝੇ ਲੰਗਰ ਦੇ ਨਾਲ-ਨਾਲ ਇਸ਼ਨਾਨ ਵੀ ਸਾਂਝਾ ਕਰ ਦਿੱਤਾ।

**ਗੋਇੰਦਵਾਲ ਦੇ ਸਨਾਤਨੀਆਂ ਵਿਚ ਈਰਖਾ :** ਸੰਗਤ ਵਿਚ ਜੁੜਨ ਤੇ ਪੰਗਤ ਵਿਚ ਬੈਠਣ ਕਰਕੇ ਲੋਕਾਂ ਵਿਚ ਪ੍ਰੇਮ ਭਾਵ ਦਾ ਪ੍ਰਚਾਰ ਬਹੁਤ ਹੋਇਆ। ਇਸ ਨਵੇਂ ਬਣ ਰਹੇ ਸਮਾਜ ਵਿਚ ਬਨਾਵਟਾਂ ਦਾ ਤਿਆਗ ਸੀ, ਦਿਖਾਵੇ ਦਾ ਜੀਵਨ ਨਹੀਂ ਸੀ। ਪੁਰਾਣੀਆਂ ਲੀਹਾਂ ਉੱਤੇ ਟੁਰੇ ਜਾਂਦੇ ਸਨਾਤਨੀਆਂ ਨੂੰ ਇਹ ਸਾਰੀਆਂ ਗੱਲਾਂ ਚੰਗੀਆਂ ਨਾ ਲੱਗੀਆਂ। ਗੋਂਦਾ ਮਰਵਾਹਾ, ਜੋ ਗੁਰੂ ਜੀ ਦਾ ਸ਼ਰਧਾਲੂ ਸੀ, ਗੁਜ਼ਰ ਗਿਆ ਸੀ। ਈਰਖਾ ਵਸ ਸਨਾਤਨੀਆਂ ਨੇ ਉਸ ਦੇ ਪੁੱਤਰ ਨੂੰ ਗੁਰੂ ਜੀ ਦੇ ਵਿਰੁੱਧ ਪ੍ਰੇਰਿਆ ਕਿ ਉਹ ਲਾਹੌਰ ਨਵਾਬ ਪਾਸ ਸ਼ਿਕਾਇਤ ਭੇਜੇ ਕਿ 'ਮੇਰੇ ਪਿਓ ਨੇ ਆਪਣੇ ਪਿੰਡ ਵਿਚ ਇਕ ਸਾਧੂ ਵਸਾਇਆ ਸੀ। ਉਹ ਹੁਣ ਜ਼ਮੀਨ ਦਬਾ ਬੈਠਾ ਹੈ। ਉਸ ਨੂੰ ਬੇਦਖ਼ਲ ਕੀਤਾ ਜਾਏ।

ਲਾਹੌਰ ਦਾ ਹਾਕਮ ਖਵਾਜਾ ਖ਼ਾਨ ਉਸ ਸ਼ਿਕਾਇਤ ਨੂੰ ਜਾਚਣ ਲਈ ਗੋਇੰਦਵਾਲ ਆਇਆ। ਉਸ ਨੇ ਦੇਖਿਆ ਕਿ ਗੁਰੂ ਜੀ ਬੇ-ਗਰਜ਼ ਹਨ ਅਤੇ ਰੱਬ ਦੇ ਪਿਆਰੇ ਹਨ। ਦਿਨ ਰਾਤ ਕਥਾ, ਕੀਰਤਨ ਅਤੇ ਨਾਮ ਬਾਣੀ ਜਾਰੀ ਰਹਿੰਦੀ ਹੈ। ਗੁਰੂ ਜੀ ਦਾ ਕਿਸੇ ਨਾਲ ਵੈਰ ਵਿਰੋਧ ਨਹੀਂ। ਕਿਸੇ ਜ਼ਮੀਨ ਉੱਤੇ ਉਹ ਆਪਣਾ ਕਬਜ਼ਾ ਨਹੀਂ ਸਮਝਦੇ। ਨਵਾਬ ਨੇ ਉਹ ਦਾਅਵਾ ਝੂਠਾ ਕਰਾਰ ਦਿੱਤਾ। ਉਸ ਦੇ ਸਾਥੀ ਤਾਹਰ ਬੇਗ ਉੱਤੇ ਵੀ ਗੁਰੂ ਜੀ ਦਾ ਪ੍ਰਭਾਵ ਪਿਆ।

**ਅਕਬਰ ਪਾਸ ਸ਼ਿਕਾਇਤ :** ਲਾਹੌਰ ਦੇ ਨਵਾਬ ਨੇ ਜਦ ਵਿਰੋਧੀਆਂ ਦਾ ਦਾਅਵਾ ਰੱਦ ਕਰ ਦਿੱਤਾ ਤਾਂ ਉਨ੍ਹਾਂ ਅਕਬਰ ਪਾਸ ਮਰਵਾਹੇ ਦੇ ਪੁੱਤਰ ਅਤੇ ਨੌਕਰ ਨੂੰ ਦਿੱਲੀ ਭੇਜਿਆ। ਅਕਬਰ ਪਾਸ ਸ਼ਿਕਾਇਤ ਪੇਸ਼ ਕੀਤੀ ਗਈ। ਅਕਬਰ ਦੇ ਪੁੱਛਣ ਉੱਤੇ ਅਹਿਲਕਾਰਾਂ ਨੇ ਦੱਸਿਆ ਕਿ ਨਵਾਬ ਲਾਹੌਰ ਆਪ



Scanned with CamScanner

ਮੌਕੇ ਉੱਤੇ ਜਾ ਕੇ ਪੜਤਾਲ ਕਰਕੇ ਫੈਸਲਾ ਕਰ ਆਇਆ ਹੈ। ਨਾਲ ਹੀ ਖੁਫੀਆ ਰਿਪੋਰਟਾਂ ਤੋਂ ਪਤਾ ਲੱਗਦਾ ਹੈ ਕਿ ਮਰਵਾਹੇ ਚੌਧਰੀ ਦੇਂ ਪੁੱਤਰ ਦੇ ਸਾਰੇ ਇਲਜ਼ਾਮ ਝੂਠੇ ਹਨ। ਹਿੰਦੂ, ਮੁਸਲਮਾਨ, ਸਾਧੂ, ਗ੍ਰਹਿਸਥੀ, ਫ਼ਕੀਰ ਹਰ ਇਕ ਬਿਨਾਂ ਜ਼ਾਤ-ਪਾਤ ਦੀ ਰੋਕ ਟੋਕ ਦੇ ਸਭ ਨੂੰ ਖਾਣਾ ਮੁਫਤ ਮਿਲਦਾ ਹੈ। ਅਕਬਰ ਨੇ ਮੁਕੱਦਮਾ ਖਾਰਜ ਕਰ ਦਿੱਤਾ। ਦੋਵਾਂ ਨੂੰ ਬੇਇੱਜ਼ਤ ਕਰਕੇ ਦਰਬਾਰ ਵਿਚੋਂ ਕੱਢਿਆ ਗਿਆ।

**ਅਕਬਰ ਗੋਇੰਦਵਾਲ ਵਿਚ :** ਸੰਨ 1565 ਈਸਵੀ ਵਿਚ ਅਕਬਰ ਆਪ ਗੁਰੂ ਦੇ ਦਰਬਾਰ ਵਿਚ ਨਿਮਰਤਾ ਧਾਰ ਆਇਆ। ਇਥੋਂ ਤਕ ਲਿਖਿਆ ਹੈ ਕਿ ਜਦ ਕੁਝ ਲੋਕਾਂ ਨੇ ਰੇਸ਼ਮੀ ਕੱਪੜਾ ਵਿਛਾ ਸਵਾਗਤ ਕਰਨਾ ਚਾਹਿਆ ਤਾਂ ਉਸ ਨੇ ਉਠਾ ਕੇ ਪਰ੍ਹਾਂ ਕਰ ਦਿੱਤਾ ਅਤੇ ਉਸ ਤੇ ਪੈਰ ਨਹੀਂ ਰੱਖਿਆ। ਪਹਿਲਾਂ ਲੰਗਰ ਵਿਚ ਪ੍ਰਸ਼ਾਦਿ ਛਕਿਆ ਅਤੇ ਬਾਅਦ ਵਿਚ ਗੁਰੂ ਜੀ ਨੂੰ ਮਿਲਿਆ।

**ਸਤੀ ਤੇ ਪਰਦਾ ਪ੍ਰਥਾ ਨੂੰ ਦੂਰ ਕਰਨਾ :** ਸਦੀਆਂ ਤੋਂ ਇਸਤਰੀ ਤੇ ਹੋ ਰਹੇ ਅਨਿਆਂ ਵਿਰੁੱਧ ਗੁਰੂ ਸਾਹਿਬਾਨ ਨੇ ਆਵਾਜ਼ ਉਠਾਈ। ਉਸੇ ਲੜੀ ਵਿਚ ਗੁਰੂ ਅਮਰਦਾਸ ਜੀ ਨੇ ਸਤੀ ਪ੍ਰਥਾ (ਪਤੀ ਦੀ ਮੌਤ 'ਤੇ ਉਸ ਦੀ ਚਿਖਾ ਵਿਚ ਜਿਊਂਦੇ ਸੜਨਾ) ਅਤੇ ਪਰਦਾ ਪ੍ਰਥਾ (ਘੁੰਡ ਕੱਢਣਾ) ਵਰਗੇ ਜ਼ੁਲਮ ਤੇ ਕੁਰੀਤੀਆਂ ਬੰਦ ਕਰਕੇ ਇਸਤਰੀ ਜਾਤੀ ਨੂੰ ਅਨਿਆਂ ਤੇ ਅਤਿਆਚਾਰ ਤੋਂ ਬਚਾਇਆ।

**ਪ੍ਰਚਾਰ ਕੇਂਦਰਾਂ ਦੀ ਸਥਾਪਨਾ :** ਸ੍ਰੀ ਗੁਰੂ ਅਮਰ ਦਾਸ ਜੀ ਨੇ ਗੋਇੰਦਵਾਲ ਸਾਹਿਬ ਨੂੰ ਸਿੱਖੀ ਦਾ ਕੇਂਦਰੀ ਧੁਰਾ ਬਣਾ ਕੇ, ਸਿੱਖੀ ਦਾ ਪ੍ਰਚਾਰ ਦੂਰ-ਦੂਰ ਤੱਕ ਕਰਨ ਲਈ ਦੇਸ਼ ਭਰ ਵਿਚ 22 ਮੰਜੀਆਂ (ਪ੍ਰਚਾਰ ਕੇਂਦਰ) ਤੇ 52 ਪੀੜ੍ਹੇ (ਪ੍ਰਚਾਰ ਦੇ ਉਪ ਕੇਂਦਰ) ਸਥਾਪਿਤ ਕੀਤੇ। ਇਨ੍ਹਾਂ ਵਿਚ ਬੀਬੀਆਂ (ਇਸਤਰੀਆਂ) ਨੂੰ ਵੀ ਪ੍ਰਚਾਰ ਕਰਨ ਦਾ ਹੱਕ ਦੇ ਕੇ ਮਰਦ ਦੇ ਬਰਾਬਰ ਖੜ੍ਹਾ ਕੀਤਾ।

**ਸ੍ਰੀ ਅੰਮ੍ਰਿਤਸਰ ਸਾਹਿਬ ਦੀ ਸਥਾਪਨਾ ਦਾ ਹੁਕਮ :** ਸਿੱਖੀ ਦਾ ਇਕ ਕੇਂਦਰੀ ਅਸਥਾਨ ਹੋਵੇ, ਇਸ ਲਈ ਆਪ ਜੀ ਨੇ (ਗੁਰੂ) ਰਾਮ ਦਾਸ ਜੀ ਨੂੰ ਆਗਿਆ ਦਿੱਤੀ ਕਿ ਅੰਮ੍ਰਿਤਸਰ ਸ਼ਹਿਰ ਦੀ ਨੀਂਹ ਰੱਖੀ ਜਾਏ।

**ਧਾਰਮਿਕ ਜੋੜ ਮੇਲਿਆਂ ਦਾ ਮੁੱਢ :** ਗੁਰੂ ਨਾਨਕ ਨਾਮ ਲੇਵਾ ਸੰਗਤਾਂ ਵਿਚ ਮੇਲ ਮਿਲਾਪ ਦਾ ਮੌਕਾ ਪ੍ਰਦਾਨ ਕਰਨ ਅਤੇ ਵੱਡੀ ਪੱਧਰ 'ਤੇ ਇਕੱਠੇ ਹੋਕੇ ਗੁਰੂ ਜਸ ਗਾਉਣ, ਪਰਸਪਰ ਪ੍ਰੇਮ ਪਿਆਰ ਪੈਦਾ ਕਰਨ ਅਤੇ



Scanned with CamScanner

ਭਾਈਚਾਰਾ ਸਥਾਪਤ ਕਰਨ ਲਈ ਗੁਰੂ ਅਮਰਦਾਸ ਜੀ ਨੇ ਦੀਵਾਲੀ, ਵਿਸਾਖੀ ਤੇ ਮਾਘੀ ਦੇ ਮੌਕਿਆਂ ਤੇ ਧਾਰਮਿਕ ਜੋੜ ਮੇਲਿਆਂ ਦੇ ਰੂਪ ਵਿਚ ਇਕੱਠੇ ਹੋਣ ਦਾ ਸੱਦਾ ਦਿੱਤਾ।

ਗੁਰਬਾਣੀ ਰਚਨਾ : ਆਪ ਜੀ ਦੁਆਰਾ 17 ਰਾਗਾਂ ਵਿਚ 907 ਸ਼ਬਦਾਂ ਦੀ ਰਚਨਾ ਕੀਤੀ ਗਈ ਜਿਹੜੇ ਕਿ ਸ੍ਰੀ ਗੁਰੂ ਗਰੰਥ ਸਾਹਿਬ ਵਿਚ ਸ਼ਾਮਲ ਹਨ। ਆਪ ਜੀ ਨੇ ਕਈ ਵੱਡੀਆਂ ਬਾਣੀਆਂ ਵੀ ਲਿਖੀਆਂ। ਰਾਮਕਲੀ ਰਾਗ ਵਿਚ 'ਅਨੰਦ' ਸਾਹਿਬ ਤੇ ਆਸਾ ਰਾਗ ਵਿਚ 'ਪੱਟੀ' ਪ੍ਰਸਿੱਧ ਹੈ। ਸਿੱਖੀ ਦਾ ਮੁੱਖ ਮੰਤਵ ਹੀ ਅਨੰਦ ਦ੍ਰਿੜ੍ਹਾਇਆ ਤੇ ਉਸ ਅਨੰਦ ਦੀ ਪ੍ਰਾਪਤੀ ਦੇ ਸਾਧਨ ਅਨੰਦ ਸਾਹਿਬ ਦੀ ਪਵਿੱਤਰ ਬਾਣੀ ਵਿਚ ਦੱਸੇ। ਇਹ ਹੀ ਕਾਰਨ ਹੈ ਸਿੱਖ ਜਨਮ, ਮੌਤ, ਖੁਸ਼ੀ, ਗ਼ਮੀ, ਘਰ ਬਾਹਰ, ਨਿੱਜ ਤੇ ਸੰਗਤ, ਹਰ ਥਾਵੇਂ ਇਸ ਅਨੰਦ ਸਾਹਿਬ ਨੂੰ ਪੜ੍ਹਦਾ ਹੈ।

ਭਾਈ ਜੇਠਾ ਜੀ ਨੂੰ ਗੁਰਗੱਦੀ ਦੀ ਜ਼ਿੰਮੇਵਾਰੀ : ਭਾਈ ਜੇਠਾ ਜੀ ਤਨ ਮਨ ਨਾਲ, ਲੋਕ ਲਾਜ ਛੱਡ, ਗੁਰੂ ਘਰ ਦੀ ਸੇਵਾ ਕਰ ਰਹੇ ਸਨ। ਹੁਕਮ ਪਾਲਣ ਵਿਚ ਵੀ ਸਭ ਤੋਂ ਅੱਗੇ ਸਨ। ਬੀਬੀ ਭਾਨੀ ਜੀ ਵੀ ਦਿਲੋਂ ਮਨੋਂ ਗੁਰੂ ਅਮਰ ਦਾਸ ਜੀ ਦੀ ਸੇਵਾ ਵਿਚ ਜੁਟੇ ਹੋਏ ਸਨ। ਜਦ ਹਰ ਪ੍ਰੀਖਿਆ ਵਿਚ ਭਾਈ ਜੇਠਾ ਜੀ ਸਫਲ ਨਿਕਲੇ ਤਾਂ ਗੁਰਗੱਦੀ ਗੁਰੂ ਅਮਰ ਦਾਸ ਜੀ ਨੇ ਉਹਨਾਂ ਨੂੰ ਸੌਂਪ ਦਿੱਤੀ ਤੇ ਗੁਰੂ ਰਾਮ ਦਾਸ ਬਣਾ ਦਿੱਤਾ।

ਜੋਤੀ ਜੋਤ ਸਮਾਏ : ਸ੍ਰੀ ਗੁਰੂ ਅਮਰ ਦਾਸ ਜੀ 1 ਸਤੰਬਰ, ਸੰਨ 1574 ਈ: ਨੂੰ ਗੋਇੰਦਵਾਲ ਸਾਹਿਬ ਵਿਖੇ ਜੋਤੀ ਜੋਤ ਸਮਾ ਗਏ।

## ਗੁਰੂ ਰਾਮ ਦਾਸ ਜੀ
**(1534-1581 ਈ:)**

ਜਨਮ : ਆਪ ਜੀ ਦਾ ਜਨਮ 24 ਸਤੰਬਰ, ਸੰਨ 1534 ਈ: ਨੂੰ ਚੂਨਾ ਮੰਡੀ, ਲਾਹੌਰ (ਪਾਕਿਸਤਾਨ) ਵਿਖੇ ਹੋਇਆ। ਆਪ ਜੀ ਦਾ ਪਹਿਲਾ ਨਾਮ ਜੇਠਾ ਸੀ। ਆਪ ਜੀ ਦੀ ਛੋਟੀ ਉਮਰ ਵਿਚ ਹੀ ਆਪ ਦੇ ਮਾਤਾ ਦਇਆ ਕੌਰ ਜੀ ਸਦੀਵੀ ਵਿਛੋੜਾ ਦੇ ਗਏ। ਸੱਤ ਸਾਲ ਦੇ ਸਨ ਕਿ ਪਿਤਾ ਹਰਿਦਾਸ ਜੀ ਵੀ ਅਕਾਲ ਚਲਾਣਾ ਕਰ ਗਏ। ਆਪ ਜੀ ਦੇ ਨਾਨਕੇ ਪਿੰਡ ਬਾਸਰਕੇ ਸਨ। ਇਹੀ ਪਿੰਡ ਗੁਰੂ ਅਮਰਦਾਸ ਜੀ ਦਾ ਸੀ। ਪਿਤਾ ਜੀ ਦੇ ਵਿਛੋੜੇ ਤੋਂ ਬਾਅਦ ਭਾਈ ਜੇਠਾ ਜੀ ਦੀ ਨਾਨੀ ਜੀ ਉਨ੍ਹਾਂ ਨੂੰ ਲਾਹੌਰ ਤੋਂ ਪਿੰਡ ਬਾਸਰਕੇ ਲੈ ਆਈ। 5 ਕੁ ਸਾਲ ਆਪ ਜੀ ਬਾਸਰਕੇ ਰਹੇ। ਜਦੋਂ ਗੁਰੂ ਅੰਗਦ ਦੇਵ ਜੀ ਦੇ ਹੁਕਮਾਂ ਨਾਲ



Scanned with CamScanner

ਗੁਰੂ ਅਮਰਦਾਸ ਜੀ ਨੇ ਭਾਈ ਗੋਂਦੇ ਦੀ ਬੇਨਤੀ ਤੇ ਗੋਇੰਦਵਾਲ ਸਾਹਿਬ ਨਗਰ ਵਸਾਇਆ ਤਾਂ ਬਾਸਰਕੇ ਪਿੰਡ ਦੇ ਕਾਫੀ ਪਰਿਵਾਰਾਂ ਨੂੰ ਗੋਇੰਦਵਾਲ ਸਾਹਿਬ ਵਿਖੇ ਲਿਆਂਦਾ ਗਿਆ। ਇਨ੍ਹਾਂ ਵਿਚ ਹੀ ਭਾਈ ਜੇਠਾ ਜੀ ਅਤੇ ਉਨ੍ਹਾਂ ਦੀ ਨਾਨੀ ਜੀ ਵੀ ਆ ਕੇ ਵਸੇ ਸਨ। ਇਸ ਪ੍ਰਕਾਰ ਸੰਨ 1546 ਈਸਵੀ ਵਿਚ, ਜਦੋਂ ਭਾਈ ਜੇਠਾ ਜੀ ਦੀ ਉਮਰ 12 ਕੁ ਸਾਲ ਸੀ, ਉਨ੍ਹਾਂ ਨੂੰ ਗੋਇੰਦਵਾਲ ਸਾਹਿਬ ਵਿਖੇ ਜਾਣ ਦਾ ਸੁਭਾਗ ਸਮਾਂ ਮਿਲਿਆ।

ਸੰਨ 1552 ਈਸਵੀ ਵਿਚ ਗੁਰੂ ਅਮਰ ਦਾਸ ਜੀ ਗੁਰਗੱਦੀ ਤੇ ਬਿਰਾਜਮਾਨ ਹੋਣ ਤੋਂ ਬਾਅਦ ਖਡੂਰ ਸਾਹਿਬ ਤੋਂ ਗੋਇੰਦਵਾਲ ਸਾਹਿਬ ਵਿਖੇ ਆ ਟਿਕੇ ਸਨ। ਗੁਰੂ ਅਮਰਦਾਸ ਜੀ, ਭਾਈ ਜੇਠਾ ਜੀ ਦੀ ਮਾਸੂਮੀਅਤ, ਉਨ੍ਹਾਂ ਦੇ ਮਿੱਠੇ ਸੁਭਾਅ ਅਤੇ ਅੰਤਰੀਵੀ ਧੀਰਜ ਤੋਂ ਬੜੇ ਪ੍ਰਭਾਵਤ ਸਨ। ਭਾਵੇਂ ਭਾਈ ਜੇਠਾ ਜੀ ਘੁੰਙਣੀਆਂ ਵੇਚ ਕੇ ਗੁਜ਼ਾਰਾ ਕਰਦੇ ਸਨ ਪਰ ਗੁਰੂ ਅਮਰ ਦਾਸ ਜੀ ਆਪ ਤੋਂ ਬਹੁਤ ਪ੍ਰਭਾਵਤ ਸਨ। ਗੁਰੂ ਅਮਰ ਦਾਸ ਜੀ ਨੇ ਆਪਣੀ ਛੋਟੀ ਸਪੁੱਤਰੀ ਬੀਬੀ ਭਾਨੀ ਜੀ ਦੀ ਸ਼ਾਦੀ ਜੇਠਾ ਜੀ ਨਾਲ ਕਰ ਦਿੱਤੀ।

ਆਪ ਜੀ ਦੇ ਘਰ ਤਿੰਨ ਸਪੁੱਤਰ ਬਾਬਾ ਪ੍ਰਿਥੀ ਚੰਦ (ਸੰਨ 1557 ਈਸਵੀ), ਮਹਾਂਦੇਵ ਜੀ (ਸੰਨ 1560 ਈਸਵੀ) ਤੇ ਸ੍ਰੀ ਗੁਰੂ ਅਰਜਨ ਦੇਵ ਜੀ (ਸੰਨ 1563 ਈਸਵੀ) ਨੇ ਜਨਮ ਲਿਆ।

ਮਹਾਨ ਕਾਰਜ :

ਗੁਰੂ ਕਾ ਚੱਕ ਵਸਾਉਣਾ :- ਸ੍ਰੀ ਗੁਰੂ ਅਮਰਦਾਸ ਜੀ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਆਪ ਜੀ ਨੇ ਤੁੰਗ ਪਿੰਡ ਦੇ ਨੇੜੇ ਇੱਕ ਨਵਾਂ ਨਗਰ ਵਸਾਇਆ ਜਿਸ ਦਾ ਨਾਮ ਗੁਰੂ ਕਾ ਚੱਕ ਰੱਖਿਆ। ਇਸ ਨੂੰ ਬਾਅਦ ਵਿਚ ਰਾਮਦਾਸਪੁਰ ਕਿਹਾ ਜਾਣ ਲੱਗਾ ਜੋ ਕਿ ਹੁਣ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਇਸ ਨੂੰ ਇੱਕ ਵਪਾਰਕ ਸ਼ਹਿਰ ਬਣਾਉਣ ਲਈ ਵੱਖ-ਵੱਖ ਕਿੱਤਿਆਂ ਅਤੇ ਪੇਸ਼ਿਆਂ ਵਾਲੇ ਲੋਕਾਂ ਨੂੰ ਪਰੇਰ ਕੇ ਇੱਥੇ ਲਿਆਂਦਾ। ਸਰੋਵਰ ਨੂੰ ਵੱਡਾ ਕੀਤਾ ਅਤੇ ਆਪ ਹੀ ਵੱਡਾ ਕਰਨ ਵੇਲੇ ਟੱਕ ਲਗਾਇਆ ਤੇ ਨਾਮ ਅੰਮ੍ਰਿਤਸਰ ਰੱਖਿਆ।

ਵੱਖ-ਵੱਖ ਬਵੰਜਾ ਕਿੱਤਿਆਂ ਦੇ ਲੋਕੀਂ ਉਥੇ ਵਸੇ। ਵਪਾਰੀ, ਕਾਰੀਗਰ, ਜੌਹਰੀ ਲੋਕਾਂ ਨੇ ਆਪਣਾ ਪੱਕਾ ਟਿਕਾਣਾ ਬਣਾ ਲਿਆ। ਸ੍ਰੀ ਗੁਰੂ ਰਾਮ ਦਾਸ ਜੀ ਨੇ ਉਨ੍ਹਾਂ ਨਵੇਂ ਆਉਣ ਵਾਲੇ ਵਪਾਰੀ ਤੇ ਦੁਕਾਨਦਾਰਾਂ ਨੂੰ ਹਰ ਕਿਸਮ ਦੀ ਸਹਾਇਤਾ ਦਿੱਤੀ। ਵਪਾਰੀ ਤਬਕੇ ਨੂੰ ਬਹੁਤ ਉਤਸ਼ਾਹ ਦਿੱਤਾ। ਭਗਤੂ ਤੇ



Scanned with CamScanner

ਭਾਈ ਬਹਿਲੋ ਨੇ ਦਿਨ ਰਾਤ ਇਕ ਕਰ ਕੇ ਬਜ਼ਾਰ ਉਸਾਰੇ। ਭਾਈ ਲਾਲੋ ਨੇ ਆਪਣੇ ਰਿਸ਼ਤੇਦਾਰਾਂ ਭਾਈ ਚੰਦਰ ਭਾਨ ਤੇ ਭਾਈ ਰੂਪ ਰਾਮ ਨੂੰ ਵਸਾ ਕੇ ਹੋਰ ਉੱਘੇ ਵਪਾਰੀਆਂ ਨੂੰ ਵੱਸਣ ਲਈ ਪ੍ਰੇਰਿਆ। ਇਹ ਸ਼ਹਿਰ ਵਸਾਉਣ ਦਾ ਸਭ ਤੋਂ ਪਹਿਲਾ, ਵੱਡਾ ਪ੍ਰਭਾਵ ਇਹ ਹੋਇਆ ਕਿ ਇਹ ਲੋਕਾਂ ਤੇ ਪ੍ਰਗਟ ਹੋ ਗਿਆ ਕਿ ਧਰਮ ਸੰਸਾਰ ਦੇ ਕੰਮ ਕਰਦਿਆਂ ਵੀ ਕਾਇਮ ਰੱਖਿਆ ਜਾ ਸਕਦਾ ਹੈ। ਵਪਾਰ ਸ਼ੁਰੂ ਕਰਨ ਬਾਰੇ ਜੋ ਵਿਰੋਧੀ ਖਿਆਲ ਧਰਮੀ ਲੋਕਾਂ ਦੇ ਮਨ ਵਿਚ ਬਣੇ ਹੋਏ ਸਨ, ਉਹ ਦੂਰ ਹੋ ਗਏ। ਸਿੱਖਾਂ ਨੇ ਵਪਾਰ ਵਿਚ ਹਿੱਸਾ ਲੈਣਾ ਆਰੰਭ ਕੀਤਾ। ਆਰਥਕ ਤੌਰ ਉੱਤੇ ਵੀ ਸਿੱਖ ਮਜ਼ਬੂਤ ਹੋਣੇ ਸ਼ੁਰੂ ਹੋ ਗਏ।

**ਆਨੰਦ-ਵਿਆਹ ਦੀ ਰੀਤ ਅਤੇ ਸਫਲ ਗ੍ਰਿਹਸਤ ਜੀਵਨ ਦੀ ਜਾਚ ਸਿਖਾਈ :** ਇਹ ਇਕ ਹੈਰਾਨੀ ਜਨਕ ਤੱਥ ਹੈ ਕਿ ਜਿਤਨੇ ਸਿੱਖ ਸ੍ਰੀ ਗੁਰੂ ਰਾਮ ਦਾਸ ਜੀ ਕੋਲ ਆਏ, ਉਨ੍ਹਾਂ ਨੇ ਗ੍ਰਹਿਸਤ ਜੀਵਨ ਨਿਭਾਉਣ, ਗ੍ਰਹਿਸਤੀ ਜੀਵਨ ਚੰਗੇਰਾ ਬਨਾਉਣ, ਦੁਨੀਆਂ ਵਿਚ ਚੰਗੀ ਤਰ੍ਹਾਂ ਰਹਿਣ, ਕੰਮ-ਧੰਦੇ ਕਰਦੇ ਹੋਏ ਵਾਹਿਗੁਰੂ ਨੂੰ ਪਾਉਣ ਤੇ ਗੁਰੂ ਨੂੰ ਨਾ ਵਿਸਰਣ ਦੇ ਢੰਗ ਦੀ ਹੀ ਗੱਲ ਪੁੱਛੀ। ਆਪ ਜੀ ਨੇ ਸੁਖੀ ਤੇ ਖੁਸ਼ਹਾਲ ਗ੍ਰਿਹਸਤੀ ਜੀਵਨ ਜੀਉਣ ਲਈ ਸਿੱਖ ਦੀ ਨਿੱਤ ਕਰਣੀ ਨੂੰ ਨਿਯਤ ਕਰਦਿਆਂ ਗਉੜੀ ਰਾਗ ਵਿਚ 'ਗੁਰ ਸਤਿਗੁਰ ਕਾ ਜੋ ਸਿਖ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ।।' ਇੱਕ ਪਉੜੀ ਉਚਾਰਨ ਕੀਤੀ ਜੋ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਅੰਗ (ਪੰਨਾ) ੩੦੫ ਤੇ ਅੰਕਿਤ ਹੈ। ਇਸੇ ਪ੍ਰਕਾਰ ਸਿੱਖਾਂ ਦੇ ਵਿਆਹਾਂ ਨੂੰ ਅਨੰਦ ਰੀਤੀ ਨਾਲ ਕਰਨ ਲਈ ਆਪ ਜੀ ਨੇ ਸੂਹੀ ਰਾਗ ਵਿਚ 4 ਲਾਵਾਂ ਦਾ ਪਾਠ ਉਚਾਰਨ ਕੀਤਾ ਜਿਸ ਰਾਹੀਂ ਉਨ੍ਹਾਂ ਨੇ ਗ੍ਰਿਹਸਤੀ ਜੀਵਨ ਨੂੰ ਅਕਾਲ ਪੁਰਖ ਦੇ ਹੁਕਮ ਵਿੱਚ ਰਹਿੰਦਿਆਂ ਨਿਭਾਹੁਣ ਦਾ ਸੰਦੇਸ਼ ਦਿੱਤਾ। ਇਸ ਬਾਣੀ ਵਿਚ ਮਨੁੱਖ ਨੂੰ ਆਤਮਿਕ ਗਿਆਨ ਦੀ ਪਰੇਰਨਾ ਦਿੱਤੀ ਗਈ ਹੈ।

**ਗੁਰਬਾਣੀ ਰਚਨਾ :** ਆਪ ਜੀ ਦੁਆਰਾ ਰਚੀ ਬਾਣੀ 30 ਰਾਗਾਂ ਵਿੱਚ ਦਰਜ਼ ਹੈ, ਜਿਸ ਦੇ 679 ਸ਼ਬਦ ਹਨ ।

**ਉਤਰਾਧਿਕਾਰੀ :** ਸ੍ਰੀ ਗੁਰੂ ਅਮਰਦਾਸ ਜੀ ਦੁਆਰਾ 1 ਸਤੰਬਰ, ਸੰਨ 1574 ਈ: ਨੂੰ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਆਪ ਜੀ ਨੂੰ ਗੁਰਗੱਦੀ ਦੀ ਸੇਵਾ ਸੰਭਾਲੀ। ਆਪ ਜੀ ਨੇ ਸਾਢੇ ਸੱਤ ਕੁ ਸਾਲ ਗੁਰੂ ਜ਼ਿੰਮੇਵਾਰੀ ਸੰਭਾਲੀ ਅਤੇ ਸਿੱਖ ਤੇ ਸਿੱਖੀ ਦੇ ਕੇਂਦਰ ਨੂੰ ਮਜ਼ਬੂਤ ਕੀਤਾ ਅਤੇ ਸੰਗਤਾਂ ਨੂੰ ਪਰਮਾਤਮਾ ਨਾਲ ਜੁੜਨ ਅਤੇ ਗੁਰ-ਸ਼ਬਦ ਦੀ ਕਮਾਈ ਦੀ ਜਾਚ ਸਿਖਾਈ। ਇੱਕ ਸਤੰਬਰ, ਸੰਨ 1581 ਈ: ਨੂੰ ਆਪ ਜੀ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਗੁਰਗੱਦੀ ਸੌਂਪ ਕੇ



Scanned with CamScanner

ਸ੍ਰੀ ਗੋਇੰਦਵਾਲ ਸਾਹਿਬ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਜੋਤੀ ਜੋਤ ਸਮਾ ਗਏ।

## ਗੁਰੂ ਅਰਜਨ ਦੇਵ ਜੀ
(1563-1606 ਈ:)

ਜਨਮ : ਆਪ ਜੀ ਦਾ ਜਨਮ 15 ਅਪ੍ਰੈਲ, ਸੰਨ 1563 ਈ: ਨੂੰ ਸ੍ਰੀ ਗੋਇੰਦਵਾਲ ਸਾਹਿਬ, ਜ਼ਿਲ੍ਹਾ ਅੰਮ੍ਰਿਤਸਰ ਸਾਹਿਬ ਵਿਖੇ ਹੋਇਆ। ਆਪ ਜੀ ਦੇ ਪਿਤਾ ਜੀ ਸ੍ਰੀ ਗੁਰੂ ਰਾਮ ਦਾਸ ਜੀ ਅਤੇ ਮਾਤਾ ਭਾਨੀ ਜੀ ਸਨ। ਆਪ ਜੀ ਦੀ ਸੁਪਤਨੀ ਦਾ ਨਾਮ ਮਾਤਾ ਗੰਗਾ ਜੀ ਸੀ। ਆਪ ਜੀ ਦੇ ਘਰ ਇੱਕ ਸਪੁੱਤਰ ਨੇ ਜਨਮ ਲਿਆ ਜਿਸ ਦਾ ਨਾਮ (ਗੁਰੂ) ਹਰਗੋਬਿੰਦ (ਸਾਹਿਬ ਜੀ) ਰੱਖਿਆ ਗਿਆ।

ਬਚਪਨ : ਬਚਪਨ ਤੋਂ ਹੀ ਆਪ ਜੀ ਨੂੰ ਸਿੱਖੀ ਵਾਯੂਮੰਡਲ ਵਿਚ ਹਰ ਪ੍ਰਕਾਰ ਦੀ ਧਾਰਮਿਕ ਤੇ ਆਤਮਕ ਸਿੱਖਿਆ ਮਿਲ ਰਹੀ ਸੀ। ਸ੍ਰੀ ਗੁਰੂ ਅਮਰਦਾਸ ਜੀ ਨੇ ਇਸ ਹੋਣਹਾਰ ਬਾਲਕ ਦੀਆਂ ਗੱਲਾਂ ਤੇ ਖੇਡਾਂ ਦੇਖਕੇ ਪਛਾਣ ਲਿਆ ਸੀ ਕਿ ਇਹ 'ਕੋਈ ਵੱਡਾ ਪੁਰਖ ਹੈ ਭਾਰੀ'। ਇਕ ਹੋਰ ਕਥਨ ਅਨੁਸਾਰ ਗੁਰੂ ਅਮਰਦਾਸ ਜੀ ਨੇ 'ਦੋਹਿਤਾ ਬਾਣੀ ਕਾ ਬੋਹਿਥਾ' ਦੀ ਭਵਿੱਖਤ ਬਾਣੀ ਵੀ ਕੀਤੀ।

**ਵਿੱਦਿਆ** : ਗੁਰਮੁਖੀ ਅੱਖਰ ਆਪੂੰ ਗੁਰੂ ਅਮਰ ਦਾਸ ਜੀ ਨੇ ਸਿਖਾਏ। ਦੇਖ-ਰੇਖ ਬਾਬਾ ਬੁੱਢਾ ਜੀ ਕਰ ਰਹੇ ਸਨ। ਮੋਹਰੀ ਜੀ ਨੇ ਗਣਿਤ ਵਿਦਿਆ ਸਿਖਲਾਈ। ਦੇਵ ਨਾਗਰੀ ਪਿੰਡ ਦੀ ਪਾਠਸ਼ਾਲਾ ਤੋਂ ਸਿੱਖੀ। ਸੰਸਕ੍ਰਿਤ ਦਾ ਗਿਆਨ ਪੰਡਿਤ ਬੇਣੀ ਕੋਲੋਂ ਸਿੱਖਿਆ। ਗੁਰੂ ਅਰਜਨ ਦੇਵ ਜੀ ਨੇ ਹਰ ਵਿਦਿਆ ਵਿੱਚ ਮੁਹਾਰਤ ਹਾਸਲ ਕਰ ਲਈ ਸੀ। ਆਪ ਜੀ ਨੇ ਚਿੱਤਰਕਾਰੀ ਵੀ ਸਿੱਖ ਲਈ ਸੀ ਅਤੇ ਉਸਾਰੀ ਤੇ ਸ਼ਿਲਪ ਕਲਾ ਵਿਚ ਵੀ ਨਿਪੁੰਨ ਹੋ ਗਏ ਸਨ। ਹਰਿਮੰਦਰ ਸਾਹਿਬ, ਤਰਨਤਾਰਨ, ਡੱਬੀ ਬਾਜ਼ਾਰ ਲਾਹੌਰ, ਬਾਉਲੀ ਸਾਹਿਬ ਤੇ ਦੀਵਾਨ ਖ਼ਾਨਾ, ਕਰਤਾਰਪੁਰ (ਜਿਲ੍ਹਾ ਜਲੰਧਰ) ਦਾ ਸ਼ੀਸ਼ ਮਹੱਲ ਅਤੇ ਉਨ੍ਹਾਂ ਦੁਆਰਾ ਲਗਾਏ ਬਾਗ਼ ਢੁੱਕਵੀਆਂ ਉਦਾਹਰਣਾਂ ਹਨ। ਘੋੜ ਸਵਾਰੀ ਦੇ ਆਪ ਜੀ ਮਾਹਿਰ ਸਨ। ਨੇਜ਼ਾ ਬਾਜ਼ੀ ਉਨ੍ਹਾਂ ਵਰਗੀ ਕੋਈ ਜਾਣਦਾ ਨਹੀਂ ਸੀ। ਸੇਵਾ ਵਿਚ ਜੁੱਟੇ ਰਹਿੰਦੇ ਸਨ।

ਅੰਮ੍ਰਿਤਸਰ ਵਿਚ : (ਗੁਰੂ) ਅਰਜਨ ਦੇਵ ਜੀ ਗੁਰਬਾਣੀ ਤੇ ਪ੍ਰਚਾਰ ਵੱਲ ਬਹੁਤ ਧਿਆਨ ਦੇਂਦੇ ਸਨ। ਲੰਗਰ ਦੀ ਰਸਦ, ਮਾਇਆ ਤੇ ਮਸੰਦਾਂ ਰਾਹੀਂ



Scanned with CamScanner

ਬਾਹਰੋਂ ਆਈ ਮਾਇਆ ਦਾ ਹਿਸਾਬ ਪ੍ਰਿਥੀ ਚੰਦ ਜੀ ਰੱਖਦੇ ਸਨ। (ਗੁਰੂ) ਅਰਜਨ ਦੇਵ ਜੀ ਸਿਰਫ ਸੇਵਾ ਹੀ ਆਪਣਾ ਮੁੱਖ ਮੰਤਵ ਸਮਝਦੇ ਸਨ। ਮਹਾਂਦੇਵ ਜੀ ਇਨ੍ਹਾਂ ਨੂੰ ਖਲਜਗਣ ਕਹਿੰਦੇ ਸਨ ਤੇ ਸਾਰਾ ਸਮਾਂ (ਅਤੀਤ) ਵੈਰਾਗੀ ਰੂਪ ਵਿਚ ਗੁਜ਼ਾਰਦੇ ਸਨ।

**ਗੁਰੂ ਗੱਦੀ ਦੀ ਪ੍ਰਾਪਤੀ :** ਸ੍ਰੀ ਗੁਰੂ ਰਾਮਦਾਸ ਜੀ, ਚੌਥੇ ਗੁਰੂ ਦੁਆਰਾ ਆਪ ਜੀ ਵਿਚਲੇ ਗੁਣਾਂ, ਸੇਵਾ-ਸੰਪੰਨਤਾ, ਤਿਆਗ, ਦਲੇਰੀ, ਗਿਆਨ ਅਤੇ ਕੁਰਬਾਨੀ ਦੇ ਜਜ਼ਬਿਆਂ ਅਤੇ ਗੁਰਗੱਦੀ ਸੰਭਾਲਣ ਦੀ ਯੋਗਤਾ ਸਦਕਾ 1 ਸਤੰਬਰ, ਸੰਨ 1581 ਈਸਵੀ ਨੂੰ ਆਪ ਜੀ ਨੂੰ ਗੁਰਗੱਦੀ ਦੀ ਸੇਵਾ ਸੰਭਾਲ ਦਿੱਤੀ। ਗੁਰੂ ਜੀ ਦੀ ਉਮਰ ਉਸ ਸਮੇਂ 18 ਸਾਲ 4 ਮਹੀਨੇ ਦੀ ਸੀ। ਆਪ ਜੀ ਇਸ ਗੁਰਤਾ ਗੱਦੀ ਤੇ 30 ਮਈ, ਸੰਨ 1606 ਈ: ਤੱਕ ਬਿਰਾਜਮਾਨ ਰਹੇ।

**ਪ੍ਰਿਥੀ ਚੰਦ ਨੇ ਨਾਕਾ-ਬੰਦੀ ਕਰ ਦਿੱਤੀ :** ਪ੍ਰਿਥੀ ਚੰਦ ਨੇ ਗੁਰੂ-ਘਰ ਦੀ ਨਾਕਾ-ਬੰਦੀ ਕਰ ਦਿੱਤੀ। ਪ੍ਰਿਥੀ ਚੰਦ ਤੇ ਉਸ ਦੇ ਹੋਰ ਲਾਗੀਆਂ ਨੇ ਸੱਤੇ ਤੇ ਬਲਵੰਡ ਰਬਾਬੀਆਂ ਨੂੰ ਚੁੱਕ ਚੁਕਾ ਕੀਤਾ ਕਿ "ਤੁਹਾਡੇ ਕਾਰਨ ਹੀ ਤਾਂ ਇਹ ਗੁਰੂ ਬਣਿਆ ਬੈਠਾ ਹੈ।" ਉਨ੍ਹਾਂ ਨੇ ਕੀਰਤਨ ਕਰਨ ਤੋਂ ਇਨਕਾਰ ਕਰ ਦਿੱਤਾ। ਗੁਰੂ ਅਰਜਨ ਦੇਵ ਜੀ ਆਪ ਮਨਾਉਣ ਲਈ ਗਏ ਪਰ ਉਹਨਾਂ ਉਲਟੇ ਪੁਲਟੇ ਬੋਲ ਗੁਰੂ ਨਾਨਕ ਦੇਵ ਜੀ ਦੀ ਸ਼ਾਨ ਤੇ ਗੁਰੂ ਸਾਹਿਬ ਦੇ ਵਿਰੁੱਧ ਬੋਲੇ।

ਗੁਰੂ ਜੀ ਨੇ ਸੰਗਤ ਨੂੰ ਖ਼ੁਦ ਕੀਰਤਨ ਕਰਨ ਦੀ ਪ੍ਰੇਰਨਾ ਦਿੱਤੀ ਤੇ ਕਿਹਾ ਕਿ ਸੱਤਾ ਤੇ ਬਲਵੰਡ ਪਾਸੋਂ ਕੋਈ ਕੀਰਤਨ ਨਾ ਸੁਣੇ। ਗੁਰੂ ਜੀ ਨੇ ਆਪ ਸਿਰੰਦਾ ਲੈ ਕੇ ਕੀਰਤਨ ਕਰਨ ਦੀ ਅਗਵਾਈ ਕੀਤੀ। ਸੱਤੇ ਤੇ ਬਲਵੰਡ ਨੂੰ ਜਦੋਂ ਆਪਣੀ ਗਲਤੀ ਦਾ ਅਹਿਸਾਸ ਹੋਇਆ ਤਾਂ ਭਾਈ ਲੱਧਾ ਪਰਉਪਕਾਰੀ ਗੁਰੂ ਜੀ ਪਾਸ ਖਿਮਾਂ ਮੰਗਵਾਉਣ ਲਈ ਲੈ ਕੇ ਆਏ।

**ਭਾਈ ਗੁਰਦਾਸ ਜੀ ਦਾ ਆਉਣਾ :** ਭਾਈ ਗੁਰਦਾਸ ਜੀ ਆਗਰੇ ਵਿਖੇ ਗਏ ਹੋਏ ਸਨ ਅਤੇ ਗੁਰਬਾਣੀ ਦਾ ਪ੍ਰਚਾਰ ਕਰ ਰਹੇ ਸਨ। ਉਹ 1583 ਈਸਵੀ ਦੇ ਆਰੰਭ ਵਿਚ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸਿੱਖ ਸੰਗਤਾਂ ਸਮੇਤ ਗੁਰ ਦਰਸ਼ਨ ਹਿੱਤ ਪੁੱਜੇ। ਲੰਗਰ ਵਰਤਾਉਣ ਸਮੇਂ ਜਦ ਦੋ ਦੋ ਛੋਲਿਆਂ ਦੇ ਹੀ ਪ੍ਰਸ਼ਾਦੇ ਰੱਖੇ ਗਏ ਤਾਂ ਹੈਰਾਨ ਹੋਏ। ਪਹਿਲਾਂ ਉਹ ਗੁਰੂ ਲੰਗਰ ਵਿਚ, ਘਿਓ, ਮੈਦਾ, ਨਿੱਤ ਵਰਤਦਾ ਦੇਖਦੇ ਰਹੇ ਸਨ। ਉਨ੍ਹਾਂ ਆਗਿਆ ਲੈ ਕੇ ਲੋਕਾਂ ਵਿਚ ਪਈਆਂ ਗਲਤ-ਫਹਿਮੀਆਂ ਨੂੰ ਦੂਰ ਕਰਨਾ ਸ਼ੁਰੂ ਕੀਤਾ। ਉਹ ਹੋਰ ਉੱਘੇ ਸਿੱਖਾਂ ਨੂੰ ਨਾਲ ਲੈ ਅੰਮ੍ਰਿਤਸਰ ਤੋਂ ਬਾਹਰ ਜਾ ਟਿਕੇ ਤੇ ਹਰ ਆਉਣ ਵਾਲੇ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਰੇ ਦੱਸ ਪਾਈ ਅਤੇ ਪ੍ਰਿਥੀ ਚੰਦ ਜੀ ਵਲੋਂ ਗੁਰੂ ਘਰ



Scanned with CamScanner

ਵਿਰੁੱਧ ਸਾਜ਼ਸ਼ਾਂ ਦਾ ਪਾਜ ਉਘਾੜਿਆ।

**ਦਸਵੰਧ ਦੀ ਮਰਿਯਾਦਾ :-** ਗੁਰੂ ਘਰ ਦੇ ਕਾਰਜਾਂ ਨੂੰ ਨਿਰੰਤਰ ਜਾਰੀ ਰੱਖਣ ਅਤੇ ਲੋੜਵੰਦਾਂ ਦੀ ਮੱਦਦ ਕਰਨ ਲਈ ਗੁਰੂ ਅਰਜਨ ਦੇਵ ਜੀ ਨੇ ਗੁਰਸਿੱਖਾਂ ਲਈ ਦਸਵੰਧ ਦੀ ਮਰਿਯਾਦਾ ਬੰਨ੍ਹੀ। ਇਹ ਮਾਇਆ ਉਸ ਸਮੇਂ ਦੇ ਮਸੰਦ ਸੰਗਤਾਂ ਪਾਸੋਂ ਇਕੱਠੀ ਕਰਕੇ, ਗੁਰੂ ਸਾਹਿਬ ਕੋਲ ਪਹੁੰਚਾਉਂਦੇ ਸਨ।

**ਸ੍ਰੀ ਹਰਿਮੰਦਰ ਸਾਹਿਬ (ਸ੍ਰੀ ਦਰਬਾਰ ਸਾਹਿਬ) ਅੰਮ੍ਰਿਤਸਰ ਦੀ ਉਸਾਰੀ :-** ਆਪ ਜੀ ਨੇ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਦੇ ਕੇਂਦਰ ਵਿਚ, ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਲਈ ਉਸ ਦੀ ਨੀਂਹ ਮੁਸਲਮਾਨ ਫਕੀਰ ਸਾਂਈਂ ਮੀਆਂ ਮੀਰ ਜੀ ਪਾਸੋਂ ਰਖਵਾਈ। ਸ੍ਰੀ ਹਰਿਮੰਦਰ ਸਾਹਿਬ ਦੇ ਬਣਨ ਨਾਲ ਸਿੱਖੀ ਦਾ ਕੇਂਦਰ ਮਜ਼ਬੂਤ ਹੋ ਗਿਆ। ਇਥੇ ਹਰ ਵੇਲੇ ਗੁਰਬਾਣੀ ਦਾ ਪਾਠ ਅਤੇ ਕੀਰਤਨ ਹੁੰਦਾ ਰਹਿੰਦਾ ਹੈ। ਇਸ ਅਸਥਾਨ ਨੂੰ ਗੋਲਡਨ ਟੈਂਪਲ ਕਹਿਣਾ ਵੱਡੀ ਭੁੱਲ ਅਤੇ ਅਗਿਆਨਤਾ ਹੈ। ਇਹ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਹੈ। ਇਸ ਦੇ ਚਾਰ ਦਰਵਾਜ਼ੇ ਦਿਸ਼ਾ ਰਹਿਤ ਰੱਖੇ ਗਏ ਹਨ ਜਿਸ ਨਾਲ ਪੂਰਬ ਪੱਛਮ ਆਦਿ ਦਿਸ਼ਾਵਾਂ ਦਾ ਝਗੜਾ ਹੀ ਮੁੱਕਾ ਦਿੱਤਾ ਅਤੇ ਇਸ ਨੂੰ ਸਰਬ ਸਾਂਝਾ ਅਤੇ ਸਰਬ ਲੋਕਾਈ ਲਈ ਪਰਮ ਪਵਿੱਤਰ ਅਸਥਾਨ ਬਣਾ ਦਿੱਤਾ।

**ਤਰਨ ਤਾਰਨ ਨਗਰ ਦੀ ਉਸਾਰੀ :-** ਉਸ ਇਲਾਕੇ ਵਿਚ ਪ੍ਰਚਾਰ ਨ ਹੋਣ ਕਰਕੇ ਮੁਸਲਮਾਨਾਂ ਤੇ ਖਾਸ ਕਰਕੇ ਸਖੀ ਸਰਵਰਾਂ ਦਾ ਪ੍ਰਚਾਰ ਵੱਧ ਰਿਹਾ ਸੀ। ਸਰਵਰੀਆਂ ਦੇ ਕੇਂਦਰ ਦੇ ਨੇੜੇ ਹੀ ਗੁਰੂ ਜੀ ਨੇ ਨਵਾਂ ਨਗਰ ਸੰਨ 1590 ਈਸਵੀ ਵਿਚ ਵਸਾਇਆ ਜਿਸ ਦਾ ਨਾਮ ਤਰਨ ਤਾਰਨ ਰੱਖਿਆ ਗਿਆ। ਇਸ ਨਗਰ ਦੇ ਬਣਨ ਨਾਲ ਸਰਵਰੀਆਂ ਦੇ ਪ੍ਰਚਾਰ ਨੂੰ ਬੜੀ ਚੋਟ ਵੱਜੀ। ਸਰਵਰੀਆਂ ਨੇ ਇਲਾਕੇ ਦੇ ਹਾਕਮਾਂ ਨੂੰ ਚੁੱਕਿਆ। ਇਲਾਕੇ ਦੇ ਹਾਕਮ ਨੂਰ ਦੀਨ ਦੇ ਪੁੱਤਰ ਅਮੀਰ ਦੀਨ ਨੇ ਉਹ ਪੱਕੀਆਂ ਇੱਟਾਂ ਜੋ ਤਰਨ ਤਾਰਨ ਸਰੋਵਰ ਲਈ ਆਈਆਂ ਸਨ, ਜ਼ਬਰਦਸਤੀ ਉਠਾ ਕੇ ਆਪਣੀ ਹਵੇਲੀ ਨੂੰ ਲਵਾ ਲਈਆਂ। ਪਰ ਗੁਰੂ ਜੀ ਉਸੇ ਜੋਸ਼ ਤੇ ਉਤਸ਼ਾਹ ਨਾਲ ਕੇਂਦਰ ਨੂੰ ਬਣਾਉਣ ਵੱਲ ਜੁੱਟੇ ਰਹੇ।

ਤਰਨ ਤਾਰਨ ਦੇ ਬਣਾਉਣ ਵੇਲੇ ਗੁਰੂ ਜੀ ਨੇੜੇ ਦੇ ਪਿੰਡਾਂ ਵਿਚ ਪ੍ਰਚਾਰ ਹਿੱਤ ਵੀ ਜਾਂਦੇ ਰਹੇ। ਖਡੂਰ, ਗੋਇੰਦਵਾਲ, ਸਰਹਾਲੀ ਤੇ ਖਾਨਪੁਰ ਤੱਕ ਗਏ। ਤਰਨ ਤਾਰਨ ਵਿਖੇ ਹੀ ਪਹਿਲਾ ਕੋਹੜੀ-ਘਰ ਬਣਾਇਆ।



Scanned with CamScanner

**ਕਰਤਾਰਪੁਰ ਨਗਰ ਵਸਾਉਣਾ :** ਸ੍ਰੀ ਗੁਰੂ ਅਰਜਨ ਦੇਵ ਜੀ ਤਰਨ ਤਾਰਨ ਦੀ ਉਸਾਰੀ ਤੋਂ ਵਿਹਲੇ ਹੋ ਕੇ ਦੁਆਬੇ ਵੱਲ ਗਏ। ਦੁਆਬੇ ਵਿਚ ਵਹਿਮ-ਪ੍ਰਸਤੀ ਦਾ ਬਹੁਤ ਜ਼ੋਰ ਸੀ। ਕਹੀਆਂ ਜਾਂਦੀਆਂ ਨੀਵੀਆਂ ਜਾਤਾਂ ਦੇ ਲੋਕਾਂ ਨੇ ਇਸਲਾਮ ਧਰਮ ਨੂੰ ਅਪਣਾ ਲਿਆ ਸੀ, ਕਿਉਂਕਿ ਉਸ ਰਾਹੀਂ ਸਮਾਜ ਵਿਚ ਉਨ੍ਹਾਂ ਦੀ ਕਦਰ ਵੱਧਦੀ ਸੀ। ਗੁਰੂ ਜੀ ਨੇ ਉਸ ਪਾਸੇ ਵੀ ਧਿਆਨ ਦਿੱਤਾ ਅਤੇ ਦੁਆਬੇ ਵਿਚ ਵੀ ਪ੍ਰਚਾਰ ਕੇਂਦਰ ਬਣਾਉਣ ਦਾ ਫੈਸਲਾ ਕੀਤਾ। ਸੰਨ 1593 ਈਸਵੀ ਨੂੰ ਗੁਰੂ ਅਰਜਨ ਦੇਵ ਜੀ ਨੇ ਕਰਤਾਰਪੁਰ ਦੀ ਨੀਂਹ ਰੱਖੀ। ਕਰਤਾਰਪੁਰ ਹੀ ਮਾਤਾ ਗੰਗਾ ਜੀ ਦੇ ਨਾਂ ਦਾ ਖੂਹ ਲਗਵਾਇਆ, ਜਿਸ ਨੂੰ ਗੰਗਸਰ ਕਹਿੰਦੇ ਹਨ। ਇਲਾਕੇ ਦੇ ਇਸ ਪ੍ਰਚਾਰ ਦੌਰੇ ਵਿਚ ਭਾਈ ਮੰਝ ਜਿਹਾ ਸਖੀ ਸਰਵਰਾਂ ਦਾ ਜਥੇਦਾਰ ਗੁਰੂ ਜੀ ਦੀ ਸ਼ਰਨ ਵਿਚ ਆਇਆ ਤੇ ਸਿੱਖੀ ਦਾ ਤਕੜਾ ਪ੍ਰਚਾਰਕ ਬਣਿਆ।

**ਗੁਰੂ ਹਰਿਗੋਬਿੰਦ ਜੀ ਦੇ ਨਾਮ ਤੇ ਛੇ-ਹਰਟਾ ਉਸਾਰਨਾ :** ਤਕਰੀਬਨ ਇਕ ਸਾਲ ਦੁਆਬੇ ਵਿਚ ਪ੍ਰਚਾਰ ਕਰਕੇ ਗੁਰੂ ਜੀ ਨੇ 1594 ਈਸਵੀ ਨੂੰ ਵਡਾਲੀ ਵੱਲ ਪ੍ਰਚਾਰ ਕਰਨਾ ਸ਼ੁਰੂ ਕੀਤਾ। ਆਪ ਜੀ ਨੇ ਪੱਕਾ ਟਿਕਾਣਾ ਵਡਾਲੀ ਰੱਖਿਆ ਤੇ ਉਥੋਂ ਹੀ ਪ੍ਰਚਾਰ ਕਰਨ ਲਈ ਜਾਂਦੇ ਸਨ। 19 ਜੂਨ, ਸੰਨ 1595 ਈਸਵੀ ਨੂੰ ਗੁਰੂ ਹਰਿਗੋਬਿੰਦ ਜੀ ਦਾ ਜਨਮ ਵਡਾਲੀ ਵਿਖੇ ਹੋਇਆ।

ਇਨ੍ਹਾਂ ਹੀ ਸਾਲਾਂ ਵਿਚ ਪੰਜਾਬ ਵਿੱਚ ਇਕ ਬਹੁਤ ਵੱਡਾ ਕਾਲ ਪਿਆ। ਬਾਰਸ਼ ਨਾ ਹੋਣ ਕਰਕੇ ਖੇਤੀਆਂ ਮਾਰੀਆਂ ਗਈਆਂ। ਖੂਹ ਵੀ ਬਹੁਤ ਘੱਟ ਸਨ। ਗੁਰੂ ਜੀ ਨੇ ਖੂਹ ਪੁਟਵਾਉਣ ਦੀ ਮੁਹਿੰਮ ਸ਼ੁਰੂ ਕੀਤੀ। ਗੁਰੂ ਜੀ ਨੇ ਵਕਤ ਦੀ ਲੋੜ ਨੂੰ ਮੁੱਖ ਰੱਖ ਕੇ ਇਕ-ਹਰਟੇ ਖੂਹ ਦੀ ਥਾਂ ਦੁ-ਹਰਟੇ, ਚੁ-ਹਰਟੇ ਖੂਹ ਲਵਾਉਣੇ ਸ਼ੁਰੂ ਕੀਤੇ। ਇਸੇ ਤਜ਼ਰਬੇ ਨੂੰ ਕਾਮਯਾਬ ਕਰਨ ਲਈ ਗੁਰੂ ਜੀ ਨੇ ਵਡਾਲੀ ਦੇ ਲਾਗੇ ਪੱਛਮ ਵੱਲ ਛੇ ਹਰਟਾਂ (ਛੇ-ਹਰਟਾ) ਵਾਲਾ ਖੂਹ ਲਵਾਇਆ। ਉਥੇ ਹੁਣ ਇਕ ਪ੍ਰਸਿੱਧ ਗੁਰਦੁਆਰਾ ਸਾਹਿਬ ਹੈ।

**ਲਾਹੌਰ ਵਿਚ ਗੁਰਦੁਆਰਾ ਬਾਉਲੀ ਸਾਹਿਬ ਬਣਾਉਣਾ :** ਗੁਰੂ ਜੀ ਨੂੰ ਖ਼ਬਰਾਂ ਪੁੱਜ ਰਹੀਆਂ ਸਨ ਕਿ ਲਾਹੌਰ ਦੀ ਹਾਲਤ ਇਸ ਕਾਲ ਕਰਕੇ ਬਹੁਤ ਹੀ ਚਿੰਤਾ-ਜਨਕ ਤੇ ਭਿਆਨਕ ਸ਼ਕਲ ਅਖ਼ਤਿਆਰ ਕਰ ਰਹੀ ਹੈ। ਸਮਕਾਲੀ ਇਤਿਹਾਸ ਅਨੁਸਾਰ, ''ਭੁੱਖ ਤੇ ਬੀਮਾਰੀਆਂ ਦੇ ਕਾਰਨ ਲਾਹੌਰ ਸ਼ਹਿਰ ਦੀਆਂ ਗਲੀਆਂ ਅਤੇ ਬਾਜ਼ਾਰ ਮੁਰਦਿਆਂ ਨਾਲ ਭਰੇ ਰਹਿੰਦੇ ਸਨ। ਉਹਨਾਂ ਨੂੰ ਸ਼ਹਿਰ ਵਿਚੋਂ ਚੁੱਕ ਕੇ ਬਾਹਰ ਦੱਬਣ, ਸਾੜਨ ਦਾ ਪ੍ਰਬੰਧ ਵੀ ਨਹੀਂ



Scanned with CamScanner

ਸੀ।'' ਇਤਨੀ ਭੈੜੀ ਹਾਲਤ ਲਾਹੌਰ ਦੀ ਹੋ ਗਈ ਕਿ ਅਕਬਰ ਨੂੰ ਆਪ ਮੌਕੇ ਉਤੇ ਵੀ ਆਉਣਾ ਪਿਆ।

ਸੰਨ 1597 ਈਸਵੀ ਵਿਚ ਗੁਰੂ ਜੀ ਵੀ ਲਾਹੌਰ ਪੁੱਜੇ। ਦਸਵੰਧ ਦੀ ਰਕਮ ਕਾਫੀ ਜਮ੍ਹਾਂ ਹੋ ਗਈ ਸੀ। ਗੁਰੂ ਜੀ ਨੇ ਲੋੜਵੰਦਾਂ ਨੂੰ ਸਹਾਇਤਾ ਪਹੁੰਚਾਉਣੀ ਸ਼ੁਰੂ ਕੀਤੀ। ਸਦਾ-ਬਰਤ ਲੰਗਰ ਜਾਰੀ ਕਰ ਦਿੱਤੇ। ਨਿਆਸਰਿਆਂ ਤੇ ਨਿਥਾਵਿਆਂ ਨੂੰ ਟਿਕਾਣਾ ਦੇਣ ਲਈ ਚੂਨਾ ਮੰਡੀ ਵਿਚ ਇਮਾਰਤ ਦਾ ਕੰਮ ਸ਼ੁਰੂ ਕਰ ਦਿੱਤਾ। ਡੱਬੀ ਬਜ਼ਾਰ ਵਿਚ ਬਾਉਲੀ ਬਣਾਉਣੀ ਸ਼ੁਰੂ ਕੀਤੀ। ਇਨ੍ਹਾਂ ਉਸਾਰੀ ਦੇ ਕੰਮਾਂ ਕਾਰਨ ਬੇਰੁਜ਼ਗਾਰਾਂ ਨੂੰ ਕੰਮ ਮਿਲਣੇ ਸ਼ੁਰੂ ਹੋਏ ਤੇ ਸਿਰ ਛੁਪਾਣ ਵਾਸਤੇ ਥਾਂ ਬਣ ਗਈ।

ਮੁਰਦੇ ਚੁੱਕਣ, ਸਾੜਨ ਤੇ ਦਬਾਉਣ ਦਾ ਕੰਮ ਗੁਰੂ ਜੀ ਨੇ ਆਪ ਕੀਤਾ। ਲੋਕੀਂ ਵੇਖ ਕੇ ਵਾਹ-ਵਾਹ ਕਰ ਰਹੇ ਸਨ ਤੇ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਧੁੰਨੀ ਲਗਾ ਰਹੇ ਸਨ। ਅੱਠ ਮਹੀਨੇ ਆਪ ਲਾਹੌਰ ਹੀ ਰਹੇ ਤੇ ਫਿਰ ਉਸਾਰੀ ਦਾ ਕੰਮ ਸਿੱਖਾਂ ਦੇ ਸਪੁਰਦ ਕਰਕੇ ਪਿੰਡਾਂ ਵਿਚ ਪ੍ਰਚਾਰ ਕਰਨ ਤੇ ਲੋੜਵੰਦਾਂ ਨੂੰ ਸਹਾਇਤਾ ਦੇਣ ਲਈ ਗਏ।

**ਸ੍ਰੀ ਗੁਰੂ ਗਰੰਥ ਸਾਹਿਬ ਦਾ ਸੰਕਲਨ ਤੇ ਸੰਪਾਦਨ :** ਸ੍ਰੀ ਗੁਰੂ ਅਰਜਨ ਦੇਵ ਜੀ ਨੇ ਪਹਿਲੇ ਚਾਰ ਗੁਰੂ ਸਾਹਿਬਾਨ, ਭਗਤਾਂ, ਭੱਟਾਂ ਅਤੇ ਗੁਰਸਿੱਖਾਂ ਦੀ ਬਾਣੀ ਨੂੰ ਇਕੱਠਾ ਕਰਕੇ ਰਾਗਾਂ ਅਤੇ ਬਾਣੀਆਂ ਦੀ ਤਰਤੀਬ ਦੇ ਕੇ, ਭਾਈ ਗੁਰਦਾਸ ਜੀ ਪਾਸੋਂ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਇੱਕ ਬੀੜ ਲਿਖਵਾਈ। ਇਹ ਕਾਰਜ ਗੁਰੂ ਜੀ ਨੇ ਸੰਨ 1601 ਈਸਵੀ ਵਿਚ ਸ਼ੁਰੂ ਕੀਤਾ ਜਿਹੜਾ ਸੰਨ 1604 ਈਸਵੀ ਵਿਚ ਸੰਪੂਰਨ (ਪੂਰਾ) ਹੋਇਆ। ਇਸੇ ਥਾਂ 'ਤੇ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਵਲੋਂ ਅੱਜ ਕੱਲ੍ਹ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਸਰੂਪ (ਬੀੜਾਂ) ਬਹੁਤ ਸ਼ਰਧਾ ਅਤੇ ਸਤਿਕਾਰ ਸਹਿਤ ਛਾਪ ਕੇ ਤਿਆਰ ਕੀਤੇ ਜਾਂਦੇ ਹਨ।

ਸ੍ਰੀ ਗੁਰੂ ਗਰੰਥ ਸਾਹਿਬ ਜੀ ਨੂੰ ਪਹਿਲਾਂ ਪੋਥੀ ਸਾਹਿਬ ਕਿਹਾ ਜਾਂਦਾ ਸੀ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਸਾਹਿਬ ਵਿਖੇ ਪੋਥੀ ਸਾਹਿਬ (ਆਦਿ ਸ੍ਰੀ ਗੁਰੂ ਗਰੰਥ ਸਾਹਿਬ ਜੀ) ਦਾ ਪਹਿਲਾ ਪ੍ਰਕਾਸ਼ 1 ਸਤੰਬਰ, ਸੰਨ 1604 ਈਸਵੀ ਨੂੰ ਕੀਤਾ ਗਿਆ। ਬਾਬਾ ਬੁੱਢਾ ਜੀ ਨੂੰ ਸਭ ਤੋਂ ਪਹਿਲੇ ਗਰੰਥੀ ਥਾਪਿਆ ਗਿਆ।

**ਗੁਰਬਾਣੀ ਰਚਨਾ :** ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿਚ ਆਪ ਜੀ ਦੀ



Scanned with CamScanner

ਸਭ ਤੋਂ ਵਧੇਰੇ ਬਾਣੀ ਦਰਜ ਹੈ ਜੋ ਕਿ 30 ਰਾਗਾਂ ਵਿਚ ਹੈ ਅਤੇ 2218 ਸ਼ਬਦ ਬਣਦੇ ਹਨ। ਆਪ ਜੀ ਦੁਆਰਾ ਰਚਿਤ ਬਹੁਤ ਹੀ ਸਰਲ ਬਾਣੀ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਬਹੁਤ ਗੁਰਸਿੱਖਾਂ ਵਲੋਂ ਅਤੇ ਲੱਗ ਭੱਗ ਸਾਰੇ ਗੁਰਦੁਆਰਿਆਂ ਵਿਚ ਰੋਜ਼ਾਨਾ ਅੰਮ੍ਰਿਤ ਵੇਲੇ ਨਿੱਤਨੇਮ ਨਾਲ ਕੀਤਾ ਜਾਂਦਾ ਹੈ। ਇਸੇ ਪ੍ਰਕਾਰ ਮਾਝ ਰਾਗ ਵਿਚ ਬਾਰਹਮਾਂਹ ਦੀ ਬਾਣੀ ਵੀ ਹਰੇਕ ਦੇਸੀ ਮਹੀਨੇ (ਸੰਗਰਾਂਦ) ਦੇ ਪਹਿਲੇ ਦਿਨ ਗੁਰਦੁਆਰਿਆਂ ਵਿਚ ਉਪਦੇਸ਼ ਵਜੋਂ ਪੜ੍ਹੀ ਜਾਂਦੀ ਹੈ। ਭਾਵੇਂ ਕਿ ਸਿੱਖ ਰਹਿਤ ਮਰਯਾਦਾ ਅਨੁਸਾਰ ਗੁਰਸਿੱਖਾਂ ਲਈ ਸੰਗਰਾਂਦ ਦਾ ਜਾਂ ਕੋਈ ਹੋਰ ਵਿਸ਼ੇਸ਼ ਦਿਨ ਪਵਿੱਤਰ ਨਹੀਂ ਮੰਨਿਆ ਜਾਂਦਾ ਪਰ ਸੰਗਤ ਵਿਚ ਜੁੜ ਕੇ ਗੁਰਬਾਣੀ ਕੀਰਤਨ, ਕਥਾ, ਵਿਚਾਰ ਤੇ ਅਗਲੇ ਪ੍ਰੋਗਰਾਮ ਆਦਿ ਉਲੀਕਣ ਲਈ ਅਜਿਹੇ ਦਿਨਾਂ ਦਾ ਵਰਤਣਾ ਸ਼ੁਰੂ ਕੀਤਾ ਗਿਆ ਸੀ।

ਗੁਰੂ ਅਰਜਨ ਜੀ ਦੀ ਸ਼ਹਾਦਤ : ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਸਿੱਖ ਇਤਿਹਾਸ ਦੀ ਇਕ ਮਹਾਨ ਘਟਨਾ ਹੈ। ਇਸ ਸ਼ਹਾਦਤ ਦੇ ਵੱਡੇ ਕਾਰਨ ਇਹ ਕਹੇ ਜਾ ਸਕਦੇ ਹਨ :-

**(1) ਸਿੱਖ ਧਰਮ ਦੇ ਆਜ਼ਾਦੀ ਦੇ ਉਪਦੇਸ਼ :** ਅਕਤੂਬਰ, ਸੰਨ 1605 ਈਸਵੀ ਨੂੰ ਅਕਬਰ ਸੰਸਾਰ ਤੋਂ ਚੜ੍ਹਾਈ ਕਰ ਗਿਆ। ਸਲੀਮ, ਜਹਾਂਗੀਰ ਦਾ ਨਾਮ ਧਰ ਕੇ ਤਖ਼ਤ ਉਤੇ ਬੈਠਾ। ਜਹਾਂਗੀਰ ਕੱਟੜ ਮੁਸਲਮਾਨ ਸੀ। ਉਸ ਨੇ ਤਖ਼ਤ ਉੱਤੇ ਬੈਠਦੇ ਸਾਰ ਇਸਲਾਮ ਦੇ ਅਸੂਲਾਂ ਨੂੰ ਉਜਾਗਰ ਕੀਤਾ। ਨਾਲ ਹੀ ਗੈਰ ਮੁਸਲਮਾਨਾਂ ਉਤੇ ਸਖਤੀ ਦਾ ਸਮਾਂ ਸ਼ੁਰੂ ਹੋਇਆ। ਸਭ ਤੋਂ ਵੱਡਾ ਅਤੇ ਪਹਿਲਾ, ਸ਼ਹਾਦਤ ਦਾ ਕਾਰਨ ਗੁਰੂ ਨਾਨਕ ਦੇਵ ਜੀ ਦੇ ਨਿੱਤ ਦਿੱਤੇ ਜਾਂਦੇ ਆਜ਼ਾਦੀ ਦੇ ਉਪਦੇਸ਼ ਸਨ, ਜੋ ਸਿੱਖਾਂ ਨੂੰ 'ਨਿਰਭਉ ਤੇ ਨਿਰਵੈਰ' ਹੋਣ ਲਈ ਪ੍ਰੇਰਦੇ ਸਨ।

(2) ਪ੍ਰਿਥੀ ਚੰਦ ਦੁਆਰਾ ਵਿਰੋਧ : ਜਦੋਂ ਪ੍ਰਿਥੀ ਚੰਦ ਦਾ ਅੰਮ੍ਰਿਤਸਰ ਸਾਹਿਬ ਵਿਚ ਰਹਿਣਾ ਮੁਸ਼ਕਿਲ ਹੋ ਗਿਆ ਤਾਂ ਉਸ ਨੇ ਲਾਗੇ ਹੀ ਹੇਰੀਂ ਪਿੰਡ ਵਿਚ ਆਪਣਾ ਟਿਕਾਣਾ ਕੀਤਾ। ਉਥੇ ਉਸ ਨੂੰ ਸਮਾਂ ਮਿਲਿਆ ਕਿ ਗੁਰੂ ਘਰ ਦੇ ਵਿਰੁੱਧ ਸਾਜ਼ਿਸ਼ਾਂ ਰਚ ਸਕੇ। ਪ੍ਰਿਥੀ ਚੰਦ ਨੇ ਪਹਿਲਾਂ ਤਰਨ ਤਾਰਨ ਦੇ ਫ਼ੌਜਦਾਰ ਨੂਰ ਦੀਨ ਦੇ ਪੁੱਤਰ ਅਮੀਰ ਦੀਨ ਨੂੰ ਸਰੋਵਰ ਲਈ ਆਈਆਂ ਇੱਟਾਂ ਚੁੱਕਣ ਲਈ ਪ੍ਰੇਰਿਆ। ਫਿਰ ਦਸ ਹਜ਼ਾਰ ਰੁਪਏ ਰੋਜ਼ਾਨਾ ਉਤੇ ਸੁਲਹੀ ਖ਼ਾਨ ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਉਤੇ ਹੱਲਾ ਬੋਲਣ ਲਈ ਮਨਾਇਆ ਪਰ ਰਾਹ ਵਿਚ ਹੀ ਪ੍ਰਿਥੀ ਚੰਦ ਦੇ ਭੱਠੇ ਦੇਖਦਿਆਂ ਉਸ ਦਾ ਘੋੜਾ ਬੇਕਾਬੂ ਹੋ ਗਿਆ ਤੇ ਸੁਲਹੀ ਘੋੜੇ ਸਮੇਤ ਹੀ ਸੜ ਮਰਿਆ। ਫਿਰ ਸੁਲਬੀ ਖ਼ਾਨ ਨੇ ਹੱਲੇ ਦੀ ਵਿਉਂਤ ਬਣਾਈ



Scanned with CamScanner

ਪਰ ਘੋੜੇ ਚੜ੍ਹਦਿਆਂ ਹੀ ਉਸ ਨੂੰ ਐਸਾ ਦਰਦ (ਸੂਲ) ਉਠਿਆ ਕਿ ਸੁਲਬੀ, ਥਾਂ ਹੀ ਮਾਰਿਆ ਗਿਆ। ਹੁਣ ਪ੍ਰਿਥੀ ਚੰਦ ਨੇ ਲਾਹੌਰ ਵੱਲ ਮੂੰਹ ਕੀਤਾ। ਪੰਜਾਬ ਦਾ ਨਵਾਬ ਸ਼ਹਿਜ਼ਾਦਾ ਖ਼ੁਰਮ ਸੀ। ਉਹ ਸਲੀਮ (ਜਹਾਂਗੀਰ) ਦਾ ਤੀਜਾ ਪੁੱਤ ਸੀ। ਬਾਪ ਵਾਂਗ ਉਹ ਵੀ ਕੱਟੜ (ਮੁਤਅੱਸਬੀ) ਸੀ। ਕਾਹਨਾ ਭਗਤ ਤੇ ਚੰਦੂ ਉਸ ਦੇ ਦੀਵਾਨ ਸਨ। ਪ੍ਰਿਥੀ ਚੰਦ, ਚੰਦੂ ਤੇ ਕਾਹਨਾ ਦਾ ਦੋਸਤ ਸੀ। ਉਸ ਨੇ ਫ਼ਾਇਦਾ ਉਠਾਉਂਦੇ ਹੋਏ, ਖ਼ੁਰਮ ਦੇ ਕੰਨ ਭਰਨੇ ਸ਼ੁਰੂ ਕਰ ਦਿੱਤੇ।

(3) ਸਨਾਤਨੀਆਂ ਦੀ ਵਿਰੋਧਤਾ :- ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਤਪੀ, ਸਾਧੂ ਤੇ ਹਿੰਦੂ ਭਗਤ ਗੁਰੂ-ਘਰ ਦੀ ਵਿਰੋਧਤਾ ਕਰ ਰਹੇ ਸਨ। ਸ੍ਰੀ ਗੁਰੂ ਅਰਜਨ ਦੇਵ ਜੀ ਵੇਲੇ ਤਾਂ ਸਨਾਤਨੀਆਂ ਨੇ ਸਾਹਮਣੇ ਹੋ ਕੇ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ। ਬੀਰਬਲ ਨੇ ਵੀ ਹਿੰਦੂਆਂ ਦੇ ਚੁੱਕੇ ਚੁਕਾਏ ਹਮਲਾ ਕਰਨ ਦੀ ਕੋਸ਼ਿਸ਼ ਕੀਤੀ। ਪਰ ਉਹ ਵੀ ਕਾਬਲ ਦੀ ਮੁਹਿੰਮ ਤੋਂ ਜ਼ਿੰਦਾ ਨਾ ਮੁੜ ਸਕਿਆ। ਜਦ ਕੋਈ ਚਾਲ ਚਲਦੀ ਨਾ ਦਿੱਸੀ ਤਾਂ ਉਨ੍ਹਾਂ ਈਰਖਾਲੂ ਹਿੰਦੂਆਂ ਨੇ ਲਾਹੌਰ ਦੇ ਹਾਕਮਾਂ ਨੂੰ ਨਾਲ ਲੈ ਕੇ ਜਹਾਂਗੀਰ ਦੇ ਕੰਨ ਅਜਮੇਰ ਜਾ ਕੇ ਭਰੇ।

(4) ਚੰਦੂ ਦੀ ਦੁਸ਼ਮਣੀ :- ਚੰਦੂ ਲਾਹੌਰ ਦਾ ਦੀਵਾਨ ਸੀ। ਚੰਦੂ ਨੇ ਆਪਣੀ ਲੜਕੀ ਦਾ ਰਿਸ਼ਤਾ ਕਰਨ ਲਈ ਪ੍ਰੋਹਤਾਂ ਨੂੰ ਭੇਜਿਆ। ਪ੍ਰੋਹਤ ਨੇ (ਗੁਰੂ) ਹਰਿਗੋਬਿੰਦ ਸਾਹਿਬ ਨਾਲ ਚੰਦੂ ਦੀ ਲੜਕੀ ਦਾ ਰਿਸ਼ਤਾ ਪੱਕਾ ਕਰ ਦਿੱਤਾ। ਚੰਦੂ ਨੇ ਭਰੀ ਸੰਗਤ ਵਿਚ ਗੁਰੂ ਦਾ ਨਿਰਾਦਰ ਕੀਤਾ। ਉਸ ਕਿਹਾ : 'ਪਰੋਹਤ ਜੀ ! ਚੁਬਾਰੇ ਜੀ ਇੱਟ ਮੋਰੀ ਨੂੰ ਲਾ ਆਏ ਹੋ।' ਸਿੱਖਾਂ ਨੇ ਬਹੁਤ ਬੁਰਾ ਮਨਾਇਆ। ਉਨ੍ਹਾਂ ਗੁਰੂ ਜੀ ਨੂੰ ਇਹ ਘਟਨਾ ਸੁਣਾਈ ਅਤੇ ਬੇਨਤੀ ਕੀਤੀ ਕਿ ਗੁਰੂ ਘਰ ਦਾ ਨਿਰਾਦਰ ਹੋਇਆ ਹੈ। ਇਹ ਰਿਸ਼ਤਾ ਨਾ ਲਿਆ ਜਾਵੇ। ਸ੍ਰੀ ਗੁਰੂ ਅਰਜਨ ਜੀ ਨੇ ਸੰਗਤਾਂ ਦਾ ਹੁਕਮ ਸਿਰ ਮੱਥੇ ਮੰਨਿਆ ਤੇ ਰਿਸ਼ਤਾ ਕਬੂਲ ਨਾ ਕੀਤਾ।

ਦੀਵਾਨ ਚੰਦੂ ਗੁਰੂ ਜੀ ਤੋਂ ਬਦਲਾ ਲੈਣ ਲਈ ਤੜਫਨ ਲੱਗਾ। ਅਕਬਰ ਦੇ ਹੁੰਦਿਆਂ ਉਹ ਕੁਝ ਕਰ ਨਹੀਂ ਸੀ ਸਕਦਾ। ਜਹਾਂਗੀਰ ਦੇ ਤਖ਼ਤ ਉਤੇ ਬੈਠਣ ਸਾਰ ਹੀ ਇਸ ਨੂੰ ਸ਼ਹਿ ਮਿਲੀ ਤੇ ਉਸ ਨੇ ਜਹਾਂਗੀਰ ਨੂੰ ਗੁਰੂ ਜੀ ਵਿਰੁੱਧ ਸਖ਼ਤ ਕਦਮ ਉਠਾਣ ਲਈ ਉਕਸਾਇਆ।

(5) ਨਕਸ਼ਬੰਦੀਆਂ ਦੀ ਚੁੱਕ-ਚੁਕਾਈ :- ਇਹ ਸਦਾ ਚੇਤੇ ਰਹੇ ਕਿ ਬਾਕੀ ਸਭ ਕਾਰਨ ਪੂਰਕ ਸਨ, ਅਸਲ ਕਾਰਨ ਜਹਾਂਗੀਰ ਸੀ। ਚੁੱਕ ਚੁਕਾਈ ਵਿਚ ਨਕਸ਼ਬੰਦੀ ਸਭ ਤੋਂ ਅੱਗੇ ਸਨ। ਉਨ੍ਹਾਂ ਦਾ ਆਗੂ ਮੌਲਾਨਾ ਸ਼ੇਖ ਅਹਿਮਦ



Scanned with CamScanner

ਸਰਹੰਦੀ ਸੀ। ਉਹ ਆਪਣੇ ਆਪ ਨੂੰ ਮੁਜੱਦਦ ਅਲਫ਼ ਸਾਨ (ਇਸਲਾਮ ਦਾ ਰੱਖਯਕ) ਕਹਿੰਦਾ ਸੀ। ਉਸ ਨੇ ਫ਼ਰੀਕ (ਜੋ ਮੁਰਤਜ਼ਾ ਖਾਨ ਦੇ ਨਾਂ ਨਾਲ ਪ੍ਰਸਿੱਧ ਹੋਇਆ) ਨੂੰ ਵੀ ਚਿੱਠੀਆਂ ਲਿਖੀਆਂ। ਇਕ ਚਿੱਠੀ ਵਿਚ ਲਿਖਿਆ ਕਿ *ਇਸਲਾਮ ਦੀ ਇੱਜ਼ਤ ਕੁ.ਫਰ ਤੇ ਕਾਫਰਾਂ ਦੀ ਖਵਾਰੀ ਵਿਚ ਹੈ, ਜਿਸ ਨੇ ਅਹਿਲੇ ਕੁਫਰ ਨੂੰ ਅਜ਼ੀਜ਼ ਰੱਖਿਆ, ਉਸ ਨੇ ਅਹਿਲੇ-ਇਸਲਾਮ ਨੂੰ ਖਵਾਰ ਕੀਤਾ। ਇਨ੍ਹਾਂ ਨੂੰ ਨੇੜੇ ਵੀ ਨਹੀਂ ਲੱਗਣ ਦੇਣਾ ਚਾਹੀਦਾ, ਕੁੱਤਿਆਂ ਦੀ ਤਰ੍ਹਾਂ ਇਨ੍ਹਾਂ ਨੂੰ ਦੂਰ ਕਰਨਾ ਚਾਹੀਦਾ ਹੈ।* ਇਸੇ ਮੁਰਤਜ਼ਾ ਖਾਨ ਨੂੰ ਜਹਾਂਗੀਰ ਨੇ, ਸ੍ਰੀ ਗੁਰੂ ਅਰਜਨ ਜੀ ਨੂੰ ਗ੍ਰਿਫਤਾਰ ਕਰਨ ਦਾ ਹੁਕਮ ਭੇਜਿਆ ਸੀ ਅਤੇ ਜਹਾਂਗੀਰ ਮੁਰਤਜ਼ਾ ਖ਼ਾਨ ਦੀ ਸੁਣਦਾ ਮੰਨਦਾ ਸੀ।

**(6) ਗੁਰੂ ਜੀ ਦੁਆਰਾ ਖੁਸਰੋ ਦੀ ਮੱਦਦ ਕਰਨ ਦੀ ਆੜ :** ਸੰਨ 1606 ਈਸਵੀ ਵਿਚ ਖੁਸਰੋ ਨੇ ਆਪਣੇ 350 ਸਵਾਰਾਂ ਨਾਲ ਆਗਰਾ ਛੱਡਿਆ ਅਤੇ ਬਹਾਨਾ ਇਹ ਕੀਤਾ ਕਿ ਉਹ ਆਪਣੇ ਦਾਦੇ ਅਕਬਰ ਦੇ ਮਕਬਰੇ ਸਕੰਦਰੀਆ ਉਤੇ ਫੁੱਲ ਚੜ੍ਹਾਉਣ ਜਾ ਰਿਹਾ ਹੈ। ਹੁਸੈਨ ਬੇਗ ਤੇ ਅਬਦਰ ਰਹੀਮ ਨੇ ਇਸ ਕੰਮ ਵਿਚ ਮੱਦਦ ਕੀਤੀ। ਜਹਾਂਗੀਰ ਨੂੰ ਜਦ ਖੁਸਰੋ ਦੀ ਨੀਅਤ ਦਾ ਪਤਾ ਲੱਗਾ ਤਾਂ ਉਸਨੇ ਆਪ ਉਸ ਦਾ ਪਿੱਛਾ ਕੀਤਾ।

ਘਬਰਾਇਆ ਹੋਇਆ ਖੁਸਰੋ ਪੰਜਾਬ ਵੱਲ ਭੱਜਿਆ। ਉਸ ਨੇ ਖ਼ਿਆਲ ਕੀਤਾ ਕਿ ਤਰਨ ਤਾਰਨ ਜਾਇਆ ਜਾਵੇ। ਉਸ ਦਾ ਢਹਿੰਦਾ ਮਨ ਕਿਸੇ ਸਹਾਰੇ ਦੀ ਤਲਾਸ਼ ਵਿਚ ਸੀ। ਉਸ ਨੂੰ ਖ਼ਬਰਾਂ ਪੁੱਜ ਰਹੀਆਂ ਸਨ ਕਿ ਜਹਾਂਗੀਰ ਪਿੱਛੇ ਆ ਰਿਹਾ ਹੈ। ਮਨ ਦੀ ਇਸੇ ਖਿਚੋਤਾਣ ਵਿਚ ਖੁਸਰੋ ਤਰਨ ਤਾਰਨ ਪੁੱਜਾ। ਕਈ ਵਾਰੀ ਅਕਬਰ ਨਾਲ ਖੁਸਰੋ ਗੁਰੂ-ਘਰ ਦੇ ਦਰਸ਼ਨ ਕਰ ਚੁੱਕਾ ਸੀ। ਜਹਾਂਗੀਰ ਨੇ ਇਸੇ ਨੂੰ ਮੰਨ ਲਿਆ ਕਿ ਗੁਰੂ ਜੀ ਨੇ ਖੁਸਰੋ ਨੂੰ ਪਨਾਹ ਦਿੱਤੀ ਹੈ।

**ਸ਼ਹਾਦਤ ਕਿਵੇਂ ਹੋਈ :** ਸ੍ਰੀ ਗੁਰੂ ਅਰਜਨ ਦੇਵ ਜੀ ਜਦ ਲਾਹੌਰ ਪੁੱਜੇ ਤਾਂ ਉਨ੍ਹਾਂ ਉਤੇ ਕਈ ਦੂਸ਼ਨ ਲਗਾਏ ਗਏ। ਖੁਸਰੋ ਦੀ ਮੱਦਦ ਕਰਨ ਦਾ ਇਲਜ਼ਾਮ ਸਭ ਤੋਂ ਉੱਤੇ ਸੀ। ਗੁਰੂ ਜੀ ਦੇ ਸਾਹਮਣੇ ਦੋ ਰਸਤੇ ਪੇਸ਼ ਕੀਤੇ ਗਏ। ਗੁਰੂ ਜੀ ਨੇ ਹਰ ਦੋਰਾਹੇ ਉੱਤੇ ਸਹੀ ਕਠਨ ਰਸਤਾ ਹੀ ਅਪਣਾਇਆ। ਇਕ ਪਾਸੇ ਚੰਦੂ ਦੀ ਈਰਖਾ ਸੀ, ਦੂਜੇ ਪਾਸੇ ਸੰਗਤ ਦਾ ਹੁਕਮ। ਇਕ ਪਾਸੇ ਤੱਤੀਆਂ ਤਵੀਆਂ ਦਿੱਸਦੀਆਂ ਸਨ, ਦੂਜੇ ਪਾਸੇ ਸ਼ਰਨ ਆਏ ਦੀ ਲਾਜ ਸੀ। ਇਕ ਪਾਸੇ ਦੇਗ ਵਿਚ ਉਬਲਣਾ ਸੀ, ਦੂਜੇ ਪਾਸੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਪਵਿੱਤਰਤਾ ਸੀ। (ਜਹਾਂਗੀਰ ਨੇ ਸ੍ਰੀ ਗੁਰੂ ਗਰੰਥ ਸਾਹਿਬ ਵਿਚ ਹਜ਼ਰਤ ਮੁਹੰਮਦ ਸਾਹਿਬ ਦੀ ਖੁਸ਼ਾਮਦ ਦੇ ਸ਼ਬਦ ਦਰਜ਼ ਕਰਨ ਲਈ ਵੀ ਆਖਿਆ ਸੀ)। ਸ੍ਰੀ ਗੁਰੂ ਅਰਜਨ



Scanned with CamScanner

ਜੀ ਨੇ ਸ਼ਹਾਦਤ ਵਾਲਾ ਰਸਤਾ ਹੀ ਠੀਕ ਸਮਝਿਆ।

ਗੁਰੂ ਜੀ ਨੂੰ ਲਾਹੌਰ ਦੇ ਹਾਕਮ ਮੁਰਤਜ਼ਾ ਖ਼ਾਨ ਦੇ ਹਵਾਲੇ ਕੀਤਾ ਗਿਆ। ਤਸੀਹੇ ਦੇ ਕੇ ਮਾਰਨ ਦਾ ਹੁਕਮ ਦੇ ਕੇ ਜਹਾਂਗੀਰ ਕੁਝ ਚਿਰ ਲਈ ਅੱਗੇ ਪੇਸ਼ਵਾਲ ਵੱਲ ਚਲਾ ਗਿਆ। ਜਲਦੀ ਹੀ ਵਾਪਸ ਲਾਹੌਰ ਆ ਗਿਆ। ਮੁਰਤਜ਼ਾ ਖ਼ਾਨ ਨੇ ਉਸ ਨਿਰਦਈ ਕੰਮ ਲਈ ਦੀਵਾਨ ਚੰਦੂ ਨੂੰ ਲਗਾਇਆ ਤਾਂ ਜੋ ਘਰੋਗੀ ਵਿਰੋਧੀ ਦੇ ਕਾਰਨ ਚੰਦੂ ਦੇ ਹਿਰਦੇ ਵਿਚ ਤਸੀਹੇ ਦੇਣ ਤੋਂ ਸੰਕੋਚ ਪੈਦਾ ਨਾ ਹੋਵੇ।

ਆਪ ਜੀ ਨੂੰ ਤੱਤੀ ਤਵੀ ਉਤੇ ਬਿਠਾ ਕੇ ਸਿਰ ਉਤੇ ਤੱਤੀ ਰੇਤ ਪਾਈ ਗਈ। ਫਿਰ ਉਬਲਦੇ ਪਾਣੀ ਵਿਚ ਉਬਾਲਿਆ ਗਿਆ। ਸਰੀਰ ਛਾਲੇ-ਛਾਲੇ ਹੋ ਗਿਆ। ਪਰ ਗੁਰੂ ਜੀ ਨੇ 'ਤੇਰਾ ਕੀਆ ਮੀਠਾ ਲਾਗੈ' ਦੀ ਧੁਨੀ ਜਾਰੀ ਰੱਖੀ। ਸਾਈਂ ਮੀਆਂ ਮੀਰ ਜੀ ਨੇ ਵਿਚ ਪੈ ਕੇ ਇਹ ਝਗੜਾ ਮੁਕਾਉਣ ਦੀ ਕੋਸ਼ਿਸ਼ ਕੀਤੀ ਪਰ ਵਾਹ ਨਾ ਚੱਲੀ। ਜਹਾਂਗੀਰ ਉਸ ਵੇਲੇ ਤੱਕ ਮੀਆਂ ਮੀਰ ਦੀ ਅਜ਼ਮਤ ਤੋਂ ਜਾਣੂੰ ਨਹੀਂ ਸੀ। ਗੁਰੂ ਜੀ ਨੇ ਮੀਆਂ ਮੀਰ ਨੂੰ ਵੀ ਵਾਹਿਗੁਰੂ ਦੇ ਹੁਕਮ ਵਿਚ ਰਹਿਣ ਦਾ ਹੀ ਉਪਦੇਸ਼ ਦਿੱਤਾ ਅਤੇ ਫੁਰਮਾਇਆ ਕਿ *''ਕੀ ਹੋਇਆ ਜੇ ਤਨ ਤਪ ਰਹਿਆ ਹੈ। ਸਾਈਂ ਦੇ ਪਿਆਰਿਆਂ ਨੂੰ ਭਾਣੇ ਵਿਚ ਹੀ ਰਸ ਮਾਣਨਾ ਚਾਹੀਦਾ ਹੈ। ਦੁੱਖ ਰਤਾ ਵੀ ਨਹੀਂ ਹੈ। ਸਰੀਰ ਤੇ ਸੰਸਾਰ ਝੂਠਾ ਹੈ। ਆਤਮਾ ਨਿਰਲੇਪ ਹੈ।''*

ਆਖ਼ਰ ਜੱਲਾਦਾਂ ਨੇ ਇਹ ਵਿਚਾਰਿਆ ਕਿ ਜੇ ਸਰੀਰ ਉੱਤੇ ਠੰਡਾ ਪਾਣੀ ਪਾਇਆ ਜਾਏ ਤਾਂ ਹੋਰ ਤਕਲੀਫ਼ ਹੋਵੇਗੀ। ਪੰਜ ਦਿਨ ਤਸੀਹੇ ਦਿੱਤੇ ਜਾਂਦੇ ਰਹੇ। ਜ਼ਾਲਮਾਂ ਵਲੋਂ ਆਪਣੇ ਭੈੜੇ ਇਰਾਦਿਆਂ ਨੂੰ ਪੂਰਾ ਕਰਨ ਲਈ ਛੇਵੇਂ ਦਿਨ 30 ਮਈ, ਸੰਨ 1606 ਈਸਵੀ ਨੂੰ ਗੁਰੂ ਜੀ ਦੇ ਨਿਰਬਲ ਸਰੀਰ ਨੂੰ ਰਾਵੀ ਦਰਿਆ ਦੇ ਕਿਨਾਰੇ ਲਿਜਾਇਆ ਗਿਆ। ਗੁਰੂ ਜੀ ਇਸ਼ਨਾਨ ਕਰਨ ਗਏ ਪਰ ਵਾਪਸ ਨਹੀਂ ਪਰਤੇ। ਇਸ ਗੱਲ ਦੀ ਗਵਾਹੀ ਭਾਈ ਰਤਨ ਸਿੰਘ ਜੀ ਭੰਗੂ ਅਤੇ ਮੁਨਸ਼ੀ ਸੋਹਨ ਲਾਲ ਨੇ ਭਰੀ ਹੈ। ਇਸ ਥਾਂ ਅੱਜ ਕੱਲ੍ਹ ਗੁਰਦੁਆਰਾ ਸ੍ਰੀ ਡੇਹਰਾ ਸਾਹਿਬ (ਪਾਕਿਸਤਾਨ) ਸੁਸ਼ੋਭਿਤ ਹੈ।

Scanned with CamScanner

# ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ
## (1595-1644 ਈ:)

ਜਨਮ : ਗੁਰ-ਸੰਗਤਾਂ ਦੀਆਂ ਮਨੋ-ਅਰਦਾਸਾਂ ਦਾ ਸਦਕਾ (ਗੁਰੂ) ਹਰਿਗੋਬਿੰਦ ਜੀ ਦਾ ਜਨਮ 19 ਜੂਨ, ਸੰਨ 1595 ਈ: ਨੂੰ ਪਿਤਾ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਮਾਤਾ ਗੰਗਾ ਜੀ ਦੇ ਗ੍ਰਹਿ ਵਿਖੇ ਪਿੰਡ ਗੁਰੂ ਕੀ ਵਡਾਲੀ, ਜ਼ਿਲ੍ਹਾ ਅੰਮ੍ਰਿਤਸਰ (ਪੰਜਾਬ) ਵਿਖੇ ਹੋਇਆ।

ਸੰਗਤਾਂ ਨੇ ਤਾਂ ਰੱਜ ਕੇ ਖੁਸ਼ੀਆਂ ਮਨਾਈਆਂ ਪਰ ਪ੍ਰਿਥੀ ਚੰਦ ਨੂੰ ਸਾੜਾ ਹੋਇਆ ਕਿਉਂਕਿ ਉਸ ਦਾ ਖ਼ਿਆਲ ਸੀ ਕਿ ਗੁਰੂ ਅਰਜਨ ਦੇਵ ਜੀ ਦੇ ਘਰ ਕੋਈ ਸਪੁੱਤਰ ਨਾ ਹੋਣ ਕਰਕੇ ਆਪ-ਮੁਹਾਰੇ ਗੁਰ-ਗੱਦੀ ਦਾ ਮਾਲਕ ਉਸ ਦਾ ਪੁੱਤਰ ਮਿਹਰਬਾਨ ਹੋਵੇਗਾ। (ਗੁਰੂ) ਹਰਿਗੋਬਿੰਦ ਜੀ ਦੇ ਜਨਮ ਨਾਲ ਉਸ ਦੀਆਂ ਸਾਰੀਆਂ ਆਸਾਂ ਉੱਤੇ ਪਾਣੀ ਫਿਰ ਗਿਆ। ਪ੍ਰਿਥੀ ਚੰਦ ਆਪਣੇ ਭੈੜਿਆਂ ਮਨਸੂਬਿਆਂ ਨੂੰ ਪੂਰਾ ਕਰਨ ਲਈ ਵਿਉਂਤਾਂ ਬਨਾਉਣ ਲੱਗਾ।

ਗੁਰੂ ਜੀ ਨੂੰ ਮਾਰ ਮੁਕਾਉਣ ਦੀਆਂ ਸਾਜ਼ਿਸ਼ਾਂ : (ਗੁਰੂ) ਹਰਿਗੋਬਿੰਦ ਜੀ ਵਡਾਲੀ ਵਿਖੇ ਹੀ ਸਨ ਕਿ ਪ੍ਰਿਥੀ ਚੰਦ ਨੇ ਇਕ ਦੁੱਧ ਪਿਆਉਣ ਲਈ ਫਫੇ ਕੁੱਟਣੀ ਦਾਈ ਨੂੰ ਦੋ ਸੌ ਰੁਪਏ ਦਿੱਤੇ। ਉਹ ਜ਼ਹਿਰ ਭਰੇ ਥਣਾਂ ਰਾਹੀਂ ਬਾਲਕ ਨੂੰ ਦੁੱਧ ਪਿਆਣਾ ਚਾਹੁੰਦੀ ਸੀ। ਜ਼ਹਿਰ ਸਖ਼ਤ ਹੋਣ ਕਾਰਨ ਥੋੜ੍ਹੀ ਦੇਰ ਬਾਅਦ ਉਹ ਬੇਹੋਸ਼ ਹੋ ਗਈ। ਉਸ ਨੇ ਮਰਦੇ-ਮਰਦੇ ਸਾਰੀ ਗੱਲ ਦੱਸ ਦਿੱਤੀ।

ਪ੍ਰਿਥੀ ਚੰਦ ਦਾ ਜਦ ਇਹ ਵਾਰ ਖਾਲੀ ਗਿਆ ਤਾਂ ਉਸ ਨੇ ਇਕ ਸਪੇਰੇ ਨੂੰ ਸਿਖਾਇਆ ਕਿ ਉਹ ਬਾਲਕ ਸਾਹਮਣੇ ਸੱਪਾਂ ਦਾ ਤਮਾਸ਼ਾ ਦਿਖਾਏ ਤੇ ਉਸ ਦਾ ਸਿਧਾਇਆ ਸੱਪ ਬਾਲਕ (ਗੁਰੂ) ਹਰਿਗੋਬਿੰਦ ਨੂੰ ਡੱਸੇ। ਉਸ ਨੇ ਸੱਪ ਦਾ ਤਮਾਸ਼ਾ ਸ਼ੁਰੂ ਕੀਤਾ। ਬਾਲਕ ਗੁਰੂ ਨੇ ਉਸ ਸੱਪ ਦਾ ਸਿਰ ਆਪਣੀ ਮੁੱਠੀ ਵਿਚ ਦੱਬ (ਭੀਚ) ਲਿਆ। ਸੱਪ ਉਥੇ ਹੀ ਵਲ ਖਾ ਕੇ ਖ਼ਤਮ ਹੋ ਗਿਆ।

(ਗੁਰੂ) ਹਰਿਗੋਬਿੰਦ ਜੀ ਅੰਮ੍ਰਿਤਸਰ ਵਿਚ : ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੋਚ ਵਿਚਾਰ ਪਿਛੋਂ (ਗੁਰੂ) ਹਰਿਗੋਬਿੰਦ ਜੀ ਨੂੰ ਅੰਮ੍ਰਿਤਸਰ ਸਾਹਿਬ ਵਿਖੇ ਹੀ ਸੱਦ ਲਿਆ। ਅੰਮ੍ਰਿਤਸਰ ਸਾਹਿਬ ਉਨ੍ਹਾਂ ਦਿਨਾਂ ਵਿੱਚ ਚੇਚਕ ਦੀ ਬੀਮਾਰੀ ਫੈਲੀ ਹੋਈ ਸੀ। (ਗੁਰੂ) ਹਰਿਗੋਬਿੰਦ ਜੀ ਨੂੰ ਬੀਮਾਰੀ ਦਾ ਸਖ਼ਤ ਹੱਲਾ ਹੋਇਆ। ਮਾਤਾ ਗੰਗਾ ਜੀ ਚਿੰਤਾਤੁਰ ਹੋਏ ਪਰ ਗੁਰੂ ਅਰਜਨ ਦੇਵ ਜੀ ਨੇ ਧਰਵਾਸ ਦਿੱਤਾ ਕਿ ਜਿਸ ਨੇ ਬਾਲਕ ਦਿੱਤਾ ਹੈ, ਉਹ ਆਪ ਰੱਖਿਆ ਕਰੇਗਾ।



Scanned with CamScanner

ਵਾਹਿਗੁਰੂ ਜੀ ਦੀ ਕ੍ਰਿਪਾ ਹੋਈ ਅਤੇ ਬਾਲਕ ਦੀ ਬੀਮਾਰੀ ਟਲ ਗਈ।

**ਵਿੱਦਿਆ :** ਵਾਹਿਗੁਰੂ ਦੀ ਕ੍ਰਿਪਾ ਨਾਲ ਜਦ ਗੁਰੂ ਹਰਿਗੋਬਿੰਦ ਜੀ ਬਿਲਕੁੱਲ ਠੀਕ ਹੋ ਗਏ ਤਾਂ ਉਹਨਾਂ ਨੂੰ ਵਿੱਦਿਆ ਦੇਣ ਦਾ ਪ੍ਰਬੰਧ ਕੀਤਾ ਗਿਆ। ਵਿੱਦਿਆ ਦੀ ਸਾਰੀ ਜ਼ਿੰਮੇਵਾਰੀ ਬਾਬਾ ਬੁੱਢਾ ਜੀ ਨੂੰ ਸੌਂਪੀ ਗਈ। ਨੇਜ਼ਾ-ਬਾਜ਼ੀ ਤੇ ਬੰਦੂਕ ਆਦਿ ਸ਼ਸਤਰਾਂ ਨੂੰ ਚਲਾਉਣ ਵਿਚ ਵੀ ਗੁਰੂ ਜੀ ਨੇ ਨਿਪੁੰਨਤਾ ਹਾਸਲ ਕੀਤੀ। ਗੁਰੂ ਜੀ ਸਰੀਰਕ ਤੌਰ ਤੇ ਵੀ ਬਹੁਤ ਸੁੰਦਰ ਸਨ।

ਪਰਿਵਾਰ : ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਵਿਆਹ ਮਾਤਾ ਨਾਨਕੀ ਜੀ ਨਾਲ ਹੋਇਆ। ਆਪ ਜੀ ਦੇ ਘਰ ਪੰਜ ਸਪੁੱਤਰਾਂ ਨੇ ਜਨਮ ਲਿਆ ਜਿਨ੍ਹਾਂ ਦੇ ਨਾਮ ਹਨ ਬਾਬਾ ਗੁਰਦਿੱਤਾ, ਸੂਰਜ ਮੱਲ, ਅਣੀ ਰਾਏ, ਅੱਟਲ ਰਾਏ ਅਤੇ ਸ੍ਰੀ (ਗੁਰੂ) ਤੇਗ ਬਹਾਦਰ ਜੀ। ਆਪ ਦੇ ਘਰ ਇੱਕ ਸਪੁੱਤਰੀ ਬੀਬੀ ਵੀਰੋ ਜੀ ਨੇ ਵੀ ਜਨਮ ਲਿਆ।

ਸ੍ਰੀ ਗੁਰੂ ਅਰਜਨ ਦੇਵ ਜੀ ਦਾ ਲਾਹੌਰ ਜਾਣਾ ਤੇ ਗੁਰਗੱਦੀ ਬਖ਼ਸ਼ਣੀ : ਮਈ ਸੰਨ 1606 ਈਸਵੀ ਦੇ ਆਖ਼ਰੀ ਹਫ਼ਤੇ ਜਹਾਂਗੀਰ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਗ੍ਰਿਫ਼ਤਾਰੀ ਦੇ ਹੁਕਮ ਜਾਂਰੀ ਕਰ ਦਿੱਤੇ। ਗੁਰੂ ਜੀ ਨੇ ਭਾਈ ਗੁਰਦਾਸ ਜੀ ਅਤੇ ਬਾਬਾ ਬੁੱਢਾ ਜੀ ਆਦਿ ਮੁੱਖੀ ਸਿੱਖਾਂ ਨੂੰ ਸੱਦ ਕੇ ਦੇਸ਼ ਦੇ ਉਸ ਵਕਤ ਦੇ ਰਾਜਸੀ ਹਾਲਾਤ ਦੱਸੇ ਅਤੇ ਗ੍ਰਿਫ਼ਤਾਰੀ ਦਾ ਸੰਭਾਵੀ ਸਿੱਟਾ ਵੀ ਦੱਸਿਆ। ਆਪ ਜੀ ਨੇ 25 ਮਈ, ਸੰਨ 1606 ਈਸਵੀ ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਸੰਗਤ ਦੇ ਸਾਹਮਣੇ, ਭਰੇ ਦੀਵਾਨ ਵਿਚ ਗੁਰਿਆਈ ਦੀ ਜ਼ਿੰਮੇਵਾਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਸੌਂਪੀ। ਉਸ ਵਕਤ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਉਮਰ (ਆਯੂ) ਕੇਵਲ ਗਿਆਰਾਂ ਸਾਲ ਦੀ ਸੀ।

ਮਹਾਨ ਕਾਰਜ :

ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਸਮੇਂ ਨੂੰ ਸਾਂਭਣਾ : ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਦੇਖਿਆ ਕਿ ਉਨ੍ਹਾਂ ਦੇ ਪਿਤਾ ਜੀ ਦੀ ਸ਼ਹੀਦੀ ਜ਼ਾਲਮਾਂ ਦੇ ਪੱਥਰ ਹਿਰਦਿਆਂ ਨੂੰ ਨਰਮ ਤਾਂ ਨਹੀਂ ਕਰ ਸਕੀ ਪਰ ਸਿੱਖਾਂ ਦੇ ਹਿਰਦਿਆਂ ਨੂੰ ਗਰਮ ਜ਼ਰੂਰ ਕਰ ਗਈ ਹੈ। ਉਨ੍ਹਾਂ ਨੇ ਸਮੇਂ ਨੂੰ ਸੰਭਾਲਣ ਲਈ ਅਜਿਹੇ ਸੂਰਬੀਰਾਂ ਦੀ ਫੌਜ ਸਾਜਣ ਦਾ ਫੈਸਲਾ ਲਿਆ ਜਿਹੜੀ ਕਿਸੇ ਖ਼ਤਰੇ ਤੋਂ ਨਾ ਡਰੇ। ਉਹ ਅੱਤਿਆਚਾਰਾਂ ਦਾ ਮੁਕਾਬਲਾ ਕਰੇ ਅਤੇ ਕੂੜ ਮੱਤ ਨੂੰ ਦੂਰ ਕਰੇ। ਸਦੀਆਂ ਤੋਂ ਜ਼ਾਲਮਾਂ ਨੂੰ ਕਿਸੇ ਨੇ ਵੀ ਹਲੂਣਿਆਂ ਨਹੀਂ ਸੀ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਉਹ ਕੰਮ ਕਰਨ ਦਾ ਭਾਰ ਆਪਣੇ ਸਿਰ ਚੁੱਕਿਆ।



Scanned with CamScanner

ਗੱਦੀ ਉੱਤੇ ਬੈਠਦਿਆਂ ਹੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਬਾਬਾ ਬੁੱਢਾ ਜੀ ਨੂੰ ਦੋ ਤਲਵਾਰਾਂ ਪਹਿਨਾਉਣ ਲਈ ਫੁਰਮਾਇਆ। ਬਾਬਾ ਬੁੱਢਾ ਜੀ ਨੇ ਦੋ ਕਿਰਪਾਨਾਂ ਪਹਿਨਾਈਆਂ। ਇਕ ਮੀਰੀ (ਰਾਜਨੀਤੀ) ਦਾ ਚਿੰਨ੍ਹ ਸੀ ਤੇ ਦੂਜੀ ਪੀਰੀ (ਧਰਮ) ਦਾ। ਗੁਰੂ ਜੀ ਨੇ ਕੌਮ ਦੇ ਹਰ ਅੰਗ ਨੂੰ ਟੁੰਬਿਆ, ਝੰਜੋੜਿਆ ਅਤੇ ਸਾਵਧਾਨ ਕੀਤਾ। ਬਿਖੜੇ ਸਮੇਂ ਨੂੰ ਸੰਭਾਲ ਲਿਆ।

ਨਿੱਤ ਦੇ ਪ੍ਰੋਗਰਾਮ ਵਿਚ ਤਬਦੀਲੀਆਂ : ਦਿਨਾਂ ਵਿਚ ਹੀ ਇਹ ਪ੍ਰੋਗਰਾਮ ਘਰ-ਘਰ ਪੁੱਜ ਗਿਆ। ਲੋਕੀਂ ਹੁਣ ਭੇਟਾ ਵੀ ਸ਼ਸਤਰ, ਘੋੜੇ ਤੇ ਹੱਥਾਂ ਦੇ ਬਣੇ ਹੋਏ ਹੋਰ ਹਥਿਆਰ ਲਿਆਉਣ ਲੱਗੇ। ਰੋਜ਼ ਸ਼ਾਮ ਨੂੰ ਦੀਵਾਨ ਅਤੇ ਨਿੱਤ ਦੇ ਪ੍ਰੋਗਰਾਮ ਵਿਚ ਵੀ ਕਈ ਤਬਦੀਲੀਆਂ ਕੀਤੀਆਂ। ਬਹੁਤ ਲੋਕੀਂ ਕੁਸ਼ਤੀਆਂ, ਨੇਜ਼ੇ-ਬਾਜ਼ੀ, ਨਕਲੀ ਜੰਗਾਂ ਦੇ ਨਿਤ ਦੇ ਕੰਮਾਂ ਨੂੰ ਹੈਰਾਨੀ ਨਾਲ ਦੇਖਣ ਲੱਗੇ।

ਲੋਕਾਂ ਤੇ ਜੋਧਿਆਂ ਨੇ ਵਹੀਰਾਂ ਪਾਉਣੀਆਂ ਅਰੰਭੀਆਂ : ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਹੁਕਮਨਾਮੇ ਪੁੱਜਣ ਦੀ ਦੇਰ ਸੀ ਕਿ ਸਿੱਖਾਂ ਨੇ ਸ਼ਸਤਰ, ਘੋੜੇ ਭੇਟਾ ਕਰਨੇ ਸ਼ੁਰੂ ਕਰ ਦਿੱਤੇ। ਕਈ ਯੋਧੇ ਤੇ ਪਹਿਲਵਾਨਾਂ ਨੇ ਗੁਰੂ-ਘਰ ਹੀ ਰਹਿਣਾ ਪਸੰਦ ਕਰ ਲਿਆ। ਗੁਰੂ ਜੀ ਨੇ 52 ਚੋਣਵੇਂ ਸਵਾਰ ਆਪਣੇ ਅੰਗ-ਸੰਗ ਰੱਖ ਲਏ। ਦੇਖਾ-ਦੇਖੀ ਮਾਝੇ, ਮਾਲਵੇ ਤੇ ਦੁਆਬੇ ਤੋਂ 500 ਨੌਜਵਾਨਾਂ ਨੇ ਗੁਰੂ ਦੀ ਬਣ ਰਹੀ ਫ਼ੌਜ ਵਿਚ ਆਪਣੇ ਨਾਮ ਲਿਖਾਏ। ਉਨ੍ਹਾਂ ਨੇ ਪ੍ਰਣ ਕੀਤੇ ਕਿ ਗੁਰੂ ਦੇ ਹੁਕਮਾਂ ਉੱਤੇ ਫੁੱਲ ਚੜ੍ਹਾਉਣ ਲਈ ਉਹ ਸਿਰ ਧੜ ਦੀ ਬਾਜ਼ੀ ਲਾ ਦੇਣਗੇ।

ਲੋਹਗੜ੍ਹ ਕਿਲੇ ਦੀ ਉਸਾਰੀ : ਕਿਲ੍ਹੇ ਦੀ ਹੋਂਦ ਤੇ ਮਜ਼ਬੂਤੀ ਕਿਸੇ ਇਲਾਕੇ ਦੀ ਰੱਖਿਆ ਦਾ ਚਿੰਨ੍ਹ ਹੈ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਵੀ ਵਿਚਾਰਨ ਤੋਂ ਬਾਅਦ ਅੰਮ੍ਰਿਤਸਰ ਸਾਹਿਬ ਵਿਖੇ ਲੋਹਗੜ੍ਹ ਕਿਲ੍ਹੇ ਦੀ ਉਸਾਰੀ ਕੀਤੀ। ਸੰਨ 1609 ਈਸਵੀ ਵਿਚ ਕਿਲ੍ਹਾ ਬਣਾਇਆ। ਸਿੱਖਾਂ ਦਾ ਇਹ ਪਹਿਲਾ ਕਿਲ੍ਹਾ ਹੈ। ਕਿਲ੍ਹੇ ਦੇ ਬਣਨ ਨਾਲ ਸਿੱਖਾਂ ਦੇ ਹੌਸਲੇ ਵੱਧੇ ਪਰ ਦੂਜੇ ਪਾਸੇ ਹਕੂਮਤ ਦਾ ਸ਼ੱਕ ਹੋਰ ਪੱਕਾ ਹੋਇਆ।

1609 ਈਸਵੀ ਵਿਚ ਅਕਾਲ ਤਖ਼ਤ ਦੀ ਸਥਾਪਨਾ : ਉਸੇ ਸਾਲ ਗੁਰੂ ਜੀ ਨੇ ਇਕ ਕਦਮ ਹੋਰ ਅੱਗੇ ਵਧਾਇਆ। ਜਹਾਂਗੀਰ ਨੇ ਐਲਾਨ ਕੀਤਾ ਸੀ ਕਿ ਕੋਈ ਆਪਣਾ ਨਿੱਜੀ ਥੜ੍ਹਾ ਵੀ ਦੋ ਫੁੱਟ ਤੋਂ ਉੱਚਾ ਨਹੀਂ ਰੱਖ ਸਕਦਾ। ਇਸ ਐਲਾਨ ਦੇ ਉਲਟ ਗੁਰੂ ਜੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਦਾ ਐਲਾਨ ਕੀਤਾ। ਦਰਬਾਰ ਸਾਹਿਬ ਦੇ ਸਾਹਮਣੇ ਪਰ ਕੁਝ ਹਟਵਾਂ 12 ਫੁੱਟ



Scanned with CamScanner

ਉੱਚਾ ਤਖ਼ਤ ਬਣਾਇਆ। ਉਸ ਦਾ ਨਾਮ ਰੱਖਿਆ ਗਿਆ 'ਅਕਾਲ ਤਖ਼ਤ'। ਹੋਰ ਦੁਨਿਆਵੀ ਤਖ਼ਤ ਖਤਮ ਹੋ ਜਾਂਦੇ ਹਨ ਤੇ ਹੋ ਜਾਣਗੇ। ਪਰ ਇਹ 'ਸੱਚੇ ਪਾਤਸ਼ਾਹ' ਦਾ ਅਕਾਲ ਤਖ਼ਤ ਸਦਾ ਅਟੱਲ ਰਹੇਗਾ।

ਇਹ ਤਖ਼ਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਬਿਲਕੁੱਲ ਸਾਹਮਣੇ ਇਸ ਲਈ ਬਣਾਇਆ ਗਿਆ ਕਿ ਉਥੇ ਬੈਠਾ ਹੋਇਆ ਸਿੱਖ ਇਨਸਾਨੀ ਫ਼ਰਜ਼ ਨਾ ਭੁੱਲ ਜਾਏ। ਸਿਆਸਤ, ਧਰਮ ਦੀ ਨਿਗਰਾਨੀ ਵਿਚ ਰਹੇ ਤੇ ਦੂਜੇ ਪਾਸੇ ਤਖ਼ਤ ਉੱਤੇ ਬੈਠਾ ਹੋਇਆ ਸਿੱਖ 'ਰਾਜ-ਨਸ਼ੇ' ਵਿਚ ਧਰਮ ਹੀ ਨਾ ਭੁੱਲ ਜਾਏ ਤੇ ਕੁਝ ਹਟਵਾਂ ਇਸ ਲਈ ਕਿ ਧਰਮ ਦਾ ਸਤਿਕਾਰ ਪਹਿਲਾਂ ਹੈ। ਤਖ਼ਤ ਦੀ ਮਹਾਨਤਾ ਵਧਣ ਨਾਲ ਦਿੱਲੀ ਦੇ ਬਾਦਸ਼ਾਹ ਜਹਾਂਗੀਰ ਨੇ ਗੁਰੂ ਸਾਹਿਬ ਜੀ ਦੀ ਗ੍ਰਿਫ਼ਤਾਰੀ ਦੀਆਂ ਵਿਉਂਤਾਂ ਬਣਾਈਆਂ।

**1611 ਈਸਵੀ ਨੂੰ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਗ੍ਰਿਫ਼ਤਾਰੀ :** ਜਹਾਂਗੀਰ ਨੇ ਸਭ ਤੋਂ ਪਹਿਲਾ ਕੰਮ ਇਹ ਕੀਤਾ ਕਿ ਸ਼ੇਖ਼ ਫ਼ਰੀਦ ਮੁਰਤਜ਼ਾ ਖ਼ਾਨ, ਜਿਸ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਗ੍ਰਿਫ਼ਤਾਰ ਕਰ ਕੇ ਤਸੀਹੇ ਦਿੱਤੇ ਸਨ, ਨੂੰ ਸੰਨ 1610 ਈਸਵੀ ਵਿਚ ਪੰਜਾਬ ਦਾ ਨਵਾਬ ਥਾਪ ਦਿੱਤਾ। ਉਸੇ ਸਾਲ ਪੰਜਾਬ ਉਸ ਨੂੰ ਜਾਗੀਰ ਵਜੋਂ ਵੀ ਦੇ ਦਿੱਤਾ। ਜਹਾਂਗੀਰ ਕੋਲੋਂ ਗੁਰੂ ਜੀ ਦੇ ਗ੍ਰਿਫ਼ਤਾਰੀ ਦੇ ਹੁਕਮ ਲਿਆ ਕੇ ਵਜ਼ੀਰ ਖ਼ਾਨ ਅਤੇ ਗੁੰਚਾ ਬੇਗ ਨੂੰ ਗੁਰੂ ਜੀ ਪਾਸ ਭੇਜਿਆ ਕਿ ਉਹ ਆਗਰੇ ਪੇਸ਼ ਹੋਣ। ਵਜ਼ੀਰ ਖ਼ਾਨ ਸਮਝ ਗਿਆ ਕਿ ਇਹ ਸਭ ਸਾਜ਼ਿਸ਼ ਹੈ। ਜਹਾਂਗੀਰ ਨੇ ਵੀ ਲੋਕਾਂ ਕੋਲ ਇਹ ਪ੍ਰਗਟ ਕੀਤਾ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਕੋਲੋਂ ਜੁਰਮਾਨਾ ਵਸੂਲ ਕਰਨਾ ਸੀ। ਇਸ ਲਈ ਉਸ ਦੇ ਬੇਟੇ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।

**ਗਵਾਲੀਅਰ ਵਿਚ ਕੈਦ ਕਰ ਕੇ ਭੇਜਣਾ :** ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਜਿਸ ਕਿਲ੍ਹੇ ਵਿਚ ਬੰਦ ਕੀਤਾ, ਉਸ ਦਾ ਨਾਮ ਗਵਾਲੀਅਰ ਲਿਖਿਆ ਹੈ। ਇਥੇ ਬੰਦੀ ਹੋਰ ਕੈਦੀਆਂ ਵਿਚ ਜ਼ਿਆਦਾਤਰ ਉਹ ਹੀ ਰਾਜੇ ਸਨ, ਜਿਨ੍ਹਾਂ ਨੂੰ ਬਗ਼ਾਵਤ ਦੇ ਇਲਜ਼ਾਮ ਵਿਚ ਅਣਮਿੱਥੇ ਸਮੇਂ ਲਈ ਕੈਦ ਵਿਚ ਪਾਇਆ ਹੋਇਆ ਸੀ। ਗੁਰੂ ਜੀ ਨੇ ਜੇਲ੍ਹ ਕਰਮਚਾਰੀਆਂ ਵਲੋਂ ਭੇਜਿਆ ਗਿਆ ਭੋਜਨ ਖਾਣ ਤੋਂ ਇਨਕਾਰ ਕਰ ਦਿੱਤਾ। ਗੁਰੂ ਜੀ ਜਾਣਦੇ ਸਨ ਕਿ ਖਾਣੇ ਵਿਚ ਕੱਚੇ ਜ਼ਹਿਰ ਦਿੱਤੇ ਜਾਂਦੇ ਹਨ। ਜੇਲ੍ਹ ਦੇ ਦਰੋਗੇ (ਹਰੀ ਦਾਸ) ਨੇ ਗਵਾਲੀਅਰ ਸ਼ਹਿਰ ਵਿਚੋਂ ਇਕ ਕਿਰਤੀ ਘਾਹੀ ਸਿੱਖ ਦੇ ਘਰ ਦਾ ਬਣਿਆ ਹੋਇਆ ਖਾਣਾ ਲਿਆਉਣ ਦਾ ਪ੍ਰਬੰਧ ਕਰਾ ਦਿੱਤਾ।

**ਚੌਕੀਆਂ :** ਗੁਰੂ ਜੀ ਗਵਾਲੀਅਰ ਵਿਚ ਕੈਦ ਸਨ ਤੇ ਸਿੱਖਾਂ ਵਿੱਚ



Scanned with CamScanner

ਬੇਚੈਨੀ ਵਧਣੀ ਸ਼ੁਰੂ ਹੋ ਗਈ। ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਦੀ ਅਗਵਾਈ ਹੇਠਾਂ ਸਿੱਖਾਂ ਨੇ ਰੋਸ ਪ੍ਰਗਟਾਇਆ। ਰਾਤਾਂ ਨੂੰ ਮਸ਼ਾਲਾਂ ਜਲਾ ਕੇ ਸਿੱਖ ਗੁਰ ਸ਼ਬਦ ਪੜ੍ਹਦੇ ਅਤੇ ਵਿਖਾਵੇ ਕਰਦੇ। ਇਹ ਸਭ ਪੁਰ-ਅਮਨ ਹੋ ਰਿਹਾ ਸੀ। ਕਈ ਜੱਥੇ ਪੰਜਾਬ ਤੋਂ ਚੱਲ ਕੇ ਗਵਾਲੀਅਰ ਪੁੱਜਦੇ। ਕਿਲ੍ਹੇ ਦੀਆਂ ਦੀਵਾਰਾਂ ਦੀ ਪ੍ਰਕਰਮਾ ਕਰਕੇ, ਜੱਥਿਆਂ ਦੀ ਸ਼ਕਲ ਵਿਚ ਵਾਪਸ ਮੁੜਦੇ। ਸਾਰਾ ਪੰਜਾਬ ਹੀ ਜਾਗ ਪਿਆ। ਇਨਸਾਫ਼-ਪਸੰਦ ਮੁਸਲਮਾਨਾਂ ਨੇ ਜਹਾਂਗਿਰ ਤਕ ਅਪੀਲਾਂ ਲਿਖ ਭੇਜੀਆਂ ਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਰਿਹਾ ਕੀਤਾ ਜਾਏ। ਖ਼ਾਸ ਕਰ ਵਜ਼ੀਰ ਖ਼ਾਨ ਅਤੇ ਮੀਆਂ ਮੀਰ ਨੇ ਆਪ ਆਗਰਾ ਜਾ ਕੇ ਜਹਾਂਗੀਰ ਨੂੰ ਪ੍ਰੇਰਿਆ ਕਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਬੰਦੀ ਤੋਂ ਆਜ਼ਾਦ ਕੀਤਾ ਜਾਏ।

**ਬੰਦੀ ਛੋੜ ਦਾਤਾ :** ਵਜ਼ੀਰ ਖ਼ਾਨ ਤੇ ਮੀਆਂ ਮੀਰ ਨੇ ਕੋਸ਼ਿਸ਼ਾਂ ਕਰਕੇ ਗੁਰੂ ਜੀ ਦੀ ਰਿਹਾਈ ਦੇ ਹੁਕਮ ਜਹਾਂਗੀਰ ਕੋਲੋਂ ਲੈ ਲਏ। ਜਹਾਂਗੀਰ ਵੀ ਇਹ ਸਮਝ ਗਿਆ ਸੀ ਕਿ ਬਹੁਤੀ ਦੇਰ ਇਹ ਲਹਿਰ ਦਬਾਈ ਨਹੀਂ ਜਾ ਸਕੇਗੀ ਤੇ ਗੁਰੂ ਨਾਲ ਮੇਲ ਰੱਖਣਾ ਹੀ ਠੀਕ ਹੈ।

ਜਦ ਵਜ਼ੀਰ ਖ਼ਾਨ ਰਿਹਾਈ ਦਾ ਹੁਕਮ ਲੈ ਕੇ ਗਵਾਲੀਅਰ ਪੁੱਜਾ ਤਾਂ ਗੁਰੂ ਜੀ ਨੇ ਰਿਹਾ ਹੋਣ ਤੋਂ ਸਾਫ਼ ਇਨਕਾਰ ਕਰ ਦਿੱਤਾ। ਉਨ੍ਹਾਂ ਕਿਹਾ ਕਿ ਜਦ ਤਕ ਇਹ ਬੇਦੋਸ਼ੇ ਰਾਜੇ ਰਿਹਾ ਨਹੀਂ ਕੀਤੇ ਜਾਂਦੇ, ਮੈਂ ਬਾਹਰ ਨਿਕਲਣ ਲਈ ਤਿਆਰ ਨਹੀਂ ਹਾਂ। ਵਜ਼ੀਰ ਖ਼ਾਨ ਮੁੜ ਵਾਪਸ ਆਗਰੇ ਆਇਆ। ਜਹਾਂਗੀਰ ਨੂੰ ਉਸ ਨੇ ਸਮਝਾਉਣ ਦਾ ਯਤਨ ਕੀਤਾ। ਪਹਿਲਾਂ ਤਾਂ ਜਹਾਂਗੀਰ ਅੜੀ ਕਰਦਾ ਰਿਹਾ ਪਰ ਮੈਕਾਲਫ਼ ਕਹਿੰਦਾ ਹੈ ਕਿ ਫਿਰ ਵਜ਼ੀਰ ਖ਼ਾਨ ਦੀਆਂ ਦਲੀਲਾਂ ਅੱਗੇ ਉਸ ਦੀ ਇਕ ਨਾ ਚੱਲੀ ਤੇ ਉਸ 52 ਰਾਜਿਆਂ ਨੂੰ ਵੀ ਰਿਹਾ ਕਰਨ ਦਾ ਹੁਕਮ ਭੇਜਿਆ। ਹਰੀ ਦਾਸ ਨੇ ਨਾਟਕੀ ਵਿਉਂਤ ਬਣਾਈ ਕਿ ਜਿਹੜਾ ਵੀ ਗੁਰੂ ਜੀ ਦੇ ਚੋਲੇ ਨੂੰ ਪਕੜੀ ਰੱਖੇਗਾ, ਉਹ ਹੀ ਰਿਹਾ ਕੀਤਾ ਜਾਏਗਾ। ਗੁਰੂ ਜੀ ਲਈ 52 ਕਲੀਆਂ ਵਾਲਾ ਖ਼ਾਸ ਚੋਲਾ ਸਿਲਾਇਆ ਗਿਆ। ਹਰ ਕਲੀ ਦੀ ਤਣੀ ਨੂੰ ਇਕ-ਇਕ ਰਾਜੇ ਨੇ ਪਕੜਿਆ ਤੇ ਉਹ ਰਿਹਾ ਹੋਏ। ਲੋਕੀਂ ਗੁਰੂ ਜੀ ਨੂੰ 'ਬੰਦੀ ਛੋੜ ਦਾਤਾ' ਕਹਿਣ ਲੱਗ ਪਏ। ਸੰਨ 1613 ਈਸਵੀ ਦੀ ਦੀਵਾਲੀ ਵਾਲੇ ਦਿਨ ਗੁਰੂ ਜੀ ਸ੍ਰੀ ਅੰਮ੍ਰਿਤਸਰ ਸਾਹਿਬ ਪਹੁੰਚੇ। ਸਿੱਖ ਸੰਗਤਾਂ ਨੇ ਬਹੁਤ ਖੁਸ਼ੀ ਮਨਾਈ, ਦੀਪ ਮਾਲਾ ਕੀਤੀ। ਕੁਦਰਤੀ ਇਹ ਦਿਵਾਲੀ ਦਾ ਦਿਨ ਸੀ। ਉਸੇ ਰਵਾਇਤ ਅਨੁਸਾਰ ਹੁਣ ਤੱਕ ਦੀਵਾਲੀ ਦਾ ਤਿਉਹਾਰ ਸਿੱਖਾਂ ਵਿਚ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ।



Scanned with CamScanner

ਜਹਾਂਗੀਰ ਨਾਲ ਸੁਲਾਹ ਅਤੇ ਦੋਸਤੀ : ਜਹਾਂਗੀਰ ਨੇ ਬਾਕੀ ਉਮਰ ਸੁਲਾਹ ਵਿਚ ਹੀ ਗੁਜ਼ਾਰਨੀ ਚਾਹੀ। ਸੋ ਕਈ ਵਾਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਅਤੇ ਜਹਾਂਗੀਰ ਕਿੰਨੇ-ਕਿੰਨੇ ਦਿਨ ਇਕੱਠੇ ਸ਼ਿਕਾਰੀ ਕੈਂਪ ਵਿਚ ਰਹੇ। ਪੂਰੇ 13 ਸਾਲ ਬਿਲਕੁੱਲ ਅਮਨ ਰਿਹਾ ਅਤੇ ਸਿੱਖਾਂ ਨੂੰ ਵਧਣ ਫੁੱਲਣ ਦਾ ਸਮਾਂ ਮਿਲਦਾ ਰਿਹਾ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਫ਼ੌਜ਼ ਨੂੰ ਮਜ਼ਬੂਤ ਕੀਤਾ ਅਤੇ ਉਸ ਦਾ ਆਚਰਨ ਬਣਾਉਣ ਵੱਲ ਧਿਆਨ ਦਿੱਤਾ। ਗੁਰੂ ਜੀ ਦੇ ਪਰਚਾਰ ਸਦਕਾ ਦੁਆਬੇ ਅਤੇ ਮਾਲਵੇ ਦੇ ਪਿੰਡਾਂ ਵਿਚ ਹਜ਼ਾਰਾਂ ਜਵਾਨ ਗੁਰੂ ਜੀ ਦੀ ਫ਼ੌਜ ਵਿਚ ਸ਼ਾਮਲ ਹੋਏ। ਆਪ ਕੁਝ ਚਿਰ ਕਰਤਾਰਪੁਰ ਆ ਕੇ ਟਿਕ ਗਏ। ਇਸ ਦੇ ਨੇੜੇ ਬੜੇ ਪੀਰ ਪਿੰਡ ਦੇ 26 ਜਵਾਨ ਗੁਰੂ ਜੀ ਦੀ ਫੌਜ ਵਿਚ ਸ਼ਾਮਲ ਹੋਏ। ਪੈਂਦੇ ਖ਼ਾਨ ਵੀ ਉੱਥੇ ਹੀ ਆਇਆ ਸੀ ਜੋ ਕਿ ਯਤੀਮ ਬੱਚਾ ਸੀ। ਗੁਰੂ ਜੀ ਨੇ ਯਤੀਮ ਅਤੇ ਹੋਣਹਾਰ ਦੇਖ ਕੇ ਆਪਣੇ ਕੋਲ ਟਿਕਾ ਲਿਆ। ਯੁੱਧ ਕਲਾ ਵੀ ਸਿਖਾਈ।

ਬੀਬੀ ਕੌਲਾਂ ਦਾ ਗੁਰੂ ਜੀ ਦੀ ਸ਼ਰਨ ਆਉਣਾ : ਬੀਬੀ ਕੌਲਾਂ ਲਾਹੌਰ ਦੇ ਕਾਜ਼ੀ ਰੁਸਤਮ ਖਾਨ ਦੀ ਬੇਟੀ ਸੀ। ਉਹ ਮੀਆਂ ਮੀਰ ਜੀ ਦੇ ਇਕ ਚੇਲੇ ਮੁੱਲਾਂ ਸ਼ਾਹ ਅਬਦੁੱਲਾ ਕੋਲੋਂ ਕਈ ਵਾਰੀ ਗੁਰੂ-ਜਸ ਸੁਣ ਚੁੱਕੀ ਸੀ। ਉਸ ਨੂੰ ਕਾਫ਼ੀ ਬਾਣੀ ਕੰਠ ਹੋ ਗਈ ਸੀ। ਸ਼ਾਹ ਅਬਦੁੱਲਾ ਸੂਫ਼ੀ ਖਿਆਲ ਦਾ ਸੀ। ਕੌਲਾਂ ਦਾ ਪਿਤਾ ਸ਼ਰਈ ਹੋਣ ਕਰਕੇ ਇਹੋ ਜਿਹੇ ਖ਼ਿਆਲ ਅਪਨਾਉਣ ਤੋਂ ਸਦਾ ਬੇਟੀ ਨੂੰ ਵਰਜਦਾ ਰਹਿੰਦਾ ਸੀ। ਕਈ ਵਾਰੀ ਉਸ ਨੇ ਕੌਲਾਂ ਨੂੰ ਡਰਾਇਆ ਤੇ ਧਮਕਾਇਆ ਵੀ। ਅਬਦੁੱਲਾ ਇਹ ਸਭ ਕੁਝ ਸਹਾਰ ਨਾ ਸਕਿਆ। ਉਹ ਬੀਬੀ ਕੌਲਾਂ ਨੂੰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪਾਸ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਲੈ ਆਇਆ। ਗੁਰੂ ਜੀ ਨੇ ਟਿਕਣ ਦੀ ਪ੍ਰਵਾਨਗੀ ਦੇ ਦਿੱਤੀ। ਅੰਮ੍ਰਿਤਸਰ ਸਾਹਿਬ ਵਿਚ ਅੱਜ ਵੀ ਗੁਰਦੁਆਰਾ ਮਾਤਾ ਕੌਲਾਂ ਮੌਜੂਦ ਹੈ।

ਜਹਾਂਗੀਰ ਦਾ ਅੰਮ੍ਰਿਤਸਰ ਆਉਣਾ : ਜਹਾਂਗੀਰ ਅਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਕਈ-ਕਈ ਦਿਨ ਇਕੱਠੇ ਸ਼ਿਕਾਰ ਖੇਡਦੇ ਰਹੇ। ਉਨ੍ਹਾਂ ਹੀ ਦਿਨਾਂ ਵਿਚ ਜਹਾਂਗੀਰ ਅੰਮ੍ਰਿਤਸਰ ਸਾਹਿਬ ਆਇਆ। ਉਸ ਨੇ ਅਕਾਲ ਤਖ਼ਤ ਬਣਾਉਣ ਲਈ ਸ਼ਾਹੀ ਖ਼ਜ਼ਾਨੇ ਦੀ ਮਦਦ ਪੇਸ਼ ਕੀਤੀ। ਗੁਰੂ ਜੀ ਨੇ ਇਹ ਕਹਿ ਕੇ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ, "ਅਕਾਲ ਦਾ ਆਪਣਾ ਅਸਥਾਨ ਹੈ, ਸਿੱਖ ਆਪ ਬਣਾਉਣਗੇ। ਗੁਰੂ ਜੀ ਪੀਲੀ ਭੀਤ, ਪੂਰਬੀ ਕਸ਼ਮੀਰ, ਸ੍ਰੀ ਨਗਰ ਆਦਿ ਅਹਿਮ ਥਾਵਾਂ ਉੱਤੇ ਪ੍ਰਚਾਰ ਦੌਰੇ ਕਰਦੇ ਰਹੇ।

ਜਹਾਂਗੀਰ ਦੀ ਮੌਤ : ਸੰਨ 1627 ਈ: ਵਿਚ ਜਹਾਂਗੀਰ ਦਾ ਦਿਹਾਂਤ



Scanned with CamScanner

ਹੋ ਗਿਆ ਤੇ ਉਸ ਦੀ ਥਾਵੇਂ ਸ਼ਹਿਜ਼ਾਦਾ ਖ਼ੁਰਮ, ਸ਼ਾਹਜਹਾਨ ਦੇ ਨਾਂ ਹੇਠਾਂ ਦਿੱਲੀ ਦੇ ਤਖ਼ਤ ਉੱਤੇ ਬੈਠਾ। ਖ਼ੁਰਮ ਨੂੰ ਦੋਖੀਆਂ ਨੇ ਪਹਿਲਾਂ ਹੀ ਗੁਰੂ ਘਰ ਵਿਰੁੱਧ ਭਰਿਆ ਹੋਇਆ ਸੀ। ਗੁਰੂ ਜੀ ਦੇ ਪ੍ਰਚਾਰ ਸਦਕਾ ਹਜ਼ਾਰਾਂ ਹਿੰਦੂ ਲੋਕ, ਸਿੱਖ ਬਣ ਰਹੇ ਸਨ ਤੇ ਸੈਂਕੜੇ ਮੁਸਲਮਾਨ ਲੋਕ ਗੁਰੂ ਜੀ ਦੀ ਸਿੱਖਿਆ ਅਪਣਾ ਰਹੇ ਸਨ। ਸ਼ਾਹਜਹਾਨ ਨੂੰ ਇਹ ਗੱਲ ਮੂਲੋਂ ਨਹੀਂ ਸੀ ਭਾਉਂਦੀ।

**ਜੰਗ ਦਾ ਆਰੰਭ :** 1629 ਈ: ਵਿਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਸ਼ਿਕਾਰ ਖੇਡਣ ਲਈ ਗੁਮਟਾਲੇ ਆਪਣੇ ਸਿੱਖਾਂ ਸਮੇਤ ਗਏ। ਸ਼ਾਹੀ ਫ਼ੌਜਾਂ ਵੀ ਲਾਗੇ ਹੀ ਸ਼ਿਕਾਰ ਖੇਡਣ ਲਈ ਉਤਰੀਆਂ ਹੋਈਆਂ ਸਨ। ਸ਼ਾਹੀ ਬਾਜ ਆਪਣੇ ਸ਼ਿਕਾਰ ਨੂੰ ਠੂੰਗੇ ਮਾਰ ਕੇ ਤਸੀਹੇ ਦੇਂਦਾ ਸੀ। ਸਿੱਖਾਂ ਤੋਂ ਇਹ ਵਰਤਾਉ ਸਹਾਰਿਆ ਨਾ ਗਿਆ। ਉਨ੍ਹਾਂ ਨੇ ਆਪਣਾ ਬਾਜ ਉਡਾ ਕੇ, ਸ਼ਾਹੀ ਬਾਜ ਨੂੰ ਪਕੜ ਲਿਆ। ਜਦ ਸ਼ਾਹੀ ਅਹਿਲਕਾਰਾਂ ਨੇ ਬਾਜ ਵਾਪਸ ਮੰਗਿਆ ਤਾਂ ਸਿੱਖਾਂ ਨੇ ਬਾਜ ਦੇਣੋਂ ਇਨਕਾਰ ਕਰ ਦਿੱਤਾ।

ਸ਼ਾਹੀ ਅਹਿਲਕਾਰ ਜੰਗ ਉੱਤੇ ਉਤਰ ਆਏ। ਗੁਲਾਮ ਰਸੂਲ ਖਾਨ ਦੀ ਕਮਾਨ ਹੇਠਾਂ ਮੁਖਲਿਸ ਖ਼ਾਨ ਨੇ ਸ਼ਾਹ ਜਹਾਨ ਦੇ ਕਹਿਣ ਉੱਤੇ 7000 ਫ਼ੌਜ ਭੇਜੀ। ਇੱਧਰ ਗੁਰੂ ਜੀ ਅੰਮ੍ਰਿਤਸਰ ਸਾਹਿਬ ਵਿਚ ਬੀਬੀ ਵੀਰੋ ਜੀ ਦੇ ਅਨੰਦ ਕਾਰਜ ਦਾ ਪ੍ਰਬੰਧ ਕਰ ਰਹੇ ਸਨ ਪਰ ਜਦ ਫੌਜ ਦੀ ਚੜ੍ਹਾਈ ਦਾ ਪਤਾ ਲੱਗਾ ਤਾਂ ਗੁਰੂ ਜੀ ਨੇ ਟਾਕਰਾ ਕਰਨ ਦਾ ਫੈਸਲਾ ਕੀਤਾ। ਪਹਿਲੀ ਹੀ ਝੱਪਟ ਵਿਚ ਗੁਲਾਮ ਰਸੂਲ ਭੱਜ ਗਿਆ ਅਤੇ ਸਿੱਖਾਂ ਨੂੰ ਪਹਿਲੀ ਜਿੱਤ ਪ੍ਰਾਪਤ ਹੋਈ। ਇਹ ਜੰਗ ਸੰਗਰਾਨਾ ਸਾਹਿਬ ਦੇ ਅਸਥਾਨ ਤੇ ਹੋਈ।

**ਮੁਖ਼ਲਿਸ ਖ਼ਾਨ ਚੜ੍ਹ ਕੇ ਆਇਆ :** ਮੁੱਢਲੀ ਹਾਰ ਨੂੰ ਵੇਖ ਕੇ ਮੁਖ਼ਲਿਸ ਖ਼ਾਨ ਨੇ ਗੁਰੂ ਜੀ ਵਿਰੁੱਧ ਚੜ੍ਹਾਈ ਕੀਤੀ। ਗੁਰੂ ਜੀ ਨੇ ਵੀ ਤਿਆਰੀ ਕਰ ਲਈ। ਜਿੱਥੇ ਅੱਜ ਕੱਲ੍ਹ ਖਾਲਸਾ ਕਾਲਜ ਅੰਮ੍ਰਿਤਸਰ ਸਾਹਿਬ ਹੈ, ਉੱਥੇ ਜੰਗ ਹੋਈ। ਮੁਖ਼ਲਿਸ ਖ਼ਾਨ ਨੇ ਵੰਗਾਰਿਆ ਕਿ ਫ਼ੌਜਾਂ ਨੂੰ ਮਰਵਾਉਣ ਦਾ ਕੀ ਲਾਭ, ਕੇਵਲ ਗੁਰੂ ਅਤੇ ਉਸ ਦੀ ਆਹਮੋ-ਸਾਹਮਣੀ ਦੁਵੱਲੀ ਲੜਾਈ ਹੋ ਜਾਏ।

ਪਹਿਲਾ ਵਾਰ ਮੁਖ਼ਲਿਸ ਖ਼ਾਨ ਨੇ ਕੀਤਾ ਪਰ ਉਹ ਅਜਾਈਂ ਗਿਆ। ਫੇਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪਣੇ ਖੰਡੇ ਨਾਲ ਵਾਰ ਕੀਤਾ। ਮੁਖ਼ਲਿਸ ਖ਼ਾਨ ਦੀ ਢਾਲ ਚੀਰ ਕੇ ਖੰਡਾ ਉਸ ਦੇ ਸਿਰ ਵਿਚੋਂ ਪਾਰ ਹੋ ਗਿਆ। ਮੁਖ਼ਲਿਸ ਖ਼ਾਨ ਦੀਆਂ ਫੌਜਾਂ ਵਾਪਸ ਮੁੜ ਗਈਆਂ। ਗੁਰੂ ਜੀ ਉਥੋਂ ਸਿੱਧੇ ਝਬਾਲ ਚਲੇ ਗਏ ਅਤੇ ਉਥੇ ਹੀ ਬੀਬੀ ਵੀਰੋ ਜੀ ਦਾ ਆਨੰਦ ਕਾਰਜ ਕੀਤਾ।



Scanned with CamScanner

ਸ੍ਰੀ ਹਰਿਗੋਬਿੰਦ ਪੁਰ ਨਿਵਾਸ : ਕੁਝ ਸਮੇਂ ਲਈ ਗੁਰੂ ਜੀ ਨੇ ਲਾਹੌਰ ਤੇ ਅੰਮ੍ਰਿਤਸਰ ਸਾਹਿਬ ਤੋਂ ਦੂਰ ਜਾਣਾ ਹੀ ਠੀਕ ਸਮਝਿਆ। ਉਹ ਗੋਇੰਦਵਾਲ ਸਾਹਿਬ ਤੋਂ ਹੁੰਦੇ ਹੋਏ ਸ੍ਰੀ ਹਰਿਗੋਬਿੰਦ ਪੁਰ ਪੁੱਜੇ। ਸਿੱਖਾਂ ਨੇ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਬੇਨਤੀ ਕੀਤੀ ਕਿ 'ਭਗਵਾਨ ਦਾਸ ਜੋ ਉਸ ਇਲਾਕੇ ਦਾ ਮਾਲ ਗੁਜ਼ਾਰ ਹੈ, ਸਿੱਖਾਂ ਨੂੰ ਤੰਗ ਕਰਦਾ ਹੈ। ਸ਼ਾਂਤ-ਚਿੱਤ ਗੁਰੂ ਜੀ ਨੇ ਉਸ ਨੂੰ ਬਹੁਤ ਸਮਝਾਉਣ ਦੀ ਕੋਸ਼ਿਸ਼ ਕੀਤੀ ਪਰ ਉਹ ਨਾ ਸਮਝਿਆ। ਭਗਵਾਨ ਦਾਸ ਆਪਣੇ ਕੁਝ ਸਾਥੀਆਂ ਨਾਲ ਚੜ੍ਹ ਕੇ ਆ ਗਿਆ। ਸਿੱਖਾਂ ਨਾਲ ਟਾਕਰਾ ਹੋਇਆ ਤੇ ਝਗੜੇ ਵਿਚ ਭਗਵਾਨ ਦਾਸ ਮਾਰਿਆ ਗਿਆ।

ਹਰਿਗੋਬਿੰਦਪੁਰ ਦੀ ਦੂਜੀ ਜੰਗ : ਭਗਵਾਨ ਦਾਸ ਦੇ ਪੁੱਤਰ ਰਤਨ ਚੰਦ ਨੇ ਜਲੰਧਰ ਦੇ ਫ਼ੌਜਦਾਰ ਅਬਦੁੱਲਾ ਖ਼ਾਨ ਨੂੰ ਚੁੱਕਿਆ ਕਿ ਗੁਰੂ ਨੇ ਭਗਵਾਨ ਦਾਸ ਨੂੰ ਮਰਵਾ ਦਿੱਤਾ ਹੈ। ਗੁਰੂ ਜੀ ਦੀ ਵੱਧ ਰਹੀ ਤਾਕਤ ਨੂੰ ਰੋਕਣਾ ਜ਼ਰੂਰੀ ਹੈ। ਅਬਦੁੱਲਾ ਖ਼ਾਨ ਨੇ ਗੁਰੂ ਹਰਿਗੋਬਿੰਦ ਸਾਹਿਬ ਜੀ ਵਿਰੁੱਧ ਫ਼ੌਜ ਚੜ੍ਹਾ ਲਿਆਂਦੀ ਅਤੇ ਸ਼ਰਤ ਪੇਸ਼ ਕੀਤੀ ਕਿ ਇਲਾਕਾ ਛੱਡ ਜਾਓ ਜਾਂ ਲੜਾਈ ਲਈ ਤਿਆਰ ਹੋ ਜਾਓ। ਗੁਰੂ ਜੀ ਨੇ ਧਮਕੀ ਹੇਠਾਂ ਇਲਾਕਾ ਛੱਡਣ ਤੋਂ ਸਾਫ਼ ਇਨਕਾਰ ਕੀਤਾ। ਰਤਨ ਚੰਦ ਅਤੇ ਅਬਦੁੱਲਾ ਖ਼ਾਨ ਦੀ ਫ਼ੌਜ ਦਾ ਸਿੱਖਾਂ ਨੇ ਡੱਟ ਕੇ ਮੁਕਾਬਲਾ ਕੀਤਾ। ਬਾਬਾ ਗੁਰਦਿੱਤਾ ਜੀ ਨੇ ਚੰਗੀ ਤਲਵਾਰ ਚਲਾਈ। ਰਤਨ ਚੰਦ ਤੇ ਅਬਦੁੱਲਾ ਖ਼ਾਨ ਦੋਵੇਂ ਮਾਰੇ ਗਏ। ਇਹ ਜੰਗ 1630 ਈ: ਵਿਚ ਕਰਤਾਰਪੁਰ ਵਿਖੇ ਹੀ ਹੋਈ।

ਤੀਜੀ ਜੰਗ, 1631 ਈ: ਵਿਚ ਨਥਾਣਾ ਦੇ ਅਸਥਾਨ ਉੱਤੇ : ਗੁਰੂ ਜੀ ਨੇ ਹਰਿਗੋਬਿੰਦ ਪੁਰ ਦੀ ਜੰਗ ਉਪਰੰਤ ਫਿਰ ਪ੍ਰਚਾਰ ਵੱਲ ਧਿਆਨ ਦੇਣਾ ਸ਼ੁਰੂ ਕੀਤਾ। ਉਸੇ ਸਾਲ ਬਾਬਾ ਬੁੱਢਾ ਜੀ ਦੇ ਢਿੱਲੇ ਹੋਣ ਦਾ ਪਤਾ ਲੱਗਿਆ। ਉਹ ਰਾਮਦਾਸ ਪੁਰ ਵਿਖੇ ਸਨ। ਬਾਬਾ ਬੁੱਢਾ ਜੀ ਨੇ ਪੰਜ ਗੁਰੂ ਸਾਹਿਬਾਨ ਨੂੰ ਗੁਰ-ਗੱਦੀ ਦਾ ਤਿਲਕ ਦਿੱਤਾ ਸੀ ਤੇ ਉਹ ਆਪਣੇ ਜੀਵਨ ਤੇ ਆਚਰਨ ਦੁਆਰਾ ਸਿੱਖੀ ਦਾ ਪ੍ਰਚਾਰ ਕਰ ਰਹੇ ਸਨ। ਆਪ ਜੀ ਵੀ ਰਾਮਦਾਸ ਪੁਰ ਪੁੱਜੇ। ਬਾਬਾ ਬੁੱਢਾ ਜੀ ਸੱਚਖੰਡ ਜਾ ਬਿਰਾਜੇ। ਆਪ ਜੀ ਨੇ ਆਪਣੇ ਹੱਥੀਂ ਬਾਬਾ ਬੁੱਢਾ ਜੀ ਦਾ ਸਸਕਾਰ ਕੀਤਾ।

ਉਥੇ ਹੀ ਕਾਬਲ ਤੋਂ ਆਏ ਇਕ ਮਸੰਦ ਨੇ ਦੱਸਿਆ ਕਿ ਉਹ ਗੁਰੂ ਜੀ ਦੀ ਭੇਟਾ ਲਈ ਦੋ ਘੋੜੇ ਲਿਆ ਰਿਹਾ ਸੀ। ਲਾਹੌਰ ਦੇ ਨਵਾਬ ਅਨਾਇਤ ਉੱਲਾ ਖ਼ਾਨ ਦੇ ਕਹਿਣ ਤੇ ਫ਼ੌਜਦਾਰ ਲੱਲਾ ਬੇਗ ਨੇ ਖੋਹ ਲਏ ਹਨ। ਭਾਈ ਬਿਧੀ ਚੰਦ ਜੀ ਨੇ ਇਹ ਕੰਮ ਆਪਣੇ ਜ਼ਿੰਮੇਂ ਲਿਆ ਤੇ ਦੋਵੇਂ ਘੋੜੇ ਵਾਪਸ ਲੈ ਆਂਦੇ।



Scanned with CamScanner

ਲੱਲਾ ਬੇਗ ਅਤੇ ਜਲੰਧਰ ਦੇ ਫ਼ੌਜਦਾਰ ਕਮਰ ਬੇਗ ਨੇ ਆਪਣੀ ਹੇਠੀ ਸਮਝੀ। ਉਨ੍ਹਾਂ ਨੇ ਭਾਰੀ ਫ਼ੌਜ਼ ਲੈ ਕੇ ਗੁਰੂ ਜੀ ਉੱਤੇ ਹਮਲਾ ਕਰ ਦਿੱਤਾ। ਗੁਰੂ ਜੀ ਮਾਲਵੇ ਦੀ ਧਰਤੀ ਵਿਚ ਪਰਚਾਰ ਕਰ ਰਹੇ ਸਨ। ਨਥਾਣਾ ਤੇ ਮਹਿਰਾਜ ਦੇ ਲਾਗੇ, ਗੁਰੂ ਨਾਥ ਦੀ ਢਾਬ ਉੱਤੇ ਘਮਸਾਣ ਦੀ ਜੰਗ ਹੋਈ। ਇਕ ਅੰਦਾਜ਼ੇ ਮੁਤਾਬਕ 1200 ਆਦਮੀ ਦੋਵੇਂ ਧਿਰਾਂ ਦੇ ਮਾਰੇ ਗਏ। ਉਸ ਇਲਾਕੇ ਦੇ ਰਾਇ ਜੋਧੇ ਨੇ ਗੁਰੂ ਜੀ ਦੀ ਮੱਦਦ ਕੀਤੀ। ਗੁਰੂ ਜੀ ਨੇ ਜੰਗ ਦੀ ਜਿੱਤ ਵਜੋਂ ਇਕ ਸਰ (ਤਲਾ) ਬਣਾਇਆ, ਜਿਸ ਨੂੰ 'ਗੁਰੂ ਸਰ' ਦਾ ਨਾਮ ਦਿੱਤਾ ਗਿਆ।

ਚੌਥੀ ਜੰਗ, 1634 ਈ: ਵਿਚ : ਗੁਰੂ ਜੀ ਨੇ ਮਾਲਵੇ ਵਿਚ ਪਰਚਾਰ ਜਾਰੀ ਰੱਖਿਆ। ਸੰਨ 1632 ਈ: ਨੂੰ ਕਰਤਾਰਪੁਰ ਆ ਟਿਕੇ। ਪੈਂਦੇ ਖ਼ਾਨ ਨਾਮੀ ਪਠਾਣ ਗੁਰੂ ਜੀ ਦੀ ਫ਼ੌਜ ਵਿਚ ਹੁੰਦਿਆਂ ਹੋਇਆਂ ਵੀ ਸਾਜ਼ਿਸ਼ਾਂ ਕਰ ਰਿਹਾ ਸੀ। ਉਹ ਦਿੱਲੀ ਤੇ ਲਾਹੌਰ ਨੂੰ ਲਿਖ ਚੁੱਕਾ ਸੀ ਕਿ 'ਜੇ ਮਦਦ ਕਰੇ ਤਾਂ ਗੁਰੂ ਦਾ ਨਾਂ ਥੇਹ ਮਿਟਾਇਆ ਜਾ ਸਕਦਾ ਹੈ।' ਉਸ ਨੇ ਕਈ ਵਾਰੀ ਹੁਕਮ ਅਦੂਲੀ ਵੀ ਕੀਤੀ ਸੀ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਪੈਂਦੇ ਖ਼ਾਨ ਨੂੰ ਫ਼ੌਜ ਦੀ ਨੌਕਰੀ ਤੋਂ ਜਵਾਬ ਦੇ ਦਿੱਤਾ। ਪੈਂਦੇ ਖ਼ਾਨ ਨੇ ਮੁਖਲਿਸ ਖ਼ਾਨ ਦੇ ਭਰਾ ਕਾਲੇ ਖ਼ਾਨ ਨੂੰ ਗੁਰੂ ਜੀ ਵਿਰੁੱਧ ਹਮਲਾ ਕਰਨ ਲਈ ਚੁੱਕਿਆ ਅਤੇ ਆਪ ਪੂਰੀ ਮੱਦਦ ਦੇਣ ਦਾ ਐਲਾਨ ਕੀਤਾ। ਜਲੰਧਰ ਦੇ ਫ਼ੌਜ਼ਦਾਰ ਕੁਤਬਦੀਨ ਨੇ ਵੀ ਸਾਥ ਦਿੱਤਾ। ਉਨ੍ਹਾਂ ਤਿੰਨਾਂ ਪੈਂਦੇ ਖ਼ਾਨ, ਕਾਲੇ ਖ਼ਾਨ ਤੇ ਕੁਤੱਬਦੀਨ ਨੇ ਰਲ ਕੇ 1634 ਈ: ਵਿਚ ਕਰਤਾਰਪੁਰ ਨੂੰ, ਜਿੱਥੇ ਗੁਰੂ ਜੀ ਟਿਕੇ ਹੋਏ ਸਨ, ਘੇਰੇ ਵਿਚ ਲੈ ਲਿਆ। ਬਾਬਾ ਗੁਰਦਿੱਤਾ ਜੀ ਤੇ ਭਾਈ ਬਿਧੀ ਚੰਦ ਜੀ ਦੀ ਅਗਵਾਈ ਹੇਠਾਂ ਸਿੱਖ ਫ਼ੌਜ਼ਾਂ, ਡੱਟ ਕੇ ਮੁਕਾਬਲਾ ਕਰਨ ਲੱਗੀਆਂ। ਬਾਬਾ ਤਿਆਗ ਮੱਲ ਜੀ (ਜਿਨ੍ਹਾਂ ਦੀ ਉਮਰ ਉਸ ਵੇਲੇ 12 ਕੁ ਸਾਲ ਸੀ) ਨੇ ਵੀ ਕਮਾਲ ਦੀ ਤਲਵਾਰ ਚਲਾਈ ਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਕੋਲੋਂ ਤੇਗ ਬਹਾਦਰ ਦਾ ਖਿਤਾਬ ਹਾਸਲ ਕੀਤਾ। ਗੁਰੂ ਹਰਿਗੋਬਿੰਦ ਸਾਹਿਬ ਜੀ ਤੇ ਹਮਲਾ ਕਰਕੇ ਸ਼ਾਹੀ ਫ਼ੌਜਾਂ ਦੇ ਹਾਕਮ ਆਪਣੀ ਗਲਤੀ ਦਾ ਅਹਿਸਾਸ ਕਰ ਰਹੇ ਸਨ। ਇਸ ਯੁੱਧ ਵਿੱਚ ਗੁਰੂ ਜੀ ਨੇ ਪੈਂਦੇ ਖਾਂ ਨੂੰ ਵੰਗਾਰਿਆ। ਉਸ ਦੇ ਤਿੰਨ ਵਾਰ ਖਾਲੀ ਜਾਣ ਉਪਰੰਤ ਗੁਰੂ ਸਾਹਿਬ ਨੇ ਉਸ ਨੂੰ ਸੰਭਲਣ ਲਈ ਕਿਹਾ ਤੇ ਪਹਿਲੇ ਵਾਰ ਨਾਲ ਹੀ ਗੁਰੂ ਸਾਹਿਬ ਜੀ ਨੇ ਉਸ ਨੂੰ ਢੇਰੀ ਕਰ ਦਿੱਤਾ।

ਜੋਤੀ ਜੋਤ ਸਮਾਉਣਾ : ਮਾਰਚ 3, 1644 ਈਸਵੀ ਨੂੰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਕੀਰਤਪੁਰ ਸਾਹਿਬ, ਜ਼ਿਲ੍ਹਾ ਰੋਪੜ ਵਿਖੇ ਜੋਤੀ ਜੋਤ ਸਮਾਏ। ਕੀਰਤਪੁਰ ਸਾਹਿਬ ਵਿਖੇ ਹੀ ਆਪ ਜੀ ਦਾ ਅੰਤਮ ਸੰਸਕਾਰ ਕੀਤਾ ਗਿਆ।



Scanned with CamScanner

# ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ
## 1630-1661 ਈ:

ਮੁੱਢਲਾ ਜੀਵਨ : ਆਪ ਜੀ ਦਾ ਜਨਮ 16 ਜਨਵਰੀ, ਸੰਨ 1630 ਈ: ਨੂੰ ਕੀਰਤਪੁਰ ਸਾਹਿਬ, ਜ਼ਿਲ੍ਹਾ ਰੋਪੜ (ਪੰਜਾਬ) ਵਿਖੇ ਹੋਇਆ। ਆਪ ਜੀ ਦੇ ਪਿਤਾ ਜੀ ਦਾ ਨਾਮ ਬਾਬਾ ਗੁਰਦਿੱਤਾ ਜੀ ਸੀ, ਜੋ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਭ ਤੋਂ ਵੱਡੇ ਸਪੁੱਤਰ ਸਨ। ਆਪ ਜੀ ਦੀ ਮਾਤਾ ਜੀ ਦਾ ਨਾਮ ਨਿਹਾਲ ਕੌਰ ਅਤੇ ਸੁਪਤਨੀ ਦਾ ਨਾਮ ਕ੍ਰਿਸ਼ਨ ਕੌਰ ਜੀ ਸੀ। ਆਪ ਜੀ ਦੇ ਗ੍ਰਿਹ ਵਿਖੇ ਦੋ ਸਾਹਿਬਜ਼ਾਦਿਆਂ ਨੇ ਜਨਮ ਲਿਆ। ਵੱਡੇ ਪੁੱਤਰ ਦਾ ਨਾਮ ਰਾਮ ਰਾਏ ਅਤੇ ਛੋਟੇ ਦਾ ਨਾਮ (ਗੁਰੂ) ਹਰਿਕ੍ਰਿਸ਼ਨ ਰੱਖਿਆ ਗਿਆ।

ਬਾਲਪਣ : ਸਾਰਾ ਬਚਪਨ ਕੀਰਤਪੁਰ ਵਿਖੇ ਗੁਜ਼ਾਰਿਆ ਅਤੇ ਸੁਭਾਅ ਵਿੱਚ ਕੋਮਲਤਾ ਤੇ ਪਿਆਰ ਜਿਹੇ ਗੁਣ ਉੱਚੇ ਹੋਣ ਲੱਗੇ। ਇੱਕ ਛੋਟੀ ਜਿਹੀ ਘਟਨਾ ਨੇ ਉਨ੍ਹਾਂ ਦੇ ਜੀਵਨ ਉੱਤੇ ਦੂਰ-ਰਸੀ ਅਸਰ ਪਾਇਆ। ਇਕ ਵਾਰੀ ਬਾਗ ਵਿੱਚ ਸੈਰ ਕਰਦਿਆਂ (ਗੁਰੂ) ਹਰਿ ਰਾਇ ਸਾਹਿਬ ਦੇ ਕਲੀਆਂ ਵਾਲੇ ਚੋਲੇ ਨਾਲ ਟਹਿਣੀ ਨਾਲੋਂ ਇੱਕ ਫੁੱਲ ਟੁੱਟ ਕੇ ਜ਼ਮੀਨ ਉੱਤੇ ਡਿੱਗ ਪਿਆ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸਹਿਜ ਸੁਭਾਅ ਕਿਹਾ 'ਦਾਮਨ ਸੰਕੋਚ ਚਲੋ।' ਉਸ ਦਿਨ ਤੋਂ ਲੈ ਕੇ ਜੋਤੀ ਜੋਤ ਸਮਾਉਣ ਤੱਕ ਗੁਰੂ ਜੀ ਨੇ ਭਾਵੇਂ ਕਈ ਵਾਰੀ ਕਲੀਆਂ ਵਾਲਾ ਚੋਲਾ ਪਾਇਆ ਪਰ ਉਸ ਨੂੰ ਸਮੇਟ ਕੇ ਹੀ ਰੱਖਿਆ ਭਾਵ ਆਪ ਜੀ ਨੇ ਲੱਕ ਨਾਲ ਕਮਰਕੱਸਾ ਬੰਨ੍ਹ ਕੇ ਰੱਖਿਆ।

ਗੁਰੂ ਕਾਲ : ਗੁਰੂ ਹਰਿ ਰਾਇ ਜੀ ਦੇ ਵੱਡੇ ਭਰਾ ਬਾਬਾ ਧੀਰ ਮੱਲ ਸਨ। ਉਹ ਆਪਣੀਆਂ ਕੁਟਲ ਚਾਲਾਂ ਤੇ ਸਾਜ਼ਸ਼ਾਂ ਕਰ ਕੇ ਛੇਤੀ ਹੀ ਬਦਨਾਮ ਹੋ ਗਏ ਸਨ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਹਰਿ ਰਾਏ ਜੀ ਨੂੰ ਗੁਰਤਾ-ਪਦ ਨੂੰ ਸੰਭਾਲਣ ਜੋਗ ਪਾਇਆ ਅਤੇ 3 ਮਾਰਚ, ਸੰਨ 1644 ਈ: ਨੂੰ ਗੁਰਗੱਦੀ ਸੌਂਪ ਦਿੱਤੀ ਜਿਹੜੀ ਆਪ ਜੀ ਨੇ 6 ਅਕਤੂਬਰ, ਸੰਨ 1661 ਈ: ਤੱਕ ਨਿਭਾਹੀ।

ਫ਼ੌਜ ਕਾਇਮ ਰੱਖਣੀ : ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਨੇ ਇਹ ਜ਼ਰੂਰੀ ਸਮਝਿਆ ਕਿ ਜੋ ਫ਼ੌਜ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸਾਜੀ ਸੀ, ਉਹ ਕਾਇਮ ਰੱਖੀ ਜਾਏ। 2200 ਦੇ ਨੇੜੇ ਸਵਾਰ ਗੁਰੂ ਜੀ ਨੇ ਆਪਣੇ ਕੋਲ ਰੱਖ ਲਏ। ਫ਼ੌਜ ਉਸੇ ਤਰ੍ਹਾਂ ਹਰ ਮੌਕੇ ਲਈ ਤਿਆਰ ਸੀ ਪਰ ਸ੍ਰੀ ਗੁਰੂ ਹਰਿ ਰਾਇ ਸਾਹਿਬ ਨੇ ਅੰਦਰ ਹੀ ਅੰਦਰ ਮਨ ਵਿਚ ਇਕ ਹੋਰ ਫੈਸਲਾ ਵੀ ਕੀਤਾ ਹੋਇਆ ਸੀ ਕਿ ਫ਼ੌਜ ਨੂੰ ਕਦੀ ਵੀ ਜੰਗ ਵਿਚ ਨਹੀਂ ਧਕੇਲਣਾ ਤੇ ਵਾਹ



Scanned with CamScanner

ਲੱਗਦੀ ਹੱਥ ਨਹੀਂ ਉਠਾਣਾ। ਇਥੋਂ ਤਕ ਕਿ ਸ਼ਿਕਾਰ ਕਰਨ ਵੇਲੇ ਵੀ ਸ਼ਿਕਾਰ ਜਿੰਦਾ ਹੀ ਪਕੜਦੇ ਅਤੇ ਫਿਰ ਰੱਖ (ਸੈਂਕਚੂਅਰੀ) ਵਿਚ ਖੁੱਲ੍ਹਾ ਛੱਡ ਦੇਂਦੇ।

ਪ੍ਰਚਾਰ ਵੱਲ ਖਾਸ ਧਿਆਨ : ਗੁਰੂ ਹਰਿ ਰਾਇ ਜੀ ਨੇ ਪ੍ਰਚਾਰ ਦੇ ਕੰਮ ਨੂੰ ਢਿੱਲਾ ਨਾ ਹੋਣ ਦਿੱਤਾ। ਜੋ ਕੋਈ ਵੀ ਦਰਬਾਰ ਵਿਚ ਆਉਂਦਾ ਉਸ ਨੂੰ 'ਵੰਡ ਛਕਣ' ਤੇ 'ਸੇਵਾ' ਅਪਣਾਉਣ ਲਈ ਕਹਿੰਦੇ। ਕਈ ਨਵੇਂ ਪ੍ਰਚਾਰਕ ਨਿਯਤ ਕਰ ਕੇ ਦੂਰ-ਦੁਰਾਡੇ ਇਲਾਕਿਆਂ ਵਿਚ ਭੇਜੇ ਗਏ। ਇਕ ਸੰਨਿਆਸੀ ਭਗਤ ਭਗਵਾਨ ਨੂੰ ਪੂਰਬ ਵੱਲ ਭੇਜਿਆ। ਸੁਥਰੇ ਸ਼ਾਹ ਨੂੰ ਦਿੱਲੀ ਤੇ ਭਾਈ ਫੇਰੂ ਜੀ ਨੂੰ ਰਾਜਸਥਾਨ ਵੱਲ ਪ੍ਰਚਾਰ ਲਈ ਭੇਜਿਆ। ਕੈਂਥਲ ਤੇ ਬਾਗੜੀਆਂ ਖ਼ਾਨਦਾਨਾਂ ਦੇ ਮੋਢੀ ਭਾਈਆਂ ਨੂੰ ਮਾਲਵੇ ਦੇ ਇਲਾਕੇ ਵਿਚ ਪ੍ਰਚਾਰ ਕਰਨ ਦਾ ਕੰਮ ਸੌਂਪਿਆ। ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਕਈ ਬੀੜਾਂ ਆਪ ਜੀ ਨੇ ਲਿਖਵਾ ਕੇ ਤਿਆਰ ਕੀਤੀਆਂ।

ਝੜਪ : ਸ੍ਰੀ ਗੁਰੂ ਹਰਿ ਰਾਇ ਜੀ ਦੁਆਬੇ ਵਿਚ ਸਨ ਕਿ ਮੁਖਲਿਸ ਖਾਂ ਦੇ ਪੋਤਰੇ ਉਮਰ ਹਯਾਤ ਖ਼ਾਨ ਨੇ ਸ੍ਰੀ ਗੁਰੂ ਹਰਿ ਰਾਇ ਜੀ ਤੇ ਹੱਲਾ ਬੋਲ ਦਿੱਤਾ। ਆਪ ਜੀ ਦੇ ਪਿੱਛੇ ਭਾਈ ਭਗਤੂ ਦਾ ਪੁੱਤਰ 'ਗੋਰਾ' ਕੁਝ ਚੋਣਵੇਂ ਸਿੱਖ ਫ਼ੌਜੀਆਂ ਨਾਲ ਆ ਰਿਹਾ ਸੀ। ਉਸ ਨੇ ਹਯਾਤ ਖ਼ਾਨ ਦੀ ਫ਼ੌਜ ਨੂੰ ਫਗਵਾੜੇ ਦੇ ਨੇੜੇ 'ਪਲਾਹੀ' ਵਿਖੇ ਰੋਕ ਪਾਈ ਤੇ ਹਯਾਤ ਖ਼ਾਨ ਨੂੰ ਹਾਰ ਦਿੱਤੀ। ਭਾਈ ਗੋਰਾ ਦੀ ਬਹਾਦਰੀ ਤੇ ਪ੍ਰਸੰਨ ਹੋਕੇ ਆਪ ਨੇ ਉਸਨੂੰ ਰਾਜ ਤੇ ਰਾਜਧਾਨੀ ਦਾ ਵਰਦਾਨ ਦਿੱਤਾ। ਇਸੇ ਦੀ ਸੰਤਾਨ ਪਿਛੋਂ ਕੈਥਲ ਦੀ ਮਾਲਕ ਬਣੀ, ਜਿਸ ਪਾਸ ਪ੍ਰਸਿੱਧ ਵਿਦਵਾਨ ਭਾਈ ਸੰਤੋਖ ਸਿੰਘ ਜੀ ਨੇ ਟਿਕ ਕੇ ਸ੍ਰੀ ਗੁਰ ਪ੍ਰਤਾਪ ਸੂਰਜ ਗਰੰਥ (ਸੂਰਜ ਪ੍ਰਕਾਸ਼) ਜਿਹਾ ਮਹਾਨ ਇਤਿਹਾਸਕ ਗਰੰਥ ਰਚਿਆ।

ਭਾਈ ਨੰਦ ਲਾਲ ਪੁਰੀ ਦਾ ਗੁਰੂ ਜੀ ਪਾਸ ਆਉਣਾ : ਜਦ ਆਪ ਜੀ ਸਿਆਲਕੋਟ ਦੇ ਨਜ਼ਦੀਕ ਗਲੋਟੀਆਂ ਖੁਰਦ ਪੁੱਜੇ ਤਾਂ ਉਥੇ ਭਾਈ ਨੰਦ ਲਾਲ ਜੀ ਪੁਰੀ ਦਰਸ਼ਨਾਂ ਨੂੰ ਆਏ। ਉਨ੍ਹਾਂ ਦੇ ਹੀ ਪੋਤਰੇ ਭਾਈ ਹਕੀਕਤ ਰਾਇ ਜੀ ਸਨ। ਭਾਈ ਨੰਦ ਲਾਲ ਜੀ ਨੇ ਜਦ ਉਪਦੇਸ਼ ਮੰਗਿਆ ਤਾਂ ਪਾਤਸ਼ਾਹ ਜੀ ਨੇ ਫ਼ੁਰਮਾਇਆ ਕਿ ਤਿੰਨ ਗੱਲਾਂ ਨਹੀਂ ਕਰੇਂਗਾ ਤਾਂ 'ਧਰਮ' ਤੇਰੇ ਘਰ ਰਵ੍ਹੇਗਾ। 'ਇਕ, ਟੋਪੀ ਨ ਪਹਿਨਣੀ ਦੂਜੇ, ਤੰਮਾਕੂ ਨ ਪੀਣਾ ਅਤੇ ਤੀਜੇ, ਕੇਸ ਕਤਲ ਨਾ ਕਰਾਉਣੇ।' ਭਾਈ ਜੀ ਨੇ ਤਿੰਨੇ ਗੱਲਾਂ ਪੱਲੇ ਬੰਨ੍ਹ ਲਈਆਂ ਤੇ ਉਹਨਾਂ ਦਾ ਨਾਂ 'ਧਰਮੀ' ਪੈ ਗਿਆ।

ਸਹਿਮਿਆਂ ਲਈ ਸਹਾਰਾ : ਸ਼ਾਹਜਹਾਨ ਨੇ ਸ਼ਾਹੀ ਫ਼ੁਰਮਾਨ ਜਾਰੀ ਕਰ



Scanned with CamScanner

ਦਿੱਤਾ ਕਿ ਨਵੇਂ ਬਣੇ ਹਿੰਦੂ ਮੰਦਰ ਢਾਹ ਦਿੱਤੇ ਜਾਣ ਅਤੇ ਅਗਾਂਹ ਤੋਂ ਕੋਈ ਮੰਦਰ ਨਾ ਬਣਨ ਦਿੱਤਾ ਜਾਵੇ। ਇਥੇ ਹੀ ਬਸ ਨਹੀਂ ਪੁਰਾਣੇ ਮੰਦਰਾਂ ਦੀ ਮੁਰੰਮਤ ਕਰਨੀ ਵੀ ਰੋਕ ਦਿੱਤੀ। ਪਰ ਸਿੱਖ ਗੁਰਦੁਆਰਿਆਂ ਦੇ ਵਿਰੁੱਧ ਸ਼ਾਹ ਜਹਾਨ ਦਾ ਅਜਿਹਾ ਕੋਈ ਹੁਕਮ (ਫ਼ੁਰਮਾਨ) ਜਾਰੀ ਨਹੀਂ ਹੋਇਆ ਸੀ। ਗੁਰੂ ਹਰਿ ਰਾਏ ਸਾਹਿਬ ਨੇ ਪਿੰਡ-ਪਿੰਡ ਜਾ ਕੇ ਹਿੰਦੂਆਂ ਨੂੰ ਧਰਵਾਸ ਦਿੱਤੀ ਅਤੇ ਉਨ੍ਹਾਂ ਦੇ ਮੰਦਰਾਂ ਦੀ ਰੱਖਿਆ ਕੀਤੀ। ਯਾਦ ਰਹੇ ਗੁਰੂ ਸਾਹਿਬ ਕੋਲ 2200 ਘੋੜ ਸਵਾਰਾਂ ਦੀ ਫ਼ੌਜ ਹਰ ਵੇਲੇ ਤਿਆਰ-ਬਰ-ਤਿਆਰ ਰਹਿੰਦੀ ਸੀ।

**ਦਵਾਖਾਨੇ ਤੋਂ ਬੀਮਾਰ ਦਾਰਾ ਸ਼ਿਕੋਹ ਲਈ ਦਿਵਾਈ ਭੇਜਣੀ :** ਆਪ ਜੀ ਨੇ ਕੀਰਤਪੁਰ ਸਾਹਿਬ ਵਿਖੇ ਰੋਗੀਆਂ ਲਈ ਜੜ੍ਹੀ ਬੂਟੀਆਂ ਦਾ ਦਵਾਖਾਨਾ ਬਣਾਇਆ, ਜਿਸ ਦੀਆਂ ਦਵਾਈਆਂ ਦੂਰ-ਦੂਰ ਤੱਕ ਪ੍ਰਸਿੱਧ ਸਨ। ਇਤਿਹਾਸ ਵਿਚ ਜ਼ਿਕਰ ਹੈ ਕਿ ਬਾਦਸ਼ਾਹ ਸ਼ਾਹ ਜਹਾਨ ਦੇ ਪੁੱਤਰ ਦਾਰਾ ਸ਼ਿਕੋਹ ਨੂੰ ਅਜੀਰਣ ਨਾਮ ਦਾ ਇੱਕ ਭਿਆਨਕ ਤੇ ਜਾਨ ਲੇਵਾ ਰੋਗ ਲੱਗ ਗਿਆ। ਹਕੀਮਾਂ ਤੇ ਵੈਦਾਂ ਨੇ ਬੀਮਾਰੀ ਸਖਤ ਦੱਸੀ ਤੇ ਇਲਾਜ ਦੱਸਿਆ ਕਿ ਇਸ ਨੂੰ ਵਿਸ਼ੇਸ਼ ਕਿਸਮ ਦੀ ਹਰੀੜ ਦਿੱਤੀ ਜਾਏ। ਸਾਰਿਆਂ ਪਾਸੇ ਢੂੰਡ ਭਾਲ ਕੀਤੀ ਗਈ ਪਰ ਇਹ ਹਰੜ ਪ੍ਰਾਪਤ ਨਾ ਹੋਈ। ਆਖਿਰ ਕਿਸੇ ਨੇ ਦੱਸ ਪਾਈ ਕਿ ਗੁਰੂ ਹਰਿ ਰਾਏ ਸਾਹਿਬ ਕੋਲ ਕੀਰਤਪੁਰ ਸਾਹਿਬ ਵਿਖੇ ਦਵਾਈਆਂ ਦਾ ਅਮੁੱਲ ਖ਼ਜ਼ਾਨਾ ਹੈ। ਇੱਥੇ ਪਹੁੰਚ ਕੀਤੀ ਗਈ। ਇਹ ਵਿਸ਼ੇਸ਼ ਹਰੀੜ ਮੌਜੂਦ ਸੀ। ਗੁਰੂ ਪਾਤਸ਼ਾਹ ਨੇ ਹਰੀੜ ਦੇ ਨਾਲ-ਨਾਲ ਇਕ ਮੋਤੀ ਵੀ ਭੇਜਿਆ ਕਿ ਉਸਨੂੰ ਪੀਸ ਕੇ ਦਵਾਈ ਦੇ ਤੌਰ ਤੇ ਵਰਤਿਆ ਜਾਏ। ਦਾਰਾ ਠੀਕ ਹੋ ਕੇ ਗੁਰੂ ਜੀ ਦੇ ਦਰਸ਼ਨਾਂ ਨੂੰ ਆਇਆ ਤੇ ਉਸ ਨੇ ਕਈ ਵਿਚਾਰਾਂ ਸਾਂਝੀਆਂ ਕੀਤੀਆਂ।

**ਤਖ਼ਤ ਨਸ਼ੀਨੀ ਦੇ ਜੰਗ ਤੇ ਦਾਰਾ ਦੀ ਮੱਦਦ :** ਦਸੰਬਰ 1657 ਈਸਵੀ ਵਿੱਚ ਸ਼ਾਹ ਜਹਾਨ ਸਖ਼ਤ ਬੀਮਾਰ ਹੋ ਗਿਆ। ਉਸ ਦੀ ਬੀਮਾਰੀ ਨੂੰ ਨਾ ਠੀਕ ਹੋਣ ਵਾਲੀ ਸਮਝ ਕੇ ਸ਼ਾਹ ਜਹਾਨ ਦੇ ਪੁੱਤਰਾਂ ਦਾਰਾ, ਸ਼ੁਜ਼ਾਹ, ਔਰੰਗਜ਼ੇਬ ਤੇ ਮੁਰਾਦ ਨੇ ਆਪਣਾ-ਆਪਣਾ ਹੱਕ ਜਤਾਣਾ ਸ਼ੁਰੂ ਕੀਤਾ। ਮੁਰਾਦ ਅਤੇ ਔਰੰਗਜ਼ੇਬ ਨੇ ਰਲ ਕੇ ਆਗਰੇ ਵੱਲ ਚੜ੍ਹਾਈ ਕੀਤੀ। ਧਰਮਕੋਟ ਅਤੇ ਸ਼ਾਮੂਗੜ੍ਹ ਦੇ ਅਸਥਾਨ ਉੱਤੇ ਦਾਰਾ ਨੂੰ ਤਕੜੀ ਹਾਰ ਹੋਈ। ਉਹ ਆਪਣੇ ਬੱਚਿਆਂ ਸਮੇਤ ਪੰਜਾਬ ਵੱਲ ਜੂਨ 1658 ਈ: ਨੂੰ ਭੱਜ ਉੱਠਿਆ। ਪੰਜਾਬ ਵਿਚ ਸ੍ਰੀ ਗੁਰੂ ਹਰਿ ਰਾਇ ਸਾਹਿਬ ਨਾਲ ਜਾਣ ਪਹਿਚਾਣ ਹੋਣ ਕਰਕੇ ਪਹਿਲਾਂ ਕੀਰਤਪੁਰ ਗਿਆ। ਉਥੇ ਗੁਰੂ ਜੀ ਕੋਲੋਂ ਮੱਦਦ ਮੰਗੀ ਕਿ ਉਸ ਨੂੰ ਔਰਗੰਜ਼ੇਬ ਕੋਲੋਂ ਬਚਾਇਆ ਜਾਵੇ। ਚੌਧਰੀ ਲੰਘਾਹ ਦੇ ਪੁੱਤਰ ਸਕੰਦਰ ਨੂੰ ਗੁਰੂ ਮਹਾਰਾਜ



Scanned with CamScanner

ਨੇ ਆਪਣੀ ਫ਼ੌਜ ਦੇ ਕੇ ਦਾਰਾ ਨੂੰ ਬਿਆਸ ਪਾਰ ਕਰਾਇਆ।

**ਔਰੰਗਜ਼ੇਬ ਦੇ ਕੰਨ ਭਰਨੇ :** ਕੁਝ ਦੋਖੀਆਂ ਨੇ ਔਰੰਗਜ਼ੇਬ ਦੇ ਕੰਨ ਭਰੇ ਕਿ ਗੁਰੂ ਜੀ ਨੇ ਦਾਰਾ ਦੀ ਮੱਦਦ ਕੀਤੀ ਹੈ। ਨਾਲੇ ਜੋ ਇਨ੍ਹਾਂ ਨੇ ਧਰਮ ਗਰੰਥ ਰਚਿਆ ਹੈ ਉਸ ਵਿਚ ਮੁਸਲਮਾਨਾਂ ਤੇ ਇਸਲਾਮ ਵਿਰੁੱਧ ਲਿਖਿਆ ਹੈ। ਔਰੰਗਜ਼ੇਬ ਨੇ ਸਫਾਈ ਲਈ ਗੁਰੂ ਹਰਿ ਰਾਇ ਸਾਹਿਬ ਨੂੰ ਦਿੱਲੀ ਸੱਦ ਘੱਲਿਆ। ਗੁਰੂ ਹਰਿ ਰਾਇ ਸਾਹਿਬ ਜੀ ਔਰੰਗਜ਼ੇਬ ਦੀਆਂ ਫਰੇਬੀ-ਚਾਲਾਂ ਨੂੰ ਸਮਝਦੇ ਸਨ। ਉਨ੍ਹਾਂ ਆਪਣੇ ਵੱਡੇ ਪੁੱਤਰ ਬਾਬਾ ਰਾਮ ਰਾਇ ਜੀ ਨੂੰ ਦਿੱਲੀ ਭੇਜਿਆ।

**ਰਾਮਰਾਇ ਦਾ ਕਰਾਮਾਤਾਂ ਦਿਖਾਉਣਾ ਤੇ ਗੁਰਬਾਣੀ ਦੀ ਪੰਕਤੀ ਬਦਲਨੀ :** ਰਾਮਰਾਇ ਜੀ ਪਾਸੋਂ ਦਿੱਲੀ ਵਿਖੇ ਔਰੰਗਜ਼ੇਬ ਨੇ ਆਪਣੇ ਸਵਾਲਾਂ ਦਾ ਢੁੱਕਵੇਂ ਜਵਾਬ ਸੁਣ ਕੇ ਤਸੱਲੀ ਪ੍ਰਗਟਾਈ ਪਰ ਇਸ ਤੇ ਰਾਮਰਾਇ ਜੀ ਹੰਕਾਰ ਵਿਚ ਆ ਗਏ। ਔਰੰਗਜ਼ੇਬ ਨੇ ਕਰਾਮਾਤ ਦਿਖਾਉਣ ਲਈ ਆਖਿਆ। ਰਾਮਰਾਇ ਜੀ ਨੇ ਕਰਾਮਾਤਾਂ ਦਿਖਾਉਣੀਆਂ ਸ਼ੁਰੂ ਕਰ ਦਿੱਤੀਆਂ। ਔਰੰਗਜ਼ੇਬ ਨੇ ਰਾਮਰਾਇ ਕੋਲੋਂ 'ਮਿੱਟੀ ਮੁਸਲਮਾਨ ਕੀ ਪੇੜੇ ਪਈ ਕੁਮਿਆਰ' ਦੇ ਅਰਥ ਪੁੱਛੇ। ਰਾਮਰਾਇ ਜੀ ਡਰ ਗਏ। ਦਿੱਲੀ ਵਿਖੇ ਛੋਟੀ-ਛੋਟੀ ਗੱਲੋਂ ਸਿਰ ਲੱਥਦੇ ਤੇ ਤਸੀਹੇ ਮਿਲਦੇ ਉਹ ਦੇਖ ਰਹੇ ਸਨ। ਭੈ-ਭੀਤ ਹੋਏ, ਇੱਕਦਮ ਬੋਲ ਉਠੇ ਕਿ ਇਹ ਤੁਕ ਗ਼ਲਤ ਪੜ੍ਹੀ ਤੇ ਲਿਖੀ ਗਈ ਹੈ। ਅਸਲ 'ਮਿੱਟੀ ਬੇਈਮਾਨ ਕੀ ਪੇੜੇ ਪਈ ਕੁਮ੍ਹਿਆਰ' ਹੈ। ਔਰੰਗਜ਼ੇਬ ਦੀ ਤਸੱਲੀ ਹੋ ਗਈ। ਗੁਰੂ ਹਰਿ ਰਾਇ ਸਾਹਿਬ ਜੀ ਨੂੰ ਜਦ ਉਪਰਲੀਆਂ ਘਟਨਾਵਾਂ ਦਾ ਪਤਾ ਲੱਗਾ ਤਾਂ ਆਪ ਜੀ ਨੇ ਉਸ ਨੂੰ ਛੋਟੀ ਮੱਤ ਵਾਲਾ ਕਿਹਾ ਅਤੇ ਬਚਨ ਕੀਤਾ ਕਿ ਉਸ ਨੇ ਬਾਣੀ ਦਾ ਨਿਰਾਦਰ ਕੀਤਾ ਹੈ ਉਹ ਹੁਣ ਸਾਡੇ ਮੱਥੇ ਨਾ ਲੱਗੇ। ਇਹ ਵੀ ਲਿਖ ਭੇਜਿਆ ਕਿ ਉਹ ਕੀਰਤਪੁਰ ਨਾ ਆਏ।

**ਗੁਰਗੱਦੀ ਛੋਟੇ ਸਪੁੱਤਰ ਨੂੰ ਬਖ਼ਸ਼ੀ :** ਬਾਬਾ ਰਾਮ ਰਾਇ ਜੀ ਨੂੰ ਗੁਰਗੱਦੀ ਦੇ ਯੋਗ ਨਾ ਜਾਣ ਕੇ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਨੇ ਗੁਰ-ਗੱਦੀ ਆਪਣੇ ਛੋਟੇ ਸਪੁੱਤਰ (ਗੁਰੂ) ਹਰਿ ਕ੍ਰਿਸ਼ਨ ਨੂੰ ਦੇਣ ਦਾ ਫੈਸਲਾ ਕਰ ਲਿਆ। ਗੁਰੂ ਹਰਿ ਕ੍ਰਿਸ਼ਨ ਜੀ ਦੀ ਵਿਦਿਆ ਦਾ ਖ਼ਾਸ ਪ੍ਰਬੰਧ ਕਰ ਦਿੱਤਾ ਅਤੇ ਗੁਰ-ਗੱਦੀ ਦੇ ਯੋਗ ਜਾਣ ਕੇ ਅਕਤੂਬਰ, 1661 ਈਸਵੀ ਵਿਚ ਗੱਦੀ ਦੀ ਜ਼ਿੰਮੇਵਾਰੀ ਦੇ ਦਿੱਤੀ।

**ਜੋਤੀ ਜੋਤ ਸਮਾਉਣਾ :** ਥੋੜ੍ਹੇ ਹੀ ਦਿਨਾਂ ਉਪਰੰਤ 6 ਅਕਤੂਬਰ, ਸੰਨ 1661 ਨੂੰ ਗੁਰੂ ਹਰਿ ਰਾਇ ਸਾਹਿਬ ਜੀ 31 ਸਾਲ ਦੀ ਉਮਰ ਵਿਚ ਜੋਤੀ ਜੋਤ ਸਮਾ ਗਏ। ਆਪ ਜੀ ਨੇ ਸਤਾਰਾਂ ਸਾਲ ਗੁਰ-ਜ਼ਿੰਮੇਵਾਰੀ ਨੂੰ ਸੰਭਾਲੀ ਰੱਖਿਆ ਤੇ



Scanned with CamScanner

ਸਿੱਖ ਧਰਮ ਦੀਆਂ ਜੜ੍ਹਾਂ ਨੂੰ ਹੋਰ ਮਜ਼ਬੂਤ ਕੀਤਾ। ਲੰਗਰ ਵਰਤਾਉਣ ਵੇਲੇ ਨਗਾਰਾ, ਖੜ੍ਹੇ ਹੋ ਕੇ ਅਰਦਾਸ ਕਰਨ ਦਾ ਵਿਧਾਨ, ਗੁਰਬਾਣੀ ਦਾ ਅਥਾਹ ਅਦਬ, ਪ੍ਰਚਾਰ ਲਈ ਉਚੇਚੇ ਉੱਦਮ, ਪੰਥਕ ਬੇੜੇ ਨੂੰ ਆਉਣ ਵਾਲੇ ਖਤਰਿਆ ਤੋਂ ਸੁਚੇਤ ਕਰਨਾ, ਦਿੱਲੀ ਨਾਲ ਪੰਥ ਦੇ ਸੰਬੰਧਾਂ ਬਾਰੇ ਹੁਕਮ, ਖੁਸ਼ਾਮਦੀਆਂ ਨੂੰ ਦੁਰਕਾਰ ਭਾਵੇਂ ਉਹ ਪੁੱਤਰ ਹੀ ਹੋਵੇ ਆਦਿ ਅਨੇਕਾਂ ਵਿਚੋਂ ਕੁਝ ਕੁ ਮਹੱਤਵਪੂਰਨ ਕੌਤਕ ਹਨ।

## ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ (1656-1664 ਈ:)

**ਜਨਮ :** ਆਪ ਜੀ ਦਾ ਜਨਮ 7 ਜੁਲਾਈ, ਸੰਨ 1656 ਈ: ਨੂੰ ਕੀਰਤਪੁਰ ਸਾਹਿਬ ਵਿਖੇ ਪਿਤਾ ਸ੍ਰੀ ਗੁਰੂ ਹਰਿ ਰਾਏ ਸਾਹਿਬ ਜੀ ਅਤੇ ਮਾਤਾ ਕ੍ਰਿਸ਼ਨ ਕੌਰ ਜੀ ਦੇ ਗ੍ਰਹਿ ਵਿਖੇ ਹੋਇਆ। ਆਪ ਜੀ ਦੀਆਂ ਬਾਲਪਣ ਤੋਂ ਹੀ ਧਾਰਮਕ ਰੁਚੀਆਂ ਸਨ। ਭਾਵੇਂ ਉਹਨਾਂ ਦੇ ਵੱਡੇ ਭਰਾ ਰਾਮ ਰਾਇ ਗੁਰ-ਗੱਦੀ ਦੀ ਆਸ ਲਗਾਈ ਬੈਠੇ ਸਨ ਪਰ ਗੁਰੂ ਹਰਿ ਰਾਇ ਸਾਹਿਬ ਜੀ ਦੀ ਪਾਰਖੂ ਅੱਖ ਨੇ ਦੋਵਾਂ ਪੁੱਤਰਾਂ ਵਿਚ ਫ਼ਰਕ ਦੇਖ ਲਿਆ ਸੀ।

**ਗੁਰੂ ਕਾਲ :** ਆਪ ਜੀ ਬਹੁਤ ਬਾਲ ਉਮਰ (ਸਵਾ ਪੰਜ ਸਾਲ) ਵਿਚ, 6 ਅਕਤੂਬਰ, ਸੰਨ 1661 ਈ: ਨੂੰ ਗੁਰਗੱਦੀ ਤੇ ਬੈਠੇ। ਉਨ੍ਹਾਂ ਦੀ ਛੋਟੀ ਆਯੂ ਦਾ ਫਾਇਦਾ ਉਠਾਉਂਦੇ ਹੋਏ ਰਾਮ ਰਾਇ ਨੇ ਆਪਣੇ ਆਪ ਨੂੰ ਗੁਰੂ ਪ੍ਰਗਟ ਕਰ ਦਿੱਤਾ। ਕਈ ਮਸੰਦ ਉਸ ਨੇ ਆਪਣੇ ਪਾਸੇ ਕਰ ਲਏ।

**ਔਰੰਗਜ਼ੇਬ ਨਾਲ ਮਿਲ ਕੇ ਰਾਮ ਰਾਇ ਦੀ ਸਾਜ਼ਿਸ਼ :** ਜਦ ਰਾਮ ਰਾਇ ਮਸੰਦਾਂ ਦੇ ਜ਼ੋਰ ਨਾਲ ਗੁਰਗੱਦੀ ਪ੍ਰਾਪਤ ਕਰਨ ਵਿਚ ਕਾਮਯਾਬ ਨਾ ਹੋ ਸਕੇ ਤਾਂ ਬਾਦਸ਼ਾਹ ਦੀ ਮਦਦ ਮੰਗੀ। ਬਾਦਸ਼ਾਹ ਨੇ ਇਹ ਫਰਯਾਦ ਮੰਨ ਕੇ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਨੂੰ ਦਿੱਲੀ ਪਧਾਰਨ ਲਈ ਸੱਦਾ ਘੱਲਿਆ।

**ਗੁਰੂ ਹਰਿ ਕ੍ਰਿਸ਼ਨ ਜੀ ਦਾ ਦਿੱਲੀ ਜਾਣ ਤੋਂ ਇਨਕਾਰ :** ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਨੇ ਜੋਤੀ ਜੋਤ ਸਮਾਉਣ ਵੇਲੇ, ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਨੂੰ ਔਰੰਗਜ਼ੇਬ ਦੇ ਮੱਥੇ ਨਾ ਲੱਗਣ ਦਾ ਹੁਕਮ ਕੀਤਾ ਸੀ। ਉਨ੍ਹਾਂ ਇਹ ਵੀ ਕਿਹਾ ਸੀ ਕਿ ਕਿਸੇ ਦੀਆਂ ਧਮਕੀਆਂ ਹੇਠ ਨਹੀਂ ਆਉਣਾ। ਆਪ ਨੇ ਪਿਤਾ ਗੁਰੂ ਜੀ ਦੇ ਹੁਕਮਾਂ ਨੂੰ ਮੰਨਦੇ ਹੋਏ ਅਤੇ ਸਿੱਖੀ ਦੀ ਅਣਖ ਅਤੇ ਆਭਾ ਨੂੰ ਉੱਚਾ ਰੱਖਣ ਲਈ ਦਿੱਲੀ ਦੇ ਰਾਜ ਦਰਬਾਰ ਵਿਚ ਜਾਣ ਤੋਂ ਇਨਕਾਰ ਕਰ ਦਿੱਤਾ। ਆਖ਼ਿਰ ਮਿਰਜ਼ਾ ਰਾਜਾ ਜੈ ਸਿੰਘ ਨੇ ਵਿਉਂਤ ਕੱਢਦਿਆਂ ਗੁਰੂ ਹਰਿ



Scanned with CamScanner

ਕ੍ਰਿਸ਼ਨ ਸਾਹਿਬ ਜੀ ਨੂੰ ਬੇਨਤੀ ਕੀਤੀ ਕਿ ਉਹ ਔਰੰਗਜ਼ੇਬ ਨੂੰ ਨਾ ਮਿਲਣ ਪਰ ਦਿੱਲੀ ਜ਼ਰੂਰ ਆਉਣ। ਔਰੰਗਜ਼ੇਬ ਦੇ ਦਰਬਾਰ ਵਿਚ ਨਾ ਜਾਣ। ਸਤਿਗੁਰੂ ਜੀ, ਰਾਜਾ ਜੈ ਸਿੰਘ ਦੇ 'ਬੰਗਲੇ' ਵਿਚ ਠਹਿਰਨ ਦੀ ਕ੍ਰਿਪਾਲਤਾ ਕਰਨ। ਉਧਰ ਮਿਰਜ਼ਾ ਰਾਜਾ ਜੈ ਸਿੰਘ ਨੇ ਔਰੰਗਜ਼ੇਬ ਨੂੰ ਵੀ ਮੰਨਵਾ ਲਿਆ ਸੀ ਕਿ ਉਹ ਰਾਮ ਰਾਇ ਦੀ ਰੈ ਰਿਆਇਤ ਨਹੀਂ ਕਰੇਗਾ। ਰਾਜਾ ਜੈ ਸਿੰਘ ਨੇ ਆਪਣਾ ਦੀਵਾਨ ਪਰਸ ਰਾਮ ਨੂੰ ਭੇਜਿਆ ਕਿ ਆਦਰ ਨਾਲ ਗੁਰੂ ਜੀ ਨੂੰ ਦਿੱਲੀ ਲਿਆਂਦਾ ਜਾਏ। ਗੁਰੂ ਜੀ ਨੇ ਮਿਰਜ਼ਾ ਰਾਜਾ ਜੈ ਸਿੰਘ ਦੀ ਬੇਨਤੀ ਪ੍ਰਵਾਨ ਕਰਦਿਆਂ ਉਸਦੇ ਘਰ ਹੀ ਠਹਿਰਨਾ ਮੰਨ ਲਿਆ।

ਦਿੱਲੀ ਵੱਲ : ਜਦ ਸਿੱਖਾਂ ਨੇ ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਦਾ ਦਿੱਲੀ ਵੱਲ ਜਾਣਾ ਸੁਣਿਆਂ ਤਾਂ ਹਜ਼ਾਰਾਂ ਸਿੱਖ ਆਪਣਾ ਕੰਮ ਕਾਜ ਛੱਡ ਕੇ ਦਿੱਲੀ ਵੱਲ ਚੱਲ ਪਏ। ਉਨ੍ਹਾਂ ਨੇ ਸਿਰਫ ਕੁਝ ਚੋਣਵੇਂ ਸਿੱਖ ਨਾਲ ਰੱਖੇ। ਇਤਿਹਾਸ ਵਿਚ ਉਨ੍ਹਾਂ ਦੇ ਪਾਵਨ ਨਾਂ ਭਾਈ ਦਰਗਾਹ ਮੱਲ, ਭਾਈ ਮਤੀ ਦਾਸ, ਭਾਈ ਦਯਾਲਾ, ਭਾਈ ਗੁਰਦਿੱਤਾ, ਭਾਈ ਸਤੀ ਦਾਸ ਅਤੇ ਮਸੰਦ ਗੁਰਬਖ਼ਸ਼ ਮੱਲ ਕਰ ਕੇ ਲਿਖੇ ਹਨ। ਮਾਤਾ ਜੀ ਨੂੰ ਵੀ ਉਨ੍ਹਾਂ ਨਾਲ ਟੁਰਨ ਲਈ ਕਿਹਾ।

ਪੰਡਤ ਦਾ ਹੰਕਾਰ ਤੋੜਨਾ : ਕੀਰਤਪੁਰ ਸਾਹਿਬ ਤੋਂ ਦਿੱਲੀ ਨੂੰ ਜਾਂਦੇ ਸਮੇਂ, ਰਸਤੇ ਵਿਚ ਅੰਬਾਲੇ ਦੇ ਲਾਗੇ ਪੰਜੋਖਰਾ ਪਿੰਡ ਵਸਦਾ ਹੈ। ਇੱਥੇ ਲਾਲ ਚੰਦ ਨਾਮ ਦੇ ਪੰਡਿਤ ਨੂੰ ਆਪਣੀ ਵਿਦਵਤਾ ਤੇ ਹੰਕਾਰ ਸੀ। ਉਹ ਗੁਰੂ ਸਾਹਿਬ ਜੀ ਦੀ ਇਤਨੀ ਛੋਟੀ ਉਮਰ ਵਿਚ ਇਤਨੀ ਵੱਡੀ ਜ਼ਿੰਮੇਵਾਰੀ ਨੂੰ ਸਫਲਤਾ ਨਾਲ ਨਿਭਾਹੁਣ ਲਈ ਸੜਦਾ ਸੀ। ਗੁਰੂ ਜੀ ਨੇ ਛੱਜੂ ਨਾਮ ਦੇ ਇੱਕ ਮੂਰਖ ਝੀਵਰ ਦੇ ਸਿਰ ਤੇ ਆਪਣੀ ਸੋਟੀ ਰੱਖ ਕੇ ਉਸ ਪਾਸੋਂ ਗੀਤਾ ਦੇ ਸਲੋਕਾਂ ਦੇ ਅਰਥ ਕਰਵਾ ਕੇ ਉਸ ਪੰਡਤ ਨੂੰ ਸਿੱਧੇ ਰਾਹੇ ਪਾਇਆ ਅਤੇ ਹੰਕਾਰ ਤੋੜਿਆ। ਇਹ ਪੰਡਿਤ ਲਾਲ ਚੰਦ ਗੁਰੂ ਦਾ ਸਿੱਖ ਬਣਿਆ। ਭਾਈ ਨੰਦ ਲਾਲ ਜੀ ਨੇ ਠੀਕ ਲਿਖਿਆ ਹੈ ਕਿ ਗੁਰੂ ਹਰਿ ਕ੍ਰਿਸ਼ਨ ਸਾਹਿਬ ਦੀ ਰਹਿਮਤ ਮੇਹਰ ਕਰ ਕੇ ਹਰ ਕਿਣਕੇ ਵਿਚ ਸੂਰਜ ਦੀ ਚਮਕ ਆ ਜਾਂਦੀ ਹੈ।

ਜੋਤ ਓਹਾ ਹੈ : ਇਹ ਪਰਖਣ ਲਈ ਕਿ ਗੁਰੂ ਨਾਨਕ ਦੀ ਗੱਦੀ ਉੱਤੇ ਬੈਠਣ ਵਾਲੀ ਜੋਤ ਦਾ ਸਰੂਪ ਓਹ ਹੀ ਹੈ ਜਾਂ ਨਹੀਂ, ਮਿਰਜ਼ਾ ਰਾਜਾ ਜੈ ਸਿੰਘ ਨੇ ਇਕ ਪਰਚਾ ਜਿਹਾ ਗੁਰੂ ਸਾਹਮਣੇ ਪਾ ਦਿੱਤਾ। ਜੈ ਸਿੰਘ ਦੇ ਘਰ ਰਾਣੀਆਂ ਤੇ ਗੋਲੀਆਂ ਸਨ। ਸਾਰੀਆਂ ਦਾ ਲਿਬਾਸ ਤੇ ਬੰਨ੍ਹਣੀ ਇਕੋ ਜਿਹੀ ਹੀ ਸੀ। ਗੁਰੂ ਜੀ ਨੇ ਆਪਣੀ ਛੜੀ ਦੇ ਇਸ਼ਾਰੇ ਨਾਲ 'ਪਟਰਾਣੀ' ਨੂੰ ਵੱਖ ਕਰਕੇ ਦੱਸਿਆ। ਔਰੰਗਜ਼ੇਬ ਤਕ ਵੀ ਗੁਰੂ ਜੀ ਦੀ ਅਜ਼ਮਤ ਦੀਆਂ ਗੱਲਾਂ ਪੁੱਜੀਆਂ। ਉਸ ਨੇ



Scanned with CamScanner

ਰਾਮ ਰਾਇ ਦੇ ਪੱਖ ਨੂੰ ਝੂਠਾ ਕਹਿ ਕੇ ਰੱਦ ਕਰ ਦਿੱਤਾ। ਫ਼ਾਰਸਟਰ ਅਤੇ ਮੈਲਕਮ ਵਿਦਵਾਨਾਂ ਦਾ ਕਹਿਣਾ ਹੈ ਕਿ ਔਰੰਗਜ਼ੇਬ ਨੇ ਦਖ਼ਲ ਦੇਣਾ ਬੰਦ ਕਰ ਦਿੱਤਾ। ਉਸਨੇ ਰਾਮ ਰਾਇ ਨੂੰ ਸੱਤ ਪਿੰਡ ਖੁਰਵੜ੍ਹਾ, ਧਮਵਾਲ, ਚਮਾਧਰੀ, ਦਰਤਨਾਵਲੀ, ਪੰਡਿਤਵਾੜੀ, ਮਿਆਵਲ ਤੇ ਰਾਜਪੁਰਾ ਜਾਗੀਰ ਵਜੋਂ ਦੇ ਦਿੱਤੇ। ਇਥੇ ਹੀ ਪਿਛੋਂ ਡੇਹਰਾਦੂਨ ਵੱਸਿਆ। ਰਾਮ ਰਾਇ ਆਪਣੀ ਦਾਲ ਗਲਦੀ ਨਾ ਦੇਖ ਕੇ ਆਪਣੀ ਜਗੀਰ ਦੇ ਪਿੰਡਾਂ ਵੱਲ ਚਲਾ ਗਿਆ ਤੇ ਆਪਣੀ ਵੱਖ ਸੰਪ੍ਰਦਾਇ ਬਣਾ ਕੇ ਬੈਠ ਗਿਆ।

ਦਿੱਲੀ ਵਿਚ ਪ੍ਰਚਾਰ : ਕੁਝ ਸਮਾਂ ਗੁਰੂ ਜੀ ਦਿੱਲੀ ਵਿਚ ਧਰਮ-ਪ੍ਰਚਾਰ ਦੇ ਕੰਮ ਨੂੰ ਦੇਖਦੇ ਰਹੇ। ਰੋਜ਼ ਦੀਵਾਨ ਹੁੰਦੇ ਤਾਂ ਸੰਗਤਾਂ ਬਾਲ-ਗੁਰੂ ਦੇ ਦਰਸ਼ਨ ਕਰਕੇ ਮੁੜਦੀਆਂ। ਇਸ ਪ੍ਰਚਾਰ ਸਦਕਾ ਸਿੱਖੀ ਦੀ ਮਹਿਮਾ ਦਿੱਲੀ ਦੀਆਂ ਨੁੱਕਰਾਂ ਤੱਕ ਪਹੁੰਚ ਗਈ। ਜੋ ਕੁਝ ਵੀ ਗੁਰੂ ਜੀ ਨੂੰ ਭੇਟਾ ਵਜੋਂ ਆਉਂਦਾ, ਆਪ ਜੀ ਲੋੜਵੰਦਾਂ ਵਿਚ ਵੰਡ ਦਿੰਦੇ।

ਚੇਚਕ ਪੀੜਤਾਂ ਦੀ ਸੇਵਾ : ਜਦੋਂ ਗੁਰੂ ਜੀ ਦਿੱਲੀ ਵਿਖੇ ਪਹੁੰਚੇ, ਉਥੇ ਚੇਚਕ ਦੀ ਬੀਮਾਰੀ ਫੈਲੀ ਹੋਈ ਸੀ। ਲੋਕੀਂ ਬੀਮਾਰੀ ਕਾਰਨ ਮਰ ਰਹੇ ਸਨ। ਚਾਰੇ ਪਾਸੇ ਹਾਹਾਕਾਰ ਮਚੀ ਹੋਈ ਸੀ। ਆਪ ਜੀ ਆਪਣੀ ਪਰਵਾਹ ਨਾ ਕਰਦੇ ਹੋਏ ਪੀੜਤਾਂ ਦੀ ਹੱਥੀਂ ਸੇਵਾ ਕਰਨ ਲਈ ਜੁੱਟ ਗਏ ਅਤੇ ਦੁਖੀ ਲੋਕਾਂ ਦੀਆਂ ਪੀੜਾਂ ਦੂਰ ਕਰਨ ਲਈ ਮੁਹੱਲਿਆਂ ਤੇ ਘਰਾਂ ਵਿਚ ਵੀ ਜਾਂਦੇ। ਆਪ ਜੀ ਨੂੰ ਵੀ ਸੇਵਾ ਕਰਦਿਆਂ ਚੇਚਕ ਦੀ ਬੀਮਾਰੀ ਨੇ ਘੇਰ ਲਿਆ।

ਔਰੰਗਜ਼ੇਬ ਨੂੰ ਖਰੀਆਂ-ਖਰੀਆਂ : ਜਦ ਸਾਰਾ ਝਗੜਾ ਨਿੱਬੜ ਗਿਆ ਤਾਂ ਔਰੰਗਜ਼ੇਬ ਨੇ ਖਾਹਿਸ਼ ਪ੍ਰਗਟ ਕੀਤੀ ਕਿ ਹੁਣ ਤਾਂ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਦਰਸ਼ਨ ਦੇਣ। ਬੰਸਾਵਲੀਨਾਮੇ ਵਿਚ ਇਹ ਵੀ ਜ਼ਿਕਰ ਕੀਤਾ ਹੈ ਕਿ ਔਰੰਗਜ਼ੇਬ ਨੇ ਦਰਸ਼ਨਾਂ ਲਈ ਤਰਲੇ ਕੀਤੇ। ਅੱਧੀ ਘੜੀ ਔਰੰਗਜ਼ੇਬ ਬੰਗਲਾ ਸਾਹਿਬ ਸਾਹਮਣੇ ਖੜ੍ਹਾ ਰਿਹਾ। ਉਹ ਇਹ ਕਹੇ ਕਿ ਮੈਂ ਆਜ਼ਿਜ਼ ਹੋਇ ਆਇਆਂ ਹਾਂ ਪਰ ਮਹਾਰਾਜ ਨੇ ਪਿਤਾ ਗੁਰੂ ਸ੍ਰੀ ਗੁਰੂ ਹਰਿ ਰਾਏ ਸਾਹਿਬ ਜੀ ਦੇ ਹੁਕਮਾਂ ਵਿਚ ਰਹਿੰਦੇ ਹੋਏ, ਫਿਰ ਵੀ ਦਰਸ਼ਨ ਨਾ ਦਿੱਤੇ।

ਜੋਤੀ ਜੋਤ ਸਮਾਏ : ਆਪ ਕਈਆਂ ਦਿਨਾਂ ਤੋਂ ਬਿਮਾਰੀ ਦੇ ਹਮਲੇ ਥੱਲੇ ਸਨ। ਆਪ ਨੇ ਆਖ਼ਿਰ ਵਿਚ ਦੋ ਸ਼ਬਦ "ਬਾਬਾ...ਬਕਾਲੇ" ਕਹਿ ਕੇ ਸਿਰ ਨਿਵਾਇਆ ਅਤੇ ਨਾਰੀਅਲ ਬਾਬਾ ਬੁੱਢਾ ਜੀ ਦੇ ਪੋਤਰੇ ਭਾਈ ਗੁਰਦਿੱਤਾ ਜੀ ਦੇ ਹੱਥ ਰੱਖ ਦਿੱਤਾ ਅਤੇ 30 ਮਾਰਚ, ਸੰਨ 1664 ਈ: ਨੂੰ ਦਿੱਲੀ ਵਿਖੇ ਜੋਤੀ ਜੋਤ ਸਮਾ ਗਏ। ਆਪ ਜੀ ਨੇ ਬਾਬਾ ਬਕਾਲਾ ਸ਼ਬਦ ਰਾਹੀਂ ਸੰਗਤਾਂ ਨੂੰ ਇਹ



Scanned with CamScanner

ਸੰਕੇਤ ਕਰ ਦਿੱਤਾ ਕਿ ਗੁਰਤਾ ਗੱਦੀ ਦੇ ਮਾਲਕ ਬਕਾਲੇ ਬੈਠੇ ਬਾਬਾ ਜੀ ਹਨ। ਯਾਦ ਰਹੇ ਗੁਰੂ ਸਾਹਿਬ ਜੀ ਦਾ ਇਹ ਸੰਕੇਤ ਗੁਰੂ ਤੇਗ ਬਹਾਦਰ ਸਾਹਿਬ ਬਾਰੇ ਸੀ।

## ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ (1621-1675 ਈ:)

ਜਨਮ : ਆਪ ਜੀ ਦਾ ਜਨਮ 1 ਅਪ੍ਰੈਲ, ਸੰਨ 1621 ਈ: ਨੂੰ ਸ੍ਰੀ ਅੰਮ੍ਰਿਤਸਰ ਸਾਹਿਬ (ਗੁਰੂ ਕੇ ਮਹਿਲ) ਵਿਖੇ ਹੋਇਆ। ਆਪ ਜੀ ਦੇ ਪਿਤਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਅਤੇ ਮਾਤਾ ਨਾਨਕੀ ਜੀ ਸਨ। ਆਪ ਜੀ ਦੀ ਸੁਪਤਨੀ ਦਾ ਨਾਮ ਮਾਤਾ ਗੁਜਰੀ ਜੀ ਸੀ। ਆਪ ਜੀ ਦੇ ਘਰ ਇੱਕ ਸਪੁੱਤਰ ਸ੍ਰੀ (ਗੁਰੂ) ਗੋਬਿੰਦ ਸਿੰਘ ਜੀ ਨੇ ਜਨਮ ਲਿਆ।

ਬਚਪਨ : ਛੋਟੀ ਉਮਰ ਵਿਚ ਰੁਚੀ ਜੰਗੀ ਅਤੇ ਖੇਡਣ ਦੀ ਸੀ। ਆਪ ਜੀ ਨੂੰ ਸ਼ਸ਼ਤਰ ਵਿੱਦਿਆ ਸਿਖਾਈ ਗਈ। ਆਪ ਜੀ ਗੁਰੂ ਹਰਿਗੋਬਿੰਦ ਸਾਹਿਬ ਜੀ ਨਾਲ ਕਈ ਵਾਰੀ ਸ਼ਿਕਾਰ ਖੇਡਣ ਵੀ ਗਏ। ਆਪ ਜੀ ਕਿਸੇ ਨੂੰ ਦੁਖੀ ਨਹੀਂ ਦੇਖ ਸਕਦੇ ਸਨ। ਇਕ ਵਾਰੀ ਪੁਸ਼ਾਕ ਹੀ ਇਕ ਗ਼ਰੀਬ ਬੱਚੇ ਨੂੰ ਦੇ ਆਏ ਸਨ। ਮਾਤਾ ਜੀ ਦੇ ਪੁੱਛਣ ਤੇ ਆਪ ਨੇ ਕਿਹਾ ਕਿ ਮੈਨੂੰ ਹੋਰ ਪੁਸ਼ਾਕ ਮਿਲ ਜਾਵੇਗੀ ਪਰ ਉਸ ਨੂੰ ਤਾਂ ਕਿਸੇ ਨੇ ਨਹੀਂ ਦੇਣੀ।

ਮਾਤਾ ਗੁਜਰੀ ਜੀ ਨਾਲ ਸ਼ਾਦੀ : 13 ਸਾਲ ਦੀ ਉਮਰ ਵਿਚ ਆਪ ਜੀ ਦੀ ਸ਼ਾਦੀ ਭਾਈ ਲਾਲ ਚੰਦ ਕਰਤਾਰਪੁਰ (ਜਲੰਧਰ) ਦੀ ਪੁੱਤਰੀ (ਮਾਤਾ) ਗੁਜਰੀ ਜੀ ਨਾਲ ਹੋਈ।

(ਬਾਬਾ) ਬਕਾਲੇ ਡੇਰਾ ਕੀਤਾ : ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਆਪ ਜੀ ਨੇ ਮਾਤਾ ਨਾਨਕੀ ਜੀ ਤੇ ਧਰਮ ਪਤਨੀ ਗੁਜਰੀ ਜੀ ਸਮੇਤ ਆਪਣੇ ਨਾਨਕੇ ਪਿੰਡ ਬਾਬਾ ਬਕਾਲਾ ਵਿਖੇ ਰਹਿਣਾ ਸ਼ੁਰੂ ਕਰ ਦਿੱਤਾ। ਆਪ ਹਰ ਸਮੇਂ ਨਾਮ ਬਾਣੀ ਅਤੇ ਸਿਮਰਨ ਵਿਚ ਜੁੜੇ ਰਹਿੰਦੇ ਸਨ।

**ਪਾਖੰਡੀਆਂ ਬਾਬਾ ਬਕਾਲੇ ਡੇਰੇ ਲਗਾ ਲਏ :** ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਜੋਤੀ ਜੋਤ ਸਮਾਉਣ ਸਮੇਂ ਕਹੇ ਗਏ ਸ਼ਬਦ 'ਬਾਬਾ ਬਕਾਲੇ' ਤੋਂ ਨਜਾਇਜ਼ ਫਾਇਦਾ ਉਠਾਉਂਦੇ ਹੋਏ ਇਤਿਹਾਸ ਅਨੁਸਾਰ 22 ਪਾਖੰਡੀਆਂ ਨੇ ਬਕਾਲੇ ਵਿਚ ਡੇਰੇ ਲਾ ਲਏ। ਇਨ੍ਹਾਂ ਵਿਚ ਧੀਰਮੱਲ ਪ੍ਰਸਿੱਧ ਸੀ। ਸਿੱਖਾਂ ਨੇ ਗੁਰੂ



Scanned with CamScanner

ਹਰਿਕ੍ਰਿਸ਼ਨ ਸਾਹਿਬ ਜੀ ਦੇ ਹੁਕਮਾਂ ਉੱਤੇ ਚੱਲਦੇ ਹੋਏ 'ਬਕਾਲੇ' ਨੂੰ ਵਹੀਰਾਂ ਪਾ ਦਿੱਤੀਆਂ। ਪਰ 'ਗੁਰੂ' ਕੋਈ ਨਾ ਮਿਲਿਆ। ਸੰਗਤਾਂ ਪਾਖੰਡੀਆਂ ਦੇ ਵੱਸ ਪੈ ਗਈਆਂ। ਕਈ ਨਿਰਾਸ਼ ਹੋ ਕੇ ਮੁੜਨ ਲੱਗੇ। ਧੀਰਮੱਲ ਦੀ ਦੁਕਾਨ ਚੰਗੀ ਚੱਲ ਪਈ। ਇਕ ਉਹ ਗੁਰੂ ਸੰਤਾਨ ਸੀ ਤੇ ਦੂਜੇ ਉਸ ਪਾਸ ਉਹ ਬੀੜ ਵੀ ਸੀ, ਜਿਸ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੰਪਾਦਤ ਕੀਤਾ ਸੀ। ਭੁਲੇਖਾ ਪੈ ਜਾਣਾ ਕੁਦਰਤੀ ਸੀ। ਕੁਝ ਸਮਾਂ ਸੰਗਤਾਂ ਗੁਰੂ ਤੋਂ ਬਗੈਰ ਭਟਕਦੀਆਂ ਰਹੀਆਂ।

**ਮੱਖਣ ਸ਼ਾਹ ਦਾ ਬਕਾਲੇ ਪੁੱਜਣਾ :** ਮੱਖਣ ਸ਼ਾਹ ਲੁਬਾਣਾ ਜਿਹੜਾ ਕਿ ਗੁਰੂ ਘਰ ਨਾਲ ਪ੍ਰੇਮ ਕਰਨ ਵਾਲਾ ਅਤੇ ਮਸੰਦ ਸੀ। ਵਿਦੇਸ਼ਾਂ ਨਾਲ ਵਪਾਰ ਕਰਨ ਦੇ ਨਾਲ-ਨਾਲ ਉਹ ਸੱਚੇ ਸੇਵਕ ਵਾਂਗ ਸੇਵਾ ਕਰਦਾ ਸੀ। ਇਕ ਵਾਰੀ ਉਸ ਦਾ ਸਮਾਨ ਨਾਲ ਭਰਿਆ ਜਹਾਜ਼ ਕਿਸੇ ਸੰਕਟ ਵਿਚ ਫਸ ਗਿਆ। ਉਸ ਨੇ ਅਰਦਾਸ ਕੀਤੀ ਕਿ ਜੇਕਰ ਉਸ ਦਾ ਜਹਾਜ਼ ਕਿਨਾਰੇ ਲੱਗ ਜਾਏ ਤਾਂ ਉਹ ਗੁਰੂ ਨਾਨਕ ਦੇਵ ਜੀ ਦੀ ਗੱਦੀ ਤੇ ਬਿਰਾਜਮਾਨ ਸਤਿਗੁਰੂ ਜੀ ਪਾਸ 500 ਮੋਹਰਾਂ ਭੇਟਾ ਚੜ੍ਹਾਏਗਾ। ਗੁਰੂ ਕਿਰਪਾ ਨਾਲ ਉਸ ਦਾ ਜਹਾਜ਼ ਠੀਕ-ਠਾਕ ਟਿਕਾਣੇ ਪੁੱਜ ਗਿਆ। ਆਪਣੀ ਭੇਟਾ ਚੜ੍ਹਾਉਣ ਲਈ ਉਹ ਪੰਜਾਬ ਆਇਆ। ਸੰਗਤਾਂ ਦੇ ਦੱਸਣ ਉੱਤੇ ਉਸ ਨੇ 'ਬਕਾਲਾ' ਵੱਲ ਮੂੰਹ ਕੀਤਾ। ਬਕਾਲੇ ਵਿਚ ਬਾਈ ਗੁਰੂ ਬਣੇ ਬੈਠੇ ਦੇਖ ਕੇ ਡੌਰ ਗਿਆ ਤੇ ਦਿਲ ਵਿਚ ਫੈਸਲਾ ਕੀਤਾ ਕਿ "ਗੁਰੂ ਅੰਤਰਜਾਮੀ ਹੈ, ਆਪੇ ਆਪਣੀ ਭੇਟਾ ਮੰਗ ਲਵੇਗਾ।" ਉਸਨੇ ਹਰ ਇਕ ਅੱਗੇ ਦੋ ਮੋਹਰਾਂ ਭੇਟਾ ਚੜ੍ਹਾਉਣ ਦਾ ਫੈਸਲਾ ਕੀਤਾ। ਜਦੋਂ ਕਿਸੇ ਪਾਸਿਓਂ ਤਸੱਲੀ ਨਾ ਹੋਈ ਤਾਂ ਉਸਨੇ ਕਿਸੇ ਹੋਰ ਗੁਰੂ ਬਾਰੇ ਪੁੱਛਿਆ। ਕਿਸੇ ਨੇ ਗੁਰੂ ਤੇਗ ਬਹਾਦਰ ਜੀ ਬਾਰੇ ਦੱਸ ਪਾਈ ਕਿ ਉਹ ਭੋਰੇ ਵਿਚ ਸਿਮਰਨ ਕਰ ਰਹੇ ਹਨ। ਉਸ ਨੇ ਪਹਿਲਾਂ ਵਾਂਗੂੰ ਦੋ ਮੋਹਰਾਂ ਭੇਟਾ ਚੜ੍ਹਾਈਆਂ। ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਕਿਹਾ ਭਾਈ, ਅਰਦਾਸ ਤਾਂ ਪੰਜ ਸੌ ਮੋਹਰਾਂ ਭੇਟਾ ਕਰਨ ਲਈ ਕੀਤੀ ਸੀ। ਮੱਖਣ ਸ਼ਾਹ ਖੁਸ਼ੀ ਵਿਚ ਨੱਚ ਉਠਿਆ। ਉਹ ਕੋਠੇ ਦੀ ਛੱਤ ਤੇ ਚੜ੍ਹ ਗਿਆ ਅਤੇ ਉਚੀ-ਉਚੀ "ਗੁਰੂ ਲਾਧੋ ਰੇ, ਗੁਰੂ ਲਾਧੋ ਰੇ" ਪੁਕਾਰਨ ਲੱਗ ਪਿਆ। ਭਾਵੇਂ ਆਪ ਜੀ ਨੂੰ ਗੁਰਗੱਦੀ ਤਾਂ ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਦੁਆਰਾ 30 ਮਾਰਚ, ਸੰਨ 1664 ਈਸਵੀ ਨੂੰ ਹੀ ਬਾਬਾ ਬਕਾਲਾ ਕਹਿੰਦੇ ਹੋਏ ਸੌਂਪ ਦਿੱਤੀ ਗਈ ਸੀ ਪਰ ਪ੍ਰਗਟ ਰੂਪ ਵਿਚ ਆਪ ਇਸ ਘਟਨਾ ਨਾਲ ਅਗਸਤ, 1664 ਵਿਚ ਸੰਗਤਾਂ ਵਿਚ ਵਿਚਰਨ ਲੱਗੇ।

**ਧੀਰ ਮੱਲ ਦਾ ਗੋਲੀ ਚਲਾਉਣਾ :** ਧੀਰ ਮੱਲ ਨੂੰ ਜਦ ਸਾਰੀ ਵਾਰਤਾ ਦਾ ਪਤਾ ਲੱਗਾ ਤਾਂ ਲੋਹਾ-ਲਾਖਾ ਹੋ ਉਠਿਆ। ਗੁੱਸੇ ਵਿਚ ਉਸਨੇ ਗੁਰੂ ਤੇਗ



Scanned with CamScanner

ਬਹਾਦਰ ਜੀ ਨੂੰ ਕਤਲ ਕਰਨ ਲਈ ਆਪਣੇ ਖਾਸ ਭਰੋਸੇ ਵਾਲੇ ਸ਼ੀਹੇਂ ਮਸੰਦ ਨੂੰ ਭੇਜਿਆ। ਸ਼ੀਹੇਂ ਮਸੰਦ ਨੇ ਗੁਰੂ ਦਾ ਨਿਸ਼ਾਨਾ ਬੰਨ੍ਹ ਕੇ ਗੋਲੀ ਚਲਾਈ ਤੇ ਹਮਲਾ ਕਰਕੇ ਘਰ ਦਾ ਸਾਰਾ ਸਮਾਨ ਵੀ ਲੁੱਟ ਕੇ ਲੈ ਗਿਆ। ਗੁਰੂ ਤੇਗ਼ ਬਹਾਦਰ ਜੀ ਦੇ ਕੰਨ ਨੂੰ ਚੋਟ ਆਈ ਪਰ ਵੈਰਾਗ-ਮਈ ਮੂਰਤ ਨੇ ਕੋਈ ਗੁੱਸਾ ਜਾਂ ਰੋਸ ਨਾ ਮਨਾਇਆ।

ਜਦ ਮੱਖਣ ਸ਼ਾਹ ਅਤੇ ਹੋਰ ਗੁਰ ਸਿੱਖਾਂ ਨੂੰ ਖਬਰ ਪੁੱਜੀ ਤਾਂ ਉਨ੍ਹਾਂ ਨੇ ਧੀਰ ਮੱਲ ਅਤੇ ਮਸੰਦ ਨੂੰ ਸਬਕ ਸਿਖਾਉਣ ਲਈ ਹੱਲਾ ਬੋਲ ਦਿੱਤਾ। ਧੀਰ ਮੱਲ ਦਾ ਸਾਰਾ ਘਰ ਬਾਰ ਲੁੱਟ ਲਿਆ ਗਿਆ ਤੇ ਆਦਿ ਬੀੜ ਜਿਸ ਆਸਰੇ ਉਹ ਗੁਰੂ ਬਣੀ ਬੈਠਾ ਸੀ, ਖੋਹ ਲਿਆਂਦੀ। ਗੁਰੂ ਤੇਗ ਬਹਾਦਰ ਜੀ ਨੂੰ ਜਦ ਸਾਰੀ ਘਟਨਾ ਦਾ ਪਤਾ ਲੱਗਾ ਤਾਂ ਉਨ੍ਹਾਂ ਨੇ ਸਿੱਖਾਂ ਨੂੰ ਉਹ ਆਦਿ ਬੀੜ ਅਤੇ ਮਾਲ ਵਾਪਸ ਕਰਨ ਦਾ ਹੁਕਮ ਦਿੱਤਾ।

ਬਾਬਾ ਬਕਾਲਾ ਛੱਡਣਾ : ਗੁਰੂ ਜੀ ਨੇ ਇਹ ਹੀ ਠੀਕ ਸਮਝਿਆ ਕਿ ਕਿਸੇ ਹੋਰ ਥਾਂ ਪੱਕੇ ਡੇਰੇ ਲਗਾਏ ਜਾਣ। ਬਾਬਾ ਬਕਾਲਾ ਤੋਂ ਟੁਰ ਕੇ ਅੰਮ੍ਰਿਤਸਰ ਪੁੱਜੇ ਪਰ ਉਥੇ ਪੁਜਾਰੀਆਂ, ਮਸੰਦਾਂ ਅਤੇ ਮੇਹਰਬਾਨ ਦੇ ਪੁੱਤਰ ਹਰਿ ਜੀ ਨੇ ਹਰਿਮੰਦਰ ਸਾਹਿਬ ਵਿਖੇ ਜਾਣ ਤੋਂ ਰੋਕ ਦਿੱਤਾ। ਜੰਦਰਾ ਮਾਰ ਕੇ ਭੱਜ ਗਏ। ਗੁਰੂ ਜੀ ਅਕਾਲ ਤਖ਼ਤ ਸਾਹਿਬ ਲਾਗੇ 'ਥੜ੍ਹਾ ਸਾਹਿਬ' ਟਿਕੇ ਤੇ ਇਸ਼ਨਾਨ ਕਰਕੇ ਲਾਗਲੇ ਪਿੰਡ ਵੱਲਾ ਚਲੇ ਗਏ। ਉਥੋਂ ਦੀ ਸੰਗਤ ਨੇ ਰੱਜ ਕੇ ਸਤਿਕਾਰ ਕੀਤਾ ਤੇ ਅੰਮ੍ਰਿਤਸਰ ਦੀ ਸੰਗਤ ਵੀ ਹੁੰਮ-ਹੁੰਮਾ ਕੇ ਪੁੱਜ ਗਈ। ਮਾਈਆਂ ਤਾਂ ਘਰ ਛੱਡ ਕੇ ਸਿੱਧੇ ਉੱਥੇ ਪੁੱਜ ਗਈਆਂ। ਉਨ੍ਹਾਂ ਦੀ ਭਾਵਨਾ ਦੇਖ ਕੇ ਗੁਰੂ ਜੀ ਨੇ ਬਚਨ ਕੀਤਾ ਕਿ ਅੰਮ੍ਰਿਤਸਰ ਦੀਆਂ ਮਾਈਆਂ ਬੀਬੀਆਂ ਨੂੰ ਗੁਰੂ ਪ੍ਰਮੇਸ਼ਰ ਦੀ ਭਗਤੀ, ਸ਼ਰਧਾ, ਸੇਵਾ, ਨਾਮ ਦਾਨ ਹਮੇਸ਼ਾ ਪ੍ਰਾਪਤ ਰਹੇਗਾ।

ਮਾਈਆਂ ਰੱਬ ਰਜਾਈਆਂ-ਭਗਤੀ ਲਾਈਆਂ।

ਪਿੱਛੋਂ ਮੱਖਣ ਸ਼ਾਹ ਨੇ ਮਸੰਦਾਂ ਨੂੰ ਸਮਝਾਇਆ ਕਿ ''ਗੁਰੂ ਤੁਹਾਡੇ ਪਾਸ ਟੁਰ ਕੇ ਆਏ, ਮੂਰਖੋ ਤੁਸਾਂ ਕਦਰ ਨਾ ਜਾਣੀ, ਬੇਮੁਖ ਨਾ ਹੋਵੋ ਤੇ ਦਰਸ਼ਨਾਂ ਨੂੰ ਜਾਓ। ਉਹ ਬਖਸ਼ੰਦ ਹੈ, ਬਖਸ਼ ਲਵੇਗਾ। ਜਦ ਉਹ ਵੱਲਾ ਸਾਹਿਬ ਦਰਸ਼ਨਾਂ ਨੂੰ ਆਏ ਤਾਂ ਮਹਾਰਾਜ ਨੇ ਇਤਨਾ ਹੀ ਕਿਹਾ ਕਿ ਹਰਿਮੰਦਰ ਵਾਸੀਆਂ, ਰਾਖਿਆਂ, ਸੇਵਾਦਾਰਾਂ ਅਤੇ ਮਸੰਦਾਂ ਨੂੰ ਤ੍ਰਿਸ਼ਨਾ ਨਹੀਂ ਸ਼ੋਭਦੀ।

ਅਨੰਦਪੁਰ ਸਾਹਿਬ ਨਗਰ ਵਸਾਉਣਾ : ਸ਼ਿਵਾਲਿਕ ਦੀਆਂ ਪਹਾੜੀਆਂ ਵਿਚ ਮਾਖੋਵਾਲ ਦਾ ਥੇਹ ਸਤਲੁਜ ਦੇ ਕੰਢੇ ਤੁਆਲਕ ਜੰਡ ਬਾਰੀ ਵਿਚ ਸੀ। ਗੁਰੂ ਤੇਗ ਬਹਾਦਰ ਜੀ ਨੇ 2200 ਰੁਪਏ ਦੇ ਕੇ ਪਿੰਡਾਂ ਦੀ ਸਾਰੀ



Scanned with CamScanner

ਜ਼ਮੀਨ ਕਹਿਲੂਰ ਦੇ ਰਾਜੇ ਦੀਪ ਚੰਦ ਕੋਲੋਂ ਖਰੀਦ ਲਈ। ਦੀਪ ਚੰਦ ਦੇ ਬਾਬਾ, ਰਾਜਾ ਤਾਰਾ ਚੰਦ ਨੂੰ ਦਾਤਾ ਬੰਦੀ ਛੋੜ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਗਵਾਲੀਅਰ ਦੇ ਕਿਲ੍ਹੇ ਵਿਚ, ਜਹਾਂਗੀਰ ਦੀ ਕੈਦ ਵਿਚੋਂ ਰਿਹਾ ਕਰਵਾਇਆ ਸੀ। 52 ਰਾਜਿਆਂ ਵਿਚੋਂ ਇਕ ਉਹ ਵੀ ਸੀ। ਨਵੇਂ ਪਿੰਡ ਦਾ ਨਾਂ ਪਹਿਲਾਂ ਨਾਨਕੀ ਚੱਕ ਤੇ ਫਿਰ ਅਨੰਦਪੁਰ ਰਖਿਆ ਗਿਆ। 19 ਜੂਨ, 1665 ਈਸਵੀ ਨੂੰ ਅਨੰਦਪੁਰ ਦਾ ਟੱਕ ਬਾਬਾ ਗੁਰਦਿੱਤਾ ਜੀ ਨੇ ਲਗਾਇਆ ਤੇ ਛੇ ਮਹੀਨਿਆਂ ਵਿਚ ਹੀ ਅਨੰਦਪੁਰ ਸਿੱਖੀ ਦਾ ਕੇਂਦਰ ਬਣ ਗਿਆ। ਸਾਰੇ ਹਿੰਦੁਸਤਾਨ ਵਿਚ ਧਰਮ-ਵਿਸ਼ਵਾਸ ਪਕਿਆਂ ਕਰਨ ਦੀ ਜ਼ਰੂਰਤ ਸੀ। ਗੁਰੂ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦਾਂ ਉਪਦੇਸ਼ ਘਰ-ਘਰ ਪੁਚਾਉਣ ਦਾ ਜ਼ਿੰਮਾ ਲਿਆ।

ਪ੍ਰਚਾਰ ਕਰਦੇ ਬਾਂਗਰ ਦੇਸ਼ ਵਿਖੇ : ਗੁਰੂ ਜੀ ਨੇ ਮਾਲਵੇ ਦੀ ਧਰਤੀ ਤੋਂ ਆਪਣਾ ਪ੍ਰਚਾਰ ਆਰੰਭਿਆ। ਅਨੰਦਪੁਰ ਸਾਹਿਬ ਰਹਿ ਕੇ ਮਾਲਵਾ ਨੂੰ ਸਿੱਖ ਘਰ ਦਾ ਸ਼ਰਧਾਲੂ ਬਣਾਉਣਾ ਜ਼ਰੂਰੀ ਹੈ। ਸ੍ਰੀ ਅਨੰਦੁਪਰ ਸਾਹਿਬ ਤੋਂ ਗੁਰੂ ਤੇਗ ਬਹਾਦਰ ਜੀ ਘਨੌਲੀ ਗਏ। ਉਥੋਂ ਰੋਪੜ ਤੇ ਫਿਰ ਬਹਾਦਰ ਗੜ੍ਹ ਸੈਫਦੀਨ ਦੇ ਬਾਗ ਵਿਚ ਟਿਕਾਣਾ ਕੀਤਾ। ਥਾਂ-ਥਾਂ ਪ੍ਰਚਾਰ ਕਰਦੇ ਹੋਏ ਆਪ ਮਾਈਸਰ ਖਾਨਾ ਤੋਂ ਹੋ ਕੇ ਸਾਬੋ ਕੀ ਤਲਵੰਡੀ ਪੁੱਜੇ। ਇਹ ਪਿਛੋਂ ਤਕੜਾ ਕੇਂਦਰ ਬਣਿਆ। ਗੁਰੂ ਗੋਬਿੰਦ ਸਿੰਘ ਜੀ ਨੇ ਸੰਨ 1705 ਈਸਵੀ ਨੂੰ ਇਥੇ ਹੀ ਆ ਟਿਕਾਣਾ ਕੀਤਾ ਸੀ। ਦਮਦਮਾ ਸਾਹਿਬ ਕਰਕੇ ਇਹ ਥਾਂ ਪ੍ਰਸਿੱਧ ਹੋਈ।

ਕੁਝ ਦਿਨ ਦਮਦਮਾ ਸਾਹਿਬ ਟਿਕ ਕੇ ਗੁਰੂ ਜੀ ਧਰਮ ਦਾ ਕੋਟ ਤੋਂ ਸੰਘੇੜੀ ਤੇ ਗਰਨਾ ਹੋ ਕੇ ਧਮਧਾਣ, ਰੋਹਤਕ ਤੇ ਕਰਨਾਲ ਦੇ ਜ਼ਿਲ੍ਹਿਆ ਵੱਲ ਗਏ। ਇਸੇ ਨੂੰ ਹੀ ਬਾਂਗਰ ਦੇਸ਼ ਕਿਹਾ ਜਾਂਦਾ ਹੈ। ਪਿੰਡ ਖਰਕ, ਖੱਟਕੜ ਟੇਕਰੀ ਹੁੰਦੇ ਹੋਏ ਗੁਰੂ ਤੇਗ ਬਹਾਦਰ ਕੈਂਥਲ ਅੱਪੜੇ। ਬਾਰਨੇ ਤੋਂ ਥਾਨੇਸਰ ਸ਼ਹਿਰ ਪਹੁੰਚੇ। ਇੱਥੇ ਹੀ ਗੁਰੂ ਜੀ ਨੇ ਤੰਬਾਕੂ ਨੂੰ ਹੱਥ ਨਾ ਲਗਾਉਣ, ਨਾ ਉਗਾਵਣ ਤੇ ਨਾ ਪੀਣ ਦਾ ਹੁਕਮ ਦਿੱਤਾ। ਇਹ ਵੀ ਫੁਰਮਾਇਆ ਕਿ ਸਾਰੀਆਂ ਬਰਕਤਾਂ ਉਸ ਕੋਲ ਹੀ ਆਉਣਗੀਆਂ ਜੋ ਤੰਮਾਕੂ ਨਹੀਂ ਪੀਵੇਗਾ। ਉਨ੍ਹਾਂ ਲੋਕਾਂ ਨੂੰ ਚੋਰੀ ਅਤੇ ਗੋਰ-ਗੁੱਗੇ ਦੀ ਪੂਜਾ ਤੋਂ ਵੀ ਵਰਜਿਆ। ਥਾਨੇਸਰ ਤੇ ਸੂਰਜ ਗ੍ਰਹਿਣ ਦੇ ਮੌਕੇ ਕੁਰੂਖੇਤਰ (ਕੁਰੂਕਸ਼ੇਤਰ) ਪੁੱਜੇ।

ਕੁਰੂਖੇਤਰ ਵਿਚ ਉਪਦੇਸ਼ : ਕੁਰੂਖੇਤਰ ਇਕ ਐਸੀ ਥਾਂ ਹੈ ਜਿਥੇ ਅੱਠ ਗੁਰੂ ਸਾਹਿਬਾਨ ਨੇ ਚਰਨ ਪਾਏ ਹਨ। ਸਿਵਾਇ ਗੁਰੂ ਅੰਗਦ ਦੇਵ ਅਤੇ ਗੁਰੂ ਅਰਜਨ ਦੇਵ ਜੀ ਦੇ, ਹੋਰ ਸਾਰੇ ਗੁਰੂ ਸਾਹਿਬਾਨ ਇਥੇ ਆਏ ਸਨ। ਸੂਰਜ ਗ੍ਰਹਿਣ ਨੂੰ ਪਵਿੱਤਰ ਜਾਣਕੇ ਜਦ ਲੋਕੀਂ ਇਕੱਠੇ ਹੋਏ ਤਾਂ ਗੁਰੂ ਜੀ ਨੇ ਸੰਗਤ



Scanned with CamScanner

ਦੀ ਮਹੱਤਤਾ ਦ੍ਰਿੜਾਈ ਅਤੇ ਸੂਰਜ ਗ੍ਰਹਿਣ ਦਾ ਵਿਗਿਆਨਕ ਤੱਥ ਸਪਸ਼ਟ ਕੀਤਾ ਕਿ ਇਹ ਸਭ ਪਰਮਾਤਮਾ ਦੇ ਹੁਕਮ ਵਿਚ ਕੁਦਰਤ ਵਰਤ ਰਹੀ ਹੈ। ਇਹ ਚੰਗੇ ਮਾੜੇ ਦਿਨਾਂ ਦੀ ਨਿਸ਼ਾਨੀ ਨਹੀਂ। ਨਾ ਇਹ ਸੂਰਜ ਆਦਿ ਤੇ ਕੋਈ ਸੰਕਟ ਹੈ ਅਤੇ ਨਾ ਹੀ ਇਸ ਗ੍ਰਹਿਣ ਕਰਕੇ ਆਮ ਜਨਤਾ ਤੇ ਕੋਈ ਸੰਕਟ ਆਉਂਦਾ ਹੈ। ਸੰਸਾਰ ਚੱਲਦਾ ਹੈ। ਕੁਦਰਤ ਚੱਲ ਰਹੀ ਹੈ। ਇਸੇ ਚਲਾਇਮਾਨਤਾ ਕਰਕੇ ਇਹ ਗ੍ਰਹਿਣ ਲੱਗਦੇ ਹਨ। ਇਨ੍ਹਾਂ ਦਿਨਾਂ ਵਿਚ ਕੀਤੇ ਗਏ ਪੁੰਨਾਂ-ਦਾਨਾਂ ਦਾ ਕਿਸੇ ਮ੍ਰਿਤਕ ਨੂੰ ਜਾਂ ਜਾਨਦਾਰਾਂ ਨੂੰ ਕੋਈ ਆਤਮਿਕ ਲਾਭ ਨਹੀਂ ਪੁੱਜਦਾ। ਪੂਰਬ ਵਾਲੇ ਪਾਸੇ ਗੁਰੂ ਜੀ ਨੇ ਮਥੁਰਾ, ਆਗਰਾ ਤੇ ਕਾਨ੍ਹਪੁਰ ਵੀ ਦਰਸ਼ਨ ਦਿੱਤੇ ਅਤੇ ਗੁਰਮਤਿ ਦ੍ਰਿੜ੍ਹਾਈ। ਗਯਾ ਅਤੇ ਇਲਾਹਾਬਾਦ ਵੀ ਪਹੁੰਚੇ।

**ਪਟਨੇ ਵਿਚ :** ਗਯਾ ਤੋਂ ਆਪ ਜੀ ਪਟਨਾ ਮਈ, 1666 ਈਸਵੀ ਨੂੰ ਅੱਪੜੇ। ਪਟਨੇ ਵਿਚ ਪਹਿਲਾਂ ਬਾਗ ਵਿਚ ਇਮਲੀ ਦੇ ਦਰੱਖਤ ਹੇਠ ਬਿਰਾਜੇ। ਇਸੇ ਨੂੰ ਹੁਣ ਗੁਰੂ ਕਾ ਬਾਗ ਕਹਿੰਦੇ ਹਨ। ਮਾਤਾ ਗੁਜਰੀ ਜੀ ਨੂੰ ਪਟਨੇ ਹੀ ਰਹਿਣ ਦੀ ਆਗਿਆ ਦਿੱਤੀ। ਮਾਤਾ ਜੀ ਸਾਲਸ ਰਾਇ ਜੌਹਰੀ ਦੇ ਘਰ ਆ ਟਿਕੇ ਸਨ। ਆਪ ਜੀ ਨੇ ਬੰਗਾਲ ਵੱਲ ਦੌਰਾ ਜਾਰੀ ਰੱਖਿਆ। ਢਾਕਾ ਸਿੱਖੀ ਦਾ ਇਕ ਬੜਾ ਭਾਰੀ ਕੇਂਦਰ ਸੀ। ਗੁਰੂ ਜੀ ਨੇ ਸੰਗਤ ਕਾਇਮ ਕੀਤੀ ਸੀ। ਪਟਨਾ ਵਿਖੇ ਹੀ 1666 ਈ: ਵਿਚ ਮਾਤਾ ਗੁਜਰੀ ਜੀ ਦੀ ਕੁੱਖੋਂ ਬਾਲਕ ਨੇ ਜਨਮ ਲਿਆ। ਨਾਮ ਗੋਬਿੰਦ ਰਾਇ ਰੱਖਿਆ।

**ਆਸਾਮ ਵਲੋਂ ਜਲਦੀ ਵਾਪਸੀ :** ਆਸਾਮ ਦੇ ਦੌਰੇ ਦੌਰਾਨ ਆਪ ਜੀ ਨੇ ਆਸਾਮ ਦੇ ਰਾਜੇ ਅਤੇ ਰਾਜਾ ਰਾਮ ਸਿੰਘ ਦੀ ਸੁਲਾਹ ਕਰਾਈ ਅਤੇ ਇਲਾਕੇ ਦੀ ਹੱਦਬੰਦੀ ਕਰਵਾਈ ਜਿਸ ਨਾਲ ਦੋਵਾਂ ਪਾਸਿਆਂ ਦਾ ਜਾਨੀ ਅਤੇ ਮਾਲੀ ਨੁਕਸਾਨ ਹੋਣ ਤੋਂ ਬਚ ਗਿਆ ਅਤੇ ਉਨ੍ਹਾਂ ਰਾਜਿਆਂ ਵਿਚ ਭਰਾਤਰੀ ਸੰਬੰਧ ਪੈਦਾ ਹੋ ਗਏ।

ਅਜੇ ਗੁਰੂ ਜੀ ਨੇ ਹੋਰ ਅਸਥਾਨਾਂ ਤੇ ਜਾਣਾ ਸੀ ਪਰ ਔਰੰਗਜ਼ੇਬ ਆਪਣੀ ਧਾਰਮਿਕ ਨੀਤੀ ਲੋਕਾਂ ਉੱਤੇ ਜ਼ਬਰਦਸਤੀ ਠੋਸ ਰਿਹਾ ਸੀ। ਔਰੰਗਜ਼ੇਬ ਨੇ ਸਾਰੇ ਹਿੰਦੁਸਤਾਨ ਵਾਸਤੇ ਇਕ ਨਵਾਂ ਹੁਕਮ ਜਾਰੀ ਕੀਤਾ ਕਿ ਕਾਫ਼ਰਾਂ ਦੀਆਂ ਸਭ ਪਾਠਸ਼ਾਲਾਵਾਂ ਅਤੇ ਮੰਦਰ ਢਾਹ ਦਿੱਤੇ ਜਾਣ। ਉਨ੍ਹਾਂ ਦੀਆਂ ਧਾਰਮਿਕ ਰਸਮਾਂ ਤੇ ਰੀਤਾਂ ਨੂੰ ਮੇਟ ਦਿੱਤਾ ਜਾਏ। ਇਸ ਹੁਕਮ ਅਨੁਸਾਰ ਮਥੁਰਾ, ਅਯੁੱਧਿਆ ਤੇ ਬਨਾਰਸ ਵਿਚ ਸਦੀਆਂ ਪੁਰਾਣੇ ਮੰਦਰ ਢਾਹ ਦਿੱਤੇ ਗਏ ਤੇ ਹਿੰਦੂ ਮੇਲਿਆਂ ਉੱਤੇ ਕਰੜੀਆਂ ਪਾਬੰਦੀਆਂ ਲਗਾ ਦਿੱਤੀਆਂ। ਹਿੰਦੂਆਂ ਨੂੰ ਸਰਕਾਰੀ ਨੌਕਰੀ ਤੋਂ ਕੱਢ ਦਿੱਤਾ ਗਿਆ ਤੇ ਉਨ੍ਹਾਂ ਦਾ ਜੀਣਾ ਮੁਸ਼ਕਲ ਬਣਾ ਦਿੱਤਾ। ਫੇਰ



Scanned with CamScanner

ਇਸਲਾਮ ਦੇ ਦਾਇਰੇ ਵਿਚ ਲਿਆਉਣ ਲਈ ਲਾਲਚ, ਡਰ ਅਤੇ ਸਖਤੀ ਵੀ ਆਰੰਭ ਕਰ ਦਿੱਤੀ ਗਈ। ਗੁਰੂ ਜੀ ਜਾਣਦੇ ਸਨ ਕਿ ਉਸ ਸਖਤੀ ਦੇ ਵੇਲੇ ਪੰਜਾਬ ਵਿਚ ਉਨ੍ਹਾਂ ਦਾ ਹੋਣਾ ਜ਼ਰੂਰੀ ਹੈ। ਪਟਨਾ ਵਿਖੇ ਬਾਲ ਗੋਬਿੰਦ ਰਾਏ ਨੂੰ ਮਿਲ ਕੇ ਸਿੱਧੇ ਪੰਜਾਬ ਪੁੱਜੇ।

(ਗੁਰੂ) ਗੋਬਿੰਦ (ਸਿੰਘ) ਜੀ ਨੂੰ ਪਟਨਾ ਤੋਂ ਬੁਲਾਉਣਾ : ਗੁਰੂ ਤੇਗ ਬਹਾਦਰ ਜੀ ਨੇ ਪਟਨਾ ਤੋਂ (ਗੁਰੂ) ਗੋਬਿੰਦ (ਸਿੰਘ) ਜੀ ਨੂੰ ਵੀ ਬੁਲਾ ਲਿਆ। ਹਰ ਕੰਮ ਦੇ ਯੋਗ ਬਣਵਾਇਆ। ਸ਼ਸਤਰ ਵਿੱਦਿਆ ਵਿਚ ਵੀ ਨਿਪੁੰਨ ਕੀਤਾ।

ਕਸ਼ਮੀਰੀ ਪੰਡਤਾਂ ਦੀ ਪੁਕਾਰ : ਦਿੱਲੀ ਦੇ ਤਖ਼ਤ ਤੇ ਬੈਠਾ ਔਰੰਗਜੇਬ ਇਸਲਾਮੀ ਧਾਰਮਕ ਕੱਟੜਤਾ ਵਿਚ ਹਿੰਦੂ ਧਰਮ ਦਾ ਵਿਨਾਸ਼ ਕਰਕੇ ਇਥੇ ਕੇਵਲ ਇਸਲਾਮ ਧਰਮ ਦਾ ਬੋਲਬਾਲਾ ਕਰਨਾ ਚਾਹੁੰਦਾ ਸੀ। ਰੋਜ਼ਾਨਾ ਹਿੰਦੂਆਂ ਦਾ ਧਰਮ ਪਰਿਵਰਤਨ ਕਰਵਾਇਆ ਜਾਂਦਾ ਸੀ ਜਾਂ ਉਨ੍ਹਾਂ ਨੂੰ ਮਾਰ ਮੁਕਾ ਦਿੱਤਾ ਜਾਂਦਾ ਸੀ। ਇਸ ਤੋਂ ਤੰਗ ਆ ਕੇ ਕਸ਼ਮੀਰ ਦੇ ਪੰਡਿਤ ਇਕੱਠੇ ਹੋਕੇ ਕਿਰਪਾ ਰਾਮ ਦੀ ਅਗਵਾਈ ਵਿਚ ਅਨੰਦਪੁਰ ਸਾਹਿਬ ਵਿਖੇ ਗੁਰੂ ਸਾਹਿਬ ਜੀ ਨੂੰ ਮਿਲੇ। ਉਨ੍ਹਾਂ ਨੇ ਹਿੰਦੂ ਧਰਮ ਅਤੇ ਸੰਸਕ੍ਰਿਤੀ ਦੀ ਰੱਖਿਆ ਲਈ ਪੁਕਾਰ ਕੀਤੀ। ਆਪ ਜੀ ਨੇ ਖਿੜੇ ਮੱਥੇ ਸਵੀਕਾਰ ਕਰਕੇ ਦਿੱਲੀ ਦੇ ਬਾਦਸ਼ਾਹ ਨੂੰ ਸੁਨੇਹਾ ਭਿਜਵਾ ਦਿੱਤਾ ਕਿ ਜੇਕਰ ਗੁਰੂ ਤੇਗ ਬਹਾਦਰ ਸਾਹਿਬ ਨੂੰ ਮੁਸਲਮਾਨ ਬਣਾ ਲਵੇ ਤਾਂ ਹਿੰਦੁਸਤਾਨ ਦੇ ਸਾਰੇ ਹਿੰਦੂ ਇਸਲਾਮ ਧਰਮ ਕਬੂਲ ਕਰ ਲੈਣਗੇ। ਭਾਵੇਂ ਗੁਰੂ ਸਾਹਿਬ ਜੀ ਦਾ ਹਿੰਦੂ ਧਰਮ ਦੀਆਂ ਮਾਨਤਾਵਾਂ ਵਿਚ ਕੋਈ ਵਿਸ਼ਵਾਸ ਨਹੀਂ ਸੀ ਫਿਰ ਵੀ ਇਨਸਾਨੀਅਤ ਤੇ ਹੁੰਦੇ ਜ਼ੁਲਮ ਨੂੰ ਰੋਕਣ ਲਈ ਅਤੇ ਗਰੀਬਾਂ ਅਤੇ ਮਜ਼ਲੂਮਾਂ ਦੀ ਰੱਖਿਆ ਕਰਨ ਲਈ ਦਿੱਲੀ ਵੱਲ ਨੂੰ ਰਵਾਨਾ ਹੋ ਗਏ। ਆਪ ਨੂੰ ਆਗਰੇ ਵਿਚ ਗ੍ਰਿਫਤਾਰ ਕਰਕੇ ਦਿੱਲੀ ਵਿਖੇ ਲਿਆਂਦਾ ਗਿਆ।

ਗੁਰਬਾਣੀ ਰਚਨਾ : ਆਪ ਜੀ ਦੁਆਰਾ ਰਚੇ 16 ਰਾਗਾਂ ਵਿਚ 59 ਪਦੇ ਅਤੇ 57 ਸਲੋਕ ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿਚ ਦਰਜ਼ ਹਨ। ਇਹ ਬਾਣੀ ਗੁਰੂ ਗੋਬਿੰਦ ਸਿੰਘ ਜੀ ਨੇ ਦਮਦਮਾ ਸਾਹਿਬ, ਤਲਵੰਡੀ ਸਾਬੋ, ਜ਼ਿਲ੍ਹਾ ਬਠਿੰਡਾ ਵਿਖੇ ਸ਼ਾਮਲ ਕੀਤੀ ਸੀ। ਆਪ ਜੀ ਦੀ ਬਾਣੀ ਵੈਰਾਗਮਈ ਹੈ।

ਸ਼ਹੀਦੀ : ਆਪ ਜੀ ਨੂੰ ਆਗਰੇ ਤੋਂ ਪਕੜ ਕੇ ਦਿੱਲੀ ਵਿਖੇ ਲਿਆਂਦਾ ਗਿਆ ਤੇ ਚਾਂਦਨੀ ਚੌਕ ਵਿਖੇ ਕੋਤਵਾਲੀ ਵਿਚ ਕੈਦ ਕੀਤਾ ਗਿਆ। ਆਪ ਦੇ



Scanned with CamScanner

ਨਾਲ 3 ਗੁਰਸਿੱਖ ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਵੀ ਗ੍ਰਿਫਤਾਰ ਕਰਕੇ ਲਿਆਂਦੇ ਗਏ ਸਨ। ਗੁਰੂ ਤੇਗ ਬਹਾਦਰ ਜੀ ਨੂੰ ਭੈ ਭੀਤ ਕਰਨ ਲਈ, ਪਹਿਲਾਂ ਸਾਥ ਆਏ ਸਿੱਖਾਂ ਨੂੰ ਤਸੀਹੇ ਦਿੱਤੇ। ਪਹਿਲਾਂ ਮਤੀ ਦਾਸ ਜੀ ਨੂੰ ਜੀਉਂਦੇ ਹੀ ਆਰੇ ਨਾਲ ਚਿਰਾਇਆ ਤੇ ਫਿਰ ਭਾਈ ਦਇਆਲਾ ਜੀ ਨੂੰ ਵੀ ਦੇਗ ਵਿਚ ਉਬਾਲ ਦਿੱਤੇ। ਭਾਈ ਸਤੀ ਦਾਸ ਜੀ ਨੂੰ ਰੂੰ ਵਿਚ ਲਪੇਟ ਕੇ ਅੱਗ ਲਗਾਕੇ ਸ਼ਹੀਦ ਕੀਤਾ ਗਿਆ।

ਗੁਰੂ ਜੀ ਨੇ ਆਪ ਹੀ ਪਹਿਲਾਂ ਤਿੰਨਾਂ ਸਿੱਖਾਂ ਭਾਈ ਜੈਤਾ, ਭਾਈ ਗੁਰਦਿੱਤਾ ਤੇ ਭਾਈ ਊਦਾ ਜੀ ਨੂੰ ਵੱਖ ਕਰ ਦਿੱਤਾ ਸੀ ਕਿ ਉਹ ਸ਼ਹਿਰ ਵਿਚ ਹੀ ਰਹਿਣ ਤੇ ਜੋ ਉਨ੍ਹਾਂ ਨਾਲ ਬੀਤੇ (ਗੁਰੂ) ਗੋਬਿੰਦ (ਸਿੰਘ) ਜੀ ਨੂੰ ਅਨੰਦਪੁਰ ਸਾਹਿਬ ਵਿਖੇ ਜਾ ਕੇ ਦੱਸਣ। ਇਸ ਉਪਰੰਤ 11 ਨਵੰਬਰ, 1675 ਈਸਵੀ ਨੂੰ ਗੁਰੂ ਜੀ ਦੇ ਪਾਵਨ ਸਿਰ ਨੂੰ ਸਰੀਰ ਤੋਂ ਵੱਖ ਕਰਕੇ ਸ਼ਹੀਦ ਕਰ ਦਿੱਤਾ ਗਿਆ। ਦਿੱਲੀ ਦੇ ਚਾਂਦਨੀ ਚੌਕ ਵਿਖੇ ਹਫੜਾ-ਦਫੜਾ ਦੌਰਾਨ ਭਾਈ ਜੈਤਾ ਜੀ ਨੇ ਗੁਰੂ ਜੀ ਦਾ ਸੀਸ ਚੁੱਕਿਆ ਅਤੇ ਵਾਹੋ-ਦਾਹੀ ਅਨੰਦਪੁਰ ਸਾਹਿਬ ਵੱਲ ਹੋ ਤੁਰਿਆ। ਸੀਸ ਦਾ ਸਸਕਾਰ (ਗੁਰੂ) ਗੋਬਿੰਦ (ਸਿੰਘ) ਨੇ ਆਪਣੇ ਹੱਥੀਂ ਕੀਤਾ।

ਦਿੱਲੀ ਵਿਚ ਜਦ ਕੁਝ ਹਾਹਾਕਾਰ ਮੱਠੀ ਹੋਈ ਤਾਂ ਪਹਿਰਾ ਸਖ਼ਤ ਕਰ ਦਿੱਤਾ ਗਿਆ ਪਰ ਭਾਈ ਗੁਰਦਿੱਤਾ ਜੀ ਤੇ ਭਾਈ ਊਦਾ ਜੀ ਇਸ ਭਾਲ ਵਿਚ ਸਨ ਕਿ ਪਵਿੱਤਰ ਸਰੀਰ ਵੀ ਉਠਾਇਆ ਜਾਏ। ਉਨ੍ਹਾਂ ਨੂੰ ਪਤਾ ਲੱਗਾ ਕਿ ਭਾਈ ਲੱਖੀ ਸ਼ਾਹ ਵਣਜਾਰਾ ਆਪਣੇ ਪੰਜ ਸੌ ਗੱਡਿਆਂ ਸਮੇਤ ਲਾਲ ਕਿਲ੍ਹੇ ਵਿਚੋਂ ਸਰਕਾਰੀ ਸਮਾਨ ਰੱਖ ਕੇ ਵਾਪਸ ਆ ਰਿਹਾ ਹੈ। ਉਨ੍ਹਾਂ ਦੋਵਾਂ ਨੇ ਜਾਕੇ ਵਾਰਤਾ ਦੱਸੀ ਅਤੇ ਕਿਹਾ ਕਿ ਜੇ ਉਹ ਆਪਣੇ ਗੱਡੇ ਚਾਂਦਨੀ ਚੌਕ ਵਿਚੋਂ ਹੀ ਕੱਢ ਦੇਵੇ ਤਾਂ ਉਸਨੂੰ ਕੋਈ ਰੋਕੇਗਾ ਨਹੀਂ, ਕਿਉਂ ਜੋ ਉਸ ਨੂੰ ਹਰ ਥਾਂ ਆਉਣ ਜਾਣ ਦੀ ਖੁੱਲ੍ਹ ਹੈ। ਗੱਡੇ ਲੰਘਦਿਆਂ ਉਹ ਪਵਿੱਤਰ ਧੜ ਉਠਾ ਕੇ ਗੱਡਿਆਂ ਵਿਚ ਰੱਖ ਲੈਣਗੇ। ਭਾਈ ਲੱਖੀ ਸ਼ਾਹ ਨੇ ਉਸੇ ਤਰ੍ਹਾਂ ਹੀ ਕੀਤਾ। ਗੱਡਿਆਂ ਨੂੰ ਚਾਂਦਨੀ ਚੌਕ ਵਿਚ ਕਿਸੇ ਨੇ ਵੀ ਰੋਕ ਨਾ ਪਾਈ। ਭਾਈ ਊਦਾ ਜੀ ਨੇ ਛਾਲ ਮਾਰ ਕੇ ਧੜ ਉਠਾ ਲਿਆ ਤੇ ਲੱਖੀ ਸ਼ਾਹ ਨੇ ਪਵਿੱਤਰ ਧੜ ਸਮੇਤ ਆਪਣੇ ਮਕਾਨ ਨੂੰ ਅੱਗ ਲਗਾ ਦਿੱਤੀ ਅਤੇ ਬਹੁਤ ਸਤਿਕਾਰ ਨਾਲ ਧੜ ਦਾ ਸਸਕਾਰ ਕਰ ਦਿੱਤਾ। ਇੱਥੇ ਅੱਜ ਕੱਲ੍ਹ ਗੁਰਦੁਆਰਾ ਸ੍ਰੀ ਰਕਾਬ ਗੰਜ ਸਾਹਿਬ ਸਥਿਤ ਹੈ।



Scanned with CamScanner

## ਸ੍ਰੀ ਗੁਰੂ ਗੋਬਿੰਦ ਸਿੰਘ ਜੀ
## (1666-1708 ਈ:)

ਜਦੋਂ (ਗੁਰੂ) ਗੋਬਿੰਦ (ਸਿੰਘ) ਜੀ ਨਵੰਬਰ, ਸੰਨ 1675 ਈਸਵੀ ਨੂੰ ਗੁਰਗੱਦੀ ਤੇ ਬਿਰਾਜਮਾਨ ਹੋਏ ਤਾਂ ਉਨ੍ਹਾਂ ਦੀ ਉਮਰ ਕੇਵਲ 9 ਸਾਲ ਦੀ ਸੀ। ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੇ ਕੌਮ ਵਿਚ ਇਕ ਜਜ਼ਬੇ ਦਾ ਹੜ੍ਹ ਵਗਾ ਦਿੱਤਾ ਸੀ। ਉਸ ਹੜ੍ਹ ਨੂੰ ਸਾਂਭਣ ਅਤੇ ਕਿਸੇ ਕੰਮ ਲਿਆਉਣ ਲਈ ਸੁਚੱਜੀ ਅਗਵਾਈ ਦੀ ਲੋੜ ਸੀ।

### ਗੁਰੂ ਗੋਬਿੰਦ ਸਿੰਘ ਜੀ ਦਾ ਮੁੱਢਲਾ ਜੀਵਨ

**ਪ੍ਰਕਾਸ਼ :** ਉਸ ਮਹਾਨ ਆਤਮਾ ਦਾ ਗੁਰੂ ਤੇਗ ਬਹਾਦਰ ਜੀ ਦੇ ਘਰ 22 ਦਸੰਬਰ, 1666 ਈਸਵੀ ਨੂੰ ਪਟਨਾ ਸ਼ਹਿਰ ਵਿਖੇ ਪ੍ਰਕਾਸ਼ ਹੋਇਆ।

**ਬਾਲ ਜੀਵਨ :** ਸ੍ਰੀ ਗੁਰੂ ਤੇਗ ਬਹਾਦਰ ਜੀ ਆਪ ਜੀ ਦੇ ਜਨਮ ਸਮੇਂ ਆਸਾਮ ਵਿਖੇ ਪ੍ਰਚਾਰਕ ਦੌਰੇ ਤੇ ਗਏ ਹੋਏ ਸਨ ਜੋ ਕੁਝ ਅਰਸੇ ਬਾਅਦ ਪਟਨਾ ਵਿਖੇ ਆਕੇ ਥੋੜ੍ਹੇ ਦਿਨ ਟਿਕੇ ਅਤੇ ਫਿਰ ਵਾਪਸ ਪੰਜਾਬ ਆ ਗਏ। (ਗੁਰੂ) ਗੋਬਿੰਦ ਸਿੰਘ ਜੀ ਮੁੱਢਲੇ 6 ਸਾਲ ਪਟਨਾ ਵਿਖੇ ਹੀ ਰਹੇ। ਪਟਨਾ ਮੁਗਲਾਂ ਦਾ ਇਕ ਕੇਂਦਰ ਸੀ। ਬਚਪਨ ਵਿਚ ਹੀ ਗੋਬਿੰਦ ਰਾਏ ਜੀ ਛੋਟੇ-ਛੋਟੇ ਬੱਚਿਆਂ ਨੂੰ ਬਾਹਰ ਲੈ ਜਾ ਕੇ ਖੇਡਾਂ ਖੇਡਦੇ। ਸਾਥੀਆਂ ਨੂੰ ਦੋ ਹਿੱਸਿਆਂ ਵਿਚ ਵੰਡ ਕੇ ਨਕਲੀ ਲੜਾਈਆਂ ਕਰਾਉਂਦੇ। ਜਿੱਤਣ ਵਾਲੀ ਟੀਮ ਨੂੰ ਇਨਾਮ ਦੇਂਦੇ। ਕਈ ਵਾਰੀ ਮਾਤਾ ਗੁਜਰੀ ਜੀ ਹੱਥੋਂ ਵੀ ਇਨਾਮ ਦਿਵਾਉਂਦੇ।

**ਅਨੰਦਪੁਰ ਸਾਹਿਬ ਵਿਖੇ ਆਉਣਾ :** ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਸੰਨ 1672 ਈਸਵੀ ਨੂੰ ਗੁਰੂ ਗੋਬਿੰਦ ਸਿੰਘ ਜੀ ਨੂੰ ਅਨੰਦਪੁਰ ਸਾਹਿਬ ਵਿਖੇ ਸੱਦ ਘੱਲਿਆ।

### ਗੁਰੂ ਜੀਵਨ

**ਕੇਸ ਰੱਖਣ ਦਾ ਹੁਕਮ :** ਭਾਵੇਂ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਸਿੱਖਾਂ ਨੂੰ ਕੇਸ ਰੱਖਣ ਲਈ ਹੁਕਮ ਸੀ ਪਰ ਜਦੋਂ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦੀ ਖ਼ਬਰ ਭਾਈ ਜੈਤਾ ਜੀ ਨੇ ਸੁਣਾਈ ਤਾਂ ਆਪ ਜੀ ਨੇ ਹੁਕਮ ਦਿੱਤਾ 'ਕੇਸ ਸਾਡੀ ਮੁਹਰ ਹੈ।' ਕੇਸ ਰੱਖਣ ਦਾ ਹੁਕਮ ਦੇ ਕੇ ਜਥੇਬੰਦੀ ਪੱਕੇ ਪੈਰਾਂ ਉਤੇ ਖੜ੍ਹੀ ਕਰ ਦਿੱਤੀ। ਨਿੱਤ ਦੇ ਪ੍ਰੋਗਰਾਮ ਦੀ ਨਵੇਂ ਸਿਰੇ ਤੋਂ ਘਾੜਤ ਘੜੀ। ਸਾਰੇ ਪਾਸੇ ਹੁਕਮਨਾਮੇ ਭੇਜੇ ਕਿ ਸਿੱਖ ਸ਼ਸਤਰ ਚਲਾਉਣੇ ਸਿੱਖਣ ਤੇ ਅਨੰਦਪੁਰ



Scanned with CamScanner

ਵਿਖੇ ਸ਼ਸਤਰ ਭੇਜਣ।

ਅਨੰਦਪੁਰ ਸਾਹਿਬ ਵਿਚ ਤਿਆਰੀਆਂ : ਅਨੰਦਪੁਰ ਸਾਹਿਬ ਵਿਖੇ ਵੀ ਸਿੱਖਾਂ ਨੂੰ ਨਕਲੀ ਜੰਗਾਂ ਕਰਾਉਣੀਆਂ ਸ਼ੁਰੂ ਕਰ ਦਿੱਤੀਆਂ। ਹਰ ਪਾਸੇ ਤੋਂ ਜੋਧਿਆਂ ਨੇ ਆ ਕੇ ਗੁਰੂ ਜੀ ਦੀ ਸ਼ਰਨ ਲਈ। ਸਿੱਖਾਂ ਵਿਚ ਦਲੇਰੀ ਦਾ ਭਾਵ ਜਾਗ ਪਿਆ। ਚੰਗੇ ਜਵਾਨਾਂ ਦੀ ਫ਼ੌਜ ਤਿਆਰ ਹੋ ਗਈ। ਇਹ ਕੁਝ ਸਾਲ ਚੱਲਦਾ ਰਿਹਾ।

ਰਣਜੀਤ ਨਗਾਰਾ : ਗੁਰੂ ਗੋਬਿੰਦ ਸਿੰਘ ਜੀ ਨੇ ਸਭ ਤੋਂ ਪਹਿਲਾਂ ਅਨੰਦਗੜ੍ਹ ਕਿਲ੍ਹੇ ਦੀ ਉਸਾਰੀ ਕੀਤੀ। ਦੋ ਦਰਿਆਵਾਂ ਵਿਚਕਾਰ ਖਾਲੀ ਥਾਂ ਦੇਖ ਕੇ ਪੱਥਰ ਸੁੱਟ ਕੇ ਕਿਲ੍ਹਾ ਬਣਾ ਦਿੱਤਾ। 2 ਅਪ੍ਰੈਲ, 1678 ਨੂੰ ਵਿਸਾਖੀ ਵਾਲੇ ਦਿਨ ਰਾਜਾ ਰਤਨ ਰਾਇ (ਆਸਾਮ) ਦੇ ਹੁੰਦਿਆਂ ਹੀ ਨਗਾਰਾ ਅਸਥਾਪਣ ਕਰ ਦਿੱਤਾ। ਜਦ ਵੀ ਗੁਰੂ ਗੋਬਿੰਦ ਸਿੰਘ ਜੀ ਦਰਬਾਰ ਵਿਚ ਆਉਂਦੇ ਜਾਂ ਜਾਂਦੇ ਨਗਾਰਾ ਵਜਾਇਆ ਜਾਂਦਾ। ਔਰੰਗਜੇਬ ਵੀ ਇਸ ਨਗਾਰੇ ਤੋਂ ਬਹੁਤ ਦੁੱਖੀ ਹੋਇਆ ਸੀ।

ਅਨੰਦਪੁਰ ਦਾ ਲੰਗਰ : ਰਣਜੀਤ ਨਗਾਰੇ ਬਾਅਦ ਦੂਜਾ ਹੁਕਮ ਆਪ ਜੀ ਨੇ ਇਹ ਦਿੱਤਾ ਕਿ ਅਨੰਦਪੁਰ ਵਿਚ ਕੋਈ ਆਪਣਾ ਵੱਖ ਚੁੱਲ੍ਹਾ ਚੌਂਕਾ ਨਹੀਂ ਰੱਖ ਸਕਦਾ। ਸਾਰੇ ਇਕ ਥਾਵੇਂ ਲੰਗਰ ਛਕਣਗੇ। ਹਾਂ, ਲੰਗਰ ਭਾਵੇਂ ਕਈ ਸਨ ਤੇ ਹਰ ਲੰਗਰ ਦਾ ਇਕ ਇੰਚਾਰਜ ਵੀ ਨਿਯਤ ਕਰ ਦਿੱਤਾ। ਗੁਰੂ ਗੋਬਿੰਦ ਸਿੰਘ ਜੀ ਨੇ ਲੰਗਰ ਦੀ ਮਰਯਾਦਾ ਬਾਰੇ ਉਚੇਚੇ ਹੁਕਮ ਕੀਤੇ ਕਿ ਲੰਗਰ ਕਿਸੇ ਵਿਅਕਤੀ ਦਾ ਨਹੀਂ, ਲੰਗਰ ਗੁਰੂ ਦਾ ਹੈ। ਬਗੈਰ ਲੰਗਰ ਛਕੇ ਦਰਸ਼ਨ ਨਹੀਂ ਹੋਣਗੇ।

ਵਿਦਿਆ, ਸਾਹਿਤ ਤੇ ਸੰਗੀਤ ਕੇਂਦਰ : ਔਰੰਗਜ਼ੇਬ ਨੇ ਸੰਨ 1670 ਈਸਵੀ ਵਿਚ ਰਾਗ ਦੀ ਮਨਾਹੀ ਕਰ ਦਿੱਤੀ ਸੀ। ਪਰ ਗੁਰੂ ਘਰ ਵਿਚ ਕੀਰਤਨ ਪ੍ਰਧਾਨ ਹੈ। ਸੋ ਪ੍ਰਸਿੱਧ ਰਾਗੀ ਅਨੰਦਪੁਰ ਸਾਹਿਬ ਹੀ ਆ ਟਿਕੇ। ਗੁਰੂ ਜੀ ਆਪ ਜੋੜੀ (ਤਬਲਾ) ਅਤੇ ਤਾਊਸ ਬਹੁਤ ਹੀ ਸੁੰਦਰ ਵਜਾਉਂਦੇ ਸਨ। ਸੰਨ 1680 ਈ: ਵਿਚ ਜਦੋਂ ਔਰੰਗਜ਼ੇਬ ਨੇ ਹੁਕਮ ਦੇ ਕੇ, ਸੰਸਕ੍ਰਿਤ ਦੇ ਸਭ ਕੇਂਦਰ, ਪਾਠਸ਼ਾਲਾਵਾਂ ਬੰਦ ਕਰ ਦਿੱਤੀਆਂ ਤਾਂ ਸਭ ਵਿਦਵਾਨ ਅਨੰਦਪੁਰ ਹੀ ਆ ਟਿਕੇ। ਮਹਾਰਾਜ ਨੇ ਸਭ ਨੂੰ ਆਦਰ ਦਿੱਤਾ। ਜੋ ਵੀ ਅਨੰਦਪੁਰ ਸਾਹਿਬ ਆਉਂਦਾ, ਉਸ ਨੂੰ ਵਿਦਿਆ ਪ੍ਰਦਾਨ ਹੁੰਦੀ। ਸੰਸਕ੍ਰਿਤੀ ਗ੍ਰੰਥਾਂ ਦਾ ਵੱਖੋ-ਵੱਖ ਭਾਸ਼ਾਵਾਂ ਵਿਚ ਉਲਥਾ ਕਰਨ ਦਾ ਕਾਰਜ ਉਥੇ ਹੀ ਅਰੰਭ ਹੋ ਗਿਆ ਸੀ। ਇਸੇ ਕਾਰਜ



Scanned with CamScanner

ਨੂੰ ਪਾਉਂਟਾ ਸਾਹਿਬ ਵਿਖੇ ਟਿਕ ਕੇ 52 ਵਿਦਵਾਨ ਕਵੀਆਂ ਨੇ ਸਿਰੇ ਚੜ੍ਹਾਇਆ। ਆਪ ਜੀ ਨੇ ਇਹ ਹੁਕਮਨਾਮਾ ਵੀ ਭੇਜਿਆ ਸੀ ਕਿ ਇਲਾਕੇ ਵਿਚ ਕੋਈ ਵਿਦਵਾਨ ਹੋਵੇ ਉਸ ਨੂੰ ਪਲਿਉਂ ਖਰਚ ਦੇ ਕੇ ਅਨੰਦਪੁਰ ਸਾਹਿਬ ਭੇਜਣਾ।

**ਅਨੰਦ ਕਾਰਜ :** ਆਪ ਜੀ ਦੀ ਉਮਰ (ਆਯੂ) ਅਠਾਰਾਂ ਕੁ ਸਾਲ ਦੀ ਸੀ ਕਿ ਵਿਸਾਖੀ ਵਾਲੇ ਦਿਨ ਲਾਹੌਰ ਨਿਵਾਸੀ ਭਾਈ ਰਾਮ ਸਰਨ ਦਾਸ ਦੀ ਸਪੁੱਤਰੀ ਜੀਤੋ ਜੀ ਨਾਲ ਅਨੰਦ ਕਾਰਜ ਹੋਇਆ। ਆਪ ਜੀ ਲਾਹੌਰ ਨਹੀਂ ਸਨ ਜਾ ਸਕਦੇ, ਸੋ ਅਨੰਦਪੁਰ ਸਾਹਿਬ ਲਾਗੇ ਹੀ ਸ਼ਾਦੀ ਹੋਈ। ਉਸ ਅਸਥਾਨ ਨੂੰ ਹੁਣ ਗੁਰੂ ਕਾ ਲਾਹੌਰ ਕਹਿੰਦੇ ਹਨ।

ਰਾਜਾ ਨਾਹਨ ਦਾ ਸੱਦਾ : ਨਾਹਨ ਦੇ ਰਾਜਾ ਮੇਦਨੀ ਪ੍ਰਕਾਸ਼ ਨੂੰ ਬਾਕੀ ਪਹਾੜੀ ਰਾਜੇ ਤੰਗ ਕਰ ਰਹੇ ਸਨ। ਮੇਦਨੀ ਪ੍ਰਕਾਸ਼ ਨੂੰ ਡਰ ਸੀ ਕਿ ਜੇਕਰ ਸਾਰੇ ਪਹਾੜੀ ਰਾਜਿਆਂ ਨੇ ਮਿਲ ਕੇ ਉਸਤੇ ਹਮਲਾ ਕਰ ਦਿੱਤਾ ਤਾਂ ਉਸ ਦਾ ਬਚਣਾ ਮੁਸ਼ਕਿਲ ਹੈ। ਦੂਜੇ, ਬਾਬਾ ਰਾਮ ਰਾਇ ਨੇ ਖੁੜਬੜਾ (ਡੇਹਰਾਦੂਨ) ਵਿਚ ਆਪਣਾ ਟਿਕਾਣਾ ਬਣਾਇਆ ਹੋਇਆ ਸੀ। ਫਤਹਿ ਸ਼ਾਹ ਨੇ ਰਾਮ ਰਾਇ ਜੀ ਨਾਲ ਦੋਸਤੀ ਪਾਈ ਹੋਈ ਸੀ। ਸੋ ਮੇਦਨੀ ਪ੍ਰਕਾਸ਼ ਨੇ ਸੋਚਿਆ ਕਿ ਜੇ ਕੋਈ ਰਾਮ ਰਾਇ ਦੇ ਧਾਰਮਿਕ ਪ੍ਰਭਾਵ ਨੂੰ ਘਟਾ ਜਾਂ ਮੁਕਾ ਸਕਦਾ ਹੈ ਤਾਂ ਉਹ ਗੁਰੂ ਗੋਬਿੰਦ (ਸਿੰਘ) ਜੀ ਹੀ ਹਨ। ਉਸ ਨੇ ਗੁਰੂ ਜੀ ਨੂੰ ਕੁਝ ਦਿਨ ਸ਼ਿਕਾਰ ਖੇਡਣ ਲਈ ਸੱਦਾ ਘਲਿਆ। ਗੁਰੂ ਜੀ ਨੇ ਉਥੇ ਜਾਣਾ ਠੀਕ ਸਮਝਿਆ, ਕਿਉਂਕਿ ਦੂਰ ਪਹਾੜੀਆਂ ਵਿਚ ਉਹ ਕੁਝ ਸਮਾਂ ਗੁਜ਼ਾਰਨ ਦੀ ਲੋੜ ਮਹਿਸੂਸ ਕਰ ਰਹੇ ਸਨ।

ਪਾਉਂਟਾ ਸਾਹਿਬ : ਗੁਰੂ ਜੀ ਨੇ ਰਾਜਾ ਨਾਹਨ ਦਾ ਸੱਦਾ-ਪੱਤਰ ਪ੍ਰਵਾਨ ਕਰ ਲਿਆ, ਸੋ ਨਾਹਨ ਚਲੇ ਗਏ। ਇਕ ਦਿਨ ਸ਼ਿਕਾਰ ਖੇਡਦੇ ਦੂਰ ਤੱਕ ਨਿਕਲ ਗਏ ਅਤੇ ਇਕ ਰਮਣੀਕ ਥਾਂ ਘੋੜਾ ਟਿਕ ਗਿਆ। ਉਨ੍ਹਾਂ ਫੈਸਲਾ ਕੀਤਾ ਕਿ ਆਪਣਾ ਕੈਂਪ ਉਥੇ ਹੀ ਲਗਾਉਣਾ ਚਾਹੀਦਾ ਹੈ। ਉਸ ਪਵਿੱਤਰ ਥਾਂ ਦਾ ਨਾਂ 'ਪਾਉਂਟਾ' ਰਖਿਆ ਗਿਆ।

ਪਾਉਂਟਾ ਸਾਹਿਬ ਵਿਚ ਨਿੱਤ ਕ੍ਰਿਆ : ਸੰਨ 1684 ਈਸਵੀ ਦੇ ਸ਼ੁਰੂ ਨੂੰ ਆਪ ਜੀ ਪਾਉਂਟਾ ਸਾਹਿਬ ਆ ਗਏ। ਉਥੇ ਗੁਰੂ ਜੀ ਨੇ ਲਿਤਾੜੇ ਹੋਏ ਲੋਕਾਂ ਦੇ ਮਨ ਪੱਕੇ ਕਰਨੇ ਸ਼ੁਰੂ ਕਰ ਦਿੱਤੇ। ਗੁਰੂ ਜੀ ਨੇ ਤਰਜਮੇ ਕੀਤੇ ਤੇ ਕਰਾਏ। ਪੁਰਾਤਨ ਮਹਾਂ ਕਾਵਿ, ਜੋ ਸੰਸਕ੍ਰਿਤ ਵਿਚ ਸਨ, ਨੂੰ ਪੰਜਾਬੀ ਬਾਣਾ ਪਹਿਨਾਇਆ।



Scanned with CamScanner

**ਬਵੰਜਾ ਕਵੀਆਂ ਦਾ ਆਉਣਾ :** ਗੁਰੂ ਜੀ ਦੀ ਸ਼ੋਭਾ ਸਾਰੇ ਪਾਸੇ ਫੈਲ ਗਈ। ਔਰੰਗਜ਼ੇਬ ਦਾ ਸਮਾਂ ਹੋਣ ਕਾਰਣ, ਰਾਗ, ਮਹਿਫਲਾਂ ਤੇ ਕਵਿਤਾਵਾਂ ਉਤੇ ਪਾਬੰਦੀ ਲੱਗੀ ਹੋਈ ਸੀ। ਕਈ ਕਵੀਆਂ ਨੇ ਗੁਰੂ ਘਰ ਨੂੰ ਹੀ ਟਿਕਾਣਾ ਬਣਾ ਲਿਆ। ਸੈਨਾਪਤੀ, ਕੰਕਨ ਅਤੇ ਭਾਈ ਨੰਦ ਲਾਲ ਜੀ ਵਰਗੇ ਕਈ ਗੁਰੂ ਦਰਬਾਰ ਵਿਚ ਪੁੱਜੇ। ਰੋਜ਼ਾਨਾ ਕਵਿਤਾਵਾਂ ਉਚਾਰੀਆਂ ਜਾਂਦੀਆਂ। ਦੀਵਾਨ ਲੱਗਦੇ ਤੇ ਵੀਚਾਰਾਂ ਹੁੰਦੀਆਂ। ਸਢੌਰਾ ਦਾ ਪੀਰ ਬੁੱਧੂ ਸ਼ਾਹ ਪਾਉਂਟਾ ਸਾਹਿਬ ਵਿਖੇ ਹੀ 500 ਪਠਾਣਾਂ ਨਾਲ ਪੁੱਜਿਆ।

**ਭੰਗਾਣੀ ਦੇ ਯੁੱਧ ਦੇ ਕਾਰਨ :** ਪਹਾੜੀ ਰਾਜਿਆਂ ਨੂੰ ਆਪਣਾ ਹੀ ਡਰ ਖਾਈ ਜਾ ਰਿਹਾ ਸੀ। ਉਹ ਗੁਰੂ ਜੀ ਦਾ ਵੱਧਦਾ ਪ੍ਰਤਾਪ ਨਾ ਸਹਾਰ ਸਕੇ। ਪਹਾੜੀ ਰਾਜੇ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਨੀਵਿਆਂ ਨਾਲ ਪਿਆਰ ਕਰਨ ਨੂੰ ਮਾੜਾ ਸਮਝਦੇ ਸਨ। ਗੁਰੂ ਜੀ ਦੇ ਸਿੱਖਾਂ ਨੂੰ ਉਹ ਅਭਿਮਾਨ ਵਿਚ ਘਟੀਆ ਜਾਤ ਦਾ ਕਹਿੰਦੇ ਸਨ।

ਆਸਾਮ ਦਾ ਰਾਜਾ ਰਤਨ ਰਾਇ, ਗੁਰੂ ਜੀ ਦੇ ਦਰਸ਼ਨ ਕਰਨ ਆਇਆ। ਗੁਰੂ ਜੀ ਨੂੰ ਉਸਨੇ ਬੜੀਆਂ ਕੀਮਤੀ ਭੇਟਾਵਾਂ ਪੇਸ਼ ਕੀਤੀਆਂ, ਜਿਨ੍ਹਾਂ ਵਿਚ ਘੋੜੇ, ਸੋਨੇ ਦੀਆਂ ਕਾਠੀਆਂ, ਹਥਿਆਰ, ਪ੍ਰਸਾਦੀ ਹਾਥੀ ਤੇ ਹੋਰ ਕਾਫੀ ਕੁਝ ਸੀ। ਕਾਬਲ ਦੇ ਇਕ ਸਿੱਖ ਨੇ ਇਕ ਚੰਦੋਆ ਭੇਟਾ ਕੀਤਾ ਸੀ, ਜਿਸ ਦੀ ਕੀਮਤ ਉਸ ਸਮੇਂ ਦੋ ਲੱਖ ਰੁਪਏ ਤੋਂ ਵੀ ਵੱਧ ਸੀ।

ਭੀਮ ਚੰਦ ਨੇ ਜਦ ਇਤਨੀਆਂ ਸੁੰਦਰ ਭੇਟਾਵਾਂ ਦੀ ਖ਼ਬਰ ਸੁਣੀ ਤਾਂ ਉਨ੍ਹਾਂ ਤੇ ਕਬਜ਼ਾ ਕਰਨ ਦੀ ਸੋਚਣ ਲੱਗਾ। ਹਾਥੀ ਨੂੰ ਤਾਂ ਉਹ ਹਰ ਕੀਮਤ ਤੇ ਆਪਣੇ ਕਬਜ਼ੇ ਵਿਚ ਲਿਆਉਣਾ ਚਾਹੁੰਦਾ ਸੀ। ਭੀਮ ਚੰਦ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਉਸ ਦੇ ਪੁੱਤਰ ਦੀ ਸ਼ਾਦੀ ਤੇ ਉਸ ਨੂੰ ਕੁਝ ਸਮੇਂ ਲਈ ਪ੍ਰਸਾਦੀ ਹਾਥੀ ਦਿੱਤਾ ਜਾਏ। ਉਸਨੇ ਇਹ ਵੀ ਬੇਨਤੀ ਕੀਤੀ ਕਿ ਸ਼ਾਦੀ ਉਪਰੰਤ ਤੁਰੰਤ ਉਹ ਹਾਥੀ ਵਾਪਸ ਭੇਜ ਦੇਵੇਗਾ। ਗੁਰੂ ਜੀ ਰਾਜੇ ਦੀ ਚਾਲਾਕੀ ਜਾਣ ਗਏ। ਉਨ੍ਹਾਂ ਹਾਥੀ ਭੇਜਣ ਤੋਂ ਇਨਕਾਰ ਕਰ ਦਿੱਤਾ। ਭੀਮ ਚੰਦ ਨੇ ਰੋਸ ਮਨਾਇਆ ਤੇ ਗੁਰੂ ਜੀ ਨੂੰ ਧਮਕੀਆਂ ਭਰੇ ਖ਼ਤ ਲਿਖੇ। ਭੀਮ ਚੰਦ ਦੇ ਲੜਕੇ ਦੀ ਸ਼ਾਦੀ ਦਾ ਨਿਯਤ ਦਿਹਾੜਾ ਆ ਪੁੱਜਿਆ। ਬਰਾਤ ਸ੍ਰੀ ਨਗਰ ਜਾਣੀ ਸੀ। ਫਤਹਿ ਸ਼ਾਹ ਦੇ ਘਰ ਉਸ ਢੁੱਕਣਾ ਸੀ। ਰਸਤੇ ਵਿਚ ਹੀ ਪਾਉਂਟਾ ਪੈਂਦਾ ਸੀ। ਉਸ ਗੁਰੂ ਜੀ ਕੋਲੋਂ ਇਜਾਜ਼ਤ ਮੰਗੀ ਕਿ ਪਾਉਂਟਾ ਸਾਹਿਬ ਵਿਚੋਂ ਬਰਾਤ ਲੰਘਣ ਦਿੱਤੀ ਜਾਏ। ਗੁਰੂ ਜੀ ਨੂੰ ਸੂਹ ਪੁੱਜ ਗਈ ਸੀ ਕਿ ਭੀਮ ਚੰਦ ਨਾਲ ਕਾਫੀ ਗਿਣਤੀ ਵਿਚ ਫੌਜ ਵੀ ਹੈ। ਗੁਰੂ ਜੀ ਨੇ ਆਪਣੇ ਇਲਾਕੇ ਵਿਚੋਂ ਲੰਘਣ



Scanned with CamScanner

ਦੀ ਆਗਿਆ ਨਾ ਦਿੱਤੀ। ਫੌਜੀ ਦ੍ਰਿਸ਼ਟੀਕੋਣ ਤੋਂ ਵੀ ਇਹ ਕਰਨਾ ਜ਼ਰੂਰੀ ਸੀ। ਗੁਰੂ ਜੀ ਨੇ ਇਤਨੀ ਆਗਿਆ ਦੇ ਦਿੱਤੀ ਕਿ ਲਾੜਾ, ਕੁਝ ਸਾਥੀਆਂ ਸਮੇਤ ਲੰਘ ਸਕਦਾ ਹੈ। ਭੀਮ ਚੰਦ ਨੂੰ ਬਹੁਤ ਗੁੱਸਾ ਆਇਆ। ਇਸ ਘਟਨਾ ਤੋਂ ਬਾਅਦ ਜੰਗ ਹੋਣੀ ਅਵੱਸ਼ ਸੀ।

**ਭੰਗਾਣੀ ਦਾ ਯੁੱਧ :** ਗੁਰੂ ਜੀ ਨੇ ਲੋੜ ਮੁਤਾਬਕ ਤਿਆਰੀਆਂ ਕੀਤੀਆਂ ਅਤੇ ਯੁੱਧ ਦੀ ਸੂਰਤ ਵਿਚ ਭੰਗਾਣੀ ਨੂੰ ਯੋਗ ਥਾਂ ਵਜੋਂ ਚੁਣਿਆ। ਭੰਗਾਣੀ, ਪਾਉਂਟਾ ਸਾਹਿਬ ਤੋਂ ਛੇ ਕੁ ਮੀਲ ਦੂਰ ਹੈ। ਭੀਮ ਚੰਦ ਨੇ ਕਾਫੀ ਗਿਣਤੀ ਵਿਚ ਫ਼ੌਜ ਇਕੱਠੀ ਕਰ ਲਈ। ਕਈਆਂ ਰਾਜਿਆਂ ਨੇ ਇਕੱਠਾ ਮੁਹਾਜ਼ ਬਣਾਇਆ। ਔਰੰਗਜ਼ੇਬ ਨੇ ਵੀ ਆਪਣੇ ਚੋਣਵੇਂ ਜੁਆਨ ਭੇਜੇ। ਜੰਗ ਸ਼ੁਰੂ ਹੋਈ। ਸਿੱਖਾਂ ਨੇ ਹੱਥ ਦਿਖਾਉਣੇ ਸ਼ੁਰੂ ਕੀਤੇ। ਗੁਰੂ ਗੋਬਿੰਦ (ਸਿੰਘ) ਜੀ ਇਕ ਉਚੇ ਥੇਹ ਉਤੇ ਬੈਠੇ ਸਾਰੀ ਜੰਗ ਦੇਖ ਰਹੇ ਸਨ ਅਤੇ ਤੀਰ ਚਲਾ ਰਹੇ ਸਨ। ਪਹਾੜੀ ਰਾਜੇ ਭਾਂਜ ਖਾ ਰਹੇ ਸਨ। ਕੁਝ ਦਿਨ ਪਹਿਲਾਂ ਹੀ ਪੰਜ ਸੌ ਵਿਚੋਂ ਚਾਰ ਸੌ ਪਠਾਣ ਗੁਰੂ ਜੀ ਦਾ ਸਾਥ ਛੱਡ ਗਏ। ਜਦ ਪੀਰ ਬੁੱਧੂ ਸ਼ਾਹ ਨੂੰ ਪਤਾ ਲੱਗਾ ਤਾਂ ਉਹ ਆਪਣੇ ਮੁਰੀਦਾਂ ਅਤੇ ਪੁੱਤਰਾਂ ਨੂੰ ਲੈ ਕੇ ਭੰਗਾਣੀ ਪੁੱਜਾ।

ਜੰਗ ਆਰੰਭ ਹੋਣ ਸਮੇਂ ਹੀ ਭਾਈ ਰਾਮਾ ਕਾਸ਼ੀ ਤੋਂ ਦੋ ਲੱਕੜ ਦੀਆਂ ਤੋਪਾਂ ਲੈ ਆਇਆ ਸੀ। ਤੋਪਾਂ ਨੇ ਕਾਫੀ ਸਹਾਇਤਾ ਕੀਤੀ। ਗੁਰੂ ਜੀ ਦੀ ਭੂਆ ਬੀਬੀ ਵੀਰੋ ਜੀ ਦੇ ਪੰਜੇ ਪੁੱਤਰ ਭਾਈ ਸੰਗੋ ਸ਼ਾਹ, ਜੀਤ ਮਲ ਜੀ, ਗੋਪਾਲ ਚੰਦ ਜੀ, ਸ੍ਰੀ ਗੰਗਾ ਰਾਮ ਜੀ ਤੇ ਮੋਹਰੀ ਚੰਦ ਜੀ ਜਥਿਆਂ ਦੀ ਅਗਵਾਈ ਕਰ ਰਹੇ ਸਨ। ਇਤਨਾ ਜੋਸ਼ ਸੀ ਕਿ ਪੰਡਿਤ ਕ੍ਰਿਪਾਲ ਚੰਦ ਤੇ ਦਇਆ ਰਾਮ ਵੀ ਜੰਗ ਵਿਚ ਜੂਝ ਪਏ। ਮਹੰਤ ਕ੍ਰਿਪਾਲ ਚੰਦ ਨੇ ਤਾਂ ਆਪਣੇ ਡੰਡੇ ਨਾਲ ਹੀ ਹਯਾਤ ਖ਼ਾਨ (ਵਿਸ਼ਵਾਸ ਘਾਤੀ) ਨੂੰ ਮਾਰ ਲਿਆ। ਪਾਉਂਟਾ ਸਾਹਿਬ ਦੇ ਵਾਸੀਆਂ ਵਿਚ ਵੀ ਇਤਨੀ ਸ਼ਕਤੀ ਭਰੀ ਜਾ ਚੁੱਕੀ ਸੀ ਕਿ ਲਾਲ ਚੰਦ ਹਲਵਾਈ ਨੇ ਆਪਣੇ ਕੜਛੇ ਨਾਲ ਹੀ ਪਠਾਨ ਜਰਨੈਲ ਨੂੰ ਮਾਰ ਲਿਆ।

ਇਸ ਜੰਗ ਵਿਚ ਹਰੀ ਚੰਦ ਨੇ ਗੁਰੂ ਜੀ ਨੂੰ ਲਲਕਾਰਨ ਤੋਂ ਬਾਅਦ ਉਨ੍ਹਾਂ ਤੇ ਤਿੰਨ ਵਾਰ ਕੀਤੇ ਤਾਂ ਉਸ ਤੋਂ ਬਾਅਦ ਗੁਰੂ ਜੀ ਨੇ ਉਸ ਉੱਤੇ ਕੱਸ ਕੇ ਤੀਰ ਚਲਾਇਆ। ਉਹ ਉਥੇ ਹੀ ਚਿੱਤ ਹੋ ਗਿਆ ਅਤੇ ਪਹਾੜੀ ਰਾਜਿਆਂ ਦੀ ਫ਼ੌਜ ਭੱਜ ਉਠੀ। ਵਾਹਿਗੁਰੂ ਦੀ ਕ੍ਰਿਪਾ ਨਾਲ ਜਿੱਤ ਹੋ ਗਈ। ਇਹ ਯੁੱਧ ਫਰਵਰੀ, ਸੰਨ 1686 ਈਸਵੀ ਵਿਚ ਹੋਇਆ।

**ਪਾਉਂਟਾ ਸਾਹਿਬ ਕੁਝ ਚਿਰ ਹੀ ਟਿਕੇ :** ਇਸ ਯੁੱਧ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਨੇ ਪਾਉਂਟਾ ਸਾਹਿਬ ਵਿਖੇ ਹੋਰ ਬਹੁਤ ਚਿਰ ਲਈ ਟਿਕਾਣਾ



Scanned with CamScanner

ਰੱਖਣਾ ਠੀਕ ਨਾ ਜਾਣਿਆ ਅਤੇ ਆਪ ਜੀ ਪਾਉਂਟਾ ਸਾਹਿਬ ਤੋਂ ਜਨਵਰੀ, 1687 ਈਸਵੀ ਦੇ ਸ਼ੁਰੂ ਵਿਚ ਅਨੰਦਪੁਰ ਸਾਹਿਬ ਵਿਖੇ ਆ ਗਏ।

ਬਾਬਾ ਅਜੀਤ ਸਿੰਘ ਜੀ ਦਾ ਜਨਮ : ਬਾਬਾ ਅਜੀਤ ਸਿੰਘ ਜੀ ਦਾ ਜਨਮ 7 ਜਨਵਰੀ, 1687 ਈਸਵੀ ਨੂੰ ਪਾਉਂਟਾ ਸਾਹਿਬ ਵਿਖੇ ਹੋਇਆ। ਉਸ ਦਾ ਨਾਮ ਅਜੀਤ ਸਿੰਘ ਇਸ ਲਈ ਰਖਿਆ ਗਿਆ, ਕਿਉਂਕਿ ਸਿੱਖਾਂ ਨੇ ਹੁਣੇ ਹੀ ਜਿੱਤ ਪ੍ਰਾਪਤ ਕੀਤੀ ਸੀ। ਬਾਬਾ ਜੁਝਾਰ ਸਿੰਘ ਜੀ ਦਾ ਜਨਮ ਸੰਨ 1689 ਈਸਵੀ 'ਚ, ਬਾਬਾ ਜ਼ੋਰਾਵਰ ਸਿਘ ਜੀ ਦਾ ਜਨਮ ਸੰਨ 1696 ਈਸਵੀ 'ਚ ਅਤੇ ਬਾਬਾ ਫਤਹਿ ਸਿੰਘ ਜੀ ਦਾ ਜਨਮ ਸੰਨ, 1699 ਈਸਵੀ 'ਚ ਹੋਇਆ।

ਆਨੰਦਪੁਰ ਸਾਹਿਬ ਵਿਖੇ ਛੇ ਕਿਲ੍ਹੇ ਬਨਾਉਣੇ : ਕਨਿੰਘਮ ਲਿਖਦਾ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਕ ਪੁੱਜੇ ਹੋਏ ਫੌਜੀ ਜਰਨੈਲ ਸਨ। ਉਨ੍ਹਾਂ ਦੀਆਂ ਸਾਰੀਆਂ ਜਿੱਤਾਂ ਉਨ੍ਹਾਂ ਦੀ ਸਿਆਣਪ ਤੇ ਸੂਝ ਦਾ ਹੀ ਨਤੀਜਾ ਸਨ। ਗੁਰੂ ਜੀ ਨੇ ਕਿਲ੍ਹਿਆਂ ਦੀ ਉਸਾਰੀ ਸ਼ੁਰੂ ਕੀਤੀ। ਕਿਲ੍ਹਿਆਂ ਲਈ ਖਾਸ-ਖਾਸ ਥਾਵਾਂ ਨਿਯਤ ਕੀਤੀਆਂ ਗਈਆਂ। ਸਤਲੁਜ ਤੋਂ ਪਾਰ ਤਿੰਨ ਕਿਲ੍ਹੇ ਲੋਹਗੜ੍ਹ, ਹੋਲਗੜ੍ਹ ਅਤੇ ਨਿਰਮੋਹਗੜ੍ਹ ਬਣਾਏ ਗਏ ਅਤੇ ਦਰਿਆ ਦੇ ਉਪਰ ਕੁਝ ਫਾਸਲੇ ਉਤੇ ਫਤਹਿਗੜ੍ਹ, ਅਨੰਦਗੜ੍ਹ ਅਤੇ ਕੇਸਗੜ੍ਹ ਦੇ ਕਿਲੇ ਉਸਾਰੇ ਗਏ। ਇਨ੍ਹਾਂ ਕਿਲ੍ਹਿਆਂ ਦਾ ਟਿਕਾਣਾ ਐਸਾ ਸੀ ਕਿ ਕਦੀ ਵੀ ਹਾਰ ਨਹੀਂ ਸੀ ਹੋ ਸਕਦੀ। ਹਮਲਾਵਰ ਅਨੰਦਗੜ੍ਹ ਦੇ ਕਿਲ੍ਹੇ ਤੋਂ ਦੂਰ ਹੀ ਰੋਕਿਆ ਜਾ ਸਕਦਾ ਸੀ।

ਹੋਲਾ ਮਹੱਲਾ : ਗੁਰੂ ਗੋਬਿੰਦ ਸਿੰਘ ਜੀ ਨੇ ਹੋਲੀ ਦਾ ਸੁਭਾਅ ਬਦਲਿਆ ਤੇ ਹੋਲਾ-ਮਹੱਲਾ ਚਾੜ੍ਹਣ ਦੀ ਰੀਤ ਬਣਾਈ। ਹਥਿਆਰਾਂ ਦੀ ਵਰਤੋਂ ਕੇਵਲ ਇਕ ਸ਼ਰੇਣੀ ਲਈ ਨਹੀਂ ਸੀ, ਹਰ ਇਕ ਲਈ ਸੀ। ਆਪ ਜੀ ਅਨੰਦਪੁਰ ਸਾਹਿਬ ਵਿਖੇ ਦੋ ਟੁਕੜੀਆਂ ਵਿਚ ਫੌਜ ਨੂੰ ਵੰਡ ਕੇ ਹੋਲਾ-ਮਹੱਲਾ ਵਾਲੇ ਦਿਨ ਸੱਚ-ਮੁੱਚ ਦੀ ਜੰਗ ਕਰਾਉਂਦੇ ਤੇ ਜੇਤੂਆਂ ਨੂੰ ਇਨਾਮ ਬਖਸ਼ਦੇ। ਹੋਲਾ-ਮਹੱਲਾ ਵਾਲੇ ਦਿਨ ਹੀ ਨੌਜਵਾਨ ਧਰਮ ਤੇ ਆਪਾ ਵਾਰਨ ਲਈ ਪ੍ਰਣ ਕਰਦੇ।

ਨਦੌਨ ਦੀ ਜੰਗ : ਅਲਫ ਖਾਨ ਨੇ ਆਪਣੀਆਂ ਫੌਜਾਂ ਨਦੌਨ ਦੇ ਲਾਗੇ ਇਕੱਠੀਆਂ ਕੀਤੀਆਂ। ਗੁਰੂ ਜੀ ਆਪ ਚੋਣਵੇਂ 500 ਜੁਆਨ ਲੈ ਕੇ ਪੁੱਜੇ। ਇਸ ਜੰਗ ਦਾ ਹਾਲ ਬੱਚਿਤ੍ਰ ਨਾਟਕ ਵਿਚ ਅੰਕਤ ਕੀਤਾ ਗਿਆ ਹੈ। ਗਹਿਗਚ ਲੜਾਈ ਉਪਰੰਤ ਅਲਫ ਖ਼ਾਨ ਹਾਰ ਖਾ ਕੇ ਭੱਜ ਗਿਆ ਤੇ ਮੈਦਾਨ ਸਾਂਝੀਆਂ ਫੌਜਾਂ ਦੇ ਹੱਥ ਰਿਹਾ। ਪਹਾੜੀ ਰਾਜਿਆਂ ਨੇ ਵੀ ਜਿੱਤ ਦੇ ਸਿਹਰੇ ਦਾ ਕਾਰਨ ਗੁਰੂ ਜੀ ਨੂੰ ਕਿਹਾ।



Scanned with CamScanner

**ਹੁਸੈਨੀ ਦਾ ਯੁੱਧ (ਸੰਨ 1693) :** ਕਾਂਗੜੇ ਦੇ ਫੌਜਦਾਰ ਦਿਲਾਵਰ ਖਾਨ ਨੇ ਆਪਣੇ ਪੁੱਤਰ ਨੂੰ ਅਨੰਦਪੁਰ ਸਾਹਿਬ ਤੇ ਚੜ੍ਹਾਈ ਕਰਨ ਲਈ ਭੇਜਿਆ ਤਾਂ ਕਿ ਅਲਫ ਖਾਨ ਦੀ ਹਾਰ ਦਾ ਬਦਲਾ ਲਿਆ ਜਾ ਸਕੇ। ਉਸ ਨੇ ਰਾਤ ਦੇ ਸਮੇਂ ਹਮਲਾ ਕਰਨ ਦੀ ਵਿਉਂਤ ਬਣਾਈ। ਭਾਈ ਆਲਮ ਚੰਦ ਨੇ ਰਾਤੋ-ਰਾਤ ਆ ਕੇ ਹਮਲੇ ਦੀ ਖ਼ਬਰ ਗੁਰੂ ਜੀ ਨੂੰ ਦੇ ਦਿੱਤੀ। ਰਾਤ ਨੂੰ ਰਣਜੀਤ ਨਗਾਰੇ ਵੱਜ ਗਏ। ਜੈਕਾਰਿਆਂ ਦੀ ਗੂੰਜ ਵਿਚ ਸਿੱਖ ਫੌਜੀ ਟਾਕਰੇ ਲਈ ਟੁਰ ਪਏ। ਦਿਲਾਵਰ ਦਾ ਪੁੱਤਰ ਬਗ਼ੈਰ ਟਾਕਰੇ ਹੀ ਭੱਜ ਉਠਿਆ।

ਦਿਲਾਵਰ ਖਾਨ ਨੇ ਹੁਣ ਆਪਣੇ ਖਾਸ ਜਰਨੈਲ ਹੁਸੈਨ ਖਾਨ ਨੂੰ ਸੰਨ 1693 ਈਸਵੀ ਵਿਚ ਫੌਜਾਂ ਦੇ ਕੇ ਹਮਲਾ ਕਰਨ ਲਈ ਭੇਜਿਆ। ਪਹਾੜੀ ਰਾਜਿਆਂ ਨੇ ਉਸ ਮੌਕੇ ਉਤੇ ਚੁੱਪ ਸਾਧੀ ਰੱਖੀ। ਉਹ ਦਿਲੋਂ ਚਾਹੁੰਦੇ ਸਨ ਕਿ ਗੁਰੂ ਜੀ ਦੀ ਕਿਸੇ ਤਰ੍ਹਾਂ ਹੇਠੀ ਹੋਵੇ। ਕਟੋਚ ਤੇ ਬਿਲਾਸਪੁਰ ਦੇ ਰਾਜੇ ਤਾਂ ਹੁਸੈਨ ਖਾਨ ਦੀ ਮੱਦਦ ਕਰ ਰਹੇ ਸਨ। ਜੰਗ ਵਿਚ ਹੁਸੈਨ ਖਾਨ ਤੇ ਕਟੋਚ ਦਾ ਰਾਜਾ ਮਾਰੇ ਗਏ। ਭਾਈ ਸੰਗਤੀਆਂ ਤੇ ਸੱਤ ਸਾਥੀ ਵੀ ਸ਼ਹੀਦ ਹੋ ਗਏ। ਗੁਲੇਰ ਦੇ ਰਾਜੇ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਧੰਨਵਾਦ ਕੀਤਾ।

**ਔਰੰਗਜ਼ੇਬ ਦੁਆਰਾ ਸ਼ਹਿਜ਼ਾਦਾ ਮੁਅੱਜ਼ਮ ਨੂੰ ਭੇਜਣਾ :** ਔਰੰਗਜ਼ੇਬ ਨੂੰ ਜਦ ਇਨ੍ਹਾਂ ਸਾਰੀਆਂ ਹਾਰਾਂ ਦਾ ਪਤਾ ਲੱਗਾ ਤਾਂ ਔਰੰਗਜ਼ੇਬ ਨੇ ਆਪਣੇ ਪੁੱਤਰ ਸ਼ਹਿਜ਼ਾਦਾ ਮੁਅੱਜ਼ਮ ਨੂੰ 13 ਜੁਲਾਈ, 1696 ਈਸਵੀ ਨੂੰ ਪੰਜਾਬ ਦੇ ਮਸਲੇ ਨਜਿੱਠਣ ਲਈ ਭੇਜਿਆ। ਮੁਅੱਜ਼ਮ ਨੇ ਲਾਹੌਰ ਆਪਣਾ ਟਿਕਾਣਾ ਬਣਾਇਆ ਤੇ ਮਿਰਜ਼ਾ ਬੇਗ ਨੂੰ ਫੌਜਾਂ ਦੇ ਕੇ ਪਹਾੜੀ ਰਾਜਿਆਂ ਅਤੇ ਗੁਰੂ ਜੀ ਦੀ ਤਾਕਤ ਨੂੰ ਮਿਟਾਉਣ ਲਈ ਭੇਜਿਆ। ਮਿਰਜ਼ਾ ਬੇਗ ਨੇ ਗੁਰੂ ਜੀ ਵਿਰੁੱਧ ਹਮਲਾ ਕਰਨਾ ਠੀਕ ਨਾ ਸਮਝਿਆ ਸਗੋਂ ਉਸ ਨੇ ਗੁਰੂ ਦੋਖੀਆਂ ਨੂੰ ਸਜ਼ਾਵਾਂ ਦਿੱਤੀਆਂ। ਕਿਸੇ ਗੁਰਸਿੱਖ ਦਾ ਵਾਲ ਤੱਕ ਵਿੰਗਾ ਨਾ ਹੋਇਆ। ਸਿੱਖ ਰਵਾਇਤ ਹੈ ਕਿ ਭਾਈ ਨੰਦ ਲਾਲ ਜੀ, ਜੋ ਸ਼ਹਿਜ਼ਾਦੇ ਦੇ ਮੀਰ ਮੁਨਸ਼ੀ ਸਨ, ਨੇ ਸ਼ਹਿਜ਼ਾਦੇ ਨੂੰ ਗੁਰੂ ਵਿਰੁੱਧ ਕਾਰਵਾਈ ਕਰਨ ਤੋਂ ਵਰਜਿਆ। ਸ਼ਹਿਜ਼ਾਦਾ ਵੀ ਗੁਰੂ ਜੀ ਦੀ ਅਜ਼ਮਤ ਤੋਂ ਜਾਣੂ ਸੀ। ਸਿੱਖਾਂ ਦੀ ਮਜ਼ਬੂਤ ਜਥੇਬੰਦੀ ਦਾ ਉਹ ਵੀ ਕਾਇਲ ਹੋ ਗਿਆ। ਸਿੱਖਾਂ ਦਾ ਗੁਰੂ ਪ੍ਰਤੀ ਪਿਆਰ ਦੇਖ ਕੇ ਉਹ ਹੈਰਾਨ ਹੋਇਆ। ਮੁਅੱਜ਼ਮ ਵੀ ਅਗਾਂਹ ਦੀ ਸੋਚਣ ਲੱਗਾ ਅਤੇ ਉਸ ਨੇ ਸਮਝਿਆ ਕਿ ਗੁਰੂ ਜੀ ਨਾਲ ਦੋਸਤੀ ਕਿਸੇ ਬਿਖੜੇ ਸਮੇਂ ਕੰਮ ਆਏਗੀ। ਸੋ ਜੰਗ ਕਰਨ ਦੀ ਬਜਾਇ ਗੁਰੂ ਜੀ ਵੱਲ ਸ਼ਹਿਜ਼ਾਦੇ ਨੇ ਦੋਸਤੀ ਦਾ ਹੱਥ ਵਧਾਇਆ ਤੇ ਮਿਰਜ਼ਾ ਬੇਗ ਨੇ ਪਹਾੜੀ ਰਾਜਿਆਂ ਨੂੰ ਲੱਕ ਤੋੜਵੀਂ ਹਾਰ ਦਿੱਤੀ।



Scanned with CamScanner

ਮਸੰਦਾਂ ਨੂੰ ਸਜ਼ਾਵਾਂ : ਗੁਰੂ ਜੀ ਨੇ ਇਹ ਪਰਤੱਖ ਦੇਖ ਲਿਆ ਸੀ ਕਿ ਜਥੇਬੰਦੀ ਵਿਚ ਰੁਕਾਵਟ ਦਾ ਕਾਰਨ ਇਹ ਮਸੰਦ ਹੀ ਸਨ। ਮਸੰਦਾਂ ਦੀਆਂ ਕਰਤੂਤਾਂ ਦੀ ਖ਼ਬਰ ਉਨ੍ਹਾਂ ਨੂੰ ਮਿਲਦੀ ਰਹਿੰਦੀ ਸੀ। ਸੋ ਗੁਰੂ ਜੀ ਨੇ ਸਭ ਪਾਸੇ ਹੁਕਮਨਾਮੇ ਭੇਜੇ ਕਿ ਮਸੰਦਾਂ ਨੂੰ ਬਿਲਕੁਲ ਹੀ ਨਹੀਂ ਮੰਨਣਾ। ਬੰਸਾਵਲੀ ਨਾਮਾ ਦੀ ਗਵਾਹੀ ਵੀ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਮਸੰਦਾਂ ਨੂੰ ਕਰੜੀਆਂ ਸਜ਼ਾਵਾਂ ਵੀ ਦਿੱਤੀਆਂ।

## ਪੰਥ ਸਾਜਣਾ

ਹੁਕਮਨਾਮੇ ਭੇਜਣਾ : ਚਾਰੇ ਪਾਸੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਹੁਕਮਨਾਮੇ ਭੇਜੇ ਕਿ ਪਹਿਲੀ ਵਿਸਾਖੀ ਸੰਮਤ 1756 (ਸੰਨ 1699 ਈ:) ਨੂੰ ਸਾਰੇ ਸਿੱਖ ਅਨੰਦਪੁਰ ਸਾਹਿਬ ਪੁੱਜਣ। ਵਿਸਾਖੀ ਵਾਲੇ ਦਿਨ 30 ਮਾਰਚ, 1699 ਈ: ਨੂੰ ਕੇਸਗੜ੍ਹ ਸਾਹਿਬ ਵਿਖੇ ਇਕ ਭਾਰੀ ਦੀਵਾਨ ਸਜਾਇਆ ਗਿਆ। ਦੀਵਾਨ ਦੇ ਲਾਗੇ ਇਕ ਛੋਟਾ ਜਿਹਾ ਤੰਬੂ ਲਗਾਇਆ ਗਿਆ ਸੀ। ਕੀਰਤਨ ਉਪਰੰਤ ਗੁਰੂ ਜੀ ਨੇ ਆਪਣੀ ਕ੍ਰਿਪਾਨ ਮਿਆਨ ਵਿਚੋਂ ਕੱਢੀ ਤੇ ਗਰਜ ਕੇ ਕਿਹਾ 'ਕੋਈ ਹੈ ਜੋ ਗੁਰੂ ਨਾਨਕ ਦੇ ਆਸ਼ਿਆਂ ਤੇ ਨਿਸ਼ਾਨਿਆਂ ਲਈ ਜਾਨ ਵਾਰਨ ਲਈ ਤਿਆਰ ਹੋਵੇ।'' ਇਹ ਸੁਣ ਕੇ ਚਾਰੇ ਪਾਸੇ ਚੁੱਪ ਛਾ ਗਈ। ਭਰੇ ਹੋਏ ਦੀਵਾਨ ਵਿਚ ਸੱਨਾਟਾ ਛਾ ਗਿਆ। ਥੋੜ੍ਹੀ ਦੇਰ ਪਿਛੋਂ ਦਇਆ ਰਾਮ ਨਾਮ ਦਾ ਲਾਹੌਰ ਦੇ ਰਹਿਣ ਵਾਲਾ ਖੱਤਰੀ ਉਠਿਆ। ਉਸ ਨੇ ਆਪਣੇ ਆਪ ਨੂੰ ਪੇਸ਼ ਕੀਤਾ। ਗੁਰੂ ਜੀ ਉਸ ਨੂੰ ਤੰਬੂ ਵਿਚ ਲੈ ਗਏ। ਜਦੋਂ ਗੁਰੂ ਜੀ ਇੱਕਲੇ ਵਾਪਸ ਆਏ ਤਾਂ ਲਹੂ ਭਿੱਜੀ ਤਲਵਾਰ ਨਾਲ ਇੱਕ ਹੋਰ ਸਿਰ ਦੀ ਮੰਗ ਕੀਤੀ। ਦੂਜੀ ਵਾਰ ਦਿੱਲੀ ਦੇ ਰਹਿਣ ਵਾਲੇ ਧਰਮ ਦਾਸ ਜੱਟ ਨੇ ਆਪਾ ਪੇਸ਼ ਕੀਤਾ। ਤੀਜੀ ਵਾਰ ਜਗਨ ਨਾਥ (ਉੜੀਸਾ) ਦੇ ਰਹਿਣ ਵਾਲੇ ਭਾਈ ਹਿੰਮਤ ਰਾਏ, ਚੌਥੀ ਵਾਰ ਮੁਹਕਮ ਚੰਦ, ਦਵਾਰਕਾ ਦੇ ਰਹਿਣ ਵਾਲੇ ਇਕ ਛੀਬਿ ਅਤੇ ਪੰਜਵੀਂ ਵਾਰੀ ਸਾਹਿਬ ਚੰਦ ਬਿਦਰ (ਆਂਧਰਾ) ਦੇ ਰਹਿਣ ਵਾਲੇ ਨਾਈ ਨੇ ਆਪਣਾ ਸੀਸ ਪੇਸ਼ ਕੀਤਾ।

ਗੁਰੂ ਜੀ ਨੇ ਉਨ੍ਹਾਂ ਨੂੰ ਤੰਬੂ ਵਿਚ ਲਿਜਾ ਕੇ ਸੁੰਦਰ ਪੁਸ਼ਾਕੇ ਪਹਿਨਾਏ ਅਤੇ ਸੰਗਤਾਂ ਸਾਹਮਣੇ ਲਿਆਂਦਾ। ਸੰਗਤਾਂ ਦੇ ਸਾਹਮਣੇ ਹੀ ਅੰਮ੍ਰਿਤ ਤਿਆਰ ਕੀਤਾ ਗਿਆ ਅਤੇ ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਛਕਾ ਕੇ ਸਿੰਘ ਸਜਾਇਆ ਗਿਆ। ਉਨਾਂ ਦੇ ਨਾਮ ਨਾਲ 'ਸਿੰਘ' ਲਗਾਇਆ ਅਤੇ ਫੁਰਮਾਇਆ 'ਹੁਣ ਤੁਹਾਡੀ ਕੋਈ ਜਾਤ, ਵਰਣ ਨਹੀਂ ਅਤੇ ਸਾਰੇ ਅਨੰਦਪੁਰ ਦੇ ਵਾਸੀ ਹੋ। ਉਨ੍ਹਾਂ ਪੰਜਾਂ ਨੂੰ ਗੁਰੂ ਜੀ ਨੇ 'ਪਿਆਰੇ' ਕਿਹਾ। ਉਨ੍ਹਾਂ ਨੂੰ ਅੰਮ੍ਰਿਤ ਛਕਾ ਕੇ ਗੁਰੂ ਜੀ ਨੇ ਆਪ



Scanned with CamScanner

ਅੰਮ੍ਰਿਤ ਛਕਣ ਦੀ ਯਾਚਨਾ ਕੀਤੀ। ਸੰਸਾਰ ਦੇ ਧਾਰਮਿਕ ਇਤਿਹਾਸ ਵਿਚ ਇਹ ਪਹਿਲਾ ਇਨਕਲਾਬੀ ਕਦਮ ਚੁੱਕਿਆ ਗਿਆ। ਪੰਜਾਂ ਨੇ ਗੁਰੂ ਜੀ ਨੂੰ ਛਕਾਇਆ। ਇਸੇ ਕਦਮ ਨੂੰ ਦੇਖ ਕੇ ਭਾਈ ਗੁਰਦਾਸ ਜੀ ਨੇ ਲਿਖਿਆ ਸੀ "ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ"। ਅੰਮ੍ਰਿਤ ਦੀ ਰਸਮ ਪੂਰੀ ਹੋ ਜਾਣ ਉਪਰੰਤ ਹਾਜ਼ਰ ਹੋਈਆਂ ਸੰਗਤਾਂ ਨੂੰ ਗੁਰੂ ਜੀ ਨੇ ਸੰਬੋਧਨ ਕਰਦੇ ਕਿਹਾ ਕਿ "ਮੈਂ ਚਾਹੁੰਦਾ ਹਾਂ ਕਿ ਤੁਸੀਂ ਸਾਰੇ ਇਕ ਰਾਹ ਤੇ ਚੱਲੋ ਅਤੇ ਇਕ ਧਰਮ ਅਪਣਾਓ। ਵੱਖ-ਵੱਖ ਜਾਤਾਂ ਦੇ ਵਖਰੇਵੇਂ ਮਿਟਾ ਦਿਓ। ਹਿੰਦੂਆਂ ਦੀਆਂ ਚਾਰ ਜਾਤਾਂ ਜਿਨ੍ਹਾਂ ਦਾ ਵਰਣਨ ਸ਼ਾਸਤਰਾਂ ਵਿਚ ਆਇਆ ਹੈ, ਮੁੱਢ ਤੋਂ ਮੁਕਾ ਦਿਓ ਅਤੇ ਇਕ ਦੂਜੇ ਨਾਲੋਂ ਆਪਣੇ ਆਪ ਨੂੰ ਵੱਡਾ ਨਾ ਸਮਝੋ। ਸਾਰੀਆਂ ਜਾਤਾਂ ਇਕ ਬਾਟੇ ਵਿਚੋਂ ਅੰਮ੍ਰਿਤ ਛੱਕ ਕੇ ਇਕ ਦੂਜੇ ਲਈ ਪਿਆਰ ਪੈਦਾ ਕਰਕੇ, ਨਫ਼ਰਤ ਨੂੰ ਦੂਰ ਕਰੋ।

ਇਸ ਵਖਿਆਨ (ਤਕਰੀਰ) ਦਾ ਅਸਰ ਇਹ ਹੋਇਆ ਕਿ ਬੇਅੰਤ ਸੰਗਤਾਂ ਨੇ ਉਸੇ ਦਿਨ ਅੰਮ੍ਰਿਤ ਛਕਿਆ। ਗੁਲਾਮ-ਮੁਹੀ-ਉੱਦ-ਦੀਨ ਜੋ ਸਮਕਾਲੀ ਲਿਖਾਰੀ ਹੈ, ਲਿਖਦਾ ਹੈ ਕਿ "ਭਾਵੇਂ ਕਈਆਂ ਨੇ ਇਕ ਬਾਟੇ ਵਾਲਾ ਅੰਮ੍ਰਿਤ ਛਕਣ ਤੋਂ ਇਨਕਾਰ ਕੀਤਾ ਪਰ ਫਿਰ ਵੀ 20,000 ਨੇ ਆਪਣੇ ਆਪ ਨੂੰ ਪੇਸ਼ ਕੀਤਾ ਤੇ ਗੁਰੂ ਦੇ ਦੱਸੇ ਹੋਏ ਹੁਕਮਾਂ ਉਤੇ ਟੁਰਨ ਦਾ ਪ੍ਰਣ ਲਿਆ।"

ਪਿਛੋਂ ਥਾਂ-ਥਾਂ ਹੁਕਮਨਾਮੇ ਭੇਜੇ ਤਾਂ ਕਿ ਰਹਿਤ ਪੱਕੀ ਦ੍ਰਿੜ੍ਹ ਕਰਾਈ ਜਾ ਸਕੇ। ਖਾਲਸੇ ਨੂੰ ਆਪਣਾ ਨਿੱਜੀ ਰੂਪ ਕਿਹਾ।

'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ' ਬੁਲਾਉਣ ਦੀ ਆਗਿਆ ਕੀਤੀ। ਖਾਲਸਾ ਕਿਸੇ ਦਾ ਨਿੱਜੀ ਗੁਲਾਮ ਨਹੀਂ। ਉਹ ਸੁਤੰਤਰ ਹੈ, ਸਰਬ ਸਮਰੱਥ ਹੈ।

ਸਿੱਖਾਂ ਨੂੰ ਕੇਸ ਰੱਖਣ ਦਾ ਹੁਕਮ ਦਿੱਤਾ ਅਤੇ ਕੇਸ ਅਸਾਡੀ ਮੁਹਰ ਆਖਿਆ। ਕੰਘਾ, ਕਿਰਪਾਨ, ਕਛਹਿਰਾ ਤੇ ਕੜਾ ਪਹਿਨਣ ਤੇ ਆਪਣੇ ਅੰਗ-ਸੰਗ ਰੱਖਣ ਦਾ ਹੁਕਮ ਦਿੱਤਾ। ਨਾਲ ਹੀ ਚਾਰ ਗੱਲਾਂ ਤੋਂ ਬਚਣ ਲਈ ਕਿਹਾ : ਪਹਿਲੇ, ਕੇਸਾਂ ਦੀ ਬੇਅਦਬੀ ਨਹੀਂ ਕਰਨੀ, ਦੂਜੇ, ਪਰ-ਤਨ-ਗਾਮੀ ਨਹੀਂ ਹੋਣਾ, ਤੀਜੇ ਅਭਾਖਿਆ ਕਾ ਕੁੱਠਾ ਨਹੀਂ ਖਾਣਾ, ਚੌਥੇ ਜਗਤ ਝੂਠ ਤਮਾਕੂ ਨਹੀਂ ਵਰਤਣਾ। ਇਨ੍ਹਾਂ ਨੂੰ ਚਾਰ ਬੱਜਰ ਕੁਰਹਿਤਾਂ ਦੱਸਿਆ। ਜਿਥੇ ਪੰਜਾਂ ਕਕਾਰਾਂ ਦਾ ਧਾਰਨੀ ਹੋ ਕੇ ਸਿੱਖ ਕੌਮ ਦੀ ਫ਼ੌਜ ਦਾ ਸਿਪਾਹੀ ਬਣਨਾ ਹੈ ਉਥੇ ਸੰਤਤਾਈ ਵੀ ਹੱਥੋਂ ਨਹੀਂ ਗੁਆਣੀ।



Scanned with CamScanner

**ਪਹਾੜੀ ਰਾਜਿਆਂ ਦੀ ਈਰਖਾ ਵਿਚ ਵਾਧਾ :** ਪਹਾੜੀ ਰਾਜਿਆਂ ਨੇ ਕੋਸ਼ਿਸ਼ ਕੀਤੀ ਕਿ ਗੁਰੂ ਜੀ ਅੰਮ੍ਰਿਤ ਛਕਾਉਣਾ ਬੰਦ ਕਰ ਦੇਣ, ਪਰ ਸਫਲ ਨਾ ਹੋ ਸਕੇ। ਉਨ੍ਹਾਂ ਨੇ ਔਰੰਗਜ਼ੇਬ ਨੂੰ ਫਿਰ ਲਿਖ ਭੇਜਿਆ ਕਿ ਇਸ ਵੱਧ ਰਹੀ ਤਾਕਤ ਨੂੰ ਰੋਕਿਆ ਜਾਏ। ਔਰੰਗਜ਼ੇਬ ਉਨ੍ਹਾਂ ਦਿਨਾਂ ਵਿਚ ਦੱਖਣ ਵਿਚ ਸੀ। ਗੁਰੂ ਜੀ ਨਾਲ ਪਹਾੜੀ ਰਾਜਿਆਂ ਨੇ ਫਿਰ ਝੜਪਾਂ ਲੈਣੀਆਂ ਸ਼ੁਰੂ ਕਰ ਦਿੱਤੀਆਂ। ਉਨ੍ਹਾਂ ਝੜਪਾਂ ਵਿਚ ਪਹਾੜੀ ਰਾਜਿਆਂ ਨੂੰ ਕਰਾਰੀਆਂ ਹਾਰਾਂ ਹੋਈਆਂ।

## ਉਸਾਰੀ ਦੇ ਹੋਰ ਕੰਮ :

**ਵਿਦਿਆ ਪ੍ਰਾਪਤੀ ਲਈ ਸਿੱਖਾਂ ਨੂੰ ਭੇਜਣਾ :** ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਨੂੰ ਹਰ ਪ੍ਰਕਾਰ ਨਿਪੁੰਨ ਕਰਨ ਲਈ ਤੇ ਬ੍ਰਾਹਮਣੀ ਦਾਬਾ ਉਤਾਰਨ ਲਈ ਸਿੰਘਾਂ ਨੂੰ ਸੰਸਕ੍ਰਿਤ ਤੇ ਹੋਰ ਪੜ੍ਹਾਈ ਕਰਨ ਲਈ ਬਨਾਰਸ ਵਿਖੇ ਭੇਜਿਆ। ਜੋ ਪਹਿਲੇ ਪੰਜ ਵਿਅਕਤੀ ਭੇਜੇ, ਉਨ੍ਹਾਂ ਦੇ ਨਾਂ ਭਾਈ ਕਰਮ ਸਿੰਘ, ਭਾਈ ਗੰਡਾ ਸਿੰਘ, ਭਾਈ ਵੀਰ ਸਿੰਘ, ਭਾਈ ਸੋਭਾ ਸਿੰਘ ਤੇ ਭਾਈ ਰਾਮ ਸਿੰਘ ਸਨ। ਉਨ੍ਹਾਂ ਨੇ ਭਗਵੇਂ ਕੱਪੜੇ ਪਾਏ ਜਿਸ ਕਰਕੇ ਨਿਰਮਲੇ ਕਹਿਲਾਏ। ਉਨ੍ਹਾਂ ਨੇ ਵਿੱਦਿਆ ਪ੍ਰਾਪਤ ਕਰਕੇ ਸਿੱਖੀ ਦੇ ਵਿਚਾਰ ਨੂੰ ਬਹੁਤ ਅਗਾਂਹ ਵਧਾਇਆ।

**ਅਨੰਦਪੁਰ ਸਾਹਿਬ ਵਿਖੇ ਲੜਾਈਆਂ :** ਅਨੰਦਪੁਰ ਸਾਹਿਬ ਦੇ ਖੁਲ੍ਹੇ ਮੈਦਾਨ ਵਿਚ ਪਹਾੜੀ ਰਾਜਿਆਂ ਅਤੇ ਔਰੰਗਜ਼ੇਬ ਦੇ ਹੁਕਮ ਨਾਲ ਸਰਹੰਦ ਦੇ ਵਜ਼ੀਰ ਖਾਂ ਦੀਆਂ ਫੌਜਾਂ ਨਾਲ ਤਿੰਨ ਜੰਗਾਂ ਗੁਰੂ ਗੋਬਿੰਦ ਸਿੰਘ ਅਤੇ ਸਿੱਖ ਯੋਧਿਆਂ ਨੇ ਲੜੀਆਂ। ਗੁਰੂ ਨੂੰ ਵੰਗਾਰਨ ਵਾਲੇ ਚਿੱਤ ਹੋਏ। ਭਾਈ ਬਚਿੱਤਰ ਸਿੰਘ ਵਿਚ ਗੁਰੂ ਦੀ ਜਾਹਰੀ ਕਲਾ ਵਰਤੀ। ਮਸਤ ਹਾਥੀ ਨੇ ਉਲਟਾ ਪਹਾੜੀ ਫੌਜਾਂ ਨੂੰ ਹੀ ਕੁਚਲ ਦਿੱਤਾ। ਪੀਰ ਬੁੱਧੂ ਸ਼ਾਹ ਦਾ ਸਾਲਾ ਸੈਦ ਖਾਨ ਫੌਜਾਂ ਲੈ ਕੇ ਚੜ੍ਹਿਆ ਪਰ ਗੁਰੂ ਕੇ ਦੀਦਾਰ ਕਰਕੇ ਗੁਰੂ ਘਰ ਦਾ ਬਣ ਗਿਆ ਤੇ ਸਤਿਗੁਰੂ ਜੀ ਦੇ ਨਾਲ ਹੀ ਮੁਗਲਾਂ ਨਾਲ ਲੋਹਾ ਲੈਂਦਾ ਰਿਹਾ ਤੇ ਗੁਰੂ ਸ਼ਰਨ ਵਿਚ ਸਮਾਂ ਗੁਜ਼ਾਰਿਆ।

**ਅਨੰਦਪੁਰ ਦੀ ਚੌਥੀ ਲੜਾਈ :** ਔਰੰਗਜ਼ੇਬ ਨੇ ਦਿੱਲੀ, ਲਾਹੌਰ ਤੇ ਸਰਹਿੰਦ ਦੇ ਨਵਾਬਾਂ ਨੂੰ ਗੁਰੂ ਦੀ ਤਾਕਤ ਇਕੋ ਵਾਰੀ ਖ਼ਤਮ ਕਰਨ ਲਈ ਦੱਖਣ ਤੋਂ ਫ਼ੁਰਮਾਨ ਭੇਜਿਆ। ਪਹਾੜੀ ਰਾਜਿਆਂ ਨੇ ਵੀ ਮੱਦਦ ਦੇਣ ਦਾ ਐਲਾਨ ਕੀਤਾ। ਰੰਘੜ ਅਤੇ ਗੁੱਜਰ ਵੀ ਗੁਰੂ ਜੀ ਵਿਰੁੱਧ ਮੁਹਾਜ਼ ਵਿਚ ਸ਼ਾਮਲ



Scanned with CamScanner

ਹੋਏ। ਲਾਹੌਰ ਦਾ ਜ਼ਬਰਦਸਤ ਖਾਨ ਅਤੇ ਸਰਹਿੰਦ ਦਾ ਨਵਾਬ ਵਜ਼ੀਰ ਖਾਨ ਹਜ਼ਾਰਾਂ ਦੀ ਫੌਜ ਲੈ ਕੇ ਅਨੰਦਪੁਰ ਪੁੱਜ ਗਿਆ।

ਗੁਰੂ ਜੀ ਦੀਆਂ ਫੌਜਾਂ ਵੀ ਮੁਕਾਬਲੇ ਲਈ ਡੱਟੀਆਂ। ਕਈ ਮਹੀਨੇ ਟਾਕਰਾ ਹੁੰਦਾ ਰਿਹਾ। ਫੌਜਾਂ ਨੇ ਅਨੰਦਪੁਰ ਸਾਹਿਬ ਨੂੰ ਪੱਕੀ ਤਰ੍ਹਾਂ ਘੇਰ ਲਿਆ। ਘੇਰਾ ਸਖ਼ਤ ਹੋਣ ਕਰਕੇ ਰਸਦ ਵੀ ਆਉਣੀ ਬੰਦ ਹੋ ਗਈ। ਇਤਨੀ ਮੁਸ਼ਕਿਲ ਆਣ ਬਣੀ ਸੀ ਕਿ ਜੇਕਰ ਪਾਣੀ ਲੈਣ ਚਾਰ ਸਿੰਘ ਜਾਂਦੇ ਤਾਂ ਉਨ੍ਹਾਂ ਵਿਚੋਂ ਦੋ ਰਾਹ ਵਿਚ ਹੀ ਸ਼ਹੀਦ ਹੋ ਜਾਂਦੇ। ਪਰਸਾਦੀ ਹਾਥੀ ਤੇ ਹੋਰ ਕੀਮਤੀ ਜਾਨਵਰ ਭੁੱਖ ਨਾਲ ਜਾਨ ਤੋੜ ਗਏ ਅਤੇ ਸਿੱਖ ਕਈ-ਕਈ ਡੰਗ ਬਗੈਰ ਖਾਣੇਂ ਦੇ ਰਹੇ। ਕੁਝ ਸਿੱਖ ਛੱਡ ਕੇ ਚਲੇ ਗਏ। ਅਨੰਦਪੁਰੋਂ ਜਦ ਉਹ ਮਾਝੇ ਦਾ ਪ੍ਰਸਿੱਧ ਨਗਰ ਚੋਲ੍ਹੇ ਪਹੁੰਚੇ ਤਾਂ ਕਿਸੇ ਮੱਥੇ ਨਾ ਲਗਾਇਆ। ਇਨ੍ਹਾਂ ਨੂੰ ਸਿੱਖ ਇਤਿਹਾਸ ਵਿਚ ਬੇ-ਦਾਅਵੀਏ ਆਖਿਆ ਜਾਂਦਾ ਹੈ। ਔਰੰਗਜ਼ੇਬ ਨੇ ਵੀ ਆਪਣੇ ਦਸਤਖਤਾਂ ਹੇਠ ਚਿੱਠੀ ਲਿਖੀ ਕਿ ਗੁਰੂ ਜੀ ਜੰਗ ਬੰਦ ਕਰਨ ਦਾ ਐਲਾਨ ਕਰਕੇ ਉਸ ਨੂੰ ਮਿਲਣ। ਗੁਰੂ ਜੀ ਦੇ ਕਿਲ੍ਹਿਆਂ ਦੀ ਬਣਤਰ ਐਸੀ ਸੀ ਕਿ ਵੱਡੀ ਤੋਂ ਵੱਡੀ ਫੌਜ ਕਿਲ੍ਹਾ ਨਹੀਂ ਸੀ ਜਿੱਤ ਸਕਦੀ। ਕਿਲ੍ਹਾ ਉੱਚੀ ਥਾਂ ਤੇ ਹੋਣ ਕਰਕੇ ਬੜਾ ਸੁਰੱਖਿਅਤ ਸੀ। ਭਾਵੇਂ ਮੁਗਲਾਂ ਦੀ ਅਣ-ਗਿਣਤ ਫੌਜ ਦੁਆਰਾ ਬਹੁਤੀ ਦੇਰ ਘੇਰਾ ਜਾਰੀ ਰੱਖਣਾ ਅਸੰਭਵ ਸੀ ਪਰ ਅੰਤ ਨੂੰ ਕਿਲ੍ਹੇ ਅੰਦਰਲੇ ਸਾਰੇ ਸਿੱਖਾਂ ਨੇ ਮਾਤਾ ਜੀ ਰਾਹੀਂ ਬੇਨਤੀ ਕਰਕੇ, ਗੁਰੂ ਗੋਬਿੰਦ ਸਿੰਘ ਜੀ ਨੂੰ ਕਿਲ੍ਹਾ ਛੱਡਣ ਲਈ ਮਨਾ ਲਿਆ।

**ਅਨੰਦਪੁਰ ਦਾ ਕਿਲ੍ਹਾ ਛੱਡਣਾ, ਦਸੰਬਰ 1704 ਈਸਵੀ :** ਮੁਗਲਾਂ ਦੀ ਫੌਜ ਨੂੰ ਘੇਰਾ ਪਾਇਆਂ 8 ਮਹੀਨੇ ਹੋ ਗਏ ਸਨ। ਗੁਰੂ ਜੀ ਆਪਣੇ ਚਾਰੇ ਸਪੁੱਤਰਾਂ, ਮਾਤਾ ਗੁਜਰੀ, ਮਾਤਾ ਸੁੰਦਰੀ, ਮਾਤਾ ਸਾਹਿਬ ਕੌਰ ਤੇ ਬਾਕੀ ਸਿੱਖਾਂ ਸਮੇਤ 20 ਦਸੰਬਰ, 1704 ਈ: ਨੂੰ ਅਨੰਦਪੁਰ ਸਾਹਿਬ ਛੱਡ ਕੇ ਰੋਪੜ ਵੱਲ ਚੱਲ ਪਏ।

ਸਰਸਾ ਦੀ ਭਿਆਨਕ ਜੰਗ : ਜਦ ਮੁਗਲ ਫੌਜਾਂ ਨੂੰ ਗੁਰੂ ਜੀ ਦੇ ਜਾਣ ਦਾ ਪਤਾ ਲੱਗਾ ਤਾਂ ਉਨ੍ਹਾਂ ਪਿੱਛਾ ਕੀਤਾ। ਸਿੱਖਾਂ ਦੀ, ਮੁਗਲ ਫੌਜ ਨਾਲ ਸਰਸਾ ਨਦੀ ਤੇ ਭਿਆਨਕ ਜੰਗ ਹੋਈ। ਉਸੇ ਜੰਗ ਵਿਚ ਭਾਈ ਉਦੇ ਸਿੰਘ ਵਰਗੇ ਕਈ ਸੂਰਮੇ ਸ਼ਹੀਦ ਹੋ ਗਏ। ਗੁਰੂ ਜੀ ਰਾਤ ਸਮੇਂ ਰੋਪੜ ਰਹੇ। ਅਗਲੇ ਦਿਨ ਚਮਕੌਰ ਸਾਹਿਬ ਵਿਖੇ 40 ਸਿੱਖਾਂ ਸਮੇਤ ਜਾ ਪੁੱਜੇ। ਬਾਬਾ ਜ਼ੋਰਾਵਰ ਸਿੰਘ, ਬਾਬਾ ਫਤਹਿ ਸਿੰਘ ਅਤੇ ਮਾਤਾ ਗੁਜਰੀ ਜੀ ਵਿਛੜ ਕੇ ਬ੍ਰਾਹਮਣ ਗੰਗੂ ਰਸੋਈਏ ਨਾਲ ਉਸ ਦੇ ਪਿੰਡ ਖੇੜੀ (ਸਹੇੜੀ) ਨੇੜੇ ਮੋਰਿੰਡਾ, ਜ਼ਿਲ੍ਹਾ ਰੋਪੜ ਵੱਲ ਚਲੇ ਗਏ। ਇਨ੍ਹਾਂ ਨੂੰ ਗੰਗੂ ਬ੍ਰਾਹਮਣ ਨੇ ਲਾਲਚ ਵਸ ਗ੍ਰਿਫਤਾਰ ਕਰਵਾ



Scanned with CamScanner

ਦਿੱਤਾ।

ਮਾਤਾ ਸੁੰਦਰੀ ਜੀ ਤੇ ਮਾਤਾ ਸਾਹਿਬ ਦੇਵਾਂ ਜੀ ਭਾਈ ਸਾਹਿਬ ਮਨੀ ਸਿੰਘ ਜੀ ਨਾਲ ਗੁਰੂ ਸਾਹਿਬ ਨਾਲੋਂ ਵਿਛੜ ਕੇ ਦਿੱਲੀ ਪੁੱਜਣ ਵਿਚ ਕਾਮਯਾਬ ਹੋ ਗਏ।

**ਚਮਕੌਰ ਦੀ ਜੰਗ :** ਚਮਕੌਰ ਸਾਹਿਬ ਵਿਚ ਇੱਕ ਛੋਟੀ ਜਿਹੀ ਹਵੇਲੀ ਸੀ ਜੋ ਚੌਧਰੀ ਬੁੱਧੀ ਚੰਦ ਦੀ ਹਵੇਲੀ ਕਰਕੇ ਪ੍ਰਸਿੱਧ ਸੀ। ਮੁਗਲ ਫੌਜਾਂ ਨੇ ਚਮਕੌਰ ਉਤੇ ਧਾਵਾ ਬੋਲਿਆ। ਦੂਜੇ ਦਿਨ ਸੰਸਾਰ ਦੀ ਅਤਿਅੰਤ ਅਨੋਖੀ ਲੜਾਈ ਸ਼ੁਰੂ ਹੋਈ। ਇਕ ਪਾਸੇ ਦਸ ਲੱਖ ਫੌਜ ਤੇ ਉਹ ਵੀ ਨਵੇਂ ਹਥਿਆਰਾਂ ਨਾਲ ਹਥਿਆਰਬੰਦ ਤੇ ਦੂਜੇ ਪਾਸੇ ਚਾਲੀ ਭੁੱਖੇ ਤਿਹਾਏ ਅਤੇ ਖੁੰਡੇ ਹਥਿਆਰਾਂ ਨਾਲ ਹੀ ਡੱਟੇ ਸਿੱਖ ਸਨ। ਹਰੇਕ ਇਤਿਹਾਸਕਾਰ ਹੈਰਾਨੀ ਨਾਲ ਪੜ੍ਹਦਾ ਹੈ ਕਿ ਇਕ ਸਿੱਖ ਨੇ ਵੀ ਹੌਂਸਲਾ ਨਾ ਛੱਡਿਆ ਤੇ ਆਖਰੀ ਦਮ ਤਕ ਜੂਝਦੇ ਹੋਏ ਸ਼ਹੀਦੀ ਪਾਈ। ਇਸ ਲੜਾਈ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਦੋਵੇਂ ਸਾਹਿਬਜ਼ਾਦੇ ਸ਼ਹੀਦ ਹੋ ਗਏ।

ਸਿੱਖਾਂ ਫੈਸਲਾ ਕੀਤਾ ਤੇ ਪੰਜ ਪਿਆਰਿਆਂ ਦੇ ਰੂਪ ਵਿਚ ਗੁਰੂ ਗੋਬਿੰਦ ਸਿੰਘ ਜੀ ਨੂੰ ਹੁਕਮ ਦਿੱਤਾ ਜਾਵੇ ਕਿ ਉਹ ਕਿਲ੍ਹਾ ਛੱਡ ਜਾਣ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪੰਥ ਦਾ ਹੁਕਮ ਮੰਨ ਕੇ ਗੜ੍ਹੀ ਛੱਡਣਾ ਪ੍ਰਵਾਨ ਕਰ ਲਿਆ ਅਤੇ ਇਕ ਸਿੰਘ ਭਾਈ ਸੰਗਤ ਸਿੰਘ ਨੂੰ ਕਲਗੀ ਦੇ ਕੇ ਆਪ ਕਿਲ੍ਹਾ ਛੱਡਣ ਦੀ ਤਿਆਰੀ ਕਰ ਲਈ।

ਅੱਧੀ ਰਾਤ ਤੋਂ ਕੁਝ ਸਮਾਂ ਬਾਅਦ ਗੁਰੂ ਜੀ ਨੇ ਬੁਰਜ ਉਪਰੋਂ ਨਰਸਿੰਙਾ ਵਜਾਇਆ ਤਾਂ ਕਿ ਖ਼ਬਰ ਹੋ ਜਾਏ ਕਿ ਕਿਲ੍ਹੇ ਦੇ ਅੰਦਰ ਤੋਂ ਹਮਲਾ ਹੋਣ ਵਾਲਾ ਹੈ। ਆਪ ਜੀ ਇਕ ਟਿੱਬੇ ਉੱਤੇ ਜਾ ਪੁੱਜੇ ਤੇ ਤਿੰਨ ਵਾਰ ਤਾਲੀ ਮਾਰ ਕੇ ਨਾਹਰਾ ਲਗਾਇਆ : 'ਪੀਰੇ ਹਿੰਦ ਮੇ ਰਵਦ।' ਭਾਵ ਹਿੰਦ ਦਾ ਪੀਰ ਜਾ ਰਿਹਾ ਹੈ। ਮੁਗਲਾਂ ਦੇ ਕੈਂਪ ਵਿਚ ਖਲਬਲੀ ਮਚ ਗਈ ਤੇ ਉਨ੍ਹਾਂ ਦੀ ਆਪਸ ਵਿਚ ਕਤਲੋ-ਗ਼ਾਰਤ ਮਚ ਗਈ। ਗੁਰੂ ਜੀ ਸਾਵਧਾਨੀ ਨਾਲ ਬਿਨਾਂ ਰੋਕ-ਟੋਕ ਚੜ੍ਹਦੀ ਕਲਾ ਵਿਚ ਦੂਰ ਨਿਕਲ ਗਏ।

**ਮਾਛੀਵਾੜੇ ਵਿਚ :** ਗੁਰੂ ਜੀ ਰਾਤੋਂ ਰਾਤ ਹੀ ਸਫਰ ਕਰਦੇ ਸਰਘੀ ਵੇਲੇ ਖੇੜੀ ਪੁੱਜੇ। ਫਿਰ ਆਪ ਉਥੇ ਹੀ ਬਾਗ ਦੇਖ ਕੇ ਬਿਰਾਜ ਗਏ ਤੇ ਸਿਰ੍ਹਾਣੇ ਢੀਮ ਰੱਖੀ। ਪਾਣੀ ਖੂਹ ਦੀ ਟਿੰਡ ਵਿਚੋਂ ਪੀਤਾ। ਉਥੇ ਹੀ ਤਾਰਿਆਂ ਦੀ ਸੋਧ ਭਾਲ ਕਰਦੇ ਭਾਈ ਦਇਆ ਸਿੰਘ ਜੀ ਆ ਪੁੱਜੇ ਤੇ ਪਿੱਛੋਂ ਭਾਈ ਧਰਮ ਸਿੰਘ ਜੀ ਤੇ ਭਾਈ ਮਾਨ ਸਿੰਘ ਜੀ ਵੀ ਪੁੱਜ ਗਏ। 21 ਦਸੰਬਰ ਦਾ ਕੀਤਾ ਹੋਇਆ



Scanned with CamScanner

ਕਮਰਕੱਸਾ ਗੁਰੂ ਗੋਬਿੰਦ ਸਿੰਘ ਜੀ ਨੇ ਤੀਜੇ ਦਿਨ ਜਾ ਕੇ ਖੋਲ੍ਹਿਆ।

ਮਾਛੀਵਾੜੇ ਵਿਖੇ ਸਥਿਤ ਗੁਰਦੁਆਰਾ ਅੱਜ ਵੀ ਕਲਗੀਧਰ ਪਿਤਾ ਦੇ ਸੰਘਰਸ਼ਮਈ ਜੀਵਨ ਦੀ ਹਿਰਦੇ ਵੇਧਕ ਦਾਸਤਾਨ ਸੁਣਾ ਰਿਹਾ ਹੈ।

**ਉੱਚ ਦੇ ਪੀਰ :** ਮਾਛੀਵਾੜੇ ਤੋਂ ਗੁਰੂ ਗੋਬਿੰਦ ਸਿੰਘ ਜੀ ਲੱਲੀ, ਕਟਾਣੀ, ਰਾਮਪੁਰ ਕਨੈਚ, ਆਲਮਗੀਰ, ਜੋਧਾਂ ਮੋਹੀ, ਹੇਹਰਾਂ, ਲੰਮੇ ਜੱਟਪੁਰੇ ਅੱਪੜੇ। ਰਾਇ ਕੱਲ੍ਹਾ ਕੋਲੋਂ ਨਬੀ ਖਾਨ ਤੇ ਗਨੀ ਖਾਨ ਦੇ ਮੁਸਲਮਾਨ ਭਰਾਵਾਂ ਨੂੰ ਪਤਾ ਲੱਗਾ ਕਿ ਮੁਗਲਾਂ ਦੀਆਂ ਸ਼ਾਹੀ ਫੌਜਾਂ ਗੁਰੂ ਜੀ ਦੇ ਪਿਛੇ ਲੱਗੀਆਂ ਹੋਈਆਂ ਹਨ। ਉਨ੍ਹਾਂ ਦੋਵੇਂ ਭਰਾਵਾਂ ਨੇ ਗੁਰੂ ਜੀ ਨੂੰ 'ਉੱਚ ਦਾ ਪੀਰ' ਦੱਸਿਆ ਤੇ ਕਈ ਮੁਸ਼ਕਲਾਂ ਨੂੰ ਚੀਰ ਕੇ ਜੱਟ ਪੁਰੇ ਪਹੁੰਚ ਗਏ। ਜੱਟ ਪੁਰੇ ਹੀ ਰਾਇ ਕੱਲ੍ਹਾ ਮਿਲਿਆ। ਉਸ ਨੇ ਆਪਣੀ ਸੇਵਾ ਗੁਰੂ ਜੀ ਦੇ ਹਵਾਲੇ ਕੀਤੀ।

**ਦੀਨਾ ਪਿੰਡ ਵਿਚ :** ਰਾਇ ਕੱਲ੍ਹਾ ਕੋਲ ਕੁਝ ਦਿਨ ਰੁਕ ਕੇ ਗੁਰੂ ਜੀ ਦੀਨੇ ਪਿੰਡ ਚਲੇ ਗਏ। ਇੱਥੇ ਆਪ ਜੀ ਦਾ ਟਿਕਾਣਾ ਭਾਈ ਸਰਸੇ ਤ੍ਰਿਖਾਣ ਦੇ ਚੁਬਾਰੇ ਵਿਚ ਕਰਾਇਆ ਗਿਆ। ਦੀਨਾ ਪਿੰਡ ਵਿਚ ਤਿੰਨ ਭਰਾਵਾਂ ਸ਼ਮੀਰਾ, ਲਖਮੀਰਾ ਅਤੇ ਤਖ਼ਤ ਮਲ ਨੇ ਗੁਰੂ ਜੀ ਦੀ ਚੰਗੀ ਆਉ ਭਗਤ ਕੀਤੀ।

ਗੁਰੂ ਜੀ ਨੇ ਉਥੋਂ ਹੀ ਥਾਂ-ਥਾਂ ਹੁਕਮਨਾਮੇ ਲਿਖੇ। ਚੋਹਲੇ ਦੀ ਸੰਗਤ ਦੇ ਨਾਂ ਲਿਖਿਆ ਹੁਕਮਨਾਮਾ ਪ੍ਰਸਿੱਧ ਹੈ। ਉਥੇ ਹੀ ਤਕੜੀ ਫੌਜ ਵੀ ਬਣਾ ਲਈ । ਜਿਸ ਸਮੇਂ ਸਰਹਿੰਦ ਦੇ ਨਵਾਬ ਦੀ ਚੜ੍ਹਾਈ ਦਾ ਪਤਾ ਲੱਗਾ ਤਾਂ ਆਪ ਜੀ 'ਕਾਂਗੜੇ' ਵੱਲ ਚੱਲ ਪਏ। ਉਥੋਂ ਹੀ ਗੁਰੂ ਜੀ ਨੇ ਸੰਸਾਰ ਪ੍ਰਸਿੱਧ ਚਿੱਠੀ 'ਜ਼ਫਰਨਾਮਾ' ਲਿਖਿਆ। ਉਹ 'ਜ਼ਫਰਨਾਮਾ' ਵੀ ਔਰੰਗਜ਼ੇਬ ਨੂੰ ਹੀ ਸੰਬੋਧਨ ਕੀਤਾ ਗਿਆ ਹੈ। ਇਸ ਵਿਚ ਲਿਖਿਆ ਕਿ ਜਦੋਂ ਸਾਰੇ ਹੀਲੇ ਕੰਮ ਨ ਕਰਨ ਤਾਂ ਤਲਵਾਰ ਉਠਾਉਣਾ ਧਰਮ ਹੈ। ਤੂੰ ਸਮਝਦਾ ਹੈ ਕਿ ਚਾਰ ਬੱਚੇ ਮਾਰਨ ਨਾਲ ਤੂੰ ਅੱਗ ਬੁਝਾ ਦਿੱਤੀ ਹੈ ਪਰ ਅਜੇ (ਪੇਚੀਦਾ ਮਾਰ) ਖਾਲਸਾ ਜ਼ਿੰਦਾ ਹੈ।'' ਉਸ ਚਿੱਠੀ ਵਿਚ ਗੁਰੂ ਜੀ ਨੇ ਔਰੰਗਜ਼ੇਬ ਦੀਆਂ ਕਸਮਾਂ ਨੂੰ ਫਰੇਬ ਦੀ ਨਵੀਂ ਚਾਲ ਕਿਹਾ ਕਿ ਜੇ ਉਹ ਮਿਲਣਾ ਚਾਹੁੰਦਾ ਹੈ ਤਾਂ ਕਾਂਗੜੇ ਦੇਸ਼ ਆ ਕੇ ਮਿਲ ਜਾਵੇ। ਇਹ ਚਿੱਠੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਚੜ੍ਹਦੀਆਂ ਕਲਾਂ ਦੀ ਮੂੰਹ ਬੋਲਦੀ ਤਸਵੀਰ ਹੈ।

**ਮੁਕਤਸਰ ਦੀ ਆਖ਼ਰੀ ਲੜਾਈ :** ਗੁਰੂ ਜੀ ਨੇ ਦੀਨਾ ਪਿੰਡ ਬਹੁਤੀ ਦੇਰ ਰਹਿਣਾ ਖ਼ਤਰੇ ਤੋਂ ਖਾਲੀ ਨਾ ਸਮਝਿਆ। ਜਦ ਦੀਨੇ ਤੋਂ ਲਿਖੇ ਹੁਕਮਨਾਮੇ ਸਿੰਘਾਂ ਨੂੰ ਪੁੱਜੇ ਤਾਂ ਸਿੰਘਾਂ ਨੇ ਗੁਰੂ ਦੇ ਦਰਸ਼ਨਾਂ ਲਈ ਵਹੀਰਾਂ ਪਾ ਦਿੱਤੀਆਂ।



Scanned with CamScanner

ਗੁਰੂ ਜੀ ਨੂੰ ਸੁਨੀਅਰ ਪਿੰਡ ਹੀ ਖ਼ਬਰ ਪੁੱਜ ਗਈ ਕਿ ਕਸੂਰੀ ਦਾ ਨਵਾਬ ਖ਼ਾਨ ਅੱਗੋਂ ਆ ਰਿਹਾ ਹੈ ਤੇ ਉਧਰੋਂ ਸਰਹੰਦ ਦਾ ਵਜ਼ੀਰ ਖ਼ਾਨ ਵੀ ਪਿੱਛੇ ਲੱਗਾ ਹੋਇਆ ਹੈ। ਗੁਰੂ ਜੀ ਨੇ ਖਿਦਰਾਨੇ ਦੀ ਢਾਬ ਵੱਲ ਜਾਣਾ ਹੀ ਠੀਕ ਸਮਝ, ਉਧਰ ਵਹੀਰ ਨੂੰ ਮੋੜ ਲਿਆ। ਸੂਹੀਏ ਨੇ ਸੂਹ ਦਿੱਤੀ ਕਿ ਦੁਸ਼ਮਣਾਂ ਦੀ ਸੈਨਾ ਨਜ਼ਦੀਕ ਆਣ ਪਹੁੰਚੀ ਹੈ। ਗੁਰੂ ਜੀ ਉਸ ਸਮੇਂ ਤੱਕ ਖ਼ਿਦਰਾਨੇ ਦੀ ਢਾਬ ਪਹੁੰਚ ਗਏ। ਆਪ ਜੀ ਨੇ ਆਪਣਾ ਟਿਕਾਣਾ ਇਕ ਉਚੇ ਟਿੱਬੇ ਉਤੇ ਕਰ ਲਿਆ, ਜਿਥੋਂ ਸਭ ਕੁਝ ਸਾਫ ਦਿਖਾਈ ਦਿੰਦਾ ਸੀ।

ਗੁਰੂ ਜੀ ਨੇ ਮੋਰਚਾ ਲਗਾ ਲਿਆ। ਪਾਣੀ ਉਤੇ ਪੱਕਾ ਕਬਜ਼ਾ ਕਰ ਲਿਆ। ਘਸਮਾਣ ਦਾ ਯੁੱਧ ਆਰੰਭ ਹੋ ਗਿਆ। ਮਾਈ ਭਾਗੋ ਦੀ ਅਗਵਾਈ ਵਿਚ ਬੇਦਾਵੀਏ 40 ਸਿੰਘ ਵੀ ਆ ਕੇ ਗੁਰੂ ਦੇ ਹੱਕ ਵਿਚ ਲੜਨ ਲੱਗੇ। ਸ਼ਾਹੀ ਫੌਜਾਂ ਮੈਦਾਨ ਛੱਡ ਕੇ ਭੱਜ ਗਈਆਂ। ਜਿੱਤ ਗੁਰੂ ਜੀ ਦੀ ਹੋਈ। ਪਰ 40 ਸਿੰਘ ਬੇਦਾਵੀਏ ਤੇ ਹੋਰ ਸਿੰਘ ਵੀ ਸ਼ਹੀਦ ਹੋ ਗਏ।

ਭਾਈ ਮਹਾਂ ਸਿੰਘ ਜਿਸ ਦੀ ਹਾਲਾਂ ਸੁਆਸ ਕਿਰਿਆ ਚੱਲ ਰਹੀ ਸੀ, ਦੀ ਬੇਨਤੀ ਮੰਨ ਟੁੱਟੀ ਗੰਢੀ। ਉਹ ਵੀ ਪ੍ਰਭੂ ਚਰਨਾਂ ਵਿਚ ਜਾ ਬਿਰਾਜੇ। ਥੋੜ੍ਹਾ ਦੂਰ ਮਾਈ ਭਾਗੋ ਜੀ ਵੀ ਪਏ ਹੋਏ ਸਨ। ਮਹਾਰਾਜ ਨੇ ਉਸ ਨੂੰ ਵੀ ਦਰਸ਼ਨ ਦਿੱਤੇ ਤੇ ਬਖ਼ਸ਼ਸ਼ਾਂ ਕੀਤੀਆਂ। ਮਾਈ ਭਾਗੋ ਬਾਅਦ ਵਿਚ ਲੰਮਾ ਸਮਾਂ ਸਤਿਗੁਰੂ ਜੀ ਨਾਲ ਵਿਚਰਦੀ ਰਹੀ। ਮਹਾਰਾਜ ਨੇ ਉਥੇ ਹੀ ਬਚਨ ਕੀਤਾ ਕਿ "ਇਹ ਚਾਲੀ ਹੀ ਮੁਕਤੇ ਹੋਏ, ਜਨਮ ਮਰਨ ਤੇ ਰਹਿਤ ਹੋਏ। ਇਨ੍ਹਾਂ ਉਚੀ ਪਦਵੀ ਪਾਈ। ਇਹ ਯੁੱਧ 18 ਅਪ੍ਰੈਲ, 1705 ਈਸਵੀ ਨੂੰ ਹੋਇਆ।

**ਦਮਦਮਾ ਸਾਹਿਬ ਵਿਚ :** ਰੂਪਾਣੇ ਤੋਂ ਗੁਰੂ ਜੀ ਸਾਬੋ ਕੀ ਤਲਵੰਡੀ (ਦਮਦਮੇ) ਪੁੱਜੇ। ਉਥੇ ਗੁਰੂ ਜੀ ਸਾਲ ਦੇ ਕਰੀਬ ਰਹੇ ਅਤੇ ਦਮਦਮੇ ਸਾਹਿਬ ਨੂੰ ਵਿੱਦਿਆ ਦਾ ਘਰ ਬਣਾਇਆ। ਦਮਦਮਾ ਸਾਹਿਬ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਨੂੰ ਵਰਤਮਾਨ ਰੂਪ ਦਿੱਤਾ। ਬੀੜ ਨੂੰ ਨਵੇਂ ਸਿਰੇ ਤੋਂ ਸੰਪਾਦਤ ਕੀਤਾ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਨੂੰ ਥਾਂ ਸਿਰ ਦਰਜ ਕੀਤਾ। ਲਿਖਣ ਦਾ ਇਹ ਮਹਾਨ ਕੰਮ ਭਾਈ ਮਨੀ ਸਿੰਘ ਜੀ ਨੇ ਕੀਤਾ। ਉਹ ਪਵਿੱਤਰ ਬੀੜ ਵੱਡੇ ਘਲੂਘਾਰੇ ਵਿਚ ਅਲੋਪ ਹੋ ਗਈ ਸੀ ਪਰ ਉਸ ਬੀੜ ਦੇ ਕਈ ਉਤਾਰੇ ਹੋ ਗਏ ਸਨ। ਬੀੜ ਤਿਆਰ ਕਰਕੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਸਰੂਪ ਮੁਕੰਮਲ ਕਰ ਦਿੱਤਾ।

**ਦਿੱਲੀ ਵੱਲ ਜਾਣਾ :** ਦਮਦਮਾ ਸਾਹਿਬ ਹੀ ਔਰੰਗਜ਼ੇਬ ਦੀ ਹੋਰ ਚਿੱਠੀ ਮਿਲੀ, ਜਿਸ ਵਿਚ ਉਸ ਪਛਤਾਵਾ ਕੀਤਾ ਹੋਇਆ ਸੀ ਤੇ ਸੱਚੇ ਦਿਲੋਂ ਗੁਰੂ ਜੀ



Scanned with CamScanner

ਅੱਗੇ ਬੇਨਤੀ ਕੀਤੀ ਸੀ ਕਿ ਉਹ ਉਸ ਨੂੰ ਦੱਖਣ ਆ ਕੇ ਮਿਲਣ। ਗੁਰੂ ਜੀ ਨ ਮਿਲਣ ਦਾ ਫੈਸਲਾ ਕਰ ਲਿਆ।

ਗੁਰੂ ਜੀ ਨੂੰ ਬਘੋਰ ਦੇ ਅਸਥਾਨ ਉੱਤੇ ਖ਼ਬਰ ਪੁੱਜੀ ਕਿ ਔਰੰਗਜ਼ੇਬ ਦਾ ਅਹਿਮਦ ਨਗਰ ਵਿਚ 24 ਫਰਵਰੀ, 1707 ਨੂੰ ਦਿਹਾਂਤ ਹੋ ਗਿਆ ਹੈ। ਗੁਰੂ ਜੀ ਨੂੰ ਆਪਣਾ ਸਾਰਾ ਪ੍ਰੋਗਰਾਮ ਬਦਲਣਾ ਪਿਆ। ਔਰੰਗਜ਼ੇਬ ਤੇ ਗੁਰੂ ਜੀ ਦੀ ਮਿਲਣੀ ਨਾ ਹੋ ਸਕੀ। ਗੁਰੂ ਗੋਬਿੰਦ ਸਿੰਘ ਜੀ ਅੱਗੇ ਜਾਣ ਦੀ ਬਜਾਏ ਦਿੱਲੀ ਮੁੜ ਆਏ ਤੇ ਬਦਲੇ ਹੋਏ ਹਾਲਾਤ ਨੂੰ ਦੇਖਣ ਲੱਗੇ।

**ਬਹਾਦਰ ਸ਼ਾਹ ਤੇ ਗੁਰੂ ਗੋਬਿੰਦ ਸਿੰਘ ਜੀ ਦੀ ਮਿਲਣੀ :** ਆਗਰੇ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੇ ਬਹਾਦਰ ਸ਼ਾਹ ਮਿਲੇ। ਬਹਾਦਰ ਸ਼ਾਹ ਨੇ ਪੂਰਾ ਸਨਮਾਨ ਕੀਤਾ। ਕਾਫੀ ਲੰਮੀਆਂ ਵੀਚਾਰਾਂ ਵੀ ਹੋਈਆਂ, ਇੰਞ ਪ੍ਰਤੀਤ ਹੋਣ ਲੱਗਾ ਕਿ ਚਿਰਾਂ ਦੇ ਵਿਤਕਰੇ ਮੁੱਕ ਜਾਣਗੇ। ਬਹਾਦਰ ਸ਼ਾਹ ਨੇ ਦੋਖੀਆਂ ਨੂੰ ਸਜ਼ਾ ਦੇਣ ਦਾ ਵੀ ਯਕੀਨ ਦਿਵਾਇਆ ਤੇ ਗੱਲ ਸਿਰੇ ਵੀ ਚੜ੍ਹ ਗਈ। ਸਮਝੌਤੇ ਦੀਆਂ ਚਾਰ ਧਾਰਾਵਾਂ ਸਨ; ਪਹਿਲੀ, ਬਾਦਸ਼ਾਹ ਹਿੰਦੂ ਮੁਸਲਮਾਨਾਂ ਨੂੰ ਤੁੱਲ ਜਾਣੇਗਾ। ਦੂਜੇ, ਇਨਸਾਫ ਕਰੇਗਾ। ਤੀਜੇ, ਧਰਮ ਵਿਚ ਦਖ਼ਲ ਨਹੀਂ ਦੇਵੇਗਾ ਅਤੇ ਚੌਥੇ, ਦੋਖੀਆਂ ਨੂੰ ਸਜ਼ਾਵਾਂ ਦੇਵੇਗਾ। ਬਹਾਦਰ ਸ਼ਾਹ ਨੂੰ ਰਾਜਪੂਤਾਨੇ ਇਕ ਬਗਾਵਤ ਦਬਾਉਣ ਲਈ ਜਾਣਾ ਪਿਆ। ਬਹਾਦਰ ਸ਼ਾਹ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਨਾਲ ਲੈ ਜਾਣ ਲਈ ਬੇਨਤੀ ਕੀਤੀ। ਗੁਰੂ ਜੀ ਵੀ ਨਾਲ ਟੁਰਨ ਲਈ ਰਾਜ਼ੀ ਹੋ ਗਏ।

**ਦੱਖਣ ਵੱਲ :** ਰਾਜਪੂਤਾਨੇ ਦੀ ਬਗਾਵਤ ਅਜੇ ਖਤਮ ਹੋਈ ਹੀ ਸੀ ਕਿ ਦੱਖਣ ਤੋਂ ਖ਼ਬਰਾਂ ਪੁੱਜੀਆਂ ਕਿ ਕਾਮ ਬਖ਼ਸ਼ ਨੇ ਬਗਾਵਤ ਕਰ ਦਿੱਤੀ ਹੈ। ਉਸ ਦੀ ਬਗਾਵਤ ਦਬਾਉਣ ਲਈ ਬਹਾਦਰ ਸ਼ਾਹ ਨੇ ਦੱਖਣ ਦਾ ਰੁਖ ਕੀਤਾ। ਅਜੇ ਤਕ ਗੱਲਬਾਤ ਦਾ ਕੋਈ ਸਿੱਟਾ ਨਹੀਂ ਸੀ ਨਿਕਲਿਆ। ਸੋ ਗੁਰੂ ਜੀ ਨੂੰ ਵੀ ਬਹਾਦਰ ਸ਼ਾਹ ਨਾਲ ਹੀ ਜਾਣਾ ਪਿਆ। ਗੁਰੂ ਜੀ ਨੇ ਵੀ ਠੀਕ ਸਮਝਿਆ, ਕਿਉਂਕਿ ਨਾਲ ਹੀ ਪ੍ਰਚਾਰ ਪਿਆ ਹੁੰਦਾ ਸੀ।

ਦੱਖਣ ਵੱਲ ਜਾਂਦੇ ਹੀ ਗੁਰੂ ਜੀ ਨੂੰ ਪ੍ਰਤੀਤ ਹੋ ਗਿਆ ਕਿ ਬਹਾਦਰ ਸ਼ਾਹ ਨਾਲ ਗੱਲਬਾਤ ਸਿਰੇ ਨਹੀਂ ਚੜ੍ਹ ਸਕਣੀ। ਬਹਾਦਰ ਸ਼ਾਹ ਨਾਲੋਂ ਦੂਰ ਹੋ ਕੇ ਗੁਰੂ ਜੀ ਨੇ ਕੁਝ ਦਿਨ ਦੱਖਣ ਵਿਚ ਗੁਜ਼ਾਰਨੇ ਚਾਹੇ। ਇਸੇ ਦੌਰਾਨ ਉਹ ਨੰਦੇੜ ਪਹੁੰਚ ਗਏ।

**ਬੰਦਾ ਬਹਾਦਰ ਨੂੰ ਸਿੰਘ ਸਜਾਉਣਾ :** ਨੰਦੇੜ ਵਿਚ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਟਾਕਰਾ ਇਕ ਬੈਰਾਗੀ ਸਾਧੂ ਮਾਧੋ ਦਾਸ ਨਾਲ ਹੋਇਆ।



Scanned with CamScanner

ਮਾਧੋ ਦਾਸ ਆਪਣੀਆਂ ਰਿੱਧੀਆਂ-ਸਿੱਧੀਆਂ ਦਾ ਰੋਅਬ ਦੂਜੇ ਪੁਰਸ਼ਾਂ ਉਤੇ ਪਾ ਕੇ ਵੱਸ ਕਰਦਾ ਸੀ। ਗੁਰੂ ਜੀ ਉਸ ਦੇ ਡੇਰੇ ਪੁੱਜੇ। ਮਾਧੋ ਦਾਸ ਨੇ ਗੁਰੂ ਜੀ ਨੂੰ ਛੋਟਾ ਦਿਖਾਉਣ ਲਈ ਬਹੁਤ ਹੀ ਜਤਨ ਕੀਤੇ। ਆਪਣੀ ਸਾਰੀ ਰਿਧੀ-ਸਿਧੀ ਵਰਤੀ ਪਰ ਗੁਰੂ ਸ਼ਕਤੀ ਅੱਗੇ ਸਭ ਨਿਸਫਲ ਗਏ। ਅੰਤ ਉਸਨੇ ਗੁਰੂ ਜੀ ਅੱਗੇ ਸਿਰ ਝੁਕਾ ਦਿੱਤਾ।

ਗੁਰੂ ਜੀ ਨੇ ਅੰਮ੍ਰਿਤ ਛਕਾ ਕੇ ਉਸ ਦਾ ਨਾਮ ਬੰਦਾ ਸਿੰਘ ਰੱਖਿਆ। ਉਸ ਨੂੰ ਖਾਸ ਹੁਕਮ ਦੇ ਕੇ ਪੰਜਾਬ ਵੱਲ ਭੇਜਿਆ। ਇਹ ਵੀ ਫੁਰਮਾਇਆ ਕਿ ਜਿਨ੍ਹਾਂ-ਜਿਨ੍ਹਾਂ ਨੇ ਵੀ ਸਾਡੇ ਕਾਰਣ ਸਾਡੇ ਪਿਆਰੇ ਸੇਵਕ ਬੁੱਧੂ ਸ਼ਾਹ ਫ਼ਕੀਰ ਨੂੰ ਕਤਲ ਕੀਤਾ ਸੀ, ਉਹਨਾਂ ਨੂੰ ਸਜ਼ਾਵਾਂ ਦੇਵੋ।

**ਗੁਰੂ ਗੋਬਿੰਦ ਸਿੰਘ ਜੀ ਦਾ ਜੋਤੀ ਜੋਤ ਸਮਾਉਣਾ :** ਆਪ ਜੀ ਨੇ ਕੁਝ ਚਿਰ ਨੰਦੇੜ ਹੀ ਰਹਿਣ ਦਾ ਵਿਚਾਰ ਬਣਾਇਆ। ਵਜ਼ੀਰ ਖਾਨ ਨੂੰ ਖ਼ਬਰਾਂ ਪੁੱਜ ਰਹੀਆਂ ਸਨ ਕਿ ਗੁਰੂ ਗੋਬਿੰਦ ਸਿੰਘ ਜੀ ਬਹਾਦਰ ਸ਼ਾਹ ਨਾਲ ਗੱਲਬਾਤ ਕਰ ਰਹੇ ਹਨ ਅਤੇ ਗੱਲਬਾਤ ਸਿਰੇ ਚੜ੍ਹ ਜਾਣ ਦਾ ਸਿੱਧਾ ਭਾਵ ਉਸ ਦੀ ਹੋਂਦ ਨੂੰ ਖ਼ਤਰਾ ਸੀ। ਵਜ਼ੀਰ ਖਾਨ ਨੇ ਇਹ ਮਨ ਬਣਾਇਆ ਕਿ ਗੱਲਬਾਤ ਦਾ ਨਤੀਜਾ ਨਿਕਲਣ ਤੋਂ ਪਹਿਲਾਂ ਹੀ ਗੁਰੂ ਜੀ ਨੂੰ ਮਰਵਾ ਦਿੱਤਾ ਜਾਏ। ਸਰਹਿੰਦ ਦੇ ਨਵਾਬ ਵਜ਼ੀਰ ਖ਼ਾਨ ਨੇ ਦੋ ਪਠਾਣਾਂ ਨੂੰ ਖਰੀਦਿਆ ਤੇ ਗੁਰੂ ਜੀ ਦਾ ਪਿੱਛਾ ਕਰਕੇ ਕਤਲ ਕਰਨ ਦੇ ਬਦਲੇ ਇਨਾਮ ਦੇਣ ਦਾ ਯਕੀਨ ਦਿਵਾਇਆ। ਸੈਨਾਪਤੀ ਦੇ ਕਥਨ ਅਨੁਸਾਰ ਉਹ ਕਾਫੀ ਦੇਰ ਗੁਰੂ ਜੀ ਦਾ ਪਿੱਛਾ ਕਰਦੇ ਰਹੇ ਪਰ ਰਸਤੇ ਵਿਚ ਕੋਈ ਸਮਾਂ ਨਾ ਮਿਲ ਸਕਿਆ। ਆਖਿਰ ਨੰਦੇੜ ਵਿਚ ਉਨ੍ਹਾਂ ਨੂੰ ਆਪਣੇ ਭੈੜੇ ਮਨਸੂਬੇ ਨੂੰ ਅਮਲੀ ਜਾਮਾ ਪਹਿਨਾਉਣ ਦਾ ਸਮਾਂ ਮਿਲ ਗਿਆ।

15 ਸਤੰਬਰ, ਸੰਨ 1708 ਈਸਵੀ ਨੂੰ ਨੰਦੇੜ ਵਿਚ ਉਨ੍ਹਾਂ ਦੋਹਾਂ ਪਠਾਣਾਂ ਵਿਚੋਂ ਇਕ ਜਮਸ਼ੇਦ ਖ਼ਾਨ ਨੇ ਰਹਿਰਾਸ ਦੇ ਪਾਠ ਉਪਰੰਤ ਗੁਰੂ ਜੀ ਉਤੇ ਕਾਤਲਾਨਾ ਹਮਲਾ ਕੀਤਾ। ਕਟਾਰ ਦਾ ਘਾਉ ਬੜਾ ਡੂੰਘਾ ਗੁਰੂ ਜੀ ਨੂੰ ਲੱਗਾ। ਸਭ ਤੋਂ ਪਹਿਲਾਂ ਖ਼ੂਨ ਦੀ ਵਗਦੀ ਧਾਰ ਨੂੰ ਜਥੇਦਾਰ ਸੰਤੋਖ ਸਿੰਘ ਲਾਂਗਰੀ ਨੇ ਦੇਖਿਆ, ਉਹ ਭੱਜ ਕੇ ਹੋਰ ਸੰਗਤਾਂ ਨੂੰ ਲੈ ਆਇਆ।

ਇਕ ਨੂੰ ਤਾਂ ਉਥੇ ਹੀ ਗੁਰੂ ਜੀ ਨੇ ਆਪਣੇ ਇਕੋ ਵਾਰ ਨਾਲ ਮਾਰ ਮੁਕਾਇਆ ਤੇ ਦੂਜਾ ਨੱਸਦਾ ਹੋਇਆ ਮਾਰਿਆ ਗਿਆ। ਗੁਰੂ ਜੀ ਦੇ ਫੱਟ ਸੀਤੇ ਗਏ। ਕੁਝ ਦਿਨਾਂ ਵਿਚ ਹੀ ਫੱਟ ਭਰ ਗਏ ਤੇ ਅੰਗੂਰ ਵੀ ਪੈ ਗਿਆ। ਪਰ 6 ਅਕਤੂਬਰ, ਸੰਨ 1708 ਈਸਵੀ ਨੂੰ ਗੁਰੂ ਜੀ ਕਮਾਨ ਤੇ ਚਿੱਲਾ ਚੜ੍ਹਾਣ



Scanned with CamScanner

ਲੱਗੀ ਤਾਂ ਉਹ ਤੋਪੇ (ਟਾਂਕੇ) ਟੁੱਟ ਗਏ ਤੇ ਜ਼ਖ਼ਮ ਫਟ ਗਿਆ। ਕੋਸ਼ਿਸ਼ ਕੀਤੀ ਗਈ ਕਿ ਉਨ੍ਹਾਂ ਨੂੰ ਫੇਰ ਸੀਤਾ ਜਾਏ ਪਰ ਹੁਣ ਸਭ ਬੇਅਰਥ ਸੀ।

**ਅੰਤਮ ਸਮੇਂ ਦਾ ਹੁਕਮ :** ਅੰਤਮ ਸਮਾਂ ਨੇੜੇ ਜਾਣ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਸੱਦਿਆ ਤੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਨੂੰ ਗੁਰਗੱਦੀ ਸੌਂਪਣ ਦਾ ਐਲਾਨ ਕੀਤਾ ਅਤੇ ਕਿਹਾ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਤਾਬੇ ਪੰਥ, ਗੁਰੂ-ਪੰਥ ਹੋਵੇਗਾ।

ਖਾਲਸੇ ਨੂੰ ਗੁਰੂ ਜਾਮਾ ਬਖ਼ਸ਼ ਦਿੱਤਾ ਹੈ। ਗੁਰੂ ਜੀ ਨੇ ਫ਼ਰਮਾਇਆ ਕਿ 'ਜੋ ਦਸ ਸਰੂਪ ਹਮਾਰੇ ਭਏ। ਅਬ ਮੇਰਾ ਜ਼ਾਹਰਾ ਰੂਪ ਗੁਰੂ ਗ੍ਰੰਥ ਸਾਹਿਬ ਕੋ ਜਾਣਨਾ। ਜਿਸ ਨੇ ਮੇਰੇ ਸੇ ਬਾਤ ਕਰਨੀ ਹੋਇ ਤੋ ਆਦਿ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਨਾ। ਮੇਰੇ ਸੇ ਬਾਤਾਂ ਹੋਵੇਗੀ।

**ਜੋਤੀ ਜੋਤ ਸਮਾਉਣਾ :** 7 ਅਕਤੂਬਰ, ਸੰਨ 1708 ਈਸਵੀ ਨੂੰ ਅੱਧੀ ਰਾਤ ਤੋਂ ਕੁਝ ਸਮੇਂ ਬਾਅਦ ਅਚਾਨਕ ਗੁਰੂ ਜੀ ਨੇ ਸਿੱਖਾਂ ਨੂੰ ਬੁਲਾਇਆ ਅਤੇ ਵਾਹਿਗੁਰੂ ਜੀ ਕੀ ਫਤਹਿ ਬੁਲਾ ਕੇ ਜੋਤੀ ਜੋਤ ਸਮਾ ਗਏ। ਬਹਾਦਰ ਸ਼ਾਹ ਨੇ ਉਸ ਸਮੇਂ ਮਾਤਮੀ ਖਿੱਲਤ ਭੇਜੀ ਤੇ ਅਫਸੋਸ ਪ੍ਰਗਟ ਕੀਤਾ। ਜਦ ਉਸ ਦੇ ਕੁਝ ਸਲਾਹਕਾਰਾਂ ਨੇ ਗੁਰੂ ਜੀ ਦਾ ਘਰ ਘਾਟ, ਸਾਜ਼ ਤੇ ਸਾਮਾਨ ਜ਼ਬਤ ਕਰਨ ਦੀ ਸਲਾਹ ਦਿੱਤੀ ਤਾਂ ਬਹਾਦਰ ਸ਼ਾਹ ਨੇ ਝਾੜ ਪਾਈ ਅਤੇ ਕਿਹਾ ਕਿ ''ਗੁਰੂ ਗੋਬਿੰਦ ਸਿੰਘ ਇਕ ਦਰਵੇਸ਼ ਸੀ। ਉਸ ਦੇ ਕਿਸੇ ਸਮਾਨ ਉਤੇ ਨਜ਼ਰ ਵੀ ਕਰਨੀ ਉਸ ਲਈ ਯੋਗ ਨਹੀਂ।'' ਇਹ ਮਹਾਨ ਸ਼ਕਤੀ ਕੌਮ ਵਿਚ ਸਦੀਵੀ ਸ਼ਕਤੀ ਪਾ ਕੇ ਅਲੋਪ ਹੋ ਗਈ।

Scanned with CamScanner

## ਸ੍ਰੀ ਗੁਰੂ ਗਰੰਥ ਸਾਹਿਬ ਜੀ - ਕੁਝ ਤੱਥ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਕੁੱਲ ਅੰਗ (ਪੰਨੇ) - ੧੪੩੦

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕਿੰਨੇ ਮਹਾਂ ਪੁਰਖਾਂ ਦੀ ਬਾਣੀ - ੩੬

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਕੁੱਲ ਮੁੱਖ ਰਾਗ - ੩੧

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ਼ ਵਾਰਾਂ ਦੀ ਗਿਣਤੀ - ੨੨

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਧੁਨੀਆਂ - ੯

## ਗੁਰਬਾਣੀ ਦੇ ਰਚਨਹਾਰ ਤੇ ਉਨ੍ਹਾਂ ਦਾ ਵੇਰਵਾ

**1. 6 ਗੁਰੂ ਸਾਹਿਬਾਨ**

ਸ੍ਰੀ ਗੁਰੂ ਨਾਨਕ ਦੇਵ ਜੀ (ਮਹਲਾ-੧)

ਸ੍ਰੀ ਗੁਰੂ ਅੰਗਦ ਦੇਵ ਜੀ (ਮਹਲਾ-੨)

ਸ੍ਰੀ ਗੁਰੂ ਅਮਰਦਾਸ ਜੀ (ਮਹਲਾ-੩)

ਸ੍ਰੀ ਗੁਰੂ ਰਾਮਦਾਸ ਜੀ (ਮਹਲਾ-੪)

ਸ੍ਰੀ ਗੁਰੂ ਅਰਜਨ ਦੇਵ ਜੀ (ਮਹਲਾ-੫)

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ (ਮਹਲਾ-੯)

**2. 15 ਭਗਤ**

ਭਗਤ ਕਬੀਰ ਜੀ, ਭਗਤ ਨਾਮਦੇਵ ਜੀ, ਭਗਤ ਰਵਿਦਾਸ ਜੀ, ਭਗਤ ਰਾਮਾਨੰਦ ਜੀ, ਭਗਤ ਜੈਦੇਵ ਜੀ, ਭਗਤ ਤ੍ਰਿਲੋਚਨ ਜੀ, ਭਗਤ ਧੰਨਾ ਜੀ, ਭਗਤ ਸੈਣ ਜੀ, ਭਗਤ ਪੀਪਾ ਜੀ, ਭਗਤ ਭੀਖਨ ਜੀ, ਭਗਤ ਸਧਨਾ ਜੀ, ਭਗਤ ਪਰਮਾਨੰਦ ਜੀ, ਭਗਤ ਸੂਰਦਾਸ ਜੀ, ਭਗਤ ਬੇਣੀ ਜੀ, ਸ਼ੇਖ਼ ਫਰੀਦ ਜੀ।

**3. 4 ਗੁਰਸਿੱਖ**

* ਬਾਬਾ ਸੁੰਦਰ ਜੀ
* ਭਾਈ ਸੱਤਾ ਜੀ
* ਭਾਈ ਬਲਵੰਡ ਜੀ
* ਭਾਈ ਮਰਦਾਨਾ ਜੀ

**4. 11 ਭੱਟ**

* ਕਲਸਹਾਰ ਜੀ
* ਜਾਲੰਪ ਜੀ
* ਕੀਰਤ ਜੀ



Scanned with CamScanner

* ਭਿੱਖਾ ਜੀ * ਸਲ੍ਹ ਜੀ * ਭਲ੍ਹ ਜੀ
* ਨਲ੍ਹ ਜੀ * ਗਯੰਦ ਜੀ * ਮਥੁਰਾ ਜੀ
* ਬਲ੍ਹ ਜੀ * ਹਰਿਬੰਸ ਜੀ

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚਲੀ ਬਾਣੀ ਦੀ ਤਰਤੀਬ

ਨਿਤਨੇਮ ਵਿਚ ਸ਼ਾਮਲ ਬਾਣੀਆਂ : ਮੂਲ ਮੰਤਰ ?
ਜਪੁ (1 ਸਲੋਕ, 38 ਪਉੜੀਆਂ, ਸਲੋਕ)
ਸੋਦਰੁ (5 ਸ਼ਬਦ)
ਸੋ ਪੁਰਖੁ (4 ਸ਼ਬਦ)
ਸੋਹਿਲਾ (5 ਸ਼ਬਦ)

ਰਾਗ ਬੱਧ ਬਾਣੀ : ਰਾਗਾਂ ਵਿਚ ਬਾਣੀ (31 ਰਾਗ)

ਰਾਗ ਮੁਕਤ ਬਾਣੀਆਂ :

ਸਲੋਕ ਸਹਸਕ੍ਰਿਤੀ ਮਹਲਾ ੧, (ਅੰਗ : ੧੩੫੩)
ਸਲੋਕ ਸਹਸਕ੍ਰਿਤੀ ਮਹਲਾ ੫, (ਅੰਗ : ੧੩੫੩)
ਗਾਥਾ ਮਹਲਾ ੫, (ਅੰਗ :੧੩੬੦)
ਫੁਨਹੇ ਮਹਲਾ ੫ (ਅੰਗ :੧੩੬੧)
ਚਉਬੋਲੇ ਮਹਲਾ ੫ (ਅੰਗ :੧੩੬੩)
ਸਲੋਕ ਭਗਤ ਕਬੀਰ ਜੀ (ਅੰਗ :੧੩੬੪)
ਸਲੋਕ ਸ਼ੇਖ ਫਰੀਦ ਜੀ (ਅੰਗ :੧੩੭੭)
ਸਵਯੇ ਸ੍ਰੀ ਮੁਖਬਾਕ੍ਯ (ਅੰਗ :੧੩੮੫)
ਭੱਟਾਂ ਦੇ ਸਵਈਏ (ਅੰਗ :੧੩੯੪)
ਸਲੋਕ ਵਾਰਾਂ ਤੇ ਵਧੀਕ (ਅੰਗ :੧੪੦੯)
ਸਲੋਕ ਮਹਲਾ-੯ (ਅੰਗ :੧੪੨੬)
ਸਲੋਕ ਮਹਲਾ ੫ (ਅੰਗ :੧੪੨੯)
ਮੁੰਦਾਵਣੀ ਅਤੇ ਰਾਗ ਮਾਲਾ (ਅੰਗ :੧੪੨੯)

ਰਾਗਾਂ ਵਿਚ ਬਾਣੀ ਦੀ ਤਰਤੀਬ

* ਸ਼ਬਦ * ਅਸ਼ਟਪਦੀਆਂ * ਛੰਤ



Scanned with CamScanner

* ਵਾਰਾਂ  * ਭਗਤਾਂ ਦੇ ਸ਼ਬਦ

ਇਨ੍ਹਾਂ ਤੋਂ ਇਲਾਵਾ ਘੋੜੀਆਂ, ਕਾਫੀਆਂ, ਪਟੀ, ਬਾਵਨ ਅਖਰੀ ਆਦਿ ਕਾਵਿ ਰੂਪ ਵੀ ਮਿਲਦੇ ਹਨ।

ਮਿਲਵੇਂ ਰਾਗ - ਕਈ ਸ਼ਬਦ ਦੋ-ਦੋ ਮਿਲਵੇਂ ਰਾਗਾਂ ਵਿਚ ਹਨ ਜਿਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :

1. ਗਉੜੀ ਮਾਝ
2. ਆਸਾ ਕਾਫੀ
3. ਤਿਲੰਗ ਕਾਫੀ
4. ਸੂਹੀ ਕਾਫੀ
5. ਸੂਹੀ ਲਲਿਤ
6. ਬਿਲਾਵਲ ਗੋਡ
7. ਮਾਰੂ ਕਾਫੀ
8. ਬਸੰਤ ਹਿੰਡੋਲ
9. ਕਲਿਆਣ ਭੋਪਾਲੀ
10. ਪ੍ਰਭਾਤੀ ਬਿਭਾਸ
11. ਆਸਾ (ਆਸਾਵਰੀ)

ਇਸ ਤਰ੍ਹਾਂ 31 ਮੁੱਖ ਰਾਗਾਂ ਤੋਂ ਇਲਾਵਾ ਹੇਠ ਲਿਖੇ 6 ਰਾਗ ਹੋਰ ਵਰਤੇ ਗਏ ਹਨ। ਜਿਵੇ : ਲਲਿਤ, ਆਸਾਵਰੀ, ਹਿੰਡੋਲ, ਭੋਪਾਲੀ, ਬਿਭਾਸ ਅਤੇ ਕਾਫੀ।

ਕਈ ਰਾਗਾਂ ਦੀਆਂ ਅੱਗੋਂ ਕਈ ਕਿਸਮਾਂ ਵੀ ਮਿਲਦੀਆਂ ਜਿਵੇਂ: ਰਾਗ ਗਉੜੀ ਦੀਆਂ ਕਿਸਮਾਂ - ਗੁਆਰੇਰੀ, ਚੇਤੀ, ਬੈਰਾਗਣਿ, ਪੂਰਬੀ ਮਾਲਵਾ, ਦੱਖਣੀ ਆਦਿ ਹਨ।

## ਧੁਨੀਆਂ

ਧੁਨੀਆਂ ਤੋਂ ਭਾਵ ਹੈ ਵਾਰਾਂ ਨੂੰ ਗਾਉਣ ਦਾ ਢੰਗ।

ਇਹ ਧੁਨੀਆਂ ਇਸ ਪ੍ਰਕਾਰ ਹਨ :

1. ਰਾਇ ਕਮਾਲ ਦੀ ਮੌਜ ਦੀ ਵਾਰ ਦੀ ਧੁਨੀ - ਗਉੜੀ ਮ:੫
2. ਟੁੰਡੇ ਅਸਰਾਜੇ ਦੀ ਵਾਰ ਦੀ ਧੁਨੀ - ਆਸਾ ਮ:੧
3. ਲਲਾਂ ਬਹਿਲੀਮਾ ਦੀ ਵਾਰ ਦੀ ਧੁਨੀ - ਵਡਹੰਸ ਮ:੪
4. ਸਿਕੰਦਰ ਬਿਰਾਹਿਮ ਦੀ ਵਾਰ ਦੀ ਧੁਨੀ - ਗੂਜਰੀ ਮ:੩
5. ਹਸਨੇ ਮਹਿਮੇ ਦੀ ਵਾਰ ਦੀ ਧੁਨੀ - ਸਾਰੰਗ ਮ:੪
6. ਮੂਸੇ ਦੀ ਵਾਰ ਦੀ ਧੁਨੀ - ਕਾਨੜੇ ਮ:੪
7. ਮਲਕ ਮੁਰੀਦ ਤਥਾ ਚੰਦ੍ਰਹੜਾ ਸੂਹੀਆ ਦੀ ਵਾਰ ਦੀ ਧੁਨੀ - ਮਾਝ ਦੀ ਵਾਰ ਮ:੧



Scanned with CamScanner

8. ਜੋਧੇ ਵੀਰੇ ਪੂਰਬਾਣੀ ਦੀ ਵਾਰ ਦੀ ਧੁਨੀ - ਰਾਮਕਲੀ ਮ:੩

9. ਰਾਣਾ ਕੈਲਾਸ਼ ਤਥਾ ਮਾਲ ਦੇਵ ਦੀ ਵਾਰ ਦੀ ਧੁਨੀ- ਮਲਾਰ ਮ:੧

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਅੰਕ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਦਿਆਂ ਥਾਂ-ਥਾਂ ਤੇ ਸਾਨੂੰ ਹਿੰਦਸੇ (ਅੰਕ) ਦਿੱਸਦੇ ਹਨ। ਇਹਨਾਂ ਅੰਕਾਂ ਜਾਂ ਹਿੰਦਸਿਆਂ ਦੀ ਹੇਠ ਵਰਣਨ ਅਨੁਸਾਰ ਵਿਸ਼ੇਸ਼ ਮਹੱਤਤਾ ਹੈ।

ਅੰਕਾਂ ਦੀ ਲੋੜ ਤੇ ਮਨੋਰਥ : ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪਾਦਕ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਉਣ ਵਾਲੇ ਸਮੇਂ ਵਿਚ ਗੁਰਬਾਣੀ ਬਾਰੇ ਪੈਣ ਵਾਲੇ ਸ਼ੰਕਿਆਂ ਦੀ ਪਹਿਲਾਂ ਹੀ ਨਵਿਰਤੀ ਕਰ ਦਿੱਤੀ। ਹਰ ਸ਼ਬਦ ਦੇ ਉੱਤੇ 'ਮਹਲਾ' ਲਿਖ ਕੇ ਰਚਨਹਾਰੇ ਦਾ ਸੰਕੇਤ ਦੇ ਦਿੱਤਾ ਹੈ ਅਤੇ ਹਰ ਸ਼ਬਦ ਦੇ ਅੰਤ ਤੇ ਅੰਕ ਲਿਖ ਕੇ ਉਹਨਾਂ ਸ਼ਬਦਾਂ ਅਤੇ ਸ਼ਬਦਾਂ ਵਿਚ ਆਏ ਬੰਦਾਂ ਦੀ ਗਿਣਤੀ ਦੱਸੀ ਹੈ। ਇੰਝ ਗੁਰਬਾਣੀ ਵਿਚ ਰਲਾ ਕਰਨ ਵਾਲੇ ਨੂੰ ਸਾਰੇ ਅੰਕ ਵੀ ਬਦਲਣੇ ਪੈਣਗੇ ਜੋ ਕਿ ਸੁਖਾਲਾ ਕੰਮ ਨਹੀਂ। ਇੰਝ ਅੰਕਾਂ ਦੇ ਲਿਖਣ ਨਾਲ ਗੁਰਬਾਣੀ ਵਿਚ ਮਿਲਾਵਟ ਕਰਨ ਦੇ ਆਧਾਰ ਵੀ ਸਮਾਪਤ ਕਰ ਦਿੱਤੇ ਹਨ।

ਵਾਰਾਂ :

ਸ੍ਰੀ ਗੁਰੂ ਗਰੰਥ ਸਾਹਿਬ ਵਿਚ ਕੁੱਲ 22 ਵਾਰਾਂ ਹਨ । ਇਹ ਵਾਰਾਂ ਕਿਹੜੇ-ਕਿਹੜੇ ਗੁਰੂ ਸਾਹਿਬ ਜੀ ਦੁਆਰਾ ਰਚੀਆਂ, ਕਿਹੜੇ-ਕਿਹੜੇ ਰਾਗਾਂ ਵਿਚ, ਅਤੇ ਇਨ੍ਹਾਂ ਦੀ ਗਿਣਤੀ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:

1. ਸ੍ਰੀ ਗੁਰੂ ਨਾਨਕ ਦੇਵ ਜੀ 3 ਵਾਰਾਂ (ਮਾਝ,ਆਸਾ, ਮਲਾਰ)।
2. ਸ੍ਰੀ ਗੁਰੂ ਅਮਰਦਾਸ ਜੀ 4 ਵਾਰਾਂ (ਗੂਜਰੀ, ਸੂਹੀ, ਰਾਮਕਲੀ, ਮਾਰੂ)।
3. ਸ੍ਰੀ ਗੁਰੂ ਰਾਮਦਾਸ ਜੀ 8 ਵਾਰਾਂ (ਸਿਰੀ ਰਾਗ, ਗਉੜੀ, ਬਿਹਾਗੜਾ, ਵਡਹੰਸ, ਸੋਰਠਿ, ਬਿਲਾਵਲ, ਸਾਰੰਗ, ਕਾਨੜਾ)।
4. ਸ੍ਰੀ ਗੁਰੂ ਅਰਜਨ ਦੇਵ ਜੀ 6 ਵਾਰਾਂ (ਗਉੜੀ, ਗੂਜਰੀ, ਜੈਤਸਰੀ,ਰਾਮਕਲੀ, ਮਾਰੂ, ਬਸੰਤ)।



Scanned with CamScanner

5. ਸੱਤੇ ਬਲਵੰਡ ਦੀ ਵਾਰ ਇੱਕ (ਰਾਮਕਲੀ)।

ਬਸੰਤ ਦੀ ਵਾਰ ਤੋਂ ਇਲਾਵਾ ਬਾਕੀ ਹਰੇਕ ਵਾਰ ਦੀਆਂ ਪਉੜੀਆਂ ਦੇ ਨਾਲ ਪਹਿਲੇ ਪੰਜ ਗੁਰੂ ਸਾਹਿਬਾਨ ਦੇ ਸਲੋਕ ਵੀ ਦਰਜ ਹਨ।

## ਚੋਣਵੀਆਂ ਬਾਣੀਆਂ ਅਤੇ ਰਚਨਹਾਰ

ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿਚ ਦਰਜ਼ ਚੋਣਵੀਆਂ ਬਾਣੀਆਂ ਅਤੇ ਉਹਨਾਂ ਦੇ ਰਚਨਹਾਰਾਂ ਦਾ ਵੇਰਵਾ ਇਸ ਪ੍ਰਕਾਰ ਹੈ :

| ਬਾਣੀਆਂ | ਰਚਨਹਾਰ |
|---|---|
| 1. ਜਪੁਜੀ ਸਾਹਿਬ | - ਸ੍ਰੀ ਗੁਰੂ ਨਾਨਕ ਦੇਵ ਜੀ |
| 2. ਪੱਟੀ | - ਸ੍ਰੀ ਗੁਰੂ ਨਾਨਕ ਦੇਵ ਜੀ |
| 3. ਓਅੰਕਾਰ | - ਸ੍ਰੀ ਗੁਰੂ ਨਾਨਕ ਦੇਵ ਜੀ |
| 4. ਸਿਧ ਗੋਸ਼ਟਿ | - ਸ੍ਰੀ ਗੁਰੂ ਨਾਨਕ ਦੇਵ ਜੀ |
| 5. ਬਾਰਹਮਾਹ (ਰਾਗ ਤੁਖਾਰੀ) | - ਸ੍ਰੀ ਗੁਰੂ ਨਾਨਕ ਦੇਵ ਜੀ |
| 6. ਅਨੰਦ ਸਾਹਿਬ | - ਸ੍ਰੀ ਗੁਰੂ ਅਮਰਦਾਸ ਜੀ |
| 7. ਸੁਖਮਨੀ ਸਾਹਿਬ | - ਸ੍ਰੀ ਗੁਰੂ ਅਰਜਨ ਦੇਵ ਜੀ |
| 8. ਬਾਵਨ ਅੱਖਰੀ | - ਸ੍ਰੀ ਗੁਰੂ ਅਰਜਨ ਦੇਵ ਜੀ |
| 9. ਬਾਰਹਮਾਹ (ਰਾਗ ਮਾਝ) | - ਸ੍ਰੀ ਗੁਰੂ ਅਰਜਨ ਦੇਵ ਜੀ |
| 10. ਬਾਵਨ ਅੱਖਰੀ (ਰਾਗ ਗਉੜੀ) | - ਭਗਤ ਕਬੀਰ ਜੀ |

ਗੁਰਬਾਣੀ ਦਾ ਅਨੰਦ ਮਾਨਣ ਦੇ 8 ਪੜਾਅ

1. ਗੁਰਬਾਣੀ ਪੜ੍ਹਣੀ : ਗੁਰਮੁਖੀ ਅੱਖਰ ਸਿੱਖੇ ਸਾਰੇ ਜੀਵ ਗੁਰਬਾਣੀ ਪੜ੍ਹ ਸਕਣ ਦੇ ਸਮਰੱਥ ਹਨ।

2. ਗੁਰਬਾਣੀ ਸੁਣਨੀ : ਘੱਟ ਜਾਂ ਵੱਧ ਅਸੀਂ ਸਾਰੇ, ਗੁਰਬਾਣੀ ਸੁਣਦੇ ਹਾਂ।

3. ਗੁਰਬਾਣੀ ਗਾਉਣੀ : ਲੈ-ਬੱਧ ਤਰੀਕੇ ਨਾਲ ਗੁਰਬਾਣੀ ਦਾ ਜਾਪ। ਇਹ ਕਿਸੇ ਜੰਤਰ ਜਿਵੇਂ ਹਾਰਮੋਨੀਅਮ ਜਾਂ ਰਬਾਬ ਜਾਂ ਇਕਤਾਰਾ ਆਦਿ ਨਾਲ ਵੀ ਗਾਈ ਜਾਂਦੀ ਹੈ।

4. ਗੁਰਬਾਣੀ ਵੀਚਾਰਨੀ : ਕੁਝ ਵੀਰ/ਭੈਣ ਕਦੇ-ਕਦੇ ਵੀਚਾਰਦੇ ਹਨ।

5. ਗੁਰਬਾਣੀ ਕਮਾਉਣੀ : ਇਹ ਸਾਡੀ ਘਾਟ ਹੈ। ਗੁਰਬਾਣੀ ਅਨੁਸਾਰ



Scanned with CamScanner

ਚੱਲਣਾ ਗੁਰਬਾਣੀ ਕਮਾਉਣੀ ਹੁੰਦਾ ਹੈ। ਅਜਿਹਾ ਕਰਨ ਨਾਲ ਹੀ ਲਾਭ ਪੁੱਜਦਾ ਹੈ। ਇਸ ਪੱਖ ਨੂੰ ਗੁਰਬਾਣੀ ਅਨੁਸਾਰ ਕਾਰਜ ਕਰਨੇ ਵੀ ਕਿਹਾ ਜਾਂਦਾ ਹੈ।

6. ਗੁਰਬਾਣੀ ਅਨੁਭਵ ਕਰਨੀ : ਗੁਰਬਾਣੀ ਵਿਚ ਲਿਖੇ ਵਿਚਾਰਾਂ ਦਾ ਅਹਿਸਾਸ ਆਪਣੇ ਧੁਰ ਅੰਦਰ ਮਹਿਸੂਸ ਕਰਨਾ। ਇਹ ਆਤਮਕ ਹਲਚਲ ਹੁੰਦੀ ਹੈ।

7. ਗੁਰਬਾਣੀ ਦਾ ਅਨੰਦ ਮਾਣਨਾ : ਵਿਰਲੇ ਹੀ ਬੰਦੇ ਹੋਣਗੇ।

8. ਗੁਰਬਾਣੀ ਬਣਨਾ : ਇਸ ਅਵਸਥਾ ਵਿਚ ਪੁੱਜਿਆ ਜੀਵ ਸਭਨਾਂ ਲਈ ਸਾਂਝਾ, ਸਭਨਾਂ ਦਾ ਪਿਆਰਾ, ਸੱਚੇ ਅਰਥਾਂ ਵਿਚ ਸਭ ਦਾ ਭਲਾ ਸੋਚਣ ਅਤੇ ਕਰਨ ਵਾਲਾ ਹੁੰਦਾ ਹੈ। ਹਰ ਸਮੇਂ ਸੱਚਾਈ ਦੇ ਮਾਰਗ ਤੇ ਚੱਲਣ ਲੱਗਦਾ ਹੈ। ਆਪਣੀ ਜ਼ਿੰਦਗੀ ਦਾ ਪਲ-ਪਲ ਨਾਮ ਸਿਮਰਨ, ਸੇਵਾ, ਕਿਰਤ ਵਿਚ ਲਗਾਉਣਾ ਅਤੇ ਵਿਕਾਰਾਂ ਤੋਂ ਅਣਭਿੱਜ ਹੋ ਜਾਂਦਾ ਹੈ।

## ਪ੍ਰਚੱਲਤ ਸ਼ਬਦਾਵਲੀ

1. ਤਾਬਿਆ, ਚੌਰ, ਚੰਦੋਆ/ਚਾਨਣੀ, ਰੁਮਾਲਾ, ਪਲਕਾਂ, ਗੱਦੇ, ਪੀੜ੍ਹਾ, ਪਾਲਕੀ, ਪ੍ਰਕਾਸ਼ ਕਰਨਾ, ਹੁਕਮਨਾਮਾ ਲੈਣਾ, ਸੁਖਾਸਨ ਕਰਨਾ, ਦੇਗ , ਕ੍ਰਿਪਾਨ ਭੇਟ ਕਰਨੀ।

## ਸ੍ਰੀ ਗੁਰੂ ਗਰੰਥ ਸਾਹਿਬ ਜੀ ਬਾਰੇ ਚੋਣਵੇਂ ਪ੍ਰਸ਼ਨ-ਉੱਤਰ

1 ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਸੰਪਾਦਨ ਕਿਹੜੇ ਗੁਰੂ ਜੀ ਨੇ ਸ਼ੁਰੂ ਕਰਵਾਇਆ ?

- ਸ੍ਰੀ ਗੁਰੂ ਅਰਜਨ ਦੇਵ ਜੀ।

2. ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਸੰਪਾਦਨ ਲਈ ਸ੍ਰੀ ਗੁਰੂ ਅਰਜਨ ਦੇਵ ਜੀ ਕਿਸ ਨੂੰ ਬੀੜ ਲਿਖਵਾ ਰਹੇ ਸਨ ?

- ਭਾਈ ਗੁਰਦਾਸ ਜੀ।

3. ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਆਦਿ ਬੀੜ ਕਿਸ ਸਥਾਨ ਤੇ ਲਿਖੀ ਗਈ ਸੀ ?

- ਰਾਮਸਰ ਸਰੋਵਰ ਦੇ ਕੰਢੇ, ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ।

4. ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਸੰਪਾਦਨ ਕਦੋਂ ਸੰਪੂਰਨ ਹੋਇਆ?

- ਸੰਨ 1604 ਈਸਵੀ।

5. ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਪਹਿਲੀ ਬੀੜ ਦੀ ਜਿਲਦ ਕਿਸਨੇ



Scanned with CamScanner

ਬੰਨ੍ਹੀ ਸੀ?

- ਭਾਈ ਬੰਨੋ ਜੀ ਨੇ।

6. ਸ੍ਰੀ ਹਰਿਮੰਦਰ ਸਾਹਿਬ ਜੀ ਵਿਖੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਪ੍ਰਕਾਸ਼ ਸਮੇਂ ਪਹਿਲੇ ਗ੍ਰੰਥੀ ਕੌਣ ਸਨ?

- ਬਾਬਾ ਬੁੱਢਾ ਜੀ।

7. ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿਚ ਕਿੰਨੇ ਗੁਰੂ ਸਾਹਿਬਾਨਾ ਦੀ ਬਾਣੀ ਹੈ ?

- ਛੇ।

8. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿਚ ਕਿਸ ਗੁਰੂ ਸਾਹਿਬ ਦੇ ਸ਼ਬਦ ਅੰਕਿਤ ਕੀਤੇ?

- ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ।

9. ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਕੁੱਲ ਅੰਗ (ਪੰਨੇ) ਕਿੰਨੇ ਹਨ ?

- 1430

10. ਸ੍ਰੀ ਗੁਰੂ ਗਰੰਥ ਸਾਹਿਬ ਜੀ ਨੂੰ ਗੁਰਗੱਦੀ ਕਦੋਂ ਮਿਲੀ?

- ਸੰਨ 1708 ਈਸਵੀ ਵਿੱਚ।

11. ਅੱਜ ਸਾਡੇ ਗੁਰੂ ਕੌਣ ਹਨ?

- ਸ੍ਰੀ ਗੁਰੂ ਗਰੰਥ ਸਾਹਿਬ ਜੀ।

12. ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿਚ ਸੰਪੂਰਨ ਮੂਲ-ਮੰਤਰ ਦੇ ਕਿੰਨੀ ਵਾਰ ਦਰਸ਼ਨ ਹੁੰਦੇ ਹਨ?

- 33 ਵਾਰੀ।

13. ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿਚ ਕੁੱਲ ਕਿੰਨੀਆਂ ਵਾਰਾਂ ਹਨ?

- 22 ਵਾਰਾਂ।

14. ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿਚ ਕਿੰਨੇ ਗੁਰੂ ਸਾਹਿਬਾਨ ਦੀਆਂ ਵਾਰਾਂ ਹਨ ?

- 4

15. ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿਚ ਕਿਹੜੇ-ਕਿਹੜੇ ਗੁਰੂਆਂ ਦੀਆਂ ਵਾਰਾਂ ਹਨ ?

- ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਰਾਮਦਾਸ ਜੀ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ।

16. ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿਚ ਦਰਜ਼ ਬਾਣੀਆਂ ਨੂੰ ਕਿੰਨੇ ਭਾਗਾਂ



Scanned with CamScanner

ਵਿਚ ਵੰਡਿਆ ਗਿਆ ਹੈ ?
- ਤਿੰਨ।
17. ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਪਹਿਲੇ ਭਾਗ ਵਿਚ ਕੀ ਹੈ?
- ਨਿਤਨੇਮ ਦੀਆਂ ਬਾਣੀਆਂ।
18. ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿਚ ਪਹਿਲਾ ਭਾਗ ਕਿੰਨੇ ਅੰਗਾਂ ਤੱਕ ਹੈ?
- 1 ਤੋਂ 13 ਤੱਕ।
19. ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿਚ ਦੂਜੇ ਭਾਗ ਵਿਚ ਕੀ ਹੈ?
- ਰਾਗ ਬੱਧ ਬਾਣੀ।
20. ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿਚ ਰਾਗ ਕਿਹੜੇ ਅੰਗ ਤੋਂ ਕਿਹੜੇ ਅੰਗ ਤੱਕ ਹਨ ?
- ਅੰਗ (ਪੰਨਾ) 14 ਤੋਂ ਅੰਗ 1352 ਤੱਕ ।
21. ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿਚ ਤੀਜਾ ਭਾਗ ਕੀ ਹੈ?
- ਰਾਗ ਰਹਿਤ ਬਾਣੀ।
22. ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿਚ ਰਾਗ ਰਹਿਤ ਬਾਣੀ ਕਿਹੜੇ ਅੰਗ ਤੋਂ ਕਿਹੜੇ ਅੰਗ ਤੱਕ ਹੈ ?
- ਅੰਗ 1353 ਤੋਂ 1430 ਅੰਗ ਤੱਕ।
23. ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿਚ ਕਿਹੜੀਆਂ-ਕਿਹੜੀਆਂ ਭਾਸ਼ਾਵਾਂ ਵਰਤੀਆਂ ਗਈਆਂ ਹਨ ?
- ਬ੍ਰਿਜ, ਹਿੰਦੀ, ਪੰਜਾਬੀ, ਮਰਾਠੀ, ਗੁਜਰਾਤੀ, ਅਰਬੀ, ਫਾਰਸੀ, ਸੰਸਕ੍ਰਿਤ, ਉਰਦੂ ਅਤੇ ਰੇਖਤਾ ਆਦਿ।
24. ਸ੍ਰੀ ਗੁਰੂ ਗਰੰਥ ਸਾਹਿਬ ਜੀ ਨੂੰ ਕਿਸ ਦੀ ਜੋਤ ਮੰਨਿਆ ਜਾਂਦਾ ਹੈ ?
- ਦਸਾਂ ਪਾਤਸ਼ਾਹੀਆਂ ਦੀ ਆਤਮਿਕ ਜੋਤ।
25. ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿਚ ਬਾਰਹਮਾਹਾ ਕਿੰਨੇ ਤਰ੍ਹਾਂ ਦੇ ਹਨ?
- ਦੋ।
26. ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿਚ ਬਾਰਹਮਾਹਾ ਕਿਹੜੇ-ਕਿਹੜੇ ਹਨ?
- ਬਾਰਹਮਾਹਾ ਮਾਝ ਮਹਲਾ ੫ ਅਤੇ ਤੁਖਾਰੀ ਛੰਤ ਮਹਲਾ ੧ ਬਾਰਹਮਾਹਾ।
27. ਜਿਹੜੇ ਸਲੋਕ ਵਾਰਾਂ ਵਿਚ ਦਰਜ਼ ਕਰਨ ਤੋਂ ਬਚ ਗਏ, ਉਨ੍ਹਾਂ ਨੂੰ ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿਚ ਕਿਸ ਸਿਰਲੇਖ ਹੇਠ ਲਿਖਿਆ ਗਿਆ ਹੈ?



Scanned with CamScanner

- ਸਲੋਕ ਵਾਰਾਂ ਤੇ ਵਧੀਕ।

28. ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿਚ ਅੰਕਿਤ ਸੋਹਿਲਾ ਬਾਣੀ ਵਿਚ ਕਿਹੜੇ ਕਿਹੜੇ ਗੁਰੂਆਂ ਦੀ ਬਾਣੀ ਦਰਜ਼ ਹੈ ?

- ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਰਾਮਦਾਸ ਜੀ, ਸ੍ਰੀ ਗੁਰੂ ਅਰਜਨ ਦੇਵ ਜੀ।

29. ਸ੍ਰੀ ਗੁਰੂ ਅਮਰਦਾਸ ਜੀ ਦੀ ਰਚਨਾ ਪਟੀ (ਆਸਾ ਰਾਗ) ਵਿਚ ਕਿੰਨੀਆਂ ਪਉੜੀਆਂ ਹਨ?

- 18 ਪਉੜੀਆਂ।

30. ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿਚ ਸਵਯੇ ਮਹਲੇ ਚਉਥੇ ਕੇ ਦੇ ਵਿਚ ਕਿੰਨੇ ਸਵੱਈਏ ਹਨ?

- 60 ਸਵੱਈਏ।

31. ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿਚ ਆਰੰਭਿਕ ਬਾਣੀ ਕਿਹੜੀ ਹੈ?

- ਜਪੁ।

32. ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਉਚਾਰੀਆਂ ਬਾਣੀਆਂ ਜੋ ਸ੍ਰੀ ਗੁਰੂ ਗਰੰਥ ਸਾਹਿਬ ਵਿਚ ਦਰਜ਼ ਹਨ, ਉਨ੍ਹਾਂ ਦੇ ਨਾਮ ਲਿਖੋ ?

- ਜਪੁ, ਪਹਰੇ, ਪੱਟੀ, ਅਲਾਹਣੀਆਂ, ਕੁਚਜੀ, ਸੁਚਜੀ, ਓਅੰਕਾਰ, ਸਿਧ ਗੋਸਟਿ, ਸੋਲਹੇ, ਬਾਰਹਮਾਹਾ ਤੁਖਾਰੀ, ਸਲੋਕ ਸਹਸਕ੍ਰਿਤੀ ਮਹਲਾ ੧ ਆਦਿ।

33. ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਕਿੰਨੇ ਰਾਗਾਂ ਵਿਚ ਬਾਣੀ ਉਚਾਰੀ ਗਈ ਹੈ?

- 19 ਰਾਗਾਂ ਵਿਚ।

34. ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿਚ ਕਿਹੜੇ ਗੁਰੂ ਦੇ ਸ਼ਬਦ ਨਹੀਂ ਸਗੋਂ ਕੇਵਲ ਸਲੋਕ ਲਿਖੇ ਹਨ ?

- ਸ੍ਰੀ ਗੁਰੂ ਅੰਗਦ ਦੇਵ ਜੀ, ਇਹਨਾਂ ਦੇ 62 ਸਲੋਕ ਹਨ, ਜੋ ਕਈ ਵਾਰਾਂ ਦੀਆਂ ਪਉੜੀਆਂ ਨਾਲ ਦਰਜ਼ ਹਨ।

35. ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿਚ ਅਨੰਦੁ ਸਾਹਿਬ ਕਿਸ ਗੁਰੂ ਦੀ ਬਾਣੀ ਹੈ?

- ਸ੍ਰੀ ਗੁਰੂ ਅਮਰਦਾਸ ਜੀ।



Scanned with CamScanner

## ਬਾਬਾ ਫਰੀਦ ਜੀ

ਆਪ ਜੀ ਦਾ ਪੂਰਾ ਨਾਮ ਫਰੀਦ-ਉਦ-ਦੀਨ ਮਸਊਦ ਸੀ ਪਰ ਆਪ ਜੀ 'ਫਰੀਦ' ਦੇ ਨਾਂ ਨਾਲ ਹੀ ਜਾਣੇ ਜਾਂਦੇ ਸਨ। ਇਨ੍ਹਾਂ ਦੇ ਦਾਦਾ ਕਾਜ਼ੀ ਸ਼ਾਈਬ, ਚੰਗੇਜ਼ੀ ਅੱਤਿਆਚਾਰ ਤੋਂ ਬਚਣ ਲਈ ਆਪਣੇ ਤਿੰਨ ਪੁੱਤਰਾਂ ਸਮੇਤ ਲਾਹੌਰ ਆ ਵਸੇ। ਉਨ੍ਹਾਂ ਦੇ ਹੀ ਬੇਟੇ ਜਮਾਲ-ਉਦ-ਦੀਨ ਸੁਲੇਮਾਨ ਦੇ ਘਰ ਮਾਤਾ ਕੁਰਸਮ ਦੀ ਕੁਖੋਂ ਕਸੂਰ ਵਿਖੇ ਸੰਨ 1173 ਈਸਵੀ ਨੂੰ ਫਰੀਦ ਜੀ ਦਾ ਜਨਮ ਹੋਇਆ।

ਸ੍ਰੀ ਗੁਰੂ ਨਾਨਕ ਦੇਵ ਜੀ ਪਾਕ ਪਟਨ ਵਿਖੇ ਬਾਬਾ ਫਰੀਦ ਜੀ ਦੀ ਗੱਦੀ ਤੇ ਬੈਠੇ ਸ਼ੇਖ ਬ੍ਰਹਮ ਨੂੰ ਮਿਲੇ ਸਨ ਤੇ ਬਾਬਾ ਫ਼ਰੀਦ ਜੀ ਦੀ ਬਾਣੀ ਆਪਣੇ ਪਾਸ ਲੈ ਲਈ ਸੀ। ਇਹ ਬਾਬਾ ਫਰੀਦ ਜੀ ਦੀ ਮਾਤਾ ਜੀ ਦੀ ਹੀ ਭੂਮਿਕਾ ਸੀ ਕਿ ਉਨ੍ਹਾਂ ਨੂੰ ਸਮਝਾਇਆ ਕਿ ਬੇਟਾ ਪਹਿਲਾਂ ਇਤਨਾ ਇਲਮ (ਗਿਆਨ) ਹਾਸਲ ਕਰ ਕਿ ਇਲਮ ਦੇ ਸਮੁੰਦਰ ਖਵਾਜਾ ਬਖਤਿਆਰ ਕਾਕੀ ਦੀਆਂ ਬਖਸ਼ਿਸ਼ਾਂ (ਮੌਜਾਂ) ਬਰਦਾਸ਼ਤ ਕਰ ਸਕੇਂ ਅਤੇ ਇਲਮ ਦਾ ਕੇਂਦਰ ਕੰਧਾਰ ਹੈ। ਜਦੋਂ ਆਪ ਕੰਧਾਰ ਜਾ ਕੇ ਸੱਯਦ ਬੁਖਾਰੀ ਕੋਲੋਂ ਇਲਮ ਪ੍ਰਾਪਤ ਕਰਕੇ ਮੁੜੇ ਤਾਂ ਫਿਰ ਮਾਂ ਨੇ ਕਿਹਾ ਕਿ ਅਜੇ ਆਪਣਾ ਪੱਲੂ ਹੋਰ ਫੈਲਾ ਕਿ ਬਰਕਤਾਂ ਪੈਣ ਵੇਲੇ ਨਿੱਕਾ ਨਾ ਪੈ ਜਾਏ।

ਮਾਂ ਦੇ ਆਖੇ ਲੱਗ ਬਾਬਾ ਫਰੀਦ ਜੀ ਨੇ ਬਗਦਾਦ ਜਾਣ ਦਾ ਇਰਾਦਾ ਕੀਤਾ। ਬਗਦਾਦ ਵਿਖੇ ਸ਼ਹਾਬ-ਉਦ-ਦੀਨ ਸੁਹਰਾਵਰਦੀ ਨੇ ਇਲਮ ਦਾ ਦਰਬਾਰ ਹੀ ਸਜਾਇਆ ਹੋਇਆ ਸੀ। ਸੁਹਰਾਵਰਦੀ ਨੇ ਸਮਝਾਇਆ ਕਿ ਦਰਵੇਸ਼ੀ ਖੁੱਦ ਨੂੰ ਜਾਨਣ ਦਾ ਨਾਂ ਹੈ। ਜੋ ਆਪਣੀ ਜਾਤ ਨੂੰ ਨਹੀਂ ਪੁੱਜ ਸਕਦਾ, ਭਾਵ ਜਿਹੜਾ ਆਪਣਾ ਆਪ ਹੀ ਨਹੀਂ ਪਛਾਣ ਸਕਦਾ, ਉਹ ਫਕੀਰੀ ਦੇ ਨੇੜੇ ਕਿਵੇਂ ਜਾਏਗਾ? ਫਰੀਦ ਜੀ ਨੇ ਵੀ ਆਪਣੀ ਬਾਣੀ ਵਿਚ ਫੁਰਮਾਇਆ ਹੈ :

ਆਪੁ ਸਵਾਰਹਿ ਮੈ ਮਿਲਹਿ ਮੈ ਮਿਲਿਆ ਸੁਖੁ ਹੋਇ।।<br>
ਫਰੀਦ ਜੇ ਤੂੰ ਮੇਰਾ ਹੋਇ ਰਹਹਿ ਸਭ ਜਗੁ ਤੇਰਾ ਹੋਇ।।<br>
(ਸ੍ਰੀ ਗੁਰੂ ਗਰੰਥ ਸਾਹਿਬ, ਅੰਗ : ੧੩੮੨)

ਜਦ ਬਗਦਾਦੋਂ ਮਾਂ ਪਾਸ ਆਏ ਤਾਂ ਉਸ ਨੇ ਕਿਹਾ ਕਿ ਹੁਣ ਬੇਸ਼ਕ ਦਿੱਲੀ ਬਖਤਿਆਰ ਕਾਕੀ ਪਾਸ ਜਾ। ਆਪ ਜੀ ਨੇ ਦਿੱਲੀ ਜਾ ਕੇ, ਉਥੇ ਬੜੀ ਤਪੱਸਿਆ



Scanned with CamScanner

ਕੀਤੀ। ਅਜਮੇਰ ਵਾਲੇ ਚਿਸ਼ਤੀ ਨੇ ਫਰੀਦ ਜੀ ਦੇ ਚਿਹਰੇ ਤੇ ਨੂਰ ਡਲ੍ਹਕਾਂ ਮਾਰਦਾ ਦੇਖ ਕੇ ਕਿਹਾ ਕਿ 'ਇਹ ਐਸਾ ਚਿਰਾਗ (ਗਿਆਨ ਦਾ ਦੀਵਾ) ਹੈ ਜਿਸ ਨਾਲ ਬੇਸ਼ੁਮਾਰ ਅੰਧੇਰੀਆਂ ਕੋਠੜੀਆਂ (ਬੇਸਮਝ ਅਤੇ ਅਗਿਆਨੀ ਮਨਾਂ ਵਿਚ) ਵਿਚ ਉਜਾਲਾ ਹੋਵੇਗਾ।'

ਆਪ ਜੀ ਦੀ ਸ਼ਾਦੀ ਅਲੱਗ ਖਾਨ, ਜੋ ਬਾਅਦ ਵਿਚ ਬਲਬਨ ਦਾ ਨਾਮ ਧਰਾਕੇ ਹਿੰਦੁਸਤਾਨ ਦਾ ਬਾਦਸ਼ਾਹ ਬਣਿਆ, ਦੀ ਬੇਟੀ ਨਾਲ ਹੋਈ। ਕੁਝ ਦੇਰ ਹਾਂਸੀ ਰਹਿ ਕੇ ਪੱਕਾ ਡੇਰਾ ਅਜੋਧਨ ਬਣਾ ਲਿਆ। ਉਨ੍ਹਾਂ ਦੀ ਪਵਿੱਤਰ ਕਰਨੀ ਦੀਆਂ ਦਾਸਤਾਨਾਂ ਸੁਣ ਕੇ ਅਕਬਰ ਨੇ ਨਗਰ ਦਾ ਨਾਂ ਪਾਕਪਟਨ ਰੱਖਣ ਦਾ ਐਲਾਨ ਕੀਤਾ। ਪਾਕ ਪਟਨ ਨਾਲ ਸਾਡੀ ਇਕ ਹੋਰ ਸਾਂਝ ਵੀ ਹੈ ਕਿ ਉਥੋਂ ਦੀ ਸੰਗਤ ਦੇ ਨਾਂ ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ, ਸ੍ਰੀ ਗੁਰੂ ਤੇਗ ਬਹਾਦਰ ਜੀ , ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਮਾਤਾ ਸੁੰਦਰੀ ਜੀ ਤੇ ਮਾਤਾ ਸਾਹਿਬ ਦੇਵਾਂ ਜੀ ਨੇ ਕਈ ਹੁਕਮਨਾਮੇ ਲਿਖੇ ਸਨ।

ਚੰਗੇਰੀ ਜੀਵਨ-ਜਾਚ ਲਈ ਸਿੱਖਿਆਵਾਂ

ਫ਼ਰੀਦ ਜੀ ਕਹਿੰਦੇ ਹਨ ਕਿ ਹੇ ਮਨੁੱਖ ਤੂੰ ਕੇਵਲ ਚੰਗਾ ਖਾ, ਪੀ ਜਾਂ ਹੰਢਾ ਕੇ ਜਾਂ ਸੌਂ ਕੇ ਸਮਾਂ ਅਜਾਈਂ ਨਾ ਗਵਾ। ਤੈਨੂੰ ਪੈਦਾ ਕਰਨ ਵਾਲਾ ਪਰਮਾਤਮਾ ਤੇਥੋਂ ਸੰਸਾਰ ਤੇ ਆਉਣ ਦਾ ਮੰਤਵ ਜ਼ਰੂਰ ਪੁੱਛੇਗਾ।

ਫਰੀਦਾ ਚਾਰ ਗਵਾਇਆ ਹੰਢਿ ਕੈ ਚਾਰ ਗਵਾਇਆ ਸੰਮਿ।।
ਲੇਖਾ ਰਬੁ ਮੰਗੇਸੀਆ ਤੂ ਆਂਹੋ ਕੇਰ੍ਹੇ ਕੰਮਿ।।

(ਸ੍ਰੀ ਗੁਰੂ ਗਰੰਥ ਸਾਹਿਬ, ਅੰਗ : ੧੩੭੯)

ਉਹ ਕਹਿੰਦੇ ਹਨ ਕਿ ਹੇ ਅੱਲਾਹ ਮੈਨੂੰ ਦੂਜੇ ਦੁਆਰਿਆਂ ਤੇ ਭਟਕਣ ਤੋਂ ਬਚਾ ਲਵੋ। ਅਜਿਹੇ ਜੀਊਣ ਨਾਲੋਂ ਤਾਂ ਮਰਨਾ ਚੰਗਾ ਹੈ।

ਫਰੀਦਾ ਬਾਰਿ ਪਰਾਇਐ ਬੈਸਣਾ ਸਾਂਈ ਮੁਝੈ ਨ ਦੇਹਿ।।
ਜੇ ਤੂ ਏਵੈ ਰਖਸੀ ਜੀਉ ਸਰੀਰਹੁ ਲੇਹਿ।।

(ਸ੍ਰੀ ਗੁਰੂ ਗਰੰਥ ਸਾਹਿਬ, ਅੰਗ : ੧੩੮੦)

ਆਪ ਜੀ ਦਾ ਦਿਹਾਂਤ 17 ਅਕਤੂਬਰ, ਸੰਨ 1265 ਈਸਵੀ ਨੂੰ ਪਾਕਪਟਨ ਵਿਖੇ ਹੀ ਹੋਇਆ। ਨਿਜਾਮ-ਉਦ-ਦੀਨ ਔਲੀਆ ਆਪ ਜੀ ਦੇ ਹੀ ਮੁਰੀਦ ਸਨ। ਆਪ ਦੇ 118 ਸਲੋਕ ਤੇ 4 ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ।



Scanned with CamScanner

# ਭਗਤ ਨਾਮਦੇਵ ਜੀ

ਭਗਤ ਨਾਮਦੇਵ ਜੀ ਦਾ ਜਨਮ ਸੰਨ 1270 ਈਸਵੀ ਨੂੰ ਪਿਤਾ ਦਮੇਸ਼ਟੀ ਤੇ ਮਾਤਾ ਗੋਨਾ ਬਾਈ ਜੀ ਦੀ ਕੁਖੋਂ ਜ਼ਿਲ੍ਹਾ ਸਤਾਰਾ ਦੇ ਪਰਗਨੇ ਕਰਹੜ ਦੇ ਪਿੰਡ ਨਰਸੀ ਬਾਮਨੀ ਵਿਖੇ ਹੋਇਆ। ਮਾਪੇ ਭਗਤੀ ਭਾਵ ਵਾਲੇ ਸਨ। ਜਨਮ ਤੋਂ ਹੀ ਭਗਤੀ ਦਾ ਬੀਜ ਨਾਮਦੇਵ ਜੀ ਵਿਚ ਸੀ। ਬਾਲ ਉਮਰੇ ਹੀ ਬੀਠਲ (ਪਰਮਾਤਮਾ ਦਾ ਹੀ ਇੱਕ ਨਾਮ ਹੈ) ਦੀ ਉਪਮਾ ਦੇ ਗੀਤ ਗਾਉਂਦੇ ਰਹਿੰਦੇ। ਸ਼ਾਦੀ ਵੀ ਛੋਟੀ ਉਮਰੇ ਗੋਬਿੰਦ ਸ਼ੈਂਟੀ ਦੀ ਲੜਕੀ ਰਾਜਾਬਾਈ ਨਾਲ ਹੋ ਗਈ। ਨਾਮ ਜਪਦਿਆਂ ਐਸੀ ਲਗਨ ਲੱਗੀ ਕਿ ਹਰ ਥਾਂ, ਹਰ ਇਕ ਵਿਚ ਪ੍ਰਭੂ ਜੀ ਦੀ ਹੀ ਜੋਤ (ਰੌ ਰਮਕਦੀ) ਦੇਖਣ ਲੱਗ ਪਏ। ਉਨ੍ਹਾਂ ਦੀ ਆਤਮਿਕ ਉਚਾਈ ਬਾਣੀ ਤੋਂ ਪ੍ਰਤੀਤ ਹੋ ਜਾਂਦੀ ਹੈ ਕਿ ਵਾਹਿਗੁਰੂ ਜੀ ਦੀ ਹਜ਼ੂਰੀ ਦਾ ਉਨ੍ਹਾਂ ਨੂੰ ਇੰਨਾ ਪ੍ਰਕਾਸ਼ ਹੋ ਗਿਆ ਸੀ ਕਿ ਉਸ ਦਾ ਆਨੰਦ ਹਰ ਵੇਲੇ ਮਾਣਦੇ ਰਹਿੰਦੇ।

ਨੀਵੀਂ ਜਾਤ (ਛੀਂਬਾ) ਵਿਚ ਜਨਮ ਹੋਣ ਦੇ ਕਾਰਨ ਉੱਚ ਜਾਤੀ ਵਾਲੇ ਮੰਦਰ ਵਿਚ ਦਾਖਲ ਨਹੀਂ ਸਨ ਹੋਣ ਦਿੰਦੇ। ਪਰ ਵਾਹਿਗੁਰੂ ਨੇ ਐਸਾ ਚਮਤਕਾਰ ਦਿਖਾਇਆ ਕਿ ਦੇਹੁਰਾ ਹੀ ਫੇਰ ਦਿੱਤਾ। ਆਪ ਜੀ ਦ੍ਰਿੜ੍ਹ ਚਿੱਤ ਅਤੇ ਨਿਰਭੈ ਹੋਕੇ ਬੋਲਣ ਵਾਲੇ ਭਗਤ ਸਨ। ਉਨ੍ਹਾਂ ਹੋਕਾ ਦਿੱਤਾ ਕਿ 'ਭਾਵੇਂ ਸਰੀਰ ਵੀ ਕੁਰਬਾਨ ਕਰਨਾ ਪਵੇ, ਉਹ ਰਾਮ ਨਾਮ ਨਹੀਂ ਛੱਡ ਸਕਦੇ।' ਉਨ੍ਹਾਂ ਨੇ ਬ੍ਰਾਹਮਣਾਂ ਵਲੋਂ ਸਤਾਏ ਜਾਣ ਵੇਲੇ 'ਜ਼ੁਲਫਾਂ ਵਾਲੇ ਅੱਲਾਹ' (ਅਬਦਾਲੀ ਕੇਸਵਾ) ਅੱਗੇ ਹੀ ਪੁਕਾਰ ਕੀਤੀ। ਉਹ ਦਰਸਾ ਰਹੇ ਸਨ ਕਿ ਕਿਸੇ ਭੈਅ ਹੇਠ ਆਪਣੀ ਆਵਾਜ਼ ਬੰਦ ਨਹੀਂ ਕਰ ਦੇਣੀ ਚਾਹੀਦੀ। ਇਹ ਪੁਕਾਰ ਇਹ ਵੀ ਸਿੱਧ ਕਰਦੀ ਹੈ ਕਿ ਭਗਤ ਜੀ ਕੇਸਾਧਾਰੀ ਸਨ ਅਤੇ ਉਨ੍ਹਾਂ ਦੇ ਅਨੁਭਵ ਅਨੁਸਾਰ ਪਰਮਾਤਮਾ ਵੀ ਕੇਸਾਧਾਰੀ ਹੈ।

ਭਗਤ ਨਾਮਦੇਵ ਜੀ ਨੂੰ ਆਪਣੇ ਬਚਨਾਂ ਤੇ ਅਟੱਲ ਖੜੋਤਾ ਦੇਖਕੇ ਅਤੇ ਕੇਵਲ ਇੱਕ ਪਰਮਾਤਮਾ ਦੀ ਭਗਤੀ ਦਾ ਵਿਸ਼ਵਾਸ ਤੱਕ ਕੇ, ਆਪ ਜੀ ਨੂੰ ਇੱਕ ਵਾਰ ਬਾਦਸ਼ਾਹ ਫਿਰੋਜ਼ ਨੇ ਹਾਥੀ ਹੇਠਾਂ ਲਿਤਾੜ ਕੇ ਮਾਰ ਮੁਕਾਉਣ ਦਾ ਹੁਕਮ ਦਿੱਤਾ ਪਰ ਬਾਦਸ਼ਾਹ ਹੈਰਾਨ ਹੋਇਆ ਜਦ ਹਾਥੀ ਨੇ ਹੀ ਨਾਮਦੇਵ ਜੀ ਨੂੰ ਨਮਸਕਾਰ ਕਰਕੇ ਪਿੱਛੇ ਹਟਣਾ ਸ਼ੁਰੂ ਕਰ ਦਿੱਤਾ। ਬਾਦਸ਼ਾਹ ਨੇ ਵੀ ਉਨ੍ਹਾਂ ਦੀ ਅਜ਼ਮਤ ਅੱਗੇ ਸਿਰ ਝੁਕਾਇਆ ਤੇ ਜਦ ਉਪਦੇਸ਼ ਮੰਗਿਆ ਤਾਂ ਆਪ ਜੀ ਨੇ ਕਿਹਾ :

ਸਾਚਿ ਸੀਲ ਚਾਲਹੁ ਸੁਲਤਾਨ॥

ਭਗਤ ਕਬੀਰ ਜੀ ਨੇ ਆਪਣੇ ਸਲੋਕਾਂ ਵਿਚ ਭਗਤ ਤ੍ਰਿਲੋਚਨ ਤੇ ਨਾਮਦੇਵ ਜੀ ਦੇ ਆਪਸ ਵਿਚ ਹੋਏ ਵਾਰਤਾਲਾਪਾਂ ਦਾ ਜ਼ਿਕਰ ਕਰਦੇ ਹੋਏ ਵਰਣਨ ਕੀਤਾ ਹੈ ਕਿ ਭਗਤ ਨਾਮਦੇਵ ਜੀ, ਤ੍ਰਿਲੋਚਨ ਭਗਤ ਤਾਈਂ ਇਹ ਉਪਦੇਸ਼ ਜਗਤ ਨੂੰ ਦੇ ਰਹੇ ਹਨ ਕਿ ਹੇ ਮਨੁੱਖ, ਮੁੱਖ ਤੋਂ ਪਰਮਾਤਮਾ ਦਾ ਨਾਮ ਜਪਦੇ ਹੋਏ, ਹੱਥਾਂ, ਪੈਰਾਂ ਨਾਲ ਆਪਣੀ ਦਸਾਂ ਨਹੁੰਆਂ ਦੀ ਕਿਰਤ ਕਰਦੇ ਰਹਿਣਾ ਹੀ ਲਾਹੇਵੰਦਾ ਸੌਦਾ ਹੈ।

ਭਗਤ ਨਾਮਦੇਵ ਜੀ ਦੀ ਘਾਲ ਦਾ ਜ਼ਿਕਰ ਕਰਦੇ ਹੋਏ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ :

ਨਾਮ ਦੇਵ ਹਰਿ ਜੀਉ ਬਸਹਿ ਸੰਗਿ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ:੧੧੯੨)

ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿਚ ਆਪ ਜੀ ਦੇ 18 ਰਾਗਾਂ ਵਿਚ ਗਾਏ ਹੋਏ 60 ਸ਼ਬਦ ਹਨ। ਆਖਰੀ ਉਮਰ ਵਿਚ ਆਪ ਜੀ ਪੰਜਾਬ ਦੇ ਇਕ ਪਿੰਡ ਘੁਮਾਣ, ਜ਼ਿਲ੍ਹਾ ਗੁਰਦਾਸਪੁਰ ਵਿਖੇ ਆ ਟਿਕੇ ਸਨ। ਆਪ ਜੀ ਦਾ ਅਕਾਲ ਚਲਾਣਾ ਅੱਸੂ ਦੇ ਮਹੀਨੇ ਸੰਨ 1350 ਈਸਵੀ ਨੂੰ ਹੋਇਆ ਸੀ।

## ਭਗਤ ਕਬੀਰ ਜੀ

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਭਗਤ ਕਬੀਰ ਜੀ ਨੂੰ ਭਗਤਾਂ ਦੀ ਸੂਚੀ ਵਿਚ ਪਹਿਲੀ ਥਾਂ ਦਿੱਤੀ ਹੈ ਅਤੇ ਆਪਣੀ ਬਾਣੀ ਵਿਚ 'ਕਬੀਰ ਧਿਆਇਓ ਏਕ ਰੰਗ' ਕਹਿ ਕੇ ਸਤਿਕਾਰਿਆ ਹੈ।

'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ' (ਆਮ ਕਰਕੇ ਸੂਰਜ ਪ੍ਰਕਾਸ਼ ਨਾਮ ਨਾਲ ਇਸ ਗ੍ਰੰਥ ਨੂੰ ਜਾਣਿਆ ਜਾਂਦਾ ਹੈ) ਦੇ ਕਥਨ ਅਨੁਸਾਰ ਜਦ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਕਬੀਰ ਜੀ ਦੀਆਂ ਕਾਸ਼ੀ ਵਿਖੇ ਆਤਮ ਗਯਾਨ ਦੀਆਂ ਗੱਲਾਂ ਹੋਈਆਂ ਤਾਂ ਕਬੀਰ ਜੀ ਨੇ 'ਦਰਸ ਪਾਇ ਹਮ ਹੋਏ ਨਿਹਾਲ' ਦੇ ਸ਼ਬਦ ਕਹੇ।

ਭਾਈ ਗੁਰਦਾਸ ਜੀ ਨੇ ਵੀ ਵਾਰਾਂ ਵਿਚ ਜ਼ਿਕਰ ਕੀਤਾ ਹੈ ਕਿ ਜਦ ਕਬੀਰ ਜੀ ਪੂਰਨ ਵਿਸਮਾਦ ਵਿਚ ਚਲੇ ਗਏ ਤਾਂ ਆਤਮਾ ਤੋਂ ਐਸਾ ਅੰਮ੍ਰਿਤ ਦਾ ਝਰਨਾ ਚਲ ਪਿਆ ਕਿ ਉਨ੍ਹਾਂ ਵਿਚ ਤੇ ਵਾਹਿਗੁਰੂ ਵਿਚ ਰਤਾ ਭਰ ਭੇਦ ਨ ਰਿਹਾ। ਫਿਰ ਜੋ ਵੀ ਉਹ ਮੁਖੋਂ ਬੋਲਦੇ, ਉਚਾਰਦੇ, ਉਸ ਦੇ ਸੁਣਨ ਨਾਲ ਹੀ ਅਣਘੜੇ ਜੀਵਾਂ ਦੇ ਜੀਵਨ ਘੜੇ ਜਾਂਦੇ।

ਅਚਰਜ ਨੋ ਅਚਰਜ ਮਿਲੈ ਵਿਸਮਾਦੇ ਵਿਸਮਾਦੁ ਮਿਲਾਈ।।



Scanned with CamScanner

ਝਰਨਾ ਝਰਦਾ ਨਿਝਰਹੁੰ ਗੁਰਮਖਿ ਬਾਣੀ ਅਘੜ ਘੜਾਈ।।
ਰਾਮੁ ਕਬੀਰੈ ਭੇਦੁ ਨ ਭਾਈ।।

ਕਬੀਰ ਕਸੌਟੀ ਪੁਸਤਕ ਦੇ ਰਚਨਹਾਰ ਭਾਈ ਲਹਿਣਾ ਸਿੰਘ (ਪਿੰਜੌਰ) ਦੇ ਲਿਖੇ ਅਨੁਸਾਰ ਕਬੀਰ ਜੀ ਦਾ ਜਨਮ ਬਨਾਰਸ ਵਿਖੇ ਸੰਨ 1398 ਈਸਵੀ ਵਿਚ ਹੋਇਆ। ਇਨ੍ਹਾਂ ਦਾ ਪਾਲਣ ਪੋਸ਼ਣ ਮੁਸਲਮਾਨ ਜੁਲਾਹੇ ਦੇ ਘਰ ਹੋਇਆ ਸੀ। ਜਦ ਇਕ ਵਾਰੀ ਉਨ੍ਹਾਂ 'ਕਬੀਰ ਪੂੰਗਰਾ ਰਾਮ ਅਲਹ ਕਾ' ਕਹਿਆ ਤਾਂ ਕੁਝ ਕੱਟੜ ਮੁਸਲਮਾਨਾਂ ਨੇ ਆਪ ਜੀ ਨੂੰ ਕਾਫਰ ਗਰਦਾਨਿਆ। ਆਪ ਜੀ ਨੇ ਸਮਝਾਇਆ 'ਭਲੇ ਲੋਕੋ ਕਾਫਰ ਤਾਂ ਉਹ ਹੁੰਦਾ ਹੈ ਜੋ ਅਲਾਹ ਦੀ ਹੋਂਦ ਤੋਂ ਮੁਨਕਰ ਹੋਵੇ। ਕਿਸੇ ਦਾ ਦਿਲ ਦੁਖਾਵੇ। ਸਾਧੂ ਦਾ ਭੇਖ ਧਾਰ ਕੇ ਲੋਕਾਂ ਨੂੰ ਲੁੱਟੇ। ਸ਼ਰਾਬ ਪੀਵੇ, ਕਿਰਤ ਨਾ ਕਰੇ। ਦੂਜਿਆਂ ਤੋਂ ਖੋਹ ਕੇ ਖਾਵੇ। ਆਤਮਘਾਤੀ ਹੋਵੇ। ਤੰਮਾਕੂ ਦਾ ਸੇਵਨ ਕਰੇ। ਬਾਟ ਮਾਰ (ਡਾਕੂ) ਹੋਵੇ ਤੇ ਲੋਕਾਂ ਤੇ ਜੀਵਾਂ ਨੂੰ ਮਾਰੇ।' ਇਹ ਹੀ ਕਬੀਰ ਜੀ ਦੀ ਬਾਣੀ ਦੇ ਮੁੱਢਲੇ ਸਿਧਾਂਤ ਹਨ।

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ।।
ਏਕ ਨੂਰ ਤੇ ਸਭ ਜਗੁ ਉਪਜਿਆ ਕਉਨ ਭਲੇ ਕੋ ਮੰਦੇ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ:੧੩੪੯)

ਸ੍ਰੀ ਗੁਰੂ ਗਰੰਥ ਸਾਹਿਬ ਵਿਚ ਅਠਾਰਾਂ ਰਾਗਾਂ ਵਿਚ ਉਨ੍ਹਾਂ ਦੇ 297 ਸ਼ਬਦ ਤੇ ਅਸ਼ਟਪਦੀਆਂ ਅਤੇ 243 ਸਲੋਕ ਦਰਜ ਹਨ।

## ਭਗਤ ਰਵਿਦਾਸ ਜੀ

ਆਪ ਜੀ ਦਾ ਜਨਮ ਸੰਨ 1377 ਈਸਵੀ ਵਿਚ ਹੋਇਆ ਮੰਨਿਆ ਜਾਂਦਾ ਹੈ ਤੇ ਬਹੁਤ ਵੱਡੀ ਉਮਰ ਭੋਗ ਕੇ ਅਕਾਲ ਚਲਾਣਾ ਕੀਤਾ। ਆਪ ਜੀ ਕਬੀਰ ਜੀ ਦੇ ਸਮਕਾਲੀ ਸਨ। ਸ੍ਰੀ ਗੁਰੂ ਅਰਜਨ ਦੇਵ ਜੀ ਨੇ 'ਰਵਿਦਾਸ ਧਿਆਇ ਪ੍ਰਭ ਅਨੂਪ' ਕਹਿ ਕੇ ਭਗਤ ਰਵਿਦਾਸ ਜੀ ਦੀ ਉਪਮਾ ਕੀਤੀ ਹੈ। ਰਵਿਦਾਸ ਜੀ ਨੇ ਮਾਇਆ ਦੀ ਪਕੜ ਐਸੀ ਗਵਾ ਲਈ ਸੀ ਕਿ ਵਾਹਿਗੁਰੂ ਵਿਚ ਅਭੇਦ ਹੀ ਹੋ ਗਏ ਸਨ। ਉਨ੍ਹਾਂ ਦਾ ਹੀ ਉਚਾਰਿਆ ਸ਼ਬਦ ਹੈ :

ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ ।।
ਕਨਿਕ ਕਟਿਕ ਜਲ ਤਰੰਗ ਜੈਸਾ ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ:੯੩)

ਭਾਈ ਗੁਰਦਾਸ ਜੀ ਨੇ ਲਿਖਿਆ ਹੈ ਕਿ ਉਹ ਮੋਚੀ ਦੀ ਕਿਰਤ ਕਰਨ ਵਾਲਾ ਸਾਰੇ ਸੰਸਾਰ ਤੇ ਪ੍ਰਸਿੱਧ ਹੋਇਆ। ਜਿਵੇਂ ਗੋਦੜੀ ਵਿਚ ਲਾਲ ਚਮਕਦਾ



Scanned with CamScanner

ਹੈ ਤਿਵੇਂ ਭਗਤ ਰਵਿਦਾਸ ਜੀ ਚਮਕੇ। ਆਪਣੀ ਨਿਰਮਲ ਕਰਣੀ ਦੁਆਰਾ ਉਨ੍ਹਾਂ ਪ੍ਰਗਟਾ ਦਿੱਤਾ ਕਿ ਭਗਤੀ ਹੀ ਗਿਆਨ ਧਿਆਨ ਦੀ ਪ੍ਰਾਪਤੀ ਹੈ। ਚਹੁੰ ਵਰਨਾਂ ਨੂੰ ਪ੍ਰਤੱਖ ਕਰ ਦਿਖਲਾਇਆ ਕਿ ਵਾਹਿਗੁਰੂ ਆਪਣੇ ਭਗਤਾਂ ਨੂੰ ਮਾਂ-ਪਿਉ ਜਿਤਨਾ ਪਿਆਰ ਦਿੰਦਾ ਹੈ।

ਚਹੁ ਵਰਨਾ ਉਪਦੇਸਦਾ<br>
ਗਿਆਨ ਧਿਆਨ ਕਰਿ ਭਗਤ ਸਹੇਟਾ।।<br>
ਭਗਤ ਜਨਾਂ ਹਰਿ ਮਾਂ ਪਿਉ ਬੇਟਾ।।

ਇਤਿਹਾਸਕਾਰਾਂ ਨੇ ਲਿਖਿਆ ਹੈ ਕਿ ਇਕ ਸਮੇਂ ਉਨ੍ਹਾਂ ਦੀ ਅੰਨਨ ਸੇਵਾ ਤੋਂ ਇਕ ਸਾਧੂ ਨੇ ਖੁਸ਼ ਹੋ ਕੇ ਪਾਰਸ ਦਿੱਤਾ ਤਾਂ ਕਿ ਉਨ੍ਹਾਂ ਦੀ ਗਰੀਬੀ ਮਿਟ ਜਾਏ। ਪਰ ਉਹ ਹੀ ਸਾਧੂ ਜਦ ਕੁਝ ਚਿਰਾਂ ਬਾਅਦ ਫਿਰ ਮਿਲਿਆ ਤਾਂ ਹੈਰਾਨ ਹੋਇਆ ਕਿ ਰਵਿਦਾਸ ਜੀ ਉਸੇ ਤਰ੍ਹਾਂ ਜੁੱਤੀਆਂ ਗੰਢਣ ਦੀ ਕਿਰਤ ਵਿਚ ਰੁਝੇ ਹੋਏ ਹਨ। ਹੈਰਾਨ ਹੋ ਕੇ ਪੁੱਛ ਬੈਠਾ ਕਿ ਪਾਰਸ ਕਿਥੇ ਹੈ ਜੋ ਉਹ ਦੇ ਕੇ ਗਿਆ ਸੀ ਤਾਂ ਆਪ ਜੀ ਇਸ਼ਾਰਾ ਕਰਦੇ ਹੋਏ ਕਹਿਣ ਲੱਗੇ ਕਿ ਉਥੇ ਹੀ ਪਿਆ ਹੈ, ਜਿਥੇ ਤੂੰ ਰੱਖ ਗਿਆ ਸੈਂ।

ਜਦੋਂ ਭਗਤ ਰਵਿਦਾਸ ਜੀ ਦੀ ਇਤਨੀ ਉੱਚੀ ਆਤਮਕ ਅਵਸਥਾ ਦੇਖ ਕੇ ਬਨਾਰਸ ਦੇ ਲੋਕੀਂ ਉਨ੍ਹਾਂ ਵੱਲ ਖਿੱਚੇ ਆਏ ਤਾਂ ਉੱਚ ਜਾਤੀ ਬ੍ਰਾਹਮਣਾਂ ਨੇ ਉਨ੍ਹਾਂ ਦੇ ਘਰ ਤੱਕ ਸਾੜਨ ਦੀ ਕੋਸ਼ਿਸ਼ ਕੀਤੀ। ਆਪ ਜੀ ਨਿੱਡਰ ਹੋ ਕੇ ਕਹਿਣ ਲੱਗੇ ਕਿ ਹੇ ਬਨਾਰਸ ਵਾਸੀਓ! ਮੈਨੂੰ ਬਸ ਇਤਨਾ ਦੱਸੋ ਕਿ ਜੇ ਕੋਈ ਭਲਾ ਸ਼ਰਾਬ ਦੀ ਬੋਤਲ ਗੰਗਾ ਦਰਿਆ ਵਿਚ ਸੁੱਟ ਦੇਵੇ ਤਾਂ ਕੀ ਭਗਤ ਜਨਾਂ ਨੂੰ ਗੰਗਾ ਜਲ ਪੀਣਾ ਬੰਦ ਕਰ ਦੇਣਾ ਚਾਹੀਦਾ ਹੈ ਤੇ ਜੇ ਇਸ ਦੇ ਉਲਟ ਗੰਗਾ ਜਲ ਦੇ ਪਾਣੀ ਵਿਚ ਗੁੜ ਸ਼ੱਕਰ ਮਿਲਾ ਕੇ ਕੋਈ ਸ਼ਰਾਬ ਬਣਾ ਦੇਵੇ ਤਾਂ ਕੀ ਭਗਤ ਜਨਾਂ ਨੂੰ ਪੀ ਲੈਣਾ ਚਾਹੀਦਾ ਹੈ।

ਸੁਰਸਰੀ ਸਲਲ ਕ੍ਰਿਤ ਬਾਰੁਨੀ ਰੇ ਸੰਤ ਜਨ ਕਰਤ ਨਹੀਂ ਪਾਨੰ।।<br>
ਸੁਰਾ ਅਪਵਿਤ੍ਰ ਨਤ ਅਵਰ ਜਲ ਰੇ<br>
ਸੁਰਸਰੀ ਮਿਲਤ ਨਹਿ ਹੋਇ ਆਨੰ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ:੧੨੯੩)

'ਬੇਗਮਪੁਰਾ ਸਹਰ ਕੋ ਨਾਉ' ਦੇ ਸ਼ਬਦ ਵਿਚ ਐਸਾ ਵਾਤਾਵਰਨ ਉਲੀਕਣ ਲਈ ਅਰਦਾਸ ਕਰ ਰਹੇ ਹਨ, ਜਿਥੇ ਦੁੱਖ, ਭੁੱਖ, ਤੌਖਲਾ, ਜ਼ਬਰ, ਡਰ, ਕਰ ਨਾ ਹੋਵੇ ਤੇ ਸਭ ਤੋਂ ਵੱਡੀ ਗੱਲ ਦੂਜੇ ਤੀਜੇ ਨੰਬਰ ਦੇ ਸ਼ਹਿਰੀ ਨਾ ਹੋਣ।



Scanned with CamScanner

ਆਪ ਜੀ ਦੁਆਰਾ 16 ਰਾਗਾਂ ਵਿਚ ਰਚੀ ਬਾਣੀ ਦੇ 40 ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ਼ ਹਨ।

## ਭਗਤ ਸੈਣ ਜੀ

ਭਗਤ ਸੈਣ ਜੀ ਬਾਰੇ ਆਸਾ ਰਾਗ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਲਿਖਿਆ ਹੈ ਕਿ 'ਕਿਰਤ ਤੇ ਕੀਰਤੀ' ਨੂੰ ਇਕੱਠਿਆ ਕਰਨ ਕਾਰਨ ਹਿਰਦੇ ਵਿਚ ਪਾਰਬ੍ਰਹਮ ਦਾ ਨਿਵਾਸ ਹੋ ਗਿਆ। ਸੰਸਾਰ ਸਾਗਰ ਤੋਂ ਪਾਰ ਹੋ ਗਏ ਅਤੇ ਇਤਨੀ ਸ਼ੋਭਾ ਹੋਈ ਕਿ ਘਰ-ਘਰ ਭਗਤ ਜਨ ਜਾਣੇ ਜਾਣ ਲੱਗੇ।

ਸੈਨ ਨਾਈ ਬੁਤਕਾਰੀਆ ਓਹੁ ਘਰਿ ਘਰਿ ਸੁਨਿਆ॥
ਹਿਰਦੇ ਵਸਿਆ ਪਾਰਬ੍ਰਹਮੁ ਭਗਤਾ ਮਹਿ ਗਨਿਆ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ : ੪੮੭)

ਭਾਈ ਗੁਰਦਾਸ ਜੀ ਨੇ ਜ਼ਰਾ ਹੋਰ ਵਿਸਥਾਰ ਦੇਂਦੇ ਲਿਖਿਆ ਕਿ ਦਿਨੇ ਤਾਂ ਸੈਣ ਜੀ ਬਾਂਧਵ ਗੜ੍ਹ (ਰੇਵਾ) ਰਿਆਸਤ ਦੇ ਰਾਜਾ ਰਾਮ ਰਾਜ ਦੇ ਦਰਬਾਰ ਵਿਚ ਨੌਕਰੀ ਕਰਦੇ ਸਨ ਅਤੇ ਕੰਮ ਤੋਂ ਵਿਹਲੇ ਹੋ ਕੇ ਭਗਤੀ ਵਿਚ ਜੁੱਟ ਜਾਂਦੇ ਸਨ। ਇਕ ਰਾਤ ਐਸਾ ਹੋਇਆ ਕਿ ਕੁਝ ਰੱਬ ਦੇ ਪਿਆਰੇ ਉਨ੍ਹਾਂ ਦੇ ਘਰ ਆ ਗਏ ਤੇ ਸਾਰੀ ਰਾਤ ਹੀ ਪ੍ਰਭੂ ਦੀ ਸਿਫਤ ਸਾਲਾਹ ਹੁੰਦੀ ਰਹੀ। ਆਪ ਸਵੇਰੇ ਕੰਮ ਤੇ ਨਾ ਜਾ ਸਕੇ। ਪਰ ਵਾਹਿਗੁਰੂ ਨੇ ਆਪਣੇ ਭਗਤ ਦੀ ਲਾਜ ਰੱਖੀ। ਅਗਲੇ ਦਿਨ ਜਦ ਸੈਣ ਜੀ ਰਾਜ ਦਰਬਾਰ ਪੁੱਜੇ ਤਾਂ ਰਾਜੇ ਨੇ ਇਕ ਕੀਮਤੀ ਪੌਸ਼ਾਕ ਖਿੱਲਤ (ਇਨਾਮ) ਵਜੋਂ ਦਿੱਤੀ ਤੇ ਕਿਹਾ ਕਿ ਜੈਸੀ ਸੇਵਾ ਬੀਤੇ ਦਿਨ ਕੀਤੀ ਸੀ, ਉਸ ਵਰਗੀ ਕਦੇ ਨਹੀਂ ਕੀਤੀ। ਧੰਨ ਹੈ ਵਾਹਿਗੁਰੂ ਕਿ ਉਹ, ਆਪਣੇ ਭਗਤਾਂ ਨੂੰ ਕਿਸ ਢੰਗ ਨਾਲ ਵਡਿਆਉਂਦਾ ਹੈ, ਇਸ ਬਾਰੇ ਕੋਈ ਕਹਿ ਨਹੀਂ ਸਕਦਾ।

ਪਰਗਟੁ ਕਰੈ ਭਗਤਿ ਵਡਿਆਈ॥

ਇਤਿਹਾਸਕਾਰਾਂ ਨੇ ਭਗਤ ਸੈਣ ਜੀ ਦਾ ਜਨਮ ਪੰਦਰਵੀਂ ਸਦੀ ਦੇ ਅੱਧ ਵਿਚ ਹੋਣਾ ਮੰਨਿਆ ਹੈ। ਧਨਾਸਰੀ ਰਾਗ ਵਿਚ ਆਪ ਜੀ ਨੇ ਪ੍ਰੇਰਨਾ ਦੀਤੀ ਹੈ ਕਿ ਸਦਾ ਖੁਸ਼ੀ ਬਖਸ਼ਣ ਵਾਲਾ ਹਰੀ ਦਾ ਗੀਤ ਨਿਤ ਗਾਉਂਦੇ ਰਵ੍ਹੋ।

ਮੰਗਲਾ ਹਰਿ ਮੰਗਲਾ॥ ਨਿਤ ਮੰਗਲੁ ਰਾਜਾ ਰਾਮ ਰਾਇ ਕੋ॥੧॥

ਆਪ ਜੀ ਦੇ ਜੀਵਨ ਵੇਰਵਿਆਂ, ਆਪ ਜੀ ਦੁਆਰਾ ਰਚਿਤ ਬਾਣੀ ਅਤੇ ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚ ਦਰਜ਼ ਵਿਚਾਰਾਂ ਤੋਂ ਇਹ ਗੱਲ ਸਿੱਧ ਹੁੰਦੀ ਹੈ ਕਿ ਪਰਮਾਤਮਾ ਦੀ ਪ੍ਰਾਪਤੀ ਲਈ ਗਰੀਬੀ, ਜ਼ਾਤ-ਪਾਤ ਜਾਂ ਕਿੱਤਾ



Scanned with CamScanner

ਨਹੀਂ ਵਿਚਾਰਿਆ ਜਾਂਦਾ। ਉਥੇ ਕੇਵਲ ਪ੍ਰੇਮਾ ਭਗਤੀ, ਸੱਚੀ-ਸੁੱਚੀ ਕਿਰਤ, ਮਨੁੱਖਤਾ ਦਾ ਭਲਾ ਤੇ ਉਸ ਨਾਲ ਪਿਆਰ ਅਤੇ ਹਰ ਥਾਂ ਪਰਮਾਤਮਾ ਨੂੰ ਆਪਣੇ ਸੰਗ-ਸਾਥ ਮਹਿਸੂਸ ਕਰਨ ਦੀ ਭਾਵਨਾ ਵੇਖੀ ਤੇ ਪਰਖੀ ਜਾਂਦੀ ਹੈ।

## ਭਗਤ ਸਧਨਾ ਜੀ

ਭਗਤ ਸਧਨਾ ਜੀ ਦਾ ਜਨਮ ਸੂਬਾ ਸਿੰਧ ਦੇ ਨਗਰ ਸੇਹਵਾਂ ਵਿਖੇ ਹੋਇਆ ਸੀ। ਇਹ ਕਿੱਤੇ ਕਰਕੇ ਕਸਾਈ ਸਨ, ਪਰ ਸੰਗਤ ਕਦੇ ਨ ਖੁੰਝਾਉਂਦੇ। ਜੀਵਨ ਐਸਾ ਕੰਚਨ ਬਣਾ ਲਿਆ ਸੀ ਕਿ ਦੂਰੋਂ-ਦੂਰੋਂ ਸੰਗਤਾਂ ਇਨ੍ਹਾਂ ਦੇ ਦਰਸ਼ਨ ਨੂੰ ਆਉਂਦੀਆਂ ਸਨ। ਇਹ ਪ੍ਰਸਿੱਧ ਹੋ ਗਿਆ ਸੀ ਕਿ ਉਹ ਮਾਸ ਤੋਲਣ ਵੇਲੇ ਵੱਟ ਦੀ ਥਾਂ ਸਾਲਗਰਾਮ ਰੱਖਦੇ ਹਨ। ਆਚਰਨ ਦੀ ਮੂਰਤ ਸਨ।

ਉਨ੍ਹਾਂ ਦਾ ਕਥਨ ਹੈ ਕਿ ਭਗਤੀ ਕਰਨ ਵਾਲੇ ਨੂੰ ਕਿਸੇ ਕਰਮ-ਕਾਂਡ ਦੀ ਲੋੜ ਨਹੀਂ। ਕਰਮਾਂ ਦਾ ਫਲ ਤੱਕ ਨਹੀਂ ਭੋਗਣਾ ਪੈਂਦਾ। ਸ਼ੇਰ (ਪ੍ਰਭੂ) ਦੀ ਸ਼ਰਨ ਲਇਆਂ ਫਿਰ ਵੀ ਗਿੱਦੜ (ਕਰਮਾਂ ਦੇ ਫਲ ਦਾ ਡਰ) ਸਤਾਏ ਤਾਂ ਸ਼ੇਰ ਦੀ ਪਨਾਹ ਲੈਣ ਦਾ ਕੀ ਲਾਭ?

ਤਵ ਗੁਨ ਕਹਾ ਜਗਤ ਗੁਰਾ ਜਉ ਕਰਮੁ ਨ ਨਾਸੈ॥
ਸਿੰਘ ਸਰਨ ਕਤ ਜਾਈਐ ਜਉ ਜੰਬੁਕੁ ਗ੍ਰਾਸੈ॥

(ਸ੍ਰੀ ਗੁਰੂ ਗਰੰਥ ਸਾਹਿਬ, ਅੰਗ : ੮੫੮)

ਸਧਨਾ ਜੀ ਇਹ ਵੀ ਫੁਰਮਾਉਂਦੇ ਹਨ ਕਿ ਉਸ ਮੁਕਤੀ ਦਾ ਕੀ ਲਾਭ ਜੋ ਮੌਤ ਪਿਛੋਂ ਮਿਲੀ। ਜੀਵਨ ਮੁਕਤ ਹੋਣਾ ਹੀ ਭਗਤੀ ਦਾ ਸਿੱਟਾ ਹੈ । ਰਾਗ ਬਿਲਾਵਲ ਵਿਚ ਆਪ ਜੀ ਦਾ ਇਹ ਸ਼ਬਦ ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਦਰਜ਼ ਕਰਕੇ ਮਾਣ ਦਿੱਤਾ।

## ਭਗਤ ਰਾਮਾਨੰਦ ਜੀ

ਭਗਤ ਰਾਮਾਨੰਦ ਜੀ ਨੂੰ ਭਗਤੀ ਲਹਿਰ ਦਾ ਉਤਰ ਤੇ ਦੱਖਣ ਵਿਚਕਾਰ ਪੁਲ ਕਿਹਾ ਜਾਂਦਾ ਹੈ। ਭਗਤ ਜੀ ਨੇ ਭਗਤੀ ਲਈ ਸੰਸਾਰ ਛੱਡਣ ਵਾਲਿਆਂ ਨੂੰ ਸਖ਼ਤ ਚਿਤਾਵਨੀ ਦਿੱਤੀ ਕਿ ਬਾਹਰ ਨ ਭਟਕ ਸਗੋਂ ਅੰਦਰ ਝਾਤੀ ਮਾਰ, ਉਹ ਹਿਰਦੇ ਵਿਚ ਬੈਠਾ ਹੈ। ਭਗਤ ਰਾਮਾਨੰਦ ਜੀ ਨੇ ਲੋਕਾਂ ਨੂੰ ਕਰਮ ਕਾਂਡਾਂ ਤੋਂ ਕਿਵੇਂ ਹਟਾਇਆ, ਇਸ ਦਾ ਵਰਨਣ ਸ੍ਰੀ ਗੁਰੂ ਗਰੰਥ ਸਾਹਿਬ ਵਿਚ, ਧਨਾਸਰੀ ਰਾਗ ਵਿਚ ਦਰਜ਼ ਸ਼ਬਦ ਦੁਆਰਾ ਕੀਤਾ ਹੈ ਕਿ ਇਕ ਦਿਨ ਮਨ ਵਿਚ ਇੰਝ ਚਾਅ ਉਠਿਆ ਕਿ ਚਲੋ ਉਸੇ ਢੰਗ ਨਾਲ ਪੂਜਾ ਕਰੀਏ, ਜਿਸ ਨਾਲ ਹੋਰ ਲੋਕੀਂ



Scanned with CamScanner

ਕਰਦੇ ਹਨ। ਇਸ ਮੰਤਵ ਲਈ ਸਮੱਗਰੀ ਇਕੱਠੀ ਕੀਤੀ ਤੇ ਠਾਕੁਰ ਦੁਆਰੇ (ਬ੍ਰਹਮ ਠਾਇ) ਜਾਣ ਲੱਗੇ ਤਾਂ ਆਵਾਜ਼ ਹੋਈ ਕਿ ਕਿੱਧਰ ਜਾ ਰਿਹਾ ਹੈਂ? ਜਿਸਦੀ ਪੂਜਾ ਕਰਨ ਜਾ ਰਿਹਾ ਹੈਂ, ਉਹ ਤਾਂ ਤੇਰੇ ਹਿਰਦੇ ਅੰਦਰ ਹੀ ਬੈਠਾ ਹੈ :

ਏਕ ਦਿਵਸ ਮਨ ਭਈ ਉਮੰਗ।।
ਘਸਿ ਚੰਦਨ ਚੋਆ ਬਹੁ ਸੁਗੰਧ।।
ਪੂਜਨ ਚਾਲੀ ਬ੍ਰਹਮ ਠਾਇ।।
ਸੋ ਬ੍ਰਹਮੁ ਬਤਾਇਓ ਗੁਰ ਮਨ ਹੀ ਮਾਹਿ।।

(ਸ੍ਰੀ ਗੁਰੂ ਗਰੰਥ ਸਾਹਿਬ, ਅੰਗ : ੧੧੯੫)

ਆਪ ਜੀ ਨੇ ਗੂੰਜਵੀਂ ਆਵਾਜ਼ ਵਿਚ ਕਿਹਾ :

ਗੁਰ ਕਾ ਸਬਦੁ ਕਾਟੈ ਕੋਟਿ ਕਰਮ ।।

(ਸ੍ਰੀ ਗੁਰੂ ਗਰੰਥ ਸਾਹਿਬ, ਅੰਗ : ੧੧੯੫)

ਇਸੇ ਲਈ ਉਨ੍ਹਾਂ ਦੇ ਹੀ ਸਮਕਾਲੀ ਭਗਤ ਸੈਣ ਜੀ ਨੇ ਲਿਖਿਆ ਕਿ ਵਾਹਿਗੁਰੂ ਦੀ ਭਗਤੀ ਕਿਵੇਂ ਕਰਨੀ ਹੈ, ਦਾ ਠੀਕ ਰਾਹ ਰਾਮਾਨੰਦ ਜੀ ਜਾਣ ਗਏ ਸਨ ਤੇ ਉਹ ਸਦਾ ਇਹ ਪ੍ਰਚਾਰਦੇ ਸਨ ਕਿ ਮੁਕੰਮਲ ਤੇ ਪਰਮ ਅਨੰਦ ਲੈਣ ਲਈ ਕਿਸੇ ਕਰਮ ਕਾਂਡ ਦੀ ਲੋੜ ਨਹੀਂ ਕੇਵਲ ਉਸ ਦੀ ਯਾਦ ਨੂੰ ਵਿਸਰਨ ਨਹੀਂ ਦੇਣਾ ਚਾਹੀਦਾ ਹੈ।

ਰਾਮਾ ਭਗਤਿ ਰਾਮਾਨੰਦੁ ਜਾਨੈ।। ਪੂਰਨ ਪਰਮਾਨੰਦੁ ਬਖਾਨੈ।।

(ਸ੍ਰੀ ਗੁਰੂ ਗਰੰਥ ਸਾਹਿਬ, ਅੰਗ : ੬੯੫)

ਪੋਥੀ 'ਸ਼ਬਦਾਰਥ' ਵਿਚ ਭਗਤ ਰਾਮਾਨੰਦ ਜੀ ਦਾ ਜਨਮ ਅਲਾਹਾਬਾਦ (ਪ੍ਰਯਾਗ) ਵਿਖੇ ਸੰਨ 1316 ਈਸਵੀ ਨੂੰ ਹੋਇਆ ਲਿਖਿਆ ਹੈ ਅਤੇ ਆਪ ਜੀ ਦਾ ਅਕਾਲ ਚਲਾਣਾ 99 ਸਾਲ ਦੀ ਉਮਰ ਵਿਚ ਸੰਨ 1415 ਈਸਵੀ ਨੂੰ ਹੋਇਆ। ਇਹ ਹੀ ਭਗਤ ਕਬੀਰ ਜੀ, ਰਵਿਦਾਸ ਜੀ, ਸੈਣ ਜੀ, ਭਗਤ ਧੰਨਾ ਜੀ ਅਤੇ ਪੀਪਾ ਜੀ ਦੇ ਸਿਖਿਆ ਦਾਤਾ ਸਨ।



Scanned with CamScanner

## ਬੇਬੇ ਨਾਨਕੀ

ਬੇਬੇ ਨਾਨਕੀ ਸਿੱਖ ਇਤਿਹਾਸ ਦੀ ਉਹ ਮਾਣਯੋਗ ਹਸਤੀ ਹਨ ਜਿਨ੍ਹਾਂ ਨੇ ਸਿੱਖ ਧਰਮ ਦੇ ਸੰਸਥਾਪਕ ਰੱਬੀ ਨੂਰ ਗੁਰੂ ਨਾਨਕ ਦੇਵ ਜੀ ਨੂੰ ਸਭ ਤੋਂ ਪਹਿਲਾਂ ਪ੍ਰਾਤਮਾ ਦਾ ਰੂਪ ਜਾਣਿਆ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, ''ਬੀਬੀ ਨਾਨਕੀ ਗੁਰੂ ਨਾਨਕ ਦੇ ਧਰਮ ਨੂੰ ਸਭ ਤੋਂ ਪਹਿਲਾਂ ਧਾਰਨ ਵਾਲੀ ਹਸਤੀ ਸੀ। ਬੇਬੇ ਨਾਨਕੀ ਨੇ ਗੁਰੂ ਨਾਨਕ ਨੂੰ ਵੀਰ ਨਹੀਂ ਬਲਕਿ ਲੋਕਾਈ ਦਾ ਪੀਰ ਜਾਤਾ।''

ਸੁਲਤਾਨਪੁਰ ਵਿਖੇ ਗੁਰੂ ਜੀ ਦੁਆਰਾ ਮੋਦੀਖਾਨੇ ਵਿਚ ਨੌਕਰੀ ਕਰਨ ਸਮੇਂ ਬੇਬੇ ਨਾਨਕੀ ਜੀ ਨੇ ਉਥੇ ਸੰਗਤ ਸਥਾਪਤ ਕਰਨ ਵਿਚ ਅਹਿਮ ਯੋਗਦਾਨ ਪਾਇਆ। ਬੇਬੇ ਨਾਨਕੀ ਜੀ ਗੁਰੂ ਨਾਨਕ ਸਾਹਿਬ ਤੋਂ ਪੰਜ ਸਾਲ ਵੱਡੇ ਸਨ ਪਰ ਪਿਆਰ ਦੀ ਗੂੜ ਤੰਦ ਏਨੀ ਪ੍ਰਪੱਕ ਸੀ ਕਿ ਕਈ ਉਦਾਹਰਨਾਂ ਮੌਜੂਦ ਹਨ।

ਬੇਬੇ ਨਾਨਕੀ ਦਾ ਜਨਮ ਆਪਣੇ ਨਾਨਕੇ ਪਿੰਡ ਚਾਹਲ, ਥਾਣਾ ਬਰਕੀ, ਜ਼ਿਲ੍ਹਾ ਲਾਹੌਰ ਵਿਖੇ ਸੰਨ 1464 ਈਸਵੀ ਨੂੰ ਹੋਇਆ। ਆਪ ਜੀ ਦੇ ਨਾਨਾ ਰਾਮ ਜੀ, ਮਾਮਾ ਕ੍ਰਿਸ਼ਨ ਅਤੇ ਨਾਨੀ ਭਰਾਈ ਜੀ ਆਪ ਨੂੰ ਬਹੁਤ ਪਿਆਰ ਕਰਦੇ ਸਨ। ਨਾਨਕੇ ਰਹਿਣ ਕਰਕੇ ਆਪ ਜੀ ਦਾ ਨਾਮ ''ਨਾਨਕੀ'' ਹੀ ਪੈ ਗਿਆ।

ਇਤਿਹਾਸਕਾਰਾਂ ਅਨੁਸਾਰ 12-13 ਸਾਲ ਦੀ ਉਮਰ ਵਿਚ ਆਪ ਜੀ ਦਾ ਵਿਆਹ ਸੁਲਤਾਨਪੁਰ ਨਿਵਾਸੀ ਜੈ ਰਾਮ ਜੀ ਨਾਲ ਹੋਇਆ। ਵਿਆਹ ਉਪਰੰਤ ਜਦੋਂ ਜੈ ਰਾਮ ਜੀ ਨੂੰ ਪਤਾ ਲੱਗਾ ਕਿ ਦੌਲਤ ਖਾਂ ਦੇ ਮੋਦੀਖਾਨੇ ਵਿਚ ਕਿਸੇ ਇਕ ਅਹਿਲਕਾਰ ਦੀ ਜਗ੍ਹਾ ਖਾਲੀ ਹੈ ਤਾਂ ਜੈ ਰਾਮ ਜੀ ਨੇ ਦੌਲਤ ਖਾਂ ਪਾਸ ਗੁਰੂ ਨਾਨਕ ਸਾਹਿਬ ਨੂੰ ਨੌਕਰੀ ਦਿਵਾਈ। ਦੌਲਤ ਖਾਂ ਨੇ ਜਦੋਂ ਗੁਰੂ ਨਾਨਕ ਸਾਹਿਬ ਨੂੰ ਵੇਖਿਆ ਤਾਂ ਕਿਹਾ, ''ਇਹ ਤਾਂ ਕੋਈ ਖੁਦਾਈ ਪੈਗੰਬਰ ਲੱਗਦਾ ਹੈ, ਮੋਦੀਖਾਨੇ ਦੀ ਕਾਰ ਕਿਵੇਂ ਸੰਭਾਲੇਗਾ।'' ਤਾਂ ਗੁਰੂ ਜੀ ਨੇ ਕਿਹਾ, ''ਖਾਨ, ਸਾਰੀ ਕਾਰ ਤਾਂ ਕਰਤਾਰ ਦੇ ਹੱਥ ਹੈ, ਉੱਦਮ ਸਫਲ ਕਰਨ ਵਾਲਾ ਉਹ ਹੀ ਹੈ।''

ਜੈ ਰਾਮ ਜੀ ਬੇਬੇ ਨਾਨਕੀ ਜੀ ਦੇ ਗੁਰੂ ਨਾਨਕ ਪ੍ਰਤੀ ਪਿਆਰ ਨੂੰ ਭਲੀ ਭਾਂਤ ਜਾਣਦੇ ਸਨ ਅਤੇ ਆਖਿਆ ਕਰਦੇ ਸਨ ''ਧੰਨ ਪਰਮੇਸ਼ਰ ਜੀ, ਧੰਨ



Scanned with CamScanner

ਨਾਨਕ ਜੀ ਹੈ ਤੇ ਤੂੰ ਭੀ ਧੰਨ ਹੈ ਤੇ ਥੋੜ੍ਹੇ ਅਸੀਂ ਵੀ ਧੰਨ ਹਾਂ ਕਿ ਤੇਰੇ ਨਾਲ ਸਾਡਾ ਸੰਜੋਗ ਹੈ।''

ਗੁਰੂ ਨਾਨਕ ਸਾਹਿਬ ਜੀ ਦੀ ਭੈਣ ਹੋਣ ਕਰਕੇ ਜੈ ਰਾਮ ਜੀ ਆਪ ਜੀ ਨੂੰ ਬਹੁਤ ਆਦਰ ਦਿੰਦੇ ਸਨ। ਬੇਬੇ ਨਾਨਕੀ ਜੀ ਸਿੱਖੀ ਸਿਦਕ, ਹੌਸਲੇ ਅਤੇ ਅਡੋਲਤਾ ਦੀ ਮੂਰਤ ਸਨ। ਇਤਿਹਾਸ ਵਿਚ ਇਕ ਘਟਨਾ ਦਾ ਜ਼ਿਕਰ ਹੈ ਕਿ ਇਕ ਵਾਰੀ ਗੁਰੂ ਸਾਹਿਬ ਦੀ ਸੱਸ ਬੀਬੀ ਚੰਦੋ ਸੁਲਤਾਨਪੁਰ ਆਈ ਤੇ ਬੇਬੇ ਨਾਨਕੀ ਨੂੰ ਕਹਿਣ ਲੱਗੀ ਕਿ ਆਪ ਦਾ ਭਰਾ ਘਰੇਲੂ ਜੀਵਨ ਵਿਚ ਬਿਲਕੁਲ ਧਿਆਨ ਨਹੀਂ ਦਿੰਦਾ, ਇਸ ਨੂੰ ਸਮਝਾ ਕੇ ਰੱਖੋ।

ਬੇਬੇ ਨਾਨਕੀ ਨੇ ਜੋ ਉੱਤਰ ਦਿੱਤਾ ਉਸ ਤੋਂ ਬੇਬੇ ਨਾਨਕੀ ਜੀ ਦਾ ਭਰਾ ਪ੍ਰਤੀ ਪਿਆਰ, ਅਡੋਲਤਾ ਅਤੇ ਦ੍ਰਿੜ੍ਹਤਾ ਦਾ ਪਤਾ ਲੱਗਦਾ ਹੈ, ਆਪ ਨੇ ਕਿਹਾ, ''ਮੇਰਾ ਵੀਰ, ਕੋਈ ਚੋਰੀ ਯਾਰੀ ਨਹੀਂ ਕਰਦਾ, ਕੋਈ ਬੁਰਾ ਕੰਮ ਨਹੀਂ ਕਰਦਾ, ਰੱਬ ਦਾ ਨੂਰ ਹੈ। ਦੀਨ ਦੁੱਖੀਆਂ ਦੀ ਮਦਦ ਕਰਦਾ ਹੈ, ਮੈਂ ਉਸ ਰੱਬੀ ਪੁਰਸ਼ ਨੂੰ ਕੀ ਸਮਝਾ ਸਕਦੀ ਹਾਂ।''

ਇਹ ਸੁਣ ਕੇ ਚੰਦੋ ਬੀਬੀ ਲਾਜਵਾਬ ਹੋ ਗਈ। ਜਦੋਂ ਗੁਰੂ ਨਾਨਕ ਸਾਹਿਬ ਪਹਿਲੀ ਉਦਾਸੀ ਵਾਸਤੇ ਮਰਦਾਨੇ ਨੂੰ ਲੈ ਕੇ ਨਿਕਲੇ ਤਾਂ ਭਾਈ ਫਿਰੰਦੇ ਪਾਸੋਂ ਜਿਹੜੀ ਰਬਾਬ ਬਣਵਾਈ ਗਈ, ਉਸ ਦੀ ਰਕਮ ਵੀ ਬੇਬੇ ਨਾਨਕੀ ਜੀ ਨੇ ਹੀ ਦਿੱਤੀ। ਗੁਰੂ ਨਾਨਕ ਸਾਹਿਬ ਜੀ ਜਦੋਂ ਪਹਿਲੀ ਉਦਾਸੀ ਕਰਕੇ ਵਾਪਸ ਆਏ ਤਾਂ ਸਿੱਧਾ ਸਭ ਤੋਂ ਪਹਿਲਾਂ ਸੁਲਤਾਨਪੁਰ ਵਿਖੇ ਹੀ ਪਹੁੰਚੇ।

ਸੰਨ 1518 ਈਸਵੀ ਵਿਚ ਬੇਬੇ ਨਾਨਕੀ ਜੀ ਚਲਾਣਾ ਕਰ ਗਏ। ਗੁਰੂ ਨਾਨਕ ਸਾਹਿਬ ਨੇ ਆਪਣੇ ਹੱਥੀਂ ਆਪ ਦਾ ਸਸਕਾਰ ਕੀਤਾ।

ਬੇਬੇ ਨਾਨਕੀ ਐਸੀ ਪ੍ਰੇਮ ਦੀ ਮੂਰਤ ਸੀ ਕਿ ਜਦੋਂ ਗੁਰੂ ਜੀ ਉਦਾਸੀਆਂ ਨੂੰ ਨਿਕਲਦੇ, ਉਹ ਵਿਛੋੜੇ ਵਿਚ ਬਿਹਬਲ ਹੋ ਉੱਠਦੀ।

ਬੇਬੇ ਨਾਨਕੀ ਜੀ ਤਕਰੀਬਨ 43 ਸਾਲ ਸੁਲਤਾਨਪੁਰ ਰਹੇ। ਆਪ ਦੀ ਯਾਦ ਨੂੰ ਤਾਜ਼ਾ ਕਰਦਾ ਇਕ ਖੂਹ, ਤੰਦੂਰ ਤੇ ਮਕਾਨ ਭੈਣ-ਭਰਾ ਦੇ ਪਿਆਰ ਦੀ ਦਾਸਤਾਨ ਸੁਣਾ ਰਿਹਾ ਹੈ।

## ਮਾਤਾ ਖੀਵੀ ਜੀ

ਸਿੱਖ ਇਤਿਹਾਸ ਵਿਚ ਮਾਤਾ ਖੀਵੀ ਜੀ ਨੂੰ ਸੇਵਾ ਦੀ ਮੂਰਤ ਕਰਕੇ ਜਾਣਿਆ ਜਾਂਦਾ ਹੈ। ਮਾਤਾ ਖੀਵੀ ਜੀ ਹਰ ਪੱਖੋਂ ਸੁਘੜ ਸਿਆਣੇ ਤੇ ਸੁਚੱਜੇ



Scanned with CamScanner

ਸਨ। ਜਿਥੇ ਆਪ ਜੀ ਆਪਣੇ ਪਤੀ ਗੁਰੂ ਅੰਗਦ ਸਾਹਿਬ ਜੀ ਦੀ ਸੇਵਾ ਕਰਦੇ ਸਨ, ਉਥੇ ਆਈਆਂ ਸੰਗਤਾਂ ਦੀ ਸੇਵਾ ਵਾਸਤੇ ਹਰ ਸਮੇਂ ਤੱਤਪਰ ਰਹਿੰਦੇ ਸਨ।

ਮਾਤਾ ਖੀਵੀ ਜੀ ਸੇਵਾ ਦੇ ਕਾਰਜ ਨੂੰ ਬਹੁਤ ਮਹਾਨਤਾ ਦਿੰਦੇ ਸਨ। ਉਨ੍ਹਾਂ ਨੇ ਮਨੁੱਖ ਮਾਤਰ ਦੀ ਸੇਵਾ ਨੂੰ ਹੀ ਜੀਵਨ ਦਾ ਮੰਤਵ ਬਣਾ ਲਿਆ ਸੀ ਅਤੇ ਉਚੇਚੇ ਤੌਰ 'ਤੇ ਲੰਗਰ ਵਿਚ ਸੇਵਾ ਕਰਿਆ ਕਰਦੇ ਸਨ।

ਮਾਤਾ ਖੀਵੀ ਜੀ ਦਾ ਜਨਮ ਖਡੂਰ ਸਾਹਿਬ ਦੇ ਨੇੜੇ ਦੇ ਪਿੰਡ ਸੰਘਰ ਵਿਖੇ ਹੋਇਆ। ਆਪ ਜੀ ਦੇ ਪਿਤਾ ਦਾ ਨਾਮ ਦੇਵੀ ਚੰਦ ਸੀ। ਆਪ ਜੀ ਬਚਪਨ ਤੋਂ ਹੀ ਬੜੇ ਮਿੱਠੇ ਸੁਭਾਅ ਦੇ ਮਾਲਕ ਸਨ। ਬੀਬੀ ਵਿਰਾਈ (ਬੇਟੀ ਤਖ਼ਤ ਮੱਲ) ਨੇ ਮਾਤਾ ਖੀਵੀ ਜੀ ਦਾ ਰਿਸ਼ਤਾ ਗੁਰੂ ਅੰਗਦ ਸਾਹਿਬ ਨਾਲ ਕਰਵਾਇਆ ਅਤੇ ਸੰਨ 1519 ਈਸਵੀ ਨੂੰ ਆਪ ਜੀ ਦਾ ਵਿਆਹ ਗੁਰੂ ਸਾਹਿਬ ਨਾਲ ਹੋਇਆ। ਮਾਤਾ ਜੀ ਖਡੂਰ ਸਾਹਿਬ ਵਿਖੇ ਤੜਕੇ ਉਠਦੇ ਅਤੇ ਘਰੇਲੂ ਕੰਮ ਕਾਜ ਤੋਂ ਵਿਹਲੇ ਹੋ ਕੇ ਸਾਧ ਸੰਗਤ ਅਤੇ ਆਏ ਹੋਏ ਅਭਿਆਗਤਾਂ ਦੀ ਸੇਵਾ ਵਿਚ ਜੁੜ ਜਾਂਦੇ। ਮਾਤਾ ਜੀ ਦੀ ਨਿਗਰਾਨੀ ਹੇਠ ਸਾਰੇ ਰੱਜ ਕੇ ਭੋਜਨ ਛੱਕਦੇ।

ਮਾਤਾ ਜੀ ਨੇ ਲੰਗਰ ਦਾ ਪ੍ਰਬੰਧ ਸੁਚੱਜੀ ਤਰ੍ਹਾਂ ਕਰਕੇ ਲੰਗਰ ਦੇ ਕਾਰਜ ਵੀ ਵੱਖ-ਵੱਖ ਸਿੱਖਾਂ ਵਿਚ ਵੰਡੇ ਹੋਏ ਸਨ। ਬਾਬਾ ਬੁੱਢਾ ਜੀ ਸੰਗਤ ਦੀ ਸੇਵਾ ਸੰਭਾਲ ਕਰਦੇ ਸਨ। ਭਾਈ ਕਿਦਾਰਾ ਜੀ ਰਸਦ ਪਾਣੀ ਦਾ ਪ੍ਰਬੰਧ ਕਰਦੇ ਅਤੇ ਭਾਈ ਜੋਧ ਜੀ ਲੰਗਰ ਦੀ ਤਿਆਰੀ ਦਾ ਕਾਰਜ ਕਰਦੇ।

ਲੰਗਰ ਤਿਆਰ ਹੋ ਜਾਣ ਉਪਰੰਤ ਮਾਤਾ ਖੀਵੀ ਜੀ ਆਪਣੀ ਨਿਗਰਾਨੀ ਹੇਠ ਲੰਗਰ ਵਰਤਾਉਂਦੇ। ਕਦੇ ਤੋਟ ਨਾ ਆਉਂਦੀ। ਇਸ ਕਰਕੇ ਹੀ ਤਾਂ ਬਲਵੰਡ ਜੀ ਨੇ 'ਤੋਟ ਨ ਆਵੀ ਖਟੀਅਹਿ' ਸ਼ਬਦ ਵਰਤੇ ਹਨ।

ਮਾਤਾ ਜੀ ਕਿਸੇ ਨੂੰ ਭੁੱਖਾ ਨਹੀਂ ਸਨ ਦੇਖ ਸਕਦੇ। ਇਤਿਹਾਸ ਵਿਚ ਜ਼ਿਕਰ ਹੈ ਕਿ ਇਕ ਵਾਰੀ ਦੇਖਿਆ ਕਿ ਭਾਈ ਜੋਧ ਜੀ ਵਾਸਤੇ ਲੰਗਰ ਨਹੀਂ ਬਚਿਆ ਸੀ, ਮਸਤ ਹੋ ਚੁੱਕਾ ਸੀ, ਜਦੋਂ ਆਪ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਆਪ ਨੇ ਉਸੇ ਸਮੇਂ ਭੋਜਨ ਤਿਆਰ ਕਰਵਾਇਆ ਅਤੇ ਭਾਈ ਜੋਧ ਜੀ ਨੂੰ ਆਪਣੇ ਹੱਥਾਂ ਨਾਲ ਭੋਜਨ ਛਕਾਇਆ।

ਆਪ ਜੀ ਐਸੀ ਗੁਰਪਤਨੀ ਸਨ, ਜਿਨ੍ਹਾਂ ਦੀ ਉਪਮਾ ਰਬਾਬੀ ਭਾਈ ਬਲਵੰਡ ਜੀ ਨੇ ਆਪਣੀ ਰਚਨਾ ਵਿਚ ਕੀਤੀ ਹੈ। ਜਿਥੇ ਗੁਰੂ ਅੰਗਦ ਸਾਹਿਬ ਜੀ ਸਤਿਸੰਗ ਰੂਪੀ ਲੰਗਰ ਲਾ ਕੇ ਨਾਮ ਦੀ ਦੌਲਤ ਵੰਡਦੇ ਸਨ, ਉਥੇ ਮਾਤਾ ਖੀਵੀ ਜੀ ਲੰਗਰ ਵਿਚ ਹਰੇਕ ਦੀ ਯਥਾਸ਼ਕਤ ਸੇਵਾ ਕਰਦੇ ਸਨ। ਭਾਈ



Scanned with CamScanner

ਬਲਵੰਡ ਜੀ ਦਾ ਫੁਰਮਾਨ ਹੈ :

ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ।।

ਲੰਗਰਿ ਦਉਲਤਿ ਵੰਡੀਐ ਰਸ ਅੰਮ੍ਰਿਤ ਖੀਰਿ ਘਿਆਲੀ।।

ਅਰਥਾਤ : ਮਾਤਾ ਜੀ ਦੇ ਨਿੱਘ ਤੇ ਸਨੇਹ ਦੀ ਸੰਘਣੀ ਛਾਂ ਸੀ, ਲੰਗਰ ਵਿਚ ਘਿਉ ਪਾ ਕੇ ਖੀਰ ਵਰਤਾਈ ਜਾਂਦੀ ਸੀ।

ਉਨ੍ਹਾਂ ਨੇ ਆਪਣੇ ਪੁੱਤਰਾਂ ਨੂੰ ਵੀ ਕਿਹਾ, "ਨਿਰਬਾਹ ਕਿਰਤ ਕਰਕੇ ਕਰੋ, ਪੂਜਾ ਦੇ ਧਨ ਦੀ ਵਰਤੋਂ ਨਹੀਂ ਕਰਨੀ, ਇਹ ਜ਼ਹਿਰ ਸਮਾਨ ਹੈ।"

ਜਦੋਂ ਗੁਰਗੱਦੀ ਸੰਭਾਲਣ ਦੀ ਚਰਚਾ ਚੱਲੀ ਤਾਂ ਆਪ ਜੀ ਨੇ ਆਪਣੇ ਪੁੱਤਰਾਂ ਦਾਸੂ ਜੀ ਅਤੇ ਦਾਤੂ ਜੀ ਨੂੰ ਸਮਝਾਇਆ ਕਿ ਗੁਰਗੱਦੀ ਨਿੱਜੀ ਜਾਇਦਾਦ ਨਹੀਂ ਹੈ, ਜਿਸ ਉਪਰ ਹੱਕ ਜਤਾਇਆ ਜਾ ਸਕੇ।

ਆਪ ਜੀ ਅਤਿ ਸਹਿਜ ਸੁਭਾਅ ਦੇ ਮਾਲਕ ਸਨ। ਆਪ ਭਾਵੇਂ ਕਾਫੀ ਬਿਰਧ ਹੋ ਚੁੱਕੇ ਸਨ ਪਰ ਲੰਗਰ ਦੀ ਸੇਵਾ ਜ਼ਿੰਮੇਵਾਰੀ ਨਾਲ ਨਿਭਾਉਂਦੇ ਸਨ। ਸੰਨ 1582 ਈ: ਨੂੰ ਆਪ ਜੀ ਖਡੂਰ ਸਾਹਿਬ ਵਿਖੇ ਅਕਾਲ ਚਲਾਣਾ ਕਰ ਗਏ ਅਤੇ ਗੁਰੂ ਅਰਜਨ ਦੇਵ ਸਾਹਿਬ ਜੀ ਨੇ ਆਪ ਜੀ ਦਾ ਸਸਕਾਰ ਆਪਣੇ ਹੱਥੀਂ ਕੀਤਾ।

## ਬੀਬੀ ਭਾਨੀ ਜੀ

ਬੀਬੀ ਭਾਨੀ ਸਿੱਖ ਧਰਮ ਦੀ ਐਸੀ ਇਤਿਹਾਸਕ ਮੂਰਤ ਹੈ ਜੋ ਰਜ਼ਾ ਵਿਚ ਰਾਜ਼ੀ ਰਹਿਣ ਵਾਲੇ ਅਤੇ ਅਡੋਲਤਾ ਦੀ ਮੂਰਤ ਸਨ। ਆਪ ਜੀ ਨੂੰ ਗੁਰੂ ਪੁੱਤਰੀ, ਗੁਰੂ ਪਤਨੀ ਅਤੇ ਗੁਰੂ ਜਨਨੀ ਹੋਣ ਦਾ ਸੁਭਾਗ ਪ੍ਰਾਪਤ ਹੈ। ਬੀਬੀ ਭਾਨੀ ਜੀ ਦੇ ਸੱਚੇ ਸੁੱਚੇ ਕਿਰਦਾਰ ਦੇ ਸਾਹਮਣੇ ਹਰ ਪ੍ਰਾਣੀ ਮਾਤਰ ਦਾ ਮਸਤਕ ਝੁਕ ਜਾਂਦਾ ਹੈ।

ਬੀਬੀ ਭਾਨੀ ਜੀ ਦਾ ਜਨਮ 19 ਜਨਵਰੀ ਸੰਨ 1535 ਈਸਵੀ ਨੂੰ ਬਾਸਰਕੇ ਵਿਖੇ ਹੋਇਆ। ਜਵਾਨ ਅਵਸਥਾ ਵਿਚ ਹੋਏ ਤਾਂ ਆਪ ਜੀ ਦੀ ਮਾਤਾ ਮਨਸਾ ਦੇਵੀ ਨੇ ਗੁਰੂ ਅਮਰਦਾਸ ਜੀ ਨੂੰ ਕਿਹਾ ਕਿ ਬੇਟੀ ਜਵਾਨ ਹੋ ਗਈ ਹੈ, ਕੋਈ ਵਰ ਲੱਭੀਏ ਤਾਂ ਗੁਰੂ ਜੀ ਨੇ ਪੁੱਛਿਆ ਕਿ ਵਰ ਕੈਸਾ ਚਾਹੀਦਾ ਹੈ ਤਾਂ ਉਥੇ ਸੇਵਾ ਵਿਚ ਜੁਟੇ ਹੋਏ (ਜੇਠਾ ਜੀ) ਗੁਰੂ ਰਾਮਦਾਸ ਜੀ ਨੂੰ ਤੱਕ ਕੇ ਮਾਤਾ ਮਨਸਾ ਦੇਵੀ ਨੇ ਖੁਸ਼ੀ ਨਾਲ ਕਿਹਾ ਕਿ ਵਰ ਤਾਂ ਉਸ ਲੜਕੇ ਵਰਗਾ ਚਾਹੀਦਾ ਹੈ। ਗੁਰੂ ਜੀ ਨੇ ਕਿਹਾ ਕਿ ਇਸ ਵਰਗਾ ਤਾਂ ਇਹੋ ਹੀ ਹੈ, ਦੋ ਜਹਾਨਾਂ



Scanned with CamScanner

ਵਿਚ ਹੋਰ ਕੋਈ ਇਸ ਵਰਗਾ ਨਹੀਂ ਹੋ ਸਕਦਾ।

ਬੀਬੀ ਭਾਨੀ ਜੀ ਦਾ ਵਿਆਹ ਗੁਰੂ ਰਾਮਦਾਸ ਜੀ ਨਾਲ ਹੋਇਆ। ਆਪ ਜੀ ਗੁਰੂ ਅਮਰਦਾਸ ਜੀ ਦੀ ਸਭ ਤੋਂ ਛੋਟੀ ਸੰਤਾਨ ਸਨ।

ਬੀਬੀ ਭਾਨੀ ਲਈ ਗੁਰੂ ਅਮਰਦਾਸ ਜੀ ਕੇਵਲ ਪਿਤਾ ਹੀ ਨਹੀਂ ਸਗੋਂ ਗੁਰੂ ਵੀ ਸਨ। ਜਿਥੇ ਆਪ ਗੁਰੂ ਜੀ ਦੀ ਹਰ ਆਗਿਆ ਦਾ ਪਾਲਣ ਕਰਦੇ ਹੋਏ ਸੇਵਾ ਵਿਚ ਜੁੱਟੇ ਰਹਿੰਦੇ, ਉਥੇ ਆਪਣੇ ਪਤੀ ਗੁਰੂ ਰਾਮਦਾਸ ਜੀ ਦੀ ਵੀ ਪੂਰੀ ਲਗਨ ਨਾਲ ਸੇਵਾ ਕਰਦੇ।

ਆਪ ਜੀ ਦੀ ਵੱਡੀ ਭੈਣ ਬੀਬੀ ਦਾਨੀ ਜੀ ਦਾ ਵਿਆਹ ਭਾਈ ਰਾਮੇ ਨਾਲ ਹੋਇਆ ਸੀ। ਆਪ ਜੀ ਦੇ ਦੋ ਭਰਾ ਬਾਬਾ ਮੋਹਰੀ ਜੀ ਅਤੇ ਬਾਬਾ ਮੋਹਣ ਜੀ ਸਨ। ਗੁਰੂ ਅਮਰਦਾਸ ਜੀ ਨੇ ਜਦੋਂ ਆਪਣਾ ਅੰਤਿਮ ਸਮਾਂ ਨੇੜੇ ਜਾਣਿਆ ਤਾਂ ਗੁਰਗੱਦੀ ਸੌਂਪਣ ਦੀ ਹਰ ਪ੍ਰੀਖਿਆ ਉਪਰ ਗੁਰੂ ਰਾਮਦਾਸ ਜੀ ਖਰੇ ਉੱਤਰੇ। ਅਖੀਰ ਗੁਰੂ ਅਮਰਦਾਸ ਜੀ ਨੇ ਸੇਵਾ ਅਤੇ ਨਿਮਰਤਾ ਦੀ ਮੂਰਤ ਗੁਰੂ ਰਾਮਦਾਸ ਜੀ ਨੂੰ ਗੁਰਗੱਦੀ ਦੇ ਦਿੱਤੀ ਅਤੇ ਆਪ ਕੁਝ ਸਮੇਂ ਬਾਅਦ ਜੋਤੀ ਜੋਤ ਸਮਾ ਗਏ।

ਬੀਬੀ ਭਾਨੀ ਜੀ ਦੀ ਨੇਕੀ ਦੀ ਚਰਚਾ ਸਭ ਪਾਸੇ ਫੈਲ ਚੁੱਕੀ ਸੀ। ਆਪ ਹਰ ਆਏ ਗਏ ਨੂੰ ਅੰਨ, ਬਿਸਤਰਾ ਅਤੇ ਲੋੜ ਅਨੁਸਾਰ ਮਾਇਆ ਨਾਲ ਨਿਵਾਜਦੇ ਸਨ। ਇਕ ਵਾਰ ਅਕਬਰ ਬਾਦਸ਼ਾਹ ਗੁਰੂ ਅਮਰਦਾਸ ਜੀ ਦੇ ਦਰਸ਼ਨਾਂ ਨੂੰ ਆਇਆ ਤਾਂ ਗੁਰੂ ਉਪਦੇਸ਼ਾਂ ਅਤੇ ਗੁਰੂ ਉਪਮਾ ਤੋਂ ਪ੍ਰਭਾਵਿਤ ਹੋ ਕੇ ਕੁਝ ਜਗੀਰ ਗੁਰੂ ਦਰਬਾਰ ਦੇ ਨਾਮ ਲਗਾਉਣੀ ਚਾਹੀ ਪ੍ਰੰਤੂ ਗੁਰੂ ਜੀ ਨੇ ਜਗੀਰ ਲੈਣ ਤੋਂ ਇਨਕਾਰ ਕਰ ਦਿੱਤਾ। ਜਾਂਦਾ ਹੋਇਆ ਅਕਬਰ ਬਾਦਸ਼ਾਹ 12 ਪਿੰਡਾਂ ਦੀ ਜਾਗੀਰ ਬੀਬੀ ਭਾਨੀ ਜੀ ਦੇ ਨਾਮ ਲਗਾ ਗਿਆ ਜੋ 'ਬੀੜ' ਕਰਕੇ ਪ੍ਰਸਿੱਧ ਹੈ।

ਆਪ ਜੀ ਦੇ ਘਰ ਤਿੰਨ ਪੁੱਤਰ ਬਾਬਾ ਪ੍ਰਿਥੀ ਚੰਦ, ਬਾਬਾ ਮਹਾਂਦੇਵ ਅਤੇ (ਗੁਰੂ) ਅਰਜਨ ਸਾਹਿਬ ਨੇ ਜਨਮ ਲਿਆ।

ਬੀਬੀ ਭਾਨੀ ਜੀ ਇਕ ਮਹਾਨ ਇਸਤਰੀ ਸਨ ਅਤੇ ਪ੍ਰਮਾਤਮਾ ਨੇ ਉਨ੍ਹਾਂ ਨੂੰ ਅਜਿਹੇ ਮਹਾਨ ਪਤੀ ਦੀ ਬਖਸ਼ਿਸ਼ ਕੀਤੀ, ਜਿਸ ਨੇ ਸਭ ਤੋਂ ਪਹਿਲਾਂ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸਿੱਖੀ ਦਾ ਕੇਂਦਰ ਸਥਾਪਤ ਕੀਤਾ। ਗੁਰੂ ਰਾਮਦਾਸ ਜੀ ਦੇ ਜੋਤੀ ਜੋਤ ਸਮਾਉਣ ਉਪਰੰਤ ਆਪ ਤਰਨਤਾਰਨ ਟਿਕ ਗਏ ਅਤੇ ਉਥੇ



Scanned with CamScanner

ਹੀ ਆਪ ਕੋੜ੍ਹੀਆਂ ਦੀ ਸੇਵਾ ਕਰਿਆ ਕਰਦੇ ਸਨ।

9 ਅਪ੍ਰੈਲ ਸੰਨ 1598 ਈਸਵੀ ਨੂੰ ਆਪ ਅਕਾਲ ਚਲਾਣਾ ਕਰ ਗਏ। ਗੁਰੂ ਅਰਜਨ ਸਾਹਿਬ ਨੇ ਆਪ ਦੀ ਯਾਦ ਵਿਚ ਇਕ ਖੂਹ ਲਗਵਾਇਆ। ਅੱਜ ਵੀ ਉਸ ਖੂਹ ਦਾ ਪਾਣੀ ਪਿਆਸਿਆਂ ਦੀ ਪਿਆਸ ਬੁਝਾ ਰਿਹਾ ਹੈ।

## ਮਾਤਾ ਗੁਜਰੀ ਜੀ

ਮਾਤਾ ਗੁਜਰੀ ਸੰਸਾਰ ਦੀ ਉਹ ਪੂਜਨੀਕ ਮਾਤਾ ਹੈ ਜਿਸ ਨੇ ਆਪਣੇ ਪਤੀ ਗੁਰੂ ਤੇਗ ਬਹਾਦਰ ਜੀ ਦੀ 26 ਸਾਲ 6 ਮਹੀਨੇ 13 ਦਿਨ ਦੀ ਤਪੱਸਿਆ ਦੇ ਦੌਰਾਨ ਸਾਰੇ ਦੁਨਿਆਵੀ ਸੁੱਖ ਤਿਆਗ ਕੇ ਤਨਦੇਹੀ ਨਾਲ ਸੇਵਾ ਕੀਤੀ।

ਆਪ ਜਿਥੇ ਪਹਿਲੀ ਸਿੱਖ ਇਸਤਰੀ ਹਨ, ਜਿਨ੍ਹਾਂ ਨੂੰ ਸ਼ਹੀਦ ਹੋਣ ਦਾ ਮਾਣ ਹੈ ਉਥੇ ਆਪ ਸ਼ਹੀਦ ਦੀ ਪਤਨੀ (ਗੁਰੂ ਤੇਗ ਬਹਾਦਰ) ਸ਼ਹੀਦ ਦੀ ਭੈਣ (ਕ੍ਰਿਪਾਲ ਚੰਦ) ਚਾਰ ਸ਼ਹੀਦ ਪੋਤਰਿਆਂ ਦੀ ਦਾਦੀ ਅਤੇ ਪੰਜ ਸ਼ਹੀਦ ਨਨੋਤਿਆਂ (ਬੀਬੀ ਵੀਰੋ ਦੇ ਸਪੁੱਤਰਾਂ) ਦੀ ਮਾਮੀ ਹੋਣ ਦਾ ਮਾਣ ਹਾਸਲ ਹੈ। ਮਾਤਾ ਗੁਜਰੀ ਜੀ ਦਾ ਜਨਮ ਕਰਤਾਰਪੁਰ (ਜਲੰਧਰ) ਵਿਖੇ ਭਾਈ ਲਾਲ ਚੰਦ ਦੇ ਘਰ ਮਾਤਾ ਬਿਸ਼ਨ ਕੌਰ ਜੀ ਦੀ ਕੁੱਖੋਂ ਸੰਨ 1619 ਈਸਵੀ ਨੂੰ ਹੋਇਆ। ਆਪ ਜੀ ਦਾ ਅਨੰਦ ਕਾਰਜ ਛੋਟੀ ਉਮਰ ਵਿਚ ਹੀ ਗੁਰੂ ਤੇਗ ਬਹਾਦਰ ਸਾਹਿਬ ਨਾਲ ਹੋ ਗਿਆ। ਮਾਰਚ ਸੰਨ 1632 ਈਸਵੀ ਵਿਚ ਕਰਤਾਰਪੁਰ ਵਿਖੇ ਵਿਆਹ ਦੀ ਰਸਮ ਹੋਈ।

ਆਪ ਜੀ ਦੇ ਨਾਮ ਦਾ ਜੋ ਭਾਵ ਅਰਥ ਸੀ, ਉਹੀ ਆਪ ਦਾ ਸੁਭਾ ਸੀ। ਗੁਜਰੀ ਦਾ ਅਰਥ 'ਸੁੱਖ ਦੇਣਾ' ਹੈ। ਆਪ ਨੇ ਅੰਤਮ ਸਵਾਸਾਂ ਤੱਕ ਆਪ ਦੁੱਖ ਝੱਲ ਕੇ ਵੀ ਸੁੱਖ ਵੰਡਿਆ। ਜਿੰਨਾ ਸਮਾਂ ਗੁਰੂ ਤੇਗ ਬਹਾਦਰ ਸਾਹਿਬ ਬਾਬਾ ਬਕਾਲੇ ਤਪੱਸਿਆ ਕਰਦੇ ਰਹੇ, ਆਪ ਜੀ ਉਨ੍ਹਾਂ ਦੀ ਸੇਵਾ ਵਿਚ ਹਾਜ਼ਰ ਰਹੇ। ਆਪ ਜੀ ਦੀ ਕੁੱਖੋਂ ਹੀ ਮਰਦ ਅਗੰਮੜੇ ਗੁਰੂ ਗੋਬਿੰਦ ਸਿੰਘ ਸਾਹਿਬ ਨੇ 22 ਦਸੰਬਰ, ਸੰਨ 1666 ਈਸਵੀ ਨੂੰ ਪਟਨੇ ਵਿਖੇ ਜਨਮ ਲਿਆ। ਅਨੰਦਪੁਰ ਸਾਹਿਬ ਵਿਖੇ ਪਹੁੰਚਣ ਤੇ ਆਪ ਜੀ ਦੇ ਪਤੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਹਿੰਦੂਆਂ ਦੇ ਤਿਲਕ ਜੰਞੂ ਦੀ ਰੱਖਿਆ ਵਾਸਤੇ ਸੀਸ ਕੁਰਬਾਨ ਕੀਤਾ। ਇਸ ਬਿਪਤਾ ਭਰਪੂਰ ਸਮੇਂ ਦੀ ਚੁਣੌਤੀ ਨੂੰ ਮਾਤਾ ਗੁਜਰੀ ਜੀ ਨੇ ਜਿਸ ਤਰ੍ਹਾਂ ਖਿੜੇ ਮੱਥੇ ਪ੍ਰਵਾਨ ਕੀਤਾ, ਇਸ ਦੀ ਮਿਸਾਲ ਹੋਰ ਕਿਧਰੇ ਨਹੀਂ ਮਿਲਦੀ ਹੈ।



Scanned with CamScanner

ਜਦੋਂ ਭਾਈ ਜੈਤਾ ਜੀ (ਜੀਵਨ ਸਿੰਘ) ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸੀਸ ਲੈ ਕੇ ਅਨੰਦਪੁਰ ਆਏ ਤਾਂ ਆਪ ਨੇ ਕੋਈ ਵਿਰਲਾਪ ਨਾ ਕੀਤਾ ਸਗੋਂ ਸੀਸ ਝੁਕਾ ਕੇ ਕਿਹਾ, "ਆਪ ਦੀ ਪੂਰਨ ਨਿਭ ਆਈ ਹੈ, ਕ੍ਰਿਪਾ ਕਰਨੀ ਮੇਰੀ ਵੀ ਨਿਭ ਆਵੇ।" ਗੁਰੂ ਜੀ ਦੀ ਸ਼ਹਾਦਤ ਉਪਰੰਤ ਮਾਤਾ ਗੁਜਰੀ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਦੀ ਹਰ ਖੇਤਰ ਵਿਚ ਪੂਰਨ ਅਗਵਾਈ ਕੀਤੀ। ਮਸੰਦਾਂ ਦੇ ਮਨਸੂਬੇ ਕਾਮਯਾਬ ਨਾ ਹੋਣ ਦਿੱਤੇ।

ਦਸੰਬਰ ਸੰਨ 1704 ਈਸਵੀ ਨੂੰ ਅਨੰਦਪੁਰ ਸਾਹਿਬ ਛੱਡਣ ਤੋਂ ਬਾਅਦ ਸਰਸਾ ਨਦੀ ਦੇ ਕੰਢੇ 'ਤੇ ਹੋਏ ਭਿਆਨਕ ਯੁੱਧ ਵਿਚ ਸਾਰਾ ਪਰਿਵਾਰ ਖੇਰੂੰ-ਖੇਰੂੰ ਹੋ ਗਿਆ। ਮਾਤਾ ਗੁਜਰੀ ਜੀ ਦੋ ਛੋਟੇ ਸਾਹਿਬਜ਼ਾਦਿਆਂ ਸਮੇਤ ਆਪਣੇ ਘਰੇਲੂ ਨੌਕਰ ਗੰਗੂ ਦੇ ਪਿੰਡ ਸਹੇੜੀ ਨੇੜੇ ਮੋਰਿੰਡਾ (ਰੋਪੜ) ਚਲੇ ਗਏ। ਮਾਇਆ ਵੇਖਕੇ ਲਾਲਚੀ ਹੋਏ ਗੰਗੂ ਨੇ ਮੋਰਿੰਡੇ ਦੇ ਹਾਕਮਾਂ ਰਾਹੀਂ ਆਪ ਜੀ ਨੂੰ ਵਜ਼ੀਰ ਖਾਂ (ਸਰਹਿੰਦ) ਪਾਸ ਪਕੜਵਾ ਦਿੱਤਾ। ਆਪ ਜੀ ਨੂੰ ਠੰਡੇ ਬੁਰਜ ਵਿਚ ਕੈਦ ਕਰ ਦਿੱਤਾ ਗਿਆ। ਆਪ ਹਰ ਰੋਜ਼ ਰਾਤ ਨੂੰ ਸਾਹਿਬਜ਼ਾਦਿਆਂ ਨੂੰ ਸਿੱਖੀ ਗੌਰਵ ਤੇ ਇਤਿਹਾਸ ਦੀਆਂ ਸਾਖੀਆਂ ਸੁਣਾਉਂਦੇ, ਪਿਉ-ਦਾਦੇ ਦੇ ਮਾਰਗ 'ਤੇ ਚੱਲਣ ਦੀ ਤਾਕੀਦ ਕਰਦੇ। ਆਪ ਜੀ ਨੇ ਸਿੱਖ ਇਤਿਹਾਸ ਦੇ ਗੌਰਵਮਈ ਸਿਧਾਂਤਾਂ ਤੋਂ ਸਾਹਿਬਜ਼ਾਦਿਆਂ ਨੂੰ ਇਸ ਤਰ੍ਹਾਂ ਜਾਣੂ ਕਰਵਾਇਆ ਸੀ ਕਿ ਸਾਹਿਬਜ਼ਾਦਿਆਂ ਨੇ ਸ਼ਹਾਦਤ ਸਮੇਂ ਜੋ ਸ਼ਬਦ ਕਹੇ ਆਪ ਜੀ ਦੀ ਧਾਰਮਿਕ ਜਜ਼ਬੇ ਦੀ ਸਿੱਖਿਆ ਦਾ ਪ੍ਰਤੱਖ ਸਬੂਤ ਹਨ :-

ਧੰਨ ਭਾਗ ਹਮਰੇ ਹੈ ਮਾਈ।।
ਧਰਮ ਹੇਤ ਤਨ ਜੇ ਕਰ ਜਾਈ।।

ਐਸਾ ਸ਼ਹੀਦੀ ਦਾ ਜਜ਼ਬਾ ਭਰ ਦਿੱਤਾ ਕਿ ਜਦੋਂ ਸੂਬੇ ਨੇ ਧਨ-ਜੋਬਨ ਦਾ ਲਾਲਚ ਦਿੱਤਾ, ਤਾਂ ਛੋਟੇ ਸਾਹਿਬਜ਼ਾਦਿਆਂ ਕਿਹਾ :

ਹਮਰੇ ਬੰਸ ਰੀਤ ਇਮੁ ਆਈ।।
ਸੀਸ ਦੇਤ ਪਰ ਧਰਮ ਨ ਜਾਈ।।

ਸਾਹਿਬਜ਼ਾਦਿਆਂ ਨੇ ਹੱਸ ਕੇ ਸ਼ਹਾਦਤ ਦਿੱਤੀ। ਮਾਤਾ ਗੁਜਰੀ ਜੀ ਨੇ ਇਸ ਖ਼ਬਰ ਨੂੰ ਸੁਣ ਕੇ ਵਾਹਿਗੁਰੂ ਦਾ ਸ਼ੁਕਰਾਨਾ ਅਦਾ ਕੀਤਾ ਅਤੇ ਸੱਚਖੰਡ ਜਾ ਬਿਰਾਜੇ। ਇਹ ਸ਼ਹੀਦੀ ਸਾਕਾ 28 ਦਸੰਬਰ, 1704 ਈ: ਨੂੰ ਵਾਪਰਿਆ।



Scanned with CamScanner

# ਮਾਈ ਭਾਗ ਕੌਰ ਜੀ

ਮਾਈ ਭਾਗ ਕੌਰ ਜੀ ਦੇ ਬਚਪਨ ਦਾ ਨਾਮ ਭਾਗ ਭਰੀ ਸੀ। ਸਿੱਖ ਇਤਿਹਾਸ ਵਿਚ ਉਸ ਨੂੰ ਮਾਈ ਭਾਗੋ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਮਾਈ ਭਾਗੋ ਭਾਈ ਮਾਲੋ ਸ਼ਾਹ ਜੀ ਦੀ ਹੋਣਹਾਰ ਸਪੁੱਤਰੀ ਸੀ। ਭਾਈ ਮਾਲੋ ਜੀ ਗੁਰੂ ਹਰਿਗੋਬਿੰਦ ਜੀ ਦੀ ਸੈਨਾ ਵਿਚ ਭਰਤੀ ਹੋ ਕੇ ਕਈ ਵਾਰ ਮੁਗਲਾਂ ਵਿਰੁੱਧ ਬੜੀ ਬਹਾਦਰੀ ਨਾਲ ਜੂਝੇ ਸਨ। ਵੀਰਤਾ, ਸਿੱਖੀ ਪਿਆਰ ਮਾਈ ਭਾਗੋ ਨੂੰ ਆਪਣੇ ਪ੍ਰਵਾਰ ਰਾਹੀਂ ਹੀ ਮਿਲਿਆ। ਭਾਈ ਮਾਲੋ ਭਾਈ ਪੈਰੋਸ਼ਾਹ ਜੀਂ ਦੇ ਸਪੁੱਤਰ ਸਨ। ਭਾਈ ਪੈਰੋਸ਼ਾਹ ਜੀ, ਭਾਈ ਲੰਘਾਹ ਜੀ ਦੇ ਭਰਾ ਸਨ। ਭਾਈ ਲੰਘਾਹ ਨੇ ਗੁਰੂ ਅਰਜਨ ਦੇਵ ਜੀ ਦੇ ਸਮੇਂ ਅੰਮ੍ਰਿਤਸਰ ਸਾਹਿਬ ਅਤੇ ਹਰਿਮੰਦਰ ਸਾਹਿਬ ਦੀ ਉਸਾਰੀ ਵੇਲੇ ਬੜੀ ਸੇਵਾ ਕੀਤੀ ਸੀ। ਗੁਰੂ ਅਰਜਨ ਦੇਵ ਜੀ ਜਦ ਸ਼ਹਾਦਤ ਦੇਣ ਲਾਹੌਰ ਗਏ ਤੇ ਭਾਈ ਲੰਘਾਹ ਜੀ ਉਨ੍ਹਾਂ ਪੰਜਾਂ ਵਿਚੋਂ ਇਕ ਸਨ ਜੋ ਨਾਲ ਗਏ। ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਸਪੁੱਤਰੀ ਬੀਬੀ ਵੀਰੋ ਦਾ ਵਿਆਹ ਭਾਈ ਲੰਘਾਹ ਦੀ ਹਵੇਲੀ ਵਿਚ ਹੀ ਹੋਇਆ ਸੀ। ਸੋ ਮਾਈ ਭਾਗੋ ਦਾ ਗੁਰੂ ਘਰ ਨਾਲ ਰਿਸ਼ਤਾ ਬਹੁਤ ਗੂੜ੍ਹਾ ਸੀ।

ਮਾਈ ਭਾਗੋ ਨੂੰ ਪੰਜ ਗੁਰੂ ਸਾਹਿਬਾਨ ਗੁਰੂ ਹਰਿਗੋਬਿੰਦ ਸਾਹਿਬ ਜੀ, ਗੁਰੂ ਹਰਿ ਰਾਇ ਸਾਹਿਬ ਜੀ, ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ, ਗੁਰੂ ਤੇਗ ਬਹਾਦਰ ਸਾਹਿਬ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਕਰਨ ਦਾ ਵੀ ਸੁਭਾਗ ਪ੍ਰਾਪਤ ਹੋਇਆ। ਬਚਪਨ ਤੋਂ ਹੀ ਮਾਈ ਭਾਗੋ ਨੂੰ ਆਪਣੇ ਪਿਤਾ ਵਾਂਗ ਸ਼ਸਤਰਾਂ ਦਾ ਅਭਿਆਸ ਕਰਨ ਦਾ ਸ਼ੌਕ ਸੀ। ਬਚਪਨ ਤੋਂ ਹੀ ਉਸ ਵਿਚ ਅਨੋਖੀ ਬੀਰਤਾ ਸੀ।

ਅਨੰਦਪੁਰ ਦੀ ਚੌਥੀ ਜੰਗ ਵਿਚ ਮੁਗਲਾਂ ਨੇ ਘੇਰਾ ਪਾਇਆ ਹੋਇਆ ਸੀ। ਘੇਰਾ ਇਤਨਾ ਸਖ਼ਤ ਸੀ ਕਿ ਨਾ ਕੋਈ ਚੀਜ਼ ਬਾਹਰੋਂ ਆ ਸਕਦੀ ਸੀ ਅਤੇ ਨਾ ਕਿਸੇ ਨੂੰ ਬਾਹਰ ਆਉਣ ਦਿੱਤਾ ਜਾਂਦਾ ਸੀ। ਭੁਖੋਂ ਤੰਗ ਕੁਝ ਸਿੱਖ ਬੇਦਾਵਾ ਦੇ ਕੇ ਜਦ ਘਰ ਪੁੱਜੇ ਤਾਂ ਅੱਗੋਂ ਮਾਈ ਭਾਗੋ ਨੇ ਇਸ ਤਰ੍ਹਾਂ ਮੈਦਾਨਿ-ਜੰਗ ਨੂੰ ਛੱਡ ਆਇਆਂ ਨੂੰ ਧ੍ਰਿਕਾਰਿਆ ਅਤੇ ਆਪ ਇਸ ਬਹਾਦਰ ਸਿੰਘਣੀ ਨੇ ਘੋੜੇ ਤੇ ਸਵਾਰ ਹੋ ਕੇ ਐਸੇ ਵਾਕ ਆਖੇ ਕਿ ਸਭ ਨੇ ਪਛਤਾਵਾ ਕੀਤਾ ਅਤੇ ਫਿਰ ਜੂਝਣ ਲਈ ਤਿਆਰ ਹੋ ਗਏ। ਖਿਦਰਾਣੇ ਦੀ ਢਾਬ (ਮੁਕਤਸਰ) ਜੰਗ ਦਾ ਮੈਦਾਨ ਬਣ ਗਿਆ। ਸਿੰਘਾਂ ਦੀ ਇਹ ਗਿਣਤੀ ਕੁੱਲ 40 ਸੀ ਪਰ ਇਨ੍ਹਾਂ ਨੇ ਮਾਈ ਭਾਗੋ ਅਤੇ ਭਾਈ ਮਹਾਂ ਸਿੰਘ ਜੀ ਦੀ ਅਗਵਾਈ ਹੇਠਾਂ ਐਸਾ ਟਾਕਰਾ ਕੀਤਾ ਕਿ ਤ੍ਰੇਹ ਨਾਲ ਦੁਸ਼ਮਣ ਹੌਂਕਣ ਲੱਗ ਪਏ ਅਤੇ ਭੱਜ ਉਠੇ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪ ਯੁੱਧ ਵਾਲੀ ਥਾਂ ਪੁੱਜੇ। ਬਹੁਤ ਸਿੰਘ ਸ਼ਹੀਦ ਹੋ ਚੁੱਕੇ ਸਨ। ਭਾਈ ਮਹਾਂ ਸਿੰਘ ਜੀ ਦੀ ਬੇਨਤੀ ਤੇ ਮਹਾਰਾਜ ਨੇ ਬੇਦਾਵਾ ਪਾੜ ਕੇ ਟੁੱਟੀ ਗੰਢੀ। ਉਸ ਸਥਾਨ ਤੋਂ ਥੋੜ੍ਹੀ ਦੂਰ ਹੀ ਮਾਤਾ ਭਾਗੋ ਜੀ ਘਾਇਲ ਹੋਏ ਪਏ ਸਨ। ਗੁਰੂ ਜੀ ਨਾਲ ਹੀ ਆਪ ਦਮਦਮਾ



Scanned with CamScanner

ਸਾਹਿਬ ਆ ਗਏ। ਇਲਾਜ ਵੀ ਕਰਵਾਇਆ। ਨਰੋਆ ਹੋਣ ਉਪਰੰਤ ਆਪ ਜੀ ਨੂੰ ਅੰਮ੍ਰਿਤ ਛਕਾ ਕੇ ਨਾਮ ਭਾਗ ਕੌਰ ਰੱਖਿਆ ਗਿਆ। ਮਾਈ ਭਾਗ ਕੌਰ ਦਾ ਪਤੀ ਤੇ ਦੋ ਭਰਾ ਵੀ ਸ਼ਹੀਦੀਆਂ ਪ੍ਰਾਪਤ ਕਰ ਚੁੱਕੇ ਸਨ। ਆਪ ਜੀ ਗੁਰੂ ਜੀ ਨਾਲ ਹੀ ਨੰਦੇੜ ਚਲੇ ਗਏ ਅਤੇ ਗੁਰੂ ਜੀ ਦੀ ਸੇਵਾ ਕਰਦੇ ਰਹੇ। ਜਦੋਂ ਗੁਰੂ ਜੀ ਅਬਿਚਲ ਨਗਰ, ਨੰਦੇੜ (ਮਹਾਂਰਾਸ਼ਟਰ) ਵਿਖੇ ਜੋਤੀ ਜੋਤਿ ਸਮਾਏ ਤਾਂ ਆਪ ਬਿਦਰ ਚਲੇ ਗਏ ਅਤੇ ਉਥੇ ਹੀ ਦੇਹ ਤਿਆਗੀ।

## ਬੀਬੀ ਅਮਰੋ ਜੀ

ਬੀਬੀ ਅਮਰੋ ਜੀ, ਪਿਤਾ ਗੁਰੂ ਅੰਗਦ ਦੇਵ ਜੀ ਅਤੇ ਮਾਤਾ ਖੀਵੀ ਜੀ ਦੀ ਸਪੁੱਤਰੀ ਸਨ। ਬੀਬੀ ਅਮਰੋ ਜੀ ਨੇ ਬਚਪਨ ਵਿਚ ਹੀ ਬਾਣੀ ਕੰਠ ਕਰ ਲਈ ਸੀ। ਆਪ ਜੀ ਦਾ ਵਿਆਹ ਗੁਰੂ ਅਮਰਦਾਸ ਜੀ ਦੇ ਭਤੀਜੇ ਬਾਬਾ ਜੱਸੂ ਜੀ ਨਾਲ ਹੋਇਆ। (ਗੁਰੂ) ਅਮਰਦਾਸ ਜੀ ਦਾ ਮੇਲ ਇਕ ਬ੍ਰਹਮਚਾਰੀ ਨਾਲ ਹੋਇਆ। ਜਦ ਬ੍ਰਹਮਚਾਰੀ ਨੂੰ ਪਤਾ ਲੱਗਿਆ ਕਿ (ਗੁਰੂ) ਅਮਰਦਾਸ ਜੀ ਨਿਗੁਰੇ ਹਨ ਤਾਂ ਬ੍ਰਹਮਚਾਰੀ ਨੇ ਇਹ ਮੇਹਣਾ ਮਾਰਿਆ ਕਿ ਨਿਗੁਰੇ ਦਾ ਸੰਗ ਕੀਆ, ਜਨਮ ਗਿਆ। ਬ੍ਰਹਮਚਾਰੀ ਇਹ ਕਹਿ ਕੇ ਆਪਣੇ ਰਸਤੇ ਪਿਆ। (ਗੁਰੂ) ਅਮਰਦਾਸ ਜੀ ਬੜੇ ਦੁੱਖੀ ਹੋਏ ਤੇ ਸੋਚਣ ਲੱਗੇ ਕਿ ਕੀ ਮੈਂ ਨਿਗੁਰਾ ਹੀ ਦੁਨੀਆਂ ਤੋਂ ਚਲਾ ਜਾਵਾਂਗਾ ? ਕੀ ਮੈਨੂੰ ਗੁਰੂ ਨਹੀਂ ਮਿਲੇਗਾ ?

ਜਦੋਂ ਬੀਬੀ ਅਮਰੋ ਜੀ (ਗੁਰੂ) ਅਮਰਦਾਸ ਜੀ ਦੀ ਭਤੀਜ ਨੂੰਹ ਬਣ ਕੇ ਆਈ ਅਤੇ ਅੰਮ੍ਰਿਤ ਵੇਲੇ ਜਦ ਲੱਸੀ ਰਿੜਕਣ ਲੱਗੀ ਤਾਂ ਚਾਟੀ ਵਿਚ ਮਧਾਣੀ ਘੁਮਾਉਣ ਦੇ ਨਾਲ-ਨਾਲ ਬੀਬੀ ਅਮਰੋ ਜੀ ਨੇ ਉੱਚੀ-ਉੱਚੀ ਜਪੁਜੀ ਸਾਹਿਬ ਦਾ ਪਾਠ ਕਰਨਾ ਸ਼ੁਰੂ ਕੀਤਾ। ਜਦ ਇਸ ਪਾਠ ਦੀ ਆਵਾਜ਼ (ਗੁਰੂ) ਅਮਰਦਾਸ ਜੀ ਦੇ ਕੰਨਾਂ ਵਿਚ ਪਈ ਤਾਂ ਉਹ ਬੀਬੀ ਅਮਰੋ ਜੀ ਨੂੰ ਪੁੱਛਣ ਲੱਗੇ, "ਬੇਟਾ ! ਤੂੰ ਇਹ ਕੀ ਗਾ ਰਹੀ ਏਂ ?" ਤਾਂ ਬੀਬੀ ਜੀ ਕਹਿਣ ਲੱਗੇ, "ਗੁਰੂ ਨਾਨਕ ਦੇਵ ਜੀ ਦੀ ਬਾਣੀ ਗਾ ਰਹੀ ਹਾਂ।" ਗੁਰੂ ਜੀ ਨੇ ਕਿਹਾ, "ਬੜੀ ਮਿੱਠੀ ਹੈ ਗੁਰੂ ਨਾਨਕ ਦੇਵ ਜੀ ਦੀ ਬਾਣੀ। ਮੈਨੂੰ ਉਸ ਗੁਰੂ ਦੇ ਦਰਸ਼ਨ ਤਾਂ ਕਰਵਾ ਜਿਸ ਦੀ ਬਾਣੀ ਇੰਨੀ ਮਿੱਠੀ ਹੈ।" ਬੀਬੀ ਅਮਰੋ ਜੀ, (ਗੁਰੂ) ਅਮਰਦਾਸ ਜੀ ਨੂੰ ਗੁਰੂ ਨਾਨਕ ਦੇਵ ਜੀ ਦੀ ਗੱਦੀ ਤੇ ਬਿਰਾਜਮਾਨ ਪਿਤਾ ਗੁਰੂ ਅੰਗਦ ਦੇਵ ਜੀ ਪਾਸ ਲੈ ਗਏ। ਗੁਰੂ ਜੀ ਦੇ ਦਰਸ਼ਨ ਕਰਕੇ (ਗੁਰੂ) ਅਮਰਦਾਸ ਜੀ ਗੁਰੂ ਵਾਲੇ ਬਣ ਗਏ ਤੇ ਉਨ੍ਹਾਂ ਦਾ ਮਨ ਸ਼ਾਂਤ ਹੋ ਗਿਆ।

ਬੀਬੀ ਅਮਰੋ ਜੀ ਦੇ ਗੁਣਾਂ ਤੇ ਬਾਣੀ ਨਾਲ ਅਥਾਹ ਪਿਆਰ ਸਦਕਾ ਗੁਰੂ ਅਮਰਦਾਸ ਜੀ ਦਾ ਜੀਵਨ ਪਲਟਿਆ ਤੇ ਉਹ ਨਿਗੁਰੇ ਤੋਂ ਗੁਰੂ ਵਾਲੇ ਬਣੇ ਅਤੇ ਖੁਦ ਗੱਦੀ ਤੇ ਬਿਰਾਜਮਾਨ ਹੋਏ। ਅਜੋਕੇ ਸਮੇਂ ਵਿਚ ਬੀਬੀ ਅਮਰੋ ਜੀ ਦੇ ਜੀਵਨ ਤੋਂ ਪ੍ਰੇਰਣਾ ਲੈਣ ਦੀ ਲੋੜ ਹੈ।



Scanned with CamScanner

# ਸਿੱਖ ਸ਼ਹੀਦ

## ਭਾਈ ਮਨੀ ਸਿੰਘ ਜੀ

ਭਾਈ ਮਨੀ ਸਿੰਘ ਸਿੱਖ ਇਤਿਹਾਸ ਦੀ ਇਕ ਮਹਾਨ ਪੂਜਨੀਕ ਹਸਤੀ ਹਨ। ਆਪ ਦੇ ਜਨਮ ਅਸਥਾਨ ਤੇ ਜਨਮ ਤਾਰੀਖ ਬਾਰੇ ਵੱਖ-ਵੱਖ ਲੇਖਕਾਂ ਨੇ ਵੱਖ-ਵੱਖ ਲਿਖਿਆ ਹੈ। ਆਪ ਦੇ ਪਿਤਾ ਭਾਈ ਮਾਈ ਦਾਸ ਜੀ ਸਨ। ਭਾਈ ਮਾਈ ਦਾਸ ਜੀ ਦੇ 12 ਪੁੱਤਰ ਸਨ। ਇਨ੍ਹਾਂ ਵਿਚੋਂ ਕੇਵਲ ਇਕ ਨੂੰ ਛੱਡ ਕੇ ਬਾਕੀ 11 ਪੁੱਤਰ ਸ਼ਹੀਦ ਹੋਏ ਹਨ। ਇਨ੍ਹਾਂ ਵਿਚੋਂ ਹੀ ਪ੍ਰਸਿੱਧ ਸ਼ਹੀਦ ਭਾਈ ਦਇਆਲਾ ਜੀ ਸਨ, ਜੋ ਭਾਈ ਮਨੀ ਸਿੰਘ ਜੀ ਦੇ ਸਕੇ ਭਰਾ ਸਨ।

ਉਨ੍ਹਾਂ ਦੇ ਪਿਤਾ ਭਾਈ ਮਾਈ ਦਾਸ ਉਨ੍ਹਾਂ ਨੂੰ ਨਾਲ ਲੈ ਕੇ 'ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ' ਦੇ ਦਰਸ਼ਨ ਕਰਨ ਹਿੱਤ ਸ੍ਰੀ ਕੀਰਤਪੁਰ ਸਾਹਿਬ ਵਿਖੇ ਆਏ। ਸਤਿਗੁਰਾਂ ਨੇ ਫ਼ੁਰਮਾਇਆ ਕਿ ਇਹ ਬਾਲਕ ਗੁਣਾਂ ਨਾਲ ਭਰਪੂਰ ਸਾਰੇ ਜਗਤ ਵਿਚ ਪ੍ਰਸਿੱਧੀ ਹਾਸਲ ਕਰੇਗਾ।

ਆਪ ਦਾ ਵਿਆਹ ਭਾਈ 'ਲਖੀ ਰਾਇ' (ਲੱਖੀ ਸ਼ਾਹ ਵਣਜਾਰਾ) ਦੀ ਸਪੁੱਤਰੀ ਬੀਬੀ ਸੀਤੋ ਜੀ ਨਾਲ ਹੋਇਆ। ਜਦੋਂ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਜੋਤੀ ਜੋਤ ਸਮਾ ਗਏ ਤਾਂ ਭਾਈ ਮਨੀ ਸਿੰਘ ਜੀ, ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਦੀ ਸੇਵਾ ਵਿਚ ਤੱਤਪਰ ਰਹੇ। ਗੁਰੂ ਸਾਹਿਬ ਜੀ ਦੇ ਦਿੱਲੀ ਵਿਖੇ ਜੋਤੀ ਜੋਤ ਸਮਾ ਜਾਣ ਤੋਂ ਬਾਅਦ ਆਪ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸੇਵਾ ਵਿਚ ਬਕਾਲੇ ਪਿੰਡ ਆ ਹਾਜ਼ਰ ਹੋਏ।

ਜਦੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਪੂਰਬ ਦੇ ਇਲਾਕਿਆਂ ਵਿਚ ਧਰਮ ਪ੍ਰਚਾਰ ਕਰਕੇ ਵਾਪਸ ਅਨੰਦਪੁਰ ਸਾਹਿਬ ਪੁੱਜੇ ਤਾਂ ਭਾਈ ਮਨੀ ਸਿੰਘ ਜੀ ਵੀ ਅਨੰਦਪੁਰ ਸਾਹਿਬ ਆ ਗਏ। ਇਥੇ ਰਹਿ ਕੇ ਭਾਈ ਸਾਹਿਬ ਨੇ ਗੁਰਬਾਣੀ ਦੀਆਂ ਪੋਥੀਆਂ ਦੇ ਉਤਾਰੇ ਕਰਨ ਤੇ ਕਰਵਾਉਣ ਦੀ ਮਹਾਨ ਸੇਵਾ ਸੰਭਾਲੀ।

ਜਦੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਸ਼ਹੀਦੀ ਪ੍ਰਾਪਤ ਕਰਨ ਲਈ ਦਿੱਲੀ ਗਏ ਤਾਂ ਭਾਈ ਸਾਹਿਬ ਜੀ ਦੀ ਸੇਵਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਸ ਠਹਿਰਨ ਦੀ ਲੱਗੀ। ਦਸਮ ਪਾਤਸ਼ਾਹ ਦੀ ਹਜ਼ੂਰੀ ਵਿਚ ਰਹਿ ਕੇ ਆਪ ਪੜ੍ਹਨ-ਪੜ੍ਹਾਉਣ ਤੇ ਲਿਖਣ-ਲਿਖਵਾਉਣ ਵਾਲੇ ਮਹਾਨ ਵਿਦਵਾਨ ਬਣ ਗਏ। ਭੰਗਾਣੀ ਦੇ ਯੁੱਧ ਵਿਚ ਭਾਈ ਮਨੀ ਸਿੰਘ ਜੀ ਨੇ ਬਾਕੀ ਗੁਰਸਿੱਖਾਂ ਨਾਲ ਰਲ ਕੇ ਸੂਰਮਗਤੀ ਦੇ ਜੌਹਰ ਵਿਖਾਏ। ਇਸੇ ਜੰਗ ਵਿਚ ਆਪ ਦੇ ਭਰਾ ਭਾਈ ਹਰੀ



Scanned with CamScanner

ਚੰਦ ਜੀ ਸ਼ਹੀਦੀ ਪਾ ਗਏ। ਇਸੇ ਤਰ੍ਹਾਂ ਨਦੌਣ ਦੀ ਜੰਗ ਵਿਚ ਆਪ ਦੀ ਸੂਰਮਗਤੀ ਤੇ ਗੁਰੂ ਸਿਦਕ ਨੂੰ ਦੇਖ ਕੇ ਗੁਰੂ ਪਾਤਸ਼ਾਹ ਨੇ ਆਪ ਨੂੰ ਦੀਵਾਨ ਦੀ ਉਪਾਧੀ ਬਖਸ਼ੀ।

ਜਦੋਂ ਸੰਨ 1699 ਈ: ਦੀ ਵਿਸਾਖੀ ਵਾਲੇ ਦਿਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਸਾਜਿਆ, ਤਾਂ ਭਾਈ ਮਨੀ ਸਿੰਘ ਜੀ ਨੇ ਆਪਣੇ ਭਰਾਵਾਂ ਤੇ ਸਪੁੱਤਰਾਂ ਸਮੇਤ ਖੰਡੇ ਬਾਟੇ ਦੀ ਪਾਹੁਲ ਛਕੀ। ਆਪ ਦਾ ਨਾਮ 'ਮਨੀਏ' ਤੋਂ 'ਭਾਈ ਮਨੀ ਸਿੰਘ' ਹੋਇਆ।

ਭਾਈ ਸਾਹਿਬ ਅਨੰਦਪੁਰ ਸਾਹਿਬ ਵਿਖੇ ਸਿੱਖ ਸੰਗਤਾਂ ਨੂੰ ਹਰ ਰੋਜ਼ ਗੁਰਬਾਣੀ ਦੀ ਕਥਾ ਸੁਣਾਇਆ ਕਰਦੇ ਸਨ। ਅੰਮ੍ਰਿਤਸਰ ਦੇ ਸਿੱਖਾਂ ਵਲੋਂ ਬੇਨਤੀ ਕਰਨ ਤੇ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਮਨੀ ਸਿੰਘ ਜੀ ਨੂੰ ਪੰਜ ਸਿੰਘਾਂ ਸਮੇਤ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਦੀ ਸੇਵਾ ਸੰਭਾਲ ਕਰਨ ਲਈ ਸੇਵਾਦਾਰ ਨਿਯੁਕਤ ਕਰਕੇ ਭੇਜਿਆ। ਭਾਈ ਸਾਹਿਬ ਨੇ ਅੰਮ੍ਰਿਤਸਰ ਸਾਹਿਬ ਪਹੁੰਚ ਕੇ ਸੋਢੀਆਂ ਦੀ ਚਲਾਈ ਮਰਯਾਦਾ ਨੂੰ ਬੰਦ ਕਰ ਕੇ ਗੁਰ-ਮਰਯਾਦਾ ਦਾ ਪ੍ਰਵਾਹ ਚਲਾਇਆ। ਅੰਮ੍ਰਿਤ ਪ੍ਰਚਾਰ ਦੀ ਲਹਿਰ ਵਿਚ ਵਾਧਾ ਕਰਕੇ ਸਿੱਖੀ ਦਾ ਭਰਪੂਰ ਪ੍ਰਚਾਰ ਕੀਤਾ।

ਅਨੰਦਪੁਰ ਸਾਹਿਬ ਦੀ ਪਹਿਲੀ ਜੰਗ, ਜਿਸ ਵਿਚ ਪਹਾੜੀ ਰਾਜਿਆਂ ਨੇ ਹਾਥੀ ਨੂੰ ਸ਼ਰਾਬ ਪਿਆ ਕੇ ਕਿਲ੍ਹੇ ਦਾ ਦਰਵਾਜ਼ਾ ਤੋੜਨ ਲਈ ਭੇਜਿਆ ਸੀ, ਦਾ ਮੁਕਾਬਲਾ ਭਾਈ ਮਨੀ ਸਿੰਘ ਜੀ ਦੇ ਸਪੁੱਤਰਾਂ ਭਾਈ ਬਚਿੱਤਰ ਸਿੰਘ ਤੇ ਭਾਈ ਉਦੇ ਸਿੰਘ ਨੇ ਕੀਤਾ ਸੀ। 'ਦਮਦਮਾ ਸਾਹਿਬ' ਵਿਖੇ ਸਤਿਗੁਰਾਂ ਨੇ ਭਾਈ ਮਨੀ ਸਿੰਘ ਜੀ ਤੋਂ 'ਸ੍ਰੀ ਗੁਰੂ ਗਰੰਥ ਸਾਹਿਬ ਜੀ' ਦੀ ਦਮਦਮੀ ਬੀੜ ਲਿਖਵਾਈ, ਜਿਸ ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਵੀ ਦਰਜ਼ ਕਰਵਾਈ।

ਮਾਤਾ ਸੁੰਦਰੀ ਜੀ ਨੇ ਭਾਈ ਮਨੀ ਸਿੰਘ ਜੀ ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਦਾ ਇੰਚਾਰਜ ਬਣਾ ਕੇ ਭੇਜਿਆ ਅਤੇ ਉਨ੍ਹਾਂ ਨੂੰ ਮੁੱਖ ਗ੍ਰੰਥੀ ਥਾਪਿਆ ਗਿਆ। ਅੰਮ੍ਰਿਤਸਰ ਸਾਹਿਬ ਵਿਖੇ ਆ ਕੇ ਆਪ ਨੇ ਸਾਰੇ ਹਾਲਾਤ ਦਾ ਜਾਇਜ਼ਾ ਲਿਆ। ਪਹਿਲਾਂ ਤਾਂ ਸੇਵਾ ਸੰਭਾਲ ਦਾ ਪ੍ਰਬੰਧ ਠੀਕ ਕੀਤਾ। ਮਰਿਯਾਦਾ ਕਾਇਮ ਕੀਤੀ। ਵਿਸਾਖੀ ਉਤੇ ਸਰਬੱਤ ਖਾਲਸੇ ਨੂੰ ਇਕੱਠਿਆਂ ਹੋਣ ਲਈ ਕਿਹਾ।

ਜਦੋਂ ਗੁਰਦੁਆਰਿਆਂ ਦੀ ਸੇਵਾ ਸੰਭਾਲ ਲਈ ਤੱਤ ਖਾਲਸਾ ਅਤੇ ਬੰਦਈ ਖਾਲਸਾ ਵਿਚ ਝਗੜਾ ਹੋ ਗਿਆ ਤਾਂ ਭਾਈ ਮਨੀ ਸਿੰਘ ਜੀ ਨੇ ਅਕਾਲ ਬੁੰਗੇ ਉਤੇ ਤੱਤ ਖਾਲਸਾ ਦੇ ਜਥੇਦਾਰ ਬਾਬਾ ਕਾਹਨ ਸਿੰਘ ਤੇ ਝੰਡਾ ਬੁੰਗਾ ਉਤੇ ਭਾਈ ਮਹੰਤ ਸਿੰਘ ਖੇਮਕਰਨ ਵਾਲੇ ਅੱਗੇ ਵਿਸਾਖੀ ਵਾਲੇ ਦਿਹਾੜੇ ਤਜਵੀਜ਼ ਪੇਸ਼



Scanned with CamScanner

ਕੀਤੀ ਕਿ 'ਨਿੱਤ ਦਾ ਝਗੜਾ' ਮਿਟਾਉਣ ਲਈ ਕਿ ਪ੍ਰਬੰਧ ਕਿਸ ਦੇ ਹੱਥ ਹੋਣਾ ਚਾਹੀਦਾ ਹੈ, ਦਾ ਫੈਸਲਾ ਕਰਨ ਲਈ, ਹਰਿ ਕੀ ਪਉੜੀ ਵਿਚ ਪਰਚੀਆਂ ਪਾਈਆਂ ਜਾਣ। ਜਿਹੜੀ ਪਰਚੀ ਤਰ ਜਾਵੇਗੀ, ਉਹ ਸੇਵਾ ਸੰਭਾਲ ਕਰੇਗਾ। ਦੋਵੇਂ ਧਿਰਾਂ ਮੰਨ ਗਈਆਂ ਤੇ ਅੰਮ੍ਰਿਤਸਰ ਸਾਹਿਬ, ਹਰਿ ਕੀ ਪਉੜੀ ਵਿਖੇ ਪਰਚੀਆਂ ਪਾਉਣ ਤੇ ਕੱਢਣ ਦੀ ਡਿਊਟੀ ਭਾਈ ਮਨੀ ਸਿੰਘ ਜੀ ਦੀ ਲੱਗੀ।

ਭਾਈ ਮਨੀ ਸਿੰਘ ਨੇ ਦੋ ਚਿੱਟਾਂ, ਇਕ ਉਤੇ ਬੰਦਈ ਖਾਲਸੇ ਦਾ ਜੰਗੀ ਨਾਅਰਾ 'ਫਤਹਿ ਦਰਸ਼ਨ' ਤੇ ਦੂਜੀ ਉਤੇ 'ਵਾਹਿਗੁਰੂ ਜੀ ਕੀ ਫਤਹਿ' ਲਿਖ ਕੇ ਹਰਿ ਕੀ ਪਉੜੀ, ਅੰਮ੍ਰਿਤ ਸਰੋਵਰ ਵਿਚ ਸੁੱਟੀਆਂ। ਕਰਨੀ ਕੁਦਰਤ ਦੀ ਕਿ ਕੁਝ ਸਮੇਂ ਲਈ ਦੋਵੇਂ ਹੀ ਚਿੱਟਾਂ ਡੁੱਬੀਆਂ ਰਹੀਆਂ। ਸਾਰਿਆਂ ਅਰਦਾਸ ਕੀਤੀ। ਆਖਰ 'ਵਾਹਿਗੁਰੂ ਜੀ ਕੀ ਫਤਹਿ' ਵਾਲੀ ਚਿੱਟ ਤੈਰਨ ਲੱਗੀ। ਇਸ ਤਰ੍ਹਾਂ ਭਾਈ ਮਨੀ ਸਿੰਘ ਜੀ ਦੀ ਸਿਆਣਪ ਨਾਲ ਇਹ ਝਗੜਾ ਅਮਨ ਸਹਿਤ ਨਜਿੱਠਿਆ ਗਿਆ ਤੇ ਲਹੂ ਡੁੱਲ੍ਹਣੋਂ ਬਚ ਗਿਆ।

ਸੰਨ 1738 ਈਸਵੀ ਦੀ ਦੀਵਾਲੀ ਨੂੰ ਭਾਈ ਮਨੀ ਸਿੰਘ ਜੀ ਨੇ ਇਕੱਠ ਕਰਨ ਦੀ ਸੋਚੀ। ਜ਼ਕਰੀਆ ਖ਼ਾਨ ਨੇ ਇਸ ਸ਼ਰਤ ਉਤੇ ਇਜਾਜ਼ਤ ਦਿੱਤੀ ਕਿ 5000 ਰੁਪਏ ਕਰ (ਟੈਕਸ) ਵਜੋਂ ਤਾਰੇ ਜਾਣ। ਸਿੱਖਾਂ ਦੇ ਇਕੱਠ ਨੂੰ ਉਹ ਜਾਲ ਵਿਚ ਆਇਆ ਇਕ ਸ਼ਿਕਾਰ ਸਮਝਦਾ ਸੀ। ਉਸ ਦੀ ਵਿਉਂਤ ਇਹ ਸੀ ਕਿ ਜੁੜੇ ਖਾਲਸੇ ਨੂੰ ਦੀਵਾਲੀ ਵਾਲੀ ਰਾਤ ਘੇਰ ਕੇ ਤੋਪਾਂ ਨਾਲ ਉਡਾ ਦਿੱਤਾ ਜਾਵੇ। ਫੌਜਾਂ ਇਕੱਠੀਆਂ ਹੁੰਦੀਆਂ ਦੇਖ ਕੇ ਅਤੇ ਸੂਹ ਮਿਲਣ ਉਤੇ ਭਾਈ ਮਨੀ ਸਿੰਘ ਜੀ ਨੇ ਸਿੰਘਾਂ ਨੂੰ ਰਸਤੇ ਵਿਚ ਹੀ ਰੋਕ ਦਿੱਤਾ। ਯਤਨਾਂ ਦੇ ਬਾਵਜੂਦ ਵੀ ਚੋਖਾ ਇਕੱਠ ਹੋ ਗਿਆ। ਗਿਣੀ ਮਿਥੀ ਚਾਲ ਅਨੁਸਾਰ ਲਖਪਤ ਰਾਏ ਨੇ ਹਮਲਾ ਕਰ ਦਿੱਤਾ। ਦੀਵਾਨ ਨਾ ਲੱਗ ਸਕਿਆ। ਬਹੁਤ ਸਿੰਘ ਇਸ਼ਨਾਨ ਕਰਦੇ ਅਤੇ ਕਈ ਇਸ਼ਨਾਨ ਕਰਕੇ ਨਿਕਲਦੇ ਹੀ ਪਰਕਰਮਾ ਵਿਚ ਸ਼ਹੀਦ ਕਰ ਦਿੱਤੇ ਗਏ। ਭਾਈ ਮਨੀ ਸਿੰਘ ਜੀ ਨੇ ਰੋਸ ਮਨਾਇਆ ਤੇ ਹਕੂਮਤ ਕੋਲ ਸਾਜ਼ਸ਼ ਦੀ ਨਿਖੇਧੀ ਭੇਜੀ। ਉਲਟਾ ਜ਼ਕਰੀਆ ਖਾਨ ਨੇ 5000 ਰੁਪਏ ਦੀ ਮੰਗ ਕੀਤੀ। ਭਾਈ ਮਨੀ ਸਿੰਘ ਜੀ ਨੇ ਕਿਹਾ ਕਿ ਇਕੱਠ ਤਾਂ ਹੋ ਨਹੀਂ ਸਕਿਆ, ਰੁਪਏ ਕਿਸ ਗੱਲ ਦੇ ? ਭਾਈ ਮਨੀ ਸਿੰਘ ਜੀ ਨੂੰ ਗ੍ਰਿਫਤਾਰ ਕਰਕੇ ਲਾਹੌਰ ਦਰਬਾਰ ਵਿਚ ਪੇਸ਼ ਕੀਤਾ ਗਿਆ। ਜ਼ਕਰੀਆ ਖ਼ਾਨ ਨੇ ਇਸਲਾਮ ਕਬੂਲ ਕਰਨ ਲਈ ਕਿਹਾ ਅਤੇ ਜ਼ੁਰਮਾਨਾ ਨਾ ਤਾਰਨ ਦੀ ਸੂਰਤ ਵਿਚ ਬੰਦ ਬੰਦ ਕੱਟਣ ਦਾ ਹੁਕਮ ਦਿੱਤਾ। ਭਾਈ ਮਨੀ ਸਿੰਘ ਜੀ ਨੇ ਸ਼ਹਾਦਤ ਕਬੂਲ ਕਰਦੇ ਹੋਏ ਕਿਹਾ ਕਿ ਕਈ ਜੀਵਨ ਸਿੱਖੀ ਤੋਂ ਵਾਰਨ ਲਈ ਤਿਆਰ ਹਾਂ। ਕਾਜ਼ੀ ਨੇ



Scanned with CamScanner

ਬੰਦ-ਬੰਦ ਕੱਟਣ ਦਾ ਹੁਕਮ ਸੁਣਾਇਆ ਤੇ ਸ਼ਾਹੀ ਕਿਲ੍ਹੇ ਦੇ ਲਾਗੇ ਮੈਦਾਨ ਵਿਚ ਬੰਦ ਬੰਦ ਕੱਟਣ ਲਈ ਲੈ ਗਏ। ਭਾਈ ਮਨੀ ਸਿੰਘ ਜੀ ਨੇ ਹੱਸ-ਹੱਸ ਕੇ ਬੰਦ-ਬੰਦ ਕਟਵਾ ਲਿਆ।

ਭਾਈ ਮਨੀ ਸਿੰਘ ਜੀ ਸ਼ਹੀਦ ਦਾ ਸਮੁੱਚਾ ਜੀਵਨ ਇਕ ਅਦੁੱਤੀ ਤੇ ਅਮੋਲਕ ਵਿਰਸਾ ਹੈ। ਭਾਈ ਸਾਹਿਬ ਦਾ ਸਾਰਾ ਪਰਿਵਾਰ (11 ਭਰਾ ਤੇ 10 ਪੁੱਤਰਾਂ ਵਿਚੋਂ 7 ਪੁੱਤਰ ਤੇ ਕਈ ਪੋਤਰੇ) ਸਿੱਖੀ ਸਿਦਕ ਨੂੰ ਨਿਭਾਉਂਦਿਆਂ ਹੋਇਆਂ ਸ਼ਹੀਦੀ ਪ੍ਰਾਪਤ ਕਰ ਗਏ। ਭਾਈ ਸਾਹਿਬ ਜੀ ਦੀ ਇਹ ਅਦੁੱਤੀ ਘਾਲਣਾ ਸਿੱਖ ਪੰਥ ਲਈ ਹਮੇਸ਼ਾਂ ਹੀ ਚਾਨਣ ਮੁਨਾਰੇ ਦਾ ਕੰਮ ਦੇਂਦੀ ਰਹੇਗੀ।

## ਸ਼ਹੀਦ ਭਾਈ ਬੋਤਾ ਸਿੰਘ ਗਰਜਾ ਸਿੰਘ

ਪੰਜਾਬ ਦੇ ਗਵਰਨਰ ਖਾਨ ਬਹਾਦਰ ਜ਼ਕਰੀਆ ਖਾਨ ਨੇ ਐਲਾਨ ਕੀਤਾ ਅਤੇ ਮੁਨਾਦੀ ਕਰਵਾਈ ਕਿ ਸਾਰੇ ਸਿੱਖ ਖ਼ਤਮ ਕਰ ਦਿੱਤੇ ਗਏ ਹਨ। ਜ਼ਕਰੀਆ ਖਾਨ ਦੇ ਇਸ ਪ੍ਰਚਾਰ ਨੂੰ ਝੂਠਾ ਸਾਬਤ ਕਰਨ ਲਈ, ਬੇਅੰਤ ਖਤਰੇ ਦੇ ਹੁੰਦਿਆਂ ਹੋਇਆਂ ਵੀ ਇਕੜ ਦੁੱਕੜ ਸਿੰਘ ਛਿਪ ਛਿਪਾ ਕੇ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਦੇ ਦਰਸ਼ਨ ਕਰਨੋਂ ਨਾ ਟਲਦੇ। ਦਰਸ਼ਨ ਇਸ਼ਨਾਨ ਕਰਦਿਆਂ ਕਈ ਸਿੰਘ ਆਪਣੇ ਸਰੀਰਾਂ ਦੀ ਅਹੂਤੀ ਦੇ ਚੁੱਕੇ ਸਨ, ਪਰ ਫਿਰ ਵੀ ਆਪਣੇ ਗੁਰ-ਅਸਥਾਨਾਂ ਪ੍ਰਤੀ ਸ਼ਰਧਾ ਤੇ ਹੱਕ ਦੇ ਪ੍ਰਗਟਾਵੇ ਦਾ ਇਤਨਾ ਵੱਡਾ ਮੁੱਲ ਚੁਕਾਉਣੋਂ ਨਾ ਕਤਰਾਉਂਦੇ।

ਇਸੇ ਮੰਤਵ ਦੀ ਪੂਰਤੀ ਲਈ ਗੁਰੂ ਕੇ ਦੋ ਲਾਲ ਭਾਈ ਬੋਤਾ ਸਿੰਘ ਅਤੇ ਭਾਈ ਗਰਜਾ ਸਿੰਘ ਸ੍ਰੀ ਤਰਨ ਤਾਰਨ ਸਾਹਿਬ ਤੋਂ ਹੋ ਕੇ ਅੰਮ੍ਰਿਤਸਰ ਸਾਹਿਬ ਵੱਲ ਪਵਿੱਤਰ ਹਰਿਮੰਦਰ ਸਾਹਿਬ ਜੀ ਦੇ ਦਰਸ਼ਨ ਅਤੇ ਸਰੋਵਰ ਵਿਚ ਇਸ਼ਨਾਨ ਕਰਨ ਲਈ ਜਾ ਰਹੇ ਸਨ। ਰਸਤੇ ਵਿਚ ਉਨ੍ਹਾਂ ਨੂੰ ਪਤਾ ਲੱਗਾ ਕਿ ਜ਼ਕਰੀਆ ਖਾਨ ਨੇ ਐਲਾਨ ਕਰ ਦਿੱਤਾ ਕਿ ਸਾਰੇ ਸਿੱਖ ਖ਼ਤਮ ਕਰ ਦਿੱਤੇ ਗਏ ਹਨ।

ਦੋਹਾਂ ਸਿੰਘਾਂ ਨੇ ਜ਼ਕਰੀਆਂ ਖਾਨ ਨੂੰ ਵੰਗਾਰਨ ਲਈ ਅਤੇ ਸਿੱਖਾਂ ਅੰਦਰਲੇ ਸਿਦਕ ਦੀ ਝਲਕ ਦੇਣ ਲਈ ਅਤੇ ਇਹ ਸਿੱਧ ਕਰਨ ਲਈ ਕਿ ਸਿੱਖਾਂ ਨੂੰ ਖਤਮ ਨਹੀਂ ਕੀਤਾ ਜਾ ਸਕਦਾ, ਇੱਕ ਵਿਉਂਤ ਸੋਚੀ। ਉਹ ਦੋਵੇਂ ਸੜਕ ਤੇ ਆ ਖਲੋਤੇ। ਦੋਹਾਂ ਦੇ ਹੱਥ ਵਿਚ ਲੱਕੜ ਦੇ ਮਜ਼ਬੂਤ ਸੋਟੇ ਸਨ। ਸੜਕ ਕਿਨਾਰੇ ਨੂਰਦੀਨ ਦੀ ਸਰਾਂ ਨੂੰ ਉਨ੍ਹਾਂ ਨੇ ਆਪਣਾ ਟਿਕਾਣਾ ਬਣਾ ਲਿਆ ਤੇ ਲੱਗੇ ਆਉਣ ਜਾਣ ਵਾਲਿਆਂ ਪਾਸੋਂ ਟੈਕਸ ਉਗਰਾਹੁਣ। ਜੇ ਕੋਈ ਗੱਡੇ ਵਾਲਾ ਆਉਂਦਾ ਤਾਂ ਰੋਕ ਕੇ ਉਸਨੂੰ ਆਖਦੇ ਭਾਈ! ਇਥੇ ਸਿੱਖਾਂ ਦਾ ਰਾਜ ਹੈ। ਗੱਡਾ



Scanned with CamScanner

ਅੱਗੇ ਤਾਂ ਜਾ ਸਕਦਾ ਹੈ ਜੇ ਇਕ ਆਨਾ ਟੈਕਸ ਦੇਵੇਂਗਾ। ਜੇ ਖੋਤੇ 'ਤੇ ਭਾਰ ਲੱਦੀ ਕੋਈ ਲੰਘਦਾ ਤਾਂ ਉਸ ਤੋਂ ਇਕ ਪੈਸਾ ਟੈਕਸ ਲੈ ਕੇ ਅੱਗੇ ਜਾਣ ਦਿੰਦੇ। ਨਾਲੇ ਆਉਣ ਜਾਣ ਵਾਲਿਆਂ ਨੂੰ ਇਹ ਵੀ ਕਹਿ ਦਿੰਦੇ, ਕਿ ਜਿਥੇ ਜਾਉਗੇ, ਉਥੇ ਲੋਕਾਂ ਨੂੰ ਦੱਸ ਦੇਣਾ ਕਿ ਨੂਰਦੀਨ ਦੀ ਸਰਾਂ ਦੇ ਆਲੇ ਦੁਆਲੇ ਸਿੱਖਾਂ ਦਾ ਰਾਜ ਹੋ ਗਿਆ ਹੈ।

ਇਉਂ ਕਾਫੀ ਸਮਾਂ ਇਹ ਦੋਵੇਂ ਸਿੰਘ ਟੈਕਸ ਇਕੱਠਾ ਕਰਦੇ ਰਹੇ, ਪਰ ਹਕੂਮਤ ਵਲੋਂ ਕੋਈ ਕਾਰਵਾਈ ਨਾ ਹੋਈ। ਲੋਕੀਂ ਟੈਕਸ ਦੇ ਜਾਂਦੇ ਤੇ ਹੈਰਾਨ ਹੁੰਦੇ ਕਿ ਜ਼ਕਰੀਆ ਖਾਂ ਦਾ ਐਲਾਨ ਤਾਂ ਬਿਲਕੁਲ ਝੂਠਾ ਨਿਕਲਿਆ। ਉਹ ਤਾਂ ਕਹਿੰਦਾ ਸੀ ਕਿ ਸਿੱਖ ਖ਼ਤਮ ਕਰ ਦਿੱਤੇ ਹਨ, ਪਰ ਇਥੇ ਤਾਂ ਸਿੰਘਾਂ ਦੀ ਹਕੂਮਤ ਕਾਇਮ ਹੋਈ ਪਈ ਹੈ।

ਭਾਈ ਬੋਤਾ ਸਿੰਘ ਨੇ ਖਾਨ ਬਹਾਦਰ ਜ਼ਕਰੀਆ ਖਾਨ ਨੂੰ ਇਕ ਚਿੱਠੀ ਲਾਹੌਰ ਨੂੰ ਜਾਂਦੇ ਇਕ ਰਾਹੀ ਦੇ ਹੱਥ ਲਿਖ ਭੇਜੀ।

''ਚਿੱਠੀ ਲਿਖਤੁਮ ਸਿੰਘ ਬੋਤਾ, ਹੱਥ ਹੈ ਸੋਟਾ, ਵਿਚ ਰਾਹ ਖਲੋਤਾ।

ਆਨਾ ਲਾਇਆ ਗੱਡੇ ਨੂੰ, ਪੈਸਾ ਲਾਇਆ ਖੋਤਾ।

ਜਾ ਆਖੀਂ ਭਾਬੀ ਖਾਨੋ ਨੂੰ, ਐਉਂ ਆਖੇ ਸਿੰਘ ਬੋਤਾ।

ਚਿੱਠੀ ਨੂੰ ਪੜ੍ਹ ਕੇ ਗਵਰਨਰ ਜ਼ਕਰੀਆ ਖਾਨ ਗੁੱਸੇ ਨਾਲ ਸੜ ਬਲ ਕੇ ਕੋਇਲੇ ਹੋ ਗਿਆ। ਉਸ ਨੇ ਜਲਾਲ ਦੀਨ ਜਰਨੈਲ ਨੂੰ ਦੋ ਸੌ ਸ਼ਸਤਰਧਾਰੀ ਘੋੜ ਸਵਾਰ ਫੌਜੀ ਨਾਲ ਲਿਜਾ ਕੇ ਸਿੱਖ ਰਾਜ ਦਾ ਐਲਾਨ ਕਰਨ ਵਾਲੇ ਦੋ ਸਿੰਘਾਂ ਨੂੰ ਫੌਰਨ ਜਿੰਦਾ ਫੜ ਕੇ ਲਿਆਉਣ ਦਾ ਹੁਕਮ ਕੀਤਾ।

ਯੁੱਧ ਸ਼ੁਰੂ ਹੋ ਗਿਆ। ਸਿੰਘਾਂ ਜੈਕਾਰੇ ਛੱਡੇ ਤੇ ਅੱਗੇ ਵੱਧ ਕੇ ਦੋਵੇਂ ਇਕ ਦੂਜੇ ਦੀ ਪਿੱਠ ਨਾਲ ਪਿੱਠ ਜੋੜ, ਦੁਸ਼ਮਣਾਂ ਦੇ ਗਲ ਜਾ ਪਏ। ਕਈ ਦੁਸ਼ਮਣ ਫੌਜੀਆਂ ਨੂੰ ਪਾਰ ਬੁਲਾ ਕੇ ਗੁਰੂ ਕੇ ਲਾਲ ਸ਼ਹੀਦੀ ਪਾ ਗਏ ਤੇ ਸਾਰੇ ਸੰਸਾਰ ਨੂੰ ਦੱਸ ਗਏ ਕਿ ਸਿੰਘ ਖ਼ਤਮ ਨਹੀਂ ਕੀਤੇ ਜਾ ਸਕਦੇ। ਸਿੰਘਾਂ ਨੂੰ ਖ਼ਤਮ ਕਰਨ ਵਾਲੇ ਆਪ ਖ਼ਤਮ ਹੋ ਜਾਂਦੇ ਹਨ।

ਅੱਜ ਵੀ ਭਾਈ ਬੋਤਾ ਸਿੰਘ ਅਤੇ ਗਰਜਾ ਸਿੰਘ ਦੀ ਸ਼ਹੀਦੀ ਪੁਕਾਰ ਪੁਕਾਰ ਕੇ ਸਿੰਘਾਂ ਨੂੰ ਕਹਿ ਰਹੀ ਹੈ ''ਸਿੰਘੋ''! ਸਿੱਖੀ ਦੀ ਆਨ ਤੇ ਸ਼ਾਨ ਨੂੰ ਸਦਾ ਕਾਇਮ ਰਖਿਓ। ਵੇਖਿਓ, ਟੁੱਟ ਭਾਵੇਂ ਜਾਇਓ, ਪਰ ਜ਼ਾਲਮ ਦੇ ਅੱਗੇ ਝੁਕਿਓ ਨਾ ਤੇ ਸਦਾ ਇਹ ਨਾਹਰਾ ਬੁਲੰਦ ਕਰਦੇ ਰਹਿਉ :

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ।। (ਅੰਗ : ੧੪੨੭)



Scanned with CamScanner

# ਸ਼ਹੀਦ ਭਾਈ ਤਾਰੂ ਸਿੰਘ ਜੀ

ਸੰਨ 1745 ਈਸਵੀ ਵਿਚ ਪੰਜਾਬ ਦੇ ਗਵਰਨਰ ਜ਼ਕਰੀਆ ਖਾਨ ਦਾ ਬੋਲ-ਬਾਲਾ ਸੀ। ਇਹਦੇ ਅਤੇ ਇਸ ਤੋਂ ਪਹਿਲੇ ਮੁਸਲਮਾਨ ਹਾਕਮਾਂ ਦੇ ਜ਼ੁਲਮਾਂ ਤੋਂ ਤੰਗ ਆ ਕੇ ਅਨੇਕਾਂ ਸਿੰਘ ਘਰ ਘਾਟ ਛੱਡ ਜੰਗਲਾਂ ਵਿਚ ਜਾ ਵਸੇ ਸਨ। ਸੂਰਬੀਰ ਸਿੰਘ ਯੋਧੇ ਆਪਣੇ ਸਰੀਰਾਂ ਤੇ, ਗਰਮੀ ਸਰਦੀ ਅਤੇ ਭੁੱਖਾਂ ਦੇ ਕਸ਼ਟ ਝੱਲਦੇ ਵੀ ਪੰਜਾਬ ਨੂੰ ਇਸ ਜ਼ਾਲਮ ਹਕੂਮਤ ਤੋਂ ਛੁਟਕਾਰਾ ਦੁਆਉਣ ਲਈ ਸਿਰ ਧੜ ਦੀ ਬਾਜ਼ੀ ਲਾ ਰਹੇ ਸਨ।

ਇਤਨੇ ਕਰੜੇ ਸਮਿਆਂ ਦੇ ਬਾਵਜੂਦ ਵੀ ਕੁਝ ਕੁ ਸਿੰਘ, ਪਰਿਵਾਰਾਂ ਵਿਚ, ਕਿਤੇ-ਕਿਤੇ ਪਿੰਡਾਂ ਵਿਚ ਖੇਤੀਬਾੜੀ ਕਰਦੇ ਹੋਏ ਆਪਣੇ ਗੁਆਂਢੀ ਸਾਊ ਮੁਸਲਮਾਨਾਂ ਦੇ ਸਹਿਯੋਗ ਨਾਲ ਜੀਵਨ ਬਿਤਾ ਰਹੇ ਸਨ। ਭਾਈ ਤਾਰੂ ਸਿੰਘ ਜੀ ਪਿੰਡ ਪੂਹਲਾ, ਜ਼ਿਲ੍ਹਾ ਅੰਮ੍ਰਿਤਸਰ ਦੇ ਵਸਨੀਕ ਐਸੇ ਹੀ ਸਿੰਘਾਂ ਵਿਚੋਂ ਸਨ। ਛੋਟੇ ਹੁੰਦਿਆਂ ਹੀ ਇਨ੍ਹਾਂ ਦੇ ਪਿਤਾ ਜੀ ਚਲਾਣਾ ਕਰ ਗਏ। ਇਨ੍ਹਾਂ ਦੀ ਮਾਤਾ ਨੇ ਇਨ੍ਹਾਂ ਨੂੰ ਬਚਪਨ ਤੋਂ ਹੀ ਗੁਰਬਾਣੀ ਤੇ ਗੁਰ-ਇਤਿਹਾਸ ਦੀ ਅਜਿਹੀ ਗੁੜ੍ਹਤੀ ਦਿੱਤੀ ਕਿ ਭਾਈ ਤਾਰੂ ਸਿੰਘ ਜੀ ਦੇ ਲੂੰ-ਲੂੰ ਵਿਚ ਸਿੱਖੀ ਪ੍ਰਤੀ ਅਟੁੱਟ ਸ਼ਰਧਾ ਤੇ ਗੁਰਸਿੱਖਾਂ ਪ੍ਰਤੀ ਨਿੱਘਾ ਪਿਆਰ ਟਪਕਣ ਲੱਗਾ।

ਭਾਈ ਤਾਰੂ ਸਿੰਘ ਜੀ ਜੁਆਨ ਹੋਏ ਤੇ ਖੇਤੀ-ਬਾੜੀ ਦਾ ਕੰਮ ਚੰਗੀ ਤਰ੍ਹਾਂ ਸੰਭਾਲਣ ਲੱਗੇ। ਆਪ ਜੀ ਐਸੇ ਪਰਉਪਕਾਰੀ ਜੀਉੜੇ ਸਨ, ਕਿ ਉਨ੍ਹਾਂ ਦੇ ਪਿੰਡ ਦੇ ਹੀ ਨਹੀਂ, ਸਗੋਂ ਆਲੇ-ਦੁਆਲੇ ਦੇ ਪਿੰਡਾਂ ਦੇ ਹਿੰਦੂ-ਮੁਸਲਮਾਨ ਵੀ ਆਪ ਦੀਆਂ ਸਿਫਤਾਂ ਕਰਦੇ ਨਾ ਥੱਕਦੇ। ਭਾਈ ਸਾਹਿਬ ਨੇ ਆਪਣੀ ਕਿਰਤ ਕਮਾਈ 'ਚੋਂ ਲੰਗਰ ਜਾਰੀ ਕੀਤਾ ਹੋਇਆ ਸੀ, ਜਿਥੇ ਵੇਲੇ-ਕੁਵੇਲੇ ਆਉਂਦੇ ਜਾਂਦੇ ਸਿੱਖ ਸੂਰਬੀਰਾਂ ਤੋਂ ਛੁੱਟ ਹਿੰਦੂ ਮੁਸਲਮਾਨ ਵੀ ਪ੍ਰਸ਼ਾਦ ਛਕਦੇ ਤੇ ਤ੍ਰਿਪਤ ਹੁੰਦੇ। ਭਾਈ ਸਾਹਿਬ, ਬਾਬਾ ਬੁੱਢਾ ਜੀ ਦੀ ਬੀੜ ਦੇ ਲਾਗੇ ਦੇ ਜੰਗਲ ਵਿਚ ਵਸਦੇ ਸਿੰਘਾਂ ਨੂੰ ਵੀ ਤਿਆਰ ਲੰਗਰ ਜਾਂ ਕੱਚੀ ਰਸਦ ਪਹੁੰਚਾਉਂਦੇ ਰਹਿੰਦੇ ਤੇ ਕਸ਼ਟ ਝੱਲ ਰਹੇ ਵੀਰਾਂ ਦੀ ਯਥਾ-ਸ਼ਕਤ ਸਹਾਇਤਾ ਕਰ ਕੇ ਸੰਤੁਸ਼ਟ ਹੁੰਦੇ।

ਭਾਈ ਤਾਰੂ ਸਿੰਘ ਜੀ ਦੇ ਜੀਵਨ ਵਿਚ ਇਕ ਨਵਾਂ ਮੋੜ ਆਇਆ। ਵਕਤ ਦੀ ਜ਼ਾਲਮ ਹਕੂਮਤ ਦੇ ਇਕ ਮੁਖਬਰ ਤੇ ਸਿੰਘਾਂ ਦੇ ਉਘੇ ਵੈਰੀ ਹਰਭਗਤ ਨਿਰੰਜਨੀਏ ਨੇ ਲਾਹੌਰ ਦੇ ਗਵਰਨਰ ਜ਼ਕਰੀਆ ਖਾਨ ਪਾਸ ਭਾਈ ਤਾਰੂ ਸਿੰਘ ਵਿਰੁੱਧ ਚੁਗਲੀ ਲਗਾਈ। ਉਸ ਨੇ ਆਖਿਆ, 'ਖਾਨ ਸਾਹਿਬ! ਪੂਹਲੇ ਪਿੰਡ ਵਿਚ ਵਸਦਾ ਤਾਰੂ ਸਿੰਘ ਨਾਮ ਦਾ ਇਕ ਸਿੱਖ ਆਪਣੇ ਘਰ ਡਾਕੂਆਂ ਨੂੰ ਸ਼ਰਨ



Scanned with CamScanner

ਦਿੰਦਾ ਹੈ, ਜਿਸ ਕਰਕੇ ਪਿੰਡ ਦੇ ਲੋਕਾਂ ਨੂੰ ਖ਼ਤਰਾ ਹੈ। ਪਿੰਡ ਦੇ ਲੋਕਾਂ ਦੀ ਇੱਜ਼ਤ ਵੀ ਡਾਕੂਆਂ ਦੇ ਆਉਣ ਕਾਰਨ ਸੁਰੱਖਿਅਤ ਨਹੀਂ ਰਹੀ। ਇਹ ਤਾਰੂ ਸਿੰਘ ਹਕੂਮਤ ਦੇ ਵਿਰੁੱਧ ਬਾਗੀ ਸਿੰਘਾਂ ਕੋਲ ਮੁਖਬਰੀ ਵੀ ਕਰਦਾ ਹੈ ਤੇ ਬਾਗੀਆਂ ਦੀ ਮਦਦ ਵੀ। ਹੋਰ ਵੀ ਕਈ ਕਹਾਣੀਆਂ ਘੜ ਕੇ ਨਿਰੰਜਨੀਏ ਨੇ ਜ਼ਕਰੀਆ ਖਾਨ ਦੇ ਕੰਨ ਭਾਈ ਜੀ ਵਿਰੁੱਧ ਭਰੇ। ਹਕੂਮਤ ਤਾਂ ਪਿੰਡਾਂ ਵਿਚ ਵਸਦੇ ਟਾਂਵੇ-ਟਾਂਵੇਂ ਸਿੰਘਾਂ ਤੋਂ ਇਹੀ ਆਸ ਰੱਖਦੀ ਸੀ ਕਿ ਇਹ ਹਕੂਮਤ ਦੇ ਪੂਰੀ ਤਰ੍ਹਾਂ ਗੁਲਾਮ ਰਹਿਣ ਤੇ ਜੰਗਲਾਂ ਵਿਚ ਵਸਦੇ ਸਿੱਖ ਸੂਰਬੀਰਾਂ ਵਿਰੁੱਧ ਹਕੂਮਤ ਦੀ ਮੱਦਦ ਕਰਨ। ਪਰ ਇਹ ਪੇਂਡੂ ਸਿੰਘ ਕੇਵਲ ਆਪਣੀ ਹੀ ਸੁੱਖ ਸ਼ਾਂਤੀ ਲਈ ਪਿੰਡਾਂ ਵਿਚ ਨਹੀਂ ਸਨ ਟਿਕੇ ਹੋਏ, ਸਗੋਂ ਆਪਣੇ ਸਿਰਲੱਥ ਵੀਰਾਂ ਨੂੰ ਆਜ਼ਾਦੀ ਦਾ ਘੋਲ ਜਾਰੀ ਰੱਖਣ ਲਈ ਸਹਾਈ ਹੋਣ ਲਈ ਟਿਕੇ ਹੋਏ ਸਨ। ਇਹ ਪੇਂਡੂ ਸਿੰਘ ਵੇਲੇ ਕੁਵੇਲੇ ਬਹਾਦਰ ਸਿੰਘਾਂ ਨੂੰ ਸ਼ਰਨ ਦਿੰਦੇ ਤੇ ਹੋਰ ਦਾਣੇ ਪੱਠੇ ਨਾਲ ਮੱਦਦ ਵੀ ਕਰਦੇ ਸਨ।

ਗਵਰਨਰ ਜ਼ਕਰੀਆ ਖ਼ਾਨ ਨੇ ਹਰਭਗਤ ਨਿਰੰਜਨੀਏ ਦੀ ਸ਼ਿਕਾਇਤ ਦੀ ਸਚਾਈ ਨੂੰ ਘੋਖੇ ਬਿਨਾਂ ਹੀ ਭਾਈ ਤਾਰੂ ਸਿੰਘ ਦੀ ਗ੍ਰਿਫਤਾਰੀ ਦਾ ਹੁਕਮ ਦੇ ਦਿੱਤਾ। ਹਰਭਗਤ ਨਿਰੰਜਨੀਆ ਲਾਹੌਰ ਤੋਂ 20 ਪੈਦਲ ਸਿਪਾਹੀ ਲੈ ਕੇ, ਪੂਹਲੇ ਪਿੰਡ ਪੁੱਜਾ ਤੇ ਭਾਈ ਤਾਰੂ ਸਿੰਘ ਨੂੰ ਫੜਵਾ ਦਿੱਤਾ। ਸਿਪਾਹੀ ਭਾਈ ਸਾਹਿਬ ਜੀ ਨੂੰ ਗ੍ਰਿਫਤਾਰ ਕਰਕੇ ਲਾਹੌਰ ਨੂੰ ਲੈ ਤੁਰੇ ਤਾਂ ਪਿੰਡ ਦੇ ਲੋਕਾਂ ਨੇ ਬਥੇਰਾ ਕਿਹਾ ਕਿ ਭਾਈ ਜੀ ਤਾਂ ਬਹੁਤ ਨੇਕ ਇਨਸਾਨ ਹਨ ਤੇ ਬਹੁਤ ਤਰਲੇ ਕੀਤੇ, ਇਨ੍ਹਾਂ ਨੂੰ ਛੁਡਾਉਣ ਲਈ, ਪਰ ਕਿਸੇ ਨੇ ਉਨ੍ਹਾਂ ਦੇ ਕਹੇ ਨੂੰ ਨਾ ਸੁਣਿਆ। ਰਸਤੇ ਵਿਚ ਪਿੰਡ ਭੜਾਣੇ ਦੇ ਸਿੱਖਾਂ ਨੇ ਭਾਈ ਸਾਹਿਬ ਜੀ ਨੂੰ ਪੁਲਸੀਆਂ ਦੇ ਹੱਥੋਂ ਤਾਕਤ ਵਰਤ ਕੇ ਛੁਡਾਉਣ ਦਾ ਫੈਸਲਾ ਕੀਤਾ ਪਰ ਭਾਈ ਸਾਹਿਬ ਜੀ ਨੇ ਉਨ੍ਹਾਂ ਨੂੰ ਇੰਝ ਕਰਨੋਂ ਰੋਕ ਦਿੱਤਾ।

ਲਾਹੌਰ ਪੁੱਜ ਕੇ ਭਾਈ ਤਾਰੂ ਸਿੰਘ ਜੀ ਨੂੰ ਜੇਲ੍ਹ ਵਿਚ ਡੱਕ ਦਿੱਤਾ ਤੇ ਕਈ ਪ੍ਰਕਾਰ ਦੇ ਤਸੀਹੇ ਦਿੱਤੇ ਗਏ। ਜ਼ਾਲਮ ਹਕੂਮਤ ਦੇ ਕਰਿੰਦਿਆਂ ਵਲੋਂ ਜਿਉਂ ਜਿਉਂ ਭਾਈ ਤਾਰੂ ਜੀ ਨੂੰ ਸਤਾਇਆ ਗਿਆ, ਤਿਉਂ ਤਿਉਂ ਉਹਨਾਂ ਦੇ ਚਿਹਰੇ ਦੀ ਲਾਲੀ ਵੱਧਦੀ ਗਈ ਤੇ ਸਿੱਖੀ ਪ੍ਰਤੀ ਨਿਸ਼ਚਾ ਦ੍ਰਿੜ੍ਹ ਹੁੰਦਾ ਗਿਆ।

ਆਖਰ ਇਕ ਦਿਨ ਭਾਈ ਜੀ ਨੂੰ ਜ਼ਕਰੀਆ ਖਾਨ ਦੇ ਸਾਹਮਣੇ ਪੇਸ਼ ਕੀਤਾ ਗਿਆ। ਭਾਈ ਤਾਰੂ ਸਿੰਘ ਨੇ ਆਪਣੀ ਗ੍ਰਿਫਤਾਰੀ ਦਾ ਕਾਰਨ ਪੁੱਛਿਆ ਤੇ ਕਿਹਾ, ਦੱਸ ਮੈਂ ਤੇਰਾ ਕੀ ਵਿਗਾੜਿਆ ਹੈ, ਜਿਸ ਕਾਰਨ ਤੂੰ ਮੈਨੂੰ ਐਸੇ ਤਸੀਹੇ ਦੇ ਰਿਹਾ ਹੈ। ਮੈਂ ਤਾਂ ਆਪਣੀ ਦਸਾਂ ਨਹੁੰਆਂ ਦੀ ਕਿਰਤ ਕਮਾਈ ਕਰਦਾ



Scanned with CamScanner

ਹਾਂ। ਖੇਤੀਬਾੜੀ ਕਰਦਾ ਹਾਂ ਤੇ ਸਰਕਾਰ ਦਾ ਮਾਲੀਆ ਟੈਕਸ ਵੀ ਦਿੰਦਾ ਹਾਂ। ਅੰਨ ਦਾਣਾ ਉਗਾ ਕੇ ਆਪਣਾ ਪੇਟ ਭੁੱਖਾ ਰੱਖ ਕੇ ਲੋੜਵੰਦਾਂ ਦਾ ਪੇਟ ਭਰਦਾ ਹਾਂ। ਮੈਨੂੰ ਦੱਸ ਕਿ ਮੇਰੀ ਇਸ ਲੋੜਵੰਦਾਂ ਪ੍ਰਤੀ ਹਮਦਰਦੀ ਤੋਂ ਹਕੂਮਤ ਕਿਉਂ ਦੁੱਖੀ ਹੁੰਦੀ ਹੈ। ਖਾਨ ਬਹਾਦਰ ਜ਼ਕਰੀਆ ਖਾਨ ਨੂੰ ਹੋਰ ਤਾਂ ਕੋਈ ਉੱਤਰ ਅਹੁੜਿਆ ਨਾਂਹ ਪਰ ਕਹਿਣ ਲੱਗਾ, ''ਤਾਰੂ ਸਿੰਘ! ਤੇਰੀ ਜਾਨ ਕੇਵਲ ਤਾਂ ਹੀ ਬਖਸ਼ੀ ਜਾ ਸਕਦੀ ਹੈ ਜੇ ਤੂੰ ਮੁਸਲਮਾਨ ਬਣਨਾ ਮੰਨ ਲਵੇਂ, ਤੇ ਸਿੱਖੀ ਨੂੰ ਤਿਆਗ ਦੇਵੇਂ।''

ਭਾਈ ਜੀ ਨੇ ਉੱਤਰ ਦਿੱਤਾ, ''ਕੀ ਮੁਸਲਮਾਨ ਬਣਨ ਨਾਲ ਮੈਨੂੰ ਮੌਤ ਨਹੀਂ ਆਉਣੀ ? ਕੀ ਮੁਸਲਮਾਨ ਮਰਦੇ ਨਹੀਂ? ਜੇ ਮੌਤ ਨੇ ਫੇਰ ਵੀ ਆ ਹੀ ਜਾਣਾ ਹੈ ਤਾਂ ਮੈਂ ਆਪਣੇ ਗੁਰੂ ਤੋਂ ਕਿਉਂ ਬੇਮੁੱਖ ਹੋਵਾਂ। ਮੈਨੂੰ ਤਾਂ ਸਿੱਖੀ ਆਪਣੀ ਜਾਨ ਤੋਂ ਕਿਤੇ ਵੱਧ ਪਿਆਰੀ ਹੈ।''

ਜ਼ਕਰੀਆ ਖ਼ਾਨ ਕਹਿਣ ਲੱਗਾ ''ਵੇਖਦਾ ਹਾਂ ਤੂੰ ਸਿੱਖੀ ਕਿਵੇਂ ਕਾਇਮ ਰੱਖਦਾ ਹੈ?'' ਇਹ ਆਖ ਕੇ ਖਾਨ ਨੇ ਮੋਚੀ ਨੂੰ ਬੁਲਵਾਇਆ ਤੇ ਉਸਨੂੰ ਹੁਕਮ ਦਿੱਤਾ ਕਿ ਭਾਈ ਤਾਰੂ ਸਿੰਘ ਦੀ ਖੋਪਰੀ, ਸਮੇਤ ਕੇਸਾਂ ਦੇ ਸਿਰ ਤੋਂ ਅਲੱਗ ਕਰ ਦਿੱਤੀ ਜਾਵੇ।

ਭਾਈ ਤਾਰੂ ਸਿੰਘ ਜੀ ਨੇ ਇਸ ਹੁਕਮ ਨੂੰ ਖਿੜੇ ਮੱਥੇ ਪ੍ਰਵਾਨ ਕਰ ਲਿਆ ਤੇ ਹਜ਼ਾਰਾਂ ਲੋਕਾਂ ਦੇ ਵੇਖਦਿਆਂ-ਵੇਖਦਿਆਂ ਮੋਚੀ ਨੇ ਤੇਜ਼ ਰੰਬੀ ਨਾਲ ਭਾਈ ਤਾਰੂ ਸਿੰਘ ਦੀ ਖੋਪਰੀ ਕੇਸਾਂ ਸਣੇ ਸਿਰ ਤੋਂ ਲਾਹ ਦਿੱਤੀ ਤੇ ਲਾਹ ਕੇ ਭਾਈ ਸਾਹਿਬ ਜੀ ਦੇ ਸਾਹਮਣੇ ਰੱਖ ਦਿੱਤੀ। ਇਤਨਾ ਕਸ਼ਟ ਸਹਾਰ ਕੇ ਵੀ ਭਾਈ ਤਾਰੂ ਸਿੰਘ ਜੀ ਨੇ ਅਕਾਲ ਪੁਰਖ ਦਾ ਸ਼ੁਕਰ ਕੀਤਾ।

ਇਧਰ ਭਾਈ ਸਾਹਿਬ ਜੀ ਦੇ ਸਿਰ 'ਚੋਂ ਖ਼ੂਨ ਸਿੰਮਦਾ ਰਿਹਾ ਤੇ ਉਧਰ ਜ਼ਕਰੀਆ ਖ਼ਾਨ ਦਾ ਪੇਸ਼ਾਬ ਬੰਦ ਹੋ ਗਿਆ। ਹਕੀਮਾਂ ਵੈਦਾਂ ਦੇ ਸਾਰੇ ਯਤਨ ਵਿਅਰਥ ਹੋ ਗਏ ਤੇ ਜ਼ਕਰੀਆ ਖ਼ਾਨ ਨੇ ਭਾਈ ਸੁਬੇਗ ਸਿੰਘ ਰਾਹੀਂ ਖਾਲਸਾ ਪੰਥ ਤੋਂ ਮਾਫੀ ਮੰਗ ਭੇਜੀ। ਅੱਗੋਂ ਸਿੰਘਾਂ ਨੇ ਦੱਸਿਆ ਕਿ ਭਾਈ ਤਾਰੂ ਸਿੰਘ ਦੀ ਜੁੱਤੀ ਜ਼ਕਰੀਆ ਖ਼ਾਨ ਦੇ ਸਿਰ ਉਪਰ ਮਾਰੀ ਜਾਵੇ, ਇਸ ਨਾਲ ਉਹਦੀ ਬੀਮਾਰੀ ਦਾ ਇਲਾਜ ਹੋਵੇਗਾ।

ਫਸੀ ਤਾਂ ਫਟਕਣ ਕੀ। ਭਾਈ ਸਾਹਿਬ ਜੀ ਦੀ ਜੁੱਤੀ ਖਾਨ ਬਹਾਦਰ ਜ਼ਕਰੀਆ ਖ਼ਾਨ ਨੇ ਆਪਣੇ ਸਿਰ ਵਿਚ ਮਰਵਾਈ ਤੇ ਉਹਦਾ ਦੁੱਖ ਦੂਰ ਹੋਇਆ ਤੇ ਥੋੜ੍ਹੇ ਸਮੇਂ ਮਗਰੋਂ ਹੀ ਉਹ ਇਸ ਸੰਸਾਰ ਨੂੰ ਛੱਡ ਕੇ ਮੌਤ ਦੇ ਮੂੰਹ ਜਾ ਪਿਆ। ਇਧਰ ਨਵਾਬ ਦੀ ਮੌਤ ਦੀ ਖ਼ਬਰ ਭਾਈ ਤਾਰੂ ਸਿੰਘ ਜੀ ਨੂੰ ਮਿਲੀ ਤੇ



Scanned with CamScanner

ਉਹ ਵੀ ਸਿੱਖੀ ਤੇ ਪਹਿਰਾ ਦੇਂਦੇ ਹੋਏ ਅਕਾਲ ਪੁਰਖ ਦੇ ਚਰਨਾਂ ਵਿਚ ਜਾ ਬਿਰਾਜੇ।

ਭਾਈ ਤਾਰੂ ਸਿੰਘ ਜੀ ਦੀ ਸ਼ਹਾਦਤ ਸਿੱਖਾਂ ਲਈ ਇਕ ਚਾਨਣ ਮੁਨਾਰਾ ਹੈ। ਕੇਵਲ ਉਹੀ ਸਿੱਖ ਭਾਈ ਜੀ ਦੀ ਸ਼ਹਾਦਤ ਤੇ ਮਾਣ ਕਰ ਸਕਦਾ ਹੈ, ਜਿਹੜਾ ਆਪਣੇ ਗੁਰੂ ਸਾਹਿਬ ਦੀ ਮੋਹਰ ਰੂਪ ਦਾੜ੍ਹੀ ਕੇਸਾਂ (ਭਾਵ ਰੋਮਾਂ) ਦੀ ਬੇ-ਅਦਬੀ ਨਹੀਂ ਕਰਦਾ (ਭਾਵ ਕੱਟਦਾ ਨਹੀਂ)। ਕੇਸ ਸਾਡੀ ਏਕਤਾ ਦੇ ਪਹਿਰੇਦਾਰ ਹਨ। ਇਹ ਸਾਂਝੀਵਾਲਤਾ ਦੇ ਚਿੰਨ੍ਹ ਹਨ। ਕੇਸ ਸਿੱਖ ਦੀ ਸਿੱਖੀ ਪ੍ਰਤੀ ਦ੍ਰਿੜ੍ਹਤਾ ਦਾ ਮਾਪ ਤੋਲ ਹਨ। ਕੇਸ ਸਿੱਖ ਨੂੰ ਨੀਚ ਕੰਮ ਕਰਨ ਤੋਂ ਰੋਕਦੇ ਹਨ ਤੇ ਗੁਰੂ ਆਸ਼ੇ ਅਨੁਸਾਰ ਜੀਵਨ ਬਤੀਤ ਕਰਨ ਦੀ ਪ੍ਰੇਰਨਾ ਕਰਦੇ ਹਨ। ਦਸਮੇਸ਼ ਪਿਤਾ ਜੀ ਦਾ ਹੁਕਮ ਹੈ :-

- ਬਿਨਾਂ ਸ਼ਸ਼ਤਰ ਕੇਸੰ ਦੇਵੋ ਨ ਦੀਦਾਰੇ।।
- ਬਿਨਾ ਸ਼ਸ਼ਤਰ ਕੇਸੰ ਨਰੰ ਭੇਡ ਜਾਨੰ।।

ਕੇਸ, ਸਿੰਘ ਦੇ ਸ਼ੇਰ ਹੋਣ ਦਾ ਤੇ ਸੂਰਬੀਰ ਹੋਣ ਦਾ ਰਾਜ਼ ਹਨ।

## ਸ਼ਹੀਦ ਭਾਈ ਤਾਰਾ ਸਿੰਘ ਜੀ 'ਵਾਂ'

'ਡਲ' ਤੇ 'ਵਾਂ' ਪਾਕਿਸਤਾਨ ਦੀ ਪੱਛਮੀ ਸੀਮਾ ਦੇ ਦੋ ਮਸ਼ਹੂਰ ਪਿੰਡ ਹਨ। ਇਹ ਦੋਵੇਂ ਪਿੰਡ ਇਤਨੇ ਪਾਸ-ਪਾਸ ਹਨ ਕਿ ਲੋਕ ਇਨ੍ਹਾਂ ਨੂੰ 'ਡਲ-ਵਾਂ' ਇਕੱਠਾ ਹੀ ਕਹਿ ਦਿੰਦੇ ਹਨ। ਭਾਈ ਤਾਰਾ ਸਿੰਘ ਜੀ ਦਾ ਜਨਮ ਸੰਨ 1702 ਈ: ਵਿਚ ਹੋਇਆ ਮੰਨਿਆ ਜਾਂਦਾ ਹੈ। ਇਨ੍ਹਾਂ ਨੇ ਭਾਈ ਮਨੀ ਸਿੰਘ ਜੀ ਪਾਸੋਂ ਅੰਮ੍ਰਿਤ ਪਾਨ ਕੀਤਾ ਤੇ ਸਿੰਘਾਂ ਦੀ ਸੇਵਾ ਕਰਨ ਦਾ ਪ੍ਰਣ ਕਰ ਲਿਆ ਸੀ। ਭਾਈ ਤਾਰਾ ਸਿੰਘ ਸੁਭਾਅ ਦੇ ਪੱਖੋਂ ਬਹੁਤ ਮਿੱਠ ਬੋਲੜੇ ਸਨ ਤੇ ਚਰਿੱਤਰ ਵੀ ਇਨ੍ਹਾਂ ਦਾ ਬਹੁਤ ਉੱਚਾ ਸੀ। ਇਸ ਦੇ ਨਾਲ-ਨਾਲ ਉਹ ਤੀਰ ਅੰਦਾਜ਼ੀ, ਤਲਵਾਰ ਬਾਜ਼ੀ ਅਤੇ ਘੋੜ-ਸਵਾਰੀ ਵਿਚ ਵੀ ਬਹੁਤ ਨਿਪੁੰਨ ਸਨ। ਭਾਈ ਤਾਰਾ ਸਿੰਘ ਜੀ ਨੂੰ ਗੁਰਬਾਣੀ ਨਾਲ ਬੜਾ ਮੋਹ ਸੀ।

ਭਾਈ ਤਾਰਾ ਸਿੰਘ ਨੇ ਆਪਣੇ ਪਿੰਡ 'ਵਾਂ' ਵਿਚ ਵਾੜਾ ਬਣਾਇਆ ਹੋਇਆ ਸੀ ਅਤੇ ਆਸ ਪਾਸ ਕਈ ਪ੍ਰਕਾਰ ਦੇ ਦਰਖੱਤ ਤੇ ਕਰੀਰ ਲੱਗੇ ਹੋਏ ਸਨ। ਇਹ ਵਾੜ ਇਤਨੀ ਉਚੀ ਸੀ ਕਿ ਘੋੜਾ ਛਾਲ ਮਾਰ ਕੇ ਇਸ ਨੂੰ ਪਾਰ ਨਹੀਂ ਸੀ ਕਰ ਸਕਦਾ। ਉਨ੍ਹਾਂ ਨੇ ਮਕਾਨ ਦੇ ਪਾਸ ਹੀ ਇਕ ਬਹੁਤ ਵੱਡਾ ਟੋਇਆ ਪੁਟਵਾਇਆ ਹੋਇਆ ਸੀ। ਜਦੋਂ ਸਰਦੀ ਦੀ ਰੁੱਤ ਆਉਂਦੀ ਤਾਂ ਉਸ ਵਿਚ ਕੁਝ ਮੁੱਢ ਸੁਟਵਾ ਦਿੱਤੇ ਜਾਂਦੇ। ਸਿੱਖ ਥੱਕੇ ਹੋਏ ਉਸ ਜਗ੍ਹਾ ਪੁੱਜਦੇ, ਅੱਗ



Scanned with CamScanner

ਦਾ ਨਿੱਘ ਮਾਣਦੇ, ਕੁੱਝ ਦੇਰ ਆਰਾਮ ਕਰਦੇ, ਪ੍ਰਸ਼ਾਦਾ ਛੱਕਦੇ ਤੇ ਫਿਰ ਆਪਣੇ ਰਸਤੇ ਚੱਲ ਪੈਂਦੇ। 'ਵਾਂ' ਪਿੰਡ ਸਿੰਘਾਂ ਲਈ ਅਰਾਮ ਘਰ ਬਣ ਗਿਆ ਸੀ ਅਤੇ ਸਾਰੇ ਸਿੱਖ, ਹਿੰਦੂ ਅਤੇ ਮੁਸਲਮਾਨ ਇਨ੍ਹਾਂ ਦਾ ਸਤਿਕਾਰ ਤੇ ਆਦਰ ਮਾਣ ਕਰਦੇ ਸਨ। ਇਹ ਵਾੜਾ ਅਬਦੁਲ ਸਮੱਦ ਖਾਨ ਦੇ ਸਮੇਂ ਸਿੰਘਾਂ ਦਾ ਬਹੁਤ ਵੱਡਾ ਆਸਰਾ ਸੀ। ਇਸ ਦੀ ਸੇਵਾ ਨੂੰ ਦੇਖਦੇ ਹੋਏ ਨੇੜੇ ਤੇੜੇ ਦੇ ਬਹੁਤ ਨੌਜਵਾਨ ਅੰਮ੍ਰਿਤ ਛਕ ਕੇ ਤਿਆਰ-ਬਰ-ਤਿਆਰ ਸਿੰਘ ਸਜ ਰਹੇ ਸਨ।

ਸੰਨ 1726 ਈ: ਵਿਚ ਜਦ ਜ਼ਕਰੀਆ ਖਾਨ ਲਾਹੌਰ ਦਾ ਹਾਕਮ ਬਣਿਆ ਤਾਂ ਨੌਸ਼ਹਿਰਾ ਦੇ ਚੌਧਰੀ ਸਾਹਿਬ ਰਾਇ ਨੇ ਸਿੰਘਾਂ ਤੇ ਬਹੁਤ ਅਤਿਆਚਾਰ ਕਰਨੇ ਸ਼ੁਰੂ ਕਰ ਦਿੱਤੇ ਸਨ। ਭੜਾਣੇ ਵਿਚ ਮਾਲੀ ਸਿੰਘ ਤੇ ਗੁਰਬਖਸ਼ ਸਿੰਘ ਨਾਮ ਦੇ ਦੋ ਸਿੰਘ ਰਹਿੰਦੇ ਸਨ। ਸਾਹਿਬ ਰਾਏ ਆਪਣੀਆਂ ਘੋੜੀਆਂ ਇਨ੍ਹਾਂ ਦੇ ਖੇਤਾਂ ਵਿਚ ਛੱਡਣ ਲੱਗ ਪਿਆ ਸੀ। ਸਿੰਘਾਂ ਨੇ ਉਸਨੂੰ ਮਿਹਨਤ ਨਾਲ ਕੀਤੀ ਖੇਤੀ ਨਾ ਉਜਾੜਨ ਲਈ ਕਿਹਾ ਪਰ ਸਾਹਿਬ ਰਾਏ ਨੇ ਇਕ ਨਾ ਸੁਣੀ ਸਗੋਂ ਕਹਿਣ ਲੱਗਾ ਕਿ ਮੈਂ ਤੁਹਾਡਾ ਲਿਹਾਜ ਕਰਦਾ ਹਾਂ। ਏਨਾ ਸ਼ੁਕਰ ਕਰੋ ਕਿ ਤੁਹਾਨੂੰ ਕਤਲ ਨਹੀਂ ਕਰਾਇਆ, ਨਹੀਂ ਤਾਂ ਤੁਹਾਡੇ ਕੇਸਾਂ ਦੇ ਮੈਂ ਰੱਸੇ ਬਣਾ ਕੇ ਆਪਣੀਆਂ ਘੋੜੀਆਂ ਬੰਨ੍ਹਣੀਆਂ ਸਨ।

ਸਿੰਘਾਂ ਨੇ ਨੇੜੇ ਦੇ ਪਿੰਡ 'ਤੂਸੇ' ਦੇ ਸਰਦਾਰ ਬਘੇਲ ਸਿੰਘ ਤੇ ਅਮਰ ਸਿੰਘ ਨੂੰ ਸਾਰੀ ਕਹਾਣੀ ਸੁਣਾਈ। ਇਨ੍ਹਾਂ ਸਰਦਾਰਾਂ ਨੇ ਸਾਹਿਬ ਰਾਏ ਦੀਆਂ ਘੋੜੀਆਂ ਖੋਹ ਲਈਆਂ ਤੇ ਵਲਟੋਹੇ ਪਿੰਡ ਦੇ ਲਾਗੇ ਘਰਿਆਲ ਦੇ ਸ: ਲਖਬੀਰ ਸਿੰਘ ਨੂੰ ਦੇ ਦਿੱਤੀਆਂ। ਲਖਬੀਰ ਸਿੰਘ ਇਨ੍ਹਾਂ ਘੋੜੀਆਂ ਨੂੰ ਮਾਲਵੇ ਲੈ ਗਿਆ ਤੇ ਪਟਿਆਲੇ ਵਿਚ ਸ: ਆਲਾ ਸਿੰਘ ਪਾਸ ਵੇਚ ਆਇਆ। ਉਸਨੇ ਸਾਰੀ ਰਕਮ ਦਾ ਸਮਾਨ ਲਿਆ ਕੇ ਤਾਰਾ ਸਿੰਘ ਦੇ ਲੰਗਰ ਵਿਚ ਪਾ ਦਿੱਤਾ। ਸਾਹਿਬ ਰਾਏ 'ਵਾਂ' ਪਿੰਡ ਪੁੱਜਿਆ ਤੇ ਤਾਰਾ ਸਿੰਘ ਨੂੰ ਕਿਹਾ ਕਿ ਚੋਰ ਉਸ ਦੇ ਹਵਾਲੇ ਕਰ ਦੇਵੇ। ਤਾਰਾ ਸਿੰਘ ਕਹਿਣ ਲੱਗੇ ਕਿ ਜ਼ੁਲਮ ਤਾਂ ਤੂੰ ਲੋਕਾਂ ਉਪਰ ਕਰ ਰਿਹਾ ਹੈਂ, ਇਥੇ ਕੋਈ ਚੋਰ ਨਹੀਂ ਹੈ। ਸਾਹਿਬ ਰਾਏ ਲੜਾਈ ਜ਼ਰਾ ਵੱਧਦੀ ਦੇਖ ਕੇ ਉਥੋਂ ਦੌੜ ਗਿਆ ਤੇ ਪੱਟੀ ਦੇ ਫੌਜਦਾਰ ਕੋਲ ਪਹੁੰਚ ਗਿਆ। ਉਸਨੇ ਕਿਹਾ ਕਿ ਜਿਥੇ ਵੀ ਅਸੀਂ ਮਾਮਲਾ ਉਗਰਾਹੁਣ ਜਾਂਦੇ ਹਾਂ, ਉਹ ਲੋਕ ਕਹਿ ਦਿੰਦੇ ਹਨ ਮਾਮਲਾ ਤਾਂ ਤਾਰਾ ਸਿੰਘ ਲੈ ਗਿਆ ਹੈ। ਉਸਨੇ ਫੌਜਦਾਰ ਨੂੰ ਕਿਹਾ ਕਿ ਜੇ ਅਸੀਂ ਤਾਰਾ ਸਿੰਘ ਨੂੰ ਫੜ ਲਈਏ ਤਾਂ ਸਾਰੇ ਮਾਝੇ ਵਿੱਚ ਸ਼ਾਂਤੀ ਵਰਤ ਜਾਏਗੀ ਤੇ ਨਵਾਂ ਬਣਿਆ ਹਾਕਮ ਜ਼ਕਰੀਆ ਖਾਨ ਬਹੁਤ ਖੁਸ਼ ਹੋਵੇਗਾ।

ਫੌਜਦਾਰ ਇਹ ਮੌਕਾ ਦੇਖ ਕੇ 'ਵਾਂ' ਪਿੰਡ ਪੁੱਜਾ। ਉਸ ਸਮੇਂ ਸ: ਬਘੇਲ



Scanned with CamScanner

ਸਿੰਘ ਹੱਥ ਵਿਚ ਗੜਵਾ ਤੇ ਨੇਜ਼ਾ ਫੜੀ ਜੰਗਲ ਪਾਣੀ ਜਾਣ ਲਈ ਅਜੇ ਵਾੜੇ ਤੋਂ ਬਾਹਰ ਨਿਕਲਣ ਹੀ ਲੱਗੇ ਸਨ, ਕਿ ਸਾਹਮਣੇ ਤੋਂ ਕੁਝ ਸਵਾਰ ਆਉਂਦੇ ਦੇਖੇ। ਉਸ ਨੇ ਪੁੱਛਿਆ ਕਿ ਤੁਸੀਂ ਕੌਣ ਹੋ? ਸਾਹਿਬ ਰਾਏ ਨੇ ਬਘੇਲ ਸਿੰਘ ਦੀ ਅਵਾਜ਼ ਨੂੰ ਪਛਾਣਕੇ ਕਿਹਾ ਕਿ ਸਾਰੇ ਫਸਾਦ ਦੀ ਮੂਲ ਜੜ੍ਹ ਇਹੋ ਹੈ। ਇਸ ਨੂੰ ਫੜ ਲਵੋ। ਬਘੇਲ ਸਿੰਘ ਨੇ ਨੇਜ਼ਾ ਹੱਥ ਵਿਚ ਸੰਭਾਲਦੇ ਹੋਏ, ਘੋੜ ਸਵਾਰਾਂ ਤੇ ਵਾਰ ਕਰਨੇ ਸ਼ੁਰੂ ਕਰ ਦਿੱਤੇ। ਬਘੇਲ ਸਿੰਘ ਨੇ ਪੰਜਾਹ ਦੇ ਪੰਜਾਹ ਸਵਾਰਾਂ ਨੂੰ ਵਾਹ ਲਾਈ। ਗੋਲੀਆਂ ਚੱਲਣ ਲੱਗ ਪਈਆਂ ਅਤੇ ਇਕ ਗੋਲੀ ਸਰਦਾਰ ਬਘੇਲ ਸਿੰਘ ਦੇ ਪੱਟ ਤੇ ਵੱਜੀ ਪਰ ਬਘੇਲ ਸਿੰਘ ਨੇ ਇਸ ਦੀ ਕੋਈ ਪ੍ਰਵਾਹ ਨਾ ਕੀਤੀ ਤੇ ਹੱਥ ਵਿਚ ਫੜੇ ਹੋਏ ਨੇਜ਼ੇ ਨਾਲ ਜਿਹੜਾ ਵੀ ਉਨ੍ਹਾਂ ਦੇ ਸਾਹਮਣੇ ਆਉਂਦਾ, ਉਸ ਨੂੰ ਬੁਰੀ ਤਰ੍ਹਾਂ ਜ਼ਖ਼ਮੀ ਕਰ ਦਿੰਦੇ। ਗੋਲੀਆਂ ਦੀਆਂ ਅਵਾਜ਼ਾਂ ਨੂੰ ਸੁਣ ਕੇ ਕੁਝ ਹੋਰ ਸਿੰਘ ਵਾੜੇ ਤੋਂ ਬਾਹਰ ਆਏ। ਜਦ ਸਿੰਘਾਂ ਨੂੰ ਵਾੜੇ ਤੋਂ ਬਾਹਰ ਨਿਕਲਦਿਆਂ ਦੇਖਿਆ ਤਾਂ ਉਨ੍ਹਾਂ ਸਵਾਰਾਂ ਨੂੰ ਭੱਜਦਿਆਂ ਰਾਹ ਨਾ ਲੱਭਾ। ਪਰ ਜਾਂਦੇ ਜਾਂਦੇ ਇਕ ਪਿਆਦੇ ਨੇ ਗੋਲੀ ਚਲਾ ਦਿੱਤੀ, ਜਿਹੜੀ ਸ: ਬਘੇਲ ਸਿੰਘ ਜੀ ਦੇ ਵੱਜੀ। ਕੁਝ ਸਮੇਂ ਬਾਅਦ ਸ: ਬਘੇਲ ਸਿੰਘ ਸ਼ਹੀਦ ਹੋ ਗਏ।

ਜ਼ਕਰੀਆ ਖਾਨ ਨੂੰ ਸਿੰਘਾਂ ਦੀ ਵਧੀ ਹੋਈ ਤਾਕਤ ਦਾ ਹਾਲ ਇਕ ਢਾਣੀ ਨੇ ਬਿਆਨ ਕੀਤਾ ਤੇ ਜ਼ਕਰੀਆ ਖਾਨ ਨੇ 2200 ਸਵਾਰ ਅਤੇ ਕੁੱਝ ਹਾਥੀ ਆਪਣੇ ਚੋਣਵੇਂ ਜਰਨੈਲ ਮੋਮਨ ਖਾਨ ਨਾਲ ਭੇਜੇ ਅਤੇ ਕਿਹਾ ਕਿ ਉਹ ਤਾਰਾ ਸਿੰਘ ਵਾਂ ਨੂੰ ਫੜ ਕੇ ਲਿਆਵੇ। ਏਧਰ ਸਿੰਘਾਂ ਨੇ ਮੋਰਚੇ ਮੱਲ ਲਏ ਅਤੇ ਇਸ ਤੋਂ ਮੋਮਨ ਖਾਨ ਨੂੰ ਪਤਾ ਚੱਲ ਗਿਆ ਕਿ ਸਿੰਘ ਜੂਝਣ ਅਤੇ ਸ਼ਹੀਦੀਆਂ ਪਾਉਣ ਨੂੰ ਤਿਆਰ-ਬਰ-ਤਿਆਰ ਬੈਠੇ ਹਨ। ਸੈਨਾ ਨੂੰ ਆਉਂਦੇ ਦੇਖ ਕੇ ਬੁਲਾਕਾ ਸਿੰਘ ਨੇ ਤੀਰ ਚਲਾਉਣੇ ਸ਼ੁਰੂ ਕਰ ਦਿੱਤੇ ਅਤੇ ਤੀਰ ਵਾਲਾ ਭੱਥਾ ਖਾਲੀ ਹੋਣ ਤੇ ਬਾਅਦ ਵਿਚ ਤਲਵਾਰ ਚਲਾਉਂਦੇ ਕਈਆਂ ਨੂੰ ਮਾਰਦੇ ਹੋਏ ਸ਼ਹੀਦੀ ਪ੍ਰਾਪਤ ਕਰ ਗਏ। ਉਸ ਸਮੇਂ ਸਿੰਘਾਂ ਪਾਸ ਕੋਈ ਬੰਦੂਕ ਨਹੀਂ ਸੀ। ਟਿੰਡਾਂ ਵਿਚ ਹੀ ਬਰੂਦ ਪਾ ਕੇ ਫੌਜ ਵੱਲ ਛੱਡ ਦਿੰਦੇ। ਇਸ ਦਾ ਧਮਾਕਾ ਹੀ ਏਨਾ ਹੁੰਦਾ ਕਿ ਫੌਜਾਂ ਘਬਰਾ ਜਾਂਦੀਆਂ ਅਤੇ ਸਿੰਘ ਆਪਣੀਆਂ ਤਲਵਾਰਾਂ ਦੇ ਜੌਹਰ ਦਿਖਾਉਣ ਲੱਗ ਪੈਂਦੇ। ਤਾਰਾ ਸਿੰਘ ਵੀ ਤਲਵਾਰ ਬਾਜ਼ੀ ਵਿਚ ਨਿਪੁੰਨ ਸਨ, ਇਸ ਲਈ ਉਨ੍ਹਾਂ ਮੋਮਨ ਦੀਆਂ ਫੌਜਾਂ ਦੇ ਖ਼ੂਬ ਆਹੂ ਲਾਹੇ ਤੇ ਤਾਰਾ ਸਿੰਘ ਨੇ ਤੱਕੀਜ ਖਾਨ ਨੂੰ ਮਾਰ ਮੁਕਾਇਆ, ਜਿਸ ਨੇ ਆਪਣੇ ਆਪ ਨੂੰ ਸੰਜੋਅ ਨਾਲ ਪੂਰੀ ਤਰ੍ਹਾਂ ਢਕਿਆ ਹੋਇਆ ਸੀ। ਮੋਮਨ ਖਾਨ ਜਾਣ ਗਿਆ ਸੀ ਕਿ ਘੋੜਿਆਂ ਰਾਹੀਂ



Scanned with CamScanner

ਵਾੜੇ ਨੂੰ ਹੁਣ ਕੁਚਲਿਆ ਨਹੀਂ ਜਾ ਸਕਦਾ। ਇਸ ਲਈ ਉਹ ਆਪਣੇ ਹਾਥੀਆਂ ਨੂੰ ਅੱਗੇ ਵਧਾਉਣ ਲੱਗਾ। ਹਾਥੀ ਆਉਂਦਾ ਦੇਖ ਕੇ ਭਾਈ ਭੀਮ ਸਿੰਘ, ਸ਼ੇਰ ਦੀ ਤਰ੍ਹਾਂ ਉਸ ਵੱਲ ਵਧਿਆ। ਭਾਈ ਭੀਮ ਸਿੰਘ, ਹਾਥੀ ਨੂੰ ਰੋਕਦਿਆਂ ਉਸ ਦੇ ਕੰਨ ਫੜ ਕੇ ਸੁੰਡ ਦੇ ਸਹਾਰੇ ਉਸ ਦੀ ਧੌਣ ਤੇ ਬੈਠ ਗਏ ਤੇ ਮਹਾਵਤ ਤੇ ਵਾਰ ਕੀਤਾ ਪਰ ਮਹਾਵਤ ਨੇ ਅੱਗੋਂ ਅੰਕਸ਼ ਕੀਤਾ ਤੇ ਭਾਈ ਭੀਮ ਸਿੰਘ ਦੀ ਤਲਵਾਰ ਦੇ ਟੋਟੇ ਹੋ ਗਈ। ਭਾਈ ਭੀਮ ਸਿੰਘ ਨੇ ਟੁੱਟੀ ਹੋਈ ਤਲਵਾਰ ਦੇ ਨਾਲ ਹੀ ਉਸ ਦਾ ਸਿਰ ਕਲਮ ਕਰ ਦਿੱਤਾ। ਕੁਰਬਾਨ ਪਿੰਡ ਦੇ ਦੋ ਸਿੰਘ ਆਪਣੀਆਂ ਪੈਲੀਆਂ ਲਈ ਕੱਲਰ ਰੂੜੀ ਲੈਣ ਆਏ ਸੀ ਜਦੋਂ ਉਹ ਪਿੰਡ ਦੇ ਪਾਸ ਗਏ ਤਾਂ ਸ਼ਹੀਦੀਆਂ ਪ੍ਰਾਪਤ ਕਰ ਰਹੇ ਸਿੰਘਾਂ ਨੂੰ ਦੇਖਿਆ ਤਾਂ ਇਕ ਭਰਾ ਨੇ ਕਿਹਾ, ਮੈਂ ਵੀ ਇਨ੍ਹਾਂ ਸਿੰਘਾਂ ਦੇ ਨਾਲ ਸ਼ਹੀਦੀ ਪ੍ਰਾਪਤ ਕਰਾਂਗਾ ਤੇ ਇਨ੍ਹਾਂ ਦੇ ਨਾਲ ਇਸ ਲੜਾਈ ਲਈ ਜੂਝਾਂਗਾ। ਦੂਸਰੇ ਭਰਾ ਨੇ ਵੀ ਉਸ ਨੂੰ ਕਿਹਾ, ਮੈਂ ਮਗਰ ਜਿਊਂਦਾ ਰਹਿ ਕੇ ਕੀ ਕਰਨਾ ਹੈ ਅਤੇ ਇਸ ਤਰ੍ਹਾਂ ਦੋਹਾਂ ਭਰਾਵਾਂ ਨੇ ਤਲਵਾਰਾਂ ਫੜੀਆਂ ਤੇ ਤੁਰਕਾਂ ਦਾ ਮੁਕਾਬਲਾ ਕਰਨ ਨੂੰ ਤਿਆਰ ਹੋ ਗਏ ਤੇ ਤੁਰਕਾਂ ਦੀਆਂ ਫੌਜਾਂ ਮਾਰ ਮੁਕਾਉਂਦੇ ਅੱਗੇ ਵਧੇ ਤੇ ਸਿੰਘਾਂ ਨਾਲ ਆ ਮਿਲੇ ਤੇ ਬਹਾਦਰੀ ਦੇ ਨਵੇਂ ਪੂਰਨੇ ਪਾ ਗਏ।

ਮੋਮਨ-ਖਾਨ ਦੇਖ ਰਿਹਾ ਸੀ। ਉਸ ਨੇ ਸਾਰੇ ਦਸਤਿਆਂ ਨੂੰ ਹੁਕਮ ਦਿੱਤਾ ਕਿ ਉਹ ਇਕ ਵਾਰ ਹੀ ਸਿੱਖਾਂ ਤੇ ਹਮਲਾ ਕਰਨ ਪਰ ਸਿੰਘ ਇੰਨੇ ਬਹਾਦਰ ਤੇ ਨਿੱਡਰ ਸਨ ਕਿ ਤੁਰਕ ਫੌਜ ਉਨ੍ਹਾਂ ਅੱਗੇ ਟਿਕ ਨਾ ਸਕੀ ਤੇ ਸਾਰੇ ਦੌੜ ਗਏ। ਅਗਲੇ ਦਿਨ ਵੀ ਲੜਾਈ ਹੋਈ। ਸਿੰਘ ਬਹੁਤ ਬਹਾਦਰੀ ਨਾਲ ਲੜੇ ਪਰ ਗਿਣਤੀ ਦੇ 21 ਸਿੰਘ ਕਿੰਨਾ ਕੁ ਚਿਰ ਤੁਰਕਾਂ ਦਾ ਸਾਹਮਣਾ ਕਰ ਸਕਦੇ ਸਨ। ਸਵੇਰੇ ਸਾਰੇ ਸਿੰਘ ਸ਼ਹੀਦੀਆਂ ਪ੍ਰਾਪਤ ਕਰ ਗਏ।

## ਵੱਡੇ ਸਾਹਿਬਜ਼ਾਦੇ

ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਜੀ, ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਵੱਡੇ ਸਾਹਿਬਜ਼ਾਦੇ ਸਨ। ਬਾਬਾ ਅਜੀਤ ਸਿੰਘ ਜੀ ਦਾ ਜਨਮ 7 ਜਨਵਰੀ, ਸੰਨ 1687 ਈ: ਨੂੰ ਪਾਉਂਟਾ ਸਾਹਿਬ ਵਿਖੇ ਅਤੇ ਬਾਬਾ ਜੁਝਾਰ ਸਿੰਘ ਜੀ ਦਾ ਜਨਮ ਸੰਨ 1689 ਈ: ਨੂੰ ਅਨੰਦਪੁਰ ਸਾਹਿਬ ਵਿਖੇ ਹੋਇਆ। ਸਾਹਿਬਜ਼ਾਦਿਆਂ ਦੀ ਪੜ੍ਹਾਈ, ਸਿਖਲਾਈ ਗੁਰੂ ਜੀ ਦੀ ਨਿਗਰਾਨੀ ਹੇਠ ਹੋਈ। ਘੋੜ-ਸਵਾਰੀ, ਸ਼ਸਤਰ-ਵਿਦਿਆ ਅਤੇ ਤੀਰ-ਅੰਦਾਜ਼ੀ ਵਿਚ ਸਾਹਿਬਜ਼ਾਦਿਆਂ ਨੂੰ ਨਿਪੁੰਨ ਕਰ ਦਿੱਤਾ ਗਿਆ।



Scanned with CamScanner

ਇਕ ਵਾਰ ਦੀ ਗੱਲ ਹੈ ਕਿ ਅਨੰਦਪੁਰ ਸਾਹਿਬ ਵਿਖੇ ਦੀਵਾਨ ਸਜਿਆ ਹੋਇਆ ਸੀ ਕਿ ਇਕ ਬ੍ਰਾਹਮਣ ਰੋਂਦਾ ਕੁਰਲਾਂਦਾ ਹੋਇਆ ਆਇਆ ਅਤੇ ਉਸਨੇ ਗੁਰੂ ਜੀ ਕੋਲ ਇਹ ਸ਼ਿਕਾਇਤ ਕੀਤੀ ਕਿ ਮੈਂ ਜਦੋਂ ਮੁਕਲਾਵਾ ਲੈ ਕੇ ਆ ਰਿਹਾ ਸੀ ਤਾਂ ਮੇਰੀ ਘਰਵਾਲੀ ਪਠਾਣਾਂ ਨੇ ਖੋਹ ਲਈ ਹੈ। ਗੁਰੂ ਜੀ ਨੇ ਸਾਹਿਬਜ਼ਾਦਾ ਅਜੀਤ ਸਿੰਘ ਜੀ ਨੂੰ ਹੁਕਮ ਕੀਤਾ ਕਿ ਸਿੰਘਾਂ ਨੂੰ ਨਾਲ ਲੈ ਕੇ ਜਾਉ ਤੇ ਬ੍ਰਾਹਮਣੀ ਨੂੰ ਛੁਡਾ ਕੇ ਇਸਦੇ ਹਵਾਲੇ ਕਰੋ ਅਤੇ ਜਾਬਰ ਖ਼ਾਂ ਨੂੰ ਇਸ ਦੀ ਕਰੜੀ ਸਜ਼ਾ ਦਿੱਤੀ ਜਾਵੇ।

ਸਾਹਿਬਜ਼ਾਦਾ ਅਜੀਤ ਸਿੰਘ ਨੇ ਘੋੜੇ ਤੇ ਕਾਠੀ ਪਾਈ। ਤਲਵਾਰ ਹੱਥ ਵਿਚ ਸੂਤ ਕੇ 100 ਸਿੰਘਾਂ ਨੂੰ ਨਾਲ ਲਿਆ ਤੇ ਬ੍ਰਾਹਮਣ ਨੂੰ ਆਪਣੇ ਘੋੜੇ ਤੇ ਬਿਠਾ ਲਿਆ। ਅਜੇ ਦਿਨ ਨਹੀਂ ਸੀ ਚੜ੍ਹਿਆ ਕਿ ਬਸੀ ਪਠਾਣਾਂ (ਜ਼ਿਲ੍ਹਾ ਹੁਸ਼ਿਆਰਪੁਰ) ਦੇ ਪਠਾਣ ਦੀ ਹਵੇਲੀ ਦਾ ਬੂਹਾ ਤੋੜ ਕੇ ਅੰਦਰ ਲੰਘ ਗਏ। ਜੰਗ ਫਤਹਿ ਕਰਕੇ ਜਾਬਰ ਖਾਂ ਨੂੰ ਬੰਨ੍ਹ ਕੇ ਘੋੜੇ ਤੇ ਬਿਠਾ ਲਿਆ ਤੇ ਬ੍ਰਾਹਮਣੀ ਸਮੇਤ ਅਨੰਦਪੁਰ ਸਾਹਿਬ ਪਹੁੰਚੇ। ਬ੍ਰਾਹਮਣੀ, ਬ੍ਰਾਹਮਣ ਦੇ ਸਪੁਰਦ ਕਰ ਦਿੱਤੀ। ਜਾਬਰ ਖਾਂ ਨੂੰ ਉਸਦੇ ਨੀਚ ਕਰਮ ਦੀ ਸਜ਼ਾ ਦਿੱਤੀ। ਗੁਰੂ ਜੀ ਸਾਹਿਬਜ਼ਾਦਾ ਅਜੀਤ ਸਿੰਘ ਜੀ ਦੀ ਇਸ ਬਹਾਦਰੀ ਤੇ ਬਹੁਤ ਖੁਸ਼ ਹੋਏ।

ਚਮਕੌਰ ਦੀ ਗੜ੍ਹੀ ਨੂੰ ਘੇਰਾ ਪੈ ਚੁੱਕਾ ਸੀ। ਗੁਰੂ ਜੀ ਨੇ ਸਾਹਿਬਜ਼ਾਦਾ ਅਜੀਤ ਸਿੰਘ ਨੂੰ ਪੂਰੇ ਸ਼ਸਤਰ-ਬਸਤਰ ਸਜਾ ਕੇ ਪੰਜ ਸਿੰਘਾਂ ਸਮੇਤ ਜੰਗ ਕਰਨ ਲਈ ਗੜ੍ਹੀ ਤੋਂ ਬਾਹਰ ਭੇਜਿਆ। ਜਦੋਂ ਬਾਬਾ ਅਜੀਤ ਸਿੰਘ ਜੀ ਨੇ ਤੀਰ ਚਲਾਏ ਤਾਂ ਮੁਗਲ ਫ਼ੌਜ ਅੱਲਾਹ-ਅੱਲਾਹ ਪੁਕਾਰਨ ਲੱਗ ਪਈ। ਤੀਰਾਂ ਤੋਂ ਬਾਅਦ ਆਪਣੇ ਘੋੜੇ ਤੇ ਸਵਾਰ ਤਲਵਾਰ ਦੇ ਅਜਿਹੇ ਜੌਹਰ ਵਿਖਾਏ ਕਿ ਵੈਰੀ ਹੈਰਾਨ ਰਹਿ ਗਏ। ਜਦੋਂ ਆਪ ਜੀ ਦਾ ਘੋੜਾ ਜ਼ਖਮੀ ਹੋ ਗਿਆ ਤਾਂ ਆਪ ਪੈਦਲ ਹੋ ਕੇ ਵੈਰੀਆਂ ਦੇ ਆਹੂ ਲਾਹੁਣ ਲੱਗੇ। ਗੁਰੂ ਜੀ, ਸਾਹਿਬਜ਼ਾਦੇ ਦੀ ਬਹਾਦਰੀ, ਗੜ੍ਹੀ ਵਿਚੋਂ ਬੜੀ ਪ੍ਰਸੰਨਤਾ ਨਾਲ ਦੇਖ ਰਹੇ ਸਨ। ਕਈ ਵੈਰੀਆਂ ਨੂੰ ਪਾਰ ਬੁਲਾ ਕੇ ਸਾਹਿਬਜ਼ਾਦਾ ਅਜੀਤ ਸਿੰਘ ਜੀ ਸ਼ਹੀਦ ਹੋ ਗਏ।

ਇਨ੍ਹਾਂ ਤੋਂ ਬਾਅਦ ਸਾਹਿਬਜ਼ਾਦਾ ਜੁਝਾਰ ਸਿੰਘ ਨੂੰ ਗੁਰੂ ਜੀ ਨੇ ਪੰਜ ਸਿੰਘਾਂ ਨਾਲ ਜੰਗ ਵਿਚ ਤੋਰਿਆ। ਜਿਉਂ ਹੀ ਸਾਹਿਬਜ਼ਾਦਾ ਜੁਝਾਰ ਸਿੰਘ ਮੈਦਾਨੇ ਜੰਗ ਵਿਚ ਆਏ, ਮੁਗਲ ਸੈਨਾ ਇਕੋ ਵਾਰ ਉਨ੍ਹਾਂ ਤੇ ਟੁੱਟ ਕੇ ਪੈ ਗਈ। ਗੁਰੂ ਜੀ ਨੇ ਇਹ ਵੇਖ ਕੇ ਗੜ੍ਹੀ ਵਿਚੋਂ ਆਪ ਤੀਰਾਂ ਦੀ ਬੁਛਾੜ ਕੀਤੀ ਤਾਂ ਕਿ ਬਾਬਾ ਜੁਝਾਰ ਸਿੰਘ ਜੀ ਅੱਗੇ ਵੱਧਦੇ ਹੋਏ ਕਈ ਵੈਰੀਆਂ ਨੂੰ ਪਾਰ ਬੁਲਾ ਦੇਣ। ਬੜੇ ਘਸਮਾਨ ਦਾ ਯੁੱਧ ਸੀ। ਬੇਅੰਤ ਮੁਗਲ ਸੈਨਿਕਾਂ ਨੂੰ ਪਾਰ ਬੁਲਾ ਕੇ ਆਪ



Scanned with CamScanner

ਵੀ ਸ਼ਹੀਦ ਹੋ ਗਏ। ਚਮਕੌਰ ਦੀ ਗੜ੍ਹੀ ਅੱਜ ਵੀ ਇਨ੍ਹਾਂ ਮਹਾਨ ਸ਼ਹੀਦਾਂ ਦੀ ਯਾਦ ਵਿਚ ਧਰਮ ਦੇ ਲਈ ਜੂਝਣ ਦਾ ਸੁਨੇਹਾ ਦੇ ਰਹੀ ਹੈ। ਇਥੇ ਹਰ ਸਾਲ ਦਸੰਬਰ ਦੇ ਮਹੀਨੇ ਬੜਾ ਭਾਰੀ ਸ਼ਹੀਦੀ ਜੋੜ ਮੇਲਾ ਲੱਗਦਾ ਹੈ।

## ਛੋਟੇ ਸਾਹਿਬਜ਼ਾਦੇ

ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ, ਛੋਟੀਆਂ ਜਿੰਦਾਂ ਦਾ ਵੱਡਾ ਸਾਕਾ ਹੈ। ਉਨ੍ਹਾਂ ਨੇ ਜਿਸ ਤਰ੍ਹਾਂ ਉਮਰ ਦੇ ਬੰਧਨ ਨੂੰ ਤੋੜ ਕੇ 'ਖਾਲਸਈ ਭਾਵਨਾ' ਦਾ ਪ੍ਰਗਟਾਵਾ ਕੀਤਾ, ਉਹ ਲਾਸਾਨੀ ਹੈ। ਉਨ੍ਹਾਂ ਦੀ ਦ੍ਰਿੜ੍ਹਤਾ ਅਤੇ ਸਾਹਸ ਨੇ ਜੋ ਸ਼ਮ੍ਹਾ ਰੌਸ਼ਨ ਕੀਤੀ, ਉਹ ਅੱਜ ਵੀ ਕੌਮ ਨੂੰ ਅਗਵਾਈ ਦੇ ਰਹੀ ਹੈ। ਦੋਹਾਂ ਸਾਹਿਬਜ਼ਾਦਿਆਂ ਨਾਲ 'ਬਾਬਾ' ਸ਼ਬਦ ਜੁੜਦਾ ਹੈ-ਬਾਬਾ ਜੋਰਾਵਰ ਸਿੰਘ ਅਤੇ ਬਾਬਾ ਫਤਹਿ ਸਿੰਘ। ਦਾਦੀ ਤੇ ਪੋਤਿਆਂ ਦੀ ਸਾਂਝ ਜਿਥੇ ਤਿੰਨ ਪੀੜ੍ਹੀਆਂ ਦੀ ਵਿੱਥ ਨੂੰ ਏਕੇ ਵਿਚ ਬੰਨ੍ਹਦੀ ਹੈ, ਉਥੇ ਇਹ ਪੱਖ ਵੀ ਸਾਹਮਣੇ ਲਿਆਉਂਦੀ ਹੈ ਕਿ ਜਾਗੀਆਂ ਹੋਈਆਂ ਕੌਮਾਂ ਵਿਚ ਮਾਈਆਂ ਅਤੇ ਬੱਚੇ ਵੀ ਕੁਰਬਾਨੀ ਦੇ ਖੇਤਰ ਵਿਚ ਕਿਸੇ ਨਾਲੋਂ ਪਿਛੇ ਨਹੀਂ ਰਹਿੰਦੇ।

ਕਿਲ੍ਹਾ ਅਨੰਦਗੜ੍ਹ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਛੱਡਣ ਉਪਰੰਤ ਸਰਸੇ ਦੇ ਠਾਠਾਂ ਮਾਰਦੇ ਪਾਣੀ ਵਿਚੋਂ ਪਾਰ ਹੁੰਦਿਆਂ ਹੀ, ਦਾਦੀ ਪੋਤਿਆਂ ਦੀ ਪਹਿਲੀ ਰਾਤ ਕੁਮਾ ਮਾਸ਼ਕੀ ਦੀ ਝੁੱਗੀ ਵਿਚ ਬੀਤਦੀ ਹੈ ਅਤੇ ਇਥੇ ਲੱਛਮੀ ਨਾਮ ਦੀ ਮਾਈ ਨੇ ਰੋਟੀ ਪਹੁੰਚਾਈ ਸੀ। ਇਥੇ ਹੀ ਗੰਗੂ ਬ੍ਰਾਹਮਣ ਦਾ ਰੋਲ ਸ਼ੁਰੂ ਹੁੰਦਾ ਹੈ। ਜਦੋਂ ਰਸੋਈਆ ਦੁਸ਼ਮਣ ਹੋ ਜਾਵੇ ਤਾਂ ਸੁਰੱਖਿਆ ਦੀ ਆਸ, ਬੇਆਸ ਹੋ ਜਾਂਦੀ ਹੈ। ਗੁਰੂ ਜੀ ਦੇ ਰਸੋਈਏ ਗੰਗੂ ਨੇ ਦਾਦੀ ਨੂੰ ਪੋਤਿਆਂ ਸਮੇਤ ਆਪਣੇ ਪਿੰਡ ਸਹੇੜੀ ਲੈ ਆਂਦਾ। ਅੱਜ ਕੱਲ੍ਹ ਇਸ ਪਿੰਡ ਦਾ ਨਾਮ ਬਦਲ ਕੇ ਖੇੜੀ ਰੱਖ ਲਿਆ ਗਿਆ ਹੈ। ਗੰਗੂ ਨੇ ਮੋਰਿੰਡੇ ਜ਼ਿਲ੍ਹਾ ਰੋਪੜ ਦੇ ਕੋਤਵਾਲ ਨੂੰ ਖਬਰ ਕਰ ਦਿੱਤੀ। ਸਾਹਿਬਜ਼ਾਦਿਆਂ ਨੂੰ ਗ੍ਰਿਫਤਾਰ ਕਰਕੇ ਪਹਿਲਾਂ ਬੱਸੀ ਪਠਾਣਾਂ (ਅੱਜ ਕੱਲ੍ਹ ਜ਼ਿਲ੍ਹਾ ਫਤਹਿਗੜ੍ਹ ਸਾਹਿਬ) ਵਿਖੇ ਪਹੁੰਚਾਇਆ ਗਿਆ ਅਤੇ ਉਥੋਂ ਹੱਥਕੜੀਆਂ ਲਾ ਕੇ ਅਤੇ ਜੰਜੀਰਾਂ ਪਹਿਨਾ ਕੇ ਸਰਹਿੰਦ ਦੇ ਥਾਣੇ ਲਿਆਂਦਾ ਗਿਆ ਅਤੇ ਫਿਰ ਠੰਢੇ ਬੁਰਜ ਵਿਚ ਬੰਦ ਕਰ ਦਿੱਤਾ ਗਿਆ।

25 ਦਸੰਬਰ, ਸੰਨ 1704 ਈ: ਨੂੰ ਦੋਹਾਂ ਸਾਹਿਬਜ਼ਾਦਿਆਂ ਨੂੰ ਮਾਤਾ ਜੀ ਨਾਲੋਂ ਵੱਖ ਕਰਕੇ ਕਚਹਿਰੀ ਵਿਚ ਪੇਸ਼ ਕੀਤਾ ਗਿਆ। ਪੇਸ਼ ਕਰਨ ਤੋਂ ਪਹਿਲਾਂ ਹਰ ਉਹ ਪ੍ਰਬੰਧ ਕੀਤਾ ਗਿਆ, ਜਿਸ ਨਾਲ ਉਨ੍ਹਾਂ ਬਾਲਕਾਂ ਵਿਚ ਸਹਿਮ ਛਾ ਜਾਵੇ। ਇਹ ਵੀ ਕੋਸ਼ਿਸ਼ ਕੀਤੀ ਗਈ ਕਿ ਇਹ ਪ੍ਰਭਾਵ ਪੈਦਾ ਹੋ ਜਾਵੇ ਕਿ ਉਨ੍ਹਾਂ ਨੇ ਈਨ ਮੰਨ ਲਈ ਹੈ। ਉਦਾਹਰਣ ਵਜੋਂ ਉਨ੍ਹਾਂ ਨੂੰ ਪੇਸ਼ ਹੋਣ



Scanned with CamScanner

ਫੋਲੋ ਛੋਟੇ ਦਰਵਾਜ਼ੇ ਵਿਚੋਂ ਲੰਘਾਇਆ ਜਾਵੇ। ਮੁਗਲ ਹਾਕਮਾਂ ਦੇ ਕਰਿੰਦਿਆਂ ਨੇ ਜ਼ਲੀਲ ਕਰਨ ਦੀ ਨੀਅਤ ਨਾਲ ਕਈ ਤਰ੍ਹਾਂ ਦੀਆਂ ਚਤੁਰਾਈਆਂ ਦੀ ਵਰਤੋਂ ਕੀਤੀ, ਪ੍ਰੰਤੂ ਸਾਹਿਬਜ਼ਾਦਿਆਂ ਨੂੰ ਆਪਣੀ ਵਿਰਾਸਤ ਵਿਚੋਂ ਗਿਆਨ ਅਤੇ ਆਤਮਿਕ ਬਲ ਦੀ ਪ੍ਰਾਪਤੀ ਹੋਈ ਸੀ। ਉਹ ਉਮਰ ਨਾਲੋਂ ਆਤਮਿਕ ਤੌਰ ਤੇ ਵੱਧ ਬਲਵਾਨ ਸਨ। ਛੋਟੇ ਦਰਵਾਜਿਓਂ ਲੰਘਦਿਆਂ ਸਾਹਿਬਜ਼ਾਦਿਆਂ ਦੁਆਰਾ ਪੈਰ ਪਹਿਲਾਂ ਅੰਦਰ ਕਰਨੇ ਅਤੇ ਹਾਕਮ ਨੂੰ ਗੱਜ ਕੇ ਫਤਹਿ ਬੁਲਾਉਣੀ ਹੀ ਸਰਕਾਰੀ ਹੰਕਾਰ ਵਾਸਤੇ ਵੰਗਾਰ ਸੀ।

ਦੂਜਾ ਦੌਰ ਹਰ ਤਰ੍ਹਾਂ ਦੇ ਲਾਲਚਾਂ ਦਾ ਜਾਲ ਵਿਛਾਉਣ ਦਾ ਸੀ। ਸਾਹਿਬਜ਼ਾਦੇ ਇਸ ਪ੍ਰੀਖਿਆ ਵਿਚ ਵੀ ਅਡੋਲ ਤੇ ਜੇਤੂ ਰਹੇ। ਫਿਰ ਫਤਵੇ ਦੀ ਵਾਰੀ ਸੀ, ਜੋ ਪਹਿਲੇ ਦਿਨ ਕਾਜ਼ੀ ਨੇ ਨਹੀਂ ਸੁਣਾਇਆ। ਕਾਜ਼ੀ ਦਾ ਕਹਿਣਾ ਸੀ ਕਿ ਬੱਚਿਆਂ ਦੇ ਬਾਰੇ ਫਤਵਾ ਨਹੀਂ ਦਿੱਤਾ ਜਾ ਸਕਦਾ। ਪਹਿਲੇ ਦਿਨ ਬੱਚੇ ਵਾਪਸ ਦਾਦੀ ਕੋਲ ਭੇਜ ਦਿੱਤੇ ਗਏ।

ਹੁਣ ਮੌਕਾ ਸੀ, ਉਨ੍ਹਾਂ ਲੋਕਾਂ ਵਾਸਤੇ ਜੋ ਪੰਥ ਵਿਰੋਧੀ ਸਨ। ਦੀਵਾਨ ਸੁੱਚਾ ਨੰਦ ਨੇ ਨਵਾਬ ਵਜ਼ੀਰ ਖਾਨ ਸਾਹਮਣੇ ਸਾਹਿਬਜ਼ਾਦਿਆਂ ਨੂੰ ਸੱਪ ਦੇ ਬੱਚੇ ਕਿਹਾ। ਸਵਾਲਾਂ ਜਵਾਬਾਂ ਵਿਚ ਸਾਹਿਬਜ਼ਾਦਿਆਂ ਨੇ ਮੁਗਲ ਹਕੂਮਤ ਨੂੰ ਜ਼ੁਲਮ ਦੇ ਪ੍ਰਤੀਨਿਧ ਦੱਸਿਆ ਅਤੇ ਖਾਲਸਾ ਪੰਥ ਨੂੰ ਇਸ ਜ਼ੁਲਮ ਦੇ ਖਾਤਮੇ ਲਈ ਸਾਜਿਆ ਗਿਆ ਪੰਥ ਪ੍ਰਗਟ ਕੀਤਾ। ਉਨ੍ਹਾਂ ਦੇ ਚਿਹਰਿਆਂ ਤੇ ਝਲਕਦੀ ਅਤੇ ਵਤੀਰੇ ਵਿਚੋਂ ਪ੍ਰਗਟ ਹੁੰਦੀ ਚੜ੍ਹਦੀ ਕਲਾ ਹਾਕਮਾਂ ਨੂੰ ਚੁਭਦੀ ਸੀ। ਕਚਿਹਰੀ ਵਿਚ ਨਵਾਬ ਮਲੇਰਕੋਟਲਾ ਨੇ ਬੱਚਿਆਂ ਦੀ ਸ਼ਹਾਦਤ ਨੂੰ ਸ਼ਰ੍ਹਾ ਦੇ ਵਿਰੁੱਧ ਦੱਸਿਆ। 27 ਦਸੰਬਰ, 1704 ਈ: ਨੂੰ ਸ਼ਾਹੀ ਕਾਜ਼ੀ ਨੇ ਬੱਚਿਆਂ ਦੇ ਈਨ ਨਾ ਮੰਨਣ ਦੇ ਅਡੋਲ ਫੈਸਲੇ ਨੂੰ ਸੁਣ ਕੇ ਦੀਵਾਰਾਂ ਵਿਚ ਚਿਣਨ ਦਾ ਫਤਵਾ ਸੁਣਾ ਦਿੱਤਾ। ਸ਼ਾਹੀ ਕਾਜ਼ੀ ਦੇ ਹੁਕਮ ਦਿੰਦਿਆਂ ਹੀ ਬੱਚਿਆਂ ਨੂੰ ਦੀਵਾਰਾਂ ਵਿਚ ਖੜ੍ਹੇ ਕਰਕੇ ਚਿਣਨ ਦਾ ਕਾਰਜ ਆਰੰਭ ਹੋ ਗਿਆ। ਜਿਥੇ ਵੀ ਦੀਵਾਰ ਬਣਨ ਵਿਚ ਕੋਈ ਰੁਕਾਵਟ ਹੁੰਦੀ, ਬੱਚਿਆਂ ਦੇ ਸਰੀਰ ਦਾ ਉਹੀ ਅੰਗ ਭੰਗ ਕਰ ਦਿੱਤਾ ਜਾਂਦਾ ਪਰ ਇੱਟ ਨਾ ਤੋੜੀ ਜਾਂਦੀ। ਅਖੀਰ ਜਦ ਦੀਵਾਰ ਗਲੇ ਤੱਕ ਪਹੁੰਚੀ ਤਾਂ ਡਿੱਗ ਪਈ। ਦੋਵੇਂ ਬੱਚੇ ਬੇਹੋਸ਼ ਹੋ ਕੇ ਡਿੱਗ ਪਏ। 'ਪੰਥ ਪ੍ਰਕਾਸ਼' ਦੇ ਕਰਤਾ ਅਨੁਸਾਰ ਬੇਹੋਸ਼ ਪਏ ਬੱਚਿਆਂ ਨੂੰ 'ਜ਼ਿਬਹਾ' ਕੀਤਾ ਗਿਆ। (ਜ਼ਿਬਹਾ : ਛਾਤੀ ਤੋਂ ਚੀਰਨਾ ਆਰੰਭ ਕਰਕੇ ਹੇਠਾਂ ਤੱਕ ਚੀਰਨਾ) ਟੋਡਰ ਮੱਲ ਨੇ ਪੈਸੇ ਦੇ ਕੇ ਬੱਚਿਆਂ ਦੀਆਂ ਲਾਸ਼ਾਂ ਪ੍ਰਾਪਤ ਕੀਤੀਆਂ ਅਤੇ ਅੰਤਿਮ ਸਸਕਾਰ ਕੀਤਾ। ਇਹ ਸਸਕਾਰ ਵਾਲੀ ਧਰਤੀ ਸੰਸਾਰ ਦੀ ਸਭ ਤੋਂ ਮਹਿੰਗੇ ਮੁੱਲ ਦੀ



Scanned with CamScanner

ਖਰੀਦੀ ਗਈ। ਟੋਡਰ ਮੱਲ ਨੇ ਜਿੰਨਾ ਥਾਂ ਸਸਕਾਰ ਕਰਨ ਲਈ ਲੋੜੀਂਦਾ ਸੀ, ਉਤਨੇ ਥਾਂ ਵਿਚ ਖੜ੍ਹੇ ਰੁਖ ਅਸ਼ਰਫੀਆਂ ਜੜਕੇ, ਇਸਦਾ ਮੁੱਲ ਉਤਾਰਿਆ। ਫਤਹਿਗੜ੍ਹ ਸਾਹਿਬ ਵਿਖੇ ਸਰਹੰਦ ਦੀ ਦੀਵਾਰ ਇਸ ਸ਼ਹੀਦੀ ਸਾਕੇ ਦੀ ਬੁਲੰਦ ਯਾਦਗਾਰ ਹੈ, ਜਿਥੇ ਹਰ ਵਰ੍ਹੇ ਦਸੰਬਰ ਦੇ ਮਹੀਨੇ ਮਹਾਨ ਸ਼ਹੀਦੀ ਜੋੜ ਮੇਲਾ ਲੱਗਦਾ ਹੈ।

ਅੱਜ ਦੇ ਹਰ ਵਰਗ ਦੇ ਸਿੱਖ ਬੱਚੇ ਅਤੇ ਬੱਚੀ ਲਈ ਇਨ੍ਹਾਂ ਸਾਹਿਬਜ਼ਾਦਿਆਂ ਦੀ ਕੁਰਬਾਨੀ ਇਹ ਵੰਗਾਰ ਪਾ ਰਹੀ ਹੈ ਕਿ ਸਮਾਜ ਦੇ ਪਿਛਲੱਗ ਬਣਕੇ, ਸਿੱਖੀ ਸਿਧਾਂਤਾਂ, ਸਿੱਖੀ ਆਚਰਣ, ਸਿੱਖੀ ਸਰੂਪ, ਪੱਛਮੀ ਅਤੇ ਹੋਛੀ ਸੱਭਿਅਤਾ ਅਤੇ ਫਜ਼ੂਲ ਦੇ ਦਿਖਾਵੇ ਵਾਲੀ ਜ਼ਿੰਦਗੀ ਜਿਉਣ ਨਾਲੋਂ ਧਰਮ ਨੂੰ ਅਪਣਾ ਕੇ ਅਤੇ ਉਸ ਤੇ ਮਾਣ ਕਰਕੇ, ਜੀਵਨ ਜਿਉਣ ਵਿਚ ਅਸਲ ਅਨੰਦ ਹੈ।

## ਸੁੱਖਾ ਸਿੰਘ ਤੇ ਮਹਿਤਾਬ ਸਿੰਘ

ਸਿੱਖ ਇਤਿਹਾਸ ਦੀਆਂ ਰੌਂਗਟੇ ਖੜ੍ਹੇ ਕਰਨ ਵਾਲੀਆਂ ਤੇ ਅਤਿ ਪ੍ਰਭਾਵਸ਼ਾਲੀ ਘਟਨਾਵਾਂ ਵਿਚੋਂ ਇਕ ਭਾਈ ਮਹਿਤਾਬ ਸਿੰਘ ਤੇ ਸੁੱਖਾ ਸਿੰਘ ਦਾ ਅਗਸਤ 1740 ਈ: ਨੂੰ ਅੰਮ੍ਰਿਤਸਰ ਸਾਹਿਬ ਵਿਖੇ ਆ ਕੇ ਸ੍ਰੀ ਦਰਬਾਰ ਸਾਹਿਬ ਉਤੇ ਕਾਬਜ਼ ਫੌਜਦਾਰ ਮੱਸਾ ਰੰਘੜ ਦਾ ਸਿਰ ਵੱਢਣਾ ਹੈ। ਸੈਂਕੜੇ ਸਾਲ ਪੁਰਾਣੀ ਇਸ ਘਟਨਾ ਨੂੰ ਸਦਾ ਹੀ ਇਸ ਭਾਵ ਨਾਲ ਦੇਖਿਆ ਗਿਆ ਹੈ ਕਿ ਜੇ ਕਰ ਜ਼ੁਲਮ ਮੱਸਾ ਰੰਘੜ ਦੀ ਹੱਦ ਤੱਕ ਪਹੁੰਚ ਸਕਦਾ ਹੈ ਤਾਂ ਜ਼ੁਲਮ ਦਾ ਟਾਕਰਾ ਕਰਨ ਲਈ ਕੌਮ ਵਿਚ ਭਾਈ ਮਹਿਤਾਬ ਸਿੰਘ ਤੇ ਸੁੱਖਾ ਸਿੰਘ ਵੀ ਪੈਦਾ ਹੋ ਸਕਦੇ ਹਨ। ਇਕ ਪਾਸੇ ਮੱਸਾ ਰੰਘੜ ਫੌਜਦਾਰ ਜ਼ੁਲਮ ਦਾ ਚਿੰਨ੍ਹ ਤੇ ਦੂਜੇ ਪਾਸੇ ਇਹ ਦੋਵੇਂ ਸਿੰਘ ਜ਼ੁਲਮ ਨੂੰ ਖ਼ਤਮ ਕਰਨ ਦਾ ਚਿੰਨ੍ਹ ਬਣ ਗਏ ਹਨ।

ਭਾਈ ਮਹਿਤਾਬ ਸਿੰਘ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਮੀਰਾਂ ਕੋਟ ਦਾ ਰਹਿਣ ਵਾਲਾ ਸੀ। ਜਦ ਸਰਕਾਰ ਵਲੋਂ ਸਿੱਖਾਂ ਤੇ ਸਖ਼ਤੀਆਂ ਹੋਈਆਂ ਤਾਂ ਉਸ ਤੋਂ ਪਹਿਲਾਂ ਹੀ ਇਹ ਪਿੰਡ ਛੱਡ ਕੇ ਰਾਜਪੂਤਾਨੇ ਚਲਾ ਗਿਆ ਤੇ ਉਥੇ ਜਾ ਕੇ ਰਿਆਸਤ ਜੈਪੁਰ ਵਿਚ ਕੰਮ ਸ਼ੁਰੂ ਕਰ ਦਿੱਤਾ। ਕੁਝ ਵਿਦਵਾਨ ਜੈਪੁਰ ਦੀ ਥਾਂ ਬੀਕਾਨੇਰ ਵੀ ਲਿਖਦੇ ਹਨ। ਉਨ੍ਹਾਂ ਸਮਿਆਂ ਵਿਚ ਪੰਜਾਬ ਤੋਂ ਕੋਈ ਵੀ ਉਥੇ ਜਾਂਦਾ, ਸ੍ਰ: ਮਹਿਤਾਬ ਸਿੰਘ ਉਸ ਦੀ ਬੜੀ ਸੇਵਾ ਕਰਦੇ ਤੇ ਕਿੰਨਾ-ਕਿੰਨਾ ਚਿਰ ਕੋਲ ਬੈਠ ਕੇ ਪੰਜਾਬ ਦੇ ਹਾਲਾਤ ਤੇ ਸਮਾਚਾਰ ਸੁਣਿਆ ਕਰਦੇ। ਪੰਜਾਬੀਆਂ ਲਈ ਤੇ ਖਾਸ ਕਰਕੇ ਸਿੱਖਾਂ ਲਈ ਜੈਪੁਰ ਵਿਚ ਸ੍ਰ: ਮਹਿਤਾਬ ਸਿੰਘ ਦਾ ਡੇਰਾ ਇਕ ਚੰਗਾ ਰਿਹਾਇਸ਼ ਦਾ ਟਿਕਾਣਾ ਸੀ।



Scanned with CamScanner

1740 ਈਸਵੀ ਦੀਆਂ ਗਰਮੀਆਂ ਦੇ ਦਿਨਾਂ ਦੀ ਗੱਲ ਹੈ ਕਿ ਪੰਜਾਬ ਤੋਂ ਇਕ ਆਦਮੀ ਜਾ ਕੇ ਸਰਦਾਰ ਮਹਿਤਾਬ ਸਿੰਘ ਪਾਸ ਠਹਿਰਿਆ। ਉਹਨੇ ਦੱਸਿਆ ਕਿ ਇਕ ਮੁਸਲਮਾਨ ਫੌਜਦਾਰ ਮੱਸਾ ਰੰਘੜ ਅੰਮ੍ਰਿਤਸਰ ਦਾ ਮੁੱਖੀ ਬਣਿਆ ਹੋਇਆ ਹੈ। ਉਸਨੇ ਸਿੱਖਾਂ ਤੇ ਅਤਿਆਚਾਰ ਕੀਤੇ ਹਨ ਤੇ ਸਾਰੇ ਇਲਾਕੇ ਵਿਚ ਕੋਈ ਸਿੱਖ ਨਹੀਂ ਰਹਿਣ ਦਿੱਤਾ। ਆਪ ਉਹ ਸ੍ਰੀ ਦਰਬਾਰ ਸਾਹਿਬ ਵਿਚ ਪ੍ਰਕਾਸ਼ ਤੇ ਕੀਰਤਨ ਵਾਲੀ ਥਾਂ ਬੈਠਦਾ ਹੈ ਤੇ ਹੁੱਕਾ ਪੀ ਕੇ ਉਸ ਪਵਿੱਤਰ ਅਸਥਾਨ ਨੂੰ ਅਪਵਿੱਤਰ ਕਰ ਰਿਹਾ ਹੈ। ਉਥੇ ਸ਼ਰਾਬ ਦੇ ਦੌਰ ਚੱਲਦੇ ਹਨ ਤੇ ਵੇਸਵਾਵਾਂ ਦਾ ਨਾਚ ਹੁੰਦਾ ਹੈ। ਸ਼ਰਾਬ ਦੀਆਂ ਬੋਤਲਾਂ ਹਰਿਮੰਦਰ ਸਾਹਿਬ ਜੀ ਦੇ ਸਰੋਵਰ ਵਿਚ ਰੁੜ੍ਹਦੀਆਂ ਫਿਰਦੀਆਂ ਹਨ।

ਇਹ ਸਾਰੀ ਘਟਨਾ ਸੁਣ ਕੇ ਸ੍ਰ: ਮਹਿਤਾਬ ਸਿੰਘ ਦੇ ਖ਼ੂਨ ਨੇ ਉਬਾਲਾ ਖਾਧਾ, ਮਨ ਨੇ ਅੰਦਰੋਂ ਝੰਜੋੜਿਆ ਤੇ ਆਤਮਾ ਨੇ ਪ੍ਰੇਰਨਾ ਦਿੱਤੀ। ਉਸੇ ਵੇਲੇ ਫੈਸਲਾ ਕਰ ਲਿਆ ਕਿ ਆਪ ਅੰਮ੍ਰਿਤਸਰ ਸਾਹਿਬ ਪਹੁੰਚ ਕੇ ਉਸ ਕੁਕਰਮੀ ਮੱਸਾ ਰੰਘੜ ਨੂੰ ਇਸ ਕੀਤੇ ਦੀ ਸਜ਼ਾ ਦੇਣਗੇ। ਸ੍ਰ: ਸੁੱਖਾ ਸਿੰਘ ਵੀ ਆਪ ਦੇ ਨਾਲ ਤਿਆਰ ਹੋ ਗਿਆ ਤੇ ਦੋਵੇਂ ਘੋੜਿਆਂ ਤੇ ਸਵਾਰ ਹੋ ਕੇ ਅੰਮ੍ਰਿਤਸਰ ਸਾਹਿਬ ਨੂੰ ਚੱਲ ਪਏ।

ਗਰਮੀ ਦੀ ਪ੍ਰਵਾਹ ਨਾ ਕਰਦਿਆਂ ਦਿਨ ਰਾਤ ਸਫਰ ਕੀਤਾ ਤੇ ਅੰਮ੍ਰਿਤਸਰ ਸਾਹਿਬ ਪਹੁੰਚ ਗਏ। ਰਾਹ ਵਿਚ ਥਾਂ-ਥਾਂ ਉਨ੍ਹਾਂ ਨੂੰ ਰੋਕਣ ਦਾ ਯਤਨ ਕੀਤਾ ਗਿਆ, ਕਿਉਂਕਿ ਉਹਨਾਂ ਦਿਨਾਂ ਵਿਚ ਸਿੱਖਾਂ ਦੇ ਸਿਰਾਂ ਦਾ ਮੁੱਲ ਸੀ ਤੇ ਸਰਕਾਰ ਵਲੋਂ ਇਨਾਮ ਮਿਲਦਾ ਸੀ। ਇਸ ਲਈ ਪੈਸੇ ਦੇ ਭੁੱਖੇ ਤੇ ਸਰਕਾਰ ਦੇ ਝੋਲੀ ਚੁੱਕਾਂ ਨੇ ਇਨ੍ਹਾਂ ਨੂੰ ਫੜਨ ਦਾ ਯਤਨ ਵੀ ਕੀਤਾ ਪਰ ਇਹ ਲੜਦੇ ਤੇ ਬਚਦੇ ਅੰਮ੍ਰਿਤਸਰ ਸਾਹਿਬ ਪਹੁੰਚ ਗਏ।

ਇਨ੍ਹਾਂ ਨੇ ਬਜ਼ਾਰ ਜਾ ਕੇ ਕੁੱਝ ਥੈਲੇ ਖਰੀਦੇ। ਬਹੁਤੀਆਂ ਠੀਕਰੀਆਂ ਤੇ ਕੁੱਝ ਸਿੱਕੇ ਰੁਪਏ ਪੈਸੇ ਭਰ ਕੇ ਆਪਣਾ ਭੇਸ ਬਦਲ ਲਿਆ। ਇਉਂ ਬਣ ਗਏ ਜਿਵੇਂ ਸਰਕਾਰ ਦਾ ਮਾਲੀਆ ਉਗਰਾਹੁਣ ਵਾਲੇ ਹੁੰਦੇ ਸਨ। ਦਰਬਾਰ ਸਾਹਿਬ ਦੇ ਬਾਹਰ ਆ ਕੇ ਉਨ੍ਹਾਂ ਅੰਦਰ ਜਾਣ ਦੀ ਆਗਿਆ ਮੰਗੀ ਜੋ ਤੁਰੰਤ ਮਿਲ ਗਈ ਤੇ ਅੰਦਰ ਚਲੇ ਗਏ। ਉਨ੍ਹਾਂ ਨੂੰ ਬੈਠਣ ਲਈ ਕੁਰਸੀਆਂ ਦੀ ਪੇਸ਼ਕਸ਼ ਕੀਤੀ ਗਈ ਪਰ ਉਨ੍ਹਾਂ ਇਨਕਾਰ ਕਰ ਦਿੱਤਾ ਤੇ ਕਿਹਾ ਕਿ ਅਸੀਂ ਪਹਿਲਾਂ ਨਾਲ ਲਿਆਂਦੀ ਰਕਮ ਭੇਟ ਕਰਨੀ ਹੈ। ਸ੍ਰ: ਮਹਿਤਾਬ ਸਿੰਘ ਨੇ ਥੈਲਾ ਅੱਗੇ ਕੀਤਾ। ਮੱਸਾ ਰੰਘੜ ਝੁਕ ਕੇ ਥੈਲਾ ਫੜਨ ਲੱਗਾ। ਇਸੇ ਸਮੇਂ ਮਹਿਤਾਬ ਸਿੰਘ ਨੇ ਕਮਾਲ ਦੀ ਫੁਰਤੀ ਤੋਂ ਕੰਮ ਲਿਆ। ਬਿਜਲੀ ਦੀ ਚਮਕ ਨਾਲੋਂ ਤੇਜ਼ ਰਫ਼ਤਾਰ ਨਾਲ ਆਪਣੀ



Scanned with CamScanner

ਕ੍ਰਿਪਾਨ ਮਿਆਨ 'ਚੋਂ ਕੱਢੀ ਤੇ ਮੱਸਾ ਰੰਘੜ ਦਾ ਥੇਲਾ ਫੜਨ ਲਈ ਝੁਕਿਆ ਸਿਰ ਧੜ ਨਾਲੋਂ ਵੱਖ ਕਰ ਦਿੱਤਾ। ਖ਼ੂਨ ਦੀਆਂ ਧਾਰਾਂ ਦੂਰ ਤੱਕ ਗਈਆਂ। ਸਾਰੇ ਪਾਸੇ ਸੱਨਾਟਾ ਛਾ ਗਿਆ, ਪੈਰੀਂ ਘੁੰਗਰੀਆਂ ਪਾ ਕੇ ਨੱਚ ਰਹੀ ਮੁਟਿਆਰ ਦਹਿਸ਼ਤ ਨਾਲ ਘਬਰਾ ਕੇ ਡਿੱਗ ਪਈ। ਬਾਕੀ ਆਦਮੀਆਂ ਦਾ ਉਪਰਲਾ ਸਾਹ ਉਪਰ ਤੇ ਹੇਠਲਾ ਹੇਠਾਂ ਰਹਿ ਗਿਆ। ਸ੍ਰ: ਸੁੱਖਾ ਸਿੰਘ ਦਰਵਾਜ਼ੇ ਤੇ ਖੜ੍ਹਾ ਸੀ ਤਾਂ ਕਿ ਕੋਈ ਅੰਦਰਲਾ ਬਾਹਰ ਨਾ ਜਾ ਸਕੇ ਤੇ ਕੋਈ ਬਾਹਰੋਂ ਅੰਦਰ ਨਾ ਆ ਸਕੇ। ਆਪਣਾ ਕੰਮ ਕਰਕੇ ਦੋਵੇਂ ਬਾਹਰ ਨਿਕਲੇ। ਰੌਲਾ ਪੈਂਦਿਆਂ ਤੇ ਫ਼ੌਜ ਦੇ ਅੱਪੜਦਿਆਂ ਤੱਕ ਦੋਵੇਂ ਸੂਰਬੀਰ ਜੈਕਾਰੇ ਛੱਡਦੇ ਘੋੜਿਆਂ ਤੇ ਸਵਾਰ ਹੋ ਕੇ ਨਿਕਲ ਗਏ। ਇਸ ਘਟਨਾ ਦਾ ਉਸ ਸਮੇਂ ਇਤਿਹਾਸਕ ਤੌਰ 'ਤੇ ਬਹੁਤ ਅਸਰ ਪਿਆ। ਸਰਕਾਰ ਨੇ ਇਹ ਅਫ਼ਵਾਹ ਫੈਲਾਈ ਹੋਈ ਸੀ ਕਿ ਸਿੱਖ ਕੌਮ ਖ਼ਤਮ ਕਰ ਦਿੱਤੀ ਗਈ ਹੈ। ਇਸ ਨਾਲ ਇਕ ਵਾਰ ਸਭ ਨੂੰ ਪਤਾ ਲੱਗ ਗਿਆ ਕਿ ਸਿੱਖ ਜੀਉਂਦੇ ਹਨ ਤੇ ਉਹ ਆਪਣੇ ਦੁਸ਼ਮਣ ਤੋਂ ਬਦਲਾ ਲੈ ਸਕਦੇ ਹਨ। ਇਸ ਘਟਨਾ ਨਾਲ ਸਰਕਾਰੀ ਕਰਮਚਾਰੀਆਂ ਵਿਚ ਢਹਿੰਦੀ ਕਲਾ ਤੇ ਸਿੱਖਾਂ ਦੇ ਹਮਦਰਦਾਂ ਵਿਚ ਚੜ੍ਹਦੀ ਕਲਾ ਆ ਗਈ।

## ਸ਼ਹੀਦ ਬਾਬਾ ਦੀਪ ਸਿੰਘ

ਬਾਬਾ ਦੀਪ ਸਿੰਘ ਜੀ ਦਾ ਜਨਮ 1682 ਈ: ਨੂੰ ਮਾਤਾ ਜੀਊਣੀ ਦੀ ਕੁਖੋਂ ਪਿੰਡ ਪਹੂਵਿੰਡ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਭਾਈ ਭਗਤ ਜੀ ਦੇ ਘਰ ਹੋਇਆ। ਮਾਤਾ ਪਿਤਾ ਨੇ ਬਾਲਕ ਦਾ ਨਾਂ ਦੀਪਾ ਰੱਖਿਆ। ਅੰਮ੍ਰਿਤ ਦੀ ਦਾਤ ਪ੍ਰਾਪਤ ਹੋਣ ਤੇ ਆਪ ਜੀ ਦਾ ਨਾਮ ਦੀਪ ਸਿੰਘ ਰੱਖਿਆ ਗਿਆ। ਆਪ ਨੇ ਸਿੱਖ ਵਿਦਵਾਨ ਭਾਈ ਮਨੀ ਸਿੰਘ ਜੀ ਤੋਂ ਬਾਣੀ ਦਾ ਗਿਆਨ ਹਾਸਲ ਕੀਤਾ ਤੇ ਬਾਣੀ ਕੰਠ ਕਰਨ ਲੱਗੇ। ਬਾਬਾ ਜੀ ਘੋੜ ਸਵਾਰੀ ਅਤੇ ਸ਼ਸਤਰ ਵਿਦਿਆ ਵਿਚ ਨਿਪੁੰਨ ਹੋਏ ਤੇ ਆਪ ਜੀ ਨੂੰ ਸਤਿਗੁਰਾਂ ਨਾਲ ਸ਼ਿਕਾਰ ਖੇਡਦਿਆਂ ਸ਼ੇਰ ਮਾਰਨ ਦਾ ਵੀ ਸੁਭਾਗ ਪ੍ਰਾਪਤ ਹੋਇਆ।

ਦਸਮੇਸ਼ ਪਿਤਾ ਜੀ ਦੁਆਰਾ ਅਨੰਦਪੁਰ ਸਾਹਿਬ ਛੱਡਣ, ਚਾਰੇ ਸਾਹਿਬਜ਼ਾਦਿਆਂ ਦੀ ਸ਼ਹੀਦੀ, ਗੁਰੂ ਪਰਿਵਾਰ ਅਤੇ ਸਿੱਖਾਂ ਦੇ ਵਿਛੋੜੇ ਦੀ ਖ਼ਬਰ ਸੁਣਦਿਆਂ ਹੀ ਬਾਬਾ ਦੀਪ ਸਿੰਘ ਜੀ ਨੇ ਘੋੜਾ ਲਿਆ ਤੇ ਗੁਰੂ ਜੀ ਦੀ ਭਾਲ ਵਿਚ ਨਿਕਲ ਤੁਰੇ। ਸਾਬੋ ਕੀ ਤਲਵੰਡੀ (ਦਮਦਮਾ ਸਾਹਿਬ) ਪੁੱਜ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਤੇ ਜਾ ਸੀਸ ਰੱਖਿਆ।

ਇਸ ਤੋਂ ਮਗਰੋਂ ਬਾਬਾ ਦੀਪ ਸਿੰਘ ਜੀ ਨੇ ਗੁਰੂ ਹੁਕਮਾਂ ਦੀ ਪਾਲਣਾ ਕਰਦੇ ਹੋਏ ਗੁਰੂ ਕੀ ਕਾਸ਼ੀ (ਸਾਬੋ ਕੀ ਤਲਵੰਡੀ) ਵਿਚ ਹੀ ਜੀਵਨ ਬਤੀਤ



Scanned with CamScanner

ਕਰਨਾ ਸ਼ੁਰੂ ਕੀਤਾ। ਆਪ ਜੀ ਨੇ ਆਪਣੇ ਹੱਥੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਕਈ ਉਤਾਰੇ ਕੀਤੇ ਤੇ ਦੂਰ-ਦੂਰ ਧਰਮ ਅਸਥਾਨਾਂ ਤੇ ਭੇਜੇ। ਭਾਈ ਮਨੀ ਸਿੰਘ ਜੀ ਦੇ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਮੁੱਖ ਗ੍ਰੰਥੀ ਦੀ ਸੇਵਾ ਸੰਭਾਲਣ ਮਗਰੋਂ ਦਮਦਮਾ ਸਾਹਿਬ ਦਾ ਸਾਰਾ ਇੰਤਜ਼ਾਮ ਬਾਬਾ ਦੀਪ ਸਿੰਘ ਜੀ ਦੇ ਜ਼ਿੰਮੇ ਲੱਗਾ। ਇਥੇ ਰਹਿ ਕੇ ਉਹਨਾਂ ਨੇ ਸਿੱਖੀ ਦਾ ਪ੍ਰਚਾਰ ਬੜੇ ਸੁਲਝੇ ਢੰਗ ਨਾਲ ਕੀਤਾ। ਜਦੋਂ ਕਦੀ ਕਿਸੇ ਸਿੱਖ ਤੇ ਭੀੜ ਪੈਣ ਦੀ ਖਬਰ ਆਪ ਜੀ ਨੂੰ ਮਿਲਦੀ, ਆਪ ਸਾਰੇ ਕੰਮ ਛੱਡ ਕੇ ਜ਼ਾਲਮਾਂ ਦੀ ਸੁਧਾਈ ਕਰਦੇ ਤੇ ਗਰੀਬਾਂ, ਮਜ਼ਲੂਮਾਂ ਦੀ ਰਾਖੀ ਦਾ ਪ੍ਰਬੰਧ ਕਰਕੇ ਵਾਪਸ ਮੁੜਦੇ।

ਸਿੱਖਾਂ ਦੀਆਂ ਬਾਰਾਂ ਮਿਸਲਾਂ ਬਣਨ ਤੇ ਆਪ ਜੀ ਮਿਸਲ ਸ਼ਹੀਦਾਂ ਦੇ ਜਥੇਦਾਰ ਬਣਾਏ ਗਏ। ਜਦ ਜਹਾਨ ਖਾਨ ਨੇ ਅੰਮ੍ਰਿਤਸਰ ਸਾਹਿਬ ਜੀ ਵਿਖੇ ਪਵਿੱਤਰ ਸਰੋਵਰ ਪੂਰ ਦਿੱਤਾ ਤੇ ਹਰਿਮੰਦਰ ਸਾਹਿਬ ਦੀ ਸ਼ਾਨਦਾਰ ਇਮਾਰਤ ਨੂੰ ਵੀ ਗਿਰਾ ਦਿੱਤਾ ਤਾਂ ਸਾਰੇ ਅੰਮ੍ਰਿਤਸਰ ਸ਼ਹਿਰ ਵਿਚ ਹਾਹਾਕਾਰ ਮੱਚ ਗਈ। ਇਕ ਸਿੱਖ ਨੇ ਇਸ ਘਟਨਾ ਦੀ ਖ਼ਬਰ ਦਮਦਮਾ ਸਾਹਿਬ ਵਿਖੇ ਬਾਬਾ ਦੀਪ ਸਿੰਘ ਜੀ ਨੂੰ ਜਾ ਪਹੁੰਚਾਈ। ਸਿੰਘ ਦਮਦਮਾ ਸਾਹਿਬ ਵਿਖੇ ਇਕੱਠੇ ਹੋ ਗਏ। ਬਾਬਾ ਜੀ ਨੇ ਅੱਗੇ ਹੋ ਕੇ ਇਕ ਲਕੀਰ ਖੰਡੇ ਨਾਲ ਖਿੱਚੀ ਤੇ ਉੱਚੀ ਬੋਲ ਕੇ ਕਿਹਾ, "ਕੇਵਲ ਉਹੀ ਲਕੀਰ ਟੱਪੇ ਜੀਹਨੇ ਧਰਮ ਤੋਂ ਜਾਨ ਵਾਰਨੀ ਹੈ, ਜੀਹਨੇ ਸ਼ਹੀਦੀ ਜਾਮ ਪੀਣਾ ਹੈ ਤੇ ਜੁੱਧ ਵਿਚ ਪਿੱਠ ਨਹੀਂ ਵਿਖਾਉਣੀ।"

ਲਲਕਾਰ ਸੁਣ ਕੇ 500 ਸਿੰਘ ਲਕੀਰ ਟੱਪ ਕੇ ਬਾਬਾ ਜੀ ਦੀ ਸਰਦਾਰੀ ਹੇਠ ਅੰਮ੍ਰਿਤਸਰ ਸਾਹਿਬ ਨੂੰ ਹੋ ਤੁਰੇ। ਰਸਤੇ ਦੇ ਪਿੰਡਾਂ ਵਿਚ ਹੋਰ ਸਿੱਖ ਰਲਦੇ ਗਏ। ਤਰਨਤਾਰਨ ਸਾਹਿਬ ਪੁੱਜਣ ਤੱਕ ਸਿੰਘਾਂ ਦੀ ਗਿਣਤੀ 5000 ਹੋ ਗਈ। ਸਿੰਘਾਂ ਦੇ ਇਸ ਇਕੱਠ ਦੀਆਂ ਖ਼ਬਰਾਂ ਲਾਹੌਰ ਦਰਬਾਰ ਵਿਚ ਪੁੱਜੀਆਂ। ਜਹਾਨ ਖ਼ਾਨ ਨੂੰ ਹੱਥਾਂ ਪੈਰਾਂ ਦੀ ਪੈ ਗਈ। ਉਹ 25000 ਫ਼ੌਜ ਲੈ ਕੇ ਅੰਮ੍ਰਿਤਸਰ ਪੁੱਜ ਗਿਆ। ਅੰਮ੍ਰਿਤਸਰ ਸਾਹਿਬ ਤੋਂ 5 ਕੁ ਮੀਲ ਦੀ ਵਿੱਥ ਤੇ ਸਿੰਘਾਂ ਦੇ ਦਲ ਦਾ ਜਹਾਨ ਖ਼ਾਨ ਦੀ ਫ਼ੌਜ ਨਾਲ ਟਾਕਰਾ ਹੋਇਆ। ਸਿੰਘਾਂ ਨੇ ਐਸੀ ਬਹਾਦਰੀ ਨਾਲ ਖੰਡਾ ਖੜਕਾਇਆ ਕਿ ਜਹਾਨ ਖਾਨ ਦੀਆਂ ਫ਼ੌਜਾਂ ਵਿਚ ਭਾਜੜ ਪੈ ਗਈ। ਇਥੇ ਦੁਸ਼ਮਣ ਦਾ ਇਕ ਸੈਨਾਪਤੀ ਅਮਾਨ ਖਾਂ ਅੱਗੇ ਵਧਿਆ ਤੇ ਬਾਬਾ ਜੀ ਤੇ ਵਾਰ ਕਰਨ ਲੱਗਾ। ਸਾਂਝੇ ਵਾਰ ਵਿਚ ਬਾਬਾ ਜੀ ਦਾ ਸੀਸ ਕੱਟਿਆ ਗਿਆ। ਬਾਬਾ ਜੀ ਨੇ ਆਪਣੇ ਸੀਸ ਨੂੰ ਖੱਬੇ ਹੱਥ ਨਾਲ ਸੰਭਾਲਿਆ ਤੇ ਸੱਜੇ ਹੱਥ ਨਾਲ ਫਿਰ ਖੰਡਾ ਖੜਕਾਉਣ ਲੱਗੇ। ਦੁਸ਼ਮਣਾਂ ਦੇ ਆਹੂ ਲਾਹੁੰਦੇ ਹੋਏ ਅੱਗੇ ਵਧਦੇ ਗਏ ਅਤੇ ਕੀਤੇ ਪ੍ਰਣ ਅਨੁਸਾਰ ਦਰਬਾਰ ਸਾਹਿਬ ਜੀ ਨੂੰ ਮੁਗਲਾਂ ਤੋਂ ਮੁਕਤ ਕਰਵਾ ਕੇ ਸ਼ਹੀਦੀ ਪ੍ਰਾਪਤ ਕਰ ਗਏ।



Scanned with CamScanner

# ਪੁਰਾਤਨ ਗੁਰਸਿੱਖ

## ਭਾਈ ਭਿਖਾਰੀ ਜੀ

ਸ੍ਰੀ ਗੁਰੂ ਅਰਜਨ ਦੇਵ ਜੀ ਦਾ ਆਪਣਾ ਜੀਵਨ ਸਿੱਖਾਂ ਲਈ ਇਕ ਅਨੋਖੀ ਉਦਾਹਰਣ ਹੈ। ਉਨ੍ਹਾਂ ਦੇ ਸਿੱਖਾਂ ਵਿਚ ਵੀ ਗੁਰੂ ਜੀ ਦੇ ਸਿਖਾਏ ਗੁਣ ਸੇਵਾ, ਸਿਮਰਨ ਤੇ ਪ੍ਰਭੂ ਰਜ਼ਾ ਵਿਚ ਰਹਿਣਾ ਭਰੇ ਹੋਏ ਸਨ। ਗੁਰੂ ਜੀ ਦਾ ਇਕ ਅਨਿੰਨ ਸਿੱਖ ਭਾਈ ਭਿਖਾਰੀ ਗੁਰਮਤਿ ਅਨੁਸਾਰ ਜੀਵਨ ਜਿਊ ਰਿਹਾ ਸੀ। ਇਕ ਵੇਰਾਂ ਇਕ ਸਿੱਖ ਭਾਈ ਗੁਰਮੁਖ, ਗੁਰੂ ਜੀ ਦੇ ਦਰਬਾਰ ਵਿਚ ਪਹੁੰਚਿਆ ਤੇ ਕਹਿਣ ਲੱਗਾ, ਗੁਰੂ ਜੀ ਮੈਨੂੰ ਆਪਣਾ ਸਿੱਖ (ਸੇਵਕ) ਬਣਾਉ। ਗੁਰੂ ਜੀ ਨੇ ਫੁਰਮਾਇਆ ਭਾਈ ਗੁਰਮੁਖਾ :

ਤੇਰਾ ਕੀਆ ਮੀਠਾ ਲਾਗੈ।। ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ।। ਪੰਕਤੀ ਅਰਥਾਂ ਸਮੇਤ ਯਾਦ ਕਰ ਲੈ। ਭਾਈ ਗੁਰਮੁਖ ਜੀ, ਪ੍ਰਭੂ ਦੀ ਰਜ਼ਾ ਅਨੁਸਾਰ ਦੁੱਖ ਵਿਚ ਸੁੱਖ ਮਨਾਉਣ ਦੇ ਅਰਥ ਸਮਝ ਨਾ ਸਕੇ। ਗੁਰੂ ਜੀ ਨੇ ਭਾਈ ਗੁਰਮੁਖ ਜੀ ਨੂੰ ਇਸ ਪੰਕਤੀ ਦੇ ਅਰਥ ਸਮਝਣ ਲਈ ਇਕ ਹੋਰ ਸਿੱਖ ਭਾਈ ਭਿਖਾਰੀ ਜੀ ਦੇ ਪਿੰਡ ਭੇਜ ਦਿੱਤਾ।

ਭਾਈ ਗੁਰਮੁੱਖ ਜੀ, ਭਾਈ ਭਿਖਾਰੀ ਦੇ ਘਰ ਪਹੁੰਚੇ। ਕੀ ਵੇਖਦੇ ਹਨ ਕਿ ਭਾਈ ਭਿਖਾਰੀ ਦੇ ਲੜਕੇ ਦਾ ਵਿਆਹ ਹੈ। ਘਰ ਵਿਚ ਚਾਰੇ ਪਾਸੇ ਚਹਿਲ-ਪਹਿਲ ਹੈ ਪਰ ਭਾਈ ਭਿਖਾਰੀ ਜੀ ਇਕ ਕੱਫਨ ਸਿਉਂ ਰਹੇ ਹਨ। ਭਾਈ ਗੁਰਮੁਖ ਜੀ ਨੇ ਇਸ ਖੁਸ਼ੀ ਦੇ ਮੌਕੇ ਇਹ ਕੱਫਣ ਸਿਉਣ ਦਾ ਕਾਰਨ ਪੁੱਛਿਆ ਤਾਂ ਜੁਆਬ ਮਿਲਿਆ ਕਿ ਪ੍ਰਭੂ ਦੀ ਰਜ਼ਾ ਵਿਚ ਰਹਿਣਾ ਚਾਹੀਦਾ ਹੈ।

ਭਾਈ ਗੁਰਮੁੱਖ ਜੀ ਕੀ ਵੇਖਦੇ ਹਨ ਕਿ ਵਿਆਹ ਬੜੀ ਧੂਮ-ਧਾਮ ਨਾਲ ਸੰਪੂਰਨ ਹੋ ਗਿਆ ਤੇ ਲੜਕਾ (ਲਾੜਾ) ਵਿਆਹ ਵਾਲੇ ਦਿਨ ਹੀ ਚੜ੍ਹਾਈ ਕਰ ਗਿਆ। ਉਹ ਤਿਆਰ ਕੀਤਾ ਕੱਫ਼ਨ ਉਸ ਉਤੇ ਪਾ ਦਿੱਤਾ ਗਿਆ। ਖੁਸ਼ੀ, ਗਮੀ ਵਿਚ ਬਦਲ ਗਈ। ਸਾਰਾ ਟੱਬਰ ਰੋਣ ਧੋਣ ਲੱਗ ਗਿਆ ਤੇ ਭਾਈ ਭਿਖਾਰੀ ਜੀ ਸ਼ਾਂਤ ਚਿੱਤ ਦੁੱਖ ਸੁੱਖ ਤੋਂ ਨਿਰਲੇਪ ਭਾਣੇ ਵਿਚ ਵਿਚਰ ਰਹੇ ਸਨ।

ਹੁਣ ਭਾਈ ਗੁਰਮੁਖ ਜੀ ਨੂੰ 'ਤੇਰਾ ਕੀਆ ਮੀਠਾ ਲਾਗੈ' ਪੰਕਤੀ ਦੇ ਅਰਥ ਸਮਝ ਆ ਗਏ ਸਨ।



Scanned with CamScanner

# ਭਾਈ ਮੰਝ ਜੀ

ਸੇਵਾ, ਨਾਮ ਸਿਮਰਨ, ਸਿਦਕ, ਪ੍ਰਭੂ ਉਪਰ ਭਰੋਸਾ ਸਿੱਖ ਧਰਮ ਦੇ ਥੰਮ੍ਹ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵੇਲੇ ਤੋਂ ਹੀ ਲੰਗਰ ਪ੍ਰਥਾ ਚਾਲੂ ਹੋ ਗਈ ਸੀ। ਇਸ ਨੂੰ ਅਗਲੇ ਗੁਰੂ ਸਾਹਿਬਾਨ ਨੇ ਜਾਰੀ ਰੱਖਿਆ। ਸ੍ਰੀ ਗੁਰੂ ਅਮਰਦਾਸ ਜੀ ਨੇ ਤਾਂ ਸਮਾਜ ਵਿਚੋਂ ਜ਼ਾਤਪਾਤ, ਊਚ-ਨੀਚ ਦੀ ਕੋਹੜ ਵਰਗੀ ਬੀਮਾਰੀ ਨੂੰ ਦੂਰ ਕਰਨ ਲਈ ਇਹ ਹੁਕਮ ਕਰ ਦਿੱਤਾ ਕਿ ਪਹਿਲਾਂ ਲੰਗਰ ਪਾਛੈ ਸੰਗਤ। ਅਕਬਰ ਨੇ ਵੀ ਇਹੀ ਬਚਨ ਪਾਲਿਆ ਤੇ ਨਿਹਾਲ ਹੋਇਆ।

ਸ੍ਰੀ ਗੁਰੂ ਅਰਜਨ ਦੇਵ ਜੀ ਦਾ ਇਕ ਸਿੱਖ ਭਾਈ ਮੰਝ ਸੇਵਾ ਕਰਦਾ ਦਰਬਾਰ ਵਿਚ ਹੀ ਰਹਿੰਦਾ ਸੀ। ਇਕ ਵਾਰੀ ਗੁਰੂ ਜੀ ਲੰਗਰ ਵਿਚ ਆਏ। ਭਾਈ ਸਾਹਿਬ ਜੀ ਆਟਾ ਗੁੰਨ੍ਹ ਰਹੇ ਸਨ, ਖੜ੍ਹੇ ਹੋ ਗਏ। ਹੱਥ ਜੋੜਣ ਦੀ ਬਿਜਾਏ ਪਿੱਛੇ ਕਰ ਲਏ। ਗੁਰੂ ਜੀ ਦੇ ਪੁੱਛਣ ਤੇ ਕਹਿਣ ਲੱਗੇ, "ਪਾਤਸ਼ਾਹ! ਹੱਥ ਸਾਫ਼ ਨਹੀਂ ਹਨ, ਆਟੇ ਨਾਲ ਲਿਬੜੇ ਹੋਏ ਹਨ।" ਗੁਰੂ ਜੀ ਨੇ ਉਪਦੇਸ਼ ਦਿੱਤਾ: ਸੇਵਾ ਕਰਦਿਆਂ ਹੱਥ ਅਪਵਿੱਤਰ ਨਹੀਂ, ਪਵਿੱਤਰ ਹੁੰਦੇ ਹਨ।

ਭਾਈ ਮੰਝ ਜੀ ਤੋਂ ਗੁਰੂ ਜੀ ਨੇ ਪੁੱਛਿਆ, ਕਿਵੇਂ ਗੁਜ਼ਾਰਾ ਚਲਦਾ ਹੈ ਤੇ ਜੁਆਬ ਮਿਲਿਆ, ਸੇਵਾ ਕਰ ਲਈਦੀ ਹੈ, ਲੰਗਰ ਛਕ ਲਈਦਾ ਹੈ। ਗੁਰੂ ਜੀ ਨੂੰ ਇਹ ਉੱਤਰ ਚੰਗਾ ਨਾ ਲੱਗਿਆ। ਫਿਰ ਉਸ ਦਿਨ ਤੋਂ ਭਾਈ ਮੰਝ ਸੇਵਾ ਕਰਦੇ ਰਹੇ ਤੇ ਸੰਗਤਾਂ ਦੀ ਜੂਠ ਖਾ ਕੇ ਗੁਜ਼ਾਰਾ ਕਰਨ ਲੱਗੇ। ਗੁਰੂ ਜੀ ਨੂੰ ਇਹ ਵੀ ਪ੍ਰਵਾਨ ਨਹੀਂ ਸੀ। ਇਸ ਤੋਂ ਬਾਅਦ ਭਾਈ ਮੰਝ ਜੀ ਨੇ ਜੰਗਲ ਤੋਂ ਲੱਕੜਾਂ ਕੱਟ ਕੇ ਲਿਆਉਣੀਆਂ ਸ਼ੁਰੂ ਕਰ ਦਿੱਤੀਆਂ। ਅੱਧੀਆਂ ਵੇਚ ਕੇ ਪੇਟ ਭਰ ਲੈਣਾ ਤੇ ਅੱਧੀਆਂ ਗੁਰੂ ਕੇ ਲੰਗਰ ਨਮਿੱਤ ਸੇਵਾ ਕਰਨੀ।

ਇਕ ਦਿਨ ਜ਼ੋਰਦਾਰ ਹਨੇਰੀ ਆਈ। ਜੰਗਲ ਵਿਚੋਂ ਭਾਈ ਸਾਹਿਬ ਲੱਕੜਾਂ ਦੀ ਪੰਡ ਚੁੱਕੀ ਆ ਰਹੇ ਰਸਤੇ ਤੋਂ ਥਿੜ੍ਹਕ ਗਏ ਤੇ ਇਕ ਖੂਹ ਵਿਚ ਡਿੱਗ ਪਏ। ਲੱਕੜਾਂ ਸਿਰ ਉਤੇ ਤੇ ਆਪ ਪਾਣੀ ਵਿਚ ਸਾਰੀ ਰਾਤ ਖੜ੍ਹੇ ਰਹੇ ਅਤੇ ਸਿਮਰਨ ਕਰਦੇ ਰਹੇ। ਸਵੇਰ ਹੁੰਦਿਆਂ ਹੀ ਗੁਰੂ ਜੀ ਸਿੱਖਾਂ ਸਮੇਤ ਖੂਹ ਕੋਲ ਰੱਸੇ ਲੈ ਕੇ ਪਹੁੰਚੇ ਤੇ ਭਾਈ ਮੰਝ ਜੀ ਨੂੰ ਬਾਹਰ ਨਿਕਲਣ ਲਈ ਅਵਾਜ਼ ਦਿੱਤੀ। ਜੁਆਬ ਆਇਆ ਪਹਿਲੋਂ ਲੰਗਰ ਲਈ ਲਿਆਂਦੀਆਂ ਲੱਕੜਾਂ ਕੱਢੋ। ਲੱਕੜਾਂ ਬਾਹਰ ਕੱਢ ਕੇ ਭਾਈ ਮੰਝ ਜੀ ਨੂੰ ਬਾਹਰ ਕੱਢਿਆ ਗਿਆ। ਗੁਰੂ ਜੀ ਨੇ ਆਪਣੇ ਗਲ ਨਾਲ ਲਾਇਆ ਤੇ ਕਿਹਾ :-



Scanned with CamScanner

ਮੰਝ ਪਿਆਰਾ ਗੁਰੂ ਕੋ ਗੁਰੂ ਮੰਝ ਪਿਆਰਾ।।
ਮੰਝ ਗੁਰੂ ਕਾ ਬੋਹਿਥਾ ਜਗ ਲੰਘਣ ਹਾਰਾ।।

ਭਾਈ ਮੰਝ ਦਾ ਪਿੰਡ ਕੰਗ ਮਾਈ (ਹੁਸ਼ਿਆਰਪੁਰ) ਸੀ। ਇਸ ਨੇ ਆਪਣੇ ਘਰ ਇਕ ਕਬਰ (ਪੀਰਖਾਨਾ) ਬਣਾਈ ਹੋਈ ਸੀ। ਉਹ ਸ਼ਰਧਾਲੂਆਂ ਨੂੰ ਨਾਲ ਲੈ ਕੇ ਹਰ ਸਾਲ ਨਿਗਾਹੇ ਪਿੰਡ ਜਾਂਦਾ ਸੀ, ਜਿਥੇ ਇਨ੍ਹਾਂ ਦੇ ਆਗੂ ਦੀ ਕਬਰ ਸੀ। ਸੰਨ 1585 ਈ: ਵਿਚ ਇਹ ਜੱਥੇ ਸਮੇਤ ਨਿਗਾਹੇ ਤੋਂ ਵਾਪਸ ਪਿੰਡ ਜਾ ਰਿਹਾ ਸੀ ਤੇ ਅੰਮ੍ਰਿਤਸਰ ਵਿਖੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਦਰਸ਼ਨ ਕੀਤੇ। ਸੰਗਤ ਵਿਚ ਆ ਕੇ ਬਾਣੀ ਦਾ ਕੀਰਤਨ ਸੁਣਿਆ। ਮਨ ਸ਼ਾਂਤ ਹੋਇਆ। ਭਾਈ ਸਾਹਿਬ ਨੇ ਸਤਿਗੁਰੂ ਪਾਸੋਂ ਸਿੱਖੀ ਦੀ ਦਾਤ ਮੰਗੀ। ਗੁਰੂ ਸਾਹਿਬ ਨੇ ਫੁਰਮਾਇਆ-''ਸਿੱਖੀ ਉਤੇ ਸਿੱਖੀ ਨਹੀਂ ਟਿਕ ਸਕਦੀ, ਪਹਿਲੋਂ ਆਪਣੇ ਘਰ ਜਾ ਕੇ ਪੀਰਖਾਨਾ ਢਾਹ। ਸਿੱਖੀ ਤੋਂ ਉਲਟ ਸਾਰੇ ਕੰਮ ਕਰਨੇ ਬੰਦ ਕਰ, ਤਾਂ ਤੂੰ ਸਿੱਖ ਬਣ ਸਕਦਾ ਹੈਂ।'' ਭਾਈ ਸਾਹਿਬ ਨੇ ਘਰ ਜਾ ਕੇ ਕਬਰ ਢਾਹ ਦਿੱਤੀ ਤੇ ਅੰਮ੍ਰਿਤਸਰ ਆ ਕੇ ਸਿੱਖੀ ਦੀ ਸੇਵਾ ਵਿਚ ਡਟ ਗਏ। ਭਾਈ ਸਾਹਿਬ ਜੀ ਦਾ ਜੀਵਨ ਸਿੱਖੀ ਜੀਵਨ ਦੇ ਲਈ ਚਾਨਣ ਮੁਨਾਰਾ ਹੈ।

## ਭਾਈ ਘਨ੍ਹੱਈਆ ਜੀ

ਜ਼ੁਲਮ ਨੂੰ ਖ਼ਤਮ ਕਰਨ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਕਈ ਲੜਾਈਆਂ ਲੜਨੀਆਂ ਪਈਆਂ। ਬਾਣੀ ਦੇ ਪਾਠ ਦੀ ਚੇਟਕ ਸਦਕਾ ਸਿੱਖਾਂ ਵਿਚ ਨਿਰਭੈਤਾ, ਮੌਤ ਨੂੰ ਮਖੌਲ ਕਰਨਾ ਤੇ ਬੇਅੰਤ ਦੈਵੀ ਗੁਣ ਭਰੇ ਹੋਏ ਸਨ। ਆਮ ਸਿਪਾਹੀਆਂ ਵਾਂਗ ਲੜਨਾ ਤੇ ਕਿਸੇ ਦੀ ਜਾਨ ਲੈਣੀ ਜਾਂ ਕਿਸੇ ਤੇ ਜ਼ੁਲਮ ਕਰਨਾ ਖਾਲਸੇ ਦੇ ਸੁਭਾਅ ਵਿਚ ਨਹੀਂ ਸੀ ਉਹ ਤਾਂ ਸਗੋਂ ਜ਼ੁਲਮ ਦਾ ਨਾਸ਼ ਕਰਨ ਅਤੇ ਬਖਸ਼ ਦੇਣ ਦੇ ਗੁਣਾਂ ਨੂੰ ਹਿਰਦੇ ਵਿਚ ਸਮੋਈ ਬੈਠੇ ਸਨ।

ਅਨੰਦਪੁਰ ਸਾਹਿਬ ਦਾ ਕਿਲ੍ਹਾ ਦੁਸ਼ਮਣਾਂ ਨੇ ਘੇਰਿਆ ਹੋਇਆ ਸੀ। ਜੰਗ ਜਾਰੀ ਸੀ। ਇਕ ਸਿੱਖ ਇਧਰ-ਉਧਰ ਫੱਟੜਾਂ ਨੂੰ ਪਾਣੀ ਪਿਲਾ ਰਿਹਾ ਸੀ। ਸਿੱਖਾਂ ਨੇ ਬੁਰਾ ਮਨਾਇਆ ਤੇ ਗੁਰੂ ਜੀ ਕੋਲ ਸ਼ਿਕਾਇਤ ਕੀਤੀ ਕਿ ਭਾਈ ਘਨ੍ਹੱਈਆ ਦੁਸ਼ਮਣਾਂ ਨੂੰ ਵੀ ਪਾਣੀ ਪਿਆਈ ਜਾ ਰਿਹਾ ਹੈ। ਗੁਰੂ ਜੀ ਦੁਆਰਾ ਪੁੱਛ ਪੜਤਾਲ ਕਰਨ ਤੇ ਭਾਈ ਘਨ੍ਹਈਆ ਜੀ ਨੇ ਜੋਦੜੀ ਕੀਤੀ ''ਹੇ ਸੱਚੇ ਪਾਤਸ਼ਾਹ! ਮੈਂ ਤੇ ਆਪ ਜੀ ਦੀ ਸਿੱਖਿਆ ਦਾ ਪਾਲਣ ਕਰਦਾ ਹਾਂ। ਮੈਨੂੰ ਸਭ ਵਿਚ ਪ੍ਰਮਾਤਮਾ ਦੀ ਜੋਤਿ ਦਿਸਦੀ ਹੈ।'' ਗੁਰੂ ਜੀ ਪ੍ਰਸੰਨ ਹੋਏ। ਉਨ੍ਹਾਂ ਭਾਈ ਘਨ੍ਹੱਈਆ ਜੀ ਨੂੰ ਇੱਕ ਮੱਲ੍ਹਮ (ਮਰਹੱਮ) ਦੀ ਡੱਬੀ ਵੀ ਦਿੱਤੀ ਤੇ ਹੁਕਮ ਕੀਤਾ



Scanned with CamScanner

ਕਿ ਜਿਥੇ ਫੱਟੜਾਂ ਨੂੰ ਪਾਣੀ ਪਿਲਾਉਂਦੇ ਹੋ, ਉਥੇ ਉਨ੍ਹਾਂ ਦੀ ਮੱਲ੍ਹਮ ਪੱਟੀ ਵੀ ਕਰਿਆ ਕਰੋ।

ਕਿਤਨਾ ਮਹਾਨ ਹੈ ਸਿੱਖੀ ਆਦਰਸ਼! ਜੰਗੇ-ਮੈਦਾਨ ਵਿਚ ਵੀ ਦੁਸ਼ਮਣ ਨਾਲ ਹਮਦਰਦੀ ਤੇ ਪਿਆਰ। ਲੜਾਈ ਇਨਸਾਨ ਨਾਲ ਨਹੀਂ, ਜ਼ੁਲਮ ਨਾਲ ਹੈ। ਭਾਈ ਘਨ੍ਹੱਈਆ ਜੀ ਦੀ ਇਸ ਮਿਸਾਲ ਨੇ ਇਕ ਤਰ੍ਹਾਂ ਨਾਲ ਅੱਜ ਦੇ 'ਰੈਡ ਕਰਾਸ' ਦੀ ਨੀਂਹ ਰੱਖੀ। 'ਰੈਡ ਕਰਾਸ' ਦੇ ਅਸਲ ਮੋਢੀ ਭਾਈ ਘਨ੍ਹੱਈਆ ਜੀ ਹੀ ਹਨ, ਜਿਨ੍ਹਾਂ ਨੇ ਬਿਨਾਂ ਕਿਸੇ ਵਿਤਕਰੇ ਦੇ ਹਰ ਫੱਟੜ ਦੀ ਸੇਵਾ ਕੀਤੀ।

## ਬਾਬਾ ਬੁੱਢਾ ਜੀ

'ਛੋਟੀ ਉਮਰ ਤੇ ਸਿਆਣਪ ਬਹੁਤੀ' ਵਾਲੇ ਗੁਰਸਿੱਖ ਦਾ ਨਾਂ ਬੂੜਾ ਤੋਂ ਬੁੱਢਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮੇਲ ਉਪਰੰਤ ਪੈ ਗਿਆ। ਪਰਮਾਤਮਾ ਵਿਚ ਪੂਰਨ ਵਿਸ਼ਵਾਸ ਕਾਰਨ, ਉਹ ਸਦਾ ਲਈ ਗੁਰੂ ਘਰ ਨਾਲ ਜੁੜ ਗਏ। ਦੂਜੇ ਗੁਰੂ ਜੀ ਤੋਂ ਲੈਕੇ ਛੇਵੇਂ ਗੁਰੂ ਸਾਹਿਬ ਤੱਕ ਗੁਰਿਆਈ ਦੀ ਰਸਮ ਅਦਾ ਕਰਨ ਦਾ ਸਨਮਾਨ ਆਪ ਜੀ ਦੇ ਹਿੱਸੇ ਆਇਆ।

ਕੱਥੂ ਨੰਗਲ, ਜ਼ਿਲ੍ਹਾ ਅੰਮ੍ਰਿਤਸਰ ਵਿਚ ਸੰਨ 1506 ਈ: ਨੂੰ ਪਿਤਾ ਸੁੱਗਾ ਤੇ ਮਾਤਾ ਗੌਰਾਂ ਜੀ ਦੇ ਘਰ ਇਸ ਮਹਾਨ ਆਤਮਾ ਨੇ ਜਨਮ ਲਿਆ। ਬਾਰਾਂ ਸਾਲ ਦੀ ਉਮਰ ਵਿਚ, ਜਦੋਂ ਆਪ ਮੱਝਾਂ ਚਾਰ ਰਹੇ ਸੀ, ਆਪ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਮਿਲੇ ਤੇ ਆਪ ਨੇ ਦੁੱਧ ਭੇਟ ਕੀਤਾ। ਗੁਰੂ ਜੀ ਦੇ ਜੀਵਨ ਦੀ ਅਸਥਿਰਤਾ ਅਤੇ ਅਮਰਤਾ ਬਾਰੇ ਵਿਚਾਰ ਸੁਣਕੇ ਸੰਤੁਸ਼ਟ ਹੋਏ, ਨਿਹਾਲ ਹੋਏ। ਇਸ ਘਟਨਾ ਉਪਰੰਤ ਆਪ ਜੀ ਸਦਾ ਲਈ ਗੁਰੂ ਘਰ ਨਾਲ ਜੁੜ ਗਏ। ਜਦੋਂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਵੱਡੇ ਭਰਾਤਾ ਬਾਬਾ ਪ੍ਰਿਥੀ ਚੰਦ ਨੇ ਸੰਗਤਾਂ ਨੂੰ ਗੁੰਮਰਾਹ ਕੀਤਾ ਤਾਂ ਬਾਬਾ ਜੀ ਨੇ ਹੀ ਭਾਈ ਗੁਰਦਾਸ ਜੀ ਦੇ ਨਾਲ ਮਿਲ ਕੇ ਇਸ ਦੀਆਂ ਕੋਝੀਆਂ ਚਾਲਾਂ ਪ੍ਰਤੀ ਰੋਕ ਪਾਈ। ਸੇਵਾ, ਸਿਮਰਨ, ਭਰੋਸਾ ਤੇ ਬੰਦਗੀ ਸਦਕਾ ਬਾਬਾ ਜੀ ਦਾ ਸਤਿਕਾਰ, ਪਿਆਰ ਸਾਰੇ ਪਾਸੇ ਫੈਲਿਆ ਹੋਇਆ ਸੀ। ਬਾਬਾ ਜੀ ਸਿੱਖੀ ਦੀ ਸਾਕਾਰ ਮੂਰਤ ਸਨ।

ਸੰਨ 1604 ਈ: ਵਿਚ ਜਦੋਂ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਆਦਿ ਬੀੜ ਪੂਰਨ ਰੂਪ ਵਿਚ ਤਿਆਰ ਹੋਈ ਤਾਂ ਬਾਬਾ ਬੁੱਢਾ ਜੀ ਇਸ ਦੇ ਪਹਿਲੇ ਗਰੰਥੀ ਥਾਪੇ ਗਏ। ਸ੍ਰੀ ਗੁਰੂ ਹਰਿਗੋਬਿੰਦ ਜੀ ਜਦੋਂ ਗਵਾਲੀਅਰ ਦੇ ਕਿਲ੍ਹੇ ਵਿਚ ਬੰਦ ਸਨ ਤਾਂ ਉਨ੍ਹਾਂ ਦੀ ਖਬਰ ਸਾਰ ਲਿਆਉਣ ਵਾਲੇ ਵੀ ਬਾਬਾ ਜੀ ਹੀ ਸਨ।



Scanned with CamScanner

ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ ਵਿਚ ਬਾਬੇ ਬੁੱਢੇ ਦੀ ਬੇਰੀ ਅੱਜ ਵੀ ਉਨ੍ਹਾਂ ਵਲੋਂ ਇਸ ਮਹਾਨ ਸਥਾਨ ਦੀ ਸੇਵਾ ਨੂੰ ਯਾਦ ਕਰਵਾਉਂਦੀ ਹੈ। ਆਪ ਜੀ ਉਮਰ ਵਿਚ 125 ਸਾਲ ਦੇ, ਪਰ ਅਵਸਥਾ ਵਿਚ ਦਲੇਰੀ ਅਤੇ ਜੋਸ਼ ਜਵਾਨਾਂ ਵਰਗਾ। ਬਾਬਾ ਜੀ ਸੰਨ 1631 ਈਸਵੀ ਵਿਚ ਇਸ ਦੁਨੀਆਂ ਤੋਂ ਕੂਚ ਕਰ ਗਏ। ਬਾਬਾ ਬੁੱਢਾ ਜੀ ਦਾ ਸਾਰਾ ਜੀਵਨ ਭਗਤੀ ਤੇ ਸੇਵਾ ਵਿਚ ਗੁਜ਼ਰਿਆ।

## ਪੰਜ ਤਖ਼ਤ

**1. ਸ੍ਰੀ ਅਕਾਲ ਤਖ਼ਤ ਸਾਹਿਬ :** ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿੱਖ ਪੰਥ ਵਿਚ ਬੜੀ ਅਹਿਮੀਅਤ ਹੈ। ਇਸ ਦਾ ਲਫ਼ਜ਼ੀ ਮਾਅਨਾ ਹੈ: "ਅਕਾਲ ਪੁਰਖ ਦਾ ਤਖ਼ਤ"। ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਸੰਨ 1609 ਈਸਵੀ ਵਿਚ ਸਥਾਪਤ ਕੀਤਾ ਸੀ। ਪਹਿਲੀ ਇੱਟ ਰੱਖਣ ਮਗਰੋਂ ਬਾਕੀ ਸਾਰੀ ਉਸਾਰੀ ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਦੀ ਅਗਵਾਈ ਵਿਚ ਹੋਈ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਦਾ ਉਦੇਸ਼ ਇਹ ਸੀ ਕਿ ਜ਼ਾਲਮ ਦਿੱਲੀ ਤਖ਼ਤ ਨੂੰ ਵੰਗਾਰਿਆ ਜਾਵੇ, ਰੂਹਾਨੀਅਤ ਦੇ ਪ੍ਰਭਾਵ ਵਾਲੇ ਸੱਚੇ ਤਖ਼ਤ ਨੂੰ ਉਭਾਰਿਆ ਜਾਵੇ ਤੇ ਸਿੱਖ ਕੌਮ ਵਿਚ ਸਿਆਸੀ ਸ੍ਵੈ-ਮਾਨ ਭਰਿਆ ਜਾਵੇ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਸਨਮੁੱਖ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਮੀਰੀ ਤੇ ਪੀਰੀ ਦਾ ਇਕ ਸੁੰਦਰ ਸੁਮੇਲ ਤੇ ਸੰਜੋਗ ਬਣਿਆ।

ਸ੍ਰੀ ਅਕਾਲ ਤਖ਼ਤ ਸਾਹਿਬ ਦਾ ਸਿੱਖ ਪੰਥ ਦੀ ਤਵਾਰੀਖ਼ ਵਿਚ ਬੜਾ ਅਹਿਮ ਰੋਲ ਰਿਹਾ ਹੈ। ਜਦੋਂ ਵੀ ਪੰਥ ਤੇ ਭੀੜ ਬਣੀ ਹੈ, ਸ੍ਰੀ ਅਕਾਲ ਤਖ਼ਤ ਸਾਹਿਬ ਤੇ ਸਰਬੱਤ ਖਾਲਸਾ ਵਲੋਂ ਸੱਚੇ ਦਿਲ ਨਾਲ ਕੀਤੀ ਅਰਦਾਸ ਨੇ ਹਮੇਸ਼ਾਂ ਹੀ ਪੰਥ ਨੂੰ ਔਖੀ ਘਾਟੀ ਵਿਚੋਂ ਪਾਰ ਕੀਤਾ ਹੈ। ਜਦੋਂ ਵੀ ਸਿੱਖ, ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਸੱਚੇ ਦਿਲੋਂ ਅਰਦਾਸ ਕਰਕੇ ਗਿਆ ਹੈ, ਉਸ ਨੇ ਫਤਹਿ ਹੀ ਹਾਸਲ ਕੀਤੀ ਹੈ। ਅਠਾਰ੍ਹਵੀਂ ਸਦੀ ਵਿਚ ਸਿੱਖ ਪੰਥ ਨੇ ਅਕਾਲ ਤਖ਼ਤ ਸਾਹਿਬ ਤੋਂ ਹਿੰਮਤ ਲੈ ਕੇ ਪੰਜਾਬ ਵਿਚੋਂ ਮੁਗਲੀਆ ਹਕੂਮਤ ਨੂੰ ਖ਼ਤਮ ਕੀਤਾ। ਸੰਨ 1920-25 ਈਸਵੀ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਅਰਦਾਸ ਕਰਕੇ ਪੰਥ ਨੇ ਗੁਰਦੁਆਰਾ ਸੁਧਾਰ ਲਹਿਰ ਵਿਚ ਕਾਮਯਾਬੀ ਹਾਸਲ ਕੀਤੀ। ਸੰਨ 1955-60 ਈਸਵੀ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅਗਵਾਈ ਲੈ ਕੇ ਪੰਜਾਬੀ ਸੂਬਾ ਮੋਰਚਾ ਚਲਾਇਆ ਗਿਆ। ਇਤਿਹਾਸ ਗਵਾਹ ਹੈ ਕਿ ਸਿੱਖ ਪੰਥ ਨੇ ਜਦੋਂ ਵੀ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਪ੍ਰਸਤੀ ਸੱਚੇ ਦਿਲੋਂ



Scanned with CamScanner

ਕਬੂਲੀ ਅਤੇ ਗੁਰਮਤਿ ਮੁਤਾਬਿਕ ਮੋਰਚੇ ਚਲਾਏ, ਹਮੇਸ਼ਾਂ ਹੀ ਜਿੱਤ ਹਾਸਲ ਹੋਈ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦਾ ਹੁਕਮਨਾਮਾ ਸਿੱਖ ਵਾਸਤੇ ਮੰਨਣਾ ਗੌਰਵਸ਼ਾਲੀ ਹੈ। ਕੋਈ ਵੀ ਸੱਚਾ ਸਿੱਖ ਇਸ ਦੀ ਉਲੰਘਣਾ ਨਹੀਂ ਕਰ ਸਕਦਾ ਸਗੋਂ ਇਸ ਨੂੰ ਪਿੱਠ ਕਰਨ ਵਾਲਾ ਸ਼ਖਸ ਪੰਥ ਵਿਚੋਂ ਖਾਰਜ ਹੋ ਜਾਂਦਾ ਹੈ।

ਅਠਾਰਵੀਂ ਸਦੀ ਵਿਚ ਸਰਬੱਤ ਖਾਲਸਾ ਇਕੱਠ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹੋਇਆ ਕਰਦੇ ਸਨ। ਇਨ੍ਹਾਂ ਇਕੱਠਾਂ ਵਿਚ ਪਾਸ ਹੋਏ ਗੁਰਮਤਿਆਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹੁਕਮਨਾਮੇ ਵਜੋਂ ਐਲਾਨਿਆ ਜਾਂਦਾ ਸੀ। ਅਜੋਕੇ ਸਮੇਂ ਵਿਚ ਵੀ ਪੁਰਾਤਨ ਲੀਹਾਂ ਅਨੁਸਾਰ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀਆਂ ਸਿੱਖਿਆਵਾਂ ਅਨੁਸਾਰੀ ਹੋਕੇ ਅਤੇ ਬਹੁਤ ਠਰ੍ਹੰਮੇ ਅਤੇ ਗੰਭੀਰ ਵਿਚਾਰ ਉਪਰੰਤ ਸਾਰੇ ਸੰਸਾਰ ਦੇ ਸਿੱਖਾਂ ਦੀ ਪ੍ਰਤੀਨਿਧਤਾ ਕਰਦੇ ਹੁਕਮਨਾਮੇ ਜਾਰੀ ਕੀਤੇ ਜਾਣੇ ਚਾਹੀਦੇ ਹਨ। ਇਨ੍ਹਾਂ ਅੰਦਰ ਗੁਰਮਤਿ ਪਰੰਪਰਾਵਾਂ, ਸਿੱਖ ਮਰਯਾਦਾ, ਸਿੱਖ ਪਛਾਣ ਅਤੇ ਸਰਬ-ਸਾਂਝੀਵਾਲਤਾ ਦੀ ਖੁਸ਼ਬੂ ਹੋਣ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਸ਼ੋਭਾ ਅਤੇ ਸਰਵ ਉਚਤਾ ਨਾਲ ਸਮੁੱਚੀ ਸਿੱਖ ਸੋਚ ਦਾ ਸੰਚਾਰ ਸਮੁਚੇ ਸੰਸਾਰ ਵਿਚ ਸਹਿਜੇ ਹੀ ਹੋ ਸਕਦਾ ਹੈ। ਇਹ ਤਖ਼ਤ ਅਕਾਲ ਪੁਰਖ ਦਾ ਹੈ ਅਤੇ ਸਿੱਖ ਪੰਥ ਵਾਸਤੇ ਸਭ ਤੋਂ ਉੱਚਾ ਦਰਬਾਰ ਹੈ।

**2. ਤਖ਼ਤ ਪਟਨਾ ਸਾਹਿਬ :** ਤਖ਼ਤ ਸ੍ਰੀ ਪਟਨਾ ਸਾਹਿਬ, ਬਿਹਾਰ ਦੀ ਰਾਜਧਾਨੀ ਪਟਨਾ ਵਿਖੇ ਸਥਿਤ ਹੈ। ਇਹ ਉਹ ਅਸਥਾਨ ਹੈ ਜਿਥੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ 22 ਦਸੰਬਰ, ਸੰਨ 1666 ਈਸਵੀ ਨੂੰ ਹੋਇਆ।

**3. ਤਖ਼ਤ ਸ੍ਰੀ ਕੇਸਗੜ੍ਹ ਸਾਹਿਬ :** ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਅਨੰਦਪੁਰ ਸਾਹਿਬ, ਪੰਜਾਬ ਸੂਬੇ ਵਿਚ ਸਥਿਤ ਹੈ। ਇਹ ਉਹ ਅਸਥਾਨ ਹੈ ਜਿਥੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 30 ਮਾਰਚ, ਸੰਨ 1699 ਈ: ਨੂੰ ਵਿਸਾਖੀ ਵਾਲੇ ਦਿਨ ਖਾਲਸਾ ਪੰਥ ਸਾਜਿਆ।

**4. ਤਖ਼ਤ ਸ੍ਰੀ ਹਜ਼ੂਰ ਸਾਹਿਬ :** ਤਖ਼ਤ ਸ੍ਰੀ ਹਜ਼ੂਰ ਸਾਹਿਬ, ਨੰਦੇੜ ਸ਼ਹਿਰ (ਮਹਾਂਰਾਸ਼ਟਰ) ਵਿਚ ਸਥਿਤ ਹੈ। ਇਹ ਉਹ ਅਸਥਾਨ ਹੈ ਜਿਥੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜੋਤੀ ਜੋਤਿ ਸਮਾਏ ਸਨ। ਏਥੇ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਗੱਦੀ ਤੇ ਸੁਸ਼ੋਭਿਤ ਕੀਤਾ ਸੀ।

**5. ਤਖ਼ਤ ਸ੍ਰੀ ਦਮਦਮਾ ਸਾਹਿਬ :** ਤਖ਼ਤ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ, ਜ਼ਿਲ੍ਹਾ ਬਠਿੰਡਾ (ਪੰਜਾਬ) ਵਿਖੇ ਸਥਿਤ ਹੈ। ਇਹ ਉਹ ਸਥਾਨ ਹੈ ਜਿਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਮਨੀ ਸਿੰਘ ਜੀ ਪਾਸੋਂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਲਿਖਵਾਈ।



Scanned with CamScanner

# ਸ੍ਰੀ ਅੰਮ੍ਰਿਤਸਰ ਸਾਹਿਬ
## ਸ੍ਰੀ ਹਰਿਮੰਦਰ ਸਾਹਿਬ (ਅੰਮ੍ਰਿਤਸਰ)

ਸ੍ਰੀ ਅੰਮ੍ਰਿਤਸਰ ਸਾਹਿਬ ਸ਼ਹਿਰ ਸਿੱਖ ਕੌਮ ਦਾ ਸਭ ਤੋਂ ਵੱਡਾ ਕੇਂਦਰ ਹੈ। ਇਹ ਐਸਾ ਨਗਰ ਹੈ, ਜੋ ਗੁਰੂ ਸਾਹਿਬ ਨੇ ਸਿੱਖ ਮਾਡਲ ਨਗਰ ਵਜੋਂ ਵਸਾਇਆ ਸੀ। ਇਸ ਦਾ ਪਹਿਲਾ ਨਾਂ "ਗੁਰੂ ਦਾ ਚੱਕ" ਸੀ। ਇਸ ਨੂੰ ਵਸਾਉਣ ਵਾਸਤੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੇ ਸੁਲਤਾਨ ਵਿੰਡ, ਤੁੰਗ, ਗਿਲਵਾਲੀ ਪਿੰਡਾਂ ਦੇ ਜ਼ਿਮੀਦਾਰਾਂ ਤੋਂ 700 ਅਕਬਰੀ ਰੁਪਏ ਦੇ ਕੇ ਜ਼ਮੀਨ ਖਰੀਦੀ ਸੀ। ਇਸ ਨੂੰ ਨਗਰ ਵਜੋਂ ਸੰਨ 1570 ਈਸਵੀ ਵਿਚ ਬਣਾਉਣਾ ਸ਼ੁਰੂ ਕੀਤਾ ਗਿਆ ਸੀ। ਇਸ ਦੇ ਇਕ ਪਾਸੇ ਵੱਲ ਸੰਤੋਖਸਰ ਸਰੋਵਰ ਦੀ ਖੁਦਾਈ ਸ਼ੁਰੂ ਕੀਤੀ ਗਈ ਸੀ, ਜੋ ਪੂਰੀ ਤਰ੍ਹਾਂ ਤਿਆਰ ਨਾ ਹੋ ਸਕਿਆ। ਸੰਨ 1574 ਈਸਵੀ ਵਿਚ ਸ੍ਰੀ ਗੁਰੂ ਅਮਰਦਾਸ ਸਾਹਿਬ ਦੇ ਜੋਤੀ ਜੋਤਿ ਸਮਾਉਣ ਤੋਂ ਕੁਝ ਚਿਰ ਮਗਰੋਂ ਸ੍ਰੀ ਗੁਰੂ ਰਾਮ ਦਾਸ ਸਾਹਿਬ ਇਥੇ ਆ ਕੇ ਰਹਿਣ ਲੱਗ ਪਏ। ਸੰਨ 1577 ਈਸਵੀ ਵਿਚ ਅੰਮ੍ਰਿਤਸਰ ਸਰੋਵਰ ਦੀ ਖੁਦਾਈ ਸ਼ੁਰੂ ਹੋ ਗਈ। ਸੰਨ 1581 ਈਸਵੀ ਤੱਕ ਇਹ ਸਰੋਵਰ ਤਿਆਰ ਹੋ ਗਿਆ। ਇਸੇ ਸਾਲ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਜੋਤੀ ਜੋਤਿ ਸਮਾ ਗਏ। ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਨੇ ਇਸ ਸਰੋਵਰ ਨੂੰ ਪੱਕਿਆਂ ਕੀਤਾ ਤੇ ਇਸ ਦੇ ਨਾਲ ਹੀ ਸੰਤੋਖਸਰ ਸਰੋਵਰ ਵੀ ਤਿਆਰ ਕਰਵਾ ਲਿਆ। ਸੰਨ 1587 ਈਸਵੀ ਵਿਚ ਦੋਵੇਂ ਸਰੋਵਰ ਤਿਆਰ ਹੋ ਚੁੱਕੇ ਸਨ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਅੰਮ੍ਰਿਤਸਰ ਸਰੋਵਰ ਦੇ ਵਿਚਕਾਰ ਸ੍ਰੀ ਹਰਿਮੰਦਰ (ਦਰਬਾਰ ਸਾਹਿਬ) ਦੀ ਨੀਂਹ ਰੱਖੀ। ਇਤਿਹਾਸ ਅਨੁਸਾਰ ਸੂਫੀ ਫਕੀਰ ਸਾਂਈ ਮੀਆਂ ਮੀਰ ਪਾਸੋਂ ਇਹ ਨੀਂਹ ਰੱਖਵਾਈ ਗਈ ਤੇ ਇੰਝ ਰੂਹਾਨੀ ਸਾਂਝਾਂ ਪ੍ਰਗਟ ਹੋਈਆਂ। ਸੰਨ 1601 ਈਸਵੀ ਤੱਕ ਸ੍ਰੀ ਦਰਬਾਰ ਸਾਹਿਬ ਪੂਰੀ ਤਰ੍ਹਾਂ ਤਿਆਰ ਹੋ ਚੁੱਕਾ ਸੀ। ਇਸੇ ਨਗਰ ਵਿਚ ਗੁਰਦੁਆਰਾ ਰਾਮਸਰ ਸਾਹਿਬ ਦੇ ਮੁਕਾਮ 'ਤੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਆਦਿ ਬੀੜ 31 ਜੁਲਾਈ, 1604 ਈਸਵੀ ਦੇ ਦਿਨ ਤਿਆਰ ਹੋਈ ਅਤੇ 16 ਅਗਸਤ, 1604 ਈਸਵੀ ਵਾਲੇ ਦਿਨ ਇਸ ਦਾ ਪ੍ਰਕਾਸ਼ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਚ ਕੀਤਾ ਗਿਆ। ਬਾਬਾ ਬੁੱਢਾ ਜੀ ਪਹਿਲੇ ਗਰੰਥੀ ਥਾਪੇ ਗਏ।

ਜੁਲਾਈ, ਸੰਨ 1609 ਵਿਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸ੍ਰੀ ਦਰਬਾਰ ਸਾਹਿਬ ਦੇ ਸਾਹਮਣੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਨੀਂਹ ਰੱਖੀ।



Scanned with CamScanner

ਗੁਰੂ ਸਾਹਿਬ ਨੇ ਮੀਰੀ ਅਤੇ ਪੀਰੀ ਦੀਆਂ ਦੋ ਕਿਰਪਾਨਾਂ ਪਹਿਨ ਕੇ ਮੀਰੀ ਪੀਰੀ ਇਕ ਹੋਣ ਦਾ ਐਲਾਨ ਵੀ ਕੀਤਾ ਤੇ ਦੋ ਨਿਸ਼ਾਨ ਸਾਹਿਬ ਵੀ ਝੁਲਾਏ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਇਥੇ ਸੰਨ 1612 ਈਸਵੀ (ਇਕ ਸੋਮੇ ਮੁਤਾਬਿਕ 1610) ਤੱਕ ਰਹੇ। ਇਸ ਮਗਰੋਂ ਆਪ ਗਵਾਲੀਅਰ, ਗੋਇੰਦਵਾਲ, ਡਰੌਲੀ ਭਾਈ ਤੇ ਅੰਮ੍ਰਿਤਸਰ ਵਿਚ ਵੱਖ-ਵੱਖ ਸਮੇਂ ਤੇ ਰਹੇ। 14 ਅਪ੍ਰੈਲ, ਸੰਨ 1634 ਈਸਵੀ ਦੇ ਦਿਨ ਮੁਰਤਜ਼ਾ ਖਾਂ ਦੀ ਅਗਵਾਈ ਹੇਠ ਮੁਗਲਾਂ ਨੇ ਇਥੇ ਹਮਲਾ ਕਰ ਦਿੱਤਾ ਪਰ ਬੁਰੀ ਤਰ੍ਹਾਂ ਹਾਰ ਖਾਧੀ। ਸੰਨ 1635 ਈਸਵੀ ਤੋਂ ਸੰਨ 1696 ਈਸਵੀ ਤੱਕ ਸ੍ਰੀ ਦਰਬਾਰ ਸਾਹਿਬ ਦੀ ਸੇਵਾ ਸੰਭਾਲ ਮਿਹਰਬਾਨ (ਪੁੱਤਰ, ਬਾਬਾ ਪ੍ਰਿਥੀ ਚੰਦ) ਤੇ ਉਸ ਦੇ ਟੱਬਰ ਕੋਲ ਰਹੀ। ਮਈ, 1698 ਈਸਵੀ ਵਿਚ ਭਾਈ ਮਨੀ ਸਿੰਘ ਇਥੋਂ ਦੇ ਮੁੱਖ ਸੇਵਾਦਾਰ ਬਣ ਕੇ ਆਏ ਤੇ ਕੁਝ ਵਕਫੇ ਤੋਂ ਬਿਨਾਂ ਸੰਨ 1734 ਈਸਵੀ ਤੱਕ ਸੇਵਾ ਕਰਦੇ ਰਹੇ। ਇਸ ਦੌਰਾਨ ਅਪ੍ਰੈਲ, 1709 ਈਸਵੀ ਵਿਚ ਮੁਗਲਾਂ ਨੇ ਅੰਮ੍ਰਿਤਸਰ ਸਾਹਿਬ 'ਤੇ ਦੋ ਹਮਲੇ ਕੀਤੇ ਪਰ ਬੁਰੀ ਤਰ੍ਹਾਂ ਪਛਾੜੇ ਗਏ।

ਬਾਬਾ ਬੰਦਾ ਸਿੰਘ ਬਹਾਦਰ ਦੀ ਚੜ੍ਹਤ ਵੇਲੇ ਬਾਦਸ਼ਾਹ ਬਹਾਦਰ ਸ਼ਾਹ ਨੇ ਅਜੀਤ ਸਿੰਘ ਪਾਲਿਤ ਨੂੰ ਬੰਦਾ ਸਿੰਘ ਦੇ ਖਿਲਾਫ਼ ਵਰਤਣ ਵਾਸਤੇ 30 ਦਸੰਬਰ, 1711 ਈਸਵੀ ਦੇ ਦਿਨ ਅੰਮ੍ਰਿਤਸਰ ਸਾਹਿਬ ਦਾ ਚਾਰਜ ਦੇ ਦਿੱਤਾ। ਫਰਵਰੀ, 1712 ਈਸਵੀ ਵਿਚ ਬਹਾਦਰ ਸ਼ਾਹ ਦੀ ਮੌਤ ਮਗਰੋਂ ਅਜੀਤ ਸਿੰਘ ਪਾਲਿਤ ਫੇਰ ਦਿੱਲੀ ਚਲਾ ਗਿਆ। ਇਸ ਤੋਂ ਬਾਅਦ ਫੇਰ ਫਰੁੱਖ਼ਸੀਅਰ ਦੇ ਜ਼ੁਲਮ ਦਾ ਦੌਰ ਚੱਲ ਪਿਆ। ਜਦੋਂ ਕੁਝ ਠੱਲ੍ਹ ਪਈ ਤਾਂ ਸੰਨ 1721 ਈਸਵੀ ਵਿਚ ਭਾਈ ਮਨੀ ਸਿੰਘ ਫੇਰ ਅੰਮ੍ਰਿਤਸਰ ਆ ਗਏ।

ਅਕਤੂਬਰ, ਸੰਨ 1734 ਈਸਵੀ ਵਿਚ ਭਾਈ ਮਨੀ ਸਿੰਘ ਨੇ ਮੁਗਲ ਗਵਰਨਰ ਤੋਂ ਦੀਵਾਲੀ ਦੇ ਮੌਕੇ 'ਤੇ ਇਕੱਠ ਕਰਨ ਦੀ ਇਜਾਜ਼ਤ ਮੰਗੀ। ਪੰਜ ਹਜ਼ਾਰ ਰੁਪਏ ਦੇ ਮਾਲੀਏ ਦੀ ਸ਼ਰਤ 'ਤੇ ਇਸ ਦੀ ਇਜਾਜ਼ਤ ਦਿੱਤੀ ਗਈ। ਦੂਜੇ ਪਾਸੇ ਸਰਕਾਰ ਨੇ ਇਸ ਮੌਕੇ ਤੇ ਸਿੱਖਾਂ ਦਾ ਕਤਲੇਆਮ ਕਰਨ ਦੀ ਸਾਜ਼ਿਸ ਰਚ ਲਈ। ਸਿੱਖਾਂ ਨੂੰ ਆਉਣ ਤੋਂ ਭਾਈ ਮਨੀ ਸਿੰਘ ਨੇ ਰੋਕ ਦਿੱਤਾ। ਫਿਰ ਵੀ ਕਾਫੀ ਸੰਗਤ ਆ ਗਈ। ਭਾਈ ਮਨੀ ਸਿੰਘ ਨੇ ਮਾਲੀਆ ਦੇਣ ਦਾ ਕਾਰਨ ਪੁਛਿਆ। ਮੁਗਲ ਗਵਰਨਰ ਤਾਂ ਪਹਿਲੋਂ ਹੀ ਬਹਾਨਾ ਲੱਭ ਰਿਹਾ ਸੀ। ਉਸ ਨੇ ਭਾਈ ਮਨੀ ਸਿੰਘ ਅਤੇ ਉਹਨਾਂ ਦੇ ਦਰਜਨ ਦੇ ਕਰੀਬ ਰਿਸ਼ਤੇਦਾਰ ਤੇ ਸਾਥੀ ਗ੍ਰਿਫ਼ਤਾਰ ਕਰਕੇ ਲਾਹੌਰ ਵਿਚ ਤਸੀਹੇ ਦੇ ਦੇ ਕੇ ਸ਼ਹੀਦ ਕਰ ਦਿੱਤੇ।

ਸੰਨ 1740 ਈਸਵੀ ਵਿਚ ਮੁਗਲ ਸਰਕਾਰ ਨੇ ਅੰਮ੍ਰਿਤਸਰ ਸਾਹਿਬ ਤੇ



Scanned with CamScanner

ਕਬਜ਼ਾ ਕਰਕੇ ਇਕ ਬਦਮਾਸ਼ ਤੇ ਅੱਯਾਸ਼ ਮੱਸਾ ਰੰਘੜ ਨੂੰ ਇਥੇ ਬਿਠਾ ਦਿੱਤਾ। ਉਸ ਨੇ ਇਸ ਜਗ੍ਹਾ ਤੇ ਬੇਹੁਰਮਤੀ ਦੀਆਂ ਘਟੀਆਂ ਕਾਰਵਾਈਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ। 11 ਅਗਸਤ, 1740 ਈਸਵੀ ਦੇ ਦਿਨ ਭਾਈ ਸੁੱਖਾ ਸਿੰਘ ਤੇ ਭਾਈ ਮਹਿਤਾਬ ਸਿੰਘ ਨੇ ਬੀਕਾਨੇਰ ਤੋਂ ਆ ਕੇ ਮੱਸਾ ਰੰਘੜ ਦਾ ਸਿਰ ਵੱਢਿਆ ਅਤੇ ਸਿੱਖ ਸੰਗਤਾਂ ਅੱਗੇ ਆ ਪੇਸ਼ ਕੀਤਾ। 1757 ਈਸਵੀ ਵਿਚ ਅਫਗਾਨ ਫੌਜ ਨੇ ਅੰਮ੍ਰਿਤਸਰ ਸਾਹਿਬ ਤੇ ਕਬਜ਼ਾ ਕਰਕੇ ਇਥੇ ਬੇਹੁਰਮਤੀ ਕੀਤੀ ਤਾਂ ਬਾਬਾ ਦੀਪ ਸਿੰਘ ਦੀ ਅਗਵਾਈ ਵਿਚ ਸਿੰਘਾਂ ਨੇ ਅਫਗਾਨ ਫੌਜਾਂ ਨਾਲ ਲੋਹਾ ਲਿਆ। 11 ਨਵੰਬਰ, 1757 ਈਸਵੀ ਦੇ ਦਿਨ ਗਹਿਗਚ ਲੜਾਈ ਵਿਚ ਬਾਬਾ ਦੀਪ ਸਿੰਘ ਵੀ ਸ਼ਹੀਦ ਹੋਏ। ਅਫਗਾਨ ਫੌਜਾਂ ਨੇ ਦਰਬਾਰ ਸਾਹਿਬ ਢਾਹ ਦਿੱਤਾ। ਇਸ ਮਗਰੋਂ ਸਿੱਖਾਂ ਨੇ ਫੇਰ ਗੁਰਦੁਆਰਾ ਬਣਾ ਲਿਆ।

1762 ਈਸਵੀ ਵਿਚ ਅਹਿਮਦ ਸ਼ਾਹ ਦੁਰਾਨੀ ਨੇ ਫੇਰ ਦਰਬਾਰ ਸਾਹਿਬ ਤੇ ਹਮਲਾ ਕੀਤਾ ਅਤੇ ਇਸ ਨੂੰ ਬਾਰੂਦ ਨਾਲ ਉਡਵਾ ਦਿੱਤਾ। 16 ਨਵੰਬਰ, 1762 ਈਸਵੀ ਦੇ ਦਿਨ ਅੰਮ੍ਰਿਤਸਰ ਸਾਹਿਬ ਦੇ ਬਾਹਰ ਸਿੱਖਾਂ ਨੇ ਅਹਿਮਦ ਸ਼ਾਹ ਦੁਰਾਨੀ ਦੀ ਵੱਡੀ ਫੌਜ ਨੂੰ ਬੁਰੀ ਤਰ੍ਹਾਂ ਹਰਾਇਆ। ਪਹਿਲੀ ਦਸੰਬਰ, 1764 ਈਸਵੀ ਦੇ ਦਿਨ ਫੇਰ ਅਬਦਾਲੀ ਦੀਆਂ ਫੌਜਾਂ ਹਮਲਾਵਰ ਬਣ ਕੇ ਆਈਆਂ। ਜਥੇਦਾਰ ਗੁਰਬਖਸ਼ ਸਿੰਘ ਦੀ ਅਗਵਾਈ ਵਿਚ 30 ਸਿੰਘਾਂ ਨੇ ਸੈਂਕੜੇ ਅਫ਼ਗਾਨ ਮਾਰ ਕੇ ਸ਼ਹੀਦੀਆਂ ਹਾਸਲ ਕੀਤੀਆਂ।

1765 ਈਸਵੀ ਵਿਚ ਸਰਦਾਰ ਜੱਸਾ ਸਿੰਘ ਦੀ ਅਗਵਾਈ ਵਿਚ ਸ੍ਰੀ ਦਰਬਾਰ ਸਾਹਿਬ ਦੀ ਮੁੜ ਉਸਾਰੀ ਸ਼ੁਰੂ ਕਰਵਾਈ ਗਈ। 1776 ਈਸਵੀ ਤੱਕ ਇਸ ਦਾ ਕੇਂਦਰੀ ਹਿੱਸਾ ਤਿਆਰ ਹੋ ਚੁੱਕਾ ਸੀ। 1830 ਈਸਵੀ ਵਿਚ ਮਹਾਰਾਜਾ ਰਣਜੀਤ ਸਿੰਘ ਤੇ ਹੋਰ ਸਿੱਖਾਂ ਨੇ ਦਰਬਾਰ ਸਾਹਿਬ 'ਤੇ ਸੋਨੇ ਦਾ ਪੱਤਰ ਚੜ੍ਹਵਾਇਆ।

1845-46 ਈਸਵੀ ਦੀ ਲੜਾਈ ਤੋਂ ਬਾਅਦ ਲਾਹੌਰ 'ਚ ਬ੍ਰਿਟਿਸ਼ ਰੈਜ਼ੀਡੈਂਟ ਰਹਿਣ ਲੱਗ ਪਿਆ ਤੇ ਉਹ ਅੰਮ੍ਰਿਤਸਰ ਵੀ ਅਕਸਰ ਆਉਣ ਲੱਗ ਪਿਆ। 24 ਮਾਰਚ, 1847 ਈਸਵੀ ਦੇ ਦਿਨ ਉਸ ਨੇ ਇਕ ਚਿੱਠੀ ਜਾਰੀ ਕਰਕੇ ਬਰਤਾਨਵੀ ਅਫਸਰਾਂ ਨੂੰ ਹਿਦਾਇਤ ਕੀਤੀ ਕਿ ਅੰਮ੍ਰਿਤਸਰ ਸ਼ਹਿਰ 'ਚ ਦਾਖਲ ਹੋਣ ਸਮੇਂ ਇਸ ਪਵਿੱਤਰ ਸ਼ਹਿਰ ਦੀ ਮਰਿਆਦਾ 'ਤੇ ਅਮਲ ਕੀਤਾ ਜਾਏ। 1849 ਈਸਵੀ ਵਿਚ ਪੰਜਾਬ ਨੂੰ ਅੰਗਰੇਜ਼ਾਂ ਨੇ ਆਪਣੀ ਹਕੂਮਤ ਵਿਚ ਪੂਰੀ ਤਰ੍ਹਾਂ ਸ਼ਾਮਿਲ ਕਰ ਲਿਆ। 1858 ਈਸਵੀ ਵਿਚ ਅੰਮ੍ਰਿਤਸਰ ਵਿਚ ਮਿਉਂਸਿਪਲ ਕਮੇਟੀ ਕਾਇਮ ਕਰ ਦਿੱਤੀ ਗਈ। 1862 ਈਸਵੀ ਵਿਚ



Scanned with CamScanner

ਅੰਮ੍ਰਿਤਸਰ ਤੇ ਲਾਹੌਰ 'ਚ ਗੱਡੀ ਚੱਲਣ ਲੱਗ ਪਈ। 1892 ਈਸਵੀ ਵਿਚ ਇਥੇ ਖਾਲਸਾ ਕਾਲਜ ਬਣ ਗਿਆ। (ਸੰਨ 1969 ਈਸਵੀ ਵਿਚ ਇਥੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੀ ਬਣ ਗਈ।)

1879 ਈਸਵੀ ਵਿਚ ਏਥੇ ਸਿੰਘ ਸਭਾ ਕਾਇਮ ਹੋ ਚੁੱਕੀ ਸੀ। 1902 ਈਸਵੀ ਵਿਚ ਇਥੇ ਹੀ ਚੀਫ਼ ਖਾਲਸਾ ਦੀਵਾਨ ਕਾਇਮ ਹੋਇਆ। 1919 ਈਸਵੀ ਦੀ 13 ਅਪ੍ਰੈਲ ਨੂੰ ਜ਼ਲ੍ਹਿਆਂ ਵਾਲੇ ਬਾਗ ਵਿਚ ਜਨਰਲ ਉਡਵਾਇਰ ਨੇ ਗੋਲੀ ਚਲਾ ਕੇ 379 ਬੰਦੇ ਮਾਰ ਦਿੱਤੇ। ਇਸੇ ਸਾਲ ਦੇ ਅਖੀਰ ਵਿਚ ਏਥੇ ਸਿੱਖ ਲੀਗ ਕਾਇਮ ਹੋਈ। 12 ਅਕਤੂਬਰ, 1920 ਈਸਵੀ ਨੂੰ ਸਿੱਖਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ੍ਰੀ ਦਰਬਾਰ ਸਾਹਿਬ ਨੂੰ ਆਜ਼ਾਦ ਕਰਵਾ ਲਿਆ। 15-16 ਨਵੰਬਰ, 1920 ਈਸਵੀ ਦੇ ਦਿਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ 14 ਦਸੰਬਰ, 1920 ਈਸਵੀ ਦੇ ਦਿਨ ਸ਼੍ਰੋਮਣੀ ਅਕਾਲੀ ਦਲ ਵੀ ਇਥੇ ਹੀ ਕਾਇਮ ਹੋਇਆ। ਅੰਮ੍ਰਿਤਸਰ ਸਾਹਿਬ ਵਿਚ ਬਹੁਤ ਸਾਰੇ ਪੰਥਕ ਮੋਰਚੇ ਵੀ ਲੱਗੇ ਜਿਵੇਂ 1920-25 ਈਸਵੀ ਤੱਕ ਗੁਰਦੁਆਰਾ ਸੁਧਾਰ ਲਹਿਰ (ਚਾਬੀਆਂ ਦਾ ਮੋਰਚਾ, ਗੁਰੂ ਦਾ ਬਾਗ ਮੋਰਚਾ, ਗੰਗਸਰ ਜੈਤੋ ਮੋਰਚਾ ਵਗੈਰਾ), ਪੰਜਾਬੀ ਸੂਬਾ ਮੋਰਚਾ (1955 ਅਤੇ 1960), ਸ: ਦਰਸ਼ਨ ਸਿੰਘ ਫੇਰੂਮਾਨ ਦਾ ਮਰਨ ਵਰਤ (1969), ਧਰਮ ਯੁੱਧ ਮੋਰਚਾ (1982-84) ਵਗੈਰਾ। ਸ੍ਰੀ ਅੰਮ੍ਰਿਤਸਰ ਸਾਹਿਬ, ਗੁਰੂ ਸਾਹਿਬ ਨੇ ਆਪਣੇ ਹੱਥੀਂ ਬਣਾਇਆ ਸੀ। ਇਸ ਸ਼ਹਿਰ ਦਾ ਜ਼ੱਰਾ-ਜ਼ੱਰਾ ਸਿੱਖ ਸ਼ਹੀਦਾਂ ਦੇ ਖ਼ੂਨ ਵਿਚ ਸਿੰਜਿਆ ਹੋਇਆ ਹੈ। ਗੁਰੂ ਸਾਹਿਬ ਤੇ ਸਿੰਘਾਂ ਦੀ ਹੱਥੀਂ ਕੀਤੀ ਸੇਵਾ ਨਾਲ ਬਣੇ ਇਸ ਸ਼ਹਿਰ ਵਿਚ ਬਹੁਤ ਸਾਰੇ ਗੁਰਦੁਆਰੇ ਅਤੇ ਯਾਦਗਾਰਾਂ ਹਨ :

**ਪੰਜ ਸਰੋਵਰ :** (1) ਅੰਮ੍ਰਿਤਸਰ, (2) ਸੰਤੋਖਸਰ, (3) ਰਾਮਸਰ, (4) ਕੌਲਸਰ ਅਤੇ (5) ਬਿਬੇਕਸਰ।

ਇਥੇ ਲੱਗ-ਭਗ 12-13 ਵੱਡੇ ਇਤਿਹਾਸਕ ਗੁਰਦੁਆਰੇ ਸਥਿਤ ਹਨ ਜਿਨ੍ਹਾਂ ਦਾ ਸਬੰਧ ਗੁਰੂ ਸਾਹਿਬ ਦੇ ਰਹਿਣ, ਆਉਣ ਜਾਂ ਉਨ੍ਹਾਂ ਦੇ ਕੌਤਕਾਂ ਨਾਲ ਹੈ। ਸਿੱਖ ਪੰਥ ਦਾ ਸਭ ਤੋਂ ਪਹਿਲਾ ਤਖ਼ਤ ਸ੍ਰੀ ਅਕਾਲ ਤਖ਼ਤ ਸਾਹਿਬ (1609 ਈਸਵੀ) ਵੀ ਇਸੇ ਸ਼ਹਿਰ ਵਿਚ ਹੀ ਹੈ। ਇਸ ਤੋਂ ਇਲਾਵਾ ਸ਼ਹਿਰ ਵਿਚ ਘੱਟ ਤੋਂ ਘੱਟ 69 ਬੁੰਗੇ ਵੀ ਸਨ। ਇਨ੍ਹਾਂ ਵਿਚੋਂ ਕਈ ਤਾਂ ਅਜੇ ਵੀ ਕਾਇਮ ਹਨ। ਸ਼੍ਰੋਮਣੀ ਅਕਾਲ ਦਲ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਚੀਫ਼ ਖਾਲਸਾ ਦੀਵਾਨ ਦੇ ਦਫਤਰ ਵੀ ਇਥੇ ਹਨ। ਭਗਤ ਪੂਰਨ ਸਿੰਘ ਦੁਆਰਾ ਸਥਾਪਤ ਪਿੰਗਲਵਾੜਾ ਵੀ ਇਸੇ ਸ਼ਹਿਰ ਵਿਚ ਹੈ।



Scanned with CamScanner

# ਵੱਡਾ ਘੱਲੂਘਾਰਾ

ਇਹ ਘੱਲੂਘਾਰਾ ਸੰਨ 1762 ਈ: ਵਿਚ ਵਾਪਰਿਆ, ਜਦ ਅਹਿਮਦ ਸ਼ਾਹ ਅਬਦਾਲੀ ਨੇ ਹਜ਼ਾਰਾਂ ਸਿੱਖ ਪਰਿਵਾਰਾਂ ਤੇ ਚਾਰੇ ਪਾਸਿਓਂ ਘੇਰਾ ਪਾ ਕੇ ਅਚਾਨਕ ਹਮਲਾ ਕੀਤਾ। ਇਸ ਵਿਚ ਦਸ ਹਜ਼ਾਰ ਤੋਂ ਵੱਧ ਗਿਣਤੀ ਵਿਚ ਸਿੰਘ ਸ਼ਹੀਦ ਹੋਏ। ਇਹ ਘੱਲੂਘਾਰਾ ਮਲੇਰਕੋਟਲੇ ਦੇ ਕੋਲ ਕੁਪਰਹੀੜ ਨਾਮਕ ਸਥਾਨ 'ਤੇ ਵਾਪਰਿਆ।। ਇਸ ਵਿਚ ਕੋਈ ਵਿਰਲਾ ਸਿੰਘ ਹੀ ਬਚ ਸਕਿਆ ਪਰ ਕੌਮ ਦੀ ਚੜ੍ਹਦੀ ਕਲਾ ਤੇ ਦ੍ਰਿੜ੍ਹਤਾ ਦਾ ਅਨੁਮਾਨ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਕਿਸੇ ਇਕ ਨੇ ਵੀ ਹਥਿਆਰ ਨਹੀਂ ਸੁੱਟੇ, ਈਨ ਨਹੀਂ ਮੰਨੀ ਤੇ ਅਬਦਾਲੀ ਕੋਲ ਜਾਨ ਬਖਸ਼ੀ ਲਈ ਤਰਲੇ ਨਹੀਂ ਕੀਤੇ ਸਗੋਂ ਸਿਰ 'ਤੇ ਆ ਬਣੀ ਭੀੜ ਸਮੇਂ ਵੀ ਲੜਦੇ-ਲੜਦੇ ਸ਼ਹੀਦ ਹੋ ਗਏ ਅਤੇ ਨਵਾਂ ਇਤਿਹਾਸ ਸਿਰਜ ਗਏ।

# ਛੋਟਾ ਘੱਲੂਘਾਰਾ

ਛੋਟਾ ਘੱਲੂਘਾਰਾ ਸਿੱਖਾਂ ਦੀ ਸਮੂਹਕ ਕੁਰਬਾਨੀ ਤੇ ਇਕੱਠੇ ਆਪਾ ਵਾਰਨ ਦੀ ਘਟਨਾ ਹੈ, ਜਿਸ ਵਿਚ ਸੱਤ ਹਜ਼ਾਰ ਤੋਂ ਵੱਧ ਸਿੰਘ ਸ਼ਹੀਦ ਹੋਏ। ਇਹ ਘੱਲੂਘਾਰਾ ਗੁਰਦਾਸਪੁਰ ਜ਼ਿਲ੍ਹੇ ਦੇ ਕਾਹਨੂੰਵਾਨ ਨਾਮਕ ਸਥਾਨ 'ਤੇ ਸੰਨ 1746 ਈਸਵੀ ਵਿਚ ਹੋਇਆ। ਸਿੱਖਾਂ ਤੇ ਇਹ ਹਮਲਾ ਜ਼ਕਰੀਆ ਖਾਨ ਦੇ ਪੁੱਤਰ ਯਾਹੀਆ ਖਾਨ ਅਤੇ ਲਖਪਤ ਰਾਏ ਨੇ ਮਿਲ ਕੇ ਕੀਤਾ। ਇਨ੍ਹਾਂ ਦਿਨਾਂ ਵਿਚ ਹਜ਼ਾਰਾਂ ਸਿੰਘ ਕਾਹਨੂੰਵਾਨ ਦੇ ਛੰਭ (ਜੰਗਲ) ਵਿਚ ਠਹਿਰੇ ਹੋਏ ਸਨ। ਲਖਪਤ ਰਾਏ ਨੇ ਕਾਹਨੂੰਵਾਨ ਦੇ ਛੰਭ ਨੂੰ ਅੱਗ ਲਗਵਾ ਦਿੱਤੀ, ਜਿਸ ਕਾਰਨ ਸਿੰਘ ਇਥੋਂ ਨਿਕਲ ਕੇ ਰਾਵੀ ਟੱਪ ਗਏ ਅਤੇ ਕਠੂਏ ਵੱਲ ਚਲੇ ਗਏ। ਵੈਰੀ ਨੇ ਭੁੱਖੇ ਭਾਣੇ ਅਤੇ ਨਿਹੱਥੇ ਸਿੰਘਾਂ ਦੇ ਟੋਲੇ ਤੇ ਚਾਰੇ ਪਾਸਿਓਂ ਹਮਲਾ ਕਰ ਦਿੱਤਾ ਅਤੇ ਉਹਨ੍ਹਾਂ ਨੂੰ ਸ਼ਹੀਦ ਕਰ ਦਿੱਤਾ।

# ਪੰਜ ਪਿਆਰੇ

30 ਮਾਰਚ, ਸੰਨ 1699 ਈ: ਦੀ ਵਿਸਾਖੀ ਵਾਲੇ ਦਿਨ ਤਖਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਵਾਲੇ ਸਥਾਨ 'ਤੇ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਦੇ ਭਾਰੀ ਇਕੱਠ ਵਿਚੋਂ ਪੰਜ ਸਿੰਘਾਂ ਦੀ ਪਰਖ ਕਰਕੇ ਉਨ੍ਹਾਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ (ਪਾਹੁਲ) ਛਕਾਇਆ ਤੇ ਫਿਰ ਆਪ ਉਨ੍ਹਾਂ ਤੋਂ ਖੰਡੇ ਦੀ ਪਾਹੁਲ ਪ੍ਰਾਪਤ ਕਰਕੇ ਸਿੰਘ ਸਜੇ ਅਤੇ ਗੋਬਿੰਦ ਰਾਏ



Scanned with CamScanner

ਤੋਂ ਗੋਬਿੰਦ ਸਿੰਘ ਬਣੇ। ਪਹਿਲੇ ਨਿੱਤਰੇ ਪੰਜਾਂ ਸਿੰਘਾਂ ਨੂੰ ਗੁਰੂ ਸਾਹਿਬ ਜੀ ਨੇ ਪੰਜ ਪਿਆਰਿਆਂ ਦਾ ਖਿਤਾਬ ਦਿੱਤਾ। ਇਹ ਪਰਖ ਸਿੱਖ ਇਤਿਹਾਸ ਅਨੁਸਾਰ ਕਈ ਅੱਸੀ ਹਜ਼ਾਰ ਸਿੱਖਾਂ ਦੇ ਇਕੱਠ ਵਿਚੋਂ ਇੱਕ ਵਿਲੱਖਣ ਢੰਗ ਨਾਲ ਗੁਰੂ ਜੀ ਨੇ ਕੀਤੀ। ਅਚਾਨਕ ਗੁਰੂ ਜੀ ਨੇ ਨੇੜੇ ਹੀ ਲਗਾਏ ਗਏ ਇੱਕ ਤੰਬੂ ਵਿਚੋਂ ਨਿਕਲ ਕੇ ਉਚੀ ਆਵਾਜ ਵਿਚ ਇੱਕ ਸਿੱਖ ਦੇ ਸਿਰ ਦੀ ਮੰਗ ਕੀਤੀ। ਸਾਰੇ ਪਾਸੇ ਸੱਨਾਟਾ ਛਾ ਗਿਆ। ਕੁਝ ਪਲਾਂ ਬਾਅਦ ਭਾਈ ਦਯਾ ਸਿੰਘ ਜੀ, ਲਾਹੌਰ ਨਿਵਾਸੀ ਨੇ ਆਪਣਾ ਸਿਰ ਪੇਸ਼ ਕੀਤਾ। ਗੁਰੂ ਜੀ ਉਸ ਨੂੰ ਤੰਬੂ ਵਿਚ ਲੈ ਗਏ ਅਤੇ ਮੁੜ ਲਹੂ ਭਿੱਜੀ ਕਿਰਪਾਨ ਨਾਲ ਪੰਡਾਲ ਵਿਚ ਆਏ। ਗੁਰੂ ਜੀ ਨੇ ਇੱਕ ਹੋਰ ਸਿਰ ਦੀ ਮੰਗ ਕੀਤੀ। ਦੂਜੀ ਵਾਰ ਭਾਈ ਧਰਮ ਸਿੰਘ ਜੀ, ਦਿੱਲੀ ਨਿਵਾਸੀ ਉਠਿਆ ਅਤੇ ਗੁਰੂ ਸਾਹਿਬ ਜੀ ਪਾਸ ਜਾ ਕੇ ਆਪਣਾ ਸਿਰ ਪੇਸ਼ ਕਰ ਦਿੱਤਾ। ਗੁਰੂ ਜੀ ਫਿਰ ਉਸ ਨੂੰ ਵੀ ਤੰਬੂ ਵਿਚ ਲੈ ਗਏ। ਇਸ ਪ੍ਰਕਾਰ ਗੁਰੂ ਜੀ ਇਕੱਲੇ-ਇਕੱਲੇ ਸਿੱਖ ਨੂੰ ਅੰਦਰ ਲਿਜਾਂਦਿਆਂ ਤਿੰਨ ਹੋਰ ਸਿੱਖਾਂ ਦੇ ਸਿਰਾਂ ਦੀ ਮੰਗ ਕੀਤੀ। ਇਸ ਪ੍ਰਕਾਰ ਭਾਈ ਮੋਹਕਮ ਸਿੰਘ ਜੀ, ਦਵਾਰਕਾ ਨਿਵਾਸੀ, ਭਾਈ ਹਿੰਮਤ ਸਿੰਘ ਜੀ, ਜਗਨ ਨਾਥ ਪੁਰੀ ਨਿਵਾਸੀ ਅਤੇ ਪੰਜਵੀਂ ਵਾਰ ਭਾਈ ਸਾਹਿਬ ਸਿੰਘ ਜੀ, ਬਿਦਰ ਨਿਵਾਸੀ ਉਠੇ।

ਇਨ੍ਹਾਂ ਪੰਜਾਂ ਪਿਆਰਿਆਂ ਨਾਲ ਸਬੰਧਤ ਥੋੜ੍ਹੀ-ਥੋੜ੍ਹੀ ਜਾਣਕਾਰੀ ਹੇਠਾਂ ਦਰਜ਼ ਕੀਤੀ ਜਾਂਦੀ ਹੈ:

**ਭਾਈ ਦਇਆ ਸਿੰਘ ਜੀ :** ਆਪ ਜੀ ਦਾ ਜਨਮ ਲਾਹੌਰ (ਪੰਜਾਬ ਨਿਵਾਸੀ, ਹੁਣ ਪਾਕਿਸਤਾਨ ਵਿਚ), ਭਾਈ ਸੁਧੇ ਜੀ ਦੇ ਘਰ, ਮਾਤਾ ਦਿਆਲੀ ਜੀ ਦੀ ਕੁੱਖੋਂ ਸੰਨ 1669 ਈਸਵੀ ਨੂੰ ਹੋਇਆ। ਸੀਸ ਭੇਟ ਵੇਲੇ ਉਨ੍ਹਾਂ ਦੀ ਉਮਰ 30 ਸਾਲ ਦੀ ਸੀ। ਆਪ ਜੀ ਦਾ ਅਕਾਲ ਚਲਾਣਾ ਗੋਦਾਵਰੀ ਦੇ ਕਿਨਾਰੇ ਅਬਚਲ ਨਗਰ ਵਿਖੇ ਹੋਇਆ। ਆਪ ਪੰਜਾਂ ਪਿਆਰਿਆਂ ਦੇ ਜਥੇ ਦਾਰ ਸਨ।

**ਭਾਈ ਧਰਮ ਸਿੰਘ ਜੀ :** ਆਪ ਜੀ ਦਾ ਜਨਮ ਦਿੱਲੀ (ਹਸਤਨਾਪੁਰ) ਨਿਵਾਸੀ ਭਾਈ ਸੰਤ ਰਾਮ ਜੀ ਦੇ ਘਰ ਮਾਤਾ ਸਾਭੋ ਜੀ ਦੀ ਕੁੱਖੋਂ ਸੰਨ 1666 ਈਸਵੀ ਨੂੰ ਹੋਇਆ। ਭਾਈ ਸਾਹਿਬ ਹਸਤਨਾਪੁਰ ਤੋਂ ਨਾਨਕ ਪਿਆਓ (ਦਿੱਲੀ) ਭਾਈ ਵਿਸ਼ਨੂੰ ਜੀ ਦੇ ਕੋਲ ਆ ਗਏ ਸਨ। ਆਪ ਜੀ ਸੀਸ ਭੇਟ ਸਮੇਂ 33 ਸਾਲਾਂ ਦੇ ਸਨ। ਆਪ ਜੀ ਦਾ ਅਕਾਲ ਚਲਾਣਾ ਵੀ ਹਜ਼ੂਰ ਸਾਹਿਬ ਵਿਖੇ ਹੋਇਆ।

**ਭਾਈ ਹਿੰਮਤ ਸਿੰਘ ਜੀ :-** ਆਪ ਜੀ ਦਾ ਜਨਮ ਜਗਨ ਨਾਥ ਪੁਰੀ (ਉੜੀਸਾ) ਵਿਖੇ ਭਾਈ ਗੁਲਜ਼ਾਰੀ ਜੀ ਦੇ ਘਰ ਮਾਤਾ ਧੰਨੋ ਜੀ ਦੀ ਕੁੱਖੋਂ ਸੰਨ

1661 ਈਸਵੀ ਨੂੰ ਹੋਇਆ। ਸੀਸ ਭੇਟ ਵੇਲੇ ਉਨ੍ਹਾਂ ਦੀ ਉਮਰ 43 ਸਾਲ ਦੀ ਸੀ। ਆਪ ਜੀ ਦੀ ਸ਼ਹੀਦੀ ਚਮਕੌਰ ਸਾਹਿਬ ਵਿਖੇ ਸੰਨ 1704 ਈਸਵੀ ਨੂੰ ਹੋਈ।

**ਭਾਈ ਮੋਹਕਮ ਸਿੰਘ ਜੀ :** ਆਪ ਜੀ ਦਾ ਜਨਮ ਦੁਆਰਕਾ, ਸੌਰਾਸ਼ਟਰ (ਗੁਜਰਾਤ) ਨਿਵਾਸੀ ਭਾਈ ਤੀਰਥ ਚੰਦ ਜੀ ਦੇ ਘਰ, ਮਾਤਾ ਦੇਵਾਂ ਬਾਈ ਜੀ ਦੀ ਕੁੱਖੋਂ ਸੰਨ 1663 ਈਸਵੀ ਨੂੰ ਹੋਇਆ। ਸੀਸ ਭੇਟ ਵੇਲੇ ਉਨ੍ਹਾਂ ਦੀ ਉਮਰ 41 ਸਾਲ ਦੀ ਸੀ। ਸ਼ਹੀਦੀ ਚਮਕੌਰ ਸਾਹਿਬ ਵਿਖੇ ਸੰਨ 1704 ਈਸਵੀ ਨੂੰ ਹੋਈ।

**ਭਾਈ ਸਾਹਿਬ ਸਿੰਘ ਜੀ :** ਆਪ ਜੀ ਦਾ ਜਨਮ ਬਿਦਰ (ਆਂਧਰਾ) ਨਿਵਾਸੀ ਭਾਈ ਚਮਨੇ ਜੀ ਦੇ ਘਰ, ਮਾਤਾ ਸੋਨਾ ਬਾਈ ਜੀ ਦੀ ਕੁੱਖੋਂ ਸੰਨ 1662 ਈਸਵੀ ਨੂੰ ਹੋਇਆ। ਸੀਸ ਭੇਟ ਵੇਲੇ ਉਨ੍ਹਾਂ ਦੀ ਉਮਰ 42 ਸਾਲ ਦੀ ਸੀ।ਆਪ ਜੀ ਦੀ ਸ਼ਹੀਦੀ ਚਮਕੌਰ ਸਾਹਿਬ ਵਿਖੇ ਸੰਨ 1704 ਈਸਵੀ ਨੂੰ ਹੋਈ।

Scanned with CamScanner

## ਭਾਗ ੲ

# ਸਾਡਾ ਸਭਿਆਚਾਰ

Scanned with CamScanner

Scanned with CamScanner

## ਗੁਰੂ ਪੰਥ

ਤਿਆਰ-ਬਰ-ਤਿਆਰ ਸਿੰਘਾਂ ਦੇ ਸਮੁੱਚੇ ਸਮੂਹ ਨੂੰ 'ਗੁਰੂ ਪੰਥ' ਆਖਦੇ ਹਨ। ਇਸ ਦੀ ਤਿਆਰੀ ਦਸਾਂ ਗੁਰੂ ਸਾਹਿਬਾਨ ਨੇ ਕੀਤੀ ਅਤੇ ਦਸਮ ਗੁਰੂ ਜੀ ਨੇ ਇਸ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਗੁਰਿਆਈ ਸੌਂਪੀ।

ਪੰਥ, ਕੋਈ ਰਾਜਨੀਤਕ ਸੰਗਠਨ ਨਹੀਂ ਹੈ ਸਗੋਂ ਨਾਮ ਸਿਮਰਨ ਨਾਲ ਭਰਪੂਰ ਹੋਈਆਂ ਅੰਮ੍ਰਿਤਧਾਰੀ ਗੁਰਸਿੱਖ ਆਤਮਾਵਾਂ ਦਾ ਸਮੂਹ ਹੈ ਜਿਹੜਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਅਨੁਸਾਰ ਜੀਵਨ ਜਿਊਂਦਾ ਹੈ। ਇਹ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਆਨ ਅਤੇ ਸ਼ਾਨ ਲਈ ਆਪਾ ਕੁਰਬਾਨ ਕਰਨ ਲਈ ਹਰ ਦਮ ਤਿਆਰ ਰਹਿੰਦਾ ਹੈ ਅਤੇ ਗੁਰਮਤਿ ਸਿਧਾਂਤਾਂ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਯਤਨ ਕਰਦਾ ਹੈ। ਰਾਜਨੀਤਿਕ, ਸਮਾਜਿਕ, ਆਰਥਿਕ ਅਤੇ ਹੋਰ ਸੰਗਠਨ ਪੰਥ ਦੇ ਅਧੀਨ ਹੁੰਦੇ ਹਨ।

## ਪੰਜ ਕਕਾਰ

ਇੱਕ ਅੰਮ੍ਰਿਤਧਾਰੀ ਸਿੱਖ ਵਾਸਤੇ ਪੰਜ ਕਕਾਰ ਹਮੇਸ਼ਾਂ ਆਪਣੇ ਅੰਗ-ਸੰਗ ਰੱਖਣੇ ਲਾਜ਼ਮੀ ਹਨ। ਇਨ੍ਹਾਂ ਨੂੰ 'ਕਕਾਰ' ਇਸ ਕਰਕੇ ਕਹਿੰਦੇ ਹਨ ਕਿ ਇਹ ਪੰਜੇ ਸ਼ਬਦ ਅੱਖਰ 'ਕ' ਨਾਲ ਸ਼ੁਰੂ ਹੁੰਦੇ ਹਨ। ਇੱਕ ਸਿੱਖ ਇਨ੍ਹਾਂ ਪੰਜਾਂ ਕਕਾਰਾਂ ਵਿਚੋਂ ਕਿਸੇ ਇੱਕ ਨੂੰ ਵੀ ਆਪਣੇ ਤੋਂ ਕਦੇ ਅਲੱਗ ਨਹੀਂ ਕਰ ਸਕਦਾ ਤੇ ਇਹ ਸਾਰੀ ਜ਼ਿੰਦਗੀ ਆਪਣੇ ਨਾਲ ਰੱਖਣੇ ਹਨ। ਪੰਜ ਕਕਾਰ ਹੇਠ ਲਿਖੇ ਅਨੁਸਾਰ ਹਨ: -

1. ਕੇਸ : ਸਾਬਤ ਸੂਰਤ ਰਹਿਣਾ ਸਿੱਖੀ ਦਾ ਪ੍ਰਮੁੱਖ ਅੰਗ ਹੈ। ਇੱਕ ਸਿੱਖ ਵਾਸਤੇ ਸਭ ਤੋਂ ਪਹਿਲਾ ਲਾਜ਼ਮੀ ਕਕਾਰ 'ਕੇਸ' ਹਨ। ਸਿੱਖ ਆਪਣੇ ਸਰੀਰ ਦੇ ਕਿਸੇ ਵੀ ਹਿੱਸੇ ਤੋਂ ਕੋਈ ਵੀ ਰੋਮ (ਵਾਲ ਜਾਂ ਕੇਸ) ਅਲੱਗ ਨਹੀਂ ਕਰ ਸਕਦਾ। ਕੇਸ ਗੁਰੂ ਸਾਹਿਬ ਦੀ ਮੋਹਰ ਹਨ। ਕੇਸ ਗੁਰੂ ਦਾ ਹੁਕਮ ਹੈ, ਗੁਰੂ ਦੀ ਜ਼ਿੰਦਾ ਪਿਆਰ ਯਾਦ ਹੈ। ਕੇਸ ਕਟਾਉਣ ਵਾਲਾ ਸਿੱਖ ਪਤਿਤ ਅਖਵਾਉਂਦਾ ਹੈ। ਕੱਟੇ ਹੋਏ ਕੇਸਾਂ ਵਾਲਾ ਕੋਈ ਵੀ ਸ਼ਖਸ ਆਪਣੇ ਆਪ ਨੂੰ ਸਿੱਖ ਨੁਮਾਇੰਦਾ ਨਹੀਂ ਅਖਵਾ ਸਕਦਾ। ਕੇਸਕੀ ਕੇਸਾਂ ਦੇ ਅਦਬ ਅਤੇ ਉਨ੍ਹਾਂ ਦੀ ਸੰਭਾਲ ਵਾਸਤੇ ਬੰਨ੍ਹੀ ਜਾਂਦੀ ਹੈ। ਬਹੁਤ ਸਾਰੀਆਂ ਸਿੱਖ ਬੀਬੀਆਂ ਕੇਸਕੀ (ਦਸਤਾਰ) ਸਜਾਉਂਦੀਆਂ ਹਨ। ਭਾਵੇਂ ਚੁੰਨੀ/ਦੁਪੱਟਾ ਵੀ ਸਿੱਖ-ਲਿਬਾਸ ਵਿਚ ਮਨਜ਼ੂਰ ਹੈ। ਸਿੱਖਾਂ ਨੂੰ ਆਪਣੇ ਸਿਰ ਦੇ ਕੇਸ ਹਰ ਵੇਲੇ ਕੇਸਕੀ (ਦਸਤਾਰ) ਜਾਂ ਚੁੰਨੀ/ਦੁਪੱਟੇ ਨਾਲ ਢੱਕ ਕੇ ਰੱਖਣ ਦਾ ਆਦੇਸ਼ ਹੈ।



Scanned with CamScanner

2. ਕੰਘਾ : ਸਿੱਖਾਂ ਦਾ ਦੂਜਾ ਕਕਾਰ ਕੰਘਾ ਹੈ। ਇਹ ਆਮ ਕੰਘੀ ਨਾਲੋਂ ਵੱਖਰਾ ਹੁੰਦਾ ਹੈ। ਇਸ ਦੀ ਸ਼ਕਲ ਤੇ ਅੰਦਾਜ਼ ਬਾਕੀਆਂ ਤੋਂ ਅਲੱਗ ਕਿਸਮ ਦਾ ਹੁੰਦਾ ਹੈ। ਇਹ ਕੇਸਾਂ ਦੀ ਸੰਭਾਲ ਲਈ ਅਤੀ ਜ਼ਰੂਰੀ ਹੈ। ਇਹ ਲੱਕੜ ਦਾ ਬਣਿਆ ਹੁੰਦਾ ਹੈ, ਪਲਾਸਟਿਕ ਜਾਂ ਕਿਸੇ ਹੋਰ ਧਾਤ ਜਾਂ ਵਸਤ ਦਾ ਨਹੀਂ। ਸਿੱਖ ਨੂੰ ਹਦਾਇਤ ਹੈ ਕਿ ਉਹ ਸਵੇਰੇ ਤੇ ਸ਼ਾਮ ਭਾਵ ਦੋਵੇਂ ਵੇਲੇ ਕੰਘੇ ਨਾਲ ਆਪਣੇ ਕੇਸ ਵਾਹ ਕੇ ਜੂੜਾ ਕਰੇ ਅਤੇ ਦਸਤਾਰ ਸਜਾਵੇ।

3. ਕੜਾ : ਸਿੱਖ ਨੂੰ ਹੁਕਮ ਹੈ ਕਿ ਉਹ ਆਪਣੇ ਸੱਜੇ ਹੱਥ ਵਿਚ ਲੋਹੇ (ਸਰਬ ਲੋਹ) ਦਾ ਕੜਾ ਪਹਿਨੇ। ਹੱਥ ਵਿਚ ਪਾਇਆ ਕੜਾ ਇਨਸਾਨ ਵਲੋਂ ਕੀਤੇ ਜਾਣ ਵਾਲੇ ਗਲਤ ਕੰਮ ਨੂੰ ਰੋਕਣ ਵਾਸਤੇ ਇਸ਼ਾਰਾ ਕਰਦਾ ਹੈ ਅਤੇ ਚੰਗੇ ਕੰਮ ਕਰਨ ਦੀ ਚੇਤੰਨਤਾ ਜਗਾਉਂਦਾ ਹੈ।

4. ਕਛਹਿਰਾ : ਸਿੱਖ ਵਾਸਤੇ ਚੌਥਾ ਕਕਾਰ ਕਛਹਿਰਾ ਹੈ। ਇਹ ਆਮ ਕੱਛੇ ਜਾਂ ਜਾਂਘੀਏ ਤੋਂ ਵੱਖਰਾ ਹੁੰਦਾ ਹੈ। ਕਛਹਿਰਾ ਇੱਕ ਖਾਸ ਆਕਾਰ ਤੇ ਸ਼ਕਲ ਦਾ ਬਣਿਆ ਖੁੱਲ੍ਹਾ ਤੇ ਲੰਬਾ ਬਸਤਰ ਹੈ ਜੋ ਨੰਗੇਜ਼ ਨੂੰ ਪੂਰੀ ਤਰ੍ਹਾਂ ਢੱਕਦਾ ਹੈ। ਮਨੁੱਖ ਦਾ ਸਭਿਅਕ ਪਹਿਰਾਵਾ, ਉਸਨੂੰ ਸੱਭਿਅਕ ਸੱਚ ਨਾਲ ਜੋੜਦਾ ਹੈ। ਇਸ ਲਈ ਕਛਹਿਰੇ ਨੂੰ ਜਤ ਸਤ ਦੀ ਪਾਲਣਾ ਕਰਨ ਦਾ ਪ੍ਰਤੀਕ ਕਿਹਾ ਜਾਂਦਾ ਹੈ। ਇਹ ਸਿੱਖ ਨੂੰ ਆਚਰਣਕ ਗਲਤੀ ਕਰਨ ਤੋਂ ਰੋਕਦਾ ਹੈ।

5. ਕਿਰਪਾਨ : ਪੰਜਵਾਂ ਕਕਾਰ ਸਿੱਖ ਨੂੰ ਸ੍ਵੈ (ਆਪਣੇ ਆਪ) ਦੀ ਰੱਖਿਆ ਤੇ ਮਜ਼ਲੂਮ ਦੀ ਸੰਭਾਲ ਕਰਨ ਲਈ ਸ਼ਸਤਰ ਵਜੋਂ "ਕਿਰਪਾਨ" ਬਖਸ਼ਿਸ਼ ਕੀਤੀ ਗਈ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬੰਦੂਕ, ਤੋਪ, ਪਿਸਤੌਲ, ਖੰਡਾ, ਕਿਰਚ, ਗੁਰਜ ਵਗੈਰਾ ਨੂੰ ਨਹੀਂ ਸਗੋਂ ਕਿਰਪਾਨ (ਕਿਰਪਾ+ਆਨ) ਨੂੰ ਕਕਾਰ ਬਣਾਇਆ ਹੈ। ਸਿੱਖ ਨੂੰ ਆਪਣੀ ਆਨ ਵਾਸਤੇ ਤਲਵਾਰ ਚੁੱਕਣ ਦੀ ਇਜਾਜ਼ਤ ਹੈ ਪਰ ਇਸ ਦੀ ਵਰਤੋਂ ਤੋਂ ਪਹਿਲਾਂ ਕਿਰਪਾ (ਮਿਹਰ) ਕਰਨ ਦੀ ਕੋਸ਼ਿਸ਼ ਕਰਨੀ ਹੈ। ਸਿੱਖ ਦੀ ਕਿਰਪਾਨ ਹਮਲੇ ਵਾਸਤੇ ਨਹੀਂ ਬਲਕਿ ਹਿਫਾਜ਼ਤ (ਰੱਖਿਆ) ਵਾਸਤੇ ਉਠ ਸਕਦੀ ਹੈ। ਸਿੱਖ ਕਿਰਪਾਨ ਇਨਸਾਫ ਅਤੇ ਇਨਸਾਨੀ ਹੱਕਾਂ ਵਾਸਤੇ ਫਰਜ਼ ਦੀ ਨਿਸ਼ਾਨੀ ਹੈ।

ਸਿੱਖ ਨੇ ਹਰ ਸਮੇਂ ਇਹਨਾਂ ਕਕਾਰਾਂ ਦਾ ਧਾਰਨੀ ਰਹਿਣਾ ਹੈ।

## ਜੈਕਾਰਾ

ਸਿੱਖਾਂ ਦੇ ਹਰ ਪ੍ਰਕਾਰ ਦੇ ਧਾਰਮਿਕ ਦੀਵਾਨਾਂ, ਗੁਰਮਤਿ ਸਮਾਗਮਾਂ, ਘਰਾਂ ਵਿਚ ਅਤੇ ਗੁਰਦੁਆਰਾ ਸਾਹਿਬਾਨ ਵਿਖੇ ਰੋਜ਼ਾਨਾ ਦੇ ਨਿੱਤਨੇਮ ਪ੍ਰੋਗਰਾਮਾਂ



Scanned with CamScanner

ਦੀ ਸਮਾਪਤੀ ਸਮੇਂ ਅਰਦਾਸ ਤੋਂ ਬਾਅਦ ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ ਦੇ ਸ਼ਬਦ ਗਜਾਏ ਜਾਂਦੇ ਹਨ। ਇਸ ਬੋਲੇ ਨੂੰ ਜੈਕਾਰਾ ਕਿਹਾ ਜਾਂਦਾ ਹੈ। ਇਹ ਫਤਹਿ ਦਾ ਜੈਕਾਰਾ ਹੈ ਅਤੇ ਸੰਪੂਰਨਤਾ ਦੇ ਬੋਲ ਹਨ। ਇਸ ਦਾ ਅਰਥ ਹੈ ਕਿ ਜੋ ਹਮੇਸ਼ਾਂ ਇਹ ਬੋਲਦਾ ਹੈ ਕਿ ਪਰਮਾਤਮਾ ਹੀ ਸਦਾ ਥਿਰ ਰਹਿਣ ਵਾਲਾ ਹੈ, ਉਹ ਨਿਹਾਲ ਹੋ ਜਾਂਦਾ ਹੈ। ਇਸ ਨੂੰ ਸੌਖੇ ਅਰਥਾਂ ਵਿਚ ਇਸ ਪ੍ਰਕਾਰ ਵੀ ਲਿਆ ਜਾ ਸਕਦਾ ਹੈ ਕਿ ਜਿਹੜਾ ਵੀ ਇਸਤਰੀ ਜਾਂ ਪੁਰਸ਼ ਕੇਵਲ ਪਰਮਾਤਮਾ ਜੀ ਨੂੰ ਸੱਚ ਜਾਣਦਾ ਹੋਇਆ ਉਸਨੂੰ ਹਰ ਵੇਲੇ ਯਾਦ ਰੱਖਦਾ ਹੈ, ਉਹ ਹਰ ਸਮੇਂ ਖੁਸ਼ੀ ਮਹਿਸੂਸ ਕਰਦਾ ਰਹਿੰਦਾ ਹੈ। ਸਿੱਖਾਂ ਨੂੰ ਆਪਸ ਵਿਚ ਮਿਲਣ ਸਮੇਂ ਸਤਿ ਸ੍ਰੀ ਅਕਾਲ ਦੀ ਬਿਜਾਏ ਫਤਹਿ ਬਲਾਉਣੀ ਚਾਹੀਦੀ ਹੈ।

## ਫਤਹਿ

ਦੋ ਵਿਅਕਤੀਆਂ ਦੁਆਰਾ ਆਪਸ ਵਿਚ ਮਿਲਣ ਜਾਂ ਵਿਛੜਨ ਸਮੇਂ ਕੋਈ ਸ਼ਬਦ ਜਿਵੇਂ ਸਤਿ ਕਰਤਾਰ, ਨਮਸਕਾਰ, ਗੁੱਡ ਮੌਰਨਿੰਗ, ਗੁੱਡ ਬਾਏ, ਸਾਲ ਏਕਮ ਸਲਾਮ, ਰਾਮ-ਰਾਮ ਜਾਂ ਸਤਿ ਸ੍ਰੀ ਅਕਾਲ ਆਦਿ ਬੁਲਾਏ ਜਾਂਦੇ ਹਨ। ਇਸ ਨੂੰ ਸਿਸ਼ਟਾਚਾਰ ਦਾ ਅੰਗ ਸਮਝਿਆ ਜਾਂਦਾ ਹੈ। ਸਿੱਖ ਆਪਸ ਵਿਚ ਮਿਲਦੇ ਸਮੇਂ ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ ਬੁਲਾਉਂਦੇ ਹਨ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਹਨ ਕਿ ਸਿੱਖ ਆਪਸ ਵਿਚ ਮਿਲਣ ਸਮੇਂ ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ ਗਜਾਉਣ (ਬੁਲਾਉਣ)। ਇਸ ਦਾ ਅਰਥ ਹੈ ਕਿ ਖਾਲਸਾ ਅਤੇ ਜਿੱਤ ਉਸ ਅਕਾਲ ਪੁਰਖ ਵਾਹਿਗੁਰੂ ਜੀ ਦੀ ਹੈ। ਸਿੱਖ ਰਵਾਇਤਾਂ ਵਿਚ ਇਹ ਵੀ ਆਉਂਦਾ ਹੈ ਕਿ ਜਿਸ ਦੀ ਜ਼ਬਾਨ ਤੇ ਫਤਹਿ ਉਸ ਦੀ ਮੈਦਾਨ ਵਿਚ ਵੀ ਫਤਹਿ।

ਫਤਹਿ ਦਾ ਭਾਵ ਹੈ ਕਿ ਖਾਲਸਾ ਵਾਹਿਗੁਰੂ ਦੀ ਕ੍ਰਿਪਾ ਨਾਲ ਬਣਿਆ ਹੈ, ਨੇਕ ਕੰਮ ਕਰਦਾ ਹੈ ਤੇ ਜੋ ਪ੍ਰਾਪਤੀ ਹੁੰਦੀ ਹੈ, ਉਹ ਵੀ ਵਾਹਿਗੁਰੂ ਜੀ ਦੀ ਹੈ। ਪੁਰਾਤਨ ਗੁਰਸਿੱਖਾਂ ਦਾ ਇਹ ਵੀ ਵਿਸ਼ਵਾਸ ਰਿਹਾ ਹੈ ਕਿ ਹਰ ਪ੍ਰਕਾਰ ਦੀ ਮੁਸ਼ਕਲ ਸਮੇਂ ਜਾਂ ਢਹਿੰਦੀ ਕਲਾ ਦੇ ਵਿਚਾਰਾਂ ਨੂੰ ਮਨ ਵਿਚੋਂ ਕੱਢਣ ਲਈ ਗੱਜ ਕੇ ਫਤਹਿ ਗਜਾਈ ਜਾਵੇ। ਅਜਿਹਾ ਕਰਨ ਨਾਲ ਇੱਕ ਨਵੀਂ ਚੇਤਨਾ, ਨਵਾਂ ਅਹਿਸਾਸ ਅਤੇ ਉਤਸ਼ਾਹ ਪੈਦਾ ਹੁੰਦਾ ਹੈ ਅਤੇ ਦੁੱਖ ਆਦਿ ਭੁੱਲ ਜਾਂਦੇ ਹਨ। ਪਰਮਾਤਮਾ ਯਾਦ ਆ ਜਾਂਦਾ ਹੈ। ਇਸ ਪ੍ਰਕਾਰ ਇਹ ਫਤਹਿ ਚੜ੍ਹਦੀ ਕਲਾ ਦੀ ਪ੍ਰਤੀਕ ਵੀ ਹੈ।



Scanned with CamScanner

ਇਹ ਵੀ ਵੇਖਣ ਵਿਚ ਆਇਆ ਹੈ ਕਿ ਸਿੱਖਾਂ ਦੁਆਰਾ ਵੀ ਅਕਸਰ ਇੱਕ ਦੂਜੇ ਨੂੰ ਮਿਲਣ ਜਾਂ ਵਿਛੜਨ ਸਮੇਂ ਸਤਿ ਸ੍ਰੀ ਅਕਾਲ ਬੁਲਾਈ ਜਾਂਦੀ ਹੈ। ਅਸਲ ਵਿਚ ਇਹ ਸ਼ਬਦ ਬੋਲੇ ਸੋ ਨਿਹਾਲ ਦੇ ਜਵਾਬ ਵਜੋਂ ਵਰਤੇ ਜਾਂਦੇ ਹਨ ਅਤੇ ਸਿੱਖ, ਅਰਦਾਸ ਉਪਰੰਤ ਇਹ ਸ਼ਬਦ ਉਚਾਰਦੇ ਹਨ। ਇਸ ਨੂੰ ਜੈਕਾਰਾ ਕਿਹਾ ਜਾਂਦਾ ਹੈ, ਫਤਹਿ ਨਹੀਂ। ਇਸ ਲਈ ਗੁਰਸਿੱਖਾਂ ਨੂੰ ਮਿਲਣ ਸਮੇਂ ਫਤਹਿ ਹੀ ਬੁਲਾਉਣੀ ਚਾਹੀਦੀ ਹੈ।

## ਬੱਜਰ ਕੁਰਹਿਤਾਂ

ਗੁਰੂ ਸਾਹਿਬਾਨ ਨੇ ਕੁਝ ਕੰਮ ਜਾਂ ਕਰਮ ਕਰਨ ਤੋਂ ਸਿੱਖਾਂ ਨੂੰ ਮਨ੍ਹਾਂ ਕੀਤਾ ਹੈ ਜਿਹੜੇ ਇੱਕ ਸਭਿਅਕ ਵਿਅਕਤੀ ਦੇ ਜੀਵਨ ਤੇ ਕਲੰਕ ਵਾਂਗ ਧੱਬਾ ਲਾਉਂਦੇ ਹਨ ਜਾਂ ਉਸ ਦੇ ਅਜਿਹੇ ਕੰਮ ਨੂੰ ਸਮਾਜ ਵਿਚ ਬਹੁਤ ਮਾੜਾ ਸਮਝਿਆ ਜਾਂਦਾ ਹੈ। ਕੁਝ ਅਜਿਹੇ ਕੰਮਾਂ ਤੋਂ ਵੀ ਵਰਜਿਆ ਗਿਆ ਹੈ ਜਿਨ੍ਹਾਂ ਨੂੰ ਕਰਨ ਨਾਲ ਮਤਿ, ਮਨ, ਬੁੱਧੀ ਅਤੇ ਸਰੀਰ ਦਾ ਨਾਸ ਹੁੰਦਾ ਹੈ। ਸਿੱਖ ਰਹਿਤ ਮਰਯਾਦਾ ਵਿਚ ਅਜਿਹੇ ਕੰਮਾਂ ਵਿਚੋਂ ਕੁਝ ਕੰਮਾਂ ਦਾ ਕਰਨਾ ਬੱਜਰ ਕੁਰਹਿਤ ਕਿਹਾ ਗਿਆ ਹੈ। ਇਨ੍ਹਾਂ ਵਿਚੋਂ ਇੱਕ ਵੀ ਕੰਮ ਕਰਨ ਕਰਕੇ ਸਿੱਖ, ਸਿੱਖੀ ਤੋਂ ਪਤਿਤ ਸਮਝਿਆ ਜਾਂਦਾ ਹੈ। ਮੁੜ ਪੰਜ ਪਿਆਰਿਆਂ ਸਾਹਮਣੇ ਪੇਸ਼ ਹੋ ਅੰਮ੍ਰਿਤ ਛੱਕਣਾ ਪੈਂਦਾ ਹੈ।

**1. ਕੇਸਾਂ ਦੀ ਬੇਅਦਬੀ :** ਸਿਰ ਦੀ ਚੋਟੀ ਦੇ ਕੇਸਾਂ (ਵਾਲਾਂ) ਤੋਂ ਲੈ ਕੇ ਪੈਰ ਦੇ ਅੰਗੂਠੇ ਤੱਕ ਸਾਰੇ ਸਰੀਰ ਦੇ ਕੇਸਾਂ ਨੂੰ ਕੱਟਣ/ਮੁਨਾਉਣ ਜਾਂ ਕਤਲ ਕਰਨ ਦੀ ਮਨਾਹੀ ਹੈ। ਅਜਿਹਾ ਕਰਨ ਵਾਲਾ ਪਤਿਤ ਹੋ ਜਾਂਦਾ ਹੈ।

**2. ਕੁੱਠਾ ਖਾਣਾ (ਕੁੱਠਾ ਤੋਂ ਭਾਵ ਉਹ ਮਾਸ ਜੋ ਮੁਸਲਮਾਨੀ ਤਰੀਕੇ ਨਾਲ ਤਿਆਰ ਕੀਤਾ ਹੋਵੇ) :** ਅਜਿਹਾ ਮਾਸ ਖਾਣਾ ਮਨ੍ਹਾਂ ਕੀਤਾ ਗਿਆ ਹੈ। ਉਂਝ ਮਾਸ ਖਾਣਾ ਸਿਹਤ ਲਈ ਹਾਨੀਕਾਰਕ ਰਹਿੰਦਾ ਹੈ ਕਿਉਂਕਿ ਮਾਸ ਖਾਣ ਨਾਲ ਮਿਹਦਾ ਕਮਜ਼ੋਰ ਹੁੰਦਾ ਹੈ ਜਿਸ ਨਾਲ ਪਾਚਨ ਸ਼ਕਤੀ ਖਤਮ ਹੋ ਜਾਂਦੀ ਹੈ ਅਤੇ ਅਨੇਕ ਪ੍ਰਕਾਰ ਦੀਆਂ ਬੀਮਾਰੀਆਂ ਪੈਦਾ ਹੋ ਜਾਂਦੀਆਂ ਹਨ। ਮਾਸ ਖਾਣ ਨਾਲ ਸਰੀਰਕ ਮੋਟਾਪਾ ਵੀ ਆ ਜਾਂਦਾ ਹੈ।

**3. ਪਰ-ਇਸਤਰੀ ਜਾਂ ਪਰ-ਪੁਰਸ਼ ਦਾ ਗਮਨ (ਭੋਗਣਾ) :** ਹਰ ਕੋਈ ਸਿੱਖ ਇਸਤਰੀ ਜਾਂ ਪੁਰਸ਼ ਪਰਾਏ ਪੁਰਸ਼ ਜਾਂ ਇਸਤਰੀ ਨਾਲ ਸਰੀਰਕ ਸੰਬੰਧ ਕਾਇਮ ਕਰਨ ਤੋਂ ਵਰਜਿਆ ਗਿਆ ਹੈ। ਇਹ ਸਿੱਖਾਂ ਦਾ ਆਚਰਣ



Scanned with CamScanner

ਉਰਾ ਰੱਖਣ ਲਈ ਇੱਕ ਅਨੁਸ਼ਾਸ਼ਨ ਦਿੱਤਾ ਗਿਆ ਹੈ। ਜੇਕਰ ਸੰਸਾਰ ਇਸ ਗੱਲ ਨੂੰ ਮੰਨ ਜਾਵੇ ਤਾਂ ਅੱਜ ਕੱਲ੍ਹ ਲਾ-ਇਲਾਜ ਪੈਦਾ ਹੋਈ ਬੀਮਾਰੀ ਏਡਜ਼ (AIDS) ਖਤਮ ਹੋ ਸਕਦੀ ਹੈ।

4. ਤੰਮਾਕੂ ਦਾ ਵਰਤਣਾ : ਤੰਬਾਕੂ ਜਾਂ ਤੰਬਾਕੂ ਤੋਂ ਬਣੀਆਂ ਹਰੇਕ ਪ੍ਰਕਾਰ ਦੀਆਂ ਵਸਤਾਂ ਜਿਵੇਂ ਸਿਗਰਟ, ਜ਼ਰਦਾ, ਖੈਣੀ ਆਦਿ, ਆਦਿ ਨੂੰ ਵਰਤਣਾ ਸਿੱਖ ਜਗਤ ਵਿਚ ਮਨ੍ਹਾਂ ਹੈ। ਤੰਮਾਕੂ ਨੂੰ ਜਗਤ ਜੂਠ ਕਿਹਾ ਗਿਆ ਹੈ। ਕਿਸੇ ਦਾ ਜੂਠਾ ਖਾਣਾ ਸਮਾਜ ਵਿਚ ਚੰਗਾ ਨਹੀਂ ਸਮਝਿਆ ਜਾਂਦਾ। ਫੇਰ ਸਾਰੇ ਸੰਸਾਰ ਦੀ ਜੂਠ ਖਾਣੀ ਭੈੜੀ ਆਦਤ ਅਤੇ ਡਿੱਗੇ ਸਭਿਆਚਾਰਕ ਵਰਤਾਰੇ ਨੂੰ ਪ੍ਰਗਟ ਕਰਦੀ ਹੈ।

ਜੇਕਰ ਸਾਰਾ ਸੰਸਾਰ ਉਕਤ ਚਾਰ ਬੱਜਰ ਕੁਰਹਿਤਾਂ ਨੂੰ ਛੱਡ ਦੇਵੇ ਤਾਂ ਇੱਕ ਅਜਿਹਾ ਤਾਕਤਵਰ, ਖੁਸ਼ਹਾਲ ਅਤੇ ਭਰੱਪਣ ਭਰਿਆ ਸਮਾਜ ਪੈਦਾ ਹੋ ਸਕਦਾ ਹੈ ਜਿੱਥੇ ਕਿਸੇ ਕਿਸਮ ਦੇ ਗਮ ਤੇ ਦੁੱਖ ਵਿਅਕਤੀ ਨੂੰ ਪਰੇਸ਼ਾਨ ਨਹੀਂ ਕਰ ਸਕਣਗੇ।

## ਗੁਰਮਤਿ ਦੀ ਰਹਿਣੀ

ਸਿੱਖ ਤੋਂ ਇਹ ਆਸ ਕੀਤੀ ਜਾਂਦੀ ਹੈ ਕਿ ਜੇਕਰ ਉਸਨੇ ਪਰਮਾਤਮਾ ਦੀ ਦਰਗਾਹ ਵਿਚ ਪ੍ਰਵਾਨ ਚੜ੍ਹਨਾ ਹੈ ਅਤੇ ਗੁਰੂ ਜੀ ਦੀ ਖੁਸ਼ੀ ਪ੍ਰਾਪਤ ਕਰਕੇ, ਇੱਕ ਸਫਲ ਜਿੰਦਗੀ ਜਿਊਣੀ ਹੈ ਤਾਂ ਉਹ ਆਪਣੀ ਆਮ ਰਹਿਣੀ, ਕਿਰਤ, ਵਿਰਤ, ਗੁਰਮਤਿ ਅਨੁਸਾਰੀ ਰੱਖੇ। ਗੁਰਮਤਿ ਇਹ ਹੈ :

(1) ਇਕ ਅਕਾਲ ਪੁਰਖ ਤੋਂ ਛੁੱਟ ਕਿਸੇ ਦੇਵੀ ਦੇਵਤੇ ਦੀ ਉਪਾਸਨਾ ਨਹੀਂ ਕਰਨੀ। ਆਪਣੀ ਮੁਕਤੀ ਦਾ ਦਾਤਾ ਤੇ ਇਸ਼ਟ ਕੇਵਲ ਦਸ ਗੁਰੂ ਸਾਹਿਬਾਨ, ਉਨ੍ਹਾਂ ਦੀ ਬਾਣੀ ਅਤੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਨੂੰ ਮੰਨਣਾ ਅਤੇ ਦਸ ਗੁਰੂ ਸਾਹਿਬਾਨ ਨੂੰ ਇਕੋ ਜੋਤ ਦਾ ਪ੍ਰਕਾਸ਼, ਇਕੋ ਰੂਪ ਕਰਕੇ ਮੰਨਣਾ।

(2) ਜਾਤਪਾਤ, ਛੂਤ ਛਾਤ, ਜੰਤ੍ਰ ਮੰਤ੍ਰ ਤੰਤ੍ਰ, ਸ਼ਗਨ, ਤਿੱਥ, ਮਹੂਰਤ, ਗ੍ਰਿਹ, ਰਾਸ਼ੀ, ਸ਼ਰਾਧ, ਪਿੱਤਰ, ਖਿਆਹ, ਪਿੰਡ, ਪੱਤਲ, ਦੀਵਾ, ਕਿਰਿਆ, ਕਰਮ, ਹੋਮ, ਜੱਗ, ਤਰਪਣ, ਸਿਖਾ ਸੂਤ, ਭੱਦਣ, ਇਕਾਦਸ਼ੀ, ਪੂਰਨਮਾਸ਼ੀ ਆਦਿ ਦੇ ਵਰਤ, ਤਿਲਕ, ਜੰਞੂ, ਤੁਲਸੀ ਮਾਲਾ, ਗੋਰ, ਮੱਠ, ਮੜ੍ਹੀ, ਮੂਰਤੀ ਪੂਜਾ ਆਦਿ ਭਰਮ ਰੂਪ ਕਰਮਾਂ ਉਤੇ ਨਿਸ਼ਚਾ ਨਹੀਂ ਕਰਨਾ।

ਭੰਗ, ਅਫੀਮ, ਸ਼ਰਾਬ, ਤੰਮਾਕੂ ਆਦਿ ਨਸ਼ੇ ਨਾ ਵਰਤੇ। ਅਮਲ ਪ੍ਰਸ਼ਾਦੇ



Scanned with CamScanner

ਦਾ ਹੀ ਰੱਖੇ। ਚੋਰੀ ਯਾਰੀ ਨਾ ਕਰੇ, ਜੂਆ ਨਾ ਖੇਡੇ। ਉਹ ਧਰਮ ਦੀ ਕਿਰਤ ਕਰਕੇ ਨਿਰਬਾਹ ਕਰੇ ਅਤੇ ਗਰੀਬ ਦੀ ਰਸਨਾ ਨੂੰ ਗੁਰੂ ਦੀ ਗੋਲਕ ਜਾਣੇ।

(3) ਖਾਲਸਾ ਸਾਰੇ ਮੱਤਾਂ ਤੋਂ ਨਿਆਰਾ ਰਹੇ, ਪਰ ਕਿਸੇ ਅਨਧਰਮੀ ਦਾ ਦਿਲ ਨਾ ਦੁਖਾਵੇ। ਹਰ ਇਕ ਕੰਮ ਕਰਨ ਤੋਂ ਪਹਿਲਾਂ ਵਾਹਿਗੁਰੂ ਅੱਗੇ ਅਰਦਾਸ ਕਰੇ।

(4) ਸਿੱਖ ਲਈ ਹੋਰ ਵਿੱਦਿਆ ਦੇ ਨਾਲ-ਨਾਲ ਗੁਰਮੁਖੀ ਵਿੱਦਿਆ ਪੜ੍ਹਨੀ ਜ਼ਰੂਰੀ ਹੈ। ਆਪਣੀ ਸੰਤਾਨ ਨੂੰ ਗੁਰਮੁਖੀ ਦੀ ਵਿਦਿਆ ਦਿਵਾਉਣੀ ਸਿੱਖ ਦਾ ਫਰਜ਼ ਹੈ।

(5) ਸਿੱਖ ਆਪਣੇ ਲੜਕੇ ਲੜਕੀਆਂ ਦੇ ਕੇਸ ਸਾਬਤ ਰੱਖੇ। ਪਹਿਲਾਂ ਤੋਂ ਹੀ ਗੁਰਦੁਆਰਾ ਸਾਹਿਬ ਵਿਖੇ ਜਾਣਾ, ਮੱਥਾ ਟੇਕਣਾ, ਕੀਰਤਨ ਤੇ ਕਥਾ ਸੁਣਨ ਅਤੇ ਨਿਤਨੇਮ ਆਦਿ ਬਾਣੀਆਂ ਦਾ ਪਾਠ ਕਰਨ ਦੀ ਆਦਤ ਪਾਉਣੀ ਚਾਹੀਦੀ ਹੈ। ਜਦੋਂ ਬੱਚੇ ਪੰਜ ਕਕਾਰੀ ਰਹਿਤ ਸੰਭਾਲਣ ਦੇ ਯੋਗ ਹੋ ਜਾਣ, ਤਾਂ ਉਨ੍ਹਾਂ ਖੰਡੇ ਦੀ ਪਾਹੁਲ ਦਿਵਾ ਕੇ ਅੰਮ੍ਰਿਤਧਾਰੀ ਸਿੰਘ ਸਜਾਵੇ।

(6) ਸਿੱਖ ਮਰਦ ਅਥਵਾ ਇਸਤਰੀ ਨੂੰ ਨੱਕ, ਕੰਨ ਛੇਦਨਾ ਮਨ੍ਹਾ ਹੈ। ਗੁਰੂ ਕਾ ਸਿੱਖ ਕੰਨਿਆ ਨਾ ਮਾਰੇ, ਕੁੜੀ ਮਾਰ ਨਾਲ ਨਾ ਵਰਤੇ। ਪਰ ਬੇਟੀ ਨੂੰ ਬੇਟੀ ਜਾਨਣਾ, ਬਰਾਬਰ ਉਮਰ ਦੀਆਂ ਪਰਾਈਆਂ ਇਸਤਰੀਆਂ ਨੂੰ ਆਪਣੀ ਭੈਣ ਮੰਨਣਾ ਅਤੇ ਵੱਡੀਆਂ ਨੂੰ ਮਾਤਾ ਸਮਾਨ ਸਨਮਾਨ ਦੇਣਾ ਅਤੇ ਕੇਵਲ ਆਪਣੀ ਇਸਤਰੀ ਨਾਲ ਜਤ-ਸਤ ਕਾਇਮ ਰੱਖਣਾ ਰਹਿਤਵਾਨ ਸਿੰਘ ਦਾ ਮੁੱਢਲਾ ਕਰਤੱਵ ਹੈ। ਇਸੇ ਤਰ੍ਹਾਂ ਸਿੱਖ ਇਸਤ੍ਰੀ ਆਪਣੇ ਪਤੀਬਰਤ ਧਰਮ 'ਚ ਕਾਇਮ ਰਹੇ।

(7) ਗੁਰੂ ਦਾ ਸਿੱਖ ਜਨਮ ਤੋਂ ਲੈ ਕੇ ਦੇਹਾਂਤ ਤੱਕ ਗੁਰ ਮਰਯਾਦਾ ਕਰੇ। ਸਿੱਖ, ਸਿੱਖ ਨੂੰ ਮਿਲਣ ਸਮੇਂ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ' ਬੁਲਾਵੇ। ਮਰਦ ਇਸਤਰੀ ਦੋਹਾਂ ਲਈ ਇਹੋ ਹੁਕਮ ਹੈ। ਸਿੱਖ ਇਸਤਰੀਆਂ ਲਈ ਪਰਦਾ ਜਾਂ ਘੁੰਡ ਕਰਨਾ ਉਚਿਤ ਨਹੀਂ।

(8) ਸਿੱਖ ਲਈ ਕਛਹਿਰੇ ਤੇ ਦਸਤਾਰ ਤੋਂ ਛੁੱਟ ਪੁਸ਼ਾਕ ਸਬੰਧੀ ਹੋਰ ਪਾਬੰਦੀ ਨਹੀਂ। ਸਿੱਖ ਮਰਦ ਅਤੇ ਇਸਤਰੀਆਂ ਆਪਣੇ ਕੇਸਾਂ ਨੂੰ ਹਰ ਸਮੇਂ ਢਕ ਕੇ ਰੱਖੇ। ਸਿੱਖ ਇਸਤਰੀ ਦਸਤਾਰ ਸਜਾਏ ਜਾਂ ਨਾ ਸਜਾਏ, ਦੋਵੇਂ ਠੀਕ ਹਨ। ਯਾਦ ਰੱਖਣਾ ਕਿ ਬਸਤਰ ਅਜਿਹੇ ਪਹਿਨੇ ਜਿਸ ਨਾਲ ਸਰੀਰ ਦਾ ਨੰਗਾ ਪ੍ਰਦਰਸ਼ਨ ਨਾ ਹੋਵੇ ਅਤੇ ਤੁਰਨ-ਫਿਰਨ ਜਾਂ ਝੁਕਣ ਅਤੇ ਸੰਕਟ-ਕਾਲ ਸਮੇਂ ਨੱਸ-ਭੱਜ ਕਰਨ ਵਿਚ ਮੁਸ਼ਕਲ ਪੇਸ਼ ਨਾ ਆਵੇ।



Scanned with CamScanner

# ਪ੍ਰਮੁੱਖ ਸੰਸਕਾਰ

ਮੁੱਖ ਤੌਰ ਤੇ ਚਾਰ ਸੰਸਕਾਰ ਮੰਨੇ ਜਾਂਦੇ ਹਨ : (1) ਜਨਮ ਤੇ ਨਾਮ ਸੰਸਕਾਰ (2) ਅੰਮ੍ਰਿਤ ਸੰਸਕਾਰ (3) ਅਨੰਦ ਸੰਸਕਾਰ ਤੇ (4) ਮਿਰਤਕ ਸੰਸਕਾਰ। ਇਨ੍ਹਾਂ ਸੰਸਕਾਰਾਂ ਦਾ ਗੁਰਮਤਿ ਵਿਚਾਰਧਾਰਾ ਅਨੁਸਾਰ ਹੋਣਾ ਜ਼ਰੂਰੀ ਹੈ। ਇਹਨਾਂ ਦਾ ਵੇਰਵਾ ਇਉਂ ਹੈ :

1. ਜਨਮ ਤੇ ਨਾਮ ਸੰਸਕਾਰ : ਸਿੱਖ ਦੇ ਘਰ ਬੱਚੇ ਦਾ ਜਨਮ ਹੋਣ ਮਗਰੋਂ ਜਦ ਮਾਤਾ ਉਠਣ ਬੈਠਣ ਤੇ ਇਸ਼ਨਾਨ ਕਰਨ ਦੇ ਯੋਗ ਹੋਵੇ ਤਾਂ (ਦਿਨਾਂ ਦੀ ਕੋਈ ਗਿਣਤੀ ਮੁਕੱਰਰ ਨਹੀਂ) ਟੱਬਰ ਤੇ ਸਬੰਧੀ ਗੁਰਦੁਆਰੇ ਕੜਾਹ ਪ੍ਰਸ਼ਾਦਿ ਲੈ ਕੇ ਜਾਣ ਜਾਂ ਕਰਾਉਣ ਅਤੇ ਗੁਰੂ ਜੀ ਦੇ ਹਜ਼ੂਰ 'ਪਰਮੇਸਰਿ ਦਿਤਾ ਬੰਨਾ' (ਸੋਰਠਿ ਮ: ੫), 'ਸਤਿਗੁਰ ਸਾਚੈ ਦੀਆ ਭੇਜਿ' (ਆਸਾ ਮ: ੫) ਆਦਿ ਖੁਸ਼ੀ ਤੇ ਧੰਨਵਾਦ ਵਾਲੇ ਸ਼ਬਦ ਪੜ੍ਹਨ। ਉਪਰੰਤ ਜੇ ਕਰ ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਪਾਠ ਰੱਖਿਆ ਹੋਵੇ ਤਾਂ ਪਾਠ ਦਾ ਭੋਗ ਪਾਇਆ ਜਾਵੇ, ਫਿਰ ਵਾਕ ਲਿਆ ਜਾਵੇ। ਵਾਕ ਦੇ ਆਰੰਭ ਦੇ ਸ਼ਬਦ ਦਾ ਜੋ ਪਹਿਲਾ ਅੱਖਰ ਹੋਵੇ, ਉਸ ਤੋਂ ਗ੍ਰੰਥੀ ਸਿੰਘ ਬੱਚੇ ਦਾ ਨਾਮ ਤਜਵੀਜ਼ ਕਰੇ ਅਤੇ ਸੰਗਤ ਦੀ ਪ੍ਰਵਾਨਗੀ ਲੈ ਕੇ ਨਾਮ ਪ੍ਰਗਟ ਕਰੇ। ਲੜਕੇ ਦੇ ਨਾਉਂ ਪਿੱਛੇ 'ਸਿੰਘ' ਸ਼ਬਦ ਅਤੇ ਲੜਕੀ ਦੇ ਨਾਮ ਪਿਛੇ 'ਕੌਰ' ਸ਼ਬਦ ਲਗਾਇਆ ਜਾਵੇ। ਉਪਰੰਤ ਅਨੰਦ ਸਾਹਿਬ (ਛੇ ਪਉੜੀਆਂ) ਪੜ੍ਹਨ ਮਗਰੋਂ ਬੱਚੇ ਦੇ ਨਾਮ ਸੰਸਕਾਰ ਦੀ ਖੁਸ਼ੀ ਦਾ ਯੋਗ ਸ਼ਬਦਾਂ ਵਿਚ ਅਰਦਾਸਾ ਕਰਕੇ ਕੜਾਹ ਪ੍ਰਸ਼ਾਦਿ ਵਰਤਾਇਆ ਜਾਵੇ।

ਜਨਮ ਦੇ ਸਬੰਧ ਵਿਚ ਖਾਣ ਪੀਣ ਵਿਚ ਕੋਈ ਸੂਤਕ ਦਾ ਭਰਮ ਨਹੀਂ ਕਰਨਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੁਮਾਲ ਤੋਂ ਚੋਲਾ ਬਣਾ ਕੇ ਪਾਉਣਾ ਆਦਿ ਮਨਮੱਤ ਹੈ।

2. ਅੰਮ੍ਰਿਤ ਸੰਸਕਾਰ : ਅੰਮ੍ਰਿਤ ਛਕਾਉਣ ਲਈ ਇਕ ਖਾਸ ਅਸਥਾਨ ਤੇ ਪ੍ਰਬੰਧ ਹੁੰਦਾ ਹੈ ਤੇ ਉਥੇ ਆਮ ਲੋਕਾਂ ਦਾ ਲਾਂਘਾ ਨਹੀਂ ਹੁੰਦਾ। ਉਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਅਤੇ ਘੱਟ ਤੋਂ ਘੱਟ ਛੇ ਤਿਆਰ ਬਰ ਤਿਆਰ ਸਿੰਘ ਹਾਜ਼ਰ ਹੁੰਦੇ ਹਨ, ਜਿਨ੍ਹਾਂ 'ਚੋਂ ਇਕ ਤਾਬਿਆ ਤੇ ਬਾਕੀ ਪੰਜ ਅੰਮ੍ਰਿਤ ਛਕਾਉਂਦੇ ਹਨ। ਇਨ੍ਹਾਂ ਵਿਚ ਸਿੰਘਣੀਆਂ ਵੀ ਹੋ ਸਕਦੀਆਂ ਹਨ।

ਹਰ ਦੇਸ਼, ਹਰ ਮਜ਼੍ਹਬ ਤੇ ਜਾਤੀ ਦੇ ਹਰ ਉਸ ਇਸਤਰੀ ਜਾਂ ਪੁਰਸ਼ ਨੂੰ ਅੰਮ੍ਰਿਤ ਛੱਕਣ ਦਾ ਅਧਿਕਾਰ ਹੈ, ਜੋ ਸਿੱਖ ਧਰਮ ਗ੍ਰਹਿਣ ਕਰਨ ਤੇ ਉਸ ਦੇ



Scanned with CamScanner

ਅਸੂਲਾਂ ਉਪਰ ਚੱਲਣ ਦਾ ਪ੍ਰਣ ਕਰੇ। ਅੰਮ੍ਰਿਤ ਅਭਿਲਾਖੀ ਬਹੁਤ ਛੋਟੀ ਅਵਸਥਾ ਦਾ ਨਾ ਹੋਵੇ, ਹੋਸ਼ ਸੰਭਾਲੀ ਹੋਵੇ। ਅੰਮ੍ਰਿਤ ਛਕਣ ਵਾਲੇ ਹਰੇਕ ਪ੍ਰਾਣੀ ਨੇ ਕੇਸੀ ਇਸ਼ਨਾਨ ਕੀਤਾ ਹੋਵੇ ਅਤੇ ਹਰ ਇਕ ਪੰਜ ਕਕਾਰ (ਕੇਸ, ਕਿਰਪਾਨ (ਗਾਤਰੇ ਵਾਲੀ) ਕਛਹਿਰਾ, ਕੰਘਾ, ਕੜੇ) ਦਾ ਧਾਰਨੀ ਹੋਵੇ। ਅਨਮਤ ਦਾ ਕੋਈ ਚਿੰਨ੍ਹ ਨਾ ਹੋਵੇ। ਛੇਦਕ ਗਹਿਣੇ ਕੋਈ ਨਾ ਹੋਣ। ਅਦਬ ਨਾਲ ਹੱਥ ਜੋੜ ਕੇ ਸ੍ਰੀ ਗੁਰੂ ਜੀ ਦੇ ਹਜ਼ੂਰ ਖੜ੍ਹੇ ਹੋਣ। ਜੇ ਕਿਸੇ ਨੇ ਕੁਰਹਿਤ ਕਰਨ ਕਰਕੇ ਮੁੜ ਅੰਮ੍ਰਿਤ ਛੱਕਣਾ ਹੋਵੇ ਤਾਂ ਉਸ ਨੂੰ ਅੱਡ ਕਰਕੇ ਸੰਗਤ ਵਿਚ ਪੰਜ ਪਿਆਰੇ ਤਨਖਾਹ ਲਾਉਂਦੇ ਹਨ।

ਅੰਮ੍ਰਿਤ ਛਕਾਉਣ ਵਾਲੇ ਪੰਜ ਪਿਆਰਿਆਂ 'ਚੋਂ ਕੋਈ ਇਕ ਸੱਜਣ ਅੰਮ੍ਰਿਤ ਛੱਕਣ ਦੇ ਅਭਿਲਾਖੀਆਂ ਨੂੰ ਸਿੱਖ ਧਰਮ ਦੇ ਅਸੂਲ ਸਮਝਾਉਂਦਾ ਹੈ ਜਿਸ ਦਾ ਸੰਖੇਪ ਸਾਰ ਇਹ ਹੈ ਕਿ

ਸਿੱਖ ਧਰਮ ਵਿਚ ਕ੍ਰਿਤਮ ਦੀ ਪੂਜਾ ਤਿਆਗ ਕੇ ਇਕ ਕਰਤਾਰ ਦੀ ਪ੍ਰੇਮਾ-ਭਗਤੀ ਤੇ ਉਪਾਸਨਾ ਦੱਸੀ ਹੈ। ਇਸ ਦੀ ਪੂਰਨਤਾ ਲਈ ਗੁਰਬਾਣੀ ਦਾ ਅਭਿਆਸ, ਸਾਧ ਸੰਗਤ ਤੇ ਪੰਥ ਦੀ ਸੇਵਾ, ਉਪਕਾਰ, ਨਾਮ ਦਾ ਪ੍ਰੇਮ ਅਤੇ ਅੰਮ੍ਰਿਤ ਛਕ ਕੇ ਰਹਿਤ ਬਹਿਤ ਰੱਖਣਾ ਮੁੱਖ ਸਾਧਨ ਹਨ, ਆਦਿ। ਕੀ ਤੁਸੀਂ ਇਸ ਧਰਮ ਨੂੰ ਖੁਸ਼ੀ ਨਾਲ ਕਬੂਲ ਕਰਦੇ ਹੋ? ਹਾਂ ਦਾ ਜਵਾਬ ਆਉਣ ਤੇ ਹੀ ਅੰਮ੍ਰਿਤ ਛਕਾਇਆ ਜਾਂਦਾ ਹੈ।

ਇਹ ਰਹਿਤ ਦ੍ਰਿੜ੍ਹ ਕਰਵਾਈ ਜਾਂਦੀ ਹੈ ਕਿ ਅੱਜ ਤੋਂ ਤੁਸੀਂ ਸਤਿਗੁਰ ਕੈ ਜਨਮੇ ਗਵਨੁ ਮਿਟਾਇਆ' ਹੈ ਅਤੇ ਖਾਲਸਾ ਪੰਥ ਵਿਚ ਸ਼ਾਮਲ ਹੋਏ ਹੋ। ਤੁਹਾਡਾ ਧਾਰਮਿਕ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੇ ਧਾਰਮਿਕ ਮਾਤਾ ਸਾਹਿਬ ਕੌਰ ਜੀ ਹਨ। ਜਨਮ ਆਪ ਦਾ ਕੇਸਗੜ੍ਹ ਸਾਹਿਬ ਦਾ ਤੇ ਵਾਸੀ ਅਨੰਦਪੁਰ ਸਾਹਿਬ ਦੇ ਹੋ। ਤੁਸੀਂ ਇਕ ਪਿਤਾ ਦੇ ਪੁੱਤਰ ਹੋਣ ਕਰਕੇ ਆਪਸ ਵਿਚ ਤੇ ਹੋਰ ਸਾਰੇ ਅੰਮ੍ਰਿਤਧਾਰੀਆਂ ਦੇ ਧਾਰਮਿਕ ਭਰਾਤਾ ਹੋ। ਤੁਸੀਂ ਪਿਛਲੀ ਕੁੱਲ, ਕਿਰਤ, ਕਰਮ, ਧਰਮ ਦਾ ਤਿਆਗ ਕਰਕੇ ਅਰਥਾਤ ਪਿਛਲੀ ਜਾਤ-ਪਾਤ, ਜਨਮ, ਦੇਸ਼, ਮਜ਼੍ਹਬ ਦਾ ਖਿਆਲ ਤੱਕ ਛੱਡ ਕੇ ਨਿਰੋਲ ਖਾਲਸਾ ਬਣ ਗਏ ਹੋ। ਇਕ ਅਕਾਲ ਪੁਰਖ ਤੋਂ ਛੁਟ ਕਿਸੇ ਦੇਵੀ, ਦੇਵਤੇ, ਅਵਤਾਰ, ਪੈਗੰਬਰ ਦੀ ਉਪਾਸਨਾ ਨਹੀਂ ਕਰਨੀ। ਆਪਣਾ ਮੁਕਤੀ ਦਾਤਾ ਦਸਾਂ ਗੁਰੂ ਸਾਹਿਬਾਨ ਤੇ ਉਨ੍ਹਾਂ ਦੀ ਬਾਣੀ ਨੂੰ ਮੰਨਣਾ।

ਤੁਸੀਂ ਗੁਰਮੁੱਖੀ ਜਾਣਦੇ ਹੋ (ਜੇ ਨਹੀਂ ਜਾਣਦੇ ਤਾਂ ਸਿੱਖ ਲਓ) ਅਤੇ ਹਰ



Scanned with CamScanner

ਰੋਜ਼ ਘੱਟ ਤੋਂ ਘੱਟ ਨਿੱਤਨੇਮ ਦੀਆਂ ਬਾਣੀਆਂ ਦਾ ਪਾਠ ਕਰਨਾ ਜਾਂ ਸੁਣਨਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਨਾ ਜਾਂ ਸੁਣਨਾ। ਪੰਜਾਂ ਕਕਾਰਾਂ ਨੂੰ ਹਰ ਵੇਲੇ ਅੰਗ ਸੰਗ ਰੱਖਣਾ। ਚਾਰ ਬੱਜਰ ਕੁਰਹਿਤਾਂ ਨਹੀਂ ਕਰਨੀਆਂ । ਇਨ੍ਹਾਂ ਵਿਚੋਂ ਕੋਈ ਕੁਰਹਿਤ ਹੋ ਜਾਵੇ ਤਾਂ ਮੁੜ ਕੇ ਅੰਮ੍ਰਿਤ ਛਕਣਾ ਪਏਗਾ। ਆਪਣੀ ਇੱਛਾ ਵਿਰੁੱਧ ਅਨਭੋਲ ਹੀ ਕੋਈ ਕੁਰਹਿਤ ਹੋ ਜਾਵੇ ਤਾਂ ਕੋਈ ਦੰਡ ਨਹੀਂ।

ਸਿਰਗੁੰਮ, ਨੜੀ ਮਾਰ (ਜੋ ਸਿੱਖ ਹੋ ਕੇ ਇਹ ਕੰਮ ਕਰਨ) ਦਾ ਸੰਗ ਨਹੀਂ ਕਰਨਾ। ਪੰਥ ਸੇਵਾ ਅਤੇ ਗੁਰਦੁਆਰਿਆਂ ਦੀ ਟਹਿਲ ਵਿਚ ਤੱਤਪਰ ਰਹਿਣਾ। ਆਪਣੀ ਕਮਾਈ ਵਿਚੋਂ ਗੁਰੂ ਕਾ ਦਸਵੰਧ ਦੇਣਾ।

ਖਾਲਸਾ ਧਰਮ ਦੇ ਨਿਯਮਾਂ ਅਨੁਸਾਰ ਜਥੇਬੰਦੀ ਵਿਚ ਇਕ ਸੂਤ ਪਰੋਏ ਰਹਿਣਾ, ਰਹਿਤ ਵਿਚ ਕੋਈ ਭੁੱਲ ਹੋ ਜਾਵੇ ਤਾਂ ਖਾਲਸੇ ਦੇ ਦੀਵਾਨ ਵਿਚ ਹਾਜ਼ਰ ਹੋ ਕੇ ਬੇਨਤੀ ਕਰਕੇ ਤਨਖਾਹ ਬਖਸ਼ਾਉਣੀ। ਅੱਗੇ ਲਈ ਸਾਵਧਾਨ ਰਹਿਣਾ।

3. ਅਨੰਦ ਸੰਸਕਾਰ : ਸਿੱਖ ਸਿੱਖਣੀ ਦਾ ਵਿਆਹ, ਬਿਨਾ ਜਾਤ ਪਾਤ, ਗੋਤ ਵਿਚਾਰ ਦੇ ਹੋਣਾ ਚਾਹੀਦਾ ਹੈ। ਸਿੱਖ ਦੀ ਪੁੱਤਰੀ ਦਾ ਵਿਆਹ ਸਿੱਖ ਨਾਲ ਹੀ ਹੋਵੇ ਅਤੇ ਸਿੱਖ ਦਾ ਵਿਆਹ 'ਅਨੰਦ' ਰੀਤੀ ਨਾਲ ਕਰਨਾ ਚਾਹੀਦਾ ਹੈ।

ਲੜਕੀ ਲੜਕੇ ਦਾ ਵਿਆਹ ਬਚਪਨ ਵਿਚ ਕਰਨਾ ਵਿਵਰਜਿਤ ਹੈ। ਜਦ ਲੜਕੀ ਸਰੀਰ, ਮਨ ਤੇ ਆਚਾਰ ਕਰਕੇ ਵਿਆਹ ਕਰਨ ਦੇ ਯੋਗ ਹੋ ਜਾਵੇ ਤਾਂ ਕਿਸੇ ਯੋਗ ਸਿੱਖ ਨਾਲ 'ਅਨੰਦ' ਪੜ੍ਹਾਇਆ ਜਾਏ।

'ਅਨੰਦ' ਤੋਂ ਪਹਿਲਾਂ ਕੁੜਮਾਈ ਦੀ ਰਸਮ ਜ਼ਰੂਰੀ ਨਹੀਂ, ਪਰ ਜੇ ਕਰਨੀ ਹੋਵੇ ਤਾਂ ਲੜਕੀ ਵਾਲੇ ਕਿਸੇ ਦਿਨ ਸੰਗਤ ਜੋੜ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਅਰਦਾਸਾ ਸੋਧ ਕੇ ਇਕ ਕ੍ਰਿਪਾਨ, ਕੜਾ ਤੇ ਕੁੱਝ ਮਿੱਠਾ ਲੜਕੇ ਦੇ ਪੱਲੇ ਪਾ ਦੇਣ। 'ਅਨੰਦ' ਦਾ ਦਿਨ ਮੁਕਰੱਰ ਕਰਨ ਲੱਗਿਆਂ ਕੋਈ ਥਿਤਿ-ਵਾਰ, ਚੰਗੇ-ਮੰਦੇ ਦਿਨ ਦੀ ਖੋਜ ਕਰਨ ਲਈ ਪੱਤਰੀ ਵਾਚਣਾ ਮਨਮਤ ਹੈ। ਕੋਈ ਦਿਨ ਜੋ ਦੋਹਾਂ ਧਿਰਾਂ ਨੂੰ ਆਪਸ ਵਿਚ ਸਲਾਹ ਕਰ ਕੇ ਚੰਗਾ ਦਿਸੇ, ਨੀਯਤ ਕਰ ਲੈਣਾ ਚਾਹੀਦਾ ਹੈ।

ਸਿਹਰਾ, ਮੁਕਟ ਜਾਂ ਗਾਨਾ ਬੰਨ੍ਹਣਾ, ਪਿੱਤਰ ਪੂਜਣੇ, ਕੱਚੀ ਲੱਸੀ ਵਿਚ ਪੈਰ ਪਾਉਣਾ, ਬੇਰੀ ਜਾਂ ਜੰਡੀ ਵੱਢਣੀ, ਘੜੋਲੀ ਭਰਨੀ, ਰੁੱਸ ਕੇ ਜਾਣਾ, ਛੰਦ ਪੜ੍ਹਨੇ, ਹਵਨ ਕਰਨਾ, ਵੇਦੀ ਗੱਡਣੀ, ਵੇਸਵਾ ਦਾ ਨਾਚ, ਸ਼ਰਾਬ ਆਦਿ



Scanned with CamScanner

ਮਨਮੱਤ ਹੈ। ਜਿਤਨੇ ਥੋੜ੍ਹੇ ਆਦਮੀ ਲੜਕੀ ਵਾਲਾ ਮੰਗਾਵੇ, ਉਤਨੇ ਨਾਲ ਲੈ ਕੇ ਲੜਕਾ ਸਹੁਰੇ ਘਰ ਜਾਵੇ।

ਅਨਮਤ ਵਾਲਿਆਂ ਦਾ ਵਿਆਹ 'ਅਨੰਦ' ਰੀਤੀ ਨਾਲ ਕੇਵਲ ਤਦ ਹੀ ਹੋ ਸਕਦਾ ਹੈ ਜੇ ਉਹ ਸਿੱਖੀ ਅਸੂਲਾਂ 'ਤੇ ਚੱਲਣ ਦਾ ਪ੍ਰਣ ਕਰਨ ਭਾਵ ਅੰਮ੍ਰਿਤ ਛੱਕ ਲੈਣ।

ਲੜਕੇ ਜਾਂ ਲੜਕੀ ਦਾ ਸੰਜੋਗ ਪੈਸਾ ਲੈ ਕੇ ਨਹੀਂ ਕਰਨਾ। ਜੇ ਬਾਲਕੀ ਦੇ ਮਾਪੇ ਕਦੇ ਵਿਆਹ ਤੋਂ ਬਾਅਦ ਬਾਲਕੀ ਦੇ ਘਰ ਜਾਣ ਅਤੇ ਉਥੇ ਪ੍ਰਸ਼ਾਦਿ ਤਿਆਰ ਹੋਵੇ, ਤਾਂ ਖਾਣ ਤੋਂ ਸੰਕੋਚਣਾ ਨਹੀਂ। ਅੰਨ ਨਾ ਖਾਣਾ ਸਭ ਭਰਮ ਹੈ। ਖਾਲਸੇ ਨੂੰ, ਖਾਣਾ ਖਲਾਵਣਾ ਸ੍ਰੀ ਗੁਰੂ ਬਾਬੇ ਅਕਾਲ ਪੁਰਖ ਜੀ ਬਖਸ਼ਿਆ ਹੈ। ਬੇਟੀ ਬੇਟੇ ਵਾਲੇ ਆਪਸ ਵਿਚ ਖਾਂਦੇ ਰਹਿਣ, ਇਸੇ ਵਾਸਤੇ ਗੁਰੂ ਨੇ ਦੋਵੇਂ ਸਾਕ ਇੱਕ ਕੀਤੇ ਹਨ।

ਜਿਸ ਇਸਤਰੀ ਦਾ ਪਤੀ ਕਾਲ ਵੱਸ ਹੋ ਜਾਵੇ, ਉਹ ਚਾਹੇ ਤਾਂ ਯੋਗ ਵਰ ਦੇਖ ਕੇ ਮੁੜ ਵਿਆਹ (ਪੁਨਰ ਸੰਜੋਗ) ਕਰ ਲਵੇ। ਸਿੱਖ ਦੀ ਇਸਤਰੀ ਮਰ ਜਾਵੇ ਤਾਂ ਉਸ ਲਈ ਵੀ ਇਹੋ ਹੁਕਮ ਹੈ। ਪੁਨਰ ਵਿਆਹ ਦੀ ਵੀ ਇਹੋ ਰੀਤ ਹੈ, ਜੋ 'ਅਨੰਦ' ਲਈ ਦੱਸੀ ਹੈ। ਆਮ ਹਾਲਤਾਂ ਵਿਚ ਸਿੱਖ ਨੂੰ ਇਕ ਇਸਤਰੀ ਦੇ ਹੁੰਦਿਆਂ ਦੂਜਾ ਵਿਆਹ ਨਹੀਂ ਕਰਨਾ ਚਾਹੀਦਾ।

ਅੰਮ੍ਰਿਤਧਾਰੀ ਸਿੰਘ ਨੂੰ ਚਾਹੀਦਾ ਹੈ ਕਿ ਆਪਣੀ ਸਿੰਘਣੀ ਨੂੰ ਵੀ ਅੰਮ੍ਰਿਤ ਛਕਾ ਲਵੇ।

4. ਮਿਰਤਕ ਸੰਸਕਾਰ : ਪ੍ਰਾਣੀ ਨੂੰ ਮਰਨ ਵੇਲੇ ਜੇ ਮੰਜੇ ਤੇ ਹੋਵੇ ਤਾਂ ਹੇਠ ਨਹੀਂ ਉਤਾਰਨਾ, ਦੀਵਾ-ਵੱਟੀ, ਗਊ ਮਣਸਾਉਣਾ ਜਾਂ ਹੋਰ ਕੋਈ ਮਨਮਤ ਕਰਮ ਨਹੀਂ ਕਰਨਾ। ਕੇਵਲ ਗੁਰਬਾਣੀ ਦਾ ਪਾਠ ਕਰਨਾ ਜਾਂ 'ਵਾਹਿਗੁਰੂ' 'ਵਾਹਿਗੁਰੂ' ਕਰਨਾ।

ਪ੍ਰਾਣੀ ਦੀ ਦੇਹ ਤਿਆਗਣ ਤੇ ਧਾਹ ਨਹੀਂ ਮਾਰਨੀ, ਪਿੱਟਣਾ ਜਾਂ ਸਿਆਪਾ ਨਹੀਂ ਕਰਨਾ, ਮਨ ਨੂੰ 'ਵਾਹਿਗੁਰੂ' ਦੀ ਰਜ਼ਾ ਵਿਚ ਲਿਆਉਣ ਲਈ ਗੁਰਬਾਣੀ ਦਾ ਪਾਠ ਜਾਂ 'ਵਾਹਿਗੁਰੂ' ਦਾ ਜਾਪ ਕਰੀ ਜਾਣਾ ਚੰਗਾ ਹੈ।

ਪ੍ਰਾਣੀ ਭਾਵੇਂ ਛੋਟੀ ਤੋਂ ਛੋਟੀ ਉਮਰ ਦਾ ਹੋਵੇ, ਸੋ ਭੀ ਸਸਕਾਰਨਾ ਚਾਹੀਦਾ ਹੈ। ਜਿਥੇ ਸਸਕਾਰ ਦਾ ਪ੍ਰਬੰਧ ਨਾ ਹੋ ਸਕੇ ਉਥੇ ਜਲ ਪ੍ਰਵਾਹ ਜਾਂ ਹੋਰ ਤਰੀਕਾ ਵਰਤਣ ਤੋਂ ਸ਼ੰਕਾ ਨਹੀਂ ਕਰਨੀ। ਸਸਕਾਰਨ ਲਈ ਦਿਨ ਜਾਂ ਰਾਤ ਦਾ ਭਰਮ ਨਹੀਂ ਕਰਨਾ।



Scanned with CamScanner

ਮਿਰਤਕ ਸਰੀਰ ਨੂੰ ਇਸ਼ਨਾਨ ਕਰਾ ਕੇ ਸਾਫ ਬਸਤਰ ਪਾਏ ਜਾਣ ਤੇ ਕਕਾਰ ਜੁਦਾ ਨਾ ਕੀਤੇ ਜਾਣ। ਫਿਰ ਤਖ਼ਤੇ ਉਤੇ ਪਾ ਕੇ ਚਲਾਣੇ ਦਾ ਅਰਦਾਸਾ ਸੋਧਿਆ ਜਾਵੇ। ਫਿਰ ਅਰਥੀ ਨੂੰ ਚੁੱਕ ਕੇ ਸ਼ਮਸ਼ਾਨ ਭੂਮੀ ਵੱਲ ਲਿਜਾਇਆ ਜਾਵੇ। ਨਾਲ ਵੈਰਾਗਮਈ ਸ਼ਬਦਾਂ ਦਾ ਉਚਾਰਨ ਕੀਤਾ ਜਾਵੇ। ਸਸਕਾਰ ਦੀ ਥਾਂ ਤੇ ਪਹੁੰਚ ਕੇ ਚਿਖਾ ਰਚੀ ਜਾਵੇ। ਫਿਰ ਸਰੀਰ ਨੂੰ ਅਗਨੀ ਭੇਟਾ ਕਰਨ ਲਈ ਅਰਦਾਸਾ ਸੋਧਿਆ ਜਾਵੇ। ਫਿਰ ਪ੍ਰਾਣੀ ਨੂੰ ਅੰਗੀਠੇ ਉਤੇ ਰੱਖ ਕੇ ਪੁੱਤਰ ਜਾਂ ਕੋਈ ਹੋਰ ਸਬੰਧੀ ਜਾਂ ਹਿੱਤੂ ਆਦਿ ਅਗਨੀ ਲਾ ਦੇਵੇ। ਸੰਗਤ ਕੁਝ ਵਿੱਥ ਤੇ ਬਹਿ ਕੇ ਕੀਰਤਨ ਕਰੇ ਜਾਂ ਵੈਰਾਗਮਈ ਸ਼ਬਦ ਪੜ੍ਹੇ। ਜਦ ਅੰਗੀਠਾ ਪੂਰੀ ਤਰ੍ਹਾਂ ਬਲ ਉਠੇ ਤਾਂ (ਕਪਾਲਿ ਕਿਰਿਆ ਆਦਿ ਕਰਨਾ ਮਨਮਤ ਹੈ) ਕੀਰਤਨ ਸੋਹਿਲੇ ਦਾ ਪਾਠ ਕਰਕੇ ਅਰਦਾਸਾ ਸੋਧ ਕੇ ਸੰਗਤ ਮੁੜ ਆਵੇ। ਘਰ ਆ ਕੇ ਜਾਂ ਲਾਗੇ ਦੇ ਗੁਰਦੁਆਰੇ ਵਿਚ ਪ੍ਰਾਣੀ ਨਮਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਰੱਖਿਆ ਜਾਵੇ ਤੇ ਅਨੰਦ ਸਾਹਿਬ (ਛੇ ਪਉੜੀਆਂ) ਦਾ ਪਾਠ ਕਰਕੇ ਅਰਦਾਸਾ ਕੀਤਾ ਜਾਵੇ। ਪਾਠ ਦਾ ਭੋਗ ਦਸਵੇਂ ਦਿਨ ਹੋਵੇ। ਜੇ ਦਸਵੇਂ ਦਿਨ ਨਾ ਹੋ ਸਕੇ ਤਾਂ ਹੋਰ ਕੋਈ ਦਿਨ ਸਬੰਧੀਆਂ ਦੇ ਸੌਖ ਨੂੰ ਮੁੱਖ ਰੱਖ ਕੇ ਨੀਯਤ ਕੀਤਾ ਜਾਵੇ। ਇਸ ਪਾਠ ਦੇ ਕਰਨ ਵਿਚ ਘਰ ਵਾਲੇ ਤੇ ਸਬੰਧੀ ਰਲ ਕੇ ਹਿੱਸਾ ਲੈਣ। ਜੇ ਹੋ ਸਕੇ ਤਾਂ ਹਰ ਰੋਜ਼ ਰਾਤ ਨੂੰ ਕੀਰਤਨ ਵੀ ਹੋਵੇ। 'ਦੁਸਹਿਰੇ' ਤੋਂ ਪਿਛੋਂ ਚਲਾਣੇ ਦੀ ਕੋਈ ਰਸਮ ਬਾਕੀ ਨਹੀਂ ਰਹਿੰਦੀ।

ਮਿਰਤਕ ਪ੍ਰਾਣੀ ਦਾ 'ਅੰਗੀਠਾ' ਠੰਡਾ ਹੋਣ ਤੇ ਸਾਰੀ ਦੇਹ ਦੀ ਭਸਮ ਅਸਥੀਆਂ ਸਮੇਤ ਉਠਾ ਕੇ ਜਲ ਵਿਚ ਪ੍ਰਵਾਹ ਕਰ ਦਿੱਤੀ ਜਾਵੇ, ਜਾਂ ਉਥੇ ਹੀ ਦੱਬ ਕੇ ਜ਼ਮੀਨ ਬਰਾਬਰ ਕਰ ਦਿੱਤੀ ਜਾਵੇ। ਸਸਕਾਰ ਅਸਥਾਨ 'ਤੇ ਮਿਰਤਕ ਪ੍ਰਾਣੀ ਦੀ ਯਾਦਗਾਰ ਬਨਾਉਣੀ ਮਨ੍ਹਾ ਹੈ।

ਅਧ ਮਾਰਗ, ਸਿਆਪਾ, ਫੂਹੜੀ, ਦੀਵਾ, ਪਿੰਡ, ਕਿਰਿਆ, ਸਰਾਧ, ਬੁੱਢਾ ਮਰਨਾ ਆਦਿ ਕਰਨਾ ਮਨਮੱਤ ਹੈ। ਅੰਗੀਠੇ ਵਿਚੋਂ ਫੁੱਲ ਚੁੱਕ ਕੇ ਗੰਗਾ, ਪਤਾਲਪੁਰੀ, ਕੀਰਤ ਪੁਰ ਸਾਹਿਬ ਆਦਿ ਥਾਵਾਂ ਵਿਚ ਜਾ ਕੇ ਪਾਉਣੇ ਮਨਮੱਤ ਹੈ।

## ਸਰੋਵਰ : ਸੰਕਲਪ ਅਤੇ ਮਹੱਤਵ

ਗੁਰਮਤਿ ਅੰਦਰ ਤੀਰਥ ਇਸ਼ਨਾਨ ਦਾ ਮਹੱਤਵ ਮਨੁੱਖੀ ਸਮਾਨਤਾ ਦਾ ਸਬਕ ਸਿਖਾਉਣਾ ਹੈ। ਗੁਰੂ ਸਾਹਿਬਾਨ ਦੁਆਰਾ ਸਾਂਝੇ ਖੂਹ, ਬਾਉਲੀਆਂ ਅਤੇ ਸਰੋਵਰ ਬਣਾਏ ਗਏ ਸਨ, ਤਾਂ ਜੋ ਹਰ ਕੋਈ ਬਿਨਾਂ ਜ਼ਾਤ ਪਾਤ ਦੇ ਵਿਤਕਰੇ



Scanned with CamScanner

ਦੇ ਪਾਣੀ ਲੈ ਸਕੇ ਅਤੇ ਹਰ ਕੋਈ ਇਸ਼ਨਾਨ ਕਰ ਸਕੇ। ਇਸ ਤਰ੍ਹਾਂ ਸਰੋਵਰ ਦਾ ਅਸਲ ਮਹੱਤਵ ਹਰੇਕ ਮਨੁੱਖ ਵਿਚ ਇੱਕ ਹੀ ਪਰਮਾਤਮਾ ਦੀ ਜੋਤ ਜਾਣਦੇ ਹੋਏ ਸਾਰੇ ਸੰਸਾਰ ਨੂੰ ਇੱਕ ਲੜੀ ਵਿਚ ਪਰੋਣਾ ਹੈ। ਸਰੋਵਰਾਂ ਵਿਚ ਨਹਾਉਣ ਨਾਲ ਤਨ ਦੀ ਮੈਲ ਲਹਿ ਜਾਂਦੀ ਹੈ ਅਤੇ ਸਰੀਰ ਪਵਿੱਤਰ ਅਤੇ ਚੇਤੰਨ ਹੁੰਦਾ ਹੈ। ਇਸ ਦੇ ਨਾਲ ਹੀ ਮਨ ਨੂੰ ਲੱਗੀ ਅਮੀਰ-ਗਰੀਬ, ਊਚ-ਨੀਚ ਅਤੇ ਜਾਤ-ਪਾਤ ਦੇ ਬੰਧਨਾਂ ਦੀ ਮੈਲ ਵੀ ਲਹਿ ਜਾਂਦੀ ਹੈ। ਮਨੁੱਖ ਦੇ ਮਨ ਅੰਦਰਲੇ ਇਹ ਊਚ-ਨੀਚ ਵਾਲੇ ਭਰਮ ਮਨੁੱਖ ਅੰਦਰ ਮਨੁੱਖ ਪ੍ਰਤੀ ਨਫ਼ਰਤ ਪੈਦਾ ਕਰਦੇ ਹਨ ਜਿਹੜਾ ਸਾਂਝੇ ਇਸ਼ਨਾਨ ਨਾਲ ਦੂਰ ਕਰਨ ਦਾ ਯਤਨ ਗੁਰੂ ਸਾਹਿਬਾਨ ਨੇ ਕੀਤਾ ਹੈ। ਸਿੱਖ ਗੁਰਧਾਮਾਂ ਦੇ ਸਰੋਵਰ ਇਸ ਪੱਖ ਤੋਂ ਤੀਰਥ ਬਣ ਕੇ ਸਿੱਖ ਨੂੰ ਨਾਮ ਬਾਣੀ ਤੇ ਸੇਵਾ ਘਾਲਨਾ ਨਾਲ ਜੋੜਦੇ ਹਨ।

ਮਨੁੱਖੀ ਜੀਵਨ ਲਈ ਅਸਲ ਤੀਰਥ ਬਾਰੇ ਸਤਿਗੁਰੂ ਨਾਨਕ ਦੇਵ ਜੀ ਧਨਾਸਰੀ ਰਾਗ ਵਿਚ ਇਹ ਸਮਝਾਉਂਦੇ ਹਨ ''ਤੀਰਥ ਨਾਵਣ ਜਾਉ ਤੀਰਥੁ ਨਾਮੁ ਹੈ।। ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ।।'' ਇਸ ਦਾ ਭਾਵ ਇਹ ਹੈ ਕਿ ਪਰਮਾਤਮਾ ਦਾ ਨਾਮ ਸਿਮਰਨਾ ਅਤੇ ਅੰਤਰ-ਆਤਮਾ ਗਿਆਨ ਦੀ ਵਿਚਾਰ ਕਰਨਾ ਹੀ ਇਸ਼ਨਾਨ ਕਰਨਾ ਹੈ।

## ਅੰਮ੍ਰਿਤ ਦੀ ਮਹਾਨਤਾ

ਸੰਨ 1699 ਈ: ਦੀ ਵਿਸਾਖੀ ਨੂੰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾਇਆ (ਅੰਮ੍ਰਿਤ ਦੀ ਦਾਤ ਦਿੱਤੀ)। ਫਿਰ ਗੁਰੂ ਗੋਬਿੰਦ ਸਿੰਘ ਜੀ ਨੇ ਪੰਜਾਂ ਪਿਆਰਿਆਂ ਅੱਗੇ ਹੱਥ ਜੋੜ ਕੇ ਬੇਨਤੀ ਕੀਤੀ ਕਿ ਮੈਨੂੰ ਵੀ ਅੰਮ੍ਰਿਤ ਦੀ ਦਾਤ ਦੇ ਕੇ ਖਾਲਸਾ ਬਣਾਓ। ਇਤਿਹਾਸ ਗਵਾਹ ਹੈ ਕਿ (ਗੁਰੂ) ਗੋਬਿੰਦ ਰਾਏ ਦੀ ਬੇਨਤੀ 'ਤੇ ਪੰਜ ਪਿਆਰਿਆਂ ਨੇ ਉਨ੍ਹਾਂ ਨੂੰ ਅੰਮ੍ਰਿਤ ਛਕਾਇਆ। ਨਾਮ (ਗੁਰੂ) ਗੋਬਿੰਦ ਰਾਏ ਤੋਂ (ਗੁਰੂ) ਗੋਬਿੰਦ ਸਿੰਘ ਰੱਖਿਆ।

ਅੰਮ੍ਰਿਤ ਦੀ ਇਹ ਮਹਾਨਤਾ ਹੈ ਕਿ ਅੰਮ੍ਰਿਤ ਛੱਕ ਕੇ ਜੱਟ, ਗੈਰ-ਜੱਟ, ਉਚੇ- ਨੀਵੇਂ, ਗੁਰੂ-ਚੇਲੇ ਦਾ ਕੋਈ ਫਰਕ ਨਹੀਂ ਰਹਿ ਜਾਂਦਾ। ਅੰਮ੍ਰਿਤ ਛੱਕਣ ਨਾਲ ਮਨੁੱਖ ਖਾਲਸਾ ਬਣ ਜਾਂਦਾ ਹੈ। ਉਸ ਦੀ ਪਹਿਲੀ ਕੁਲ, ਜਾਤ, ਵਰਨ ਖ਼ਤਮ ਹੋ ਕੇ ਖਾਲਸਾ ਰਹਿ ਜਾਂਦੀ ਹੈ। ਖਾਲਸੇ ਦਾ ਧਾਰਮਿਕ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ, ਮਾਤਾ ਸਾਹਿਬ ਕੌਰ, ਜਨਮ ਅਸਥਾਨ ਸ੍ਰੀ ਅਨੰਦਪੁਰ ਸਾਹਿਬ ਤੇ ਨਾਨਕੇ ਗੁਰੂ ਕਾ ਲਾਹੌਰ ਹੁੰਦੇ ਹਨ।



Scanned with CamScanner

ਖੰਡੇ ਬਾਟੇ ਦਾ ਅੰਮ੍ਰਿਤ ਛਕਣਾ ਗੁਰੂ ਅੱਗੇ ਆਤਮ ਸਮਰਪਣ ਹੈ। ਗੁਰੂ ਅੱਗੇ ਪ੍ਰਣ ਹੈ ਕਿ ਉਹ ਹਰ ਪ੍ਰਕਾਰ ਦੇ ਭਰਮ ਅਤੇ ਭੇਖਾਂ ਤੋਂ ਉਪਰ ਉਠ ਕੇ ਸਾਰੇ ਸੰਸਾਰ ਲਈ ਜੀਵੇਗਾ। ਸਰਬੱਤ ਦਾ ਭਲਾ ਕਰੇਗਾ।

ਸਿੱਖ ਧਰਮ ਦੀਆਂ ਸਿੱਖਿਆਵਾਂ ਅਨੁਸਾਰ ਪ੍ਰਭੂ ਦਾ ਨਾਮ ਅੰਮ੍ਰਿਤ ਹੈ। ਜੋ ਜੀਵ ਆਪਣੇ ਜੀਵਨ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿੱਖਿਆ ਅਨੁਸਾਰ ਢਾਲ ਲੈਂਦੇ ਹਨ, ਉਨ੍ਹਾਂ ਦੀ ਜ਼ਿੰਦਗੀ ਅੰਮ੍ਰਿਤ ਨਾਲ ਭਰਪੂਰ ਹੋ ਜਾਂਦੀ ਹੈ। ਇਹ ਅੰਮ੍ਰਿਤ ਜੀਵ ਦੇ ਅੰਦਰ ਹੈ। ਖੰਡੇ ਬਾਟੇ ਦਾ ਅੰਮ੍ਰਿਤ ਇਸ ਨੂੰ ਰੂਪਮਾਨ ਕਰ ਦੇਂਦਾ ਹੈ। ਜਿਸ ਤਰ੍ਹਾਂ ਨਲਕੇ ਦੇ ਉਤਰੇ ਪਾਣੀ ਨੂੰ ਉਪਰ ਲਿਆਉਣ ਲਈ ਬਾਹਰੋਂ ਪਾਣੀ ਦਾ ਮੇਲ ਕਰਵਾਇਆ ਜਾਂਦਾ ਹੈ ਤਾਂ ਦੋਵੇਂ ਪਾਣੀ ਇਕ ਮਿਕ ਹੋ ਜਾਂਦੇ ਹਨ। ਇਸੇ ਤਰ੍ਹਾਂ ਖੰਡੇ ਦਾ ਅੰਮ੍ਰਿਤ ਤੇ ਬਾਣੀ ਦਾ ਅੰਮ੍ਰਿਤ ਬੁਨਿਆਦੀ ਤੌਰ 'ਤੇ ਇਕ ਹਨ। ਹੋਰ ਦੂਜੇ ਅੰਮ੍ਰਿਤ ਦੀ ਗੁਰਬਾਣੀ ਵਿਚ ਕੋਈ ਗੁੰਜਾਇਸ਼ ਨਹੀਂ। ਖੰਡੇ ਦਾ ਅੰਮ੍ਰਿਤ ਬਾਹਰੀ ਭਿੰਨ ਭੇਦ ਮਿਟਾਉਂਦਾ ਹੈ ਤੇ ਬਾਣੀ ਦਾ ਅੰਮ੍ਰਿਤ ਅੰਦਰਲੀ ਕੂੜ ਦੀ ਦੀਵਾਰ ਨੂੰ ਢਾਹੁੰਦਾ ਹੈ। ਬਾਣੀ ਦਾ ਅੰਮ੍ਰਿਤ ਮਨੋਬਲ ਨੂੰ ਉੱਚਾ ਕਰਦਾ ਹੈ। ਖੰਡੇ ਦਾ ਅੰਮ੍ਰਿਤ ਤਨ ਨੂੰ ਵੀ ਸੁਡੌਲ ਬਣਾਉਣ ਲਈ ਪ੍ਰੇਰਦਾ ਹੈ।

## ਸੰਗਤ ਤੇ ਪੰਗਤ

ਸੰਗਤ : ਸੰਗਤ ਨਾ ਮੇਲਾ ਹੈ ਅਤੇ ਨਾ ਕੋਈ ਇਕੱਠ। ਚਾਰ ਬੰਦਿਆਂ ਦਾ ਮਿਲ ਬੈਠ ਕੇ ਗੱਪਾਂ ਮਾਰਨਾ ਵੀ ਸੰਗਤ ਨਹੀਂ। ਗੁਰੂ ਸਾਹਿਬਾਨ ਅਨੁਸਾਰ ਸੰਗਤ ਉਹ ਹੈ ਜਿਥੇ ਨਾਮ ਦੀ ਗੱਲ ਹੋਵੇ। ਜਿੱਥੇ ਨਾਮ ਜਪਿਆ ਜਾਵੇ। ਜਿੱਥੇ ਨਾਮ ਜਪਣ ਦੀ ਪ੍ਰੇਰਨਾ ਹੋਵੇ।

ਸਤ ਸੰਗਤਿ ਕੈਸੀ ਜਾਣੀਐ।। ਜਿਥੈ ਏਕੋ ਨਾਮੁ ਵਖਾਣੀਐ।।

ਸ੍ਰੀ ਗੁਰੂ ਨਾਨਕ ਦੇਵ ਜੀ ਜਿਥੇ ਵੀ ਜਾਂਦੇ ਸੰਗਤ ਥਾਪਦੇ ਸਨ। ਭਾਈ ਗੁਰਦਾਸ ਜੀ ਆਪਣੀਆਂ ਵਾਰਾਂ ਵਿਚ ਦਰਜ ਕਰਦੇ ਹਨ ਕਿ "ਗੁਰੁ ਸੰਗਤਿ ਬਾਣੀ ਬਿਨਾ ਦੂਜੀ ਓਟ ਨਹੀ ਹੈ ਰਾਈ ।।" ਸੰਗਤ, ਨਾਮ ਦੀ ਸੇਧ ਵਿਚ ਉਸਾਰੇ ਜਾ ਰਹੇ ਸਮਾਜ ਦਾ ਇਕ ਛੋਟਾ ਰੂਪ ਹੁੰਦੀ ਹੈ। ਇਸ ਵਿਚ ਇਸਤਰੀਆ ਤੇ ਮਰਦ, ਬੱਚੇ ਤੇ ਬੁੱਢੇ, ਅਮੀਰ ਤੇ ਗ਼ਰੀਬ, ਕਈ ਜਾਤਾਂ, ਕਿੱਤਿਆਂ ਤੇ ਵਰਗਾਂ ਦੇ ਵੱਖ-ਵੱਖ ਜੀਵਨ ਤੇ ਮਾਨਸਿਕ ਪੱਧਰਾਂ ਵਾਲੇ ਵਿਅਕਤੀ ਇਕੋ ਸਮੇਂ ਸਾਂਝਾ ਉਪਦੇਸ਼ ਲੈਂਦੇ ਹਨ ਤੇ ਸਾਂਝੇ ਨਾਮ ਦੀ ਰੰਗਣ ਵਿਚ ਰੰਗੇ ਜਾਂਦੇ ਹਨ।



Scanned with CamScanner

ਪੰਗਤ : ਪੰਗਤ ਦਾ ਭਾਵ ਹੈ ਕਿ ਇਕ ਕਤਾਰ ਵਿਚ ਬੈਠ ਕੇ ਪ੍ਰਸ਼ਾਦਿ ਛੱਕਣਾ। ਉਚ-ਨੀਚ, ਅਮੀਰ-ਗਰੀਬ, ਕਾਲੇ-ਗੋਰੇ, ਵੱਡੇ-ਨਿੱਕੇ ਦਾ ਅੰਤਰ ਮਨ ਵਿਚੋਂ ਖਤਮ ਕਰਕੇ ਲੰਗਰ ਛੱਕਣਾ।

ਪੁਰਾਤਨ ਸਮਿਆਂ ਵਿਚ (ਕਿਤੇ-ਕਿਤੇ ਅੱਜ ਕੱਲ੍ਹ ਵੀ) ਬ੍ਰਾਹਮਣ ਲੋਕ ਖਾਣ ਪੀਣ ਦੀ ਭਿੱਟ ਬਹੁਤ ਮੰਨਦੇ ਸਨ। ਖਾਸ ਕਰ (ਲੰਗਰ-ਪ੍ਰਸ਼ਾਦਾ) ਪ੍ਰਸ਼ਾਦਿ ਛਕਣ ਵੇਲੇ ਚੁੱਲ੍ਹਾ ਚੌਂਕਾ ਜ਼ਰੂਰ ਪੋਚਦਾ ਸੀ। ਚੁੱਲ੍ਹੇ ਵੀ ਅਲੱਗ-ਅਲੱਗ ਸਨ। ਜਨਮ ਸਾਖੀ ਵਿਚ ਜ਼ਿਕਰ ਹੈ ਕਿ ਭਾਈ ਲਾਲੋ ਜੀ ਨੇ ਜਦ ਗੁਰੂ ਨਾਨਕ ਦੇਵ ਜੀ ਲਈ ਅਲੱਗ ਚਉਂਕਾ ਲਗਾਇਆ ਤਾਂ ਗੁਰੂ ਨਾਨਕ ਦੇਵ ਜੀ ਨੇ ਕਿਹਾ ਸੀ "ਲਾਲੋ! ਸਾਰੀ ਧਰਤੀ ਹੀ ਮੇਰਾ ਚੌਂਕਾ ਹੈ, ਜਿਸ ਸੱਚ ਪਛਾਣ ਲਿਆ ਉਹ ਸੁੱਚਾ ਹੈ।" ਸ੍ਰੀ ਗੁਰੂ ਅਮਰਦਾਸ ਜੀ ਦੇ ਹੁਕਮ ਸਨ ਕਿ ਮੇਰੇ ਦਰਸ਼ਨ ਕਰਨ ਤੋਂ ਪਹਿਲਾਂ ਹਰ ਪ੍ਰਾਣੀ ਪੰਗਤ ਵਿਚ ਬੈਠ ਕੇ ਪ੍ਰਸ਼ਾਦਾ ਛਕੇ। ਅਕਬਰ ਬਾਦਸ਼ਾਹ ਵੀ ਜਦ ਉਨ੍ਹਾਂ ਦੇ ਦਰਸ਼ਨ ਕਰਨ ਗੋਇੰਦਵਾਲ ਸਾਹਿਬ ਵਿਖੇ ਆਇਆ ਤਾਂ ਉਸ ਨੇ ਵੀ ਪੰਗਤ ਵਿਚ ਬੈਠ ਪ੍ਰਸ਼ਾਦਾ ਛਕਿਆ ਤੇ ਕਿਹਾ ਕਿ ਜਿੰਨਾ ਅਨੰਦ ਅੱਜ ਮੈਨੂੰ ਏਥੇ ਪੰਗਤ ਵਿਚ ਲੰਗਰ ਛੱਕ ਕੇ ਆਇਆ ਹੈ, ਏਨਾ ਅਨੰਦ ਮੈਨੂੰ ਮਹਿਲਾਂ ਵਿਚ ਪ੍ਰਸ਼ਾਦਾ ਛੱਕ ਕੇ ਕਦੇ ਨਹੀਂ ਆਇਆ।

## ਆਧੁਨਿਕ ਸੰਚਾਰ ਸਾਧਨਾਂ ਦਾ ਪ੍ਰਭਾਵ

ਸਾਇੰਸੀ ਕਾਢਾਂ, ਵਿਸ਼ੇਸ਼ ਕਰਕੇ ਸੰਚਾਰ ਸਾਧਨਾਂ ਦੇ ਖੇਤਰ ਵਿੱਚ ਮਨੁੱਖ ਨੇ ਬੇਸ਼ੁਮਾਰ ਤਰੱਕੀ ਕੀਤੀ ਹੈ। ਰੇਡੀਓ, ਟੀ.ਵੀ., ਸੈਟੇਲਾਈਟ ਚੈਨਲ, ਕੇਬਲ ਟੀ.ਵੀ., ਮੋਬਾਈਲ ਫੋਨ ਅਤੇ ਇੰਟਰਨੈਟ ਆਦਿ ਬੜੇ ਹੀ ਪ੍ਰਭਾਵਸ਼ਾਲੀ ਸੰਚਾਰ ਮਾਧਿਅਮ ਹਨ। ਇਹ ਸਾਧਨ ਦੂਰ ਸੰਚਾਰ ਸਿੱਖਿਆ, ਮਨੋਰੰਜਨ ਅਤੇ ਵਪਾਰ ਵਿਚ ਬਹੁਤ ਜ਼ਿਆਦਾ ਯੋਗਦਾਨ ਪਾ ਰਹੇ ਹਨ। ਇਨ੍ਹਾਂ ਸੰਚਾਰ ਸਾਧਨਾਂ ਕਾਰਨ ਹੀ, ਹੁਣ ਸਾਰੀ ਦੁਨੀਆਂ ਨੂੰ ਇੱਕ ਗਲੋਬਲ ਪਿੰਡ (Global Village) ਕਿਹਾ ਜਾਂਦਾ ਹੈ।

ਵਰਤਮਾਨ ਸਮੇਂ ਵਿਚ ਇਹ ਵੀ ਵੇਖਣ ਨੂੰ ਆਇਆ ਹੈ ਕਿ ਇਨ੍ਹਾਂ ਸੰਚਾਰ ਸਾਧਨਾਂ ਦੀ ਦੁਰਵਰਤੋਂ ਨੇ ਮਨੁੱਖੀ ਸੱਭਿਆਚਾਰ ਲਈ ਇੱਕ ਖਤਰਾ ਖੜ੍ਹਾ ਕਰ ਦਿੱਤਾ ਹੈ। ਵੱਖ-ਵੱਖ ਚੈਨਲਾਂ ਤੇ ਪ੍ਰਸਾਰਿਤ ਕੀਤੀਆਂ ਜਾਂਦੀਆਂ ਫ਼ਿਲਮਾਂ, ਸੰਗੀਤ ਅਤੇ ਸੀਰੀਅਲਾਂ ਵਿਚ ਨੰਗੇਜਵਾਦ ਅਤੇ ਆਚਰਣ ਹੀਣਤਾ ਬਹੁਤ ਜ਼ਿਆਦਾ ਭਾਰੂ ਹੈ। ਇਨ੍ਹਾਂ ਰਾਹੀਂ ਜ਼ਿਆਦਾ ਤਰ ਅਪਰਾਧੀ ਬਿਰਤੀ ਨੂੰ ਸ਼ਹਿ ਮਿਲਦੀ ਹੈ ਅਤੇ ਸਮਾਜ ਵਿੱਚ ਵਧ ਰਹੇ ਜੁਰਮਾਂ ਦਾ ਵੀ ਇਹ ਇੱਕ ਪ੍ਰਮੁੱਖ



Scanned with CamScanner

ਕਾਰਨ ਹੈ। ਇੰਟਰਨੈਟ ਆਦਿ ਦੀ ਆਸਾਨ ਪਹੁੰਚ ਨੇ ਬੱਚਿਆਂ ਤੇ ਨੌਜਵਾਨਾਂ ਨੂੰ ਖੇਡਾਂ ਅਤੇ ਪੜ੍ਹਾਈ ਤੋਂ ਕਾਫ਼ੀ ਹੱਦ ਤੱਕ ਦੂਰ ਕਰ ਦਿੱਤਾ ਹੈ ਜਿਸ ਕਰਕੇ ਉਨ੍ਹਾਂ ਦੀ ਸਰੀਰਕ ਅਤੇ ਮਾਨਸਿਕ ਸਿਹਤ ਨੂੰ ਨੁਕਸਾਨ ਪੁੱਜ ਰਿਹਾ ਹੈ। ਉਨ੍ਹਾਂ ਦੀ ਸਮੁੱਚੀ ਸ਼ਖਸੀਅਤ ਉਸਾਰੀ ਰੁਕ ਗਈ ਹੈ ਅਤੇ ਉਹ ਡਿਪਰੈਸ਼ਨ (Depression) ਦਾ ਸ਼ਿਕਾਰ ਹੋਕੇ ਨਸ਼ਿਆਂ ਦੀ ਵਰਤੋਂ ਅਤੇ ਜੁਰਮ ਕਰਨ ਵੱਲ ਨੂੰ ਪ੍ਰੇਰਿਤ ਹੋ ਰਹੇ ਹਨ।

ਮਾਪਿਆਂ ਦਾ ਕਰਤੱਵ ਹੈ ਕਿ ਉਹ ਆਪਣੇ ਬੱਚਿਆਂ ਨੂੰ ਇਨ੍ਹਾਂ ਸੰਚਾਰ ਸਾਧਨਾਂ ਦੇ ਮਾੜੇ ਪ੍ਰਭਾਵਾਂ ਤੋਂ ਬਚਾਉਣ ਲਈ ਉਨ੍ਹਾਂ ਨੂੰ ਪਰੇਰਨਾ ਦੇਣ। ਉਨ੍ਹਾਂ ਨਾਲ ਇਕੱਠੇ ਬੈਠਣ, ਗੱਲਾਂ ਕਰਨ ਅਤੇ ਉਨ੍ਹਾਂ ਨੂੰ ਚੰਗੀ ਸੰਗਤ ਨਾਲ ਜੋੜਨ। ਉਨ੍ਹਾਂ ਵਿਚ ਉਸਾਰੂ ਰੁਚੀਆਂ ਪੈਦਾ ਕਰਨ ਵਾਲੀਆਂ ਪੁਸਤਕਾਂ ਵਿਸ਼ੇਸ਼ ਕਰਕੇ ਧਾਰਮਿਕ ਸਾਹਿਤ ਨਾਲ ਜੋੜਨ ਦੇ ਯਤਨ ਕਰਨ। ਸਰਕਾਰ ਨੂੰ ਵੀ ਚਾਹੀਦਾ ਹੈ ਕਿ ਵੱਖ-ਵੱਖ ਚੈਨਲਾਂ ਉਤੇ ਪ੍ਰਸਾਰਿਤ ਹੁੰਦੇ ਪ੍ਰੋਗਰਾਮਾਂ ਦਾ ਮਿਆਰ ਉਚਾ ਚੁੱਕੇ ਅਤੇ ਅਸ਼ਲੀਲਤਾ ਅਤੇ ਜੁਰਮ ਨੂੰ ਸ਼ਹਿ ਦਿੰਦੇ ਪ੍ਰੋਗਰਾਮ ਬੰਦ ਕੀਤੇ ਜਾਣ। ਬੱਚਿਆਂ ਦੇ ਪੱਧਰ ਦੇ ਮਨੋਰੰਜਕ ਪਰ ਸਿੱਖਿਆ-ਦਾਇਕ ਪ੍ਰੋਗਰਾਮ ਵੱਧ ਤੋਂ ਵੱਧ ਸ਼ੁਰੂ ਕੀਤੇ ਜਾਣ।

## ਫੈਸ਼ਨ-ਪ੍ਰਸਤੀ

ਕਿਸੇ ਪ੍ਰਚੱਲਤ ਹੋ ਗਏ ਰਿਵਾਜ ਦੇ ਅੰਨ੍ਹੇਵਾਹ ਪਿਛੇ ਲੱਗ ਤੁਰਨਾ ਫੈਸ਼ਨ ਪ੍ਰਸਤੀ ਅਖਵਾਉਂਦਾ ਹੈ। ਫੈਸ਼ਨ-ਪ੍ਰਸਤ ਆਦਮੀ ਦੀ ਆਪਣੀ ਦਲੀਲ ਕੋਈ ਨਹੀਂ ਹੁੰਦੀ, ਉਹ ਜਿਵੇਂ ਹੋਰਨਾਂ ਨੂੰ ਕਰਦਾ, ਵੇਖਦਾ ਜਾਂ ਸੁਣਦਾ ਹੈ, ਉਵੇਂ ਕਰਨ ਲੱਗ ਜਾਂਦਾ ਹੈ। ਗੁਰੂ ਜੀ ਕਹਿੰਦੇ ਹਨ : 'ਦੇਖਾ ਦੇਖੀ ਸਭ ਕਰੈ ਮਨਮੁਖ ਬੂਝ ਨ ਪਾਇ' ਹਰ ਪ੍ਰਚੱਲਤ ਹੋਏ ਰਿਵਾਜ਼ ਨੂੰ ਫੈਸ਼ਨ ਕਹਿ ਦੇਈਦਾ ਹੈ ਪ੍ਰੰਤੂ ਅੱਜ ਕੱਲ੍ਹ ਇਹ ਲਫ਼ਜ਼ ਵਧੇਰੇ ਕਰਕੇ ਸਰੀਰਕ ਬਨਾਵਟ ਅਤੇ ਪਹਿਨੀ ਜਾਂਦੀ ਪੁਸ਼ਾਕ ਲਈ ਵਰਤਿਆ ਜਾਣ ਲੱਗ ਪਿਆ ਹੈ। ਸਾਰੇ ਫੈਸ਼ਨਾਂ ਪਿਛੇ ਇਕੋ ਮਤਲਬ 'ਸੋਹਣੇ ਲੱਗਣਾ' ਹੁੰਦਾ ਹੈ ਅਤੇ ਇਹੋ ਇੱਛਾ ਹੁੰਦੀ ਹੈ ਕਿ ਲੋਕ ਮੈਨੂੰ ਵੇਖਣ ਅਤੇ ਮੋਹੇ ਜਾਣ। ਇਹ ਇੱਛਾ ਮਨ ਅੰਦਰ ਕਾਮ ਚੇਸ਼ਟਾ ਉਪਜਾਉਂਦੀ ਅਤੇ ਕਈ ਵਾਰ ਆਚਰਣ-ਹੀਨਤਾ ਦੀ ਹਾਲਤ ਪੈਦਾਂ ਕਰ ਦੇਂਦੀ ਹੈ। ਇਸ ਪਰਥਾਏ ਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਇਉਂ ਹੈ :

ਬਾਬਾ ਹੋਰੁ ਪੈਨਣ ਖੁਸੀ ਖੁਆਰੁ ।।



Scanned with CamScanner

ਜਿਤੁ ਪੈਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥

(ਅੰਗ : ੧੬)

ਸਿੱਖੀ ਵਿਸ਼ੇਸ਼ ਕਰਕੇ ਇਖਲਾਕੀ ਧਰਮ ਹੈ ਅਤੇ ਇਸ ਦਾ ਮੁੱਖ ਉਦੇਸ਼ ਉੱਚਾ ਆਚਰਣ ਰੱਖਣਾ ਹੈ। ਆਚਰਣ ਅੰਦਰ ਆਈ ਗਿਰਾਵਟ ਸਿੱਖ ਨੂੰ ਸਿੱਖੀ ਤੋਂ ਦੂਰ ਕਰ ਦੇਂਦੀ ਹੈ। ਇਸ ਲਈ ਹਰ ਇਸਤਰੀ ਮਰਦ ਵਾਸਤੇ, ਜੋ ਸਿੱਖ ਰਹਿਣਾ ਚਾਹੁੰਦੇ ਹਨ, ਸਾਦਾ ਜੀਵਨ ਬਨਾਉਣਾ ਮੁੱਖ ਗੱਲ ਹੈ। ਫੈਸ਼ਨ ਪ੍ਰਸਤੀ, ਜੋ ਮਨੁੱਖੀ ਮਨ ਨੂੰ ਪ੍ਰਗਟ ਜਾਂ ਗੁਪਤ ਤੌਰ ਤੇ ਵਿਕਾਰੀ ਕਰਦੀ ਹੈ, ਸਿੱਖੀ ਜੀਵਨ ਦੇ ਅਨੁਕੂਲ ਨਹੀਂ।

ਅੱਜ ਦਾ ਸਿੱਖ ਨੌਜਵਾਨ ਹੋਰਨਾਂ ਦੇ ਵੇਖਾ-ਵੇਖੀ ਫੈਸ਼ਨ ਦੇ ਹੜ੍ਹ ਅੰਦਰ ਰੁੜ੍ਹਦਾ ਜਾ ਰਿਹਾ ਹੈ, ਜੋ ਸਿੱਖੀ ਲਈ ਸਭ ਤੋਂ ਵੱਡੀ ਹਾਨੀਕਾਰਕ ਗੱਲ ਹੈ। ਇਸ ਤੋਂ ਬਚਣ ਦਾ ਸੌਖਾ ਉਪਾਉ ਸਾਦਾ ਰਹਿਣ ਸਹਿਣ, ਸਾਦਾ ਪਹਿਨਣ ਖਾਣ ਅਤੇ ਧਰਮ ਨੂੰ ਸਮਝ ਕੇ ਉਸ ਅਨੁਸਾਰ ਜੀਵਨ ਬਤੀਤ ਕਰਨਾ ਹੈ। ਸਿੱਖ ਇਤਿਹਾਸ ਵਿਚ ਪੁਰਾਤਨ ਗੁਰਸਿੱਖਾਂ ਦੁਆਰਾ ਕੀਤੀਆਂ ਘਾਲ-ਕਮਾਈਆਂ ਅਤੇ ਪੰਥਕ ਜਜ਼ਬਿਆਂ ਤੋਂ ਸੇਧ ਲੈਣ ਦੀ ਜ਼ਰੂਰਤ ਹੈ।

## ਨਿਸ਼ਾਨ ਸਾਹਿਬ

ਹਰ ਕੌਮ, ਸਮਾਜ ਅਤੇ ਧਰਮ ਦਾ ਆਪਣਾ ਝੰਡਾ ਜਾਂ ਨਿਸ਼ਾਨ ਹੁੰਦਾ ਹੈ, ਜਿਸ ਨੂੰ ਉੱਚਾ ਰੱਖਣਾ ਉਸ ਕੌਮ, ਸਮਾਜ ਜਾਂ ਧਰਮ ਵਾਲਿਆਂ ਦਾ ਫਰਜ਼ ਹੁੰਦਾ ਹੈ। ਜਿਊਂਦੀਆਂ ਤੇ ਅਣਖੀਲੀਆਂ ਕੌਮਾਂ ਆਪਣੇ ਝੰਡੇ ਦੀ ਨਿਰਾਦਰੀ ਬਰਦਾਸ਼ਤ ਨਹੀਂ ਕਰਿਆ ਕਰਦੀਆਂ, ਕਿਉਂਕਿ ਕੌਮੀ ਝੰਡਾ ਹੀ ਉਸ ਕੌਮ ਦੀ ਵਡਿਆਈ ਪ੍ਰਗਟ ਕਰਦਾ ਹੈ।

ਸਿੱਖ ਕੌਮ ਦਾ ਵੀ ਆਪਣਾ ਨਿਸ਼ਾਨ ਜਾਂ ਝੰਡਾ ਹੈ। ਪੰਥਕ ਮਰਯਾਦਾ ਅਨੁਸਾਰ ਹਰ ਇਕ ਗੁਰਦੁਆਰੇ ਵਿਚ ਨਿਸ਼ਾਨ ਸਾਹਿਬ ਕਿਸੇ ਉੱਚੀ ਥਾਂ ਤੇ ਲੱਗਾ ਹੁੰਦਾ ਹੈ। ਨਿਸ਼ਾਨ ਸਾਹਿਬ ਦੇ ਪੁਸ਼ਾਕੇ ਦਾ ਰੰਗ ਬਸੰਤੀ ਜਾਂ ਸੁਰਮਈ ਹੁੰਦਾ ਹੈ। ਨਿਸ਼ਾਨ ਸਾਹਿਬ ਦੇ ਸਿਰੇ ਉਤੇ ਸਰਬ ਲੋਹ ਦਾ ਭਾਲਾ ਜਾਂ ਖੰਡਾ ਹੁੰਦਾ ਹੈ। ਇਹ ਨਿਸ਼ਾਨ ਸਾਹਿਬ ਖਾਲਸਾ ਪੰਥ ਦੀ ਵਡਿਆਈ ਦਾ ਲਖਾਇਕ ਹੈ। ਝੂਲਦਾ ਨਿਸ਼ਾਨ ਸਾਹਿਬ ਇਸ ਗੱਲ ਦਾ ਪ੍ਰਤੀਕ ਹੈ ਕਿ ਇਸ ਜਗ੍ਹਾ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਰਬੱਤ ਦੇ ਭਲੇ ਤੇ ਸਰਬਸਾਂਝੀ ਵਿਚਾਰਧਾਰਾ ਪਹੁੰਚ ਚੁੱਕੀ ਹੈ। ਇਹ ਵਿਚਾਰਧਾਰਾ ਹੀ ਸਰਬ ਸੰਸਾਰ ਨੂੰ ਸੁੱਖ ਤੇ ਸ਼ਾਂਤੀ ਦੇ ਸਕਦੀ ਹੈ। ਇਹ ਵਿਚਾਰਧਾਰਾ ਸੰਸਾਰ ਤੱਕ ਪਹੁੰਚਣੀ ਜ਼ਰੂਰੀ ਹੈ ਭਾਵ ਨਿਸ਼ਾਨ ਸਾਹਿਬ



Scanned with CamScanner

ਦਾ ਦੁਨੀਆਂ ਦੇ ਹਰ ਕੋਨੇ; ਟੀਸੀ, ਪਹਾੜ, ਮੈਦਾਨ ਵਿਚ ਝੂਲਣਾ ਜ਼ਰੂਰੀ ਹੈ।

ਅਠਾਰ੍ਹਵੀਂ ਸਦੀ ਵਿਚ ਜਦ ਮਿਸਲਾਂ ਕਾਇਮ ਕੀਤੀਆਂ ਗਈਆਂ ਤਾਂ ਇੱਕ ਮਿਸਲ ਦਾ ਨਾਮ 'ਨਿਸ਼ਾਨਾਂ ਵਾਲੀ ਮਿਸਲ' ਰੱਖਿਆ ਗਿਆ। ਸਿੱਖ ਕੌਮ ਵਲੋਂ ਹੱਕ, ਸੱਚ, ਨਿਆਂ, ਮਨੁੱਖਤਾ ਦੇ ਭਲੇ, ਧਰਮ ਜਾਂ ਦੂਜਿਆਂ ਦੀ ਇੱਜ਼ਤ ਦੀ ਰੱਖਿਆ ਲਈ ਜਿੰਨੇ ਵੀ ਯੁੱਧ ਲੜੇ ਗਏ, ਸਾਰੇ ਨਿਸ਼ਾਨ ਸਾਹਿਬ ਦੀ ਅਗਵਾਈ ਵਿਚ ਹੀ ਲੜੇ ਗਏ। ਇਤਿਹਾਸ ਗਵਾਹ ਹੈ ਕਿ ਹਿੰਦੁਸਤਾਨ ਦੀਆਂ ਮੁਟਿਆਰਾਂ ਨੂੰ ਨਾਦਰਸ਼ਾਹ ਦੀਆਂ ਫ਼ੌਜਾਂ, ਮੁਗਲ ਜਾਂ ਹੋਰ ਹਮਲਾਵਰ ਚੁੱਕ ਕੇ ਲੈ ਜਾਂਦੇ ਸਨ। ਇਨ੍ਹਾਂ ਹਿੰਦੁਸਤਾਨੀ ਮੁਟਿਆਰਾਂ ਨੂੰ ਗਜ਼ਨੀ ਦੇ ਬਜ਼ਾਰਾਂ ਵਿਚ ਲਿਜਾ ਕੇ, ਉਥੇ ਇੱਕ-ਇੱਕ ਟਕੇ/ਦੋ ਦੋ ਦੀਨਾਰ (ਭਾਵ ਕੁਝ ਰੁਪਿਆਂ ਵਿਚ) ਦੇ ਬਰਾਬਰ ਨਿਲਾਮ ਕਰਦੇ ਸਨ। ਇਨ੍ਹਾਂ ਸਮਿਆਂ ਵਿਚ ਨਿਸ਼ਾਨ ਸਾਹਿਬ ਦੀ ਅਗਵਾਈ ਵਿਚ ਸਿੰਘ ਉਥੇ ਪਹੁੰਚਦੇ ਸਨ। ਆਪਣੀਆਂ ਜਾਨਾਂ ਨੂੰ ਖਤਰੇ ਵਿਚ ਪਾਕੇ ਅਤੇ ਬਹੁਤੇ ਸ਼ਹੀਦੀਆਂ ਦੇਕੇ, ਉਨ੍ਹਾਂ ਅਬਲਾ ਮੁਟਿਆਰਾਂ ਨੂੰ ਛੁਡਾ ਕੇ ਲਿਆਉਂਦੇ ਸਨ। ਉਨ੍ਹਾਂ ਨੂੰ ਭੈਣ ਕਹਿ ਕੇ ਉਨ੍ਹਾਂ ਦੇ ਘਰਾਂ ਦਾ ਪਤਾ ਪੁੱਛਕੇ, ਉਨ੍ਹਾਂ ਦੇ ਮਾਪਿਆਂ ਕੋਲ ਪਹੁੰਚਾਂਦੇ ਸਨ। ਇਹ ਕਹਿ ਲਵੋ ਕਿ ਹਿੰਦੁਸਤਾਨ ਦੀ ਇੱਜ਼ਤ ਆਬਰੂ ਦੀ ਰੱਖਿਆ ਦਾਂ ਇਤਿਹਾਸ ਨਿਸ਼ਾਨ ਸਾਹਿਬ ਦੀ ਅਗਵਾਈ ਵਿਚ ਸੰਭਾਲਿਆ ਪਿਆ ਹੈ। ਹਰ ਸਿੱਖ ਇਕੱਲਾ ਹੋਵੇ ਜਾਂ ਸੰਗਤ ਵਿਚ ਸ਼ਾਮਲ ਹੋਵੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਖਾਲਸੇ ਦੇ ਝੰਡੇ, ਬੁੰਗੇ ਅਤੇ ਨਿਸ਼ਾਨ ਸਾਹਿਬ ਦੀ ਕਾਇਮੀ ਅਤੇ ਇਸ ਦੇ ਰਹਿੰਦੀ ਦੁਨੀਆਂ ਤੱਕ ਝੂਲਦੇ ਰਹਿਣ ਲਈ ਅਰਦਾਸ ਕਰਦਾ ਹੈ।

## ਦਸਤਾਰ

ਦਸਤਾਰ ਫ਼ਾਰਸੀ ਭਾਸ਼ਾ ਦਾ ਸ਼ਬਦ ਹੈ। ਇਸ ਦਾ ਅਰਥ ਪੱਗ ਜਾਂ ਪਗੜੀ ਹੈ। ਆਮ ਕਹਾਵਤ ਹੈ ਕਿ ਆਦਮੀ ਆਪਣੀ ਦਸਤਾਰ ਤੋਂ ਪਹਿਚਾਣਿਆ ਜਾਂਦਾ ਹੈ। ਦਸਤਾਰ ਸਰਦਾਰੀ ਲਿਬਾਸ ਹੈ। ਸਿੱਖ ਸਾਰੇ ਹੀ ਸਰਦਾਰ ਹਨ, ਇਸ ਲਈ ਦਸਤਾਰ ਨੂੰ ਸਿੱਖ ਦੇ ਲਿਬਾਸ ਦਾ ਜ਼ਰੂਰੀ ਅੰਗ ਨਿਰਧਾਰਤ ਕੀਤਾ ਗਿਆ ਹੈ। ਦਸਤਾਰ ਸਿੱਖ ਦੀ ਸ਼ਾਨ ਹੈ ਅਤੇ ਇਹ ਉਸ ਦੀ ਇੱਜ਼ਤ-ਆਬਰੂ ਦਾ ਪ੍ਰਤੀਕ ਹੈ। ਸਾਡੇ ਸਮਾਜ ਵਿਚ ਦਸਤਾਰ ਨੂੰ ਹੱਥ ਪਾਉਣ ਤੋਂ ਵੱਡੀ, ਹੋਰ ਕੋਈ ਬੇ-ਇੱਜ਼ਤੀ ਨਹੀਂ ਹੈ। ਪਰ ਅਫਸੋਸ ਹੈ ਕਿ ਅੱਜ ਦਾ ਨੌਜਵਾਨ ਦਸਤਾਰ ਨੂੰ ਅਣਗੌਲਿਆਂ ਕਰਕੇ, ਆਪਣੀ ਅਮੀਰ ਵਿਰਾਸਤ ਦਾ ਤਿਆਗ ਕਰਕੇ, ਟੋਪੀ ਪਾ ਰਿਹਾ ਹੈ। ਆਪਣੀ ਵਿਰਾਸਤ ਨੂੰ ਭੁਲਾ ਦੇਣਾ ਸਭ ਤੋਂ ਵੱਡੀ ਭੁੱਲ ਹੈ।



Scanned with CamScanner

ਗੁਰਬਾਣੀ ਵਿਚ ਸਾਬਤ ਸੂਰਤ ਰਹਿਣ ਅਤੇ ਸਿਰ ਉੱਤੇ ਦਸਤਾਰ ਬੰਨ੍ਹਣ ਦਾ ਹੁਕਮ ਹੈ -ਸਾਬਤ ਸੂਰਤਿ ਦਸਤਾਰ ਸਿਰਾ।। (ਅੰਗ : ੧੦੮੪)।

ਇਸੇ ਤਰ੍ਹਾਂ ਸਿਰੋਂ ਨੰਗੇ ਹੋਣਾ ਪੰਜਾਬੀ ਦੀ ਬੜੀ ਵੱਡੀ ਗਾਲ੍ਹ ਹੈ। ਦਸਤਾਰ ਪੰਜਾਬੀ ਸਭਿਆਚਾਰ ਦੀ ਆਨ ਤੇ ਸ਼ਾਨ ਹੈ। ਦਸਤਾਰ ਕਰਕੇ ਹੀ ਹਰ ਸਾਬਤ ਸੂਰਤ ਸਿੱਖ ਹਜ਼ਾਰਾਂ ਲੱਖਾਂ ਵਿਚ ਵਿਚਰਦਾ ਆਸਾਨੀ ਨਾਲ ਪਹਿਚਾਣਿਆ ਜਾਂਦਾ ਹੈ। ਸਾਬਤ ਸੂਰਤ ਤੇ ਦਸਤਾਰ ਹੀ ਸਿੱਖ ਦੀ ਬਾਹਰੀ ਵਿਲੱਖਣਤਾ ਦੇ ਜ਼ਾਮਨ ਹਨ।

ਦਸਤਾਰ ਸਬੰਧੀ ਪ੍ਰਚੱਲਤ ਕੁਝ ਮੁਹਾਵਰੇ ਇਸ ਪ੍ਰਕਾਰ ਹਨ :-

(ੳ) ਪੱਗ ਲੱਥ ਜਾਣੀ ਜਾਂ ਲਹਿ ਜਾਣੀ (ਬੇਇੱਜ਼ਤੀ ਹੋਣੀ)

(ਅ) ਪੱਗ ਲਾਹੁਣੀ (ਬੇਇੱਜ਼ਤੀ ਕਰਨੀ)

(ੲ) ਪੱਗ ਪੈਰਾਂ ਤੇ ਰੱਖਣੀ (ਮੁਆਫ਼ੀ ਮੰਗਣੀ)

(ਸ) ਪੱਗ ਵਟਾ ਲੈਣੀ (ਮਿੱਤਰਤਾਈ ਪਾਉਣੀ)

(ਹ) ਪੱਗ ਸਿਰ ਤੇ ਰੱਖਣੀ (ਇੱਜ਼ਤ ਹੋਣੀ)

(ਕ) ਪੱਗ ਰੁਲਣੀ (ਬੇਇੱਜ਼ਤੀ ਹੋਣੀ)

ਇਸ ਲਈ ਸਾਨੂੰ ਆਪਣੀ ਦਸਤਾਰ ਕਦੇ ਵੀ ਰੋਲਣੀ ਅਤੇ ਤਿਆਗਣੀ ਨਹੀਂ ਚਾਹੀਦੀ। ਇਸ ਦੀ ਸ਼ਾਨ ਲਈ ਦਸਤਾਰ ਨੂੰ ਚੁਣ-ਚੁਣ ਕੇ ਸ਼ਾਨਦਾਰ ਢੰਗ ਨਾਲ ਬੰਨ੍ਹਣਾ ਚਾਹੀਦਾ ਹੈ। ਸਿੱਖ ਨੂੰ ਸਵੇਰੇ ਤੇ ਸ਼ਾਮ ਆਪਣੇ ਸਿਰ ਵਿਚ ਕੰਘਾ ਕਰਕੇ ਦਸਤਾਰ ਸਜਾਉਣ ਦਾ ਹੁਕਮ ਹੈ।

## ਸਿੱਖ ਧਰਮ ਨਾਲ ਸੰਬੰਧਤ ਤਿਉਹਾਰ

ਜਿਥੋਂ ਤੱਕ ਤਿਉਹਾਰ ਦਾ ਸਵਾਲ ਹੈ, ਸਿੱਖ ਧਰਮ ਵਿਚ ਆਮ ਦੁਨਿਆਵੀ ਮਾਅਨਿਆਂ ਵਿਚ ਤਿਉਹਾਰ ਨਹੀਂ ਹੁੰਦੇ। ਇਹ ਇਤਿਹਾਸਕ ਮਹੱਤਤਾ ਵਾਲੇ ਦਿਨ, ਤਿਉਹਾਰ ਦੇ ਰੂਪ ਵਿਚ ਵਿਰਸੇ ਨਾਲ ਜੁੜਨ ਦਾ ਵਡਮੁੱਲਾ ਮੌਕਾ ਹੁੰਦੇ ਹਨ। ਇਹ ਹੇਠ ਲਿਖੇ ਅਨੁਸਾਰ ਹਨ :

(ੳ) ਗੁਰੂ ਸਾਹਿਬਾਨ ਦੇ ਪ੍ਰਕਾਸ਼ ਉਤਸਵ

(ਅ) ਗੁਰੂ ਸਾਹਿਬਾਨ ਦੇ ਗੁਰਗੱਦੀ ਦਿਵਸ

(ੲ) ਗੁਰੂ ਸਾਹਿਬਾਨ ਦੇ ਜੋਤੀ ਜੋਤਿ ਸਮਾਉਣ ਤੇ ਸ਼ਹੀਦੀ ਦਿਵਸ

(ਸ) ਖਾਲਸੇ ਦਾ ਸਥਾਪਨਾ ਦਿਵਸ "ਵੈਸਾਖੀ"



Scanned with CamScanner

(ਹ) ਗੁਰਸਿੱਖਾਂ ਦੇ ਇਤਿਹਾਸਕ ਦਿਹਾੜੇ

(ਕ) ਸਿੱਖ ਸ਼ਹੀਦਾਂ ਦੇ ਸ਼ਹੀਦੀ ਦਿਵਸ, ਜਿਵੇਂ 'ਸ਼ਹੀਦ ਭਾਈ ਤਾਰੂ ਸਿੰਘ ਦਿਵਸ' ਆਦਿ।

ਗੁਰਪੁਰਬ ਤੇ ਇਤਿਹਾਸਕ ਦਿਨ, ਉਚੇਚੇ ਦੀਵਾਨ ਸਜਾ ਕੇ ਮਨਾਏ ਜਾਂਦੇ ਹਨ। ਗੁਰਬਾਣੀ ਕੀਰਤਨ, ਕਥਾ, ਲੈਕਚਰ ਹੁੰਦੇ ਹਨ। ਢਾਡੀ ਸਿੰਘ ਸਿੱਖ ਇਤਿਹਾਸ ਤੇ ਵਾਰਾਂ ਸੁਣਾ ਕੇ ਸੰਗਤਾਂ ਅੰਦਰ ਬੀਰ ਰਸ ਭਰਦੇ ਹਨ। ਇਨ੍ਹਾਂ ਸਮਾਗਮਾਂ ਸਮੇਂ ਗੁਰੂ ਕਾ ਲੰਗਰ ਤਿਆਰ ਕੀਤਾ ਜਾਂਦਾ ਹੈ ਜੋ ਸਭ ਮਨੁੱਖ ਮਾਤਰ ਬਿਨਾਂ ਕਿਸੇ ਵਿਤਕਰੇ ਦੇ ਛੱਕਦੇ ਹਨ। ਸਾਰੇ ਸੰਸਾਰ ਵਿਚ ਹਰ ਧਰਮ ਦੇ ਸ਼ਰਧਾਲੂ, ਗੁਰਪੁਰਬਾਂ ਸਮੇਂ ਲੰਗਰ ਤੇ ਛਬੀਲ ਆਦਿਕ ਵਿਚ ਸ਼ਾਮਲ ਹੋ ਕੇ ਸੰਤੁਸ਼ਟ ਹੁੰਦੇ ਹਨ।

ਹਰ ਪ੍ਰਾਣੀ ਦਾ ਫਰਜ਼ ਹੈ ਕਿ ਉਹ ਇਨ੍ਹਾਂ ਤਿਉਹਾਰਾਂ ਵਿਚ ਵੱਧ ਚੜ੍ਹ ਕੇ ਹਿੱਸਾ ਲਵੇ ਤੇ ਗੁਰੂ ਸਾਹਿਬਾਨ ਦੀ ਸਿੱਖਿਆ ਸੁਣੇ ਤੇ ਅਮਲੀ ਜੀਵਨ ਵਿਚ ਧਾਰਨ ਕਰੇ।

## ਨਸ਼ਾ ਮੁਕਤ ਸਮਾਜ ਸਿਰਜਨਾ

ਪੰਜਾਬ ਵਿਚ ਨਸ਼ਿਆਂ ਦਾ ਰੁਝਾਨ ਦਿਨ-ਬ-ਦਿਨ ਵਧਦਾ ਜਾ ਰਿਹਾ ਹੈ। ਪਹਿਲਾਂ ਕੇਵਲ ਵੱਡੀ ਉਮਰ ਦੇ ਲੋਕ ਹੀ ਆਪਣੇ ਬੱਚਿਆਂ ਤੋਂ ਅਤੇ ਬਜ਼ੁਰਗਾਂ ਤੋਂ ਪਾਸੇ (ਦੂਰ) ਨਸ਼ਾ ਕਰਦੇ ਸਨ ਪਰ ਹੁਣ ਨੌਜਵਾਨ ਇੱਥੋਂ ਤੱਕ ਕਿ ਬੱਚੇ ਵੀ ਵੱਡਿਆਂ ਦੇ ਸਾਹਮਣੇ ਨਸ਼ਾ ਕਰਨ ਲੱਗ ਗਏ ਹਨ ਜਿਹੜੀ ਕਿ ਬੜੀ ਨਮੋਸ਼ੀ ਦੀ ਗੱਲ ਹੈ। ਪਹਿਲਾਂ ਨਸ਼ਾ ਕਰਨ ਵਾਲਿਆਂ ਦੀ ਗਿਣਤੀ, ਬਹੁਤ ਘੱਟ ਹੁੰਦੀ ਸੀ ਪਰ ਹੁਣ ਨਸ਼ਾ ਨਾ ਕਰਨ ਵਾਲਿਆਂ ਦੀ ਗਿਣਤੀ, ਘਟਦੀ ਜਾ ਰਹੀ ਹੈ। ਇਹ ਸਾਡੇ ਸਮਾਜ ਲਈ ਇੱਕ ਖਤਰੇ ਦੀ ਘੰਟੀ ਹੈ। ਪਹਿਲਾਂ ਕੇਵਲ ਅਫੀਮ, ਸ਼ਰਾਬ ਅਤੇ ਡੋਡਿਆਂ ਦੇ ਨਸ਼ੇ ਹੀ ਪੰਜਾਬ ਵਿਚ ਪ੍ਰਚੱਲਤ ਸਨ ਪਰ ਹੁਣ ਤਾਂ ਅਨੇਕਾਂ ਤਰ੍ਹਾਂ ਦੇ ਨਸ਼ਿਆਂ ਦੀ ਵਰਤੋਂ ਹੋ ਰਹੀ ਹੈ। ਕਦੇ-ਕਦੇ ਤਾਂ ਇੰਝ ਜਾਪਦਾ ਹੈ ਕਿ ਜਿਵੇਂ ਕੋਈ ਸੋਚੀ ਸਮਝੀ ਚਾਲ ਅਧੀਨ ਪੰਜਾਬ ਵਾਸੀਆਂ ਨੂੰ ਨਸ਼ਿਆਂ ਵਿੱਚ ਡੋਬਿਆ ਜਾ ਰਿਹਾ ਹੈ।

ਗੁਰੂ ਸਾਹਿਬਾਨ ਅਤੇ ਸਿੱਖ ਸੂਰਬੀਰਾਂ ਦੇ ਕਦਮਾਂ ਵਿਚ ਆਬਾਦ ਅਤੇ ਖੁਸ਼ਹਾਲ ਹੋਈ, ਪੰਜਾਬ ਦੀ ਇਸ ਧਰਤੀ ਉਤੇ ਇੰਨੀ ਵੱਡੀ ਮਾਤਰਾ ਵਿਚ ਨਸ਼ਿਆਂ ਦਾ ਫੈਲਣਾ, ਦੇਸ਼ ਦੀ ਸੁਰੱਖਿਆ ਲਈ, ਵੱਡੀ ਚਿੰਤਾ ਦਾ ਵਿਸ਼ਾ ਤਾਂ ਹੈ ਹੀ, ਇਹ ਖਤਰਨਾਕ ਵੀ ਸਾਬਤ ਹੋ ਸਕਦਾ ਹੈ। ਕਿਉਂਕਿ ਜੇਕਰ ਸਰਹੱਦੀ



Scanned with CamScanner

ਰਾਜਾਂ ਦੇ ਲੋਕ ਕਮਜ਼ੋਰ ਹੋਏ ਤਾਂ ਵੈਰੀ ਨੂੰ ਹੀ ਲਾਭ ਹੋਵੇਗਾ। ਸਿਆਣੇ ਤਾਂ ਕਹਿੰਦੇ ਹਨ ਕਿ 'ਡਰੱਗ ਬੰਬ' ਤਾਂ 'ਐਟਮ ਬੰਬਾਂ' ਤੋਂ ਵੀ ਵਧੇਰੇ ਮਾਰੂ ਹੁੰਦਾ ਹੈ। ਤੰਬਾਕੂ ਕੰਪਨੀਆਂ ਪੰਜਾਬ ਦੇ ਬੱਚਿਆਂ ਵਿਚ ਗੁਟਖਾ ਖਾਣ ਦੀ ਆਦਤ ਲਗਾਉਣ ਵਿਚ ਕਾਫੀ ਕਾਮਯਾਬ ਹੋਈਆਂ ਹਨ। ਮਾਹਿਰਾਂ ਦਾ ਨਿਰਣਾ ਹੈ ਕਿ ਜਿਸ ਇਲਾਕੇ ਵਿਚ ਗੁਟਖੇ ਦੀ ਵਰਤੋਂ ਵਧੇਰੇ ਹੋਵੇਗੀ, ਉਥੇ ਭਵਿੱਖ ਵਿੱਚ ਹੋਰ ਨਸ਼ਿਆਂ ਦੀ ਵਰਤੋਂ ਵੀ ਜ਼ਿਆਦਾ ਹੋਵੇਗੀ। ਇਨ੍ਹਾਂ ਨਸ਼ਿਆਂ ਦੀ ਵਰਤੋਂ ਕਾਰਨ ਪੰਜਾਬ ਵਿੱਚ ਏਡਜ਼ ਦੇ ਮਰੀਜ਼ਾਂ ਦੀ ਗਿਣਤੀ ਵੀ ਵਧ ਰਹੀ ਹੈ। ਤੰਬਾਕੂ ਨੂੰ ਨਸ਼ਿਆਂ ਦਾ ਦਰਵਾਜ਼ਾ ਮੰਨਿਆ ਗਿਆ ਹੈ।

ਸ਼ਰਾਬ ਅਤੇ ਹੋਰ ਦੂਸਰੇ ਨਸ਼ਿਆਂ ਦੀ ਵਰਤੋਂ ਹਰ ਆਰਥਿਕ ਵਰਗ ਤੱਕ ਸੰਭਵ ਹੋ ਗਈ ਹੈ। ਹਰ ਜਾਤ, ਨਸਲ ਅਤੇ ਕਿੱਤੇ-ਪੇਸ਼ੇ ਦੇ ਲੋਕ ਇਸ ਦਾ ਸੇਵਨ ਕਰਨ ਲੱਗ ਪਏ ਹਨ। ਕਈ ਥਾਂ ਤੇ ਪਿੰਡਾਂ ਵਿਚ ਨਸ਼ਿਆਂ ਦੇ ਕੈਪਸੂਲ ਜਾਂ ਗੋਲੀਆਂ ਘੋਲ ਕੇ ਸ਼ਰਾਬ ਬਣਾਈ ਜਾਂਦੀ ਹੈ, ਜਿਸ ਨਾਲ ਵਿਆਹ-ਸ਼ਾਦੀਆਂ ਦਾ ਸਾਰਾ ਮੰਡਲ ਹੀ ਲਾਸ਼ਾਂ ਦਾ ਢੇਰ ਬਣ ਜਾਂਦਾ ਹੈ। ਖੁਸ਼ੀਆਂ ਦਾ ਮਾਹੌਲ ਇੱਕ ਦਮ ਮਾਤਮ (ਮੌਤ ਦੇ ਗਮ) ਵਿਚ ਬਦਲ ਜਾਂਦਾ ਹੈ। ਵਿਆਹ ਵਿਚ ਭੰਗੜੇ-ਗਿੱਧੇ ਦੀ ਥਾਂ ਤੇ ਲੋਕਾਂ ਦੇ ਦਿਲਾਂ ਨੂੰ ਚੀਰਨ ਵਾਲੇ ਕੀਰਨੇ (ਰੋਣ ਦੀਆਂ ਚੀਕਾਂ) ਸੁਣਾਈ ਦਿੰਦੇ ਹਨ।

ਜਿਥੇ ਸ਼ਰਾਬ ਅਤੇ ਹੋਰ ਦੂਸਰੇ ਨਸ਼ੇ, ਆਪਣੇ ਘਿਨਾਉਣੇ ਪੈਰ ਪਸਾਰ ਰਹੇ ਹਨ, ਉਥੇ ਇਨ੍ਹਾਂ ਦੇ ਖਿਲਾਫ ਸੰਸਾਰ ਵਿਚ ਚੇਤਨਤਾ ਵੀ ਵੱਧ ਰਹੀ ਹੈ। ਉਲੰਪਿਕ ਖੇਡਾਂ ਵਿਚ ਨਸ਼ਾ ਵਰਤ ਕੇ, ਖੇਡ ਵਿਚ ਹਿੱਸਾ ਲੈਣ ਦੀ ਮਨਾਹੀ ਹੈ। ਜੇ ਸਾਬਤ ਹੋ ਜਾਵੇ ਕਿ ਕਿਸੇ ਖਿਡਾਰੀ ਨੇ ਡਰੱਗਜ਼ ਦੀ ਸਹਾਇਤਾ ਨਾਲ ਦੌੜ ਜਿੱਤੀ ਹੈ ਜਾਂ ਖੇਡ ਖੇਡੀ ਹੈ ਤਾਂ ਉਸ ਨੂੰ ਜਿੱਤੇ ਹੋਏ ਮੈਡਲ ਤੋਂ ਵੀ ਹੱਥ ਧੋਣੇ ਪੈ ਸਕਦੇ ਹਨ। ਸੰਸਾਰ ਪ੍ਰਸਿੱਧ ਦੌੜਾਕ ਬੈਨ ਜੌਨਸਨ ਤੇ ਫੁਟਬਾਲ ਦਾ ਨੰਬਰ ਇਕ ਦਾ ਖਿਡਾਰੀ ਮਾਰਡੋਨਾ ਨੂੰ ਇਸ ਕਾਰਨ ਸਖ਼ਤ ਨਮੋਸ਼ੀ ਸਹਿਣੀ ਪਈ ਹੈ। ਕਈ ਸਾਲਾਂ ਤੱਕ ਉਨ੍ਹਾਂ ਨੂੰ ਕਿਸੇ ਅੰਤਰ-ਰਾਸ਼ਟਰੀ ਮੁਕਾਬਲੇ ਵਿਚ ਖੇਡਣ ਦੀ ਮਨਾਹੀ ਕਰ ਦਿੱਤੀ ਗਈ। ਇਸ ਤਰ੍ਹਾਂ ਵਿੰਬਲਡਨ ਦਾ, ਹੁਣ ਦਾ ਨੰਬਰ ਚਾਰ ਦਾ ਖਿਡਾਰੀ ਆਂਦਰੇ ਆਗਾਸੀ, ਜੋ ਪੁਰਾਣਾ ਚੈਂਪੀਅਨ ਵੀ ਰਿਹਾ ਹੈ, ਉਹ ਡਰੱਗਜ਼ ਤੋਂ ਬੁਰੀ ਤਰ੍ਹਾਂ ਪੀੜਤ ਰਿਹਾ ਹੈ। ਆਂਦਰੇ ਆਗਾਸੀ ਨੇ ਇਸ ਲਾਹਨਤ ਤੋਂ ਛੁਟਕਾਰਾ ਪਾਉਣ ਲਈ ਇਕ ਧਾਰਮਿਕ ਵਿਅਕਤੀ ਨਾਲ ਦੋਸਤੀ ਪਾ ਲਈ। ਚਰਚ ਜਾਣਾ ਸ਼ੁਰੂ ਕਰ ਦਿੱਤਾ ਤੇ ਸਹਿਜੇ-ਸਹਿਜੇ ਇਸ ਲਾਹਨਤ ਤੋਂ ਛੁਟਕਾਰਾ ਪਾਇਆ।



Scanned with CamScanner

ਧਰਮ ਨੂੰ ਜੇ ਅਸੀਂ ਪੂਰੀ ਸੁਹਿਰਦਤਾ ਨਾਲ, ਆਪਣੇ ਰੋਜ਼ ਦੇ ਜੀਵਨ ਦਾ ਅੰਗ ਬਣਾ ਲਈਏ ਤਾਂ ਨਸ਼ਿਆਂ ਤੋਂ ਬਚਣ ਲਈ ਇਹ ਇਕ ਸਾਰਥਕ ਉਪਰਾਲਾ ਬਣ ਸਕਦਾ ਹੈ। ਪਹਿਲਾਂ ਮਨੁੱਖ ਅਗਿਆਨਤਾ ਕਾਰਨ ਨਸ਼ਾ ਲੈਂਦਾ ਹੈ, ਉਪਰੰਤ ਇਹ ਉਸ ਦਾ ਸ਼ੌਕ ਬਣ ਜਾਂਦਾ ਹੈ ਅਤੇ ਹੌਲੀ-ਹੌਲੀ ਮਜ਼ਬੂਰੀ। ਬਹੁਤੇ ਲੋਕਾਂ ਨੂੰ ਇਹ ਪਤਾ ਹੀ ਨਹੀਂ ਹੁੰਦਾ ਕਿ ਨਸ਼ਾ ਲੈਣਾ, ਨਾ ਕੇਵਲ ਉਨ੍ਹਾਂ ਦੇ ਜੀਵਨ ਨੂੰ ਬਰਬਾਦ ਕਰੇਗਾ ਸਗੋਂ, ਉਨ੍ਹਾਂ ਦੇ ਪਰਿਵਾਰ, ਬੱਚਿਆਂ ਅਤੇ ਸਮੁੱਚੇ ਸਮਾਜ ਨੂੰ ਤਬਾਹ ਕਰ ਦੇਵੇਗਾ। ਪਰ ਅਫਸੋਸ, ਜਦੋਂ ਉਨ੍ਹਾਂ ਨੂੰ ਸੋਝੀ ਆਉਂਦੀ ਹੈ ਕਿ ਨਸ਼ਾ ਮੌਤ ਹੈ, ਉਸ ਵੇਲੇ ਬਹੁਤ ਦੇਰ ਹੋ ਚੁੱਕੀ ਹੁੰਦੀ ਹੈ।

ਕਈ ਲੋਕ ਭੈੜੀ ਸੰਗਤ ਕਰਕੇ ਨਸ਼ਿਆਂ ਦੇ ਚੁੰਗਲ ਵਿਚ ਫਸ ਜਾਂਦੇ ਹਨ ਕਿਉਂਕਿ ਉਨ੍ਹਾਂ ਦੇ ਦੋਸਤ ਅਤੇ ਆਲੇ-ਦੁਆਲੇ ਬੈਠਣ ਵਾਲੇ, ਬਹੁਤ ਸਾਰੇ ਲੋਕ ਨਸ਼ੇ ਲੈਂਦੇ ਹਨ। ਅਜਿਹੇ ਲੋਕ ਆਪਣੇ ਨਾਲ ਦੇ ਹੋਰਾਂ ਲੋਕਾਂ ਨੂੰ ਵੀ ਨਸ਼ੇ ਲੈਣ ਲਈ ਪਰੇਰਿਤ ਕਰਦੇ ਰਹਿੰਦੇ ਹਨ। ਇੰਝ ਭੈੜੀ ਸੰਗਤ ਨਸ਼ਿਆਂ ਦੇ ਫੈਲਦੇ ਪ੍ਰਕੋਪ ਲਈ ਬਹੁਤ ਹੱਦ ਤੱਕ ਜ਼ਿੰਮੇਵਾਰ ਹੈ। ਇਸ ਤੋਂ ਬਿਨਾਂ ਕਈ ਲੋਕ ਪਰਿਵਾਰਕ ਤਣਾਅ, ਦੁੱਖ-ਤਕਲੀਫ ਜਾਂ ਨਿਰਾਸ਼ਾ ਤੋਂ ਬਚਣ ਲਈ ਵੀ ਨਸ਼ੇ ਲੈਣੇ ਸ਼ੁਰੂ ਕਰ ਦਿੰਦੇ ਹਨ। ਜਦੋਂ ਕਦੇ ਕੋਈ ਦੁਖ-ਤਕਲੀਫ ਆਉਂਦੀ ਹੈ ਤਾਂ ਉਹ ਉਸ ਦਾ ਸਾਹਮਣਾ ਕਰਨ ਦੀ ਥਾਂ ਡਰਪੋਕ ਬਣਕੇ ਉਸ ਨੂੰ ਭੁਲਾਉਣ ਲਈ, ਨਸ਼ਿਆਂ ਦੀ ਵਰਤੋਂ ਕਰਕੇ ਜੀਵਨ ਦੀ ਹਕੀਕਤ (ਅਸਲੀਅਤ) ਤੋਂ ਭੱਜਣ ਦਾ ਯਤਨ ਕਰਦੇ ਹਨ। ਨਸ਼ਿਆਂ ਦਾ, ਸੌਖ ਨਾਲ ਹਰ ਥਾਂ ਤੇ ਮਿਲ ਜਾਣਾ ਵੀ, ਇਨ੍ਹਾਂ ਦੀ ਵਰਤੋਂ ਵਿਚ ਵਾਧੇ ਦਾ ਕਾਰਨ ਬਣਦਾ ਹੈ।

ਉਂਝ ਡਰਨ ਦੀ ਲੋੜ ਨਹੀਂ ਹੈ, ਸੁਚੇਤ ਮਾਤਾ ਪਿਤਾ ਆਪਣੇ ਬੱਚਿਆਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਵਿਚ ਅਹਿਮ ਭੂਮਿਕਾ ਨਿਭਾਅ ਸਕਦੇ ਹਨ। ਅਜਿਹਾ ਕਰਨ ਲਈ ਆਪਣੇ ਬੱਚਿਆਂ ਨਾਲ ਮਿੱਤਰਾਂ ਵਾਂਗ ਨਿਕਟ ਸਬੰਧ ਬਣਾਉਣੇ, ਉਨ੍ਹਾਂ ਲਈ ਸਮਾਂ ਕੱਢਣਾ ਤੇ ਉਨ੍ਹਾਂ ਦੇ ਦੋਸਤਾਂ-ਮਿੱਤਰਾਂ ਬਾਰੇ ਜਾਣਕਾਰੀ ਰੱਖਣੀ ਜ਼ਰੂਰੀ ਹੈ। ਮਾਤਾ-ਪਿਤਾ ਨਸ਼ਿਆਂ ਵਿਰੁੱਧ ਬੱਚਿਆਂ ਲਈ ਰੋਲ ਮਾਡਲ ਬਣਨੇ ਚਾਹੀਦੇ ਹਨ। ਅਧਿਆਪਕਾਂ ਦਾ ਵੀ ਨਸ਼ਿਆਂ ਦੀ ਵਰਤੋਂ ਘਟਾਉਣ ਵਿਚ ਚੰਗਾ ਰੋਲ ਹੋ ਸਕਦਾ ਹੈ। ਜੇਕਰ ਮਾਤਾ ਪਿਤਾ ਅਤੇ ਅਧਿਆਪਕ ਨਸ਼ਿਆਂ ਦੀ ਵਰਤੋਂ ਨਹੀਂ ਕਰਦੇ ਹੋਣਗੇ, ਤਾਂ ਬੱਚੇ ਅਤੇ ਵਿਦਿਆਰਥੀ ਉਨ੍ਹਾਂ ਦੇ ਜੀਵਨ ਤੋਂ ਪ੍ਰੇਰਨਾ ਲੈਕੇ ਨਸ਼ਿਆਂ ਵਿਰੁੱਧ ਡਟ ਸਕਦੇ ਹਨ।

ਬਦ-ਕਿਸਮਤੀ ਨਾਲ ਜੇ ਕੋਈ ਨਸ਼ੇ ਲੈਣ ਲੱਗ ਜਾਵੇ ਤਾਂ ਉਸ ਦਾ ਨਸ਼ਾ ਛੁਡਵਾਇਆ ਵੀ ਜਾ ਸਕਦਾ ਹੈ। ਪਰ ਯਾਦ ਰੱਖਣ ਵਾਲੀ ਗੱਲ ਇਹ ਵੀ ਹੈ



Scanned with CamScanner

ਕਿ ਕਿਸੇ ਨਸ਼ਈ ਦਾ ਨਸ਼ਾ ਉਦੋਂ ਤੱਕ ਨਹੀਂ ਛੁਡਾਇਆ ਜਾ ਸਕਦਾ ਜਦ ਤੱਕ ਉਹ ਆਪ ਨਸ਼ਾ ਨਾ ਛੱਡਣਾ ਚਾਹੇ। ਅਸੀਂ ਨਸ਼ਈ ਦੇ ਅੰਦਰ, ਨਸ਼ਿਆਂ ਪ੍ਰਤੀ ਅਜਿਹੀ ਭਾਵਨਾ ਅਤੇ ਘਿਰਣਾ ਪੈਦਾ ਕਰੀਏ ਕਿ ਉਹ ਆਪ ਨਸ਼ਾ ਛੱਡਣ ਲਈ ਤਿਆਰ ਹੋ ਜਾਵੇ। ਇੰਝ ਜਦ ਉਸ ਦਾ ਮਨ ਤਿਆਰ ਹੋ ਜਾਵੇਗਾ ਤਾਂ ਉਹ ਯੋਗ ਇਲਾਜ ਰਾਹੀਂ ਨਸ਼ਾ ਛੱਡ ਸਕਦਾ ਹੈ।

ਸਿਆਣੇ ਇਨਸਾਨ ਕਹਿੰਦੇ ਹਨ ਕਿ ਸਭ ਕੁਝ ਗੁਆ ਕੇ, ਹੋਸ਼ ਵਿਚ ਆਉਣ ਦਾ ਉਸ ਸਮੇਂ ਕੋਈ ਲਾਭ ਨਹੀਂ ਹੁੰਦਾ, ਜਦੋਂ ਨਸ਼ਿਆਂ ਨੇ, ਨਸ਼ਾ ਕਰਨ ਵਾਲੇ (ਨਸ਼ਈ) ਦੇ ਮਨ ਤੇ ਤਨ ਦੀ ਸਾਰੀ ਹਰਿਆਵਲ ਚੂਸ ਲਈ ਹੋਵੇ। ਉਸ ਸਮੇਂ ਤਾਂ ਪਛਤਾਵਾ ਇਕ ਰਸਮ ਜਿਹੀ ਬਣ ਕੇ ਰਹਿ ਜਾਂਦਾ ਹੈ। ਵਿਦਿਆਰਥੀ ਜੇ ਆਪਣੇ ਚਿਹਰਿਆਂ ਉੱਤੇ ਫੁੱਲਾਂ ਦੀ ਤਾਜ਼ਗੀ ਅਤੇ ਬੋਲਾਂ ਵਿਚ ਮਹਿਕ ਹਮੇਸ਼ਾਂ ਲਈ ਕਾਇਮ ਰੱਖਣੀ ਚਾਹੁੰਦੇ ਹਨ ਤਾਂ ਕਦੇ ਭੁੱਲ ਕੇ ਵੀ ਨਸ਼ਿਆਂ ਦੀ ਸੰਗਤ ਨਾ ਕਰਨ। ਥੋੜ੍ਹੇ ਚਿਰ ਦੇ ਨਸ਼ੇ ਦੀ ਖਾਤਰ, ਸਾਰੀ ਜ਼ਿੰਦਗੀ ਦੇ ਸਰੂਰ ਨੂੰ ਕੁਰਬਾਨ ਨਾ ਕਰਨ। ਮਾਤਾ ਪਿਤਾ ਆਪਣੇ ਬੱਚਿਆਂ ਨੂੰ ਹੋਸਟਲਾਂ ਵਿਚ ਰੱਖਣ ਤੱਕ ਹੀ, ਆਪਣੇ ਫਰਜ਼ ਦੀ ਪੂਰਤੀ ਨਾ ਸਮਝਣ, ਸਗੋਂ ਯੋਗ ਨਿਗਰਾਨੀ ਦਾ ਵੀ ਪ੍ਰਬੰਧ ਕਰਨ। ਕਿਸੇ ਵੀ ਸਰਕਾਰੀ ਅਤੇ ਗੈਰ ਸਰਕਾਰੀ ਸਮਾਗਮ ਉੱਤੇ ਸ਼ਰਾਬ ਨਾ ਤਾਂ ਵੰਡੀ ਜਾਵੇ ਅਤੇ ਨਾ ਹੀ ਪਿਲਾਈ ਜਾਵੇ। ਧਾਰਮਿਕ ਨੇਤਾਵਾਂ, ਵਿਚਾਰਕਾਂ ਅਤੇ ਸਾਧੂ-ਸੰਤਾਂ ਨੂੰ ਨਸ਼ਿਆਂ ਦੇ ਖਿਲਾਫ ਚੇਤੰਨਤਾ ਪੈਦਾ ਕਰਨੀ ਚਾਹੀਦੀ ਹੈ। ਨਿਰਾ 'ਸ਼ਰਾਬ ਸਿਹਤ ਲਈ ਹਾਨੀਕਾਰਕ ਹੈ' ਦੇ ਬੋਰਡ ਸ਼ਰਾਬੀ ਦੇ ਲੜਖੜਾਉਂਦੇ ਪੈਰਾਂ ਨੂੰ ਸਾਬਤ ਨਹੀਂ ਕਰ ਸਕਦੇ, ਨਾ ਹੀ ਨਸ਼ਾਬੰਦੀ ਦੀ ਸਰਕਾਰੀ ਨੀਤੀ ਇਸ ਲਾਅਨਤ ਨੂੰ ਠੱਲ੍ਹ ਪਾ ਸਕਦੀ ਹੈ।

ਨਸ਼ਿਆਂ ਤੋਂ ਬਚਣ ਤੇ ਬਚਾਉਣ ਲਈ ਅਸੀਂ, ਕੇਵਲ ਚੇਤੰਨਤਾ ਤੇ ਸਮਾਜਿਕ ਸੂਝ ਦੀ ਵਾੜ ਲਗਾ ਕੇ ਆਪਣੇ ਸਮਾਜ ਦੇ ਖਿੜੇ ਹੋਏ ਫੁੱਲਾਂ ਦੀ ਮਹਿਕ ਨੂੰ ਮਾਣ ਸਕਦੇ ਹਾਂ।

Scanned with CamScanner

ਭਾਗ ਸ

# ਸਿੱਖ ਸਿਧਾਂਤ ਤੇ ਸੰਕਲਪ

Scanned with CamScanner

Scanned with CamScanner

## ਸਿੱਖ ਕੌਣ ਹੈ ?

ਗੁਰਬਾਣੀ ਵਿਚ ਸਿੱਖ ਦੀ ਪਰਿਭਾਸ਼ਾ ਦਿੰਦਿਆਂ ਸਪਸ਼ਟ ਕਿਹਾ ਗਿਆ ਹੈ ਕਿ ਜਿਹੜਾ ਜੀਵ ਗੁਰੂ ਦੇ ਭਾਣੇ ਵਿਚ ਭਾਵ ਗੁਰੂ ਦੇ ਹੁਕਮ ਵਿਚ ਚੱਲਦਾ ਹੈ, ਉਹ ਸਿੱਖ ਹੈ। ਸਿੱਖ ਰਹਿਤ ਮਰਜਾਦਾ ਜੋ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪ੍ਰਵਾਨਤ ਹੈ, ਵਿਚ ਸਿੱਖ ਦੀ ਪਰਿਭਾਸ਼ਾ ਇਸ ਪ੍ਰਕਾਰ ਦਰਸਾਈ ਗਈ ਹੈ ਕਿ ਜੋ ਇਸਤਰੀ ਜਾਂ ਪੁਰਸ਼ :

1. ਕੇਵਲ ਇਕ ਅਕਾਲ ਪੁਰਖ ਨੂੰ ਮੰਨਦਾ ਹੈ।

2. ਗੁਰੂ ਨਾਨਕ ਦੇਵ ਜੀ ਤੋਂ ਗੁਰੂ ਗੋਬਿੰਦ ਸਿੰਘ ਜੀ ਤੱਕ ਦਸ ਗੁਰੂ ਸਾਹਿਬਾਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਿੱਖਿਆ ਨੂੰ ਮੰਨਦਾ ਹੈ।

3. ਦਸਮੇਸ਼ ਜੀ ਦੇ ਬਖਸ਼ੇ ਖੰਡੇ ਬਾਟੇ ਦੇ ਅੰਮ੍ਰਿਤ ਤੇ ਨਿਸਚਾ ਰੱਖਦਾ ਹੈ।

4. ਹੋਰ ਕਿਸੇ ਧਰਮ ਨੂੰ ਨਹੀਂ ਮੰਨਦਾ, ਉਹ ਸਿੱਖ ਹੈ।

## ਮੂਲ ਮੰਤਰ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਰੰਭ ਮੂਲ ਮੰਤਰ ਨਾਲ ਹੁੰਦਾ ਹੈ। ਇਸ ਦਾ ਸਰੂਪ ਇਸ ਪ੍ਰਕਾਰ ਹੈ :

ੴ ਸਤਿ ਨਾਮੁ, ਕਰਤਾ ਪੁਰਖੁ, ਨਿਰਭਉ, ਨਿਰਵੈਰ, ਅਕਾਲ ਮੂਰਤਿ, ਅਜੂਨੀ , ਸੈਭੰ, ਗੁਰ ਪ੍ਰਸਾਦਿ।।

ਭਾਵ ਅਰਥ :-

੧ ਅਕਾਲ ਪੁਰਖ ਇਕ ਹੈ। ਉਸ ਜਿਹਾ ਹੋਰ ਕੋਈ ਨਹੀਂ।

ਓ (ਓਅੰਕਾਰ) ਅਕਾਲ ਪੁਰਖ (ਰੱਬ) ਸਭ ਵਿਚ ਇਕ ਰਸ ਵਿਆਪਕ ਹੈ।

ਸਤਿਨਾਮੁ - ਅਕਾਲ ਪੁਰਖ ਦਾ ਨਾਮ ਸਦਾ ਵਾਸਤੇ ਅਟੱਲ ਹੈ। ਸਦਾ ਰਹਿਣ ਵਾਲਾ ਹੈ।

ਕਰਤਾ - ਉਹ ਸਭ ਕੁਝ ਬਨਾਉਣ ਵਾਲਾ ਹੈ। ਕਰਨ ਕਰਾਵਣਹਾਰ ਹੈ।

ਪੁਰਖੁ - ਉਹ ਸਭ ਕੁਝ ਬਣਾ ਕੇ ਉਸ ਵਿਚ ਇਕ ਰਸ ਵਸ ਤੇ ਵਰਤ ਰਿਹਾ ਹੈ।

ਨਿਰਭਉ - ਅਕਾਲ ਪੁਰਖ ਨੂੰ ਕਿਸੇ ਦਾ ਡਰ ਨਹੀਂ।



Scanned with CamScanner

ਨਿਰਵੈਰੁ - ਅਕਾਲ ਪੁਰਖ ਦਾ ਕਿਸੇ ਨਾਲ ਵੈਰ ਨਹੀਂ।

ਅਕਾਲ ਮੂਰਤਿ - ਪ੍ਰਭੂ ਦੀ ਸ਼ਕਲ ਕਾਲ ਰਹਿਤ ਹੈ, ਭਾਵ ਸਮੇਂ ਦਾ ਉਸ ਉਤੇ ਕੋਈ ਪ੍ਰਭਾਵ ਨਹੀਂ। ਬਚਪਨ, ਜਵਾਨੀ, ਬੁਢੇਪਾ, ਮੌਤ ਉਸ ਨੂੰ ਨਹੀਂ ਆਉਂਦੇ। ਉਹ ਸਰੀਰ ਰੂਪ ਧਾਰਨ ਨਹੀਂ ਕਰਦਾ, ਉਹ ਜੋਤ ਸਰੂਪ ਹੈ।

ਅਜੂਨੀ - ਉਹ ਜੂਨਾਂ ਵਿਚ ਨਹੀਂ ਆਉਂਦਾ। ਭਾਵ ਰੱਬ ਜੰਮਦਾ ਤੇ ਮਰਦਾ ਨਹੀਂ।

ਸੈਭੰ - ਉਸ ਨੂੰ ਕਿਸੇ ਨੇ ਨਹੀਂ ਬਣਾਇਆ ਨਾ ਹੀ ਉਸ ਨੂੰ ਕਿਸੇ ਨੇ ਜਨਮ ਹੀ ਦਿੱਤਾ ਹੈ। ਉਸ ਦਾ ਪ੍ਰਕਾਸ਼ ਆਪਣੇ ਆਪ ਤੋਂ ਹੈ।

ਗੁਰ ਪ੍ਰਸਾਦਿ - ਅਜਿਹਾ ਅਕਾਲ ਪੁਰਖੁ, ਗੁਰੂ ਦੀ ਕਿਰਪਾ ਦੁਆਰਾ ਮਿਲਦਾ ਹੈ। ਗੁਰੂ ਦੀ ਸ਼ੁੱਭ ਦ੍ਰਿਸ਼ਟੀ ਨਾਲ ਹਿਰਦੇ ਵਿਚ ਪ੍ਰਕਾਸ਼ਮਾਨ ਹੁੰਦਾ ਹੈ।

## ਨਾਮ ਸਿਮਰਨ

'ਨਾਮ' ਸੰਸਕ੍ਰਿਤ ਦੇ ਸ਼ਬਦ ਨਾਮਨ ਤੋਂ ਨਿਕਲਿਆ ਹੈ, ਜਿਸ ਦਾ ਅਰਥ ਹੈ ਯਾਦ ਕਰਨ ਦਾ ਅਭਿਆਸ। ਨਾਮ ਸਿਮਰਨ ਦਾ ਭਾਵ ਹੈ- ਪ੍ਰਭੂ ਦੀ ਯਾਦ। ਨਾਮ ਸਿਮਰਨ ਤੋਂ ਬਗੈਰ ਜੀਵਨ ਵਿਅਰਥ ਤੇ ਨਿਰਾਰਥ ਹੈ। ਕੇਵਲ ਨਾਮ ਹੀ ਮਨ ਨੂੰ ਸੱਚੀ ਸ਼ਾਂਤੀ ਬਖ਼ਸ਼ਦਾ ਹੈ। ਸੰਸਾਰਕ ਰੁਚੀਆਂ, ਆਲਸ ਤੇ ਰਿੱਧੀਆਂ ਸਿੱਧੀਆਂ ਨਾਮ ਦੇ ਰਾਹ ਵਿਚ ਰੁਕਾਵਟਾਂ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਾਮ ਸਿਮਰਨ ਦੀ ਵਾਰ-ਵਾਰ ਪਰੇਰਨਾ ਕੀਤੀ ਗਈ ਹੈ। ਨਾਮ ਸਿਮਰਨ ਨਾਲ ਹੀ ਮਨੁੱਖ ਪਰਮ-ਆਤਮਾ (ਵਾਹਿਗੁਰੂ) ਵੱਲ ਤੁਰਨ ਲੱਗਦਾ ਹੈ। ਗੁਰਬਾਣੀ ਵਿਚ ਸੱਚੇ ਨਾਮ ਨਾਲ ਜੁੜਨ ਦੀ ਪ੍ਰੇਰਨਾ ਇਸ ਪ੍ਰਕਾਰ ਕੀਤੀ ਗਈ ਹੈ:

(ੳ) ਏ ਮਨ ਪਿਆਰਿਆ ਤੂ ਸਦਾ ਸਚੁ ਸਮਾਲੇ।।

(ਅੰਗ : ੯੧੮)

(ਅ) ਸਾਜਨ ਸੰਤ ਕਰਹੁ ਇਹੁ ਕਾਮੁ।।
ਆਨ ਤਿਆਗਿ ਜਪਹੁ ਹਰਿ ਨਾਮੁ।। (ਅੰਗ : ੨੯੦)

(ੲ) ਜਿਨੀ ਐਸਾ ਹਰਿ ਨਾਮੁ ਨ ਚੇਤਿਓ
ਸੇ ਕਾਹੇ ਜਗਿ ਆਏ ਰਾਮ ਰਾਜੇ।।

(ਅੰਗ : ੪੫੦)

ਮਨੁੱਖੀ ਜੀਵਨ ਦੀ ਸਫ਼ਲਤਾ ਦਾ ਆਧਾਰ ਨਾਮ ਸਿਮਰਨ ਹੈ। ਸ੍ਰੀ ਗੁਰੂ



Scanned with CamScanner

ਨਾਨਕ ਦੇਵ ਜੀ ਨੇ ਪਾਪਾਂ ਨਾਲ ਭਰੀ ਬੁੱਧੀ ਜਾਂ ਮੱਤ ਦੇ ਮੁੜ ਨਿਰਮਲ ਕਰ ਲੈਣ ਦਾ ਉਪਾਉ ਵੀ ਨਾਮ ਸਿਮਰਨ ਹੀ ਦੱਸਿਆ ਹੈ।

ਭਰੀਐ ਮਤਿ ਪਾਪਾ ਕੈ ਸੰਗਿ॥
ਓਹੁ ਧੋਪੈ ਨਾਵੈ ਕੈ ਰੰਗਿ॥ (ਅੰਗ : ੪)

ਅੰਮ੍ਰਿਤ ਵੇਲੇ ਉਠ ਕੇ ਨਾਮ ਸਿਮਰਨ ਕਰਨ ਅਤੇ ਨਿੱਤਨੇਮ ਕਰਨ ਨਾਲ ਮਨ ਪਰਮਾਤਮਾ ਨਾਲ ਜੁੜਦਾ ਹੈ। ਇਸ ਵਿਚ ਇਕਾਗਰਤਾ ਆਉਂਦੀ ਹੈ। ਪ੍ਰਭੂ ਨੂੰ ਸਦਾ ਮਨ ਵਿਚ ਵਸਾ ਕੇ, ਉਸ ਦੇ ਗੁਣ ਗਾ ਕੇ ਜਾਂ ਉਸ ਦੀਆਂ ਵਡਿਆਈਆਂ ਗਾ ਕੇ, ਪ੍ਰਭੂ ਜੀ ਦਾ ਹਰ ਥਾਂ ਮੌਜੂਦ ਹੋਣ ਦਾ ਅਭਿਆਸ ਕਰਨਾ ਹੀ ਨਾਮ ਸਿਮਰਨ ਹੈ। ਨਾਮ ਸਿਮਰਨ ਦਾ ਸਿੱਟਾ ਇਹ ਨਿਕਲਦਾ ਹੈ ਕਿ ਜੀਵ ਅੰਦਰ ਹਰੇਕ ਲਈ ਪ੍ਰੇਮ, ਸੇਵਾ, ਤਿਆਗ ਅਤੇ ਆਪਾ ਸੰਵਾਰਨ ਦੀ ਭਾਵਨਾ ਵੱਧਦੀ ਜਾਂਦੀ ਹੈ।

## ਜੀਵਨ ਮਨੋਰਥ

ਮਨੁੱਖ ਇਕ ਚੇਤੰਨ ਪ੍ਰਾਣੀ ਹੋਣ ਕਰਕੇ ਆਰੰਭ ਤੋਂ ਹੀ ਆਪਣੇ ਜੀਵਨ ਆਦਰਸ਼ ਦੀ ਭਾਲ ਕਰਦਾ ਆਇਆ ਹੈ। ਇਸੇ ਭਾਲ ਵਿਚੋਂ ਧਰਮ ਦਾ ਜਨਮ ਹੋਇਆ ਹੈ। ਕਿਸੇ ਧਰਮ ਨੇ ਜਿਹੋ ਜਿਹਾ ਰੱਬ, ਆਤਮਾ ਅਤੇ ਮਨ ਪ੍ਰਤੀ ਸੰਕਲਪ ਸਾਹਮਣੇ ਲਿਆਂਦਾ, ਉਸੇ ਤਰ੍ਹਾਂ ਦਾ ਬਣਨਾ ਮਨੁੱਖ ਦਾ ਜੀਵਨ ਮਨੋਰਥ ਬਣ ਗਿਆ।

ਗੁਰਮਤਿ ਅਨੁਸਾਰ ਪ੍ਰਭੂ (ਰੱਬ) ਦਾ ਸੰਕਲਪ, ਮੂਲ ਮੰਤਰ (ੴ ਤੋਂ ਗੁਰ ਪ੍ਰਸਾਦਿ ਤੱਕ) ਵਿਚ ਵਿਦਮਾਨ ਹੈ। ਇਸ ਮੂਲ ਮੰਤਰ ਵਿਚ ਪ੍ਰਭੂ ਦੇ ਵਿਸ਼ੇਸ਼ ਗੁਣ ਜਿਵੇਂ ਏਕਤਾ, ਸੱਚਾਈ, ਸਿਰਜਨਾਤਮਿਕਤਾ, ਨਿਰਭੈਤਾ, ਨਿਰਵੈਰਤਾ, ਸਦੀਵਤਾ, ਅਟੱਲਤਾ, ਸਵੈ-ਪ੍ਰਕਾਸ਼ ਆਦਿ ਦੱਸੇ ਗਏ ਹਨ। ਇਨ੍ਹਾਂ ਦੈਵੀ ਗੁਣਾਂ ਨੂੰ ਗ੍ਰਹਿਣ ਕਰਨਾ ਸਿੱਖ ਦਾ ਜੀਵਨ ਮਨੋਰਥ ਹੈ। ਇਸ ਤਰ੍ਹਾਂ ਸਿੱਖ ਆਪਣੀਆਂ ਮਾਨਵੀ ਖੂਬੀਆਂ ਨੂੰ ਦੈਵੀ ਖੂਬੀਆਂ ਵਿਚ ਬਦਲਦਾ ਹੈ ਅਤੇ ਆਪਣੇ ਸਰੀਰ ਨੂੰ ਹਰੀ ਦਾ ਟਿਕਾਣਾ ਬਣਾਉਂਦਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਸਪੱਸ਼ਟ ਕਰਦੇ ਹਨ ਕਿ ਮਨੁੱਖਾ ਜੀਵਨ ਪਰਮਾਤਮਾ ਨੂੰ ਮਿਲਣ ਲਈ ਹੀ ਪ੍ਰਾਪਤ ਹੋਇਆ ਹੈ।

ਭਈ ਪਰਾਪਤਿ ਮਾਨੁਖ ਦੇਹੁਰੀਆ॥
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥ (ਅੰਗ : ੩੭੮)



Scanned with CamScanner

ਪਰਮ ਆਪੇ ਦੀ ਤਲਾਸ਼, ਆਪਣੀ ਹਕੀਕਤ ਦਾ ਗਿਆਨ ਹੈ ਜਿਸ ਨਾਲ ਆਪਣੇ ਆਤਮਕ ਸਵੈ-ਰੂਪ ਦਾ ਪਤਾ ਲੱਗਦਾ ਹੈ। ਜਿਵੇਂ :

ਜਿਨੀ ਆਤਮੁ ਚੀਨਿਆ ਪਰਮਾਤਮੁ ਸੋਈ।।

ਏਕੋ ਅੰਮ੍ਰਿਤ ਬਿਰਖੁ ਹੈ ਫਲੁ ਅੰਮ੍ਰਿਤੁ ਹੋਈ।। (ਅੰਗ : ੪੨੧)

ਮਨੁੱਖ ਦੀ ਲਿਵ ਪਰਮਾਤਮਾ ਤੋਂ ਟੁੱਟਣ ਕਰਕੇ, ਉਹ ਹੌਲੀ-ਹੌਲੀ ਮਾਇਆ ਰੂਪ ਜਗਤ ਦਾ, ਗੁਲਾਮ ਬਣ ਕੇ ਰਹਿ ਜਾਂਦਾ ਹੈ। ਪਰ ਜੇਕਰ ਗੁਰੂ ਦੇ ਉਪਦੇਸ਼ ਰਾਹੀਂ ਮਨੁੱਖ ਜਗਤ ਵਿਚ ਰਹਿੰਦਾ ਹੋਇਆ, ਕਮਲ ਫੁੱਲ ਵਾਂਗ ਨਿਰਲੇਪ ਹੋਕੇ ਆਪਣੀ ਲਿਵ ਪਰਮਾਤਮਾ ਨਾਲ ਜੋੜੇ, ਫਿਰ ਪਰਮਾਤਮਾ ਦੀ ਪ੍ਰਾਪਤੀ ਹੋ ਜਾਂਦੀ ਹੈ।

ਕਹੈ ਨਾਨਕ ਗੁਰ ਪਰਸਾਦੀ ਜਿਨਾ ਲਿਵ ਲਾਗੀ

ਤਿਨੀ ਵਿਚੇ ਮਾਇਆ ਪਾਇਆ।। (ਰਾਮਕਲੀ ਮਹਲਾ ੩)

ਸੰਸਾਰ, ਪ੍ਰਭੂ ਤੋਂ ਉਪਜਿਆ ਹੈ, ਉਸ ਦੀ ਏਕਤਾ ਵਿਚੋਂ ਅਨੇਕਤਾ ਪੈਦਾ ਹੋਈ ਹੈ। ਅਨੇਕਤਾ ਦੇ ਭ੍ਰਮ ਜਾਲ ਵਿਚ ਨਾ ਫਸਣਾ, ਪ੍ਰਭੂ ਦੀ ਏਕਤਾ ਨੂੰ ਨਾ ਭੁੱਲਣਾ, ਵਿਸ਼ਵ ਨੂੰ ਹਰਿ ਦਾ ਰੂਪ ਜਾਣ ਕੇ, ਇਸ ਦੀ ਖੁਸ਼ਹਾਲੀ ਤੇ ਵਿਕਾਸ ਲਈ ਆਪਣਾ ਆਪਾ ਸਮਰਪਿਤ ਕਰਨਾ ਸਿੱਖ ਦੇ ਜੀਵਨ ਮਨੋਰਥ ਵਿਚ ਸ਼ਾਮਲ ਹੈ। ਗੁਰਮਤਿ ਨੇ ਮਨੁੱਖ ਲਈ ਸਮਾਜਿਕ, ਆਰਥਿਕ, ਧਾਰਮਿਕ, ਸਭਿਆਚਾਰਕ ਅਤੇ ਰਾਜਨੀਤਿਕ ਗੁਲਾਮੀ ਤੋਂ ਬਚਣ ਲਈ ਕਿਰਤ ਕਰਕੇ ਵੰਡ ਛਕਣ ਅਤੇ ਨਾਮ ਸਿਮਰਨ ਕਰਕੇ ਆਪਣੀ ਆਤਮਾ ਨੂੰ ਨਿਰਭੈ ਅਤੇ ਨਿਰਵੈਰ ਕਰਕੇ ਸਭਨਾਂ ਦਾ ਮੀਤ ਬਣਨ ਦੀ ਜਾਚ ਸਿਖਾਈ ਹੈ।

ਮਨੁੱਖ ਵਿਚ ਸੰਸਾਰੀ ਬਿਰਤੀਆਂ ਜਿਵੇਂ ਕਾਮ, ਕ੍ਰੋਧ, ਲੋਭ, ਮੋਹ ਤੇ ਅਹੰਕਾਰ ਹਨ। ਉਸ ਦਾ ਮਨ ਦੂਜਿਆਂ ਦੀ ਲੁੱਟ-ਖਸੁੱਟ ਕਰਨ, ਚੋਰੀ-ਠੱਗੀ ਕਰਨ, ਝੂਠ ਬੋਲਕੇ ਆਪਣਾ ਕੰਮ ਕਢਵਾਉਣ ਜਾਂ ਫਰੇਬ ਆਦਿਕ ਕਰਕੇ ਬਹੁਤ ਨੀਵਾਂ ਹੋ ਜਾਂਦਾ ਹੈ। ਇਹ ਇਸ ਕਰਕੇ ਵਾਪਰਦਾ ਹੈ ਕਿ ਉਹ ਦੂਜਿਆਂ ਨੂੰ ਆਪਣੇ ਨਹੀਂ ਸਮਝਦਾ। ਧਰਮ ਉਸਨੂੰ ਸਾਰਿਆਂ ਵਿਚ ਇੱਕ ਪਰਮਾਤਮਾ ਦਾ ਗਿਆਨ ਕਰਵਾ ਕੇ ਸਭਨਾਂ ਦੇ ਹੱਕਾਂ ਦੀ ਰਾਖੀ ਕਰਨ, ਸਭਨਾਂ ਦਾ ਭਲਾ ਕਰਨ ਦੀ ਪਰੇਰਨਾ ਦਿੰਦਾ ਹੈ। ਇਸੇ ਕਰਕੇ ਉਸ ਦੀ ਸ਼ਖਸੀਅਤ ਵਿਚ ਨਿਖਾਰ ਆਉਂਦਾ ਹੈ ਅਤੇ ਦੂਜੇ ਵੀ ਉਸ ਨੂੰ ਪਿਆਰ ਕਰਦੇ ਹਨ। ਨਫਰਤ ਦੂਰ ਹੁੰਦੀ ਹੈ। ਇਸ ਦਾ ਅਰਥ ਇਹ ਹੋਇਆ ਕਿ ਧਰਮ ਮਨੁੱਖ ਨੂੰ ਬਦੀ ਤੋਂ ਬਚਣ ਲਈ ਚੇਤੰਨ ਕਰਦਾ ਹੈ। ਗਰੀਬਾਂ, ਮਜ਼ਲੂਮਾਂ, ਲੋੜਵੰਦਾਂ ਅਤੇ ਰੰਗੇ



Scanned with CamScanner

ਵਿਅਕਤੀਆਂ ਦੀ ਰਾਖੀ ਜਾਂ ਸੇਵਾ ਕਰਨਾ ਵੀ ਗੁਰਮਤਿ ਨੇ ਸਿੱਖ ਜੀਵਨ ਜਾਚ ਦਾ ਅੰਗ ਬਣਾਇਆ ਹੈ।

ਉਪਰੋਕਤ ਉਦੇਸ਼ ਦੀ ਪੂਰਤੀ ਲਈ ਸੰਸਾਰ ਵਿਚਲੀਆਂ ਬਦੀ ਦੀਆਂ ਸ਼ਕਤੀਆਂ ਵਿਰੁੱਧ ਸੰਘਰਸ਼ ਰਚਾਉਣਾ ਬੜਾ ਜ਼ਰੂਰੀ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਹੇਠ ਲਿਖਿਆ ਸੰਦੇਸ਼ ਸਿੱਖ ਦੇ ਜੀਵਨ ਮਨੋਰਥ ਵਿਚ ਸ਼ਾਮਲ ਹੈ :

ਧਰਮ ਚਲਾਵਨ ਸੰਤ ਉਬਾਰਨ।।
ਦੁਸ਼ਟ ਸਭ ਕੋ ਮੂਲ ਉਪਾਰਨ।। (ਬਚਿੱਤ੍ਰ ਨਾਟਕ)

## ਅਕਾਲ ਪੁਰਖ ਦੀ ਹੋਂਦ

ਗੁਰੂ ਸਾਹਿਬਾਨ ਲਈ ਅਕਾਲ ਪੁਰਖ ਦੀ ਹੋਂਦ ਦਾ ਸੁਆਲ ਕਿਸੇ ਖਿਆਲੀ ਵਿਚਾਰ 'ਤੇ ਅਧਾਰਿਤ ਨਹੀਂ। ਉਨ੍ਹਾਂ ਨੇ ਅਕਾਲ ਪੁਰਖ ਨਾਲ ਇਕਸੁਰਤਾ ਪ੍ਰਾਪਤ ਕੀਤੀ ਅਰਥਾਤ ਅਕਾਲ ਪੁਰਖ ਦੇ ਦਰਸ਼ਨ ਕੀਤੇ ਤੇ ਲੋਕਾਂ ਨੂੰ ਉਸ ਬਾਰੇ ਗਿਆਨ ਕਰਵਾਇਆ। ਆਸਾ ਰਾਗ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਭਗਤ ਨਾਮਦੇਵ, ਭਗਤ ਕਬੀਰ, ਭਗਤ ਰਵਿਦਾਸ, ਭਗਤ ਸੈਨ ਤੇ ਧੰਨੇ ਭਗਤ ਜੀ ਦੀ ਮਿਸਾਲ ਦੇ ਕੇ ਦੱਸਿਆ ਹੈ ਕਿ ਉਨ੍ਹਾਂ ਨੂੰ ਪ੍ਰਮਾਤਮਾ ਦੇ ਦਰਸ਼ਨ ਹੋਏ। ਜਿਵੇਂ :

ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨੁ ਲੀਣਾ।।
ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ।।ਰਹਾਉ।।
ਬੁਨਨਾ ਤਨਨਾ ਤਿਆਗਿ ਕੈ ਪ੍ਰੀਤਿ ਚਰਨ ਕਬੀਰਾ।।
ਨੀਚ ਕੁਲਾ ਜੋਲਾਹਰਾ ਭਇਓ ਗੁਨੀਯ ਗਹੀਰਾ।।
ਰਵਿਦਾਸ ਢੋਵੰਤਾ ਢੋਰ ਨੀਤਿ ਤਿਨ ਤਿਆਗੀ ਮਾਇਆ।।
ਪਰਗਟੁ ਹੋਆ ਸਾਧਸੰਗਿ ਹਰਿ ਦਰਸਨੁ ਪਾਇਆ।।
ਸੈਨੁ ਨਾਈ ਬੁਤਕਾਰੀਆ ਓਹੁ ਘਰਿ ਘਰਿ ਸੁਨਿਆ।।
ਹਿਰਦੇ ਵਸਿਆ ਪਾਰਬ੍ਰਹਮੁ ਭਗਤਾ ਮਹਿ ਗਨਿਆ।।
ਇਹ ਬਿਧਿ ਸੁਨਿ ਕੈ ਜਾਟਰੋ ਉਠਿ ਭਗਤੀ ਲਾਗਾ।।
ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ।। (ਅੰਗ : ੪੮੭)

ਅਕਾਲ ਪੁਰਖ ਨੂੰ ਵੇਖਣ ਲਈ ਵਿਸ਼ੇਸ਼ ਅੱਖ ਦੀ ਲੋੜ ਹੈ ਜਿਸ ਨੂੰ ਦਿੱਬ



Scanned with CamScanner

ਦ੍ਰਿਸ਼ਟੀ ਵੀ ਆਖਦੇ ਹਨ। ਉਹ ਅੱਖਾਂ ਹੋਰ ਹਨ ਜਿਨ੍ਹਾਂ ਨਾਲ ਉਹ ਦਿੱਸਦਾ ਹੈ। ਸਿੱਖ ਮੱਤ ਅਨੁਸਾਰ ਪ੍ਰਮਾਤਮਾ ਬਿਆਨ ਤੋਂ ਬਾਹਰਾ ਹੈ, ਅਗੰਮ ਹੈ ਤੇ ਉਸ ਦੀ ਸ਼ਖਸੀਅਤ ਦਾ ਦਲੀਲ ਨਾਲ ਵਰਨਣ ਨਹੀਂ ਹੋ ਸਕਦਾ। ਉਹ ਅਚੇਤ ਹਸਤੀ ਨਹੀਂ ਸਗੋਂ ਸਦੀਵੀ ਸਤਿ, ਚੇਤਨਤਾ ਤੇ ਅਨੰਦ ਹੈ। ਸਾਰੀ ਕਾਇਨਾਤ ਦਾ ਪ੍ਰਬੰਧ ਅਤੇ ਕਰੋੜਾਂ ਸਾਲਾਂ ਤੱਕ ਫੈਲਿਆ ਨਿਜ਼ਾਮ, ਅਕਾਲ ਪੁਰਖ ਦੀ ਹੋਂਦ ਦਾ ਪ੍ਰਤੱਖ ਪ੍ਰਮਾਣ ਹੈ। ਗੁਰੂ ਸਾਹਿਬਾਨ ਅਨੁਸਾਰ ਮਨੁੱਖ ਰੱਬ ਨਹੀਂ, ਕੇਵਲ ਰੱਬ ਦੀ ਅੰਸ਼ ਹੈ। ਪ੍ਰਮਾਤਮਾ ਸਰਬ ਸ਼ਕਤੀਮਾਨ ਹੈ, ਜੋ ਸੰਸਾਰ ਨੂੰ ਆਪਣੇ ਹੁਕਮ ਵਿਚ ਚਲਾ ਰਿਹਾ ਹੈ।

ਵਿਗਿਆਨ ਦੀ ਹੋ ਰਹੀ ਉੱਨਤੀ ਨੇ ਗੁਰਬਾਣੀ ਦੇ ਰੱਬ ਬਾਰੇ ਵਿਚਾਰਾਂ ਦੀ ਸਦਾ ਹੀ ਪੁਸ਼ਟੀ ਕੀਤੀ ਹੈ। ਅਕਾਲ ਪੁਰਖ ਦੀ ਹਸਤੀ ਬਾਰੇ ਗੁਰਮਤਿ ਦੇ ਵਿਚਾਰ ਸਦਾ ਨਵੀਨ, ਤਾਜ਼ੇ ਤੇ ਆਧੁਨਿਕ ਹਨ ਜੋ ਅਸਲੀਅਤ ਵਿਚ ਰੱਬੀ ਹੋਂਦ ਦਾ ਅਨੁਭਵ ਕਰਾਉਂਦੇ ਹਨ।

## ਸ੍ਰਿਸ਼ਟੀ ਰਚਨਾ

ਗੁਰਮਤਿ ਅਨੁਸਾਰ ਸੰਸਾਰ ਪ੍ਰਮਾਤਮਾ ਦੀ ਹੋਂਦ ਦਾ ਚਮਤਕਾਰ ਹੈ। ਕੁੱਲ ਵਿਸ਼ਵ ਅਕਾਲ ਪੁਰਖ ਦਾ ਆਪਣਾ ਸਰੂਪ ਹੈ। ਇਹ ਜਗਤ ਸੱਚੇ ਵਾਹਿਗੁਰੂ ਦਾ ਨਿਵਾਸ ਅਸਥਾਨ ਹੈ। ਗੁਰਮਤਿ ਦੇ ਵਾਕ ਹਨ :

(1) ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ
ਹਰਿ ਰੂਪੁ ਨਦਰੀ ਆਇਆ।। (ਅੰਗ : ੯੨੨)

(2) ਇਹੁ ਜਗੁ ਸਚੈ ਕੀ ਹੈ ਕੋਠੜੀ
ਸਚੇ ਕਾ ਵਿਚਿ ਵਾਸੁ।। (ਅੰਗ : ੪੬੩)

ਪਰਮਾਤਮਾ ਆਪਣੇ ਸਿਰਨਾਤਮਿਕ ਨਿਯਮ ਦੁਆਰਾ ਏਕ ਤੋਂ ਅਨੇਕ ਹੋ ਗਿਆ ਹੈ। ਜਦੋਂ ਅਜੇ ਦ੍ਰਿਸ਼ਟਮਾਨ ਸੰਸਾਰ ਦੀ ਰਚਨਾ ਨਹੀਂ ਸੀ ਹੋਈ, ਉਸ ਦਸ਼ਾ ਦਾ ਬਿਆਨ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਾਰੂ ਰਾਗ ਵਿਚ ਕੀਤਾ ਹੈ। ਉਹ ਕਹਿੰਦੇ ਹਨ, ਅਰਬਾਂ ਖਰਬਾਂ ਸਾਲ ਹੋਏ ਜਦੋਂ ਹਨੇਰਾ ਘੁੱਪ ਸੀ, ਨਾ ਧਰਤੀ ਸੀ, ਨਾ ਆਕਾਸ਼ ਸੀ, ਨਾ ਦਿਨ ਸੀ, ਨਾ ਰਾਤ, ਨਾ ਚੰਦ ਸੀ, ਨਾ ਸੂਰਜ, ਕੇਵਲ ਸੁੰਨ ਸਮਾਧ ਸੀ। ਪ੍ਰਭੂ ਨੇ ਆਪਣੀ ਇੱਛਾ ਨਾਲ ਆਪਣੇ ਨਿਰਗੁਣ ਸਰੂਪ ਤੋਂ ਸਰਗੁਣ ਸਰੂਪ ਦੀ ਦਸ਼ਾ ਅਖਤਿਆਰ ਕੀਤੀ। ਇਸ ਤਰ੍ਹਾਂ ਸ੍ਰਿਸ਼ਟੀ ਦਾ ਆਰੰਭ ਹੋਇਆ। ਜਿਵੇਂ :



Scanned with CamScanner

ਅਰਬਦ ਨਰਬਦ ਧੁੰਧੂਕਾਰਾ॥
ਧਰਣਿ ਨ ਗਗਨਾ ਹੁਕਮੁ ਅਪਾਰਾ॥
ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ
ਸੁੰਨ ਸਮਾਧਿ ਲਗਾਇਦਾ॥ . . . . . .
ਜਾ ਤਿਸੁ ਭਾਣਾ ਤਾ ਜਗਤੁ ਉਪਾਇਆ॥
ਬਾਝੁ ਕਲਾ ਆਡਾਣੁ ਰਹਾਇਆ॥
ਬ੍ਰਹਮਾ ਬਿਸਨੁ ਮਹੇਸੁ ਉਪਾਇ
ਮਾਇਆ ਮੋਹੁ ਵਧਾਇਦਾ॥ (ਅੰਗ : ੧੦੩੫)

ਜਪੁਜੀ ਸਾਹਿਬ ਵਿਚ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦੱਸਿਆ ਕਿ ਪ੍ਰਭੂ ਦੇ ਹੁਕਮ ਤੋਂ ਹੀ ਜ਼ਿੰਦਗੀ ਦੇ ਵੱਖ-ਵੱਖ ਦਰਿਆ ਚੱਲ ਪਏ ਅਰਥਾਤ ਵੰਨ ਸੁਵੰਨੇ ਰੂਪਾਂ ਵਿਚ ਜੀਵਨ ਧੜਕਣਾ ਸ਼ੁਰੂ ਹੋ ਗਿਆ। ਜਿਵੇਂ :

ਕੀਤਾ ਪਸਾਉ ਏਕੋ ਕਵਾਉ॥
ਤਿਸ ਤੇ ਹੋਏ ਲਖ ਦਰੀਆਉ॥ (ਅੰਗ : ੩)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਨੁਸਾਰ ਜਿਸ ਤਰ੍ਹਾਂ ਅੱਗ ਚੋਂ ਕਰੋੜਾਂ ਚਿੰਗਾਰੀਆਂ ਨਿਕਲ ਕੇ ਫਿਰ ਅੱਗ ਵਿਚ ਸਮਾ ਜਾਂਦੀਆਂ ਹਨ, ਮਿੱਟੀ ਦੀ ਧੂੜ ਦੇ ਕਿਣਕੇ ਫਿਰ ਮਿੱਟੀ ਵਿਚ ਮਿਲ ਜਾਂਦੇ ਹਨ, ਨਦੀ ਵਿਚਲੀਆਂ ਵੰਨ-ਸੁਵੰਨੀਆਂ ਲਹਿਰਾਂ ਪਾਣੀ ਹੀ ਕਹਾਉਂਦੀਆਂ ਹਨ, ਇਸੇ ਤਰ੍ਹਾਂ ਪ੍ਰਮਾਤਮਾ ਦੀ ਇਕੋ ਇਕ ਹਸਤੀ ਵਿਚੋਂ ਕੁੱਲ ਵਿਸ਼ਵ ਦੀਆਂ ਵਸਤਾਂ ਪੈਦਾ ਹੋ ਕੇ ਫਿਰ ਉਸ ਵਿਚ ਹੀ ਸਮਾ ਜਾਂਦੀਆਂ ਹਨ। ਜਿਵੇਂ :

ਜੈਸੇ ਏਕ ਆਗ ਤੇ ਕਨੂਕਾ ਕੋਟ ਆਗ ਉਠੈਂ,
ਨਯਾਰੇ ਨਯਾਰੇ ਹੁਇਕੈ ਫੇਰ 'ਆਗ ਮੈ ਮਿਲਾਹਿੰਗੇ॥
ਜੈਸੇ ਏਕ ਧੂਰ ਤੇ ਅਨੇਕ ਧੂਰ ਪੂਰਤ ਹੈ,
ਧੂਰ ਕੇ ਕਨੂਕਾ ਫੇਰ ਧੂਰ ਹੀ ਸਮਾਹਿੰਗੇ॥
ਜੈਸੇ ਏਕ ਨਦ ਤੇ ਤਰੰਗ ਕੋਟ ਉਪਜਤ ਹੈ,
ਪਾਨਿ ਕੇ ਤਰੰਗ ਸਭੈ ਪਾਨ ਹੀ ਕਹਾਹਿੰਗੇ॥
ਤੈਸੇ ਵਿਸਵ ਰੂਪ ਤੇ ਅਭੂਤ ਭੂਤ ਪ੍ਰਗਟ ਹਵੈ,
ਤਾਹੀ ਤੇ ਉਪਜ ਸਭੈ ਤਾਹੀ ਮੈ ਸਮਾਹਿੰਗੇ॥

(ਅਕਾਲ ਉਸਤਤ)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸੰਸਾਰ ਨੂੰ ਪਰਮਾਤਮਾ ਦਾ ਤਮਾਸ਼ਾ ਕਹਿ ਕੇ ਵਡਿਆਇਆ। ਭਗਤ ਕਬੀਰ ਜੀ ਨੇ ਇਸ ਨੂੰ ਬਾਜੀਗਰ ਦੀ ਬਾਜ਼ੀ



Scanned with CamScanner

ਕਿਹਾ। ਸੰਸਾਰ ਪ੍ਰਭੂ ਦੀ ਖੇਡ ਹੈ। ਇਸ ਤੋਂ ਇਹੀ ਪ੍ਰੇਰਨਾ ਮਿਲਦੀ ਹੈ ਕਿ ਸੰਸਾਰ ਦੀ ਖੇਡ ਨੂੰ ਠੀਕ ਨਿਯਮਾਂ ਅਨੁਸਾਰ ਹੀ ਖੇਡਣਾ ਚਾਹੀਦਾ ਹੈ। ਗਲਤ ਖੇਡ ਖੇਡਣ ਨਾਲ ਜੀਵਨ- ਬਾਜ਼ੀ ਵਿਚ ਹਾਰ ਦਾ ਸਾਹਮਣਾ ਕਰਨਾ ਪਵੇਗਾ।

ਸਾਰੇ ਸੰਸਾਰ ਦੀ ਰਚਨਾ ਪ੍ਰਕਿਰਿਆ ਬਾਰੇ ਵੀ ਗੁਰਬਾਣੀ ਵਿਚ ਜ਼ਿਕਰ ਮਿਲਦਾ ਹੈ। ਗੁਰੂ ਨਾਨਕ ਦੇਵ ਜੀ ਅਨੁਸਾਰ ਸਭ ਤੋਂ ਪਹਿਲੇ ਵਾਹਿਗੁਰੂ ਨੇ ਆਪਣੇ ਆਪ ਨੂੰ ਸਾਜਿਆ ਅਤੇ ਆਪ ਆਪਣਾ ਨਾਮ ਰੂਪ ਧਾਰਿਆ। ਫਿਰ ਉਸ ਨੇ ਕੁਦਰਤ ਰਚੀ ਤੇ ਫਿਰ ਉਸ ਵਿਚ ਆਸਣ ਜਮਾ ਕੇ ਉਹ ਇਸ ਜਗਤ ਦਾ ਤਮਾਸ਼ਾ ਦੇਖ ਰਿਹਾ ਹੈ ਤੇ ਪ੍ਰਸੰਨ ਹੋ ਰਿਹਾ ਹੈ। ਜਿਵੇਂ :

ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ॥
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥
ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ॥
ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ॥
ਕਰਿ ਆਸਣੁ ਡਿਠੋ ਚਾਉ॥ (ਅੰਗ : ੪੬੩)

## ਗੁਰੂ ਦੀ ਲੋੜ ਅਤੇ ਪਛਾਣ

ਜਿਵੇਂ ਹਰ ਪ੍ਰਕਾਰ ਦੀ ਦੁਨਿਆਵੀ ਵਿੱਦਿਆ ਵਿਵਹਾਰਕ ਜਾਂ ਸੰਸਾਰਕ ਗੁਰੂ (ਅਧਿਆਪਕ) ਪਾਸੋਂ ਸਿੱਖਣੀ ਪੈਂਦੀ ਹੈ, ਤਿਵੇਂ ਧਾਰਮਿਕ ਸਿੱਖਿਆ ਸੱਚੇ ਗੁਰੂ ਤੋਂ ਬਿਨਾਂ ਪੱਲੇ ਨਹੀਂ ਪੈਂਦੀ। ਜਿਵੇਂ ਮਾਤਾ ਪਿਤਾ ਆਪਣੇ ਬੱਚੇ ਦੇ ਦਾਖਲੇ ਤੋਂ ਪਹਿਲਾਂ ਸਕੂਲ, ਕਾਲਜ ਜਾਂ ਯੂਨੀਵਰਸਿਟੀ ਦੇ ਮਾਣ ਪੱਧਰ ਨੂੰ ਧਿਆਨ ਵਿਚ ਰੱਖਦੇ ਹਨ ਤਿਵੇਂ ਹੀ ਆਤਮਕ ਮਾਰਗ ਦੇ ਪਾਂਧੀ ਲਈ ਵੀ ਸੱਚਾ ਤੇ ਪੂਰਾ ਗੁਰੂ ਧਾਰਨ ਕਰਨ ਦੀ ਲੋੜ ਹੈ।

ਗੁਰਬਾਣੀ ਅਨੁਸਾਰ ਜੇ ਸੈਂਕੜੇ ਚੰਦਰਮਾ ਅਤੇ ਹਜ਼ਾਰਾਂ ਸੂਰਜ ਹੋਣ ਤਾਂ ਵੀ ਗੁਰੂ ਤੋਂ ਬਿਨਾਂ ਮਨ ਅੰਦਰਲਾ ਘੁੱਪ ਹਨੇਰਾ ਦੂਰ ਨਹੀਂ ਹੋ ਸਕਦਾ। ਹੁਣ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਸਿੱਖ ਮੱਤ ਅਨੁਸਾਰ ਗੁਰੂ ਕੌਣ ਹੈ? ਸਿੱਖ ਦਾ ਜੁੱਗੋ ਜੁੱਗ ਅਟੱਲ ਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਹੈ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਤੱਕ ਦਸ ਜੋਤਾਂ ਦੀ ਰੂਹਾਨੀ ਤੇ ਜਹਾਨੀ ਘਾਲ ਕਮਾਈ ਦਾ ਸ਼ਬਦ ਰੂਪੀ ਜਹਾਜ਼ ਹੈ, ਜਿਸ ਉੱਤੇ ਆਤਮਾਵਾਂ ਨੇ ਚੜ੍ਹ ਕੇ ਇਹ ਭਵਜਲ ਪਾਰ ਕਰਨਾ ਹੈ। ਕੋਈ ਦੇਹਧਾਰੀ ਵਿਅਕਤੀ, ਸਿੱਖ ਦਾ ਗੁਰੂ ਨਹੀਂ ਹੋ ਸਕਦਾ। ਹਾਂ, ਗੁਰਬਾਣੀ ਦਾ ਵਿਆਖਿਆਕਾਰ, ਮਹਾਂਪੁਰਖ, ਗੁਰਸਿੱਖ ਸਿੱਖ ਸੰਗਤ ਨੂੰ ਗੁਰਮਤਿ ਮਾਰਗ ਦੀ ਸੋਧ ਦੇ ਸਕਦਾ ਹੈ ਪਰ ਗੁਰੂ ਪਦਵੀ ਦਾ



Scanned with CamScanner

ਦਾਅਵੇਦਾਰ ਨਹੀਂ ਹੋ ਸਕਦਾ, ਇਹ ਗੱਲ ਅੰਤਮ ਤੇ ਆਖਰੀ ਹੈ।

ਪੰਜਾਂ ਪਿਆਰਿਆਂ ਤੋਂ ਖੰਡੇ ਬਾਟੇ ਦਾ ਅੰਮ੍ਰਿਤ ਛੱਕ ਕੇ ਸਿੱਖ ਜਦੋਂ ਸਿੰਘ ਸਜਦਾ ਹੈ ਤਾਂ ਉਹ ਮਰਯਾਦਾ ਅਨੁਸਾਰ ਗੁਰੂ ਗ੍ਰੰਥ ਸਾਹਿਬ ਨੂੰ ਆਪਣਾ ਗੁਰੂ ਧਾਰਦਾ ਹੈ।

- ਗੁਰੂ ਕੀ ਮਤਿ ਤੂੰ ਲੇਹਿ ਇਆਨੇ।।
  ਭਗਤਿ ਬਿਨਾ ਬਹੁ ਡੂਬੇ ਸਿਆਨੇ।। (ਸੁਖਮਨੀ ਸਾਹਿਬ)
- ਗੁਰ ਬਿਨ ਘੋਰੁ ਅੰਧਾਰੁ ਗੁਰੂ ਬਿਨੁ ਸਮਝ ਨ ਆਵੈ।।

(ਭੱਟਾਂ ਦੇ ਸਵੈਯੇ)

- ਧੰਨੁ ਧੰਨੁ ਗੁਰੂ ਗੁਰੁ ਸਤਿਗੁਰ ਪਾਧਾ
  ਜਿਨਿ ਹਰਿ ਉਪਦੇਸੁ ਦੇ ਕੀਏ ਸਿਆਣ।।

(ਅੰਗ : ੧੬੮)

- ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ।।
  ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ
  ਪਰਤਖਿ ਗੁਰੂ ਨਿਸਤਾਰੇ।। (ਅੰਗ : ੯੮੨)

ਪੰਥ ਦੀ ਮਰਯਾਦਾ ਅਨੁਸਾਰ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਤਾਬਿਆ ਗੁਰੂ ਪੰਥ (ਪੰਜ ਪਿਆਰਿਆਂ ਦੀ ਪ੍ਰਤੀਨਿੱਧਤਾ ਦੇ ਰੂਪ ਵਿਚ) ਗੁਰੂ ਹੈ। ਗੁਰੂ ਧਾਰਨ ਕਰਨ ਲਈ ਸਿੱਖੀ ਦੀ ਸ੍ਰੇਸ਼ਟ ਰਸਮ ਇਹ ਹੈ ਕਿ ਪੰਜਾਂ ਪਿਆਰਿਆਂ ਤੋਂ ਗੁਰੂ ਗਰੰਥ ਸਾਹਿਬ ਦੀ ਹਜ਼ੂਰੀ ਵਿਚ ਅੰਮ੍ਰਿਤ ਛਕਣਾ ਭਾਵ ਖੰਡੇ ਦੀ ਪਾਹੁਲ ਲੈਣੀ।

## ਕੀਰਤਨੁ ਨਿਰਮੋਲਕ ਹੀਰਾ

ਸਾਹਿਬ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਸਾਰੀ ਰਚਨਾ ਹੀ ਕਾਵਿਕ ਤੇ ਰਾਗ ਬੱਧ ਹੈ। ਗੁਰੂ ਸਾਹਿਬਾਨ ਨੇ ਕੀਰਤਨ ਨੂੰ ਵਿਸ਼ੇਸ਼ ਸਥਾਨ ਦਿੱਤਾ, ਕਿਉਂਕਿ ਸਾਰੀ ਸ੍ਰਿਸ਼ਟੀ ਅੰਦਰ ਇਕ ਅਨਹਦ ਨਾਦ ਵਜ ਰਿਹਾ ਹੈ ਤੇ ਮਨੁੱਖ ਵੀ ਇਸ ਸ੍ਰਿਸ਼ਟੀ ਦਾ ਇਕ ਅੰਗ ਹੈ। ਇਸ ਕਰਕੇ ਕੁਦਰਤੀ ਹੈ ਕਿ ਮਨੁੱਖ ਦਾ ਮਨ ਸੰਗੀਤ ਵੱਲ ਹੋਰ ਸਭ ਗੱਲਾਂ ਨਾਲੋਂ ਜਲਦੀ ਤੇ ਚੰਗੀ ਤਰ੍ਹਾਂ ਖਿੱਚਿਆ ਜਾ ਸਕਦਾ ਹੈ। ਸਤਿਗੁਰਾਂ ਦਾ ਫੁਰਮਾਨ ਹੈ :

ਕਲਜੁਗ ਮਹਿ ਕੀਰਤਨੁ ਪਰਧਾਨਾ।।



Scanned with CamScanner

ਕਲਜੁਗ ਵਿਚ ਕੀਰਤਨ ਦੀ ਪ੍ਰਧਾਨਤਾ ਹੈ। ਜਿਥੇ ਕੀਰਤਨ ਕੀਤਾ ਜਾ ਰਿਹਾ ਹੋਵੇ, ਉਥੇ ਪਰਮਾਤਮਾ ਦੇ ਨਾਮ ਦੀ ਵਡਿਆਈ ਵਿਚ ਜੁੜੀਆਂ ਸੰਗਤਾਂ ਮਾਨੋ ਸਵਰਗ ਵਿਚ ਬੈਠੀਆਂ ਰੂਹਾਂ ਹਨ :

ਤਹਾ ਬੈਕੁੰਠ ਜਹ ਕੀਰਤਨੁ ਤੇਰਾ
ਤੂੰ ਆਪੇ ਸਰਧਾ ਲਾਇਹਿ।। (ਅੰਗ : ੭੪੯)

ਜਿਥੇ ਪਰਮਾਤਮਾ ਦਾ ਵਾਸਾ ਹੈ, ਉਥੇ ਚੰਚਲਤਾ ਨਹੀਂ ਹੋ ਸਕਦੀ। ਮਨ ਵਾਹਿਗੁਰੂ ਦੇ ਅਗੰਮੀ ਰਸ ਅੰਦਰ ਆਸਾਨੀ ਨਾਲ ਮਗਨ ਹੋ ਸਕਦਾ ਹੈ ਤੇ ਪਰਮਾਤਮਾ ਦੇ ਰਸਤੇ ਤੁਰ ਸਕਦਾ ਹੈ, ਜੋ ਜੀਵਨ ਦਾ ਸਹੀ ਤੇ ਅਸਲੀ ਮਨੋਰਥ ਹੈ। ਸੋ ਉਹ ਵਸਤ ਜਿਸ ਰਾਹੀਂ ਮਨੁੱਖੀ ਮਨ ਪਰਮਾਤਮਾ ਵੱਲ ਖਿੱਚਿਆ ਜਾਵੇ, ਉਸ ਨੂੰ ਜਿੰਨੀ ਵੀ ਵਡਿਆਈ ਦਿੱਤੀ ਜਾ ਸਕੇ, ਥੋੜ੍ਹੀ ਹੈ। ਇਸੇ ਕਰਕੇ ਗੁਰਬਾਣੀ ਅੰਦਰ ਆਖਿਆ ਗਿਆ ਹੈ, "ਕੀਰਤਨੁ ਨਿਰਮੋਲਕ ਹੀਰਾ"। ਸਿੱਖ ਦੇ ਜੀਵਨ ਵਿਚ ਗੁਰਬਾਣੀ ਦਾ ਕੀਰਤਨ ਇਕ ਗਹਿਣੇ ਵਾਂਗ ਹੈ, ਅਮੋਲਕ ਹੀਰੇ ਵਾਂਗ ਹੈ। ਸੰਗੀਤ ਨਾਲ ਮਾਨਸਿਕ ਪਰਵਿਰਤੀਆਂ ਵਿਚ ਇਕਸਾਰਤਾ ਆਉਂਦੀ ਹੈ ਅਤੇ ਗੁਰਬਾਣੀ ਦੇ ਪ੍ਰਭਾਵ ਨਾਲ ਬਿਰਤੀਆਂ ਅਤੇ ਸੋਚਾਂ ਨੂੰ ਉਸਾਰੂ ਸੇਧ ਮਿਲਦੀ ਹੈ। ਆਤਮਾ ਦੇ ਸੰਸਕਾਰ ਸੱਚੇ ਬਣਦੇ ਹਨ। ਸੱਚ ਨਾਲ ਨਾਤਾ ਜੁੜਦਾ ਹੈ। ਰੱਬੀ ਹੋਂਦ ਦਾ ਅਹਿਸਾਸ ਹੁੰਦਾ ਹੈ। ਮਨੁੱਖਤਾ ਅਤੇ ਕੁਦਰਤ ਪ੍ਰਤੀ ਵੈਰਾਗ ਆਉਂਦਾ ਹੈ। ਸਾਰੇ ਸੰਸਾਰ ਨੂੰ ਸੁੰਦਰ ਬਨਾਉਣ ਅਤੇ ਸਾਰਿਆਂ ਦੀ ਸੇਵਾ ਲਈ ਆਪਾ ਸਮਰਪਣ ਕਰਨ ਦੀ ਇੱਛਾ ਜਾਗਦੀ ਹੈ।

## ਨਾਮ

ਨਾਮ ਜਾਂ ਨਾਮ ਦੇ ਸਿਧਾਂਤ ਬਾਰੇ ਸਮਝਣਾ ਆਸਾਨ ਕੰਮ ਨਹੀਂ ਹੈ, ਕਿਉਂਕਿ ਨਾਮ ਅਨੰਤ ਹੈ ਤੇ ਸਾਡੀ ਬੁੱਧੀ ਸੀਮਤ ਹੈ। ਜਿੰਨਾ ਕੁ ਸਾਡਾ ਦਿਮਾਗ ਹੈ, ਉਸ ਹਿਸਾਬ ਨਾਲ ਹੀ ਅਸੀਂ ਨਾਮ ਬਾਰੇ ਜਾਣ ਸਕਦੇ ਹਾਂ। ਗੁਰਮਤਿ ਅਨੁਸਾਰ ਨਾਮ, ਉਸ ਅਕਾਲ ਪੁਰਖ ਦੁਆਰਾ ਕੁਦਰਤ ਨੂੰ ਸਾਜਣ ਅਤੇ ਕੁਦਰਤ ਦੇ ਅਨੇਕਾਂ ਰੰਗਾਂ ਅਤੇ ਪਸਾਰਿਆਂ ਵਿਚ ਉਸ ਦੇ ਵਿਆਪਕ ਹੋਣ ਦੀ ਸੋਝੀ ਤੇ ਇਕਸੁਰਤਾ ਹਾਸਲ ਕਰਨ ਦਾ ਸਾਧਨ (ਮਾਧਿਅਮ) ਹੈ।

ਨਾਮ ਦੀ ਸੋਝੀ ਸ਼ਬਦ ਦੇ ਸਭਿਆਚਾਰ (ਗੁਰਬਾਣੀ) ਵਿਚ ਖੁੱਭਿਆਂ ਹੁੰਦੀ ਹੈ। ਸ਼ਬਦਾਂ ਦੇ ਰਾਹ ਤੋਂ ਅਨੁਭਵ ਦੀ ਅਵਸਥਾ ਵਿਚ ਪੁੱਜ ਕੇ ਨਾਮ ਦਾ ਅਸਲ ਅਨੰਦ ਤੇ ਰਹੱਸ ਮਾਣਿਆ ਜਾ ਸਕਦਾ ਹੈ। ਨਾਮ ਅਨੁਭਵ ਦਾ ਵਿਸ਼ਾ ਹੈ ਪਰ ਪਰਮਾਤਮਾ ਦੀਆਂ ਸਿਫਤਾਂ ਇੱਕਰਸ, ਇੱਕਤਾਰ ਗਾ-ਗਾ ਕੇ ਜਾਂ ਜਪ-ਜਪ



Scanned with CamScanner

ਕੇ, ਨਿਮਰਤਾ ਨਾਲ ਆਪਣੀ ਆਤਮਾ ਨੂੰ, ਇੱਕ ਵਜਦ ਵਿਚ ਜੋੜ ਕੇ, ਇਹ ਅਨੁਭਵ ਪ੍ਰਾਪਤ ਕੀਤਾ ਜਾ ਸਕਦਾ ਹੈ। ਇਥੇ ਆਤਮਿਕ ਅਨੰਦ ਦੀ ਦਸ਼ਾ ਹਾਸਲ ਹੁੰਦੀ ਹੈ। ਇਹ ਅਨੰਦ ਵੀ ਅਨੰਤ ਕਾਲ ਲਈ ਹੁੰਦਾ ਹੈ, ਥੋੜ੍ਹ ਚਿਰਾ ਨਹੀਂ।

ਇਸ ਪ੍ਰਕਾਰ ਨਾਮ ਇਕ ਲਿਵ ਹੈ, ਜਿਸ ਦੁਆਰਾ ਇਕ ਜਗਿਆਸੂ, ਰੂਹਾਨੀ ਸਮਰੱਥ ਸ਼ਕਤੀ ਨਾਲ ਇਕਸੁਰ ਹੋਇਆ ਰਹਿੰਦਾ ਹੈ। ਨਾਮ ਇਕ ਅਟੁੱਟ ਯਾਦ ਹੈ ਜੋ ਇਕ ਧਰਮੀ ਨੂੰ ਆਪਣੇ ਜੀਵਨ ਦੀ ਅਸਥਿਰਤਾ, ਸਤਿ ਦੀ ਸਥਿਰਤਾ ਅਤੇ ਸਮਾਜਿਕ ਜ਼ਿੰਮੇਵਾਰੀਆਂ ਪ੍ਰਤੀ ਟੁੰਬਦੀ ਤੇ ਪ੍ਰੇਰਦੀ ਰਹਿੰਦੀ ਹੈ।

ਰੱਬ ਦੇ ਸਾਰੇ ਨਾਮ ਕਿਰਤਮ ਹਨ। ਉਹ ਨਾਮ ਹੀ ਅਦ੍ਰਿਸ਼ਟਮਾਨ ਪ੍ਰਭੂ ਨਾਲ ਜੋੜ ਸਕਦਾ ਹੈ ਜੋ 'ਸਤਿ' ਜਾਂ ਸਦੀਵਤਾ ਦਾ ਗੁਣ ਰੱਖਦਾ ਹੋਵੇ। 'ਨਾਮ' ਦੇ ਸਰਲ ਅਰਥ ਇਹ ਹਨ ਕਿ ਉਸ ਇਕ ਅਕਾਲ ਪੁਰਖ, ਪ੍ਰਭੂ, ਅੱਲ੍ਹਾ, ਈਸ਼ਵਰ ਜਾਂ ਭਗਵਾਨ (ਨਿਰਾਕਾਰ) ਨੂੰ ਜਿਸ ਸ਼ਬਦ ਜਾਂ ਭਾਵ ਨਾਲ ਦਰਸਾਇਆ ਜਾਂਦਾ ਹੈ, ਉਹ ਨਾਮ ਹੈ। ਗੁਰਬਾਣੀ ਦੇ ਅਰਥ ਭਾਵਾਂ ਦੀ ਸਮਝ ਆਉਣ ਨਾਲ ਉਸ ਸਾਈਂ ਦੇ ਨਾਮ ਦੀ ਸਮਝ ਆ ਜਾਂਦੀ ਹੈ ਤੇ 'ਵਾਹਿਗੁਰੂ' ਗੁਰਮੰਤਰ ਰਾਹੀਂ ਸੁਆਸ-ਸੁਆਸ ਨਾਮ ਦਾ ਜਾਪ ਚੱਲਣ ਲੱਗਦਾ ਹੈ, ਇਹ ਸਹਿਜ ਦੀ ਖੇਡ ਹੈ, ਤੰਤਰ-ਮੰਤਰ ਨਹੀਂ।

## ਸੇਵਾ

ਜਦੋਂ ਕੋਈ ਮਨੁੱਖ, ਕਿਸੇ ਨਿੱਜੀ ਸਵਾਰਥ ਨੂੰ ਪੂਰਾ ਕਰਨ ਦੀ ਥਾਂ ਦੂਜਿਆਂ ਦੇ ਦੁੱਖ ਦੂਰ ਕਰਨ, ਦੂਜਿਆਂ ਦੇ ਸੁੱਖ ਵਧਾਉਣ ਅਤੇ ਦੂਜਿਆਂ ਦੀਆਂ ਲੋੜਾਂ ਪੂਰੀਆਂ ਕਰਨ ਲਈ, ਕੋਈ ਕਾਰਜ ਖੁਸ਼ੀ ਨਾਲ ਕਰਦਾ ਹੈ ਤਾਂ ਇਹੋ ਹੀ ਸੇਵਾ ਹੈ। ਭਾਵਨਾਵਾਂ ਵਿਚ ਉਤਮਤਾ, ਸ਼ੁੱਧਤਾ ਤੇ ਚੰਗੇਰਾਪਣ ਲਿਆਉਣ ਲਈ ਸੇਵਾ ਦੀ ਖਾਸ ਮਹਾਨਤਾ ਹੈ। ਇਹ ਦੁਨੀਆਂ ਸੰਘਰਸ਼ਾਂ, ਲੜਾਈਆਂ, ਭੁੱਖਾਂ, ਦੁੱਖਾਂ, ਬਿਮਾਰੀਆਂ ਤੇ ਪੀੜਾਂ ਨਾਲ ਭਰੀ ਹੋਈ ਹੈ। ਇਨ੍ਹਾਂ ਤੋਂ ਜਿਹੜੇ ਮਨੁੱਖ ਪੀੜਤ ਹੁੰਦੇ ਹਨ, ਉਨ੍ਹਾਂ ਦੀ ਕਿਸੇ ਵੀ ਢੰਗ ਨਾਲ ਸਹਾਇਤਾ ਕਰਨੀ ਸੇਵਾ ਹੈ।

ਸੇਵਾ ਰਾਹੀਂ ਹਿਰਦੇ ਵਿਚ ਨਿਮਰਤਾ ਆਉਂਦੀ ਹੈ। ਹਉਮੈ ਦੂਰ ਹੁੰਦੀ ਹੈ। ਸੇਵਾ ਕਈ ਪ੍ਰਕਾਰ ਦੀ ਹੈ ਜਿਵੇਂ ਤਨ ਕਰਕੇ ਸੇਵਾ ਭਾਵ ਜਿਵੇਂ ਗੁਰਦੁਆਰੇ ਜਾ ਕੇ ਜੋੜਿਆਂ ਦੀ ਸੇਵਾ, ਲੰਗਰ ਦੀ ਸੇਵਾ ਆਦਿ। ਧਨ ਕਰਕੇ ਸੇਵਾ ਜਿਵੇ



Scanned with CamScanner

ਲੋੜਵੰਦ ਸੱਜਣਾਂ ਅਤੇ ਧਾਰਮਿਕ ਸੰਸਥਾਵਾਂ ਦੀ ਸੇਵਾ ਧਨ ਕਰਕੇ ਕੀਤੀ ਜਾ ਸਕਦੀ ਹੈ। ਇਸੇ ਤਰ੍ਹਾਂ ਮਨ ਕਰਕੇ ਸੇਵਾ ਜਿਵੇਂ ਗੁਰਬਾਣੀ ਪੜ੍ਹਨੀ, ਸੁਣਨੀ ਤੇ ਨਾਮ ਜਪਣਾ ਮਨ ਕਰਕੇ ਸੇਵਾ ਹੈ।

ਸਤਿਗੁਰੂ, ਸਿੱਖ ਨੂੰ ਹੁਕਮ ਕਰਦੇ ਹਨ ਕਿ ਸਦਾ ਨਿਰਲੋਭ ਰਹਿ ਕੇ, ਕਿਸੇ ਫਲ ਦੀ ਆਸ ਰੱਖੇ ਬਿਨਾਂ, ਚਾਅ- ਮਲ੍ਹਾਰ ਨਾਲ ਸੇਵਾ ਕਰੋ। ਕਿਸੇ ਮੰਤਵ ਦੀ ਪੂਰਤੀ ਲਈ ਜਾਂ ਆਪਣੀ ਪ੍ਰਸੰਸਾ ਜਾਂ ਸਨਮਾਨ ਲਈ ਜਾਂ ਅਹੁਦਾ ਪ੍ਰਾਪਤ ਕਰਨ ਦੀ ਭਾਵਨਾ ਨਾਲ ਸੇਵਾ ਕਰਨ ਦਾ ਬਹੁਤਾ ਲਾਭ ਨਹੀਂ ਹੁੰਦਾ। ਗੁਰਬਾਣੀ ਵਿਚ ਸੇਵਾ ਦੀ ਮਹਾਨਤਾ ਹੇਠ ਲਿਖੀਆਂ ਤੁਕਾਂ ਤੋਂ ਪ੍ਰਗਟ ਹੁੰਦੀ ਹੈ :-

1. ਸੇਵਾ ਕਰਤ ਹੋਇ ਨਿਹਕਾਮੀ।।
   ਤਿਸ ਕਉ ਹੋਤ ਪਰਾਪਤਿ ਸੁਆਮੀ।। (ਅੰਗ :੨੮੬)
2. ਬਿਨ ਸੇਵਾ ਧ੍ਰਿਗ ਹਥੁ ਪੈਰੁ ਹੋਰ ਨਿਹਫਲ ਕਰਣੀ।।
3. ਸੇਵਾ ਲਾਗੇ ਸੇ ਵਡਭਾਗੇ ਜੁਗਿ ਜੁਗਿ ਏਕੋ ਜਾਤਾ।।

ਸੇਵਾ ਇਕ ਅਜਿਹਾ ਉੱਤਮ ਕਰਮ ਹੈ, ਜਿਸ ਨਾਲ ਮਨ ਨੀਵਾਂ ਰਹਿੰਦਾ ਹੈ। ਹੰਕਾਰ ਦਾ ਜ਼ਹਿਰ ਮਨ ਵਿਚ ਨਹੀਂ ਫੁੱਟਦਾ ਤੇ ਮਨੁੱਖ ਪਰਮਾਤਮਾ ਦੇ ਨੇੜੇ ਹੋ ਜਾਂਦਾ ਹੈ। ਸੇਵਾ, ਸਿਮਰਨ ਦਾ ਹੀ ਪੂਰਕ ਹੈ। ਸੇਵਾ ਹਰ ਉਹ ਕੰਮ ਹੈ, ਜਿਸ ਨਾਲ ਲੋਕਾਂ ਨੂੰ ਸੁੱਖ ਤੇ ਰਾਹਤ ਮਿਲੇ। ਉਨ੍ਹਾਂ ਨੂੰ ਆਰਾਮ, ਸੰਤੁਸ਼ਟੀ ਤੇ ਸ਼ਾਂਤੀ ਮਿਲੇ, ਭਾਵੇਂ ਇਹ ਸੰਭਰਨ ਤੇ ਸਫ਼ਾਈ ਕਰਨ ਦੀ ਹੋਵੇ, ਪੱਖਾ ਝੱਲਣ ਤੇ ਪਾਣੀ ਢੋਣ ਦੀ ਹੋਵੇ, ਲੰਗਰ ਦੀ ਹੋਵੇ ਜਾਂ ਗਰੀਬਾਂ ਨੂੰ ਰੋਜ਼ਗਾਰ ਲੁਆਉਣ ਦੀ ਹੋਵੇ। ਭਾਵੇਂ ਇਹ ਸੇਵਾ ਗਰੀਬਾਂ ਨੂੰ ਪੜ੍ਹਾਉਣ ਦੀ ਹੋਵੇ, ਅਨਾਥ ਲੜਕੀਆਂ ਦੀ ਸ਼ਾਦੀ ਦੀ ਹੋਵੇ, ਬੀਮਾਰਾਂ ਦੇ ਇਲਾਜ ਤੇ ਸੰਭਾਲ ਦੀ ਹੋਵੇ, ਸੰਗਤ ਵਿਚ ਕੀਰਤਨ, ਕਥਾ ਵਿਆਖਿਆ ਜਾਂ ਗਿਆਨ ਦੇ ਪਰਸਾਰ ਦੀ ਹੋਵੇ। ਭਾਵੇਂ ਸਮਾਜਕ ਨਿਰਮਾਣ ਲਈ ਕਾਰ ਸੇਵਾ ਦੇ ਰੂਪ ਵਿਚ ਹੋਵੇ, ਕਿਸੇ ਨੂੰ ਸਤੀ ਹੋਣ ਤੋਂ ਬਚਾਉਣਾ ਹੋਵੇ ਜਾਂ ਕਿਸੇ ਮਜ਼ਲੂਮ ਨੂੰ ਜ਼ੁਲਮ ਤੋਂ ਬਚਾਉਣ ਦੀ ਹੋਵੇ। ਇਹ ਹਰ ਪ੍ਰਕਾਰ ਦੀ ਸੇਵਾ ਬਿਨਾਂ ਕਿਸੇ ਇਵਜ਼ਾਨੇ, ਲੋਭ, ਲਾਲਚ ਦੇ ਅਤੇ ਹਰ ਪੱਖੋਂ ਨਿਸ਼ਕਾਮ ਹੋਣੀ ਚਾਹੀਦੀ ਹੈ।

ਹਰ ਇਕ ਜੀਅ ਨੂੰ ਆਪਣੀ ਰੁਚੀ ਅਨੁਸਾਰ ਕੋਈ ਨ ਕੋਈ ਸੇਵਾ ਅਪਣਾਉਣੀ ਚਾਹੀਦੀ ਹੈ। ਸਿੱਖੀ ਮਾਰਗ ਉਤੇ ਚੱਲਣ ਲਈ ਕਿਸੇ ਵੀ ਕਿਸਮ ਦੀ ਸੇਵਾ, ਸਿੱਖ ਦਾ ਅਗਲੇਰਾ ਕਦਮ ਹੈ।



Scanned with CamScanner

## ਵਹਿਮ ਭਰਮ

ਘਰੋਂ ਜਾਣ ਲੱਗਿਆਂ ਬਿੱਲੀ ਦੇ ਰਸਤਾ ਕੱਟ ਜਾਣ ਦਾ ਵਹਿਮ, ਸਨਿੱਚਰਵਾਰ ਨੂੰ ਤੇ ਮੰਗਲਵਾਰ ਨੂੰ ਭੈੜਾ ਮੰਨਣ ਦਾ ਵਹਿਮ, ਸਰਾਧਾਂ ਦੇ ਦਿਨਾਂ ਵਿਚ ਵਿਆਹ ਸ਼ਾਦੀਆਂ ਜਾਂ ਖੁਸ਼ੀ ਦਾ ਸਮਾਗਮ ਨਾ ਕਰਨ ਦਾ ਵਹਿਮ, ਦੇਵੀ ਦੇਵਤਿਆਂ ਤੇ ਸ਼ਕਤੀਆਂ ਨੂੰ ਖੁਸ਼ ਰੱਖਣ ਲਈ ਭਾਂਤ-ਭਾਂਤ ਦੇ ਉਪਾਅ ਕਰਦੇ ਰਹਿਣ ਦਾ ਵਹਿਮ, ਕਿਸੇ ਦੇ ਪਿਛੋਂ ਆਵਾਜ਼ ਮਾਰ ਦੇਣ ਨਾਲ ਬੁਰਾ ਹੋਣ ਦਾ ਵਹਿਮ, ਸਨਿਚਰਵਾਰ ਨੂੰ ਕਾਲੇ ਛੋਲਿਆਂ ਦਾ ਪ੍ਰਸ਼ਾਦ ਵੰਡਣ ਨਾਲ ਕਸ਼ਟ ਕੱਟੇ ਜਾਣ ਦਾ ਵਹਿਮ, ਵਿਧਵਾ ਇਸਤਰੀ ਨੂੰ ਪਰਿਵਾਰ ਦੇ ਵਿਚ ਬੁਰੀ ਤੇ ਸਰਾਪੇ ਵਿਅਕਤੀ ਵਾਂਗ ਸਮਝਣ ਦਾ ਵਹਿਮ ਆਦਿ ਇਸ ਤਰ੍ਹਾਂ ਦੇ ਹਜ਼ਾਰਾਂ ਹੀ ਵਹਿਮ ਭਰਮ ਹਨ ਜੋ ਭਾਰਤੀ ਸਮਾਜ ਨੂੰ ਲੱਗੇ ਹੋਏ ਹਨ। ਸਿੱਖ ਸਮਾਜ ਵਿਚ ਇਨ੍ਹਾਂ ਵਹਿਮਾਂ ਭਰਮਾਂ ਤੋਂ ਦੂਰ ਰਹਿਣ ਲਈ ਅਤੇ ਸਮਾਜ ਨੂੰ ਇਨ੍ਹਾਂ ਤੋਂ ਬਚਾਉਣ ਲਈ ਗੁਰੂ ਸਾਹਿਬਾਨ ਨੇ ਬੜਾ ਜ਼ੋਰਦਾਰ ਸੰਘਰਸ਼ ਛੇੜਿਆ।

ਗੁਰੂ ਸਾਹਿਬ ਜੀ ਦਾ ਸਪਸ਼ਟ ਹੁਕਮ ਹੈ ਕਿ ਸਗਨ ਅਪਸਗਨ ਤਿਸ ਕਉ ਲਗਹਿ ਜਿਸ ਚੀਤਿ ਨ ਆਵੈ।। ਭਾਵ ਜਿਸ ਜੀਵ ਦੇ ਮਨ ਵਿਚ ਪਰਮਾਤਮਾ ਦਾ ਨਾਮ ਯਾਦ ਨਹੀਂ ਆਉਂਦਾ ਉਸ ਨੂੰ ਸਗਨ ਜਾਂ ਅਪਗਨ ਆਦਿ ਪਰੇਸ਼ਾਨ ਕਰਦੇ ਹਨ। ਗੁਰੂ ਦੇ ਦੱਸੇ ਰਾਹ ਤੇ ਚੱਲਣ ਵਾਲੇ ਅਤੇ ਨਾਮ ਸਿਮਰਨ ਕਰਨ ਵਾਲੇ ਗੁਰਸਿੱਖਾਂ ਨੂੰ ਅਜਿਹੇ ਵਹਿਮ ਭਰਮ ਕਿਸੇ ਵੀ ਭਟਕਣ ਵਿਚ ਨਹੀਂ ਪਾ ਸਕਦੇ।

## ਨਿੰਦਾ

ਹੋਰ ਵਿਸ਼ੇ ਵਿਕਾਰਾਂ ਵਾਂਗ ਨਿੰਦਾ ਵੀ ਮਨੁੱਖ ਨੂੰ ਚੰਬੜਿਆ ਐਸਾ ਰੋਗ ਹੈ ਜੋ ਉਸ ਦੀ ਬਿਰਤੀ ਨੂੰ ਸਦਾ ਅਵਗੁਣਾਂ ਵੱਲ ਲੈ ਜਾਂਦਾ ਹੈ। ਨਿੰਦਕ ਨਾਂਹ ਪੱਖੀ ਅਤੇ ਸਾੜੇ ਨਾਲ ਭਰਪੂਰ ਹੁੰਦਾ ਹੈ ਅਤੇ ਨਿੰਦਾ ਕਰਕੇ ਆਪਣੇ ਮਨ ਦੀ ਭੜਾਸ ਕੱਢਦਾ ਹੈ। ਗੁਰਬਾਣੀ ਵਿਚ ਨਿੰਦਕ ਪ੍ਰਤੀ ਅਨੇਕ ਫੁਰਮਾਨ ਮਿਲਦੇ ਹਨ। ਜਿਵੇਂ :

ਮਿਥਿਆ ਸ੍ਰਵਨ ਪਰ-ਨਿੰਦਾ ਸੁਨਹਿ।। (ਅੰਗ : ੨੬੮)

ਨਿੰਦਕ ਇਧਰ ਉਧਰ ਚੁਗਲੀਆਂ ਲਾ ਕੇ ਖੂਬ ਤਮਾਸ਼ੇ ਦੇਖਦਾ ਹੈ, ਆਪਣੀ ਥਾਂ ਚੰਗੀ ਬਨਾਉਣ ਦਾ ਯਤਨ ਕਰਦਾ ਹੈ, ਪਰ ਅਜਿਹੇ ਲੋਕਾਂ ਨੂੰ



Scanned with CamScanner

ਸੰਸਾਰ ਫਿਟਕਾਰਾਂ ਹੀ ਪਾਉਂਦਾ ਹੈ-

ਨਿੰਦਕ ਕਉ ਫਿਟਕੇ ਸੰਸਾਰੁ।। ਨਿੰਦਕ ਕਾ ਝੂਠਾ ਬਿਉਹਾਰੁ।।

ਨਿੰਦਕ ਕਾ ਮੈਲਾ ਆਚਾਰੁ।। (ਅੰਗ : ੧੧੫੧)

ਨਿੰਦਕ ਦੇ ਮਨ ਨੂੰ ਕਦੇ ਸ਼ਾਂਤੀ ਨਹੀਂ ਆਉਂਦੀ। ਨਿੰਦਾ ਕਰਨ ਵਾਲਿਆਂ ਦਾ ਆਹਾਰ (ਭੋਜਨ) ਹੀ ਨਿੰਦਾ ਕਰਨਾ ਹੈ। ਅਜਿਹੇ ਲੋਕਾਂ ਨੂੰ ਆਪਣੀ ਇੱਜ਼ਤ ਦੀ ਪ੍ਰਵਾਹ ਨਹੀਂ ਹੁੰਦੀ। ਧਰਮ ਰਾਜ ਦੇ ਦਰਬਾਰ ਵਿਚ ਜਦ ਉਹ ਵਹੀ ਕੱਢ ਕੇ ਲੇਖਾ ਮੰਗਦਾ ਹੈ ਤਾਂ ਨਿੰਦਕ ਦਾ ਮੂੰਹ ਉਥੇ ਕਾਲਾ ਹੁੰਦਾ ਹੈ :

ਨਿੰਦਕ ਕਾ ਮੂਹ ਕਾਲਾ ਹੋਆ

ਦੀਨ ਦੁਨੀਆ ਕੈ ਦਰਬਾਰਿ।।੨।। (ਅੰਗ : ੬੭੪)

ਇੱਥੇ ਹੀ ਬੱਸ ਨਹੀਂ ਗੁਰਬਾਣੀ ਅਨੁਸਾਰ ਨਿੰਦਕ ਨੇ ਨਿੰਦਿਆ ਕਰਕੇ ਸਮਾਜ ਵਿਚ ਤਾਂ ਖੁਆਰ ਹੋਣਾ ਹੀ ਹੈ, ਉਸਨੂੰ ਦਰਗਾਹ ਵਿਚ ਵੀ ਥਾਂ ਨਹੀਂ ਮਿਲਦੀ :

ਓਸ ਅਗੈ ਪਿਛੈ ਢੋਈ ਨਾਹੀ

ਜਿਸ ਅੰਦਰਿ ਨਿੰਦਾ ਮੁਹਿ ਅੰਬੁ ਪਇਆ।। (ਅੰਗ : ੩੦੭)

ਨਿੰਦਕ ਪਕੜਿ ਪਛਾੜਿਅਨੁ ਝੂਠੇ ਦਰਬਾਰੇ।।(ਅੰਗ : ੩੨੩)

ਇੰਝ ਨਿੰਦਕ ਇਸ ਜਨਮ ਨੂੰ ਵਿਅਰਥ ਗਵਾ ਬੈਠਦਾ ਹੈ। ਪੰਚਮ ਪਾਤਸ਼ਾਹ ਫੁਰਮਾਉਂਦੇ ਹਨ :

ਨਿੰਦਕਿ ਅਹਿਲਾ ਜਨਮੁ ਗਵਾਇਆ।।

ਪਹੁਚਿ ਨ ਸਾਕੈ ਕਾਹੂ ਬਾਤੈ ਆਗੈ ਠਉਰ ਨ ਪਾਇਆ।।

(ਅੰਗ : ੩੮੦)

ਇਸ ਦੇ ਉਲਟ ਨਿੰਦਕ ਜਿਸ ਕਿਸੇ ਦੀ ਨਿੰਦਾ ਕਰਦਾ ਹੈ, ਉਸ ਦਾ ਭਲਾ ਹੀ ਹੁੰਦਾ ਹੈ। ਕਬੀਰ ਜੀ ਦਾ ਫੁਰਮਾਨ ਹੈ -

ਨਿੰਦਾ ਹੋਇ ਤਾਂ ਬੈਕੁੰਠ ਜਾਈਐ।।

ਨਾਮ ਪਦਾਰਥ ਮਨਹਿ ਬਸਾਈਐ।।

ਰਿਦੈ ਸੁਧ ਜਉ ਨਿੰਦਾ ਹੋਇ।।

ਹਮਰੇ ਕਪਰੇ ਨਿੰਦਕ ਧੋਇ।।



Scanned with CamScanner

ਗੁਰਸਿੱਖ ਨੂੰ ਹੁਕਮ ਹੈ ਕਿ ਜਦ ਉਸ ਦੀ ਨਿੰਦਾ ਹੋਇ ਜਾਂ ਉਹ ਕਿਸੇ ਦੀ ਨਿੰਦਾ ਸੁਣੇ ਤਾਂ ਆਪਣੀ ਸਵੈ ਪੜਚੋਲ ਕਰੇ ਕਿ ''ਕਿਤੇ ਉਸ ਵਿਚ ਤਾਂ ਉਹ ਅਵਗੁਣ ਨਹੀਂ ਹੈ?'' ਜੇ ਹੈ ਤਾਂ ਉਹ ਉਸ ਨੂੰ ਹਟਾ ਲਵੇ। ਭਾਈ ਗੁਰਦਾਸ ਜੀ ਦਾ ਫੁਰਮਾਨ ਹੈ - ਪਰ ਨਿੰਦਾ ਸੁਣਿ ਆਪ ਹਟਾਵੈ।।

## ਵਿਦਿਆ ਪ੍ਰਤੀ ਕਰਤੱਵ

ਗੁਰਮਤਿ, ਵਿੱਦਿਆ ਦੀ ਪ੍ਰਾਪਤੀ ਤੇ ਉਸਦੀ ਵਿਚਾਰ ਵੱਲ ਸਪੱਸ਼ਟ ਸੰਕੇਤ ਦਿੰਦੀ ਹੈ। ਵਿਦਿਆ ਮਨੁੱਖ ਦਾ ਤੀਜਾ ਨੇਤਰ ਹੈ। ਗਿਆਨ ਪ੍ਰਾਪਤੀ ਨਾਲ ਮਨ ਦਾ ਹਨੇਰਾ ਦੂਰ ਹੁੰਦਾ ਹੈ ਤੇ ਦਿਮਾਗ ਵਿਚ ਉਨ੍ਹਾਂ ਨਵੀਆਂ, ਤਾਜ਼ੀਆਂ, ਦੁਰਲੱਭ ਤੇ ਅਜਬ ਗੱਲਾਂ ਦੀ ਸਮਝ ਪੈਂਦੀ ਹੈ ਜਿਨ੍ਹਾਂ ਦੀ ਸਮਝ ਦਿੱਸਦੀਆਂ ਦੋ ਅੱਖਾਂ ਦੇ ਦੇਖਣ ਨਾਲ ਨਹੀਂ ਪੈ ਸਕਦੀ। ਇਹ ਤੀਜਾ ਨੇਤਰ ਸੋਝੀ ਦਾ ਹੈ, ਸਮਝ ਦਾ ਹੈ।

ਵੀਚਾਰ ਤੋਂ ਬਿਨਾਂ ਵਿੱਦਿਆ ਬੇਅਰਥ ਤੇ ਫਿੱਕੀ ਹੈ। ਵੀਚਾਰ ਦਾ ਭਾਵ ਹੈ ਗਿਆਨ ਨੂੰ ਆਪਣੇ ਅੰਤਹਕਰਣ ਵਿਚ ਧਾਰਨ ਕਰਨਾ ਤੇ ਮਨੁੱਖੀ ਭਾਈਚਾਰੇ ਦੇ ਭਲੇ ਦੇ ਉਦੇਸ਼ ਲਈ, ਗਿਆਨ ਦੀ ਵਰਤੋਂ ਦਾ ਸੰਕਲਪ ਕਰਨਾ। ਗਿਆਨ-ਵਿਗਿਆਨ ਦੇ ਵੱਖ-ਵੱਖ ਵਿਭਾਗਾਂ ਵਲੋਂ ਕੀਤੀ ਖੋਜ ਨਾਲ ਉਤਪੰਨ ਹੋਏ ਸਾਧਨ ਤੇ ਸਹੂਲਤਾਂ ''ਵਿਦਿਆ ਨੂੰ ਵੀਚਾਰਣ'' ਦਾ ਹੀ ਸਿੱਟਾ ਹੈ।

''ਵਿਵਹਾਰ ਦੀ ਸ਼ੁਧੀ'' ਵਿੱਦਿਆ ਪ੍ਰਾਪਤੀ ਦਾ ਸਿੱਟਾ ਹੋਵੇ ਤਾਂ ਵਿਦਿਆ ਸਾਰਥਕ ਹੈ। ਪੜ੍ਹ ਲਿਖ ਕੇ ਕਿਸੇ ਨੂੰ ਮੰਦਾ ਨਾ ਆਖੀਏ, ਕਿਸੇ ਦਾ ਮੰਦਾ ਨਾ ਸੋਚੀਏ ਤੇ ਕਿਸੇ ਦਾ ਮੰਦਾ ਨਾ ਕਰੀਏ। ਪੜ੍ਹਿਆ ਵਿਅਕਤੀ, ਜੇ ਵਿਵਹਾਰ ਵਿਚ ਸ਼ੁੱਧ ਨਹੀਂ ਤਾਂ ਵਿੱਦਿਆ ਦੀ ਹੱਤਕ ਹੈ। ਅਜਿਹੀ ਸਿੱਖਿਆ ਦਾ ਕੀ ਲਾਭ ਜਿਸ ਵਿਚ ਮਾਨਵਤਾ ਦੇ ਗੁਣ ਹੀ ਨਹੀਂ।

ਮੂਰਖਾਂ ਦੀਆਂ ਦੋ ਸ਼੍ਰੇਣੀਆਂ ਹਨ-ਅਨਪੜ੍ਹ ਮੂਰਖ ਤੇ ਪੜ੍ਹੇ ਲਿਖੇ-ਮੂਰਖ। ਅਨਪੜ੍ਹ ਮੂਰਖ ਤਾਂ ਉਹ ਹਨ ਜਿਨ੍ਹਾਂ ਦੇ ਮੂਰਖਤਾਈ ਦੇ ਤੌਰ ਤਰੀਕੇ ਵਿਕਸਤ ਨਹੀਂ ਹਨ, ਸਾਧਾਰਣ ਜਿਹੇ ਹੀ ਹਨ। ਪਰ ਪੜ੍ਹੇ ਲਿਖੇ ਮੂਰਖਾਂ ਦੀ ਮੂਰਖਤਾਈ ਬੜੇ ਵਿਕਸਿਤ ਢੰਗ ਦੀ ਹੁੰਦੀ ਹੈ। ਦੋਹਾਂ 'ਚੋਂ ਅਨਪੜ੍ਹ ਮੂਰਖ ਘੱਟ ਖਤਰਨਾਕ ਹਨ। ਉਂਝ ਭਾਈ ਗੁਰਦਾਸ ਜੀ ਅਨੁਸਾਰ ਤਾਂ ''ਮੂਰਖ ਨਾਲ ਚੰਗੇਰੀ ਚੁੱਪਾ'' ਹੀ ਠੀਕ ਹੈ।

''ਵਿੱਦਿਆ ਦੀ ਵਿਕਰੀ'' ਦਿਨੋਂ ਦਿਨ ਵੱਧ ਰਹੀ ਹੈ..... ਪੈਸੇ ਲੈ ਕੇ ਡਿਗਰੀਆਂ ਵੇਚੀਆਂ ਜਾ ਰਹੀਆਂ ਹਨ....., ਖੋਜ ਨਿਬੰਧ ਠੇਕੇ ਤੇ ਲਿਖਵਾਏ

ਜਾਂਦੇ ਹਨ....., ਆਯੋਜਤ ਨਕਲਾਂ ਤੇ ਭਾਈਬੰਦੀ ਦੇ ਆਧਾਰ ਤੇ 'ਨੰਬਰ ਲਵਾਉਣ' ਦਾ ਰਿਵਾਜ, ਸਮਾਜਿਕ ਰਹੁਰੀਤਾਂ ਦੀ ਲੜੀ ਵਿਚ ਸ਼ਾਮਲ ਹੋ ਗਿਆ ਲੱਗਦਾ ਹੈ। ਸਾਡੀ ਨਿਘਰਦੀ ਜਾਂਦੀ ਹਾਲਤ ਵਿੱਦਿਆ ਦੇ ਸਹੀ ਅਰਥ ਗੁਆ ਦੇਣ ਨਾਲ ਹੀ ਹੋਈ ਹੈ।

ਅੱਜ, ਜਿਥੇ ਸੂਖਮ, ਪ੍ਰਯੋਗ ਸਿੱਧ ਤੇ ਡੂੰਘੇ ਅਧਿਐਨ ਦਾ ਮਹੱਤਵ ਵੱਧਦਾ ਜਾ ਰਿਹਾ ਹੈ, ਉਥੇ ਸਿੱਖਿਆ ਪ੍ਰਣਾਲੀ ਦੇ ਘਾੜਿਆਂ, ਪ੍ਰਬੰਧਕਾਂ, ਸੰਚਾਲਕਾਂ ਅਤੇ ਸਿਖਿਆਰਥੀਆਂ ਭਾਵ ਸਾਰਿਆਂ ਨੂੰ, ਇਕ ਸਵੱਛ, ਉਸਾਰੂ ਤੇ ਉਚਿਤ ਵਿਦਿਅਕ ਵਾਤਾਵਰਣ ਦੀ ਸਿਰਜਣਾ ਕਰਨ ਲਈ ਕਮਰਕੱਸੇ ਕਰਨੇ ਚਾਹੀਦੇ ਹਨ ਤਾਂ ਹੀ "ਸਭ ਲਈ ਵਿੱਦਿਆ-ਸਭ ਲਈ ਰੁਜ਼ਗਾਰ" ਦਾ ਨਿਸ਼ਾਨਾ ਪੂਰਾ ਹੋ ਸਕੇਗਾ...। ਕਿਉਂਕਿ ਜਦੋਂ ਕੇਵਲ ਯੋਗਤਾ ਨੂੰ ਮਿਆਰ ਮਿਥ ਲਿਆ ਜਾਵੇ ਅਤੇ ਕਿਸੇ ਕਿਸਮ ਦੀ ਸਿਫਾਰਸ਼ ਜਾਂ ਅਯੋਗ ਢੰਗਾਂ ਨੂੰ ਖਤਮ ਕਰ ਦਿੱਤਾ ਜਾਵੇ ਅਤੇ ਸਭਨਾਂ ਨੂੰ ਬਰਾਬਰ ਸਮਝ ਕੇ ਸਮਾਜ ਵਿਚ ਵਿਚਰਿਆ ਜਾਵੇ ਤਾਂ ਹੀ ਵਿਦਿਆ ਦੇ ਅਸਲ ਅਰਥਾਂ ਅਨੁਸਾਰ ਅਸੀਂ ਕੁਝ ਕਰ ਰਹੇ ਹੋਵਾਂਗੇ। ਅਜਿਹਾ ਕਰਨ ਲਈ ਗੁਰਮਤਿ ਦਾ ਮਾਰਗ ਯੋਗ ਅਗਵਾਈ ਦੇ ਸਕਦਾ ਹੈ। ਇਸ ਲਈ ਇਸ ਦੇ ਚਾਨਣ ਵਿਚ ਅੱਜ ਇਕ ਨਵੀਂ ਵਿਦਿਅਕ ਪ੍ਰਣਾਲੀ ਘੜਨ ਦੀ ਲੋੜ ਹੈ।

## ਗ੍ਰਹਿਸਥ ਧਰਮ

ਸਿੱਖ ਧਰਮ ਵਿਚ ਗ੍ਰਹਿਸਥ ਦੀ ਪ੍ਰਧਾਨਤਾ ਹੈ। ਗੁਰੂ ਸਾਹਿਬਾਨ ਨੇ ਆਪ ਵੀ ਗ੍ਰਹਿਸਥ ਵਿਚ ਪ੍ਰਵੇਸ਼ ਕੀਤਾ। ਉਨ੍ਹਾਂ ਨੇ ਇਸ ਧਾਰਨਾ ਦਾ ਖੰਡਨ ਕੀਤਾ ਕਿ ਗ੍ਰਹਿਸਥੀ ਬਣ ਕੇ ਸਿਮਰਨ ਨਹੀਂ ਕੀਤਾ ਜਾ ਸਕਦਾ। ਭਾਈ ਗੁਰਦਾਸ ਜੀ ਨੇ ਤਾਂ 'ਸਕਲ ਧਰਮ ਮੈ ਗ੍ਰਹਿਸਤ ਪ੍ਰਧਾਨ ਹੈ' ਦਾ ਵਰਨਣ ਕੀਤਾ ਹੈ।

ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਆਸ਼ੇ ਨੂੰ ਜਿਉਂ ਜਿਉਂ ਵਿਚਾਰੀਏ, ਸਿੱਟਾ ਇਹ ਨਿਕਲਦਾ ਹੈ ਕਿ ਵਿਆਹ ਦਾ ਸਬੰਧ ਇਸਤਰੀ ਪੁਰਖ ਨੂੰ ਪਾਪਾਂ ਤੋਂ ਬਚਾਉਣ ਅਤੇ ਗ੍ਰਹਿਸਤ ਜਤੀ ਰੱਖਣ ਵਾਸਤੇ ਹੈ। ਉਨ੍ਹਾਂ ਦੇ ਸੰਜੋਗ ਦਾ ਪ੍ਰਯੋਜਨ ਇਹ ਹੈ ਕਿ ਉਹ ਵਾਹਿਗੁਰੂ ਨੂੰ ਪ੍ਰਾਪਤ ਹੋਣ, ਪਰਮਾਰਥ ਵਿਚ ਪਰਸਪਰ ਸਹਾਈ ਹੋਣ, ਵਾਹਿਗੁਰੂ ਦੀ ਯਾਦ ਵਿਚ ਲੱਗਣ, ਸਰਬੱਤ ਦੇ ਭਲੇ ਵਿਚ ਵੱਸਣ। ਸੰਤਾਨ ਜੇ ਹੋਵੇ ਤਾਂ ਉਸ ਨੂੰ ਵਾਹਿਗੁਰੂ ਦੇ ਪਿਆਰ ਵਿਚ ਪਾਲਣ, ਸੰਤਾਨ ਦੇ ਮੋਹ ਵਿਚ ਰੁੜ੍ਹ ਨਾ ਜਾਣ, ਗੁਰਸਿੱਖ ਬਨਾਉਣ, ਸੰਤਾਨ ਨੂੰ ਵਾਹਿਗੁਰੂ ਦੇ ਘੱਲੇ ਪ੍ਰਾਹੁਣੇ ਸਮਝ ਕੇ ਸੇਵਾ ਕਰਨ। ਜੇ ਸੰਤਾਨ ਨਾ ਹੋਵੇ ਤਾਂ



Scanned with CamScanner

ਹੋਰਨਾਂ ਦੀ ਸੰਤਾਨ, ਜੋ ਉਹਨਾਂ ਦੀ ਸੇਵਾ ਦੀ ਮੁਥਾਜ ਹੋਵੇ, ਸੇਵਾ ਕਰਕੇ ਉਨ੍ਹਾਂ ਨੂੰ ਵਾਹਿਗੁਰੂ ਦੇ ਪਿਆਰ ਵਿਚ ਪਾਲਣ ਤੇ ਸਹਾਇਤਾ ਕਰਨ। ਆਪਣੇ ਸੰਜੋਗ ਨੂੰ ਸਰੀਰਕ ਲੋੜਾਂ, ਬੀਮਾਰੀਆਂ, ਦੁੱਖਾਂ, ਸੁੱਖਾਂ ਵੇਲੇ ਸਾਂਝੀਵਾਲ ਹੋਣਾ ਸਮਝਣ।

ਵਿਆਹ ਵਿਸ਼ੇ ਵਿਕਾਰਾਂ ਦਾ 'ਛੂਟ ਪੱਤਰ' ਨਹੀਂ। ਇਹ ਠੇਕੇਦਾਰੀ ਨਹੀਂ, ਨਾ ਕੇਵਲ ਸੰਤਾਨ ਉਤਪਤੀ ਲਈ ਹੈ। ਵਿਆਹ ਗੁਲਾਮੀ ਤੇ ਕੈਦ ਨਹੀਂ, ਨਾ ਹੀ ਭੁੱਲ ਕੇ ਜੁੜ ਜਾਣ ਵਾਲੀ ਫਾਹੀ ਹੈ। ਵਿਆਹ ਪਵਿੱਤਰ ਸਬੰਧ ਹੈ, ਸੁੱਖ ਤੇ ਖੁਸ਼ੀ ਦਾ ਮੂਲ ਹੈ। ਇਹ ਪਰਮ ਪਾਵਨ ਨਾਤਾ ਹੈ, ਜਿਸ ਦਾ ਮੁੱਖ ਪ੍ਰਯੋਜਨ ਵਾਹਿਗੁਰੂ ਦੇ ਚਰਨ ਕਮਲਾਂ ਦੀ ਪ੍ਰਾਪਤੀ ਹੈ। ਉਸ ਪ੍ਰਾਪਤੀ ਲਈ ਸਤਿਸੰਗ ਦੀ ਲੋੜ ਹੈ। ਸੋ ਵਿਆਹ ਸਤਿਸੰਗ ਹੈ। ਸੰਸਾਰਕ ਬਲਾਵਾਂ ਤੋਂ ਦੋਵੇਂ ਇਕ ਦੂਜੇ ਦੇ ਰਾਖੇ ਹੋ ਕੇ ਉਪਕਾਰ ਕਰਨ ਦਾ ਰਸਤਾ ਹੈ। ਗ੍ਰਿਹਸਤ ਇਕ ਅਜਿਹਾ ਸਾਜ਼ ਹੈ, ਜੋ ਜੇਕਰ ਪੂਰੀ ਤਰ੍ਹਾਂ ਸੁਰ ਹੋਵੇ ਤਾਂ ਹੀ ਸੰਗੀਤਮਈ ਧੁਨਾਂ ਛਿੜ ਸਕਦੀਆਂ ਹਨ ਤੇ ਆਲੇ ਦੁਆਲੇ ਨੂੰ ਆਨੰਦਮਈ ਬਣਾ ਸਕਦੀਆਂ ਹਨ, ਪਰ ਜੇਕਰ ਸੁਰਾਂ ਦਾ ਤਵਾਜ਼ਨ ਵਿਗੜਿਆ ਹੋਇਆ ਹੈ ਤਾਂ ਸਭ ਕੁਝ ਬੇਸੁਰਾ ਹੋ ਜਾਂਦਾ ਹੈ।

## ਦੁੱਖ-ਸੁੱਖ

ਸਤਿਗੁਰੂ ਜੀ ਦਾ ਫੁਰਮਾਨ ਹੈ ਕਿ ਦੁੱਖ ਚਾਰ ਤਰ੍ਹਾਂ ਦੇ ਹਨ :

ਦੁਖ ਵੇਛੋੜਾ ਇਕੁ ਦੁਖੁ ਭੂਖ।।
ਇਕੁ ਦੁਖੁ ਸਕਤਵਾਰ ਜਮਦੂਤ।।
ਇਕੁ ਦੁਖੁ ਰੋਗੁ ਲਗੈ ਤਨਿ ਧਾਇ।।

ਇਨ੍ਹਾਂ ਦੀ ਵਿਆਖਿਆ ਇਸ ਪ੍ਰਕਾਰ ਹੈ:

1. ਵਿਛੋੜੇ ਦਾ ਦੁੱਖ, ਜੋ ਅਧਿਆਤਮਕ ਤੌਰ ਤੇ ਆਤਮਾ ਦਾ ਪਰਮਾਤਮਾ ਨਾਲੋਂ ਤੇ ਦੁਨਿਆਵੀ ਤੌਰ ਤੇ ਦੋ ਪ੍ਰੇਮੀਆਂ ਦਾ ਵਿਛੋੜਾ।

2. ਮਨੁੱਖ ਨੂੰ ਪੇਟ ਦੀ ਭੁੱਖ ਦਾ ਦੁੱਖ।

3. ਜਮਾਂ ਦੀ ਮਾਰ ਭਾਵ ਮਾੜੇ ਕਰਮਾਂ ਦਾ ਫਲ।

4. ਤਨ ਤੇ ਮਨ ਦੇ ਰੋਗ।

ਇਹ ਮੁੱਖ ਤੌਰ ਤੇ ਮਨੁੱਖ ਨੂੰ ਵਾਪਰਦੇ ਹਨ। ਦੁੱਖਾਂ ਦਾ ਵਾਪਰਨਾ ਇਕ ਤਰ੍ਹਾਂ ਦੀ ਰਜ਼ਾ ਤਾਂ ਹੈ, ਪਰ ਸਿਰਫ ਰੱਬੀ ਰਜ਼ਾ ਹੀ ਨਹੀਂ, ਮਨੁੱਖ ਦੀ ਇਨ੍ਹਾਂ



Scanned with CamScanner

ਦੁੱਖਾਂ ਤੋਂ ਬਚਣ ਦੀ ਕੁਝ ਜ਼ਿੰਮੇਵਾਰੀ ਆਪਣੀ ਵੀ ਹੈ, ਇਸ ਲਈ ਸਤਿਗੁਰੂ ਜੀ ਆਖਦੇ ਹਨ :

ਪਾਇਓ ਬਾਲ ਬੁਧਿ ਸੁਖੁ ਰੇ।।

ਭਾਵ ਮਨੁੱਖ ਬਾਲਾਂ ਵਾਲੀ ਬੁੱਧੀ ਬਣਾ ਕੇ ਸੁਖੀ ਰਹਿ ਸਕਦਾ ਹੈ ਤੇ ਦੁੱਖਾਂ ਤੋਂ ਬਚ ਸਕਦਾ ਹੈ। ਦੁੱਖਾਂ ਤੋਂ ਬਚਣ ਦਾ ਭਾਵ ਹੈ ਸੁਖ ਦਾ ਵਾਪਰਨਾ। ਸੋ ਜੇ ਦੁੱਖ ਸਿਰਫ ਰੱਬੀ ਰਜ਼ਾ ਨਹੀਂ ਤਾਂ ਇਸ ਤੋਂ ਭਾਵ ਮਨੁੱਖ ਦਾ ਨਿੱਜੀ ਯਤਨ ਸੁੱਖ ਵੀ ਪ੍ਰਦਾਨ ਕਰ ਸਕਦਾ ਹੈ।

ਜਿਸ ਤਰ੍ਹਾਂ ਬਾਲ ਨੂੰ ਨਫ਼ੇ ਨੁਕਸਾਨ ਦੀ ਕੋਈ ਸਾਰ ਨਹੀਂ ਹੁੰਦੀ, ਉਸ ਨੇ ਤਾਂ ਜੋ ਮਨ ਚਾਹੇ ਕਰਨਾ ਹੁੰਦਾ ਹੈ, ਬਾਲ ਦਾ ਫਿਕਰ ਮਾਪਿਆਂ ਨੂੰ ਹੁੰਦਾ ਹੈ। ਉਸੇ ਤਰ੍ਹਾਂ ਜੇ ਮਨੁੱਖ ਆਪਣੇ ਆਪ ਨੂੰ ਵਾਹਿਗੁਰੂ ਦੇ ਹਵਾਲੇ ਕਰ ਦੇਵੇ, ਆਪ ਨਫੇ ਨੁਕਸਾਨ ਦੇ ਹਿਸਾਬ-ਕਿਤਾਬ 'ਚੋਂ ਨਿਕਲ ਜਾਵੇ ਭਾਵ ''ਪ੍ਰਭੁ ਡੋਰੀ ਹਾਥ ਤੁਮਾਰੇ'' ਵਾਲੀ ਦਸ਼ਾ ਬਣਾ ਲਵੇ ਤਾਂ ਫਿਰ ਫਿਕਰ ਆਪ ਹੀ 'ਵਾਹਿਗੁਰੂ' ਕਰਦਾ ਹੈ ਤੇ ਮਨੁੱਖ ਦੁੱਖ ਤੋਂ ਰਹਿਤ ਹੋ ਸਕਦਾ ਹੈ ਭਾਵ ਸੁੱਖ ਦੀ ਪ੍ਰਾਪਤੀ ਕਰ ਸਕਦਾ ਹੈ। ਸੋ ਜਦੋਂ ਕੋਈ ਮਨੁੱਖ ਉੱਦਮ ਕਰਦਾ ਹੈ, ਆਪਣੀ ਚੰਤੁਰਾਈ ਸਿਆਣਪ ਤੋਂ ਉੱਚਾ ਉਠ ਕੇ :

ਮਨੁ ਤਨੁ ਬੁਧਿ ਅਰਪੀ ਠਾਕੁਰ ਕਉ ਤਬ ਹਮ ਸਹਜਿ ਸੋਏ।।

(ਅੰਗ : ੨੧੪)

ਦੀ ਸਥਿਤੀ ਵਿਚ ਦਾਖਲ ਹੋ ਜਾਂਦਾ ਹੈ ਤਾਂ ਉਹ ਜ਼ਰੂਰ ਸੁੱਖ ਦੀ ਪ੍ਰਾਪਤੀ ਕਰ ਲੈਂਦਾ ਹੈ। ਸੋ ਦੁੱਖ ਸੁੱਖ ਦਾ ਵਾਪਰਨਾ ਕੇਵਲ ਰੱਬੀ ਰਜ਼ਾ ਦੇ ਹੱਥ ਹੀ ਨਹੀਂ, ਇਸ ਦੇ ਲਈ ਮਨੁੱਖ ਆਪ ਵੀ ਜ਼ਿੰਮੇਵਾਰ ਹੈ।

## ਦਸਵੰਧ

ਆਪਣੀ ਨਿੱਜੀ ਆਮਦਨ ਦਾ ਦਸਵਾਂ ਹਿੱਸਾ ਆਪਣੇ ਇਸ਼ਟ, ਆਪਣੇ ਗੁਰੂ ਲਈ ਦੇਣਾ, ਹਰ ਸਿੱਖ ਦਾ ਫਰਜ਼ ਮੰਨਿਆ ਜਾਂਦਾ ਹੈ। ਇਸ ਨੂੰ ਇਨਕਮ ਟੈਕਸ ਦੇ ਬਰਾਬਰ ਮੰਨਣਾ ਠੀਕ ਨਹੀਂ, ਕਿਉਂਕਿ ਟੈਕਸ ਤਾਂ ਸਰਕਾਰੀ ਰੋਹਬ ਨਾਲ ਉਗਰਾਹਿਆ ਜਾਂਦਾ ਹੈ ਤੇ ਅਜਿਹਾ ਟੈਕਸ ਨਾ ਦੇਣ ਵਾਲੇ ਨੂੰ ਸਜ਼ਾ ਵੀ ਦਿੱਤੀ ਜਾਂਦੀ ਹੈ। ਇਸ ਨੂੰ ਦਾਨ ਵੀ ਨਹੀਂ ਸਮਝਣਾ ਚਾਹੀਦਾ, ਕਿਉਂਕਿ ਦਾਨ ਕਰਮਕਾਂਡੀ ਸਿਲਸਿਲੇ ਵਿਚ ਮੁਕਤੀ ਪ੍ਰਾਪਤ ਕਰਨ ਦਾ ਇਕ ਸਾਧਨ ਤੇ ਸਵਰਗ ਵਿਚ ਜਾਣ ਦਾ ਸਾਧਨ ਮੰਨਿਆ ਜਾਂਦਾ ਹੈ, ਜਿਸ ਦੀ ਸਿੱਖੀ ਵਿਚ



Scanned with CamScanner

ਕੋਈ ਗੁੰਜਾਇਸ਼ ਨਹੀਂ। ਫਿਰ ਇਸ ਨਾਲ ਵਿਹਲੜਾਂ ਤੇ ਮੰਗਤਿਆਂ ਦੀਆਂ ਧਾੜਾਂ ਪੈਦਾ ਹੁੰਦੀਆਂ ਹਨ। ਦਸਵੰਧ ਤਾਂ ਸਵੈ-ਇੱਛਾ ਨਾਲ ਦਿੱਤਾ ਜਾਂਦਾ ਹੈ। ਇਸ ਤੋਂ ਇਕੱਠੀ ਹੋਈ ਰਕਮ ਧਰਮ ਕਾਰਜਾਂ, ਜਿਨ੍ਹਾਂ ਤੋਂ ਮਨੁੱਖ ਨੂੰ ਆਤਮਿਕ ਖ਼ੁਰਾਕ ਮਿਲਣੀ ਹੈ, ਲਈ ਵਰਤਿਆ ਜਾਂਦਾ ਹੈ।

ਇਹ ਆਤਮਿਕ ਖ਼ੁਰਾਕ, ਸਾਧ ਸੰਗਤ, ਕੀਰਤਨ ਅਤੇ ਗੁਰ ਉਪਦੇਸ਼ ਤੋਂ ਪ੍ਰਾਪਤ ਹੁੰਦੀ ਹੈ। ਇਹ ਮਾਇਆ ਸੰਗਤ, ਲੰਗਰ ਤੇ ਸਿੱਖ ਰਹੁ ਰੀਤ ਦੇ ਆਯੋਜਨ ਲਈ ਵਰਤੀ ਜਾਂਦੀ ਹੈ ਤਾਂ ਕਿ ਲੋਕ ਬੱਝਵੀਂ ਮਰਯਾਦਾ ਨਾਲ ਜੁੜੇ ਰਹਿਣ। ਗੁਰੂ ਤਾਂ ਸਭ ਦਾ ਸਾਂਝਾ ਹੁੰਦਾ ਹੈ। ਇਸ ਲਈ ਦਸਵੰਧ ਦੀ ਰਕਮ ਨਾ ਕੇਵਲ ਗੁਰਦੁਆਰਿਆਂ ਦੀ ਉਸਾਰੀ ਤੇ ਗੁਰਦੁਆਰਿਆਂ ਨਾਲ ਚਲਦੀਆਂ ਸਰਾਵਾਂ ਦੇ ਪ੍ਰਬੰਧ ਲਈ ਅਤੇ ਗਰੀਬ ਅਨਾਥ ਬੱਚਿਆਂ ਲਈ ਯਤੀਮਖਾਨੇ ਚਲਾਉਣ ਲਈ ਵਰਤੀ ਜਾਂਦੀ ਹੈ, ਸਗੋਂ ਸਕੂਲ ਤੇ ਕਾਲਜ ਚਲਾਉਣ ਲਈ ਵੀ ਵਰਤੀ ਜਾਂਦੀ ਹੈ ਤਾਂ ਕਿ ਲੋਕ ਧਾਰਮਿਕ ਸਿੱਖਿਆ ਦੇ ਨਾਲ ਨਾਲ ਹਰ ਪ੍ਰਕਾਰ ਦੀ ਸਿੱਖਿਆ ਲੈ ਕੇ ਸੁਹੇਲੇ ਜੀਵਨ ਵਿਚ ਪ੍ਰਵੇਸ਼ ਕਰ ਸਕਣ। ਰੋਜ਼ਗਾਰ ਦੀ ਸਿੱਖਿਆ ਲਈ ਟੈਕਨੀਕਲ ਕਾਲਜ ਤੇ ਮੈਡੀਕਲ ਕਾਲਜ ਵੀ ਚਲਾਏ ਜਾਂਦੇ ਹਨ। ਇਸ ਸਬੰਧ ਵਿਚ ਇਕ ਹੋਰ ਕਦਮ ਇਹ ਹੈ ਕਿ ਗਰੀਬ ਬੱਚਿਆਂ ਲਈ ਪੜ੍ਹਾਈ ਦਾ ਖਰਚ ਤੇ ਵਜੀਫੇ ਆਦਿ ਵੀ ਇਸ ਵਿਚੋਂ ਦਿੱਤੇ ਜਾਂਦੇ ਹਨ। ਕਈ ਵਾਰੀ ਹੋਣਹਾਰ ਤੇ ਲਾਇਕ ਵਿਦਿਆਰਥੀਆਂ ਨੂੰ ਵਿਦੇਸ਼ਾਂ ਵਿਚ ਉੱਚ ਵਿਦਿਆ ਲਈ ਵੀ ਭੇਜਿਆ ਜਾਂਦਾ ਹੈ, ਜਿਨ੍ਹਾਂ ਨੂੰ ਇਹ ਰਕਮ ਕਰਜ਼ੇ ਦੇ ਤੌਰ ਤੇ ਦਿੱਤੀ ਜਾਂਦੀ ਹੈ।

ਗੁਰੂ ਸਾਹਿਬਾਨ ਦੇ ਜ਼ਮਾਨੇ ਵਿਚ ਇਹ ਰਕਮ ਅੰਮ੍ਰਿਤਸਰ ਸਾਹਿਬ ਤੇ ਅਨੰਦਪੁਰ ਸਾਹਿਬ ਵਰਗੇ ਸ਼ਹਿਰਾਂ ਨੂੰ ਵਸਾਉਣ ਲਈ ਤੇ ਇਨ੍ਹਾਂ ਥਾਵਾਂ ਉਤੇ ਲੋਕਾਂ ਦੀ ਰਿਹਾਇਸ਼ ਲਈ ਮਕਾਨ ਤੇ ਦੁਕਾਨਾਂ ਆਦਿ ਉਸਾਰਨ ਲਈ ਵਰਤੀ ਜਾਂਦੀ ਸੀ। ਲੋਕਾਂ ਨੂੰ ਰੋਜ਼ਗਾਰ ਚਲਾਉਣ ਲਈ ਕਰਜ਼ੇ ਜਾਂ ਗਰਾਂਟਾਂ ਦੇ ਰੂਪ ਵਿਚ ਦਿੱਤੀ ਜਾਂਦੀ ਸੀ। ਪਾਣੀ ਦੀ ਘਾਟ ਦੂਰ ਕਰਨ ਲਈ ਖੂਹ, ਬਾਉਲੀਆਂ ਤੇ ਤਲਾਬ ਲਗਾਏ ਜਾਂਦੇ ਸਨ ਤੇ ਸਿੰਜਾਈ ਲਈ ਛੋਟੀਆਂ ਕੱਸੀਆਂ ਤੇ ਖਾਲੇ ਵੀ ਤਿਆਰ ਕੀਤੇ ਜਾਂਦੇ ਸਨ। ਅੰਮ੍ਰਿਤਸਰ ਸਾਹਿਬ, ਅਨੰਦਪੁਰ ਸਾਹਿਬ ਤੇ ਗੁਰੂ ਕੀ ਕਾਸ਼ੀ (ਤਲਵੰਡੀ ਸਾਬੋ) ਵਿਚ ਉਚੇਰੀ ਸਿੱਖਿਆ ਦੇ ਕੇਂਦਰ ਸਥਾਪਤ ਕਰਕੇ ਵਿਦਵਾਨਾਂ ਨੂੰ ਖੋਜ ਦੇ ਕੰਮ ਵਿਚ ਜੋੜਿਆ ਜਾਂਦਾ ਸੀ।

ਹਸਪਤਾਲੀ ਸੇਵਾ ਹਮੇਸ਼ਾਂ ਹੀ ਸੰਗਤਾਂ ਤੋਂ ਇੱਕਠੀ ਹੋਈ ਦਸਵੰਧ ਦੀ ਰਕਮ ਉਤੇ ਨਿਰਭਰ ਕਰਦੀ ਰਹੀ ਹੈ। ਦਸਵੰਧ ਦੀ ਰਕਮ ਨਾਲ ਹੀ ਵਿਕਲਾਂਗ



Scanned with CamScanner

ਤੇ ਬੇਆਸਰਾ ਰੋਗੀਆਂ ਲਈ ਪਿੰਗਲਵਾੜੇ ਚੱਲ ਰਹੇ ਹਨ। ਅੱਜ ਕੱਲ੍ਹ ਉਚੇਰੀ ਪੱਧਰ ਦੀ ਵਿਸ਼ੇਸ਼ ਹਸਪਤਾਲੀ ਸੇਵਾ-ਜਿਵੇਂ ਓਪਨ ਹਾਰਟ ਸਰਜਰੀ ਵਰਗੀਆਂ ਇੰਸਟੀਚਿਊਟ ਸਥਾਪਤ ਕਰਨ ਦੇ ਉਪਰਾਲੇ ਹੋ ਰਹੇ ਹਨ।

ਦਸਵੰਧ ਦੀ ਰਕਮ ਦਾ ਇਕ ਹੋਰ ਮਹੱਤਵ ਪੂਰਨ ਉਪਯੋਗ ਹੈ ਲੋਕਾਂ ਨੂੰ ਸੰਕਟ ਤੇ ਭੀੜਾ ਦਾ ਟਾਕਰਾ ਕਰਕੇ, ਉਸ ਵਿਚੋਂ ਨਿਕਲਣ ਲਈ ਤਿਆਰ ਕਰਨਾ। ਇਹ ਸੰਕਟ ਭਾਵੇਂ ਕਿਸੇ ਕੁਦਰਤੀ ਆਫਤ ਦੇ ਰੂਪ ਵਿਚ ਹੋਵੇ, ਜਿਵੇਂ ਭੂਚਾਲ, ਹੜ੍ਹ ਜਾਂ ਵੱਡੀ ਬੀਮਾਰੀ ਦੇ ਰੂਪ ਵਿਚ ਜਾਂ ਸ਼ਰਨਾਰਥੀ ਸਮੱਸਿਆ ਦੇ ਰੂਪ ਵਿਚ ਹੋਵੇ ਜਾਂ ਰਾਜਨੀਤਿਕ ਸੰਕਟ, ਜਿਵੇਂ ਦੇਸ਼ ਦੀ ਗੁਲਾਮੀ ਜਾਂ ਧਰਮ ਸੰਕਟ ਯਾਨੀ ਸਰਕਾਰ ਵਲੋਂ ਧਰਮ ਦੇ ਆਧਾਰ ਉਤੇ ਦਮਨ ਹੋ ਰਿਹਾ ਹੋਵੇ।

ਇਸ ਤਰ੍ਹਾਂ ਦੀਨ ਦੁਖੀਆਂ ਦੀਆਂ ਹਰ ਪ੍ਰਕਾਰ ਦੀਆਂ ਲੋੜਾਂ ਦੀ ਪੂਰਤੀ ਕਰਨ ਦਾ ਉਪਰਾਲਾ ਦਸਵੰਧ ਵਿਚੋਂ ਕਰਨਾ ਪਰਮ ਉਪਯੋਗੀ ਹੈ ਜੋ ਗੁਰੂ ਸਾਹਿਬਾਨ ਦੇ ਜ਼ਮਾਨੇ ਤੋਂ ਚੱਲਿਆ ਆ ਰਿਹਾ ਹੈ।

## ਦੇਗ ਤੇਗ ਫਤਹਿ

ਦੇਗ ਤੇਗ ਫਤਹਿ ਸਿੱਖੀ ਜੀਵਨ ਦਾ ਨੀਤੀ-ਵਾਕ ਹੈ, ਇਸ ਦੀ ਟੇਕ ਹੈ ਅਤੇ ਸਿੱਖੀ ਦਾ ਸਿਧਾਂਤੀ ਨਾਅਰਾ ਹੈ। ਇਹ ਨਾਅਰਾ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਦੀ ਸਿਰਜਨਾ ਵੇਲੇ ਖੰਡੇ ਬਾਟੇ ਦਾ ਅੰਮ੍ਰਿਤ ਛਕਾਣ ਉਪਰੰਤ ਦਿੱਤਾ ਸੀ। ਅੰਮ੍ਰਿਤ ਦੀ ਰਸਮ ਵਿਚ ਤੇਗ (ਖੰਡਾ) ਸੰਸਾਰੀ ਤਾਕਤ, ਰਾਜਨੀਤਕ ਆਜ਼ਾਦੀ ਤੇ ਸੰਘਰਸ਼ ਦਾ ਪ੍ਰਤੀਕ ਮੰਨਿਆ ਗਿਆ ਹੈ ਅਤੇ ਬਾਟਾ ਯਾਨੀ ਦੇਗ, ਮਾਲ ਭੰਡਾਰ ਤੇ ਆਰਥਿਕ ਅਜ਼ਾਦੀ ਦਾ ਪ੍ਰਤੀਕ ਮੰਨਿਆ ਗਿਆ ਹੈ।

ਨਾਮ ਸਿਮਰਨ ਲਈ ਆਤਮਿਕ ਆਜ਼ਾਦੀ ਜ਼ਰੂਰੀ ਹੈ। ਨਾਮ ਦਾ ਵਾਸਾ ਕੇਵਲ ਆਜ਼ਾਦ ਆਤਮਾ ਵਿਚ ਹੀ ਹੋ ਸਕਦਾ ਹੈ, ਜਿਸ ਉਤੇ ਨਾ ਤਾਂ ਆਰਥਿਕ ਥੁੜ੍ਹ ਤੇ ਭੁੱਖ ਦਾ ਹੀ ਦਬਾਓ ਹੋਵੇ ਤੇ ਨਾ ਹੀ ਕਿਸੇ ਓਪਰੀ ਤੇ ਬਾਹਰਲੀ ਰਾਜਨੀਤਕ ਤਾਕਤ ਦਾ ਰੋਅਬ ਹੋਵੇ। ਇਹ ਮੰਨੀ ਪ੍ਰਮੰਨੀ ਗੱਲ ਹੈ ਕਿ ਭੁੱਖੇ ਆਦਮੀ ਜਾਂ ਮੰਗਤੇ ਦਾ ਨਾ ਕੋਈ ਧਰਮ ਹੁੰਦਾ ਹੈ ਤੇ ਨਾ ਹੀ ਉਹ ਕਦੇ ਆਜ਼ਾਦ ਰਹਿ ਸਕਦਾ ਹੈ। ਭੁੱਖਿਆਂ ਭਗਤੀ ਨਹੀਂ ਹੋ ਸਕਦੀ। ਕਬੀਰ ਜੀ ਦਾ ਫੁਰਮਾਨ ਹੈ, ਕਿ

ਭੂਖੇ ਭਗਤਿ ਨ ਕੀਜੈ॥ (ਅੰਗ : ੬੫੬)

ਭੁੱਖਾ ਅਤੇ ਗਰੀਬ ਬੰਦਾ ਕਮਜ਼ੋਰ ਤੇ ਨਿਤਾਣਾ ਹੁੰਦਾ ਹੈ। ਜਿਸ ਕੌਮ ਜਾਂ



Scanned with CamScanner

ਦੇਸ਼ ਵਿਚ ਖੁਰਾਕ ਦੀ ਕਿੱਲਤ (ਘਾਟ) ਹੋਵੇ ਤੇ ਆਰਥਿਕ ਗ਼ਰੀਬੀ ਹੋਵੇ ਉਹ ਕਦੀ ਵੀ ਖੁਸ਼ਹਾਲ ਤੇ ਆਜ਼ਾਦ ਨਹੀਂ ਰਹਿ ਸਕਦਾ। ਦੇਗ ਦੀ ਫਤਹਿ ਦਾ ਭਾਵ ਨਾ ਕੇਵਲ ਅੰਨ੍ਹ ਤੇ ਖੁਰਾਕ ਦਾ ਹੀ ਕਾਫੀ ਹੋਣਾ ਹੈ, ਸਗੋਂ ਇਸ ਦਾ ਭਾਵ ਆਰਥਿਕ ਤੌਰ ਉੱਤੇ ਇੰਨਾ ਖੁਸ਼ਹਾਲ ਹੋਣਾ ਹੈ ਕਿ ਆਪਣੇ ਰੱਜ ਤੋਂ ਪਿਛੋਂ ਦੂਸਰਿਆਂ ਨੂੰ ਦੇਣ ਜੋਗਾ ਵੀ ਹੋਵੇ ਤਾਂ ਕਿ ਆਲੇ-ਦੁਆਲੇ ਕੋਈ ਗ਼ਰੀਬ ਤੇ ਕਮਜ਼ੋਰ ਨਾ ਰਹੇ। ਇਸ ਤਰ੍ਹਾਂ ਕਿਰਤ ਕਰਨਾ ਤੇ ਵੰਡ ਛੱਕਣਾ ਦੇਗ ਦੀ ਫਤਹਿ ਦਾ ਹੀ ਸਿੱਟਾ ਜਾਂ ਉਪ-ਸਿਧਾਂਤ ਹੈ।

ਰਾਜਨੀਤਕ ਗ਼ੁਲਾਮੀ ਇਕ ਬਹੁਤ ਭਿਆਨਕ ਖੁਨਾਮੀ (ਬੀਮਾਰੀ) ਹੈ। ਮਨੁੱਖ ਹਰ ਵੇਲੇ ਜ਼ੁਲਮ ਤੇ ਨਿਰਾਦਰੀ ਦੇ ਤਕਲੇ ਹੇਠਾਂ ਰਹਿੰਦਾ ਹੈ। ਉਸ ਦੀ ਬੋਲੀ, ਸਭਿਆਚਾਰ, ਧਰਮ, ਇੱਜ਼ਤ, ਅਣਖ ਤੇ ਕਮਾਈ ਹਰ ਵੇਲੇ ਜ਼ਾਲਮ ਸਰਕਾਰ ਦੇ ਜ਼ੁਲਮ ਦੇ ਪਰਛਾਵੇਂ ਹੇਠਾਂ ਹੁੰਦੇ ਹਨ। ਇਨ੍ਹਾਂ ਤੋਂ ਆਜ਼ਾਦੀ ਪ੍ਰਾਪਤ ਕਰਨਾ ਹੀ ਤੇਗ ਦੀ ਫਤਹਿ ਦਾ ਮੰਤਵ ਹੈ। ਹਰ ਮਨੁੱਖ, ਕੌਮ ਤੇ ਦੇਸ਼ ਦੀ ਆਜ਼ਾਦੀ ਕਾਇਮ ਰੱਖਣ ਲਈ ਵਿਅਕਤੀ, ਕੌਮ ਤੇ ਦੇਸ਼ ਤਿੰਨਾਂ ਹੀ ਪੱਧਰਾਂ ਉੱਤੇ ਸ਼ਕਤੀ ਦੀ ਲੋੜ ਹੈ। ਇਹ ਸ਼ਕਤੀ ਬਾਹੂ ਬਲ ਤੇ ਹਥਿਆਰਾਂ ਦੀ ਸ਼ਕਤੀ ਦੇ ਰੂਪ ਵਿਚ ਹੁੰਦੀ ਹੈ ਤਾਂ ਕਿ ਕੋਈ ਤੁਹਾਨੂੰ ਗ਼ੁਲਾਮ ਨਾ ਬਣਾ ਸਕੇ, ਤੁਹਾਡੇ ਘਰ, ਕਮਾਈ ਤੇ ਦੇਸ਼ ਉੱਤੇ ਕਬਜ਼ਾ ਨਾ ਕਰ ਸਕੇ। ਇਸ ਦੇ ਨਾਲ ਇਹ ਗੱਲ ਵੀ ਜ਼ਰੂਰੀ ਹੈ ਕਿ ਕੀ ਤੁਹਾਡੇ ਆਲੇ ਦੁਆਲੇ, ਤੁਹਾਡੇ ਨੇੜੇ ਜਾਂ ਗਵਾਂਢ ਵਿਚ ਜੇਕਰ ਕੋਈ ਮਜ਼ਲੂਮ, ਜ਼ੁਲਮ ਨਾਲ ਪੀੜਤ ਹੋਵੇ ਤਾਂ ਉਸ ਦੀ ਵੀ ਰੱਖਿਆ ਕੀਤੀ ਜਾਵੇ ਤੇ ਜ਼ੁਲਮ ਨੂੰ ਨੱਥ ਪਾਈ ਜਾਵੇ। ਇਹ ਮਜ਼ਲੂਮ ਪੀੜਤ ਕੋਈ ਬੰਦਾ ਹੋ ਸਕਦਾ ਹੈ, ਕੋਈ ਕੌਮ ਹੋ ਸਕਦੀ ਹੈ ਜਾਂ ਕੋਈ ਦੇਸ਼ ਹੋ ਸਕਦਾ ਹੈ। ਇਸ ਤਰ੍ਹਾਂ ਦੇਗ ਤੇਗ ਫਤਹਿ ਦੇ ਸਿਧਾਂਤ ਨੂੰ ਜੀਵਨ ਜੁਗਤੀ ਅਪਨਾਣ ਨਾਲ ਕੁੱਲ ਮਨੁੱਖਤਾ ਸੁਖ ਤੇ ਸ਼ਾਂਤੀ ਦੀ ਰਾਹ ਤੇ ਪੈ ਜਾਵੇਗੀ। ਇਸ ਨਾਲ ਉਹ ਨਾਮ ਦੇ ਰਾਹ ਪੈ ਸਕਦਾ ਹੈ, ਨਾਲ ਹੀ ਦੂਸਰਿਆਂ ਦੀ ਵੀ ਆਤਮਾ ਆਜ਼ਾਦ ਹੁੰਦੀ ਹੈ ਤੇ ਉਹ ਵੀ ਨਾਮ ਦੇ ਰਾਹ ਪੈ ਸਕਣਗੇ। 'ਆਪ ਜਪੈ ਅਵਰਾ ਨਾਮ ਜਪਾਵੈ' ਦਾ ਸੰਕਲਪ ਵੀ ਪੂਰਾ ਹੋ ਸਕੇਗਾ।

## ਸਾਂਝੀਵਾਲਤਾ ਅਤੇ ਸਰਬੱਤ ਦਾ ਭਲਾ

ਸਿੱਖ ਧਰਮ ਮਨੁੱਖਤਾ ਦੀ ਕਦਰ ਕਰਦਾ ਹੈ। ਸਿੱਖੀ ਦਾ ਮਾਟੋ ਹੈ ਕਿ ਸਾਰਿਆਂ ਨੂੰ ਮਿੱਤਰ ਸਮਝੋ।



Scanned with CamScanner

ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ।।

(ਮਾਝ ਮ: ੫-੯੭)

ਸੇਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ ।।

(ਧਨਾਸਰੀ ਮ: ੫-੬੭੧)

ਨਾ ਕੋ ਬੈਰੀ ਨਹੀ ਬਿਗਾਨਾ

ਸਗਲ ਸੰਗਿ ਹਮ ਕਉ ਬਨਿ ਆਈ।।

(ਕਾਨੜਾ ਮ: ੫-੧੨੯੯)

ਸਿੱਖ ਧਰਮ ਦੀਆਂ ਸਿੱਖਿਆਵਾਂ ਅਨੁਸਾਰ, ਸੰਗਤ ਵਿੱਚ ਬਿਨਾਂ ਕਿਸੇ ਭਿੰਨ-ਭੇਦ ਦੇ ਅਤੇ ਬਿਨਾਂ ਕਿਸੇ ਨਾਲ ਉਚੇਚ ਕਰਨ ਦੇ ਬੈਠਣ ਦਾ ਹੁਕਮ ਹੈ। ਪੰਗਤ ਵਿੱਚ ਵੀ ਕਿਸੇ ਤਰ੍ਹਾਂ ਦਾ ਵਿਤਕਰਾ ਜਾਂ ਭਿੱਟ ਨਹੀਂ ਮਹਿਸੂਸ ਕੀਤੀ ਜਾਂਦੀ। ਪੰਗਤ ਦੀ ਮਰਯਾਦਾ ਤਾਂ ਚਲਾਈ ਹੀ ਮਨੁੱਖਤਾ ਦਾ ਸਬਕ ਸਿਖਾਉਣ ਲਈ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਛਕਾ ਕੇ ਭਿੰਨ-ਭਿੰਨ ਜਾਤੀਆਂ ਦੇ ਬੰਦਿਆਂ ਨੂੰ ਇਸੇ ਕਰਕੇ 'ਪਿਆਰੇ' ਆਖਿਆ। ਨਾ ਨਸਲੀ ਵਿਤਕਰਾ, ਨਾ ਜਾਤੀ ਵਿਤਕਰਾ, ਨਾ ਅਮੀਰ ਗਰੀਬ ਦਾ ਵਿਤਕਰਾ, ਨਾ ਮਜ਼੍ਹਬ ਅਤੇ ਦੇਸ਼ ਦਾ ਵਿਤਕਰਾ, ਸਗੋਂ ਸਾਰੇ ਮਨੁੱਖਾਂ ਅੰਦਰ ਭਰਾਤਰੀ ਭਾਵ ਹੋਵੇ। ਇਹੀ ਸਿੱਖੀ ਦਾ ਸੁਨੇਹਾ ਹੈ। ਇਕ ਨੂਰ ਤੋਂ ਉਪਜਣ ਕਰ ਕੇ ਚੰਗੇ ਤੇ ਮੰਦੇ ਦਾ ਭੇਦ-ਭਾਵ ਨਹੀਂ ਹੋਣਾ ਚਾਹੀਦਾ :-

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ।।
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ।।

(ਪ੍ਰਭਾਤੀ ਕਬੀਰ : ੧੩੪੯)

ਨਾਮ ਦੇ ਵਿਸ਼ਵਾਸ ਦਾ ਵਿਹਾਰਕ ਪੱਖ ਹੈ "ਸਰਬੱਤ ਦਾ ਭਲਾ"। ਸਿੱਖੀ ਨਾਮ ਦਾ ਮਾਰਗ ਹੈ ਤੇ ਹਰ ਸਿੱਖ ਦਾ ਨਾਮ ਵਿਚ ਦ੍ਰਿੜ੍ਹ ਵਿਸ਼ਵਾਸ ਹੁੰਦਾ ਹੈ। ਇਸ ਲਈ ਉਸ ਦਾ ਦੂਸਰਿਆਂ ਪ੍ਰਤੀ ਰਵੱਈਆ, ਕੁੱਲ ਦੁਨੀਆਂ ਤੇ ਸਾਰੀ ਸ੍ਰਿਸ਼ਟੀ ਪ੍ਰਤੀ ਵਿਹਾਰ ਤੇ ਰਵੱਈਆ, ਸਰਬੱਤ ਦੇ ਭਲੇ ਦੀ ਭਾਵਨਾ ਉੱਤੇ ਟਿਕਿਆ ਹੋਇਆ ਹੁੰਦਾ ਹੈ। ਸਰਬੱਤ ਦਾ ਭਲਾ ਉਸ ਦੇ ਆਚਰਨ ਦੀ ਟੇਕ ਹੈ। ਇਸ ਲਈ ਸਭ ਤੋਂ ਪਹਿਲੀ ਗੱਲ ਤਾਂ ਇਹ ਹੈ ਕਿ ਨਾਮ ਵਿਚ ਵਿਸ਼ਵਾਸ ਕਾਰਨ, ਉਸ ਦੀ ਸੁਰਤ ਤੇ ਮੱਤ ਐਸੇ ਤਰੀਕੇ ਦੀ ਹੋ ਜਾਂਦੀ ਹੈ ਕਿ ਉਸ ਨੂੰ ਸਾਰੇ ਲੋਕਾਂ ਵਿਚ, ਸਾਰੇ ਜੀਆਂ ਵਿਚ, ਹਰ ਸ਼ੈਅ ਤੇ ਹਰ ਚੀਜ਼ ਵਿਚ ਪਰਮਾਤਮਾ ਦਾ ਹੀ ਰੂਪ ਨਜ਼ਰ ਆਉਂਦਾ ਹੈ।



Scanned with CamScanner

ਸਭੈ ਘਟ ਰਾਮੁ ਬੋਲੈ ਰਾਮਾ ਬੋਲੈ।। ਰਾਮ ਬਿਨਾ ਕੋ ਬੋਲੈ ਰੇ।।

(ਅੰਗ : ੯੮੮)

ਇਸ ਲਈ ਪਰਮਾਤਮਾ ਨਾਲ ਪਿਆਰ ਕਰਨ ਵਾਲਾ ਸਾਰਿਆਂ ਨਾਲ ਹੀ ਪਿਆਰ ਕਰੇਗਾ। ਜਿਸ ਨਾਲ ਪਿਆਰ ਕਰੀਏ ਉਹ ਹਮੇਸ਼ਾ ਚੰਗਾ ਲੱਗਦਾ ਹੈ, ਆਪਣੇ ਨਾਲੋਂ ਵੀ ਚੰਗਾ ਲੱਗਦਾ ਹੈ। ਜੋ ਚੰਗਾ ਲੱਗੇ ਉਸ ਦਾ ਤੁਸੀਂ ਹਮੇਸ਼ਾ ਭਲਾ ਹੀ ਚਾਹੋਗੇ। ਉਸਦਾ ਕਦੀ ਵੀ ਬੁਰਾ ਨਹੀਂ ਚਾਹੋਗੇ। ਸ੍ਰੀ ਗੁਰੂ ਨਾਨਕ ਦੇਵ ਜੀ ਤਾਂ ਅੰਧ ਘੋਰ, ਮੂਰਖ, ਹਰਾਮ ਖੋਰ, ਚੋਰ, ਗਲ ਵਢ ਕੇ ਹਤਿਆ ਕਮਾਣ ਵਾਲਿਆਂ, ਪਾਪ ਕਰਨ ਵਾਲਿਆਂ, ਕੂੜਿਆਰਾਂ ਤੇ ਗੰਦ-ਮੰਦ ਖਾਣ ਵਾਲੇ ਮਲੇਛਾਂ ਨੂੰ ਵੀ ਪਰਮਾਤਮਾ ਦੀ ਸਾਜੀ ਕੁਦਰਤ ਦਾ ਹਿੱਸਾ ਮੰਨਦੇ ਹਨ। ਉਸ ਦੇ ਭਾਣੇ ਅੰਦਰ ਸਾਜੀ ਸਾਰੀ ਕੁਦਰਤ ਚੰਗੀ ਹੈ, ਇਸ ਲਈ ਉਹ ਇਨ੍ਹਾਂ ਨੂੰ ਵੀ ਬੁਰਾ ਨਹੀਂ ਆਖਦੇ। ਆਪਣੇ ਆਪ ਨੂੰ ਇਨ੍ਹਾਂ ਤੋਂ ਨੀਵਾਂ ਦੱਸਦੇ ਹੋਏ ਇਨ੍ਹਾਂ ਦਾ ਵੀ ਭਲਾ ਹੀ ਚਾਹੁੰਦੇ ਹਨ (ਅਸੰਖ ਮੂਰਖ ਅੰਧ ਘੋਰ-ਜਪੁਜੀ ਪਉੜੀ ੧੮)। ਗੁਰੂ ਅਰਜਨ ਦੇਵ ਜੀ ਵੈਰੀ ਦਾ ਵੀ ਮੰਦਾ ਮੰਗਣ ਤੋਂ ਮਨ੍ਹਾਂ ਕਰਦੇ ਹਨ ਤੇ ਉਨ੍ਹਾਂ ਨੂੰ ਮਿੱਤਰ ਬਣਾ ਲੈਣ ਦਾ ਆਦੇਸ਼ ਦਿੰਦੇ ਹਨ :

ਏਹ ਵੈਰੀ ਮਿਤ੍ਰ ਸਭਿ ਕੀਤਿਆ ਨਹ ਮੰਗਹਿ ਮੰਦਾ ।।

(ਅੰਗ : ੧੦੯੬)

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ, ਧੁੱਪ ਵਿਚ ਤੜਪਦੇ ਵੈਰੀ-ਦਲ ਵੱਲ ਲੜ ਰਹੇ ਪੈਂਦੇ ਖਾਂ ਦੇ ਸਿਰ ਤੇ ਆਪਣੀ ਢਾਲ ਨਾਲ ਛਾਂ ਕਰਕੇ ਉਸ ਨੂੰ ਰਾਹਤ ਪਹੁੰਚਾਈ। ਜਦ ਭਾਈ ਘਨੱਈਆ, ਅਨੰਦਪੁਰ ਸਾਹਿਬ ਵਿਖੇ ਘਮਸਾਨ ਦੀ ਜੰਗ ਵਿਚ ਆਪਣੇ ਮਿੱਤਰ ਸੈਨਿਕਾਂ ਦੇ ਨਾਲ ਵੈਰੀਆਂ ਨੂੰ ਵੀ ਪਾਣੀ ਪਿਲਾ ਰਹੇ ਸਨ, ਤਾਂ ਗੁਰੂ ਗੋਬਿੰਦ ਸਿੰਘ ਜੀ ਨੇ ਮਰਹਮ ਦੀ ਡੱਬੀ ਦੇ ਕੇ, ਭਾਈ ਘਨੱਈਏ ਨੂੰ ਹੁਕਮ ਕੀਤਾ ਸੀ ਕਿ ਇਨ੍ਹਾਂ ਦੇ ਜ਼ਖ਼ਮਾਂ ਉੱਤੇ ਮਰਹਮ ਵੀ ਲਗਾ ਦੇਵੇ। ਅਜਿਹੀ ਹੈ ਸਰਬੱਤ ਦੇ ਭਲੇ ਦੀ ਧਾਰਨਾ।

ਬਾਬਾ ਫ਼ਰੀਦ ਜੀ ਨੇ ਬੁਰੇ ਨਾਲ ਵੀ ਨੇਕੀ ਦਾ ਸਲੂਕ ਕਰਨ ਵਾਸਤੇ ਫ਼ੁਰਮਾਇਆ ਹੈ :

ਫਰੀਦਾ ਜੋ ਤੈ ਮਾਰਨਿ ਮੁਕੀਆਂ ਤਿਨ੍ਾ ਨ ਮਾਰੇ ਘੁੰਮਿ।।

ਆਪਨੜੈ ਘਰਿ ਜਾਈਐ ਪੈਰ ਤਿਨ੍ਾ ਦੇ ਚੁੰਮਿ ।।

(ਅੰਗ : ੧੩੭੮)



Scanned with CamScanner

ਫਰੀਦ ਜੀ ਤਾਂ ਇਥੋਂ ਤਕ ਕਹਿੰਦੇ ਹਨ ਕਿ ਬੁਰੇ ਦਾ ਭਲਾ ਕਰਨ ਨਾਲ ਆਪਣਾ ਮਨ ਤੇ ਸਰੀਰ ਦੋਵੇਂ ਅਰੋਗ ਤੇ ਨਰੋਏ ਰਹਿੰਦੇ ਹਨ :

ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ।।
ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ ।।

(ਅੰਗ : ੧੩੮੧-੮੨)

ਦੂਸਰਿਆਂ ਦੇ ਭਲੇ ਲਈ ਸ਼ਹੀਦੀ ਦੇਣ ਦੀ ਪਰੰਪਰਾ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਨੇ ਸ਼ੁਰੂ ਕੀਤੀ। ਉਨ੍ਹਾਂ ਨੇ ਕਸ਼ਮੀਰੀ ਪੰਡਤਾਂ ਦੇ ਧਰਮ ਦੀ ਰੱਖਿਆ ਲਈ ਦਿੱਲੀ ਵਿਚ ਆਪਣੀ ਕੁਰਬਾਨੀ ਦਿੱਤੀ। ਇਸੇ ਤਰ੍ਹਾਂ ਸ੍ਰ: ਜੱਸਾ ਸਿੰਘ ਆਹਲੂਵਾਲੀਆ ਨੇ ਇਕ ਬ੍ਰਾਹਮਣ ਦੀ ਨਵ-ਵਿਆਹੀ ਬੀਵੀ ਨੂੰ ਕਸੂਰ ਦੇ ਨਵਾਬ ਦੇ ਪੰਜੇ ਵਿਚੋਂ ਛੁਡਾਣ ਲਈ, ਨਵਾਬ ਨਾਲ ਜੰਗ ਕੀਤੀ। ਇਸ ਵਿਚ ਵੀਹ ਹਜ਼ਾਰ ਸਿੰਘ ਸ਼ਹੀਦ ਹੋਏ। ਨਵਾਬ ਕੋਲੋਂ ਇਸ ਬ੍ਰਾਹਮਣ ਦੀ ਬੀਵੀ ਨੂੰ ਛੁਡਾ ਕੇ ਉਸ ਨੂੰ ਸਤਿਕਾਰ ਨਾਲ ਪਤੀ ਨਾਲ ਤੋਰ ਦਿੱਤਾ।

## ਇਸਤਰੀ ਦੀ ਸਮਾਜਿਕ ਪਦਵੀ

ਇਸਤਰੀ ਦੀ ਸਮਾਜਿਕ ਪਦਵੀ ਸਬੰਧੀ ਕੁਝ ਫਿਲਾਸਫਰਾਂ ਅਤੇ ਧਰਮਾਂ ਦੇ ਵਿਚਾਰ ਇਸ ਤਰ੍ਹਾਂ ਹਨ :-

ਜਰਮਨ ਦਾ 'ਆਇਨਗੇ'- ਇਸਤਰੀ ਵਿਚ ਰੂਹ ਨਹੀਂ ਹੈ।

'ਚੈਸਟਰ ਫੀਲਡ'-ਇਸਤਰੀ ਪੈਦਾ ਕਰਨਾ, ਕੁਦਰਤ ਦੀ ਮਜ਼ੇਦਾਰ ਗਲਤੀ ਹੈ।

'ਸ਼ੰਕਰਾਚਾਰੀਆ'-ਇਸਤਰੀ ਇਕ ਬੰਧਨ ਹੈ।

'ਨੈਪੋਲੀਅਨ'-ਇਸਤਰੀ ਇਕ ਧੋਖਾ ਹੈ।

'ਕਾਰਲ ਮਾਰਕਸ'-ਬਦਲੇ ਦਾ ਦੂਜਾ ਨਾਮ ਇਸਤਰੀ ਹੈ।

'ਸ਼ੈਕਸਪੀਅਰ'-ਕਮਜ਼ੋਰੀ ਦਾ ਨਾਮ ਇਸਤਰੀ ਹੈ।

'ਅਰਸਤੂ'-ਹੁਕਮ ਕਰਨਾ ਤੇ ਮਨਾਉਣਾ ਮਰਦ ਦਾ ਫਰਜ਼ ਹੈ ਤੇ ਹੁਕਮ ਮੰਨਣਾ ਇਸਤਰੀ ਦਾ ਫਰਜ਼ ਹੈ।

'ਗੋਰਖ ਨਾਥ' ਨੇ ਬਘਿਆੜ ਨਾਲ ਤੇ ਕਈਆਂ ਨੇ ਪਸ਼ੂਆਂ ਨਾਲ ਇਸਤਰੀ ਦੀ ਤੁਲਨਾ ਕੀਤੀ ਹੈ।

ਦਿਗੰਬਰ ਜੈਨ ਦਾ ਕਹਿਣਾ ਹੈ ਕਿ ਔਰਤ ਸਾਰੀ ਉਮਰ ਭਗਤੀ ਕਰੇ



Scanned with CamScanner

ਤਾਂ ਵੀ ਉਸ ਨੂੰ ਮੁਕਤੀ ਨਹੀਂ ਮਿਲ ਸਕਦੀ ਜਦ ਤੱਕ ਉਹ ਮਰਦ ਜਾਮੇ ਵਿਚ ਨਾ ਆਵੇ।

ਬੁੱਧ ਦੇ ਇਕ ਚੇਲੇ ਨੇ ਪੁੱਛਿਆ ਕਿ ਇਸਤਰੀ ਨਾਲ ਜੇਕਰ ਗੱਲ ਕਰਨੀ ਹੋਵੇ ਤਾਂ ਕਿਵੇਂ ਕਰਨੀ ਚਾਹੀਦੀ ਹੈ ਤਾਂ ਬੁੱਧ ਨੇ ਕਿਹਾ ਕਿ ਗੱਲ ਨਾ ਕਰੋ। ਜੇ ਜ਼ਰੂਰ ਹੀ ਕਰਨੀ ਪਵੇ ਤਾਂ ਏਨਾ ਕੁ ਦੂਰ ਖਲੋ ਜਾਵੇ ਕਿ ਉਸ ਦਾ ਪਰਛਾਵਾਂ ਤੁਹਾਡੇ ਤੇ ਨਾ ਪਵੇ।

'ਮਨੂੰ' ਨੇ ਤਾਂ ਇਥੋਂ ਤੱਕ ਕਿਹਾ ਕਿ ਇਸਤਰੀ ਨੂੰ ਬਚਪਨ ਵਿਚ ਮਾਪੇ, ਜਵਾਨੀ ਵਿਚ ਪਤੀ ਤੇ ਬੁਢਾਪੇ ਵਿਚ ਬੱਚਿਆਂ ਦੇ ਅਧਿਕਾਰ ਹੇਠ ਰਹਿਣਾ ਚਾਹੀਦਾ ਹੈ, ਜਿਸ ਦਾ ਪਤੀ ਮਰ ਜਾਵੇ ਉਸ ਨੂੰ ਨਾਲ ਹੀ ਸਤੀ ਹੋ ਜਾਣਾ ਚਾਹੀਦਾ ਹੈ।

'ਕੀਥ' ਲਿਖਦਾ ਹੈ ਕਿ ਸਭ ਧਰਮਾਂ ਨੇ ਇਸਤਰੀ ਨਾਲ ਧੱਕਾ ਕੀਤਾ, ਪਰ ਜੋ ਧੱਕਾ ਇਸਤਰੀ ਨਾਲ ਬ੍ਰਾਹਮਣਾਂ ਨੇ ਕੀਤਾ ਉਹ ਹੋਰ ਕਿਸੇ ਨੇ ਨਹੀਂ ਕੀਤਾ।

ਗੁਰਮਤਿ ਦਾ ਪੱਖ : ਸਭ ਤੋਂ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸਤਰੀ ਦੇ ਹੱਕ ਵਿਚ ਆਵਾਜ਼ ਉਠਾਉਂਦੇ ਹੋਏ ਕਿਹਾ ਕਿ :

ਸੋ ਕਿਉ ਮੰਦਾ ਆਖੀਅਹਿ ਜਿਤੁ ਜੰਮਹਿ ਰਾਜਾਨ।।

ਸ੍ਰੀ ਗੁਰੂ ਅਮਰ ਦਾਸ ਜੀ ਨੇ ਸਤੀ ਦੀ ਰਸਮ ਵਿਰੁੱਧ ਆਵਾਜ਼ ਉਠਾਈ :

ਸਤੀਆਂ ਇਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨਿ।।
ਨਾਨਕ ਸਤੀਆਂ ਜਾਣੀਅਨਿ ਜੋ ਬਿਰਹਾ ਚੋਟ ਮਰੰਨਿ।।

ਮਾਤਾ ਤ੍ਰਿਪਤਾ ਜੀ ਨੇ ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਜਨਮ ਦਿੱਤਾ। ਬੇਬੇ ਨਾਨਕੀ ਨੇ ਰੱਬ ਜਿਹੇ ਵੀਰ ਨੂੰ ਸਹੀ ਸਮਝਿਆ। ਉਨ੍ਹਾਂ ਨੂੰ ਗ੍ਰਿਹਸਤੀ ਬਣਨ ਵਿਚ ਸਹਾਈ ਹੋ ਕੇ ਨੌਕਰੀ ਤੇ ਲਗਵਾਇਆ। ਬੀਬੀ ਖੀਵੀ ਜੀ (ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸੁਪਤਨੀ) ਨੇ ਸੇਵਾ ਤੇ ਸਿਮਰਨ ਵਿਚ ਇਸਤਰੀ ਜਾਤੀ ਦਾ ਨਾਮ ਰੌਸ਼ਨ ਕੀਤਾ। ਬੀਬੀ ਅਮਰੋ ਜੀ ਦੀ ਪ੍ਰੇਰਨਾ ਸਦਕਾ ਗੁਰੂ ਅਮਰਦਾਸ ਜੀ ਗੁਰੂ ਬਣੇ। ਬੀਬੀ ਭਾਨੀ ਨੂੰ ਗੁਰੂ ਦੀ ਧੀ, ਗੁਰੂ ਦੀ ਸੁਪਤਨੀ ਤੇ ਗੁਰੂ ਦੀ ਮਾਂ ਹੋਣ ਦਾ ਮਾਣ ਪ੍ਰਾਪਤ ਹੈ। ਸ੍ਰੀ ਗੁਰੂ ਅਮਰਦਾਸ ਜੀ ਨੇ ਬੀਬੀ ਭਾਨੀ ਜੀ ਦੇ ਨਾਮ ਤੇ ਤੁੰਗਵਾਲੀ ਪਿੰਡ ਖਰੀਦਿਆ। ਬੀਬੀ ਰਜਨੀ ਜਿਸ ਨੇ ਗੁਰੂ ਦਾ ਹੁਕਮ ਮੰਨ ਕੇ ਕੋਹੜੀ ਪਤੀ ਨੂੰ ਪ੍ਰਵਾਨ ਕੀਤਾ। ਮਾਤਾ ਗੰਗਾ ਜੀ ਨੇ ਮੀਰੀ ਪੀਰੀ ਦੇ ਮਾਲਕ ਨੂੰ ਜਨਮ ਦਿੱਤਾ। ਬੀਬੀ ਨਾਨਕੀ ਜੀ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਵਰਗੇ ਤੇਗ ਦੇ ਧਨੀ ਪੈਦਾ ਕੀਤੇ। ਮਾਤਾ ਜੀ ਦੇ ਸਤਿਕਾਰ ਵਜੋਂ



Scanned with CamScanner

ਹੀ ਗੁਰੂ ਤੇਗ ਬਹਾਦਰ ਨੇ ਮਾਖੋਵਾਲ ਖਰੀਦਿਆ, ਜਿਸ ਦਾ ਨਾਮ ਅੱਜ ਅਨੰਦਪੁਰ ਸਾਹਿਬ ਹੈ। ਮਾਤਾ ਸੁੰਦਰੀ ਜੀ ਨੇ ਸਿੱਖ ਕੌਮ ਦੀ ਅਗਵਾਈ ਕੀਤੀ। ਮਾਤਾ ਸਾਹਿਬ ਕੌਰ ਨੂੰ ਖਾਲਸੇ ਦੀ ਮਾਤਾ ਹੋਣ ਦਾ ਮਾਣ ਪ੍ਰਾਪਤ ਹੋਇਆ। ਮਾਤਾ ਭਾਗ ਕੌਰ ਨੇ 40 ਬੇਦਾਵੀਏ ਸਿੰਘਾਂ ਦੀ ਅਗਵਾਈ ਕਰਕੇ ਖਿਦਰਾਣੇ ਦੀ ਢਾਬ ਜਾ ਕੇ ਮੁਗਲਾਂ ਨਾਲ ਜੰਗ ਲੜੀ ਤੇ ਬੇਦਾਵੀਏ ਸਿੰਘਾਂ ਦੀ ਟੁੱਟੀ ਗੰਢਵਾਈ। ਮਾਈ ਸਦਾ ਕੌਰ, ਬੀਬੀ ਸਾਹਿਬ ਕੌਰ ਮਰਹੱਟਿਆਂ ਨਾਲ ਲੜੀ, ਬੀਬੀ ਸ਼ਰਨ ਕੌਰ ਜਮਰੌਦ ਦੇ ਕਿਲ੍ਹੇ ਵਿਚੋਂ ਸੁਨੇਹਾ ਲੈ ਕੇ ਉਸ ਸਮੇਂ ਦੇ ਬਿਖੜੇ ਪੈਂਡੇ ਝਾਗਦੀ ਹੋਈ ਲਾਹੌਰ ਪੁੱਜੀ।

ਗੁਰਮਤਿ ਨੇ ਇਸਤਰੀ ਨੂੰ ਏਨਾ ਮਹਾਨ ਦਰਜ਼ਾ ਦਿੱਤਾ ਹੈ ਕਿ ਅਜਿਹੀ ਮਿਸਾਲ ਸੰਸਾਰ ਭਰ ਵਿਚ ਨਹੀਂ ਮਿਲਦੀ। ਗੁਰੂ ਸਾਹਿਬਾਨ ਨੇ ਤਾਂ ਪਰਮਾਤਮਾ ਨੂੰ ਪਤੀ ਦਾ ਦਰਜਾ ਦੇ ਕੇ ਅਤੇ ਸਾਰੇ ਸੰਸਾਰ ਦੇ ਜੀਵਾਂ ਨੂੰ ਇਸਤਰੀ ਦਾ ਰੂਪ ਦਰਸਾ ਕੇ ਨਾ ਸਿਰਫ ਇਸਤਰੀ ਦੀ ਜੂਨ ਨੂੰ ਸਨਮਾਨਿਆ ਹੈ ਸਗੋਂ ਪਰਮਾਤਮਾ ਤੇ ਜੀਵ ਦੇ ਰਿਸ਼ਤੇ ਨੂੰ ਸਮਝਣ ਲਈ ਏਨਾ ਸੁਖਾਲਾ ਕਰ ਦਿੱਤਾ ਹੈ ਕਿ ਇਸ ਦੀ ਮਿਸਾਲ ਹਰ ਜੀਵ ਆਪਣੇ ਨਿੱਜੀ ਜੀਵਨ ਵਿਚੋਂ ਸਮਝ ਸਕਦਾ ਹੈ। ਕਿਸੇ ਨੇ ਠੀਕ ਹੀ ਕਿਹਾ ਹੈ ਕਿ ਜੇਕਰ ਕਿਸੇ ਕੌਮ ਨੇ ਤਰੱਕੀ ਦੀਆਂ ਸਿਖਰਾਂ ਤੇ ਪਹੁੰਚਣਾ ਹੋਵੇ, ਉਸ ਕੌਮ ਦੀਆਂ ਖੂਬੀਆਂ ਇਸਤਰੀ ਜਾਤੀ ਵਿਚ ਭਰ ਦਿਉ।

ਸਿੱਖ ਇਤਿਹਾਸ ਇਸ ਦੀ ਜਿਊਂਦੀ ਜਾਗਦੀ ਮਿਸਾਲ ਹੈ। ਅੱਜ ਕੱਲ੍ਹ ਲੋਕਾਂ ਵਿਚ ਜਾਗਰੂਕਤਾ ਦੀ ਘਾਟ ਕਰਕੇ ਭਰੂਣ ਹੱਤਿਆ ਕਰਕੇ ਵੱਡਾ ਪਾਪ ਕੀਤਾ ਜਾ ਰਿਹਾ ਹੈ। ਸਿੱਖ ਸਮਾਜ ਨੂੰ ਅੱਗੇ ਆ ਕੇ ਇਸ ਲਾਹਣਤ ਦੇ ਵਿਰੁੱਧ ਡਟਣ ਦੀ ਲੋੜ ਹੈ। ਪਿੰਡਾਂ ਵਿਚ ਜਾਕੇ ਲੋਕਾਂ ਨੂੰ ਸਮਾਜ ਦੀ ਇਸ ਦੁਰਗਤੀ ਬਾਰੇ ਦੱਸਣਾ ਚਾਹੀਦਾ ਹੈ। ਜੇਕਰ ਭਰੂਣ ਹੱਤਿਆ ਦੀ ਬੀਮਾਰੀ ਨੂੰ ਸਰਕਾਰ ਜਾਂ ਸਿਆਣੇ ਮਨੁੱਖਾਂ ਨੇ ਸਮੇਂ ਸਿਰ ਨਾ ਸੰਭਾਲਿਆ ਤਾਂ ਆਉਂਦੇ ਸਮੇਂ ਵਿਚ ਬਲਾਤਕਾਰੀ ਦੀਆਂ ਘਟਨਾਂਵਾਂ, ਇਸਤਰੀਆਂ ਦੀ ਇੱਜ਼ਤ ਲੁੱਟਣ ਦੀਆਂ ਘਟਨਾਵਾਂ ਨੂੰ ਰੋਕਿਆ ਨਹੀਂ ਜਾ ਸਕੇਗਾ ਕਿਉਂਕਿ ਇਸਤਰੀਆਂ ਦੀ ਦਰ ਪੁਰਸ਼ਾਂ ਦੇ ਨਿਸਬਤ ਇਤਨੀ ਘਟ ਜਾਵੇਗੀ ਕਿ ਸਾਰੇ ਮਰਦ ਵਿਆਹੇ ਹੀ ਨਹੀਂ ਜਾ ਸਕਣਗੇ। ਪਿਛਲੇ ਕਈ ਸਾਲਾਂ ਤੋਂ ਅਖਬਾਰਾਂ ਵਿਚ ਅਜਿਹੀਆਂ ਘਿਨਾਉਣੀਆਂ ਖਬਰਾਂ ਆਮ ਪੜ੍ਹਨ ਨੂੰ ਮਿਲ ਰਹੀਆਂ ਹਨ ਜਿਸ ਕਰਕੇ ਇੱਜ਼ਤ-ਦਾਰ ਵਿਅਕਤੀਆਂ ਦੇ ਸਿਰ ਸ਼ਰਮ ਨਾਲ ਝੁਕ ਜਾਂਦੇ ਹਨ। ਨੌਜਵਾਨ ਪੁਰਸ਼ ਅਤੇ ਵਿਸ਼ੇਸ਼ ਕਰਕੇ ਨੌਜਵਾਨ ਭੈਣਾਂ ਇਸ ਲਾਹਣਤ ਨੂੰ ਖਤਮ ਕਰਨ ਦਾ ਬੀੜਾ ਚੁੱਕ ਲੈਣ ਤਾਂ ਸਮਾਜ ਵਿਚ ਸੰਤੁਲਨ ਕਾਇਮ ਰਹਿ ਸਕਦਾ ਹੈ।



Scanned with CamScanner

## ਸ਼ੁੱਭ ਕਰਮ ਕੀ ਹਨ ?

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪਰਮਾਤਮਾ ਕੋਲੋਂ ਇਹ ਵਰ ਮੰਗਿਆ ਹੈ "ਸ਼ੁਭ ਕਰਮਨ ਤੇ ਕਬਹੂੰ ਨ ਟਰੋਂ।।" ਇਹ ਸ਼ੁੱਭ ਕਰਮ ਕੀ ਹਨ, ਬਾਰੇ ਜ਼ਿਕਰ ਹੇਠ ਲਿਖੇ ਅਨੁਸਾਰ ਕੀਤਾ ਜਾ ਰਿਹਾ ਹੈ।

ਗੁਰਬਾਣੀ ਦੇ ਅਧਿਐਨ ਤੋਂ ਪਤਾ ਲੱਗ ਦਾ ਹੈ ਕਿ ਸਭ ਤੋਂ ਉੱਤਮ ਤੇ ਸਭ ਤੋਂ ਨਿਰਮਲ ਕਰਮ, ਨਾਮ ਸਿਮਰਨ ਹੈ ਭਾਵ ਹਰੀ ਦੇ ਨਾਮ ਦਾ ਜਾਪ ਕਰਨਾ ਹੈ। ਗੁਰਮਤਿ ਅਨੁਸਾਰ ਜੀਵਨ ਦਾ ਮਨੋਰਥ ਇਹੋ ਹੀ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੁਖਮਨੀ ਸਾਹਿਬ ਵਿਚ ਫੁਰਮਾਇਆ ਹੈ :

ਸਗਲ ਉਦਮ ਮਹਿ ਉਦਮੁ ਭਲਾ।।
ਹਰਿ ਕਾ ਨਾਮੁ ਜਪਹੁ ਜੀਅ ਸਦਾ ।। (ਅੰਗ : ੨੬੬)

ਅਸਲ ਵਿਚ ਸਾਰੇ ਸ਼ੁੱਭ ਕਰਮਾਂ ਦਾ ਮੂਲ ਸਰੋਤ ਨਾਮ ਸਿਮਰਨ ਹੀ ਹੈ। ਇਸੇ ਵਿਚੋਂ ਸਾਰੇ ਸ਼ੁੱਭ ਕਰਮ ਆਪਣੇ ਆਪ ਫੁੱਟਦੇ ਹਨ। ਨਾਮ ਸਿਮਰਨ ਦਾ ਭਾਵ ਹੈ ਪਰਮਾਤਮਾ ਦੀ ਸਿਫ਼ਤ ਸਲਾਹ ਨੂੰ ਹਿਰਦੇ ਵਿਚ ਵਸਾ ਕੇ ਇਨ੍ਹਾਂ ਸਿਫ਼ਤਾਂ ਨੂੰ ਜ਼ਿੰਦਗੀ ਵਿਚ ਅਪਨਾਉਣਾ, ਤਾਂ ਕਿ ਮਨੁੱਖੀ ਆਤਮਾ, ਪਰਮਾਤਮਾ ਦੇ ਰੰਗ ਵਿਚ ਰੰਗੀ ਤੇ ਰੱਤੀ ਜਾਵੇ ਭਾਵ ਪਰਮਾਤਮਾ ਵਰਗੀ ਹੋ ਜਾਵੇ।

ਪਰਮਾਤਮਾ ਦੀਆਂ ਮਨ ਵਿਚ ਵਸਾਉਣ ਵਾਲੀਆਂ ਸਿਫ਼ਤਾਂ ਵਿਚੋਂ ਸਭ ਤੋਂ ਪਹਿਲੀ ਹੈ, ਉਸ ਨੂੰ ਪਰਮ ਸੱਚ (Absolute Truth) ਮੰਨਣਾ। ਇਸ ਨੂੰ ਜੀਵਨ ਵਿਚ ਢਾਲਣ ਲਈ ਨਾ ਕੇਵਲ ਹਮੇਸ਼ਾ ਸੱਚ ਬੋਲਣਾ ਹੀ ਜ਼ਰੂਰੀ ਹੈ, ਸਗੋਂ ਜੀਵਨ ਦੇ ਹਰ ਪਹਿਲੂ ਵਿਚ ਸੱਚ ਦਾ ਵਰਤਾਰਾ ਲਿਆਉਣਾ ਜ਼ਰੂਰੀ ਹੈ। ਗੁਰੂ ਸਾਹਿਬ ਨੇ ਸੱਚ ਆਚਾਰ ਨੂੰ ਇੰਨੀ ਮਹਾਨਤਾ ਦਿੱਤੀ ਹੈ ਕਿ ਉਹ ਕਹਿੰਦੇ ਹਨ :-

ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ।। (ਅੰਗ : ੬੨)

ਸ਼ੁੱਧਤਾ, ਈਮਾਨਦਾਰੀ, ਹਰ ਕੰਮ ਪੂਰੀ ਲਗਨ ਤੇ ਮਿਹਨਤ ਨਾਲ ਕਰਨਾ, ਦਸਾਂ ਨਹੁੰਆਂ ਦੀ ਕਿਰਤ ਕਮਾਈ ਕਰਨੀ, ਕਿਸੇ ਨਾਲ ਧੋਖਾ ਨਾ ਕਰਨਾ, ਠੱਗੀ ਨਾ ਮਾਰਨੀ, ਕਿਸੇ ਤਰ੍ਹਾਂ ਦਾ ਪਾਖੰਡ ਨਾ ਕਰਨਾ, ਕਿਸੇ ਦੇ ਧਨ ਜਾਂ ਵਡਿਆਈ ਉੱਤੇ ਈਰਖਾ ਨਾ ਕਰਨੀ, ਚੋਰੀ ਤੇ ਸੀਨਾ ਜ਼ੋਰੀ ਨਾ ਕਰਨਾ, ਇਮਤਿਹਾਨਾਂ ਵਿਚ ਨਕਲ ਨਾ ਮਾਰਨੀ, ਹਮੇਸ਼ਾ ਸਪੱਸ਼ਟ ਰਹਿਣਾ ਤੇ ਹਰੇਕ ਦਾ ਹੱਕ ਪਛਾਣਨਾ ਆਦਿ ਗੁਣ ਸੱਚ ਆਚਾਰ ਦਾ ਅੰਗ ਹਨ। ਕਿਸੇ ਕੋਲੋਂ ਨਾ



Scanned with CamScanner

ਡਰਨਾ, ਕਿਸੇ ਦੀ ਗੁਲਾਮੀ ਨਾ ਕਰਨਾ ਤੇ ਕਿਸੇ ਦੁਨਿਆਵੀ ਤਾਕਤ ਜਾਂ ਦੇਹਧਾਰੀ ਗੁਰੂ ਨੂੰ ਪ੍ਰਵਾਨ ਨਾ ਕਰਨਾ ਵੀ ਸੱਚ ਆਚਾਰ ਵਿਚ ਆਉਂਦੇ ਹਨ। ਇਹ ਗੁਣ ਸ਼ੁੱਭ ਕਰਮਨ ਦੀ ਨੀਂਹ ਹਨ।

ਇਸੇ ਤਰ੍ਹਾਂ ਮਿੱਠਤ ਤੇ ਨਿਮਰਤਾ ਸਾਰੇ ਗੁਣਾਂ ਤੇ ਚੰਗਿਆਈਆਂ ਦਾ ਤੱਤ ਹੈ। ਇਹ ਵਤੀਰਾ ਜਿਥੇ ਮਨੁੱਖ ਨੂੰ ਨਿੰਦਿਆ, ਵੈਰ-ਵਿਰੋਧ, ਈਰਖਾ, ਨਫ਼ਰਤ ਤੇ ਗੁੱਸੇ ਤੋਂ ਬਚਾਉਂਦਾ ਹੈ, ਜੋ ਸਭ ਤੋਂ ਮਾੜੇ ਅਉਗੁਣ ਮੰਨੇ ਜਾਂਦੇ ਹਨ, ਉਥੇ ਸਾਡੇ ਅੰਦਰ ਪਿਆਰ, ਸੇਵਾ ਤੇ ਪਰਉਪਕਾਰ ਦੀ ਭਾਵਨਾ ਪੈਦਾ ਕਰਦੇ ਹਨ।

ਦਇਆ ਇਕ ਐਸੀ ਤਾਕਤ ਹੈ ਜੋ ਮਨੁੱਖ ਨੂੰ ਇਕ ਪਾਸੇ ਰੱਬ ਨਾਲ ਜੋੜਦੀ ਹੈ, ਦੂਸਰੇ ਪਾਸੇ ਦੁਨੀਆਂ ਨਾਲ। ਮੀਰੀ ਤੇ ਪੀਰੀ ਦੇ ਸਿਧਾਂਤ ਵਿਚ ਪੀਰੀ ਦੀ ਸ਼ਕਤੀ ਦਇਆ ਹੀ ਹੈ। ਕ੍ਰਿਪਾਨ ਵਿਚ ਵੀ ਕ੍ਰਿਪਾ ਪਹਿਲਾਂ ਆਉਂਦੀ ਹੈ ਤੇ ਆਨ ਪਿਛੋਂ।

ਇਹ ਕੇਵਲ ਕੁਝ ਕੁ ਸ਼ੁੱਭ ਗੁਣਾਂ ਦਾ ਜ਼ਿਕਰ ਕੀਤਾ ਗਿਆ ਹੈ। ਗੁਰਬਾਣੀ ਦਾ ਅਧਿਐਨ ਕਰਨ ਨਾਲ ਅਜਿਹੇ ਕਿਤਨੇ ਹੀ ਹੋਰ ਗੁਣ ਸਾਹਮਣੇ ਆਉਂਦੇ ਹਨ ਜਿਹੜੇ ਮਨੁੱਖ ਦਾ ਮਨੁੱਖ ਨਾਲ ਪਰਸਪਰ ਪਿਆਰ ਵਧਾ ਕੇ ਇੱਕ ਅਜਿਹਾ ਭਾਈਚਾਰਾ ਸਥਾਪਤ ਕਰਨ ਦੇ ਸਮਰੱਥ ਹਨ ਕਿ ਇੱਥੇ ਕਿਸੇ ਪ੍ਰਕਾਰ ਦਾ ਦਵੈਸ਼, ਕਲ੍ਹ-ਕਲੇਸ਼, ਲੜਾਈ-ਝਗੜੇ ਅਤੇ ਖ਼ੂਨ-ਖਰਾਬੇ ਹੋਣੋਂ ਬਚ ਸਕਦੇ ਹਨ ਅਤੇ ਇੱਕ ਖੁਸ਼ਹਾਲ ਸਮਾਜ ਸਿਰਜਿਆ ਜਾ ਸਕਦਾ ਹੈ।

## ਪੰਜ ਵਿਸ਼ੇ ਵਿਕਾਰ

ਪੰਜ ਵਿਸ਼ੇ ਵਿਕਾਰ ਇਹ ਹਨ-ਕਾਮ, ਕ੍ਰੋਧ, ਲੋਭ, ਮੋਹ, ਹੰਕਾਰ। ਇਹ ਦਰਅਸਲ ਪੰਜ ਜਜ਼ਬੇ ਹਨ, ਜਿਨ੍ਹਾਂ ਤੇ ਜੇਕਰ ਮਨੁੱਖ ਕਾਬੂ ਨਾ ਰੱਖ ਸਕੇ ਤਾਂ ਇਹ ਵਿਕਾਰ ਦਾ ਰੂਪ ਧਾਰਨ ਕਰ ਜਾਂਦੇ ਹਨ। ਇਨ੍ਹਾਂ ਨੂੰ ਵਿਸ਼ੇ ਵਿਕਾਰ ਇਸ ਲਈ ਕਿਹਾ ਗਿਆ ਹੈ ਕਿ ਇਹ ਬਹੁਤ ਤੇਜ਼ ਹਨ-ਅਰਥਾਤ ਇਹ ਮਨ ਵਿਚ ਚਿਤਵਨ ਨਾਲ ਹੀ ਵਿਸ਼ (ਜ਼ਹਿਰ) ਦੀ ਤਰ੍ਹਾਂ ਅਸਰ ਕਰਦੇ ਹਨ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਨ੍ਹਾਂ ਬਾਰੇ ਫ਼ੁਰਮਾਇਆ ਹੈ ਕਿ ਜੀਵ ਇਕ ਹੈ। ਇਸ ਨੂੰ ਲੁੱਟਣ ਵਾਲੇ ਪੰਜ ਕਾਮ, ਕ੍ਰੋਧ ਆਦਿ ਹਨ ਜਿਹੜੇ ਕਿ ਜੀਵਨ ਦੀ ਰਾਸ ਪੂੰਜੀ ਨੂੰ ਲੁੱਟ ਲੈਂਦੇ ਹਨ। ਜਿਵੇਂ :

**ਅਵਰਿ ਪੰਚ ਹਮ ਏਕ ਜਨਾ ਕਿਉ ਰਾਖਉ ਘਰ ਬਾਰੁ ਮਨਾ॥**



Scanned with CamScanner

ਮਾਰਹਿ ਲੂਟਹਿ ਨੀਤ ਨੀਤ ਕਿਸੁ ਆਗੈ ਕਰੀ ਪੁਕਾਰ ਜਨਾ।।

(ਅੰਗ : ੧੫੫)

(1) ਕਾਮ : ਕਾਮ ਦੇ ਅਰਥ ਹਨ ਲਿੰਗ ਵਾਸਨਾ, ਭੋਗ ਵਿਲਾਸ ਦੀ ਵਧੀ ਕੋਈ ਕਾਮਨਾ। ਇਹ ਅਜਿਹਾ ਜਜ਼ਬਾ ਹੈ ਜੋ ਸ੍ਰਿਸ਼ਟੀ ਦੇ ਹਰੇਕ ਜੀਵ ਵਿਚ ਮੌਜੂਦ ਹੈ। ਹਿੰਦੁਸਤਾਨ ਦੇ ਬਹੁਤ ਸਾਰੇ ਰਿਸ਼ੀਆਂ-ਮੁਨੀਆਂ ਨੇ ਇਸ ਨੂੰ ਮਾਰਨ ਦਾ ਯਤਨ ਕੀਤਾ ਪਰ ਉਹ ਸਫਲ ਨਹੀਂ ਹੋ ਸਕੇ। ਸਿੱਖ ਧਰਮ ਇਹਨਾਂ ਜਜ਼ਬਿਆਂ ਨੂੰ ਪੂਰੀ ਤਰ੍ਹਾਂ ਖ਼ਤਮ ਕਰਨ ਲਈ ਨਹੀਂ ਕਹਿੰਦਾ, ਸਗੋਂ ਇਨ੍ਹਾਂ ਨੂੰ ਕਾਬੂ ਰੱਖਣ ਦਾ ਆਦੇਸ਼ ਦਿੰਦਾ ਹੈ। ਗੁਰਮਤਿ ਵਿਚ ਸਿੱਖ ਦੇ ਸੰਜਮੀ ਗ੍ਰਿਹਸਤੀ ਹੋਣ ਅਤੇ 'ਏਕਾ ਨਾਰੀ ਜਤੀ ਹੋਇ' ਦਾ ਆਦਰਸ਼ ਪੇਸ਼ ਕੀਤਾ ਹੈ। ਭਾਵ ਗ੍ਰਿਹਸਤ ਦਾ ਉਦੇਸ਼ ਸੰਜਮੀ ਜੀਵਨ ਹੈ ਨਾ ਕਿ ਭੋਗ-ਬਿਲਾਸ।

ਕਾਮ ਦੀ ਕੀਤੀ ਗਈ ਸਹੀ ਵਰਤੋਂ ਸੰਤਾਨ ਉਤਪਤੀ ਲਈ ਹੈ। ਪਰ ਹਦੋਂ ਵੱਧ ਕੀਤੀ ਹੋਈ ਵਰਤੋਂ ਸਰੀਰ ਤੇ ਬੁੱਧੀ ਨੂੰ ਨਸ਼ਟ ਕਰ ਦੇਂਦੀ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਦਾ ਫ਼ੁਰਮਾਨ ਹੈ ਕਿ ਪਰਾਏ ਧਨ, ਪਰਾਈ ਇਸਤਰੀ ਤੇ ਪਰਾਈ ਨਿੰਦਾ ਦਾ ਤਿਆਗ ਕਰਕੇ ਪ੍ਰਭੂ ਭਗਤੀ ਵਿਚ ਲੀਨ ਹੋਣਾ ਚਾਹੀਦਾ ਹੈ। ਜਿਵੇਂ :-

ਪਰ ਧਨ ਪਰ ਦਾਰਾ ਪਰ ਨਿੰਦਾ ਇਨ ਸਿਉ ਪ੍ਰੀਤਿ ਨਿਵਾਰਿ।।
ਚਰਨ ਕਮਲ ਸੇਵੀ ਰਿਦ ਅੰਤਰਿ ਗੁਰ ਪੂਰੇ ਕੈ ਆਧਾਰਿ।।

(ਅੰਗ : ੩੭੯)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਖਾਲਸੇ ਦੀ ਸਿਰਜਨਾ ਸਮੇਂ ਇਸ ਬੁਰਿਆਈ ਨੂੰ ਚਾਰ ਬੱਜਰ ਕੁਰਹਿਤਾਂ ਵਿਚ ਸ਼ਾਮਲ ਕਰ ਦਿੱਤਾ। ਸੋ ਸਿੱਖ ਧਰਮ ਵਿਚ ਕਾਮ ਦੇ ਜਜ਼ਬੇ ਨੂੰ ਕਾਬੂ ਕਰਨ ਅਤੇ ਉੱਚਾ ਆਚਰਣ ਬਣਾਉਣ ਲਈ ਗੁਰਬਾਣੀ ਤੇ ਰਹਿਤ-ਮਰਿਆਦਾ ਵਿਚ ਪੂਰਾ ਜ਼ੋਰ ਦਿੱਤਾ ਗਿਆ ਹੈ।

(2) ਕ੍ਰੋਧ : ਕ੍ਰੋਧ ਅੱਗ ਵਾਂਗ ਤੇਜ਼ ਤੇ ਕੌੜਾ ਜਜ਼ਬਾ ਹੈ। ਇਹ ਮਨੁੱਖ ਦੀ ਸੁੱਧ-ਬੁੱਧ ਕਾਇਮ ਨਹੀਂ ਰਹਿਣ ਦੇਂਦਾ। ਗੁਰਬਾਣੀ ਵਿਚ ਇਸ ਨੂੰ 'ਅਗਨਿ-ਕ੍ਰੋਧ-ਚੰਡਾਲ' ਕਿਹਾ ਗਿਆ ਹੈ। ਜਿਵੇਂ ਅਗਨੀ ਸਭ ਚੀਜ਼ਾਂ ਨੂੰ ਨਸ਼ਟ ਕਰ ਦੇਂਦੀ ਹੈ, ਉਸੇ ਤਰ੍ਹਾਂ ਕ੍ਰੋਧ ਮਨੁੱਖ ਦੇ ਸ਼ੁੱਭ ਗੁਣਾਂ ਨੂੰ ਨਸ਼ਟ ਕਰ ਦੇਂਦਾ ਹੈ।

ਕ੍ਰੋਧ ਅਕਲ ਨੂੰ ਪੁੱਠੇ ਪਾਸੇ ਪਾ ਦੇਂਦਾ ਹੈ। ਕ੍ਰੋਧੀ ਆਦਮੀ ਅੱਖਾਂ ਹੁੰਦੇ ਹੋਇਆਂ ਵੀ ਅੰਨ੍ਹਾ, ਕੰਨ ਹੁੰਦੇ ਹੋਇਆਂ ਬੋਲਾ ਅਤੇ ਹੋਸ਼ ਰੱਖਦਾ ਹੋਇਆ ਬੇਹੋਸ਼ ਹੁੰਦਾ ਹੈ, ਜਿਸ ਕਾਰਨ ਬਾਅਦ ਵਿਚ ਬੰਦੇ ਨੂੰ ਅਫਸੋਸ ਹੁੰਦਾ ਹੈ ਅਤੇ ਮਨੁੱਖ



Scanned with CamScanner

ਦੋਸ਼ੀ-ਭਾਵ ਮਹਿਸੂਸ ਕਰਕੇ ਬਲਹੀਣ ਹੋ ਜਾਂਦਾ ਹੈ।

ਜਿਥੇ ਕ੍ਰੋਧ ਹੈ ਉਥੇ ਉਸਦੀ ਸਾਥਣ 'ਹਿੰਸਾ' ਵੀ ਪ੍ਰਚੰਡ ਅਗਨੀ ਹੈ, ਜਿਹੜੀ ਕਿ ਸਦਾ ਹੀ ਉਸ ਦੇ ਨਾਲ ਰਹਿੰਦੀ ਹੈ। ਗੁਸੈਲ ਆਦਮੀ ਦੀ ਗੱਲਬਾਤ ਕੁਰੱਖਤ ਹੁੰਦੀ ਹੈ। ਸੋ ਕ੍ਰੋਧੀ ਪਾਸ ਅਸ਼ਾਂਤੀ, ਘੁਮੰਡ, ਖੁਦਗਰਜ਼ੀ, ਸ਼ਿਕਵੇ ਸ਼ਿਕਾਇਤਾਂ ਦੀ ਭਰਮਾਰ ਹੁੰਦੀ ਹੈ। ਜਿਵੇਂ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ :

ਮਾਥੇ ਤ੍ਰਿਕੁਟੀ ਦ੍ਰਿਸਟਿ ਕਰੂਰਿ।।

ਬੋਲੈ ਕਉੜਾ ਜਿਹਬਾ ਕੀ ਫੂੜਿ।।(ਅੰਗ : ੨੭੪)

ਕ੍ਰੋਧੀ ਕੋਲ ਹਮੇਸ਼ਾਂ ਕੁਰੱਖਤ ਬੋਲ ਹੀ ਹੁੰਦੇ ਹਨ, ਜਿਸ ਨੂੰ ਕਿ ਕੋਈ ਵੀ ਪਸੰਦ ਨਹੀਂ ਕਰਦਾ। ਇਕ ਮੁਸਕਰਾਹਟ ਨਾਲ ਦੁਨੀਆਂ ਜਿੱਤੀ ਜਾ ਸਕਦੀ ਹੈ। ਸਿੱਖੀ ਨੇ ਕ੍ਰੋਧ ਨੂੰ ਸੂਰਬੀਰਤਾ ਵਿਚ ਬਦਲਿਆ ਹੈ। ਇਸ ਨੂੰ ਸਵੈ-ਰੱਖਿਆ, ਦੀਨਾਂ ਅਤੇ ਗਰੀਬਾਂ ਦੀ ਰੱਖਿਆ ਲਈ ਬੀਰ-ਰਸ ਵਿਚ ਢਾਲ ਕੇ ਵਰਤਿਆ ਹੈ।

(3) ਲੋਭ : ਅਪ੍ਰਾਪਤ ਵਸਤੂ ਜੋ ਦੂਸਰੇ ਕੋਲ ਹੋਵੇ, ਦੀ ਪ੍ਰਾਪਤੀ ਲਈ ਇੱਛਾ ਕਰਨੀ ਲੋਭ ਅਖਵਾਉਂਦਾ ਹੈ। ਸੰਤੋਖ ਨਾ ਹੋਣ ਕਰਕੇ ਦੂਸਰੇ ਦੇ ਧਨ ਪਦਾਰਥ ਅਤੇ ਹੋਰ ਚੀਜ਼ਾਂ ਨੂੰ ਆਯੋਗ ਢੰਗ ਨਾਲ ਪ੍ਰਾਪਤ ਕਰਨ ਦੀ ਵਧੀ ਹੋਈ ਲਾਲਸਾ ਲੋਭ ਹੈ। ਗੁਰਬਾਣੀ ਵਿਚ ਕਿਹਾ ਗਿਆ ਹੈ ਕਿ

ਲੋਭੀ ਕਾ ਵੇਸਾਹੁ ਨ ਕੀਜੈ ਜੇ ਕਾ ਪਾਰਿ ਵਸਾਇ।।

(ਅੰਗ : ੧੪੧੭)

ਲੋਭ ਅਤੇ ਤ੍ਰਿਸ਼ਨਾ ਇਕ ਭਿਅੰਕਰ ਮਾਨਸਿਕ ਰੋਗ ਹੈ, ਜਿਸ ਨਾਲ ਮਨੁੱਖ ਸਦਾ ਪੀੜਤ ਰਹਿੰਦਾ ਹੈ। ਭੱਖ ਅਭੱਖ ਤੋਂ ਨਾਵਾਕਿਫ਼ ਰਹਿੰਦਾ ਹੈ।

ਲੋਭੀ ਜੰਤੁ ਨ ਜਾਣਈ ਭਖੁ ਅਭਖੁ ਸਭ ਖਾਇ।।(ਅੰਗ : ੫੦)

ਦੁਨੀਆਂ ਵਿਚਲੇ ਪਦਾਰਥ ਅਕਾਲ ਪੁਰਖ ਨੇ ਜੀਵਨ ਦੇ ਵਰਤਣ ਲਈ ਅਤੇ ਲੋੜਾਂ ਪੂਰੀਆਂ ਕਰਨ ਲਈ ਹੀ ਸਾਨੂੰ ਦਿੱਤੇ ਹਨ ਪਰ ਜਦੋਂ ਮਨੁੱਖ ਇਨ੍ਹਾਂ ਦੇ ਪਿੱਛੇ ਭਟਕਦਾ ਹੈ ਤਾਂ ਇਹ ਪਦਾਰਥ ਮਨੁੱਖ ਦੇ ਮਨ ਵਿਚ ਘਰ ਬਣਾ ਕੇ ਤ੍ਰਿਸ਼ਨਾ ਨੂੰ ਜਨਮ ਦੇਂਦੇ ਹਨ।

ਰੋਟੀ, ਕੱਪੜਾ ਅਤੇ ਮਕਾਨ ਮਨੁੱਖ ਦੇ ਜੀਵਨ ਦੀਆਂ ਮੁੱਢਲੀਆਂ ਲੋੜਾਂ ਹਨ। ਜੀਵਨ ਦੇ ਨਿਰਬਾਹ ਲਈ ਚੰਗੀ ਤੇ ਸੁਚੱਜੀ ਖੁਰਾਕ ਮਨੁੱਖ ਦੀ ਲੋੜ ਹੈ।



Scanned with CamScanner

ਜੋ ਮਨੁੱਖ ਨੂੰ ਜਾਇਜ਼ ਵਸੀਲੇ ਵਰਤ ਕੇ ਅਜਿਹੀ ਖੁਰਾਕ ਦੀ ਪ੍ਰਾਪਤੀ ਕਰਨੀ ਚਾਹੀਦੀ ਹੈ। ਪ੍ਰੰਤੂ ਲੋਭ ਵਸ ਅੱਗੇ ਵਧ ਕੇ ਛੱਤੀ ਪ੍ਰਕਾਰ ਦੇ ਸੁਆਦਲੇ ਖਾਣੇ ਦੀ ਬਿਰਤੀ ਬਣਾ ਕੇ ਉਨ੍ਹਾਂ ਪਿਛੇ ਭਟਕਣਾ, ਲੋਭੀ ਬਿਰਤੀ ਨੂੰ ਹੀ ਪ੍ਰਗਟ ਕਰਦਾ ਹੈ। ਇਸੇ ਲੋੜ ਅਨੁਸਾਰ ਤਨ ਦਾ ਨੰਗੇਜ਼ ਢੱਕਣ ਲਈ ਕੱਪੜਾ ਤੇ ਸਿਰ ਛੁਪਾਉਣ ਲਈ ਮਕਾਨ ਚਾਹੀਦਾ ਹੈ। ਸੋ ਧਰਮ ਦੀ ਕਿਰਤ ਕਰਕੇ ਦਸਾਂ ਨਹੁੰਆਂ ਦੀ ਕਮਾਈ ਨਾਲ ਮਨੁੱਖ ਲੋੜਾਂ ਤਾਂ ਪੂਰੀਆਂ ਕਰ ਸਕਦਾ ਹੈ ਪਰ ਧਨ ਦੇ ਅੰਬਾਰ ਨਹੀਂ ਲਗਾ ਸਕਦਾ। ਸ੍ਰੀ ਗੁਰੂ ਨਾਨਕ ਸਾਹਿਬ ਜੀ ਦਾ ਫੁਰਮਾਨ ਹੈ :

ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ।।

(ਅੰਗ : ੪੧੭)

(4) ਮੋਹ : ਕਿਸੇ ਵਸਤੂ ਨਾਲ ਹੱਦੋਂ ਵੱਧ ਮਨ ਦੀ ਪਕੜ ਜਾਂ ਲਗਾਓ ਹੋਣਾ ਹੀ ਮੋਹ ਹੈ। ਆਪਣੇ ਫਰਜ਼ ਦੇ ਪਾਲਣ ਲਈ ਕਿਸੇ ਨਾਲ ਸਨੇਹ ਜਾਂ ਪ੍ਰੇਮ ਕਰਨਾ ਮੋਹ ਨਹੀਂ। ਦਰਅਸਲ ਜਗਤ ਦੇ ਪਦਾਰਥਾਂ ਵਿਚ ਮਨ ਨੂੰ ਖਚਿਤ ਕਰਕੇ ਉਨ੍ਹਾਂ ਵਿਚ ਮਗਨ ਹੋ ਜਾਣ ਦਾ ਨਾਂ ਮੋਹ ਹੈ।

ਏਹ ਮਾਇਆ ਜਿਤੁ ਹਰਿ ਵਿਸਰੈ
ਮੋਹੁ ਉਪਜੈ ਭਾਉ ਦੂਜਾ ਲਾਇਆ।। (ਅੰਗ : ੯੨੧)

ਗੁਰਬਾਣੀ ਵਿਚ ਮੋਹ ਨੂੰ ਖੂਹ, ਚਿੱਕੜ, ਜਾਲ, ਫਾਹੀ ਦੀ ਰੱਸੀ, ਮਹਾਨ ਸਾਗਰ ਅਤੇ ਨੀਂਦਰ ਨਾਲ ਉਦਾਹਰਣ ਦਿੱਤੀ ਹੈ।

(5) ਹੰਕਾਰ : ਜੀਵ ਰੂਪੀ ਇਸਤਰੀ ਅਤੇ ਅਕਾਲ ਪੁਰਖ ਪਤੀ ਦੇ ਦਰਮਿਆਨ ਹਉਮੈ ਦੀ ਕੰਧ ਹੈ। ਸਾਡੇ ਤੇ ਪਰਮਾਤਮਾ ਦੇ ਵਿਚਕਾਰ ਹਉਮੈ ਦਾ ਪਰਦਾ ਹੀ ਸਾਡੇ ਦੁੱਖਾਂ ਦਾ ਕਾਰਨ ਹੈ। ਇਨਸਾਨ ਦਾ ਆਪਣੀ ਹਸਤੀ ਨੂੰ ਪਰਮਾਤਮਾ ਤੋਂ ਵੱਖਰਾ ਮੰਨਣਾ ਹੀ ਹਉਮੈ ਹੈ। ਹਉਮੈ ਦਾ ਸ਼ਿਕਾਰ ਹੋਇਆ ਜੀਵ ਹਰ ਸਮੇਂ ਇਹੀ ਸੋਚਦਾ ਰਹਿੰਦਾ ਹੈ ਕਿ ਮੈਂ ਇੰਨੀ ਜਾਇਦਾਦ ਦਾ ਮਾਲਕ, ਮੈਂ ਇੰਨਾ ਵੱਡਾ ਗਿਆਨੀ, ਫਲਾਣੇ ਨੇ ਮੈਨੂੰ ਸਲਾਮ ਨਹੀਂ ਕੀਤੀ, ਉਸ ਨੇ ਮੇਰੀ ਗੱਲ ਕਿਉਂ ਨਹੀਂ ਮੰਨੀ, ਉਸ ਨੇ ਮੇਰਾ ਸਤਿਕਾਰ ਕਿਉਂ ਨਹੀਂ ਕੀਤਾ, ਇਸ ਤਰ੍ਹਾਂ ਆਪਣੇ ਆਪ ਨੂੰ ਵੱਡਾ ਅਖਵਾਉਣ ਦਾ ਚਾਹਵਾਨ ਮਨੁੱਖ, ਆਪਣੀ ਵਡਿਆਈ ਵਿਚ ਹੀ ਖੱਪ ਜਾਂਦਾ ਹੈ। ਗੁਰਬਾਣੀ ਵਿਚ ਹਉਮੈ ਨੂੰ ਦੀਰਘ ਰੋਗ ਕਿਹਾ ਗਿਆ ਹੈ।



Scanned with CamScanner

ਹਉਮੈ ਤੇ ਨਾਮ ਦੋਵੇਂ ਇਕ ਥਾਂ ਨਹੀਂ ਟਿਕ ਸਕਦੇ ਅਤੇ ਹਉਮੈ ਵਿਚ ਸੇਵਾ ਵੀ ਨਹੀਂ ਹੋ ਸਕਦੀ।

ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ॥
(ਅੰਗ : ੫੬੦)

ਜਦੋਂ ਜੀਵ ਗੁਰੂ ਦੀ ਸ਼ਰਨ ਵਿਚ ਜਾਂਦਾ ਹੈ ਤਾਂ ਉਸ ਦੀ ਬਿਰਤੀ ਅੰਤਰਮੁਖੀ ਹੋ ਜਾਂਦੀ ਹੈ। ਹਉਮੈ ਨਾਲ ਫੁੱਲ ਕੇ ਹਾਥੀ ਬਣਿਆ ਮਨ, ਸਭ ਦੇ ਚਰਨਾਂ ਦੀ ਧੂੜ ਬਣ ਜਾਂਦਾ ਹੈ। ਜੇ ਕੋਈ ਮਨੁੱਖ ਹੁਕਮ ਨੂੰ ਸਮਝ ਲਵੇ, ਬੁੱਝ ਲਏ ਤਾਂ ਉਸ ਨੂੰ ਹਉਮੈ ਨਹੀਂ ਆਵੇਗੀ।

Scanned with CamScanner

ਭਾਗ ਹ

# ਆਮ ਜਾਣਕਾਰੀ

Scanned with CamScanner

Scanned with CamScanner

## ਕੁਝ ਚੋਣਵੀਆਂ ਪੁਸਤਕਾਂ ਅਤੇ ਲੇਖਕ

| | | |
|---|---|---|
| 1. | ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (10 ਭਾਗ) | ਪ੍ਰੋ: ਸਾਹਿਬ ਸਿੰਘ |
| 2. | ਬੁਰਾਈ ਦਾ ਟਾਕਰਾ | ਪ੍ਰੋ: ਸਾਹਿਬ ਸਿੰਘ |
| 3. | ਬਾਬਾਣੀਆਂ ਕਹਾਣੀਆਂ | ਪ੍ਰੋ: ਸਾਹਿਬ ਸਿੰਘ |
| 4. | ਜੇਲ੍ਹ ਚਿੱਠੀਆਂ | ਭਾਈ ਰਣਧੀਰ ਸਿੰਘ |
| 5. | ਗੁਰਮਤਿ ਮਾਰਤੰਡ (ਦੋ ਭਾਗ) | ਭਾਈ ਕਾਹਨ ਸਿੰਘ ਨਾਭਾ |
| 6. | ਗੁਰੂ ਗ੍ਰੰਥ ਰਤਨਾਵਲੀ | ਡਾ: ਤਾਰਨ ਸਿੰਘ |
| 7. | ਸੌ ਸਵਾਲ | ਪ੍ਰਿੰ: ਸਤਿਬੀਰ ਸਿੰਘ |
| 8. | ਸਾਡਾ ਇਤਿਹਾਸ (ਦੋ ਭਾਗ) | ਪ੍ਰਿੰ: ਸਤਿਬੀਰ ਸਿੰਘ |
| 9. | ਕਥਾ ਪੁਰਾਤਨ ਇਉਂ ਸੁਣੀ | ਪ੍ਰਿੰ: ਸਤਿਬੀਰ ਸਿੰਘ |
| 10. | ਸਿੱਖ ਇਤਿਹਾਸ | ਤੇਜਾ ਸਿੰਘ ਅਤੇ ਡਾ: ਗੰਡਾ ਸਿੰਘ |
| 11. | ਗੁਰਬਾਣੀ ਚਿੰਤਨ | ਡਾ: ਦਲੀਪ ਸਿੰਘ ਦੀਪ |
| 12. | ਸਿੱਖ ਵਿਚਾਰਧਾਰਾ | ਪ੍ਰੀਤਮ ਸਿੰਘ |
| 13. | ਅਮਰ ਖਾਲਸਾ | ਕਰਮ ਸਿੰਘ ਹਿਸਟੋਰੀਅਨ |
| 14. | ਵਾਰਾਂ ਭਾਈ ਗੁਰਦਾਸ ਸਟੀਕ | ਭਾਈ ਵੀਰ ਸਿੰਘ ਜੀ |
| 15. | ਸੁੰਦਰੀ (ਨਾਵਲ) | ਭਾਈ ਵੀਰ ਸਿੰਘ ਜੀ |
| 16. | ਸਰਵੋਤਮ ਗ੍ਰੰਥ : ਗੁਰੂ ਗ੍ਰੰਥ ਸਾਹਿਬ | ਸੁਆਮੀ ਰਾਮ ਤੀਰਥ ਦੰਡੀ ਸੰਨਿਆਸੀ |
| 17. | ਗੁਰਸਿੱਖੀ ਕੀ ਹੈ? | ਗੋਬਿੰਦ ਸਿੰਘ ਮਨਸੁਖਾਨੀ |
| 18. | ਸਿੱਖ ਵੀਰਾਂ ਨੂੰ ਹਲੂਣਾ | ਸ੍ਰ: ਨਰੈਣ ਸਿੰਘ |
| 19. | ਅਰਦਾਸ-ਦਰਸ਼ਨ ਰੂਪ ਅਭਿਆਸ | ਡਾ: ਜਸਵੰਤ ਸਿੰਘ ਨੇਕੀ |
| 20. | ਸੁ ਅੰਮ੍ਰਿਤੁ ਗੁਰ ਤੇ ਪਾਇਆ | ਪ੍ਰਿੰ: ਸੁਰਜੀਤ ਸਿੰਘ |
| 21. | ਪੰਜਾਬ ਵਸਦਾ ਗੁਰਾਂ ਦੇ ਨਾਮ ਤੇ | ਪ੍ਰੋ: ਬਲਵਿੰਦਰਪਾਲ ਸਿੰਘ |
| 22. | ਰੱਬੀ ਰਿਸ਼ਮਾਂ | ਪ੍ਰਿੰ: ਰਾਮ ਸਿੰਘ |



Scanned with CamScanner

| | | |
|---|---|---|
| 23. | ਜੀਵਨ ਚਰਿੱਤਰ ਗੁਰੂ ਨਾਨਕ ਦੇਵ ਜੀ | ਪ੍ਰੋ: ਤਰਲੋਚਨ ਸਿੰਘ |
| 24. | Ten Masters | ਪ੍ਰੋ: ਪੂਰਨ ਸਿੰਘ |
| 25. | ਸਿੱਖ, ਸਿੱਖੀ ਤੇ ਸਿਧਾਂਤ | ਡਾ: ਤਾਰਨ ਸਿੰਘ |
| 26. | ਨੇਮ ਤੇ ਪ੍ਰੇਮ | ਡਾ: ਤਾਰਨ ਸਿੰਘ |
| 27. | ਹਿਸਟਰੀ ਆਫ਼ ਦਾ ਸਿੱਖਜ | ਮਿਸਟਰ ਕੰਨਿਘਮ |
| 28. | ਦਾ ਸਿੱਖ ਰਿਲੀਜ਼ਨ | ਐਮ.ਏ.ਮੈਕਾਲਿਫ |
| 29. | ਅਕਾਲੀ ਮੋਰਚਿਆਂ ਦਾ ਇਤਿਹਾਸ | ਸੋਹਣ ਸਿੰਘ ਜੋਸ਼ |
| 30. | ਇਤਿਹਾਸਕ ਖੋਜ (1,2,3) | ਕਰਮ ਸਿੰਘ ਹਿਸਟੋਰੀਅਨ |
| 31. | ਸਾਚੀ ਸਾਖੀ | ਸ੍ਰ: ਕਪੂਰ ਸਿੰਘ |
| 32. | ਹਮ ਹਿੰਦੂ ਨਹੀਂ | ਭਾਈ ਕਾਨ੍ਹ ਸਿੰਘ ਨਾਭਾ |
| 33. | ਸਿੱਖ ਰੈਫਰੈਂਸ ਬੁੱਕ | ਹਰਜਿੰਦਰ ਸਿੰਘ |
| 34. | ਇਨਸਾਇਕਲੋਪੀਡੀਆ ਆਫ਼ ਸਿੱਖਇਜ਼ਮ | ਪ੍ਰੋ: ਹਰਬੰਸ ਸਿੰਘ |
| 35. | ਸਿੱਖੀ ਦੀ ਨਿਵੇਕਲੀ ਪਛਾਣ | ਪ੍ਰਿੰ: ਸੁਰਜੀਤ ਸਿੰਘ |
| 36. | ਜਹ ਬਿਧਿ ਗੁਰ ਉਪਦੇਸਿਆ | ਬਲਵਿੰਦਰ ਸਿੰਘ |
| 37. | ਜਬ ਲਗ ਖਾਲਸਾ ਰਹੇ ਨਿਆਰਾ | ਡਾ: ਇੰਦਰਜੀਤ ਸਿੰਘ |
| 38. | ਸਿੱਖ ਇਨਕਲਾਬ | ਜਗਜੀਤ ਸਿੰਘ |

## ਚੋਣਵੇਂ ਮੈਗਜ਼ੀਨਾਂ ਦੀ ਸੂਚੀ ਅਤੇ ਪ੍ਰਕਾਸ਼ਕ

| | |
|---|---|
| ਗੁਰਮਤਿ ਪ੍ਰਕਾਸ਼ | ਸ਼੍ਰੋ:ਗੁ:ਪ੍ਰ:ਕਮੇਟੀ, ਸ੍ਰੀ ਅੰਮ੍ਰਿਤਸਰ |
| ਗੁਰਦੁਆਰਾ ਗਜ਼ਟ | ਉਪਰੋਕਤ |
| ਸੰਤ ਸਿਪਾਹੀ | 4313, ਰਣਜੀਤਪੁਰਾ, ਸ੍ਰੀ ਅੰਮ੍ਰਿਤਸਰ |
| ਸਾਡਾ ਵਿਰਸਾ ਸਾਡਾ ਗੌਰਵ | ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਲੁਧਿਆਣਾ |
| ਸੁਚਿੰਤਨ (ਹਿੰਦੀ) | ਉਪਰੋਕਤ |
| ਕਾਸਮਿਕ ਫੇਥ (ਅੰਗ੍ਰੇਜ਼ੀ) | ਉਪਰੋਕਤ |
| ਸਿੱਖ ਫੁਲਵਾੜੀ | 1051,ਕੂਚਾ ਨੰ:14,ਫੀਲਡ ਗੰਜ, ਲੁਧਿਆਣਾ |



Scanned with CamScanner

| | |
|---|---|
| ਗੁਰਮਤਿ ਸੇਧਾਂ | 9/625, ਫੀਲਡ ਗੰਜ, ਲੁਧਿਆਣਾ |
| ਸਿੱਖ ਰਿਵੀਊ | ਕਰਨਾਨੀ ਮੈਨਸ਼ਨ, ਕਮਰਾ ਨੰ:116, 25-ਏ ਪਾਰਕ ਸਟ੍ਰੀਟ, ਕਲਕੱਤਾ-16 |
| ਸੀਸ ਗੰਜ | ਗੁ: ਸੀਸ ਗੰਜ, ਚਾਂਦਨੀ ਚੌਂਕ, ਦਿੱਲੀ |
| ਸਚਖੰਡ ਪੱਤਰ | ਤਖ਼ਤ ਸ੍ਰੀ ਹਜ਼ੂਰ ਸਾਹਿਬ, ਨਾਂਦੇੜ |
| ਅੰਮ੍ਰਿਤ ਕੀਰਤਨ | 422, ਸੈਕਟਰ-15-ਏ, ਚੰਡੀਗੜ੍ਹ |
| ਗੁਰਬਾਣੀ ਇਸ ਜਗ ਮਹਿ ਚਾਨਣ | 254, ਫੇਜ-2, ਮੁਹਾਲੀ (ਰੋਪੜ) |
| ਸੂਰਾ | ਕੂਚਾ ਚਤਰ ਸਿੰਘ, ਬਜ਼ਾਰ ਮਾਈ ਸੇਵਾਂ ਅੰਮ੍ਰਿਤਸਰ |
| ਗੁਰਸਿੱਖ ਦਰਸ਼ਨ | ਚੌਂਕ ਕਰੋੜੀ, ਸ੍ਰੀ ਅੰਮ੍ਰਿਤਸਰ |
| ਨਿਰਗੁਨਿਆਰਾ | ਖਾਲਸਾ ਟਰੈਕਟ ਸੁਸਾਇਟੀ, ਚੀਫ਼ ਖਾਲਸਾ ਦੀਵਾਨ, ਜੀ.ਟੀ.ਰੋਡ, ਅੰਮ੍ਰਿਤਸਰ |
| ਆਤਮ ਰੰਗ | ਚੰਡੀਗੜ੍ਹ |
| ਯੂ.ਪੀ. ਸਿੱਖ ਗਜਟ (ਸਪਤਾਹਿਕ) | ਗੁਰਦੁਆਰਾ ਰੋਡ, ਲਖਨਊ (ਯੂ.ਪੀ.) |
| ਨਾਨਕ ਪ੍ਰਕਾਸ਼ ਪੱਤਰਕਾ | ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ |
| ਦੀ ਸਿੱਖ ਕੋਰੀਅਰ | The sikh Courier International 88 Mollison Way, Edgwara (Middlessex), Great London UK HA 85 Qw |
| The Sikh | PO Box G-188,Gombak 53700 Kualalumpur |
| Abstract of Sikh Studies | Chandigarh |



Scanned with CamScanner

## ਚੋਣਵੇਂ ਸਿੱਖ ਇਤਿਹਾਸਕ ਨਾਵਲ

| | | |
|---|---|---|
| 1. | ਸਤਵੰਤ ਕੌਰ | ਭਾਈ ਵੀਰ ਸਿੰਘ |
| 2. | ਸੁੰਦਰੀ | ਭਾਈ ਵੀਰ ਸਿੰਘ |
| 3. | ਬਾਬਾ ਤੇਗਾ ਸਿੰਘ | ਮਾ:ਤਾਰਾ ਸਿੰਘ |
| 4. | ਬਿਜੈ ਸਿੰਘ | ਭਾਈ ਵੀਰ ਸਿੰਘ |
| 5. | ਜੰਗੀ ਕੈਦੀ | ਗਿਆਨੀ ਕੇਸਰ ਸਿੰਘ |
| 6. | ਖੰਨਿਅਹੁ ਤਿਖੀ | ਕਰਨਲ ਨਰਿੰਦਰਪਾਲ ਸਿੰਘ |
| 7. | ਵਾਲਹੁ ਨਿਕੀ | ਕਰਨਲ ਨਰਿੰਦਰਪਾਲ ਸਿੰਘ |
| 8. | ਏਤੁ ਮਾਰਗ ਜਾਣਾ | ਕਰਨਲ ਨਰਿੰਦਰਪਾਲ ਸਿੰਘ |
| 9. | ਇਕ ਸਰਕਾਰ ਬਾਝੋਂ | ਕਰਨਲ ਨਰਿੰਦਰਪਾਲ ਸਿੰਘ |

## ਕੁੱਝ ਹਵਾਲਾ ਪੁਸਤਕਾਂ

1. ਮਹਾਨ ਕੋਸ਼ (ਭਾਈ ਕਾਹਨ ਸਿੰਘ ਨਾਭਾ) : ਇਸ ਪੁਸਤਕ ਵਿਚ ਸਿੱਖ ਇਤਿਹਾਸ ਦੇ ਨਾਲ ਸਬੰਧਤ ਵਿਅਕਤੀਆਂ, ਥਾਵਾਂ ਤੇ ਗੁਰਬਾਣੀ ਦੇ ਚੋਣਵੇਂ ਸ਼ਬਦਾਂ ਤੇ ਸੰਕਲਪਾਂ ਦੇ ਅਰਥ ਤੇ ਵੇਰਵਾ ਦਿੱਤਾ ਹੋਇਆ ਹੈ। ਇਸ ਨੂੰ ਸਿੱਖੀ ਦਾ ਪਹਿਲਾ ਐਨਸਾਈਕਲੋਪੀਡੀਆ ਵੀ ਕਿਹਾ ਜਾ ਸਕਦੈ।

2. ਗੁਰੂ ਸ਼ਬਦ ਰਤਨ ਪ੍ਰਕਾਸ਼ (ਅਕਾਲੀ ਕੌਰ ਸਿੰਘ) : ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕਿਹੜੀ ਤੁਕ, ਕਿਹੜੇ ਅੰਗ (ਪੰਨੇ) ਤੇ ਹੈ, ਕਿਹੜੇ ਰਚਨਹਾਰ ਵਲੋਂ ਹੈ ਤੇ ਉਸ ਪੰਨੇ ਤੇ ਕਿੰਨਵੀਂ ਤੁਕ ਹੈ, ਇਸ ਦਾ ਵੇਰਵਾ ਮਿਲਦਾ ਹੈ। ਵਰਣ ਅਨੁਸਾਰ ਸਾਰੀਆਂ ਤੁੱਕਾਂ ਦਰਜ਼ ਹਨ। ਭਾਵੇਂ ਕਿਸੇ ਤੁੱਕ ਦਾ ਪਿਛਲਾ ਅੱਧਾ ਭਾਗ ਵੀ ਪਤਾ ਲੱਗ ਜਾਵੇ ਤਾਂ ਵੀ ਉਹ ਪੂਰਾ ਸ਼ਬਦ ਲੱਭਿਆ ਜਾ ਸਕਦੈ।

(3) ਗੁਰਮਤਿ ਪ੍ਰਭਾਕਰ : ਇਨ੍ਹਾਂ ਪੁਸਤਕਾਂ ਵਿਚ ਗੁਰੂ ਗ੍ਰੰਥ ਸਾਹਿਬ 'ਚੋਂ ਵਿਸ਼ੇ- ਵਾਰ ਹਵਾਲੇ ਇਕੱਤਰ ਕੀਤੇ ਗਏ ਹਨ।

(4) ਗੁਰਮਤਿ ਸੁਧਾਕਰ : ਦਸਮ ਗ੍ਰੰਥ ਤੇ ਪੰਥ ਪ੍ਰਕਾਸ਼ ਵਿਚੋਂ ਵੱਖ-ਵੱਖ ਵਿਸ਼ਿਆਂ ਅਨੁਸਾਰ ਫੁਰਮਾਨ ਸੰਕਲਿਤ ਕੀਤੇ ਗਏ ਹਨ, ਜਿਵੇਂ ਤੀਰਥ, ਆਲਸ, ਇਕ ਅਕਾਲ ਪੁਰਖ, ਸੱਚ ਬੋਲਣਾ, ਸਤ ਸੰਗਤ ਆਦਿ।



Scanned with CamScanner

(5) ਗੁਰੂ ਗ੍ਰੰਥ ਵਿਚਾਰ ਕੋਸ਼ (ਪਿਆਰਾ ਸਿੰਘ ਪਦਮ) : ਉਪਰੋਕਤ ਅਨੁਸਾਰ ਇਸ ਪੁਸਤਕ ਵਿਚ ਕੇਵਲ ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿਚੋਂ ਵੱਖ-ਵੱਖ ਵਿਸ਼ਿਆਂ ਅਨੁਸਾਰ ਹੁਕਮ ਦਰਜ ਕੀਤੇ ਹੋਏ ਹਨ।

(6) ਗੁਰੂ ਗ੍ਰੰਥ ਸੰਕੇਤ ਕੋਸ਼ (ਪਿਆਰਾ ਸਿੰਘ ਪਦਮ) : ਗੁਰਬਾਣੀ ਵਿਚ ਵਰਤੇ ਇਤਿਹਾਸਕ ਵਿਅਕਤੀਆਂ ਤੇ ਸੰਕਲਪਾਂ ਦਾ ਵੇਰਵਾ ਇਸ ਪੁਸਤਕ ਵਿਚ ਦਰਜ ਹੈ ਜਿਵੇਂ ਜੰਤੁ, ਮੰਤੁ, ਤੰਤੁ, ਗਨਿਕਾ, ਅਜਾਮਲ ਆਦਿ।

(7) ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ : (ਚਾਰ ਭਾਗ) ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿਚਲੀ ਸਾਰੀ ਬਾਣੀ ਅੰਗ-ਵਾਰ ਚਾਰ ਪੋਥੀਆਂ ਵਿਚ ਦਰਜ਼ ਹੈ। ਇਕ ਪੰਨੇ ਤੇ ਚੋਣਵੇਂ ਸ਼ਬਦਾਂ ਦੇ ਅਰਥ ਦਿੱਤੇ ਹੋਏ ਹਨ।

(8) ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਪ੍ਰੋ: ਸਾਹਿਬ ਸਿੰਘ) : ਸਾਰੀ ਗੁਰਬਾਣੀ ਦਾ ਟੀਕਾ, ਅਰਥ ਤੇ ਵਿਆਖਿਆ ਇਹਨਾਂ ਵਿਚ ਦਰਜ਼ ਹੈ।

Scanned with CamScanner

## ਚੜ੍ਹਦੀ ਕਲਾ ਦੇ ਪ੍ਰਤੀਕ-ਖਾਲਸਈ ਬੋਲੇ

ਸਿੱਖ ਚਰਿਤ੍ਰ ਦਾ ਮੁੱਖ ਲੱਛਣ-ਚੜ੍ਹਦੀ ਕਲਾ ਤੇ ਸਰਬੱਤ ਦਾ ਭਲਾ ਹੈ। ਜਿਹੜਾ ਮਨੁੱਖ ਰੱਬੀ ਸਿਦਕ ਆਸਰੇ ਆਪਣੀ ਆਤਮਿਕ ਅਵਸਥਾ ਨੂੰ ਉੱਚਾ ਨਹੀਂ ਰੱਖ ਸਕਦਾ ਅਤੇ ਸਰਬੱਤ ਦੇ ਭਲੇ ਲਈ ਕੀਤੀ ਜਾ ਰਹੀ ਸੇਵਾ ਦੇ ਕਰਤੱਵ ਨੂੰ ਨਹੀਂ ਨਿਭਾ ਸਕਦਾ, ਉਹ ਪੂਰਨ ਸਿੱਖ ਕਹਿਲਾਉਣ ਦਾ ਅਧਿਕਾਰੀ ਨਹੀਂ। ਗੁਰਸਿੱਖ ਦਾ ਕਿਰਦਾਰ ਦੁਖ ਸੁਖ ਨੂੰ ਇਕਸਾਰ ਮੰਨ ਕੇ ਤਿਆਰ-ਬਰ-ਤਿਆਰ ਰਹਿਣਾ ਹੈ, ਉਸ ਲਈ ਜਿੱਤ ਅਤੇ ਹਾਰ ਜਾਂ ਪੱਤਝੜ ਤੇ ਬਹਾਰ ਇਕ ਬਰਾਬਰ ਹਨ। ਉਹ ਦੁੱਖ ਵਿਚ ਸੁੱਖ ਮਨਾਉਂਦਾ ਹੋਇਆ ਸਭ ਦਾ ਭਲਾ ਕਮਾਉਂਦਾ ਹੈ।

ਇਸ ਤਰ੍ਹਾਂ ਸੱਚੇ ਸਿੱਖ ਦਾ ਵਤੀਰਾ ਸਦਾ ਚੜ੍ਹਦੀਆਂ ਕਲਾਂ ਵਾਲਾ ਹੁੰਦਾ ਹੈ। ਉਹ ਕਦੀ ਭੈ-ਭੀਤ ਨਹੀਂ ਹੁੰਦਾ, ਡੋਲਦਾ ਨਹੀਂ। ਉਸਦੀ ਉੱਚੀ ਸੁਰਤਿ ਤੇ ਉਸਦੇ ਸੱਚੇ ਬੋਲ, ਤੋਲ-ਤੋਲ ਕੇ ਦੱਸਦੇ ਹਨ ਕਿ ਉਹ ਜ਼ਿੰਦਗੀ ਨਾਲ ਮਖੌਲ ਕਰਦਾ ਹੈ। ਉਹ ਕਦੀ ਇਕੱਲਾ ਨਹੀਂ ਹੁੰਦਾ, ਸਵਾ ਲੱਖ ਕਹਾਉਂਦਾ ਹੈ, ਜੇ ਕਦੀ ਇਕੱਲਾ ਵੀ ਵਿਚਰੇ ਤਾਂ 'ਫ਼ੌਜਾਂ ਆਈਆਂ' ਫ਼ੁਰਮਾਉਂਦਾ ਹੈ। ਜੇ ਉਹ ਜ਼ਿੰਦਗੀ ਦਾ ਸਫਰ ਮੁਕਾ ਕੇ ਇਥੋਂ ਵਿਦਾਇਗੀ ਪਾਉਂਦਾ ਹੈ ਤਾਂ ਉਸ ਨੂੰ 'ਫਤਹਿ ਗਜਾਉਂਦਾ' ਜਾਂ 'ਚੜ੍ਹਾਈ ਕਰਦਾ' ਹੀ ਦੱਸਿਆ ਜਾਂਦਾ ਹੈ। ਉਹ ਕਦੀ ਮਰਦਾ ਨਹੀਂ, ਕਿਉਂਕਿ ਉਹ ਰਾਤ ਦਿਨ ਇਹੋ ਗਾਉਂਦਾ ਹੈ :-

ਮੈ ਨ ਮਰਉਂ ਮਰਿਬੋ ਸੰਸਾਰਾ।।

ਅਬ ਮੋਹਿ ਮਿਲਿਓ ਹੈ ਜੀਆਵਨਹਾਰਾ।।

ਇਸ ਤਰ੍ਹਾਂ ਸਦਾ ਨਿਰਭੈ ਤੇ ਨਿਰਵੈਰ ਹੋ ਕੇ ਸਿੱਖ, ਮਨ, ਬਾਣੀ ਅਤੇ ਕਰਮ ਕਰਕੇ ਚੜ੍ਹਦੀ ਕਲਾ ਵਿਚ ਰਹਿੰਦਾ ਹੈ। ਉਹ ਮਨ ਚਿੱਤ ਕਰਕੇ ਅਕਾਲ ਪੁਰਖ ਨੂੰ ਧਿਆਉਂਦਾ ਤੇ ਅੰਦਰਲੀ ਜੋਤਿ ਨੂੰ ਜਗਮਗਾਉਂਦਾ ਹੈ ਤਾਂ ਕਿ ਆਤਮ ਸਨਮਾਨ ਅਸਮਾਨ ਨੂੰ ਛੂੰਹਦਾ ਰਹੇ। ਉਹ ਕਰਮ ਜਾਂ ਅਮਲਾਂ ਕਰਕੇ ਨਿਮਾਣਾ ਹੋ ਕੇ ਸਰਬੱਤ ਦਾ ਭਲਾ ਕਮਾਉਂਦਾ ਹੈ ਤਾਂ ਕਿ ਕਿਸੇ ਤਰ੍ਹਾਂ ਦਾ ਕੋਈ ਗੁਮਾਨ ਪੈਦਾ ਹੀ ਨਾ ਹੋਵੇ। ਇਸ ਤਰ੍ਹਾਂ ਦੇ ਉੱਚੀ ਸੁਰਤਿ ਤੇ ਸੁੱਚੀ ਕਿਰਤ ਵਾਲੇ ਪੁਰਖ ਦੀ ਬੋਲ ਬਾਣੀ ਵੀ ਉੱਚੀ ਸੁੱਚੀ ਹੁੰਦੀ ਹੈ। ਉਹ ਕਦੀ ਢਹਿੰਦੀ ਕਲਾ ਵੱਲ ਜਾਂਦੀ ਹੀ ਨਹੀਂ।

ਖਾਲਸੇ ਦੇ ਗੜਗੱਜ ਬੋਲੇ ਇਸੇ ਬਿਰਤੀ ਦੇ ਸੂਚਕ ਹਨ। ਇਹ ਬੋਲੇ ਸੂਰਬੀਰ ਸਿੰਘਾਂ ਦੇ ਉਚੇ ਕਿਰਦਾਰ ਦੀ ਨੁਹਾਰ ਪੇਸ਼ ਕਰਦੇ ਹਨ। ਇਨ੍ਹਾਂ ਵਿਚ ਪੁਰਖ-ਸੁਰ ਦੀ ਪ੍ਰਧਾਨਤਾ ਹੈ। ਖੁਸ਼ੀ ਨੂੰ ਖੁਸ਼ਾ, ਹੋਲੀ ਨੂੰ ਹੋਲਾ ਤੇ ਬੋਲੀ ਨੂੰ ਬੋਲਾ



Scanned with CamScanner

ਕਹਿਣਾ ਉਨ੍ਹਾਂ ਦੇ ਸੁਭਾਵਕ ਬਚਨ-ਬਿਲਾਸ ਦਾ ਅੰਗ ਹੈ। ਫਿਰ ਕਦੀ ਉਨ੍ਹਾਂ ਨੂੰ ਕਿਸੇ ਊਣਤਾਈ ਦਾ ਅਹਿਸਾਸ ਨਹੀਂ ਹੁੰਦਾ, ਸਗੋਂ ਭਿਆਨਕ ਔਕੜਾਂ ਤੇ ਕਹਿਰ ਦੀਆਂ ਥੁੜਾਂ ਦੇ ਬਾਵਜੂਦ ਵੀ ਉਨ੍ਹਾਂ ਦੀ ਚੜ੍ਹਦੀ ਕਲਾ ਸਦਾ ਬਰਕਰਾਰ ਦਿੱਸਦੀ ਹੈ।

ਜਨਮ-ਕਾਲ : ਖਾਲਸਈ ਬੋਲਿਆਂ ਦਾ ਜਨਮ-ਕਾਲ ਅਠਾਰਵੀਂ ਸਦੀ ਦਾ ਭਿਅੰਕਰ ਸਮਾਂ ਹੈ ਜਦੋਂ ਦਿੱਲੀ ਦੀ ਮੁਗਲ ਸਰਕਾਰ ਸਿੱਖਾਂ ਦਾ ਹਰ ਤਰ੍ਹਾਂ ਸ਼ਿਕਾਰ ਕਰਨ ਉੱਤੇ ਤੁਲੀ ਹੋਈ ਸੀ, ਕਿਉਂਕਿ 10 ਦਸੰਬਰ, 1710 ਈ: ਨੂੰ ਸ਼ਾਹੀ ਫ਼ੁਰਮਾਨ ਜਾਰੀ ਹੋਇਆ ਸੀ ਕਿ ਜਿਥੇ ਵੀ ਕੋਈ ਨਾਨਕ ਨਾਮ-ਲੇਵਾ ਮਿਲੇ, ਉਸਨੂੰ ਜਾਨੋਂ ਮਾਰ ਦਿੱਤਾ ਜਾਵੇ।

ਇਸ ਸਮੇਂ ਵੀ ਸਿੱਖ ਚੜ੍ਹਦੀ ਕਲਾ ਵਿਚ ਵਿਚਰੇ। ਖ਼ਤਰਨਾਕ ਸਮਿਆਂ ਵਿਚ ਵੀ ਚੜ੍ਹਦੀ ਕਲਾ ਵਾਲੇ ਬੋਲੇ ਇਹ ਪ੍ਰਗਟ ਕਰਦੇ ਹਨ ਕਿ ਮੁਸੀਬਤ ਸਮੇਂ ਵੀ ਸਿੱਖਾਂ ਦੇ ਹੌਂਸਲੇ ਕਿਵੇਂ ਬੁਲੰਦ ਸਨ। ਕੁਝ ਖਾਲਸਈ ਬੋਲੇ ਹੇਠਾਂ ਦਿੱਤੇ ਜਾਂਦੇ ਹਨ :

(1) ਆਮ ਆਦਮੀ - ਮੁੰਡਾ ਪੱਗ ਬੰਨ੍ਹ ਰਿਹਾ ਹੈ ?
ਖਾਲਸਾ - ਭੁਝੰਗੀ ਦਸਤਾਰ ਸਜਾ ਰਿਹਾ ਹੈ।

(2) ਆਮ ਆਦਮੀ - ਜ਼ਨਾਨੀ ਰੋਟੀਆਂ ਪਕਾ ਰਹੀ ਹੈ।
ਖਾਲਸਾ - ਬੀਬੀ ਪ੍ਰਸ਼ਾਦੇ ਸਜਾ ਰਹੀ ਹੈ।

(3) ਆਮ ਆਦਮੀ - ਹਲਵਾਈ ਕੜਾਹ ਬਣਾ ਰਿਹਾ ਹੈ।
ਖਾਲਸਾ - ਭਾਈ ਦੇਗ ਸਜਾ ਰਿਹਾ ਹੈ।

ਅਕਲਦਾਨ - ਸੋਟਾ, ਡੰਡਾ
ਅਕਾਲ ਬੁੰਗਾ - ਅਕਾਲ ਤਖ਼ਤ ਦਾ ਪਹਿਲਾ ਨਾਮ
ਅਥੱਕ ਸਵਾਰੀ - ਜੁੱਤੀ
ਅਫਲਾਤੂਨੀ - ਰਜਾਈ
ਅਰਾਕਾ - ਘੋੜਾ
ਅਰਾਕਣ - ਘੋੜੀ
ਅੜਿੰਗ-ਬੜਿੰਗ - ਸੌਣ ਦਾ ਭਾਵ
ਆਕੜ ਭੰਨ - ਬੁਖਾਰ
ਅੰਗੀਠਾ - ਚਿਖਾ
ਸ਼ਹੀਦ - ਧਰਮ ਖਾਤਰ ਮਰ ਮਿਟਣ ਵਾਲਾ



Scanned with CamScanner

ਸ਼ਹੀਦ ਗੰਜ - ਜਿਥੇ ਸਿੰਘ ਸ਼ਹੀਦ ਹੋਏ ਹੋਣ
ਸਬਜ਼ ਪਲਾਉ - ਸਾਗ
ਸਮੁੰਦਰ - ਦੁੱਧ
ਸਰਬ ਰਸ - ਲੂਣ
ਸਰਬਲੋਹ - ਲੋਹਾ, ਅਕਾਲ ਪੁਰਖ
ਸਰਬ ਲੋਹੀਆ - ਉਹ ਸਿੰਘ ਜੋ ਕੇਵਲ ਲੋਹੇ ਦੇ ਭਾਡਿਆਂ ਵਿਚ ਹੀ ਪ੍ਰਸ਼ਾਦ ਪਾਣੀ ਛੱਕਦਾ ਹੈ।
ਸਲੋਤਰ - ਮੋਟਾ ਸੋਟਾ
ਸਵਾਇਆ - ਥੋੜ੍ਹਾ
ਸਵਾ ਲੱਖ - ਇਕ
ਸਵਾ ਲੱਖ ਫੌਜ - ਇਕ ਸਿੰਘ
ਸਿਰਗੁੰਮ - ਜਿਸਨੇ ਸਿੰਘ ਸਜ ਕੇ ਫਿਰ ਕੇਸ ਕਟਾ ਲਏ ਹੋਣ
ਸਿਰਘਸਾ - ਸਿਰ ਦਾ ਮੁੰਡਨ ਕਰਾਉਣ ਵਾਲਾ
ਸਿਰਜੋੜ - ਗੁੜ
ਸਿਰੀ ਸਾਹਿਬ - ਵੱਡੀ ਤਲਵਾਰ
ਸੇਵਾ ਕਰਨਾ - ਮਾਰ ਕੁਟਾਈ ਕਰਨਾ
ਸੋਧ ਦੇਣਾ - ਮਾਂਜਣਾ, ਕੁਟਾਈ ਕਰਕੇ ਸਿਧੇ ਰਸਤੇ ਲਿਆਉਣਾ
ਕੱਚਾ ਪਿੱਲਾ - ਰਹਿਤ ਮਰਜਾਦਾ ਵਿਚ ਢਿੱਲਾ
ਕਮਰਕੱਸਾ ਕਰਨਾ - ਤਿਆਰ-ਬਰ-ਤਿਆਰ ਹੋਣਾ, ਪਰਲੋਕ ਗਮਨ ਕਰਨਾ।
ਕਰਾੜੀ - ਮੂਲੀ
ਕੜਾਕਾ - ਭੁੱਖ
ਕੁਰਹਿਤ - ਸਿੱਖੀ ਰਹਿਣੀ ਵਿਰੁੱਧ ਕਰਮ
ਕੇਸਕੀ - ਨਿੱਕੀ ਦਸਤਾਰ, ਪੱਗ
ਕੋਤਵਾਲ - ਚਾਕੂ
ਖਾਰ ਸਮੁੰਦਰ - ਲੱਸੀ
ਗਧੀ ਚੁੰਗਣਾ - ਹੁੱਕਾ ਪੀਣਾ
ਗੜ੍ਹ ਤੋੜਨਾ - ਔਖਾ ਕੰਮ ਸਿਰੇ ਚੜ੍ਹਾਉਣਾ, ਪਿਸ਼ਾਬ ਕਰਨਾ
ਗਿੱਦੜ - ਡਰਾਕਲ
ਗੁਪਤਾ - ਗੁੰਗਾ



Scanned with CamScanner

ਘੱਲੂਘਾਰਾ - ਅਤਿ ਭਿਆਨਕ ਜੰਗ

ਚਰਨਦਾਸੀ - ਜੁੱਤੀ

ਚਲਾਕਣ - ਸੂਈ

ਚਲਾਕਾ - ਸੂਆ

ਚੜ੍ਹਾਈ ਕਰਨਾ - ਹੱਲਾ ਬੋਲਣਾ, ਮਰਨਾ

ਚੁਗਲ - ਪੋਸਤ ਡੋਡਾ, ਸ਼ੀਸ਼ਾ

ਛਾਉਣੀ - ਸਿੰਘਾਂ ਦਾ ਡੇਰਾ

ਛਿੱਲੜ - ਰੁਪਈਆ

ਜਹਾਜ਼ - ਗੱਡਾ

ਜਹਾਜ਼ੇ ਚੜ੍ਹਨਾ - ਅੰਮ੍ਰਿਤ ਛੱਕ ਕੇ ਸਿੰਘ ਸਜਣਾ

ਜਗਤ ਜੂਠ - ਹੁੱਕਾ, ਤਮਾਕੂ

ਜੰਗਲ ਪਾਣੀ ਜਾਣਾ - ਟੱਟੀ ਜਾਣਾ

ਠਾਣੇਦਾਰ - ਗਧਾ

ਠੀਕਰ - ਸਰੀਰ, ਦੇਹੀ

ਠੀਕਰੀ - ਰੁਪਈਆ

ਤਨਖਾਹ - ਸਜ਼ਾ, ਧਾਰਮਿਕ ਉਕਾਈ ਕਾਰਣ ਲੱਗਾ ਦੰਡ

ਤਨਖਾਹੀਆ - ਜੋ ਰਹਿਤ ਮਰਯਾਦਾ ਦੀ ਉਕਾਈ ਕਾਰਨ ਸਜ਼ਾ ਦਾ ਭਾਗੀ ਹੋਵੇ

ਤਿਆਰ ਬਰ ਤਿਆਰ - ਸਿੱਖ ਰਹਿਤ-ਮਰਯਾਦਾ ਵਿਚ ਪੂਰਣ

ਦਸਤਾਰ - ਪੱਗ

ਦਿਆਲ ਕੌਰ - ਕੜਛੀ

ਦਿਦਾਰਾ ਸਿੰਘ - ਸ਼ੀਸ਼ਾ

ਦੁਮਾਲਾ - ਉੱਚਾ ਸਜਾਇਆ ਦੂਹਰਾ ਦਸਤਾਰਾ

ਦੇਗ - ਪ੍ਰਸ਼ਾਦ ਪਾਣੀ, ਕੜਾਹ ਪ੍ਰਸ਼ਾਦ

ਧਰਮਰਾਜ ਦੀ ਧੀ - ਨੀਂਦ

ਧਰਮਰਾਜ ਦਾ ਪੁੱਤਰ - ਬੁਖਾਰ

ਨੜੀਮਾਰ - ਹੁੱਕਾ ਪੀਣ ਵਾਲਾ

ਪਰਸ਼ਾਦਾ - ਰੋਟੀ



Scanned with CamScanner

| | | |
|---|---|---|
| ਪਾਹੁਲ | - | ਖੰਡੇ ਦਾ ਅੰਮ੍ਰਿਤ |
| ਫੱਟੜ ਪ੍ਰਸ਼ਾਦਾ | - | ਅੱਧੀ ਰੋਟੀ |
| ਬਦਾਮ | - | ਭੁੱਜੇ ਛੋਲੇ |
| ਭਗਉਤੀ | - | ਤਲਵਾਰ |
| ਭੁਜੰਗੀ | - | ਸਿੰਘਾਂ ਦਾ ਲੜਕਾ |
| ਮਸਤਾਨਾ | - | ਪਾਟਿਆ ਹੋਇਆ, ਬੀਮਾਰ, ਆਪਣੇ ਰੰਗ ਵਿਚ ਵਿਚਰਨ ਵਾਲਾ |
| ਮੋਰਚਾ ਲਾਉਣਾ | - | ਜ਼ਰੂਰੀ ਕੰਮ ਲਈ ਉੱਦਮ ਕਰਨਾ, ਦੁਸ਼ਮਨ ਨਾਲ ਆਢਾ ਲਾਉਣਾ। |
| ਉਗ੍ਰਾਹੀ ਕਰਨਾ | - | ਮੰਗਣਾ |
| ਬਸੰਤ ਕੌਰ | - | ਮੱਕੀ |
| ਰੂਪ ਕੌਰ | - | ਕਣਕ ਤੇ ਕਾੜ੍ਹਨੀ |
| ਬਟੇਰਾ | - | ਬੈਂਗਣ |
| ਕਲਗਾ ਸਿੰਘ | - | ਗੰਜਾ |
| ਸੂਰਮਾ ਸਿੰਘ | - | ਅੰਨ੍ਹਾ |
| ਚੋਰ ਬੱਤੀ | - | ਬੈਟਰੀ |
| ਤੇਜਾ ਸਿੰਘ | - | ਇੰਜਣ |
| ਭੂਤਨੀ | - | ਰੇਲ ਗੱਡੀ |
| ਨੱਕ ਵੱਢੀ | - | ਬੱਸ |
| ਜਲ ਤੋਰੀ | - | ਮੱਛੀ |
| ਫਿਰੰਗਣ | - | ਕਾਰ |
| ਸ਼ੈਤਾਨੀ ਚਰਖਾ | - | ਸਾਇਕਲ |
| ਦਸ ਨੰਬਰੀਆ | - | ਨਲਕਾ |
| ਵਲਾਇਤ ਪਾਸ | - | ਜੇਲ੍ਹ ਯਾਤਰਾ |
| ਅਕਲ ਦਾਨ | - | ਡੰਡਾ |
| ਹਰਾ ਛੋਲੀਆ | - | ਸੌਂਗੀ |
| ਭੁੱਜੇ ਛੋਲੇ | - | ਬਦਾਮ |
| ਹਰੇ ਕਰਨੇ | - | ਕੇਸ ਸੁਕਾਂਉਣੇ |
| ਹੀਰੇ | - | ਧੌਲੇ (ਚਿੱਟੇ ਵਾਲ) |



Scanned with CamScanner

| | | |
|---|---|---|
| ਹੋਲਾਂ | - | ਇਲੈਚੀਆਂ |
| ਲੜਾਕੀ | - | ਮਿਰਚ |
| ਲਾਚੀਦਾਣਾ | - | ਬਾਜਰਾ |
| ਟਾਂਗੂ | - | ਉੱਚੀ ਥਾਂ ਬੈਠਾ ਆਦਮੀ ਜੋ ਵੈਰੀ ਨੂੰ ਖ਼ਬਰ ਦਿੰਦਾ ਹੈ। |

## ਚੋਣਵੇਂ ਧਾਰਮਿਕ ਅਸਥਾਨ

(1) ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ : ਇਸ ਅਸਥਾਨ 'ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਹੋਇਆ ਸੀ। ਇਹ ਸਥਾਨ ਪਾਕਿਸਤਾਨ ਵਿਚ ਹੈ।

(2) ਸ੍ਰੀ ਪੰਜਾ ਸਾਹਿਬ-ਹਸਨ ਅਬਦਾਲ : ਇਥੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵਲੀ ਕੰਧਾਰੀ ਦਾ ਹੰਕਾਰ ਤੋੜਿਆ ਸੀ। ਵਲੀ ਕੰਧਾਰੀ ਨੇ ਭਾਈ ਮਰਦਾਨਾ ਜੀ ਨੂੰ ਪਾਣੀ ਦੇਣ ਤੋਂ ਨਾਂਹ ਕਰ ਦਿੱਤੀ ਸੀ ਤੇ ਗੁਰੂ ਨਾਨਕ ਦੇਵ ਜੀ ਵਲੋਂ ਪਾਣੀ ਖਿੱਚਣ ਕਾਰਣ, ਇਸ ਨੇ ਪਹਾੜੀ ਤੋਂ ਪਹਾੜ ਹੇਠਾਂ ਰੇੜ੍ਹ ਦਿੱਤਾ ਸੀ, ਜੋ ਗੁਰੂ ਜੀ ਨੇ ਹੱਥ ਦੇ ਪੰਜੇ ਨਾਲ ਰੋਕ ਲਿਆ ਸੀ। ਇਹ ਸੁੰਦਰ ਅਸਥਾਨ ਹਸਨ ਅਬਦਾਲ ਪਾਕਿਸਤਾਨ ਵਿਚ ਹੈ।

(3) ਗੁਰਦੁਆਰਾ ਨਾਨਕ ਮਤਾ : ਇਸ ਸਥਾਨ ਦਾ ਪਹਿਲਾ ਨਾਮ ਗੋਰਖ ਮਤਾ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਯੋਗੀਆਂ ਨਾਲ ਚਰਚਾ ਕਰਕੇ ਉਨ੍ਹਾਂ ਨੂੰ ਪ੍ਰਭੂ ਦਾ ਸੱਚਾ ਮਾਰਗ ਦੱਸਿਆ ਸੀ ਜਿਸ ਤੋਂ ਬਾਅਦ ਇਸ ਸਥਾਨ ਦਾ ਨਾਮ 'ਨਾਨਕ ਮਤਾ' ਕਰਕੇ ਜਾਣਿਆ ਜਾਣ ਲੱਗਾ। ਇਸ ਅਸਥਾਨ ਤੇ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਵੀ ਆਏ। ਇਹ ਸਥਾਨ ਉੱਤਰ ਪ੍ਰਦੇਸ਼ ਵਿਚ ਸਥਿਤ ਹੈ।

(4) ਸ੍ਰੀ ਦਰਬਾਰ ਸਾਹਿਬ-ਖਡੂਰ ਸਾਹਿਬ : ਇਥੇ ਸ੍ਰੀ ਗੁਰੂ ਅੰਗਦ ਦੇਵ ਜੀ ਰਿਹਾ ਕਰਦੇ ਸਨ। ਇਸਦੇ ਨੇੜੇ ਗੁਰਦੁਆਰਾ ਮੱਲ ਅਖਾੜਾ ਵੀ ਕਾਇਮ ਹੈ, ਜਿਥੇ ਗੁਰੂ ਅੰਗਦ ਦੇਵ ਜੀ ਕੁਸ਼ਤੀਆਂ ਕਰਵਾਇਆ ਕਰਦੇ ਸਨ ਤਾਂਕਿ ਸਿੱਖ ਸਿਹਤ ਪੱਖੋਂ ਵੀ ਤੰਦਰੁਸਤ ਹੋਵੇ।

(5) ਬਾਉਲੀ ਸਾਹਿਬ-ਸ੍ਰੀ ਗੋਇੰਦਵਾਲ ਸਾਹਿਬ : ਬਾਉਲੀ ਸਾਹਿਬ ਗੁਰਦੁਆਰਾ ਗੋਇੰਦਵਾਲ ਸਾਹਿਬ ਵਿਖੇ ਬਿਆਸ ਦਰਿਆ ਦੇ ਕੰਢੇ ਤੇ ਹੈ। ਸ੍ਰੀ ਗੁਰੂ ਅਮਰਦਾਸ ਜੀ ਨੇ ਇਥੇ ਲੋਕਾਂ ਲਈ ਸਾਫ਼ ਸੁਥਰੇ ਪਾਣੀ ਦਾ ਪ੍ਰਬੰਧ ਕਰਨ ਲਈ ਬਾਉਲੀ ਬਣਾਈ ਸੀ।



Scanned with CamScanner

(6) ਸ੍ਰੀ ਹਰਿਮੰਦਰ ਸਾਹਿਬ-ਅੰਮ੍ਰਿਤਸਰ : ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਅੰਮ੍ਰਿਤ ਸਰੋਵਰ ਦੀ ਤਿਆਰੀ ਸ੍ਰੀ ਗੁਰੂ ਰਾਮਦਾਸ ਜੀ ਨੇ ਆਰੰਭੀ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੰਪੂਰਨ ਕੀਤੀ। ਇਸ ਸਰੋਵਰ ਦੇ ਵਿਚਕਾਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ (ਦਰਬਾਰ ਸਾਹਿਬ) ਦੀ ਸਿਰਜਨਾ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਾਈਂ ਮੀਆਂ ਮੀਰ ਜੀ ਪਾਸੋਂ ਨੀਂਹ ਰਖਵਾ ਕੇ ਕੀਤੀ। ਇਸ ਸਥਾਨ 'ਤੇ ਸੋਨਾ ਤੇ ਸੰਗਮਰਮਰ ਲਗਾਉਣ ਦੀ ਸੇਵਾ ਮਹਾਰਾਜਾ ਰਣਜੀਤ ਸਿੰਘ ਨੇ ਕੀਤੀ।

(7) ਸ੍ਰੀ ਦਰਬਾਰ ਸਾਹਿਬ-ਤਰਨਤਾਰਨ : ਇਹ ਗੁਰਦੁਆਰਾ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਤਿਆਰ ਕਰਵਾਇਆ। ਇਸ ਸਥਾਨ ਤੇ ਗੁਰੂ ਸਾਹਿਬ ਨੇ ਸਰੋਵਰ ਵੀ ਖੁਦਵਾਇਆ ਤੇ ਰੋਗੀਆਂ ਲਈ ਬਹੁਤ ਵੱਡਾ ਦਵਾਖਾਨਾ ਖੋਲ੍ਹਿਆ।

(8) ਗੁਰਦੁਆਰਾ ਸ੍ਰੀ ਬੇਰ ਸਾਹਿਬ-ਸੁਲਤਾਨਪੁਰ : ਇਹ ਉਹ ਸਥਾਨ ਹੈ, ਜਿਥੇ ਸ੍ਰੀ ਗੁਰੂ ਨਾਨਕ ਦੇਵ ਜੀ ਆਪਣੀ ਭੈਣ ਬੇਬੇ ਨਾਨਕੀ ਜੀ ਪਾਸ ਰਹਿੰਦੇ ਸਨ। ਆਪ ਜੀ ਵੇਈਂ ਨਦੀਂ ਵਿਚ ਇਸ਼ਨਾਨ ਕਰਨ ਲਈ ਨਿੱਤ ਜਾਇਆ ਕਰਦੇ ਸਨ। ਸੁਲਤਾਨਪੁਰ ਵਿਖੇ ਹੋਰ ਵੀ ਕਈ ਗੁਰਦੁਆਰੇ ਸਥਿਤ ਹਨ। ਇਹ ਸਥਾਨ ਜ਼ਿਲ੍ਹਾ ਕਪੂਰਥਲਾ (ਪੰਜਾਬ) ਵਿਚ ਹੈ।

(9) ਗੁਰਦੁਆਰਾ ਡੇਹਰਾ ਸਾਹਿਬ-ਲਾਹੌਰ : ਇਹ ਸਥਾਨ ਪਾਕਿਸਤਾਨ ਦੇ ਲਾਹੌਰ ਸ਼ਹਿਰ ਵਿਚ ਰਾਵੀ ਦਰਿਆ ਦੇ ਕੰਢੇ ਤੇ ਸਥਿਤ ਹੈ। ਇਥੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਭਾਰੀ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ ਸੀ।

(10) ਸ੍ਰੀ ਅਕਾਲ ਤਖ਼ਤ ਸਾਹਿਬ-ਅੰਮ੍ਰਿਤਸਰ : ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਰਜਨਾ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਸਾਹਮਣੇ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਕੀਤੀ। ਸਿੱਖਾਂ ਵਿਚ ਵੀਰ ਰਸ ਪੈਦਾ ਕਰਨ ਲਈ ਗੁਰੂ ਸਾਹਿਬ ਜੀ ਨੇ ਇਸ ਸਥਾਨ 'ਤੇ ਢਾਡੀ ਵਾਰਾਂ ਦੀ ਪਰੰਪਰਾ ਆਰੰਭ ਕਰਵਾਈ। ਇਸ ਸਥਾਨ 'ਤੇ ਕਸਰਤਾਂ ਵੀ ਸ਼ੁਰੂ ਕਰਵਾਈਆਂ ਗਈਆਂ। ਪੰਥਕ ਮਾਮਲੇ ਇਸ ਸਥਾਨ 'ਤੇ ਨਿਬੇੜੇ ਜਾਂਦੇ ਸਨ। ਹੁਣ ਵੀ ਇੱਥੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਅਗਵਾਈ ਵਿਚ ਪੰਜ ਪਿਆਰੇ ਪੰਥਕ ਮਾਮਲੇ ਵਿਚਾਰਦੇ ਤੇ ਨਿਬੇੜਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਜਿਸ ਬੀੜ ਦਾ ਪ੍ਰਕਾਸ਼ ਸ੍ਰੀ ਦਰਬਾਰ ਸਾਹਿਬ ਵਿਚ ਕੀਤਾ ਜਾਂਦਾ ਹੈ, ਉਹ ਰਾਤ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਲਿਆਈ ਜਾਂਦੀ ਹੈ।



Scanned with CamScanner

(11) ਗੁਰਦੁਆਰਾ ਗੁਰੂ ਕੀ ਵਡਾਲੀ-ਅੰਮ੍ਰਿਤਸਰ : ਇਸ ਸਥਾਨ 'ਤੇ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼ ਸੰਨ 1595 ਈਸਵੀ ਨੂੰ ਹੋਇਆ ਸੀ।

(12) ਗੁਰਦੁਆਰਾ ਸ਼ੀਸ਼ ਮਹਲ-ਕੀਰਤਪੁਰ ਸਾਹਿਬ (ਰੋਪੜ): ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਕੀਰਤਪੁਰ ਸ਼ਹਿਰ ਵਸਾਇਆ, ਜਿਥੇ ਗੁਰਦੁਆਰਾ ਸ਼ੀਸ਼ ਮਹਲ ਸਥਿਤ ਹੈ। ਇਥੇ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਰਿਹਾ ਕਰਦੇ ਸਨ। ਸ੍ਰੀ ਗੁਰੂ ਹਰਿਰਾਇ ਸਾਹਿਬ ਅਤੇ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦਾ ਪ੍ਰਕਾਸ਼ (ਜਨਮ) ਇਥੇ ਹੀ ਹੋਇਆ ਸੀ।

(13) ਗੁਰਦੁਆਰਾ ਪੰਜੋਖੜਾ ਸਾਹਿਬ-ਅੰਬਾਲਾ (ਹਰਿਆਣਾ): ਜਦੋਂ ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਦਿੱਲੀ ਗਏ ਤਾਂ ਰਸਤੇ ਵਿਚ ਇਸ ਸਥਾਨ ਤੇ ਰੁਕੇ ਸਨ। ਇਸ ਸਥਾਨ 'ਤੇ ਗੁਰੂ ਜੀ ਨੇ ਅਨਪੜ੍ਹ ਗੂੰਗੇ, ਬੋਲੇ ਅਤੇ ਮੂਰਖ ਛੱਜੂ ਰਾਮ ਝੀਵਰ ਕੋਲੋਂ ਗੀਤਾ ਦੇ ਅਰਥ ਕਰਵਾ ਕੇ ਲਾਲ ਚੰਦ ਪੰਡਤ ਦਾ ਹੰਕਾਰ ਤੋੜਿਆ ਸੀ।

(14) ਗੁਰਦੁਆਰਾ ਸ੍ਰੀ ਬੰਗਲਾ ਸਾਹਿਬ-ਦਿੱਲੀ : ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਜਦੋਂ ਦਿੱਲੀ ਗਏ, ਤਾਂ ਇਸ ਸਥਾਨ ਤੇ ਨਿਵਾਸ ਕੀਤਾ ਸੀ।

(15) ਗੁਰਦੁਆਰਾ ਸ੍ਰੀ ਬਾਲਾ ਸਾਹਿਬ-ਦਿੱਲੀ : ਜਦ ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਦਿੱਲੀ ਵਿਚ ਚੇਚਕ ਦੇ ਮਰੀਜ਼ਾਂ ਦੀ ਸੇਵਾ ਕਰਦੇ, ਚੇਚਕ ਗ੍ਰਸਤ ਹੋ ਕੇ ਚੋਲਾ ਤਿਆਗ ਗਏ ਤਾਂ ਗੁਰੂ ਜੀ ਦੇ ਸਰੀਰ ਦਾ ਸਸਕਾਰ ਇਥੇ ਕੀਤਾ ਗਿਆ।

(16) ਗੁਰਦੁਆਰਾ ਗੁਰੂ ਕਾ ਮਹਿਲ-ਅੰਮ੍ਰਿਤਸਰ : ਇਥੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਪ੍ਰਕਾਸ਼ ਹੋਇਆ ਸੀ।

(17) ਗੁਰਦੁਆਰਾ ਬਾਬਾ ਬਕਾਲਾ - ਜ਼ਿਲ੍ਹਾ ਅੰਮ੍ਰਿਤਸਰ : ਇਸ ਸਥਾਨ 'ਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਗੁਰੂ ਬਣਨ ਤੋਂ ਪਹਿਲਾਂ ਇਕ ਭੋਰੇ ਵਿਚ ਅਡੋਲ ਰਹਿ ਕੇ ਪ੍ਰਭੂ ਸਿਮਰਨ ਵਿਚ ਜੁੜੇ ਰਹਿੰਦੇ ਸਨ। ਬਾਬਾ ਬਕਾਲੇ ਵਿਖੇ 22 (ਬਾਈ) ਅਖੌਤੀ-ਗੁਰੂ ਮੰਜੀਆਂ ਡਾਹ ਕੇ ਬੈਠੇ, ਪਾਖੰਡੀਆਂ ਵਿਚੋਂ ਭਾਈ ਮੱਖਣ ਸ਼ਾਹ ਲੁਬਾਣਾ ਨੇ ਉਸ ਭੋਰੇ ਵਿਚੋਂ ਅਸਲ ਗੁਰੂ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਲੱਭਿਆ।

(18) ਗੁਰਦੁਆਰਾ ਸੀਸ ਗੰਜ-ਸ੍ਰੀ ਅਨੰਦਪੁਰ ਸਾਹਿਬ : ਜਦੋਂ ਭਾਈ ਜੈਤਾ ਜੀ ਦਿੱਲੀ ਤੋਂ ਗੁਰੂ ਤੇਗ ਬਹਾਦਰ ਸਾਹਿਬ ਦਾ ਸੀਸ ਲੈ ਕੇ ਆਏ,



Scanned with CamScanner

ਤਾਂ ਸੀਸ ਦਾ ਸਸਕਾਰ ਇਥੇ ਕੀਤਾ ਗਿਆ।

(19) ਗੁਰਦੁਆਰਾ ਸੀਸ ਗੰਜ-ਦਿੱਲੀ : ਚਾਂਦਨੀ ਚੌਂਕ ਦਿੱਲੀ ਵਿੱਚ ਸਥਿਤ ਇਸ ਸਥਾਨ 'ਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਸ਼ਹੀਦ ਕੀਤਾ ਗਿਆ ਸੀ।

(20) ਗੁਰਦੁਆਰਾ ਸ੍ਰੀ ਰਕਾਬ ਗੰਜ-ਦਿੱਲੀ : ਇਹ ਸਥਾਨ ਭਾਈ ਲੱਖੀ ਸ਼ਾਹ ਵਣਜਾਰੇ ਦਾ ਘਰ ਸੀ। ਜਦ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦਾ ਸੀਸ ਧੜ ਤੋਂ ਅਲੱਗ ਕੀਤਾ ਗਿਆ ਤਾਂ ਲੱਖੀ ਸ਼ਾਹ ਨੇ ਚਾਂਦਨੀ ਚੌਂਕ ਤੋਂ ਗੁਰੂ ਸਾਹਿਬ ਜੀ ਦਾ ਧੜ ਚੱਕ ਲਿਆਂਦਾ ਤੇ ਆਪਣੇ ਇਸ ਘਰ ਨੂੰ ਅੱਗ ਲਗਾ ਕੇ ਗੁਰੂ ਜੀ ਦੇ ਧੜ ਦਾ ਸਸਕਾਰ ਕਰ ਦਿੱਤਾ ਤੇ ਬਾਹਰ ਰੌਲਾ ਪਾ ਦਿੱਤਾ ਕਿ ਮੇਰਾ ਘਰ ਸੜ ਗਿਆ ਹੈ ਤਾਂ ਕਿ ਹਕੂਮਤ ਨੂੰ ਗੁਰੂ ਸਾਹਿਬ ਜੀ ਦੇ ਧੜ ਦੇ ਸਸਕਾਰ ਬਾਰੇ ਸ਼ੱਕ ਨਾ ਹੋ ਸਕੇ।

(21) ਸਿੱਖ ਕੌਮ ਦੇ ਸਤਿਕਾਰਯੋਗ ਤਖ਼ਤ : ਇਨ੍ਹਾਂ ਬਾਰੇ ਦੇਖੋ ਇਸੇ ਪੁਸਤਕ ਵਿਚੋਂ ਪੰਜ ਤਖ਼ਤ ਵਾਲਾ ਚੈਪਟਰ।

(22) ਸ੍ਰੀ ਪਾਉਂਟਾ ਸਾਹਿਬ (ਹਿਮਾਚਲ ਪ੍ਰਦੇਸ਼) : ਪਹਾੜੀ ਰਿਆਸਤ ਨਾਹਨ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਦੁਆਰਾ ਹੈ। ਇਸੇ ਸਥਾਨ ਦੇ ਨੇੜੇ ਭੰਗਾਣੀ ਦਾ ਯੁੱਧ ਹੋਇਆ। ਇਥੇ ਹੀ ਸਾਹਿਬਜ਼ਾਦਾ ਅਜੀਤ ਸਿੰਘ ਦਾ ਜਨਮ ਹੋਇਆ। ਇਥੇ ਹੀ 52 ਕਵੀ, ਕਵੀ ਦਰਬਾਰ ਲਗਾਇਆ ਕਰਦੇ ਸਨ। ਇਥੇ ਹੀ ਜਾਪ ਸਾਹਿਬ, ਸਵੱਈਏ ਤੇ ਅਕਾਲ ਉਸਤਤ ਬਾਣੀ ਦੀ ਰਚਨਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕੀਤੀ।

(23) ਗੁਰਦੁਆਰਾ ਸ੍ਰੀ ਗੜ੍ਹੀ ਸਾਹਿਬ : ਸ੍ਰੀ ਚਮਕੌਰ ਸਾਹਿਬ (ਰੋਪੜ) : ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਯਾਦ ਵਿਚ ਇਥੇ ਗੜ੍ਹੀ ਸਾਹਿਬ (ਚਮਕੌਰ ਦੀ ਗੜ੍ਹੀ) ਨਾਂ ਦਾ ਗੁਰਦੁਆਰਾ ਸਾਹਿਬ ਸਥਿਤ ਹੈ। ਅਨੰਦਪੁਰ ਦਾ ਕਿਲ੍ਹਾ ਛੱਡਣ ਤੋਂ ਬਾਅਦ, ਜਦ ਪਿਛੋਂ ਮੁਗਲਾਂ ਤੇ ਪਹਾੜੀ ਰਾਜਿਆਂ ਨੇ ਹਮਲਾ ਕਰ ਦਿੱਤਾ ਤਾਂ ਗੁਰੂ ਜੀ ਸਰਸਾ ਨਦੀ ਪਾਰ ਕਰਕੇ 40 ਸਿੰਘਾਂ ਸਮੇਤ ਇਸ ਗੜ੍ਹੀ ਵਿਚ ਆ ਗਏ। ਇਥੇ 40 ਸਿੰਘਾਂ ਨੇ 10 ਲੱਖ ਫੌਜ ਦਾ ਮੁਕਾਬਲਾ ਕੀਤਾ। ਗੁਰੂ ਸਾਹਿਬ ਦੇ ਵੱਡੇ ਸਾਹਿਬਜ਼ਾਦੇ ਵੀ ਇਸੇ ਸਥਾਨ 'ਤੇ ਸ਼ਹੀਦ ਹੋਏ।

(24) ਗੁਰਦੁਆਰਾ ਫਤਹਿਗੜ੍ਹ ਸਾਹਿਬ-ਸਰਹੰਦ : ਇਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫਤਹਿ ਸਿੰਘ ਜੀ ਜਿਊਂਦੇ ਜੀਅ ਕੰਧਾਂ ਵਿਚ ਚਿਣ ਕੇ ਸਰਹੰਦ ਦੇ ਨਵਾਬ ਵਜ਼ੀਰ ਖ਼ਾਨ ਵਲੋਂ ਸ਼ਹੀਦ ਕੀਤੇ ਗਏ। ਇਥੇ ਹੀ ਠੰਢੇ ਬੁਰਜ ਵਿਖੇ ਮਾਤਾ ਗੁਜਰੀ ਜੀ



Scanned with CamScanner

ਨੇ ਸ਼ਹੀਦੀ ਪ੍ਰਾਪਤ ਕੀਤੀ।

(25) ਸ੍ਰੀ ਦਰਬਾਰ ਸਾਹਿਬ-ਮੁਕਤਸਰ : ਇਹ ਉਹ ਸਥਾਨ ਹੈ ਜਿਥੇ ਅਨੰਦਗੜ੍ਹ ਦੇ ਕਿਲ੍ਹੇ ਵਿਚੋਂ ਗੁਰੂ ਤੋਂ ਬੇਮੁੱਖ ਹੋ ਕੇ ਚਲੇ ਗਏ 40 ਸਿੰਘਾਂ ਨੇ ਮਾਈ ਭਾਗੋ ਜੀ ਦੀ ਅਗਵਾਈ ਵਿਚ ਇਸ ਸਥਾਨ ਤੇ ਪਹੁੰਚ ਕੇ ਮੁਗਲ ਫ਼ੌਜ ਵਿਰੁੱਧ ਘਮਸਾਨ ਦਾ ਯੁੱਧ ਕੀਤਾ ਤੇ ਆਪਣਾ ਬੇਦਾਵਾ ਪੜਵਾ ਕੇ ਮੁਕਤੀ ਪ੍ਰਾਪਤ ਕੀਤੀ। ਇਥੇ ਬਹੁਤ ਵੱਡਾ ਸਰੋਵਰ ਵੀ ਹੈ ਅਤੇ ਨੇੜੇ ਹੀ ਗੁਰਦੁਆਰਾ ਸ਼ਹੀਦ ਗੰਜ ਹੈ, ਜਿਥੇ ਸ਼ਹੀਦ ਹੋਏ ਸਿੰਘਾਂ ਦਾ ਸਸਕਾਰ ਕੀਤਾ ਗਿਆ।

(26) ਗੁਰਦੁਆਰਾ ਮੰਜੀ ਸਾਹਿਬ-ਆਲਮਗੀਰ (ਲੁਧਿਆਣਾ): ਸ੍ਰੀ ਗੁਰੂ ਗੋਬਿੰਦ ਸਿੰਘ ਜੀ ਚਮਕੌਰ ਦੀ ਗੜ੍ਹੀ ਵਿਚੋਂ ਨਿਕਲਣ ਉਪਰੰਤ ਮਾਛੀਵਾੜੇ ਪਹੁੰਚੇ ਤੇ ਉਥੋਂ ਉੱਚ ਦੇ ਪੀਰ ਬਣ ਕੇ ਆਲਮਗੀਰ ਪਹੁੰਚੇ।

(27) ਗੁਰਦੁਆਰਾ ਲੰਮੇ ਜੱਟਪੁਰੇ-ਰਾਏਕੋਟ :- ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਲਮਗੀਰ ਤੋਂ ਘੋੜੇ ਤੇ ਸਵਾਰ ਹੋ ਕੇ ਪਿੰਡ ਲੰਮੇ ਜੱਟ ਪੁਰੇ ਪਹੁੰਚੇ। ਇਸ ਸਥਾਨ ਤੋਂ ਗੁਰੂ ਜੀ ਨੇ ਨੂਰੇ ਮਾਹੀ ਨੂੰ ਛੋਟੇ ਸਾਹਿਬਜ਼ਾਦਿਆਂ ਦੀ ਖਬਰ ਸਾਰ ਲੈਣ ਲਈ ਸਰਹੰਦ ਭੇਜਿਆ। ਨੂਰਾ ਮਾਹੀ ਗੁਰੂ ਸਾਹਿਬ ਦੇ ਛੋਟੇ ਸਾਹਿਬਜ਼ਾਦਿਆਂ ਦੇ ਨੀਹਾਂ ਵਿਚ ਚਿਣੇ ਜਾਣ, ਮਾਤਾ ਗੁਜਰੀ ਦੇ ਸ਼ਹੀਦ ਹੋਣ ਦੀ ਖ਼ਬਰ ਲਿਆਇਆ। ਗੁਰੂ ਸਾਹਿਬ ਨੇ ਘਾਹ ਦੀ ਜੜ੍ਹ ਪੁੱਟ ਕੇ ਕਿਹਾ ਕਿ ਹੁਣ ਮੁਗਲ ਰਾਜ ਦੀ ਜੜ੍ਹ ਵੀ ਪੁੱਟੀ ਜਾਵੇਗੀ।

(28) ਗੁਰਦੁਆਰਾ ਦੂਖ ਨਿਵਾਰਨ ਸਾਹਿਬ-ਪਟਿਆਲਾ : ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਸੰਨ 1662-63 ਈ: ਵਿਚ ਇਸ ਸਥਾਨ 'ਤੇ ਆਏ ਸਨ। ਪਟਿਆਲੇ ਵਿਚ ਹੀ ਦੂਜੀ ਥਾਵੇਂ ਗੁਰਦੁਆਰਾ ਮੋਤੀ ਬਾਗ਼ ਦੇ ਸਥਾਨ ਤੇ ਵੀ ਗਏ।

(29) ਗੁਰਦੁਆਰਾ ਮਜਨੂੰ ਦਾ ਟਿੱਲਾ-ਦਿੱਲੀ : ਇਸ ਸਥਾਨ 'ਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ 1505 ਈ: ਵਿਚ ਬਾਦਸ਼ਾਹ ਸਿਕੰਦਰ ਲੋਧੀ ਦੇ ਹੱਥੋਂ ਬੰਦੀਖਾਨੇ ਵਿਚ ਬੰਦ ਕੀਤੇ ਅਨੇਕਾਂ ਫ਼ਕੀਰਾਂ ਨੂੰ ਰਿਹਾਅ ਕਰਵਾਇਆ ਸੀ। ਮਜਨੂੰ ਨਾਮੀ ਫ਼ਕੀਰ ਨੇ ਗੁਰੂ ਜੀ ਦੀ ਬਹੁਤ ਸੇਵਾ ਕੀਤੀ। ਗੁਰੂ ਜੀ ਨੇ ਉਸਨੂੰ ਵਰਦਾਨ ਦਿੱਤਾ ਕਿ ਇਥੇ ਗੁਰਦੁਆਰਾ ਸਾਡਾ ਤੇ ਨਾਮ ਤੁਹਾਡਾ ਹੋਵੇਗਾ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਗਵਾਲੀਅਰ ਤੋਂ ਵਾਪਸ ਆਉਂਦਿਆਂ ਵੀ ਇਥੇ ਚਰਨ ਪਾਏ ਸਨ।

(30) ਗੁਰਦੁਆਰਾ ਸਾਹਿਬ ਬੁੱਢਾ ਜੋਹਰ-(ਸ੍ਰੀ ਗੰਗਾ ਨਗਰ) ਰਾਜਸਥਾਨ : ਲਾਹੌਰ ਦੇ ਸੂਬਾ ਖਾਨ ਬਹਾਦਰ ਦੇ ਅੱਤਿਆਚਾਰਾਂ ਤੋਂ ਤੰਗ ਆ



Scanned with CamScanner

ਕੇ ਸਿੰਘ ਇਥੇ ਬੀਕਾਨੇਰ ਦੇ ਮਾਰੂਥਲਾਂ ਵਿਚ ਪਨਾਹ ਲੈਂਦੇ ਸਨ। ਸ੍ਰ: ਮਹਿਤਾਬ ਸਿੰਘ ਮੀਰਾਂ ਕੋਟੀਏ ਤੇ ਭਾਈ ਸੁੱਖਾ ਸਿੰਘ ਮਾੜੀ ਕੰਬੋਅ ਨੇ ਗੁਰੂ ਪੰਥ ਦੇ ਹੁਕਮ ਨਾਲ ਇਥੋਂ ਹੀ ਸ੍ਰੀ ਅੰਮ੍ਰਿਤਸਰ ਸਾਹਿਬ ਜਾ ਕੇ ਮੱਸੇ ਰੰਘੜ ਨੂੰ ਮਾਰਿਆ ਤੇ ਉਸ ਵਲੋਂ ਸ੍ਰੀ ਹਰਿਮੰਦਿਰ ਸਾਹਿਬ ਵਿਖੇ ਸ਼ਰਾਬ ਹੁੱਕਾ ਪੀਣ ਤੇ ਕੰਜਰੀਆਂ ਨਚਾਉਣ ਦੇ ਕੁਕਰਮਾਂ ਦੀ ਸਜ਼ਾ ਦਿੱਤੀ।

**(31) ਗੁਰਦੁਆਰਾ ਸਾਹਿਬ-ਰਾਮੇਸ਼ਵਰ (ਤਾਮਿਲਨਾਡੂ) :** ਸ੍ਰੀ ਗੁਰੂ ਨਾਨਕ ਦੇਵ ਜੀ ਲੰਕਾ ਨੂੰ ਜਾਂਦੇ ਹੋਏ ਇਸ ਸਥਾਨ 'ਤੇ ਠਹਿਰੇ ਸਨ। ਇਹ ਸਥਾਨ ਮਦਰਾਸ (ਚੇਨਈ) ਤੋਂ 600 ਕਿ: ਮੀ: ਅੱਗੇ ਹੈ। ਇਸ ਦੇ ਚਾਰੇ ਪਾਸੇ ਸਮੁੰਦਰ ਹੈ। ਵਿਚਲੇ ਟਾਪੂ ਤੇ ਗੁਰਦੁਆਰਾ ਸਾਹਿਬ ਬਣਿਆ ਹੈ। ਇਸ ਸਥਾਨ ਤੇ ਭਾਵੇਂ ਇੱਕ ਵੀ ਸਿੱਖ ਆਪਣਾ ਘਰ ਬਣਾ ਕੇ ਨਹੀਂ ਰਹਿ ਰਿਹਾ ਪਰ ਮਦਰਾਸ ਦੀ ਸੰਗਤ ਨੇ ਉੱਦਮ ਕਰਕੇ ਇਥੇ ਬੜਾ ਆਲੀਸ਼ਾਨ ਗੁਰਦੁਆਰਾ ਬਣਾਇਆ ਹੈ। ਇਥੇ ਬਹੁਤ ਵੱਡਾ ਹਿੰਦੂਆਂ ਦਾ ਮੰਦਰ ਵੀ ਹੈ। ਬਹੁਤ ਵੱਡੀ ਗਿਣਤੀ ਵਿਚ ਲੋਕ ਇਥੇ ਆਉਂਦੇ ਹਨ। ਇਸ ਸਥਾਨ ਨੂੰ ਸਿੱਖ ਧਰਮ ਦੇ ਪ੍ਰਚਾਰ ਦਾ ਵਧੀਆ ਕੇਂਦਰ ਬਨਾਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਅੱਗੇ ਆਉਣਾ ਚਾਹੀਦਾ ਹੈ। ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵਲੋਂ ਇਸ ਸਥਾਨ ਤੇ ਕਰਨਾਟਕਾ ਅਤੇ ਤਾਮਿਲਨਾਡੂ ਦੇ ਵਿਦਿਆਰਥੀਆਂ ਦੇ ਕਈ ਵਾਰ ਗੁਰਮਤਿ ਟ੍ਰੇਨਿੰਗ ਕੈਂਪ ਵੀ ਲਗਾਏ ਗਏ ਹਨ।

**(32) ਗੁਰਦੁਆਰਾ ਦਾਤਾ ਬੰਦੀ ਛੋੜ-ਗਵਾਲੀਅਰ :** ਇਸ ਸਥਾਨ 'ਤੇ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੂੰ ਮੁਗਲ ਬਾਦਸ਼ਾਹ ਜਹਾਂਗੀਰ ਵੱਲੋਂ ਕੁਝ ਸਮਾਂ ਕੈਦ ਰੱਖਿਆ ਗਿਆ ਸੀ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ, ਨਿਰ ਅਪਰਾਧ ਸਾਬਤ ਹੋਣ 'ਤੇ ਗਵਾਲੀਅਰ ਦੇ ਉਸ ਕਿਲ੍ਹੇ 'ਚੋਂ ਜਦੋਂ ਰਿਹਾਅ ਹੋਏ ਤਾਂ ਉਨ੍ਹਾਂ ਨੇ 52 ਹੋਰ ਹਿੰਦੂ ਰਾਜੇ ਵੀ, ਜੋ ਜਹਾਂਗੀਰ ਨੇ ਕੈਦੀ ਬਣਾ ਕੇ ਰੱਖੇ ਸਨ, ਰਿਹਾਅ ਕਰਵਾਏ।

**(33) ਗੁਰਦੁਆਰਾ ਸਾਹਿਬ ਅੰਮ੍ਰਿਤ ਕੁੰਡ, ਨਾਨਕ ਝੀਰਾ (ਬਿਦਰ) :** ਸ੍ਰੀ ਗੁਰੂ ਨਾਨਕ ਦੇਵ ਜੀ ਦੱਖਣ ਦੀ ਉਦਾਸੀ ਸਮੇਂ, ਮੱਕੇ ਮਦੀਨੇ ਨੂੰ ਜਾਣ ਸਮੇਂ ਇਸ ਸਥਾਨ 'ਤੇ ਪਹੁੰਚੇ। ਇਥੇ ਉਸ ਸਮੇਂ ਮੁਸਲਮਾਨ ਫਕੀਰ ਰਹਿੰਦੇ ਸਨ ਤੇ ਆਸ-ਪਾਸ ਪਾਣੀ ਨਾ ਮਿਲਣ ਕਰਕੇ ਲੋਕਾਂ ਨੂੰ ਬੜੀ ਮੁਸ਼ਕਲ ਆਉਂਦੀ ਸੀ। ਗੁਰੂ ਜੀ ਨੇ ਇਥੇ ਟੱਕ ਲਾਇਆ, ਜਿਥੋਂ ਮਿੱਠੇ-ਠੰਡੇ ਜਲ ਦਾ ਸੋਮਾ ਵਹਿ ਨਿਕਲਿਆ। ਗੁਰੂ ਜੀ ਦੇ ਨਾਂ ਤੇ ਉਹ ਨਿਰਮਲ ਜਲ ਦਾ ਸੋਮਾ ਹੁਣ ਅੰਮ੍ਰਿਤ ਕੁੰਡ ਦੇ ਨਾਂ ਨਾਲ ਮਸ਼ਹੂਰ ਹੈ।



Scanned with CamScanner

ਭਾਗ ੳ

# ਗੁਰਬਾਣੀ

Scanned with CamScanner

Scanned with CamScanner

## ਜਪੁ-ਸੁਆਲ-ਜੁਆਬ

ਜਪੁ ਗੁਰੂ ਨਾਨਕ ਦੇਵ ਜੀ ਦੁਆਰਾ ਰਚੀ ਉਨ੍ਹਾਂ ਦੀ ਸ਼ਾਹਕਾਰ ਬਾਣੀ ਹੈ। ਸਮੁੱਚੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਸਿਧਾਂਤ ਲੱਗਭੱਗ 'ਜਪੁਜੀ' ਵਿਚ ਸਮਾਏ ਹੋਏ ਹਨ। 'ਜਪੁਜੀ' ਸਬੰਧੀ ਕੁਝ ਸਵਾਲ ਜਵਾਬ ਹੇਠਾਂ ਦਿੱਤੇ ਜਾ ਰਹੇ ਹਨ :

ਸੁਆਲ- 1 ਬਾਣੀ ਜਪੁ ਵਿਚ ਕਿੰਨੇ ਸਲੋਕ ਤੇ ਕਿੰਨੀਆਂ ਪਉੜੀਆਂ ਹਨ?

ਜੁਆਬ - ਬਾਣੀ ਜਪੁ ਵਿਚ ਦੋ ਸਲੋਕ ਅਤੇ 38 ਪਉੜੀਆਂ ਹਨ। ਪਹਿਲਾ ਸ਼ਲੋਕ, ''ਆਦਿ ਸਚੁ ਜੁਗਾਦਿ ਸਚੁ ......'' ਬਾਣੀ ਦੇ ਅਰੰਭ ਵਿਚ ਹੈ ਅਤੇ ਦੂਜਾ ਸ਼ਲੋਕ, '' ਪਵਣੁ ਗੁਰੂ, ਪਾਣੀ ਪਿਤਾ......'' ਬਾਣੀ ਦੇ ਅਖ਼ੀਰ ਵਿਚ ਹੈ। } ?

ਸੁਆਲ - 2. 'ਜਪੁ' ਦਾ ਕੀ ਭਾਵ ਹੈ ?

ਜੁਆਬ - ਜਪੁ ਦਾ ਅਰਥ ਹੈ ਸਿਮਰਨ। ਪ੍ਰਭੂ ਦਾ ਸਿਮਰਨ ਹੀ ਜੀਵ ਦੀ ਪ੍ਰਭੂ ਨਾਲੋਂ ਵਿੱਥ ਨੂੰ ਮਿਟਾ ਸਕਦਾ ਹੈ। ਇਸ ਸਿਮਰਨ ਦੀ ਹੀ, ਬਾਣੀ 'ਜਪੁ' ਵਿਚ ਵਿਆਖਿਆ ਕੀਤੀ ਗਈ ਹੈ।

ਸੁਆਲ - 3. ਬਾਣੀ 'ਜਪੁ' ਕਿਸ ਰਾਗ ਵਿਚ ਹੈ ?

ਜੁਆਬ - ਇਹ ਬਾਣੀ ਕਿਸੇ ਰਾਗ ਵਿਚ ਨਹੀਂ, ਰਾਗ-ਰਹਿਤ ਹੈ।

ਸੁਆਲ - 4. ਬਾਣੀ ਜਪੁ ਵਿਚ ਰਹਾਉ ਦਾ ਹੁਕਮ ਕੀ ਹੈ?

ਜੁਆਬ - ਇਸ ਬਾਣੀ ਵਿਚ ਰਹਾਉ ਨਹੀਂ ਹੈ। ਕੁਝ ਵਿਦਵਾਨਾਂ ਦਾ ਵਿਚਾਰ ਹੈ ਕਿ ਇਹ ਸਾਰੀ ਬਾਣੀ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਰਹਾਉ ਹੈ। ਇਸ ਵਿਚ ਸਮੁੱਚੀ ਗੁਰਬਾਣੀ ਦੀ ਵਿਚਾਰਧਾਰਾ ਬੀਜ ਰੂਪ ਵਿਚ ਮੌਜੂਦ ਹੈ।

ਸੁਆਲ - 5. ਪਹਿਲੀ ਪਉੜੀ ਵਿਚ ਗੁਰੂ ਸਾਹਿਬ ਨੇ ਕਿਹੜੀਆਂ ਚਾਰ ਗੱਲਾਂ ਦਾ ਖੰਡਨ ਕੀਤਾ ਹੈ?

ਜੁਆਬ - ਹੇਠ ਲਿਖੀਆਂ ਚਾਰ ਗੱਲਾਂ ਦਾ ਖੰਡਨ ਕੀਤਾ ਹੈ :

(ੳ) ਸਰੀਰ ਨੂੰ ਇਸ਼ਨਾਨ ਕਰਾਉਣ ਨਾਲ ਮਨ ਸੁੱਚਾ ਨਹੀਂ ਹੋ ਸਕਦਾ।

(ਅ) ਚੁੱਪ ਰਹਿਣ ਨਾਲ ਮਨ ਦੀ ਸ਼ਾਂਤੀ ਨਹੀਂ ਹੋ ਸਕਦੀ।

(ੲ) ਬਹੁਤ ਸਾਰਾ ਪਦਾਰਥ ਇਕੱਠਾ ਕਰਨ ਨਾਲ ਵੀ



Scanned with CamScanner

ਤ੍ਰਿਸ਼ਨਾ ਦੂਰ ਨਹੀਂ ਹੋ ਸਕਦੀ।

(ਸ) ਲੱਖਾਂ ਚਤੁਰਾਈਆਂ ਹੋਣ, ਤਾਂ ਇਕ ਵੀ ਚਤੁਰਾਈ ਸਾਥ ਨਹੀਂ ਦਿੰਦੀ।

ਸੁਆਲ - 6. ਪਹਿਲੀ ਪਉੜੀ ਵਿਚ ਗੁਰੂ ਸਾਹਿਬ ਕੀ ਸਵਾਲ ਕਰਦੇ ਹਨ ਤੇ ਕੀ ਜਵਾਬ ਦਿੰਦੇ ਹਨ ?

ਜੁਆਬ - ਸਵਾਲ ਹੈ ਕਿ ਅਸੀਂ ਸਚਿਆਰੇ ਕਿਵੇਂ ਬਣ ਸਕਦੇ ਹਾਂ ਅਤੇ ਸਾਡੇ ਅੰਦਰੋਂ ਕੂੜ ਦਾ ਪਰਦਾ ਕਿਵੇਂ ਟੁੱਟ ਸਕਦਾ ਹੈ। ਇਸ ਸਵਾਲ ਦਾ ਜਵਾਬ ਹੈ ਕਿ ਅਕਾਲ ਪੁਰਖ ਦੇ ਹੁਕਮ ਵਿਚ ਰਹਿਣ ਨਾਲ ਹੀ ਅਸੀਂ ਸਚਿਆਰੇ ਬਣ ਸਕਦੇ ਹਾਂ ਅਤੇ ਕੂੜ ਦਾ ਪਰਦਾ ਟੁੱਟ ਸਕਦਾ ਹੈ।

ਸੁਆਲ - 7. ਮਨੁੱਖ ਦੀ ਰੱਬ ਨਾਲ ਜੋ ਵਿੱਥ ਪੈ ਰਹੀ ਹੈ, ਉਹ ਕਿਵੇਂ ਹਟ ਸਕਦੀ ਹੈ ?

ਜੁਆਬ - ਹੁਕਮ ਮੰਨਣ ਨਾਲ।

ਸੁਆਲ - 8. ਇਹ ਵਿੱਥ ਕਿਵੇਂ-ਕਿਵੇਂ ਨਹੀਂ ਹਟ ਸਕਦੀ ?

ਜੁਆਬ - ਕੇਵਲ ਦਾਨ, ਤੀਰਥ, ਪ੍ਰਾਣਾਯਾਮ ਜਾਂ ਸਿਆਣਪਾਂ ਰਾਹੀਂ ਇਹ ਵਿੱਥ ਨਹੀਂ ਹਟ ਸਕਦੀ।

ਸੁਆਲ - 9. ਦੂਜੀ ਪਉੜੀ ਅਨੁਸਾਰ ਸਾਡੀ ਹਉਮੈ ਕਿਵੇਂ ਦੂਰ ਹੋ ਸਕਦੀ ਹੈ?

ਜੁਆਬ - ਅਕਾਲ ਪੁਰਖ ਦੇ ਹੁਕਮ ਨੂੰ ਸਮਝਣ ਨਾਲ ਹਉਮੈ ਦੂਰ ਹੋ ਸਕਦੀ ਹੈ। (ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ॥)

ਸੁਆਲ - 10. ਹੁਕਮ ਮੰਨਣ ਦਾ ਕੀ ਤਰੀਕਾ ਹੈ ?

ਜੁਆਬ - ਅਕਾਲ ਪੁਰਖ ਦੀ ਸਿਫ਼ਤ-ਸਲਾਹ ਕਰਨੀ ਅਤੇ ਆਪਣੀ ਹਉਮੈ ਤਿਆਗਣੀ।

ਸੁਆਲ - 11. ਮੂਲ ਮੰਤਰ ਕਿਥੋਂ ਤੱਕ ਹੈ ?

ਜੁਆਬ - ੧ਓ ਤੋਂ ਗੁਰਪ੍ਰਸਾਦਿ ਤੱਕ।

ਸੁਆਲ-12. ਜਪੁ ਅਨੁਸਾਰ ਵਾਹਿਗੁਰੂ ਦੀ ਸਿਫ਼ਤ-ਸਲਾਹ ਕਿਵੇਂ-ਕਿਵੇਂ ਕੀਤੀ ਜਾ ਰਹੀ ਹੈ?

ਜੁਆਬ - ਹੇਠ ਲਿਖੇ ਅਨੁਸਾਰ ਜੀਵ ਸਿਫ਼ਤ-ਸਲਾਹ ਕਰ ਰਹੇ ਹਨ :

(ੳ) ਕੋਈ ਪ੍ਰਮਾਤਮਾ ਦੀ ਵੱਡੀ ਤਾਕਤ ਨੂੰ ਗਾਉਂਦਾ ਹੈ।

(ਅ) ਕੋਈ ਦਾਤਾਂ ਨੂੰ ਨਿਸ਼ਾਨ ਸਮਝ ਕੇ ਗਾਉਂਦਾ ਹੈ।



Scanned with CamScanner

(ੲ) ਕੋਈ ਰੱਬ ਦੇ ਸੋਹਣੇ ਗੁਣ ਤੇ ਵਡਿਆਈਆਂ ਵਰਨਣ ਕਰਦਾ ਹੈ।

(ਸ) ਕੋਈ ਵਿੱਦਿਆ ਦੇ ਬਲ ਨਾਲ ਆਤਮਕ ਫ਼ਿਲਾਸਫ਼ੀ ਦੇ ਔਖੇ ਵਿਸ਼ਿਆਂ 'ਤੇ ਵਿਚਾਰ ਕਰਦਾ ਹੈ।

(ਹ) ਕੋਈ ਕਹਿੰਦਾ ਹੈ ਕਿ ਅਕਾਲ ਪੁਰਖ ਸਰੀਰ ਬਣਾ ਕੇ ਸਵਾਹ ਕਰ ਦਿੰਦਾ ਹੈ।

(ਕ) ਕੋਈ ਕਹਿੰਦਾ ਹੈ ਕਿ ਹਰੀ ਇਕ ਸਰੀਰ ਵਿਚੋਂ ਜਿੰਦ ਕੱਢ ਕੇ ਦੂਜੇ ਵਿਚ ਪਾ ਦਿੰਦਾ ਹੈ।

(ਖ) ਕੋਈ ਕਹਿੰਦਾ ਹੈ ਅਕਾਲ ਪੁਰਖ ਦੂਰ ਦਿੱਸਦਾ ਹੈ।

(ਗ) ਕੋਈ ਕਹਿੰਦਾ ਹੈ ਵਾਹਿਗੁਰੂ ਸਭ ਥਾਂਈਂ ਹਾਜ਼ਰ ਹੈ।

ਸੁਆਲ - 13. ਅਕਾਲ ਪੁਰਖ ਦੀ ਭਾਖਿਆ (ਬੋਲੀ) ਕੀ ਹੈ?

ਜੁਆਬ - ਅਕਾਲ ਪੁਰਖ ਦੀ ਭਾਖਿਆ (ਭਾਵ) ਬੋਲੀ ਪ੍ਰੇਮ ਹੈ।

ਸੁਆਲ - 14. ਅਕਾਲ ਪੁਰਖ ਦਾ ਦਰਬਾਰ ਕਿਵੇਂ ਦਿਸ ਸਕਦਾ ਹੈ ਅਤੇ ਕਿਹੜੇ ਬੋਲਾਂ ਨੂੰ ਸੁਣ ਕੇ ਉਹ ਸਾਨੂੰ ਪਿਆਰ ਕਰ ਸਕਦਾ ਹੈ?

ਜੁਆਬ - ਵਾਹਿਗੁਰੂ ਦਾ ਨਾਮ ਜਪਣ ਤੇ ਗੁਣਾਂ ਦੀ ਵਿਚਾਰ ਕਰਨ ਨਾਲ ਹੀ ਵਾਹਿਗੁਰੂ ਦੇ ਦਰ ਦੀ ਪ੍ਰਾਪਤੀ ਹੁੰਦੀ ਹੈ। ਇੰਝ ਅੰਮ੍ਰਿਤ ਵੇਲਾ ਸਿਰਜਿਆ ਜਾਂਦਾ ਹੈ। ਪ੍ਰਭਾਤ ਦੇ ਸਮੇਂ ਇਸ ਦਾ ਲਾਭ ਵਧੇਰੇ ਦੱਸਿਆ ਗਿਆ ਹੈ।

ਸੁਆਲ - 15. ਕੀ ਵਾਹਿਗੁਰੂ ਨੂੰ ਪੈਦਾ ਕੀਤਾ ਜਾਂ ਬਣਾਇਆ ਜਾ ਸਕਦਾ ਹੈ?

ਜੁਆਬ - ਨਹੀਂ। ਵਾਹਿਗੁਰੂ ਕਿਸੇ ਦਾ ਬਣਾਇਆ ਜਾਂ ਪੈਦਾ ਕੀਤਾ ਹੋਇਆ ਨਹੀਂ ਹੈ, ਉਹ ਆਪਣੇ ਆਪ ਤੋਂ ਹੀ ਪ੍ਰਕਾਸ਼ਮਾਨ ਹੈ, ਸਗੋਂ ਉਸ ਨੇ ਸਭ ਨੂੰ ਬਣਾਇਆ ਹੈ।

ਸੁਆਲ - 16. ਵਾਹਿਗੁਰੂ ਦੇ ਦਰ 'ਤੇ ਵਡਿਆਈ ਕਿਵੇਂ ਪ੍ਰਾਪਤ ਕੀਤੀ ਜਾ ਸਕਦੀ ਹੈ ?

ਜੁਆਬ - ਅਕਾਲ ਪੁਰਖ ਨੂੰ ਸਿਮਰ ਕੇ, ਉਸ ਦੀ ਵਡਿਆਈ ਪ੍ਰਾਪਤ ਹੁੰਦੀ ਹੈ (ਜਿਨਿ ਸੇਵਿਆ ਤਿਨਿ ਪਾਇਆ ਮਾਨੁ।।)।

ਸੁਆਲ - 17. ਅਸੀਂ ਆਪਣਾ ਦੁੱਖ ਕਿਵੇਂ ਦੂਰ ਕਰ ਸਕਦੇ ਹਾਂ ਅਤੇ ਕਿਵੇਂ ਸੁਖ ਨੂੰ ਹਿਰਦੇ ਵਿਚ ਵਸਾ ਸਕਦੇ ਹਾਂ?



Scanned with CamScanner

ਜੁਆਬ - (ੳ) ਅਕਾਲ ਪੁਰਖ ਦੇ ਗੁਣ ਗਾਉਣ ਨਾਲ।
(ਅ) ਅਕਾਲ ਪੁਰਖ ਦੇ ਗੁਣ ਸੁਨਣ ਨਾਲ।
(ੲ) ਆਪਣੇ ਮਨ ਵਿਚ ਉਸ ਦਾ ਪ੍ਰੇਮ ਟਿਕਾਉਣ ਨਾਲ।
ਗਾਵੀਐ ਸੁਣੀਐ ਮਨਿ ਰਖੀਐ ਭਾਉ।।
ਦੁਖੁ ਪਰਹਰਿ ਸੁਖੁ ਘਰਿ ਲੈ ਜਾਇ।।

ਸੁਆਲ - 18. ਸਾਡੇ ਲਈ ਸ਼ਿਵ, ਗੋਰਖ, ਬ੍ਰਹਮਾ ਅਤੇ ਪਾਰਵਤੀ ਕੌਣ ਹੈ?

ਜੁਆਬ - ਗੁਰੂ ਹੀ ਸਾਡੇ ਲਈ ਸ਼ਿਵ ਹੈ, ਗੁਰੂ ਹੀ ਗੋਰਖ, ਬ੍ਰਹਮਾ ਅਤੇ ਪਾਰਵਤੀ ਹੈ।

ਸੁਆਲ - 19. ਪੰਜਵੀਂ ਤੇ ਛੇਵੀਂ ਪਉੜੀ ਵਿਚ ਅਸੀਂ ਗੁਰੂ ਜੀ ਕੋਲੋਂ ਕਿਹੜੀ ਸਮਝ ਮੰਗਦੇ ਹਾਂ?

ਜੁਆਬ - ਅਸੀਂ ਇਹ ਸਮਝ ਮੰਗਦੇ ਹਾਂ ਕਿ ਸਭਨਾਂ ਜੀਆਂ ਨੂੰ ਦਾਤਾਂ ਦੇਣ ਵਾਲੇ ਰੱਬੋ ਨੂੰ ਕਿਤੇ ਮੈਂ ਭੁਲਾ ਨਾ ਦਿਆਂ।

ਗੁਰਾ ਇਕ ਦੇਹਿ ਬੁਝਾਈ।। ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ।।

ਸੁਆਲ - 20. ਸਾਡੇ ਮਨ ਦੇ ਅੰਦਰ ਪ੍ਰਮਾਤਮਾ ਦੇ ਗੁਣ ਕਿਵੇਂ ਪੈਦਾ ਹੋ ਸਕਦੇ ਹਨ ?

ਜੁਆਬ - • ਸਤਿਗੁਰੂ ਜੀ ਦੀ ਇਕ ਸਿੱਖਿਆ ਨੂੰ ਸੁਣਨ ਨਾਲ ਮਨੁੱਖ ਦੀ ਬੁੱਧ ਦੇ ਅੰਦਰ ਗੁਣਾਂ ਦੇ ਰਤਨ, ਜਵਾਹਰ ਤੇ ਮੋਤੀ ਉਪਜ ਪੈਂਦੇ ਹਨ। (ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ।।)

ਸੁਆਲ - 21. ਜੇ ਮੇਰੀ ਉਮਰ ਬਹੁਤ ਜ਼ਿਆਦਾ ਹੋ ਜਾਵੇ, ਬਹੁਤ ਸਾਰੇ ਲੋਕ ਮੇਰੇ ਪਿੱਛੇ ਲੱਗ ਪੈਣ ਅਤੇ ਜੇ ਮੈਂ ਸਾਰੇ ਸੰਸਾਰ ਵਿਚ ਚੰਗੀ ਸ਼ੋਭਾ ਪ੍ਰਾਪਤ ਕਰ ਲਵਾਂ, ਤਾਂ ਕੀ ਇਹ ਪੱਕਾ ਹੈ ਕਿ ਇੱਕ ਅਕਾਲ ਪੁਰਖ ਦੇ ਦਰਬਾਰ ਵਿਚ ਮੈਨੂੰ ਮਾਣ ਸਤਿਕਾਰ ਮਿਲੇਗਾ?

ਜੁਆਬ - ਜੀ ਨਹੀਂ। ਉਪਰੋਕਤ ਸਾਰਾ ਕੁਝ ਹੁੰਦਿਆਂ ਜੇਕਰ ਤੁਹਾਡੇ 'ਤੇ ਅਕਾਲ ਪੁਰਖ਼ ਦੀ ਮਿਹਰ ਦੀ ਨਜ਼ਰ ਨਹੀਂ ਪਈ, ਤਾਂ ਤੁਸੀਂ ਉਸ ਬੰਦੇ ਵਰਗੇ ਹੋ, ਜਿਸਦੀ ਕੋਈ ਵੀ ਖ਼ਬਰ ਨਹੀਂ ਪੁੱਛਦਾ। ਤੁਸੀਂ ਅਕਾਲ ਪੁਰਖ ਦੇ ਸਾਹਮਣੇ ਇਕ ਮਾਮੂਲੀ



Scanned with CamScanner

ਜਿਹਾ ਕੀੜਾ ਹੋਵੇਂਗੇ ਅਤੇ ਤੁਹਾਡੇ ਉਤੇ ਨਾਮ ਨੂੰ ਭੁੱਲਣ ਦਾ ਦੋਸ਼ ਲੱਗੇਗਾ। ਇਸ ਲਈ ਸਾਰਾ ਕੁਝ ਕਰਦਿਆਂ ਨਾਮ ਜਪਣਾ ਜ਼ਰੂਰੀ ਹੈ।

ਸੁਆਲ - 22. ਜੇ ਅਸੀਂ ਸਿਰਫ ਬੜੇ ਚੰਗੇ ਕੰਮ ਕਰਦੇ ਰਹੀਏ ਤਾਂ ਕੀ ਅਕਾਲ ਪੁਰਖ ਦੇ ਦਰਬਾਰ ਵਿਚ ਸ਼ੋਭਾ ਪਾ ਸਕਾਂਗ ? ਜੇ ਨਹੀਂ ਤਾਂ ਹੋਰ ਕਿਸ ਚੀਜ਼ ਦੀ ਪ੍ਰਾਪਤੀ ਜ਼ਰੂਰੀ ਹੈ ?

ਜੁਆਬ - ਅਕਾਲ ਪੁਰਖ ਦੇ ਦਰਬਾਰ ਵਿਚ ਸ਼ੋਭਾ ਪ੍ਰਾਪਤ ਕਰਨ ਲਈ ਚੰਗੇ ਕੰਮਾਂ (ਕਰਮਾਂ) ਦੇ ਨਾਲ-ਨਾਲ ਨਦਰ ਦੀ ਪਰਾਪਤੀ ਜ਼ਰੂਰੀ ਹੈ। ਪ੍ਰਭੂ ਦੀ ਰਹਿਮਤ ਹੋਣੀ ਅਤੀ ਜ਼ਰੂਰੀ ਹੈ।

ਸੁਆਲ - 23. ਭਗਤਾਂ ਦੇ ਮਨ ਵਿਚ ਸਦਾ ਅਨੰਦ ਕਿਵੇਂ ਬਣਿਆ ਰਹਿੰਦਾ ਹੈ?

ਜੁਆਬ - ਨਾਮ ਸੁਣਨ ਅਤੇ ਨਾਮ ਵਿਚ ਸੁਰਤ ਜੋੜਨ ਸਦਕਾ ਭਗਤਾਂ ਦੇ ਮਨ ਵਿਚ ਸਦਾ ਖਿੜਾਉ ਬਣਿਆ ਰਹਿੰਦਾ ਹੈ, ਕਿਉਂਕਿ ਸਿਫ਼ਤ-ਸਲਾਹ ਸੁਣਨ ਕਰਕੇ ਉਹਨਾਂ ਦੇ ਦੁੱਖਾਂ ਤੇ ਪਾਪਾਂ ਦਾ ਨਾਸ਼ ਹੋ ਜਾਂਦਾ ਹੈ।

ਸੁਆਲ - 24. ਮੰਨੇ ਅਤੇ ਮੰਨੈ ਵਿਚ ਕੀ ਫ਼ਰਕ ਹੈ?

ਜੁਆਬ - ਮੰਨੈ ਦੀਆਂ ਚਾਰ ਪਉੜੀਆਂ ਵਿਚੋਂ ਪਹਿਲੀ ਪਉੜੀ ਵਿਚ 'ਮੰਨੇ' ਸ਼ਬਦ ਆਇਆ ਹੈ ਅਤੇ ਬਾਕੀ ਦੀਆਂ 3 ਪਉੜੀਆਂ ਵਿਚ 'ਮੰਨੈ' ਆਇਆ ਹੈ। ਮੰਨੇ ਦਾ ਅਰਥ ਹੈ ਜਿਸ ਨੇ ਮੰਨ ਲਿਆ ਹੈ ਅਤੇ 'ਮੰਨੈ' ਦਾ ਅਰਥ ਹੈ ਜੇ ਮੰਨ ਲਈਏ।

ਸੁਆਲ - 25. ਮੰਨਿ ਜਾਣੈ ਮਨਿ ਕੋਇ ਦਾ ਕੀ ਅਰਥ ਹੈ?

ਜੁਆਬ - 'ਮੰਨਿ' ਦਾ ਅਰਥ ਹੈ ਮੰਨ ਕੇ ਵੇਖੇ ਅਤੇ 'ਮਨਿ' ਦਾ ਅਰਥ ਹੈ ਮਨ ਵਿਚ। ਭਾਵ ਜੇ ਕੋਈ ਮਨ ਕਰਕੇ ਮੰਨ ਲਵੇ, ਭਾਵ ਜ਼ਬਰਦਸਤੀ ਨਹੀਂ, ਬਲਕਿ ਦਿਲ ਕਰਕੇ ਮੰਨੇ ।

ਸੁਆਲ - 26. 'ਪੰਚ' ਦਾ ਕੀ ਅਰਥ ਹੈ?

ਜੁਆਬ - 'ਪੰਚ' ਉਹ ਮਨੁੱਖ ਹਨ, ਜਿਨ੍ਹਾਂ ਨੇ ਨਾਮ ਸੁਣਿਆ ਹੈ , ਮੰਨਿਆ ਹੈ ਅਤੇ ਜਿਨ੍ਹਾਂ ਦੀ ਸੁਰਤ ਨਾਮ ਵਿਚ ਜੁੜੀ ਰਹਿੰਦੀ ਹੈ, ਭਾਵ ਜਿਨ੍ਹਾਂ ਦੇ ਅੰਦਰ ਪਰਤੀਤ ਆ ਗਈ ਹੈ। ਪੰਚ ਦਾ ਭਾਵ ਪੰਜ (5) ਨਹੀਂ ਹੈ, ਸਗੋਂ ਪਰਵਾਣ ਤੇ ਸੁਰਖ਼ਰੂ ਹੋਏ ਮਨੁੱਖਾਂ ਨੂੰ 'ਪੰਚ' ਕਿਹਾ ਗਿਆ ਹੈ।



Scanned with CamScanner

ਸੁਆਲ - 27. ਧਰਤੀ ਦੇ ਟਿਕਾਅ ਬਾਰੇ ਲੋਕਾਂ ਵਿਚ ਕੀ ਭਰਮ ਸੀ ਤੇ ਗੁਰੂ ਸਾਹਿਬ ਨੇ ਕੀ ਸਵਾਲ ਕੀਤਾ ਤੇ ਆਪ ਜੀ ਨੇ ਜਵਾਬ ਦਿੰਦੇ ਹੋਏ ਕੀ ਸਪਸ਼ਟ ਕੀਤਾ ?

ਜੁਆਬ - ਲੋਕਾਂ ਵਿਚ ਭਰਮ ਸੀ ਕਿ ਧਰਤੀ ਨੂੰ ਇਕ ਬਲਦ ਨੇ ਆਪਣੇ ਸਿੰਗਾਂ 'ਤੇ ਚੁਕਿਆ ਹੋਇਆ ਹੈ। ਗੁਰੂ ਸਾਹਿਬ ਨੇ ਸੁਆਲ ਕੀਤਾ ਕਿ ਬਲਦ ਕਿਥੇ ਖੜ੍ਹਾ ਹੈ? ਗੁਰੂ ਜੀ ਨੇ ਆਪ ਹੀ ਸਪੱਸ਼ਟ ਕੀਤਾ ਕਿ ਧਰਮ ਰੂਪੀ ਬਲਦ ਨੇ ਸੰਸਾਰ ਨੂੰ ਥੰਮ੍ਹਿਆ ਹੋਇਆ ਹੈ।

ਸੁਆਲ - 28. ਧਰਤੀ ਨੂੰ ਕਿਹੜੇ ਧੌਲ ਭਾਵ ਬਲਦ ਨੇ ਚੁੱਕਿਆ ਹੋਇਆ ਹੈ?

ਜੁਆਬ - ਧਰਤੀ ਨੂੰ ਧਰਮ ਰੂਪੀ ਬਲਦ ਨੇ ਕਾਇਮ ਰੱਖਿਆ ਹੋਇਆ ਹੈ ਭਾਵ ਧਰਮ ਰੂਪੀ ਬੱਝਵਾਂ ਨਿਯਮ ਹੀ ਇਸ ਸ੍ਰਿਸ਼ਟੀ ਨੂੰ ਚਲਾ ਰਿਹਾ ਹੈ।

ਸੁਆਲ - 29. ਧਰਮ ਕਿਸ ਦਾ ਪੁੱਤਰ ਹੈ ਅਤੇ ਧਰਮ ਦਾ ਪੁੱਤਰ ਕੌਣ ਹੈ?

ਜੁਆਬ - ਧਰਮ ਦਇਆ ਦਾ ਪੁੱਤਰ ਹੈ ਅਤੇ ਇਸ ਧਰਮ ਨੇ ਸੰਤੋਖ ਨੂੰ ਜਨਮ ਦਿੱਤਾ ਹੈ।

ਸੁਆਲ - 30. ਜਪੁਜੀ ਸਾਹਿਬ ਵਿਚ ਕਿਸ ਫ਼ੁਰਮਾਨ ਦਾ ਅਰਥ ਹੈ ਕਿ ਵਾਹਿਗੁਰੂ ਜੋ ਤੈਨੂੰ ਚੰਗਾ ਲੱਗਦਾ ਹੈ, ਉਹੀ ਕੰਮ ਭਲਾ ਹੈ?

ਜੁਆਬ - ਜੋ ਤੁਧੁ ਭਾਵੈ ਸਾਈ ਭਲੀ ਕਾਰ।।

ਸੁਆਲ - 31. ਜਪੁਜੀ ਸਾਹਿਬ ਵਿਚ ਉਹ ਕਿਹੜੀ ਪੰਕਤੀ ਹੈ, ਜਿਸ ਦਾ ਭਾਵ ਹੈ ਕਿ ਕੋਈ ਜਗ੍ਹਾ ਐਸੀ ਨਹੀਂ, ਜਿਥੇ ਅਕਾਲ ਪੁਰਖ ਨਹੀਂ ਹੈ?

ਜੁਆਬ - ਵਿਣੁ ਨਾਵੈ ਨਾਹੀ ਕੋ ਥਾਉ।।

ਸੁਆਲ - 32. ਸਾਡੀ ਬੁੱਧੀ ਕਿਵੇਂ ਗੰਦੀ ਹੁੰਦੀ ਹੈ ਅਤੇ ਕਿਵੇਂ ਧੋਤੀ ਜਾ ਸਕਦੀ ਹੈ?

ਜੁਆਬ - ਸਾਡੀ ਬੁੱਧ ਪਾਪਾਂ ਨਾਲ ਗੰਦੀ ਹੁੰਦੀ ਹੈ ਅਤੇ ਅਕਾਲ ਪੁਰਖ ਦਾ ਨਾਮ ਜਪਣ ਨਾਲ ਇਸ ਨੂੰ ਧੋਤਾ ਜਾ ਸਕਦਾ ਹੈ।

ਸੁਆਲ - 33. 'ਸੁਅਸਤਿ' ਤੋਂ ਕੀ ਭਾਵ ਹੈ?

ਜੁਆਬ - 'ਸੁਅਸਤਿ' ਤੋਂ ਭਾਵ ਹੈ ਤੇਰੀ ਜੈ ਹੋਵੇ, ਤੂੰ ਸਦਾ ਅਟੱਲ



Scanned with CamScanner

ਰਹੇਂ ਭਾਵ ਮੈਂ ਤੇਰਾ ਹੀ ਆਸਰਾ ਲੈਂਦਾ ਹਾਂ।

ਸੁਆਲ - 34 . 'ਆਥਿ' ਦਾ ਕੀ ਭਾਵ ਹੈ?

ਜੁਆਬ - ਮਾਇਆ।

ਸੁਆਲ - 35. ਅਕਾਲ ਪੁਰਖ ਸਦਾ ਸਥਿਰ ਹੈ, ਸੋਹਣਾ ਹੈ ਅਤੇ ਉਸ ਦੇ ਮਨ ਵਿਚ ਸਦਾ ਖਿੜਾਉ ਹੈ। ਇਸ ਸੰਬੰਧੀ ਜਪੁ ਵਿਚ ਕਿਹੜੀ ਪੰਕਤੀ ਹੈ?

ਜੁਆਬ - ਸਤਿ ਸੁਹਾਣੁ ਸਦਾ ਮਨਿ ਚਾਉ।।

ਸੁਆਲ - 36. 'ਵਖਤੁ ਨ ਪਾਇਓ ਕਾਦੀਆ' ਦਾ ਅਰਥ ਕੀ ਹੈ?

ਜੁਆਬ - ਇਸ ਗੁਰੂ ਫ਼ੁਰਮਾਨ ਦੇ ਅਰਥ ਹਨ ਕਿ ਇਹ ਸੰਸਾਰ ਕਦੋਂ ਬਣਿਆ, ਇਸ ਸਮੇਂ ਦੀ ਹੋਰਨਾਂ ਵਾਂਗੂੰ ਕਾਜ਼ੀਆਂ (ਇਸਲਾਮ ਧਰਮ ਵਾਲਿਆਂ ਨੂੰ) ਨੂੰ ਵੀ ਖ਼ਬਰ ਨਹੀਂ ਲੱਗ ਸਕੀ, ਨਹੀਂ ਤਾਂ ਉਹ ਵੀ ਆਇਤਾਂ ਇਕੱਠੀਆਂ ਕਰਕੇ ਇਸ ਸਬੰਧੀ ਲੇਖਾ ਲਿਖ ਦਿੰਦੇ।

ਸੁਆਲ - 37. 'ਅੰਤ ਕਾਰਣਿ ਕੇਤੇ ਬਿਲਲਾਹਿ।।' ਦਾ ਕੀ ਭਾਵ ਹੈ?

ਜੁਆਬ - ਕਈ ਮਨੁੱਖ ਅਕਾਲ ਪੁਰਖ ਦਾ ਹੱਦ-ਬੰਨਾ ਲੱਭਣ ਲਈ ਵਿਲਕ ਰਹੇ ਹਨ, ਪਰ ਉਹ ਉਸ ਦੇ ਹੱਦ-ਬੰਨੇ ਨੂੰ ਲੱਭ ਨਹੀਂ ਸਕਦੇ।

ਸੁਆਲ - 38. 'ਬਹੁਤਾ ਕਹੀਐ ਬਹੁਤਾ ਹੋਇ।।' ਦਾ ਕੀ ਭਾਵ ਹੈ?

ਜੁਆਬ - ਜਿਉਂ-ਜਿਉਂ ਇਹ ਗੱਲ ਆਖੀ ਜਾਏ ਕਿ ਅਕਾਲ ਪੁਰਖ ਵੱਡਾ ਹੈ, ਤਿਉਂ-ਤਿਉਂ ਉਹ ਹੋਰ ਵੱਡਾ, ਹੋਰ ਵੱਡਾ ਪ੍ਰਤੀਤ ਹੋਣ ਲੱਗ ਪੈਂਦਾ ਹੈ।

ਸੁਆਲ - 39. 'ਬਹੁਤਾ ਕਰਮੁ ਲਿਖਿਆ ਨ ਜਾਇ।।' ਦਾ ਕੀ ਭਾਵ ਹੈ?

ਜੁਆਬ - ਕਰਮ ਦਾ ਭਾਵ ਹੈ ਬਖ਼ਸ਼ਿਸ਼। ਉਸ ਅਕਾਲ ਪੁਰਖ ਦੀ ਬਖ਼ਸ਼ਿਸ਼ ਐਡੀ ਵੱਡੀ ਹੈ ਕਿ ਲਿਖਣ ਵਿਚ ਨਹੀਂ ਲਿਆਂਦੀ ਜਾ ਸਕਦੀ।

ਸੁਆਲ - 40. ਦੁੱਖ ਅਤੇ ਸੁੱਖ ਨੂੰ ਹੀ ਅਕਾਲ ਪੁਰਖ ਦੀ ਦਾਤ ਮੰਨਣ ਸਬੰਧੀ ਜਪੁ ਵਿਚ ਕਿਹੜੀ ਪੰਕਤੀ ਦਰਜ਼ ਹੈ?



Scanned with CamScanner

ਜੁਆਬ - ਕੇਤਿਆ ਦੂਖ ਭੂਖ ਸਦ ਮਾਰ।।
ਏਹਿ ਭਿ ਦਾਤਿ ਤੇਰੀ ਦਾਤਾਰ।।

ਸੁਆਲ - 41. ਜਿਸ ਮਨੁੱਖ ਨੂੰ ਅਕਾਲ ਪੁਰਖ ਆਪਣੀ ਸਿਫ਼ਤ-ਸਲਾਹ ਬਖ਼ਸ਼ਦਾ ਹੈ, ਉਹ ਕੀ ਬਣ ਜਾਂਦਾ ਹੈ?

ਜੁਆਬ - ਉਹ ਮਨੁੱਖ ਪਾਤਿਸ਼ਾਹਾਂ ਦਾ ਪਾਤਿਸ਼ਾਹ ਬਣ ਜਾਂਦਾ ਹੈ। ਭਾਵ ਸਿਫ਼ਤ ਸਲਾਹ ਹੀ ਸਭ ਤੋਂ ਉੱਚੀ ਦਾਤ ਹੈ।

ਸੁਆਲ - 42. ਕੁਆਰੀ ਕਾਇਆ ਜੁਗਤਿ ਦਾ ਕੀ ਅਰਥ ਹੈ?

ਜੁਆਬ - ਸਰੀਰ ਨੂੰ ਵਿਕਾਰਾਂ ਤੋਂ ਬਚਾਅ ਕੇ ਰੱਖਣਾ। ਇਹ ਹੀ ਜੋਗ ਦੀ ਰਹਿਤ ਹੋਵੇ।

ਸੁਆਲ - 43. 'ਆਈ ਪੰਥੀ' ਕੀ ਹੈ?

ਜੁਆਬ - ਜੋਗੀਆਂ ਦੇ 12 ਫ਼ਿਰਕੇ ਹਨ। ਇਨ੍ਹਾਂ ਵਿਚੋਂ ਸਭ ਤੋਂ ਉੱਚਾ 'ਆਈ ਪੰਥ' ਦੱਸਿਆ ਜਾਂਦਾ ਹੈ।

ਸੁਆਲ - 44. 'ਆਦੇਸੁ' ਤੋਂ ਕੀ ਭਾਵ ਹੈ?

ਜੁਆਬ - ਆਦੇਸੁ ਦਾ ਅਰਥ ਹੈ ਪ੍ਰਣਾਮ।

ਸੁਆਲ - 45. ਕੀ ਸ੍ਰਿਸ਼ਟੀ ਬ੍ਰਹਮਾ, ਵਿਸ਼ਨੂੰ, ਮਹੇਸ਼ (Trinty of Gods) ਰਾਹੀਂ ਚਲਾਈ ਜਾ ਰਹੀ ਹੈ?

ਜੁਆਬ - ਜੀ ਨਹੀਂ। ਸ੍ਰਿਸ਼ਟੀ ਤਾਂ ਕੇਵਲ ਅਕਾਲ ਪੁਰਖ ਹੀ ਚਲਾ ਰਿਹਾ ਹੈ।

ਸੁਆਲ - 46. 'ਚੜੀਐ ਹੋਇ ਇਕੀਸ' ਤੋਂ ਕੀ ਭਾਵ ਹੈ?

ਜੁਆਬ - ਇਕੀਸ ਦਾ ਭਾਵ ਹੈ ਇਕ ਰੂਪ ਹੋ ਕੇ, ਆਪਾ ਭਾਵ ਗਵਾ ਕੇ। ਅਕਾਲ ਪੁਰਖ਼ ਨੂੰ ਮਿਲਣ ਵਾਸਤੇ ਜੋ ਪੌੜੀਆਂ ਹਨ, ਉਨ੍ਹਾਂ ਤੇ ਆਪਾ ਭਾਵ ਗਵਾ ਕੇ ਹੀ ਚੜ੍ਹ ਸਕੀਦਾ ਹੈ।

ਸੁਆਲ - 47. ਪੰਜ ਖੰਡਾਂ ਦਾ ਸੰਖੇਪ ਵੇਰਵਾ ਦਿਉ?

ਜੁਆਬ -
1 ਧਰਮ ਖੰਡ - ਜੀਵ ਆਪਣੇ ਫ਼ਰਜ਼ ਨੂੰ ਪਛਾਣਦਾ ਹੈ।
2. ਗਿਆਨ ਖੰਡ - ਵਹਿਮ-ਭਰਮ ਉੱਡ ਜਾਂਦੇ ਹਨ ਅਤੇ ਗਿਆਨ ਰਾਹੀਂ ਸਮਝ ਬਣਦੀ ਹੈ।
3 ਸਰਮ ਖੰਡ - ਨਾਮ ਸਿਮਰਨ ਦੀ ਮਿਹਨਤ ਨਾਲ ਸੁਰਤਿ, ਮਤਿ ਅਤੇ ਬੁੱਧ ਘੜੀ ਜਾਂਦੀ ਹੈ।
4 ਕਰਮ ਖੰਡ - ਮਾਲਕ ਦੀ ਮੇਹਰ ਹੁੰਦੀ ਹੈ ਅਤੇ ਸਦਾ ਖਿੜਾਉ ਬਣਿਆ ਰਹਿੰਦਾ ਹੈ।



Scanned with CamScanner

5 ਸੱਚ ਖੰਡ - ਅਕਾਲ ਪੁਰਖ ਨਾਲ ਇਕਮਿੱਕ ਹੋ ਜਾਈਦਾ ਹੈ।

ਸੁਆਲ - 48. 'ਸੀਤੋ ਸੀਤਾ' ਦਾ ਕੀ ਭਾਵ ਹੈ?

ਜੁਆਬ - ਸੀਤੋ ਸੀਤਾ ਦਾ ਭਾਵ ਹੈ ਪੂਰਨ ਤੌਰ 'ਤੇ ਸੀਤਾ-ਪਰੋਤਾ ਹੋਇਆ।

ਸੁਆਲ - 49. ਸੱਚੀ ਟਕਸਾਲ ਵਿਚ ਕਿਹੜੀਆਂ ਸੱਤ ਚੀਜ਼ਾਂ ਹੁੰਦੀਆਂ ਹਨ?

ਜੁਆਬ - ਜਤ, ਧੀਰਜ, ਮੱਤ, ਗਿਆਨ, ਭਉ, ਤਪਤਾਉ ਅਤੇ ਭਾਉ।

ਭਾਵ: ਜਤ - ਆਚਰਣ ਪਵਿੱਤਰ ਹੋਵੇ।

ਧੀਰਜ - ਦੂਜਿਆਂ ਦੀ ਵਧੀਕੀ ਸਹਾਰਨ ਦਾ ਹੌਸਲਾ ਹੋਵੇ।

ਮੱਤ ਤੇ ਗਿਆਨ - ਉੱਚੀ ਤੇ ਵਿਸ਼ਾਲ ਸਮਝ ਹੋਵੇ।

ਭਉ- ਪ੍ਰਭੂ ਦਾ ਡਰ ਹਿਰਦੇ ਵਿਚ ਟਿਕਿਆ ਰਹੇ।

ਤਪ ਤਾਉ - ਸੇਵਾ ਦੀ ਘਾਲਿ ਘਾਲੀ ਜਾਏ।

ਭਾਉ - ਖ਼ਾਲਕ ਦੀ ਖ਼ਲਕਤ ਦਾ ਪਿਆਰ ਦਿਲ ਵਿਚ ਹੋਵੇ।

ਸੁਆਲ - 50. ਪਵਣੁ ਗੁਰੂ ਦਾ ਕੀ ਭਾਵ ਹੈ?

ਜੁਆਬ - ਜਿਵੇਂ ਸਰੀਰ ਲਈ ਪ੍ਰਾਣ ਭਾਵ ਸੁਆਸ-ਹਵਾ ਜ਼ਰੂਰੀ ਹਨ, ਤਿਵੇਂ ਹੀ ਗੁਰੂ ਜੀਵ ਆਤਮਾਵਾਂ ਲਈ ਜ਼ਰੂਰੀ ਹੈ।

ਸੁਆਲ - 51. 'ਕੇਤੀ ਛੁਟੀ ਨਾਲਿ' ਦਾ ਕੀ ਭਾਵ ਹੈ?

ਜੁਆਬ - ਸਿਮਰਨ ਕਰਨ ਵਾਲਿਆਂ ਦੀ ਸੰਗਤ ਵਿਚ ਕਈ ਜੀਵ ਮਾਇਆ ਦੇ ਬੰਧਨਾਂ ਤੋਂ ਆਜ਼ਾਦ ਹੋ ਗਏ ਹਨ।

ਸੁਆਲ - 52. ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਾਣੀ ਜਪੁ ਕਿੱਥੇ ਦਰਜ ਹੈ?

ਜੁਆਬ - ਬਾਣੀ ਜਪੁ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਰੰਭ ਵਿਚ ਪੰਨਾ ੧ ਤੋਂ ੮ ਨੰਬਰ ਤੱਕ ਦਰਜ ਹੈ।

Scanned with CamScanner

# ਨੈਤਿਕ ਸਿੱਖਿਆ ਇਮਤਿਹਾਨ (ਸਕੂਲ)

## ਦਰਜਾ ਤੀਜਾ (ਨੌਵੀਂ ਤੋਂ ਬਾਰ੍ਹਵੀਂ ਜਮਾਤ)

ਦਰਜਾ ਤੀਜਾ ਦਾ ਪੇਪਰ OMR Sheet (Optical Marks Reader) ਰਾਹੀਂ ਲਿਆ ਜਾਵੇਗਾ, ਜਿਸ ਵਿਚ ਕੁੱਲ 100 ਸਵਾਲ ਪੁੱਛੇ ਜਾਣਗੇ ਜਿਨ੍ਹਾਂ ਦੇ ਜਵਾਬ ਵਿਦਿਆਰਥੀਆਂ ਨੇ (ਵੱਖਰੀ OMR ਉੱਤਰ ਕਾਪੀ ਰਾਹੀਂ) 4 ਉੱਤਰਾਂ ਵਿਚੋਂ ਸਹੀ ਦੀ ਚੋਣ ਕਰਕੇ ਦੇਣੇ ਹੋਣਗੇ।

## ਨਮੂਨਾ - ਪ੍ਰਸ਼ਨ ਪੱਤਰ

ਪ੍ਰਸ਼ਨ (1) : ਗੁਰੂ ਅਰਜਨ ਦੇਵ ਜੀ ਨੇ ਹਰਿਮੰਦਰ ਸਾਹਿਬ ਦੀ ਨੀਂਹ ਕਿਸ ਤੋਂ ਰਖਵਾਈ?

(ੳ) ਬਾਬਾ ਬੁੱਢਾ ਜੀ (ਅ) ਗੁਰੂ ਰਾਮਦਾਸ ਜੀ

(ੲ) ਟੋਡਰਮੱਲ ਜੀ (ਸ) ਸਾਈਂ ਮੀਆਂ ਮੀਰ ਜੀ

ਪ੍ਰਸ਼ਨ (2) : ਤਖ਼ਤ ਸ੍ਰੀ ਹਰਿਮੰਦਰ ਜੀ ਕਿਹੜੇ ਸੂਬੇ ਵਿਚ ਸਥਿਤ ਹੈ?

(ੳ) ਪੰਜਾਬ (ਅ) ਮਹਾਂਰਾਸ਼ਟਰ (ੲ) ਬਿਹਾਰ (ਸ) ਝਾਰਖੰਡ

ਪ੍ਰਸ਼ਨ (3) : ਨਿਸ਼ਾਨ ਸਾਹਿਬ ਦੇ ਪੁਸ਼ਾਕੇ ਦਾ ਰੰਗ ਰਹਿਤ ਮਰਯਾਦਾ ਮੁਤਾਬਕ ਕਿਹੜਾ ਹੁੰਦਾ ਹੈ?

(ੳ) ਬਸੰਤੀ ਜਾਂ ਸੁਰਮਈ (ਅ) ਕੇਸਰੀ (ੲ) ਨੀਲਾ (ਸ) ਚਿੱਟਾ

ਪ੍ਰਸ਼ਨ (4) : ਇਨ੍ਹਾਂ ਵਿਚੋਂ ਕਿਹੜੇ ਮਹਾਂਪੁਰਖ ਦੀ ਰਚਿਤ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਨਹੀਂ ਹੈ?

(ੳ) ਬਾਬਾ ਫਰੀਦ ਜੀ (ਅ) ਭਗਤ ਪੀਪਾ ਜੀ

(ੲ) ਭਗਤ ਸੈਣ ਜੀ (ਸ) ਭਗਤ ਪ੍ਰਹਿਲਾਦ ਜੀ

ਪ੍ਰਸ਼ਨ (5) : ਗੁਰੂ ਗੋਬਿੰਦ ਸਿੰਘ ਜੀ ਇੱਥੇ ਜੋਤੀ ਜੋਤ ਸਮਾਏ :

(ੳ) ਪਟਨਾ ਸਾਹਿਬ (ਅ) ਅਨੰਦਪੁਰ ਸਾਹਿਬ

(ੲ) ਹਜ਼ੂਰ ਸਾਹਿਬ (ਸ) ਪਾਉਂਟਾ ਸਾਹਿਬ



Scanned with CamScanner

Scanned with CamScanner

# ਜੀਵੀਏ ਗੁਰਬਾਣੀ ਨਾਲ

## ਦੇਖਿ ਪਰਾਈਆਂ ਚੰਗੀਆਂ

ਦੇਖਿ ਪਰਾਈਆਂ ਚੰਗੀਆਂ ਮਾਵਾਂ ਭੈਣਾਂ ਧੀਆਂ ਜਾਣੈ।।

(ਭਾਈ ਗੁਰਦਾਸ ਜੀ ਵਾਰ 29, ਪਉੜੀ 11)

## ਜਨਮ ਦਿਨ ਸਮੇਂ

ਪੂਤਾ ਮਾਤਾ ਕੀ ਆਸੀਸ।।

ਨਿਮਖ ਨ ਬਿਸਰਉ ਤੁਮ੍ ਕਉ ਹਰਿ ਹਰਿ ਸਦਾ ਭਜਹੁ ਜਗਦੀਸ।। (ਅੰਕ 496)

## ਚਿੰਤਾ ਕਰਨ ਸਮੇਂ

ਚਿੰਤਾ ਛਡਿ ਅਚਿੰਤੁ ਰਹੁ ਨਾਨਕ ਲਗਿ ਪਾਈ।। (ਅੰਕ 517)

## ਕਿਸੇ ਦੁਬਿਧਾ ਸਮੇਂ

ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ।। (ਅੰਕ 1185)

## ਕਾਮ-ਕ੍ਰੋਧ ਕਰਨ ਸਮੇਂ

ਕਾਮੁ ਕ੍ਰੋਧੁ ਕਾਇਆ ਕਉ ਗਾਲੈ।। ਜਿਉ ਕੰਚਨ ਸੋਹਾਗਾ ਢਾਲੈ।। (ਅੰਕ 932)

## ਲਾਲਚ ਕਰਨ ਸਮੇਂ

ਭੂਲਿਓ ਮਨੁ ਮਾਇਆ ਉਰਝਾਇਓ।।

ਜੋ ਜੋ ਕਰਮ ਕੀਓ ਲਾਲਚ ਲਗਿ ਤਿਹ ਤਿਹ ਆਪੁ ਬੰਧਾਇਓ।। (ਅੰਕ 702)

## ਮੋਹ ਕਰਨ ਸਮੇਂ

ਸਾਥਿ ਤੇਰੈ ਚਲੈ ਨਾਹੀ ਤਿਸੁ ਨਾਲਿ ਕਿਉ ਚਿਤੁ ਲਾਈਐ।।

ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ।। (ਅੰਕ 918)

## ਅਹੰਕਾਰ ਕਰਨ ਸਮੇਂ

ਫਰੀਦਾ ਗਰਬੁ ਜਿਨ੍ਾ ਵਡਿਆਈਆ ਧਨਿ ਜੋਬਨਿ ਆਗਾਹ।।

ਖਾਲੀ ਚਲੇ ਧਣੀ ਸਿਉ ਟਿਬੇ ਜਿਉ ਮੀਹਾਹੁ।। (ਅੰਕ 1383)

## ਕਿਸੇ ਨਾਲ ਧੋਖਾ ਕਰਦੇ ਸਮੇਂ

ਮਨ ਮੇਰੇ ਭੂਲੇ ਕਪਟੁ ਨ ਕੀਜੈ।। ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ।। (ਅੰਕ 656)


## ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ

ਕੇਂਦਰੀ ਦਫ਼ਤਰ : ਮਾਡਲ ਟਾਊਨ ਐਕਸਟੈਨਸ਼ਨ, ਲੁਧਿਆਣਾ-141 002

ਫੋਨ : 0161-2450352 E-mail : info@ggssc.net


Scanned with CamScanner